ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : 20 ਪੂ : ਲੜੀ : 77 ਜਨਵਰੀ-ਮਾਰਚ, 2017**

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਪ੍ਰੇਮ ਮਾਨ**

Ph. 001-860-983-5002
Email:premmann@yahoo.com

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : jinder340@gmail.com
Website : www.shabadsaar.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਕਾਨਫਰੰਸ ਸ਼ਬਦ ਤਾਂ ਸ਼ਾਇਦ ਵਸੀਹ ਅਰਥ ਰੱਖਦਾ ਹੈ ਪਰ ਸਾਡੇ ਲੇਖਕ ਕਿਸੇ ਵੀ ਸਾਹਿਤਕ ਸਮਾਗਮ ਜਾਂ ਇਕੱਠ ਨੂੰ ਕਾਨਫਰੰਸ ਆਖ ਕੇ ਖੁਸ਼ੀ ਪ੍ਰਾਪਤ ਕਰਦੇ ਹਨ ਤੇ ਇਹਨਾਂ ਕਾਨਫਰੰਸਾਂ ਜਾਂ ਸਮਾਗਮਾਂ ਦੀ ਅੱਜਕੱਲ੍ਹ ਕਾਫੀ ਭਰਮਾਰ ਹੈ। ਸਾਹਿਤ, ਸਭਿਆਚਾਰ ਜਾਂ ਸਿਆਸਤ ਤੋਂ ਬਿਨਾਂ ਹੋਰ ਸ਼ੋਬਿਆਂ ਵਿਚ ਵੀ ਕਾਨਫਰੰਸਾਂ ਕਰਵਾਉਣ ਦਾ ਰਿਵਾਜ਼ ਚੱਲ ਪਿਆ ਹੈ ਜਿਵੇਂ ਕਿ ਪਿੱਛੇ ਜਿਹੇ ਅਮਰੀਕਾ ਵਿੱਚ ਟਰੱਕਾਂ ਵਾਲਿਆਂ ਵੀ ਕਾਨਫਰੰਸ ਕਰਵਾਈ ਸੀ। ਅਸੀਂ ਸਾਹਿਤਕ ਕਾਨਫਰੰਸਾਂ ਦੀ ਹੀ ਗੱਲ ਕਰੀਏ ਤਾਂ ਇਹ ਦੁਨੀਆਂ ਦੇ ਕੋਨੇ ਕੋਨੇ ਵਿੱਚ ਕਰਵਾਈਆਂ ਜਾਣ ਲੱਗੀਆਂ ਹਨ ਕਿਉਂਕਿ ਪੰਜਾਬੀ ਸਾਰੀ ਧਰਤੀ 'ਤੇ ਫੈਲੇ ਹੋਏ ਹਨ ਤੇ ਉਹ ਆਪਣੀ ਬੋਲੀ ਨੂੰ ਪਿਆਰ ਵੀ ਕਰਦੇ ਹਨ। ਸ਼ਾਇਦ ਹੀ ਏਨੀਆਂ ਕਾਨਫਰੰਸਾਂ ਕਿਸੇ ਹੋਰ ਬੋਲੀ ਵਿੱਚ ਹੁੰਦੀਆਂ ਹੋਣ ਜਿੰਨੀਆਂ ਪੰਜਾਬੀ ਵਿੱਚ ਕਰਾਈਆਂ ਜਾਂਦੀਆਂ ਹਨ। ਇਹ ਆਪਣੀ ਬੋਲੀ ਲਈ ਇਕ ਸ਼ੁੱਭ ਸ਼ਗਨ ਵੀ ਹੈ ਪਰ ਮਸਲਾ ਹੈ ਇਸ ਬਾਰੇ ਗੰਭੀਰ ਹੋਣ ਦਾ। ਕਾਨਫਰੰਸਾਂ ਦਾ ਆਯੋਜਨ ਕਰਨ ਵਾਲਿਆਂ ਦੇ ਤੇ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਵਾਲਿਆਂ ਦੇ ਆਪੋ ਆਪਣੇ ਏਜੰਡੇ ਹੁੰਦੇ ਹਨ ਜਿਹਨਾਂ ਦਾ ਸਾਹਿਤ ਨਾਲ ਬਹੁਤਾ ਵਾਹ ਨਹੀਂ ਹੁੰਦਾ। ਇਸ ਦੇ ਪ੍ਰਬੰਧਕਾਂ ਦੇ ਬਹੁਤੇ ਮਕਸਦ ਤਾਂ ਆਪਣੀ ਲੀਡਰੀ ਚਮਕਾਉਣ ਤਕ ਮਹਿਦੂਦ ਹੁੰਦੇ ਹਨ। ਬਹੁਤੀ ਵਾਰੀ ਪ੍ਰਬੰਧਕਾਂ ਵਿੱਚ ਕੋਈ ਲੇਖਕ ਵੀ ਨਹੀਂ ਹੁੰਦਾ। ਇਵੇਂ ਹੀ ਇਹਨਾਂ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਵੀ ਲੇਖਕ ਘੱਟ ਤੇ 'ਵਾਧੂ' ਜਿਹੇ ਬੰਦੇ ਬਹੁਤੇ ਹੁੰਦੇ ਹਨ। ਇਹਨਾਂ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਲਈ ਵੀ ਜੁੰਡਲੀਆਂ ਜਿਹੀਆਂ ਬਣੀਆਂ ਹੋਈਆਂ ਹਨ। ਉਹਨਾਂ ਜੁੰਡਲੀਆਂ ਵਿੱਚ ਸ਼ਾਮਲ ਲੋਕਾਂ ਨੂੰ ਹੀ ਮੌਕਾ ਮਿਲਦਾ ਹੈ ਤੇ ਜਿਹੜੇ ਵਿਦਵਾਨ ਅਜਿਹੀਆਂ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਦੇ ਹੱਕਦਾਰ ਹੁੰਦੇ ਹਨ ਉਹ ਰਹਿ ਜਾਂਦੇ ਹਨ। ਵੈਸੇ ਅਸੀਂ ਸ਼ੁਰੂ ਤੋਂ ਹੀ ਇਸ ਗੱਲ ਦੇ ਹਾਮੀ ਰਹੇ ਹਾਂ ਕਿ ਲੇਖਕ ਨੂੰ ਵੱਧ ਤੋਂ ਵੱਧ ਘੁੰਮਣਾ ਚਾਹੀਦਾ ਹੈ। ਦੁਨੀਆਂ ਦੇਖਣੀ ਚਾਹੀਦੀ ਹੈ। ਅਜਿਹੀਆਂ ਕਾਨਫਰੰਸਾਂ ਇਕ ਬਹਾਨਾ ਤਾਂ ਬਣਦੀਆਂ ਹੀ ਹਨ। ਹੁਣ ਵਿਦੇਸ਼ ਜਾਣਾ ਪਹਿਲਾਂ ਵਾਂਗ ਔਖਾ ਨਹੀਂ ਰਿਹਾ, ਖਾਸ ਤੌਰ 'ਤੇ ਉਹਨਾਂ ਲੇਖਕਾਂ ਲਈ ਜਿਹੜੇ ਨੌਕਰੀਪੇਸ਼ਾ ਹਨ। ਅੱਜ ਕੱਲ੍ਹ ਸਰਕਾਰੀ ਨੌਕਰੀਆਂ ਉਪਰ ਤਨਖਾਹਾਂ ਕਾਫੀ ਹਨ ਇਸ ਕਰਕੇ ਘੁੰਮਣਾ ਫਿਰਨਾ ਪਹਿਲਾਂ ਨਾਲੋਂ ਸੌਖਾ ਹੋ ਗਿਆ ਹੈ।

ਕੁਝ ਕਾਨਫਰੰਸਾਂ ਨਿਰੋਲ ਸਾਹਿਤਕ ਵੀ ਹੁੰਦੀਆਂ ਹਨ ਜਿਹਨਾਂ ਵਿੱਚ ਸਾਹਿਤਕ ਵਿਚਾਰਾਂ ਹੁੰਦੀਆਂ ਹਨ। ਕਿਸੇ ਇਕ ਕਿਤਾਬ ਨੂੰ ਲੈ ਕੇ ਜਾਂ ਵਿਧਾ ਨੂੰ ਲੈ ਕੇ ਆਲੋਚਕ ਪੇਪਰ ਲਿਖਦੇ ਹਨ ਤੇ ਵਿਦੇਸ਼ਾਂ ਵਿੱਚ ਜਾ ਕੇ ਕਾਨਫਰੰਸਾਂ ਵਿੱਚ ਇਹ ਪੇਪਰ ਪੜ੍ਹਦੇ ਹਨ। ਬਹਿਸਾਂ ਵੀ ਹੁੰਦੀਆਂ ਹਨ।

ਪੇਪਰ ਪੜ੍ਹਨ ਵਾਲੇ ਆਲੋਚਕਾਂ ਵਿੱਚ ਜ਼ਿਆਦਾ ਗਿਣਤੀ ਪ੍ਰੋਫੈਸਰਾਂ ਦੀ ਹੈ ਤੇ ਇਹ ਆਲੋਚਕ ਵਿਦੇਸ਼ ਵੀ ਸਹਿਜੇ ਹੀ ਜਾ ਸਕਦੇ ਹੁੰਦੇ ਹਨ। ਹੁਣ ਪ੍ਰੋਫੈਸਰਾਂ ਵਿੱਚ ਦਿੱਲੀ-ਦੱਖਣ ਫਿਰਨ ਦਾ ਵਾਹਵਾ ਰਿਵਾਜ਼ ਪੈ ਗਿਆ ਹੋਇਆ ਹੈ। ਜੇ ਕਾਨਫਰੰਸ ਦੇ ਪ੍ਰਬੰਧਕ ਕਿਰਾਇਆ ਨਾ ਵੀ ਦੇਣ ਤਾਂ ਯੂਨੀਵਰਸਿਟੀ ਵੀ ਇੰਤਜ਼ਾਮ ਕਰ ਦਿੰਦੀ ਹੈ, ਨਹੀਂ ਤਾਂ ਇਹਨਾਂ ਲਈ ਟਿਕਟ ਖਰੀਦਣਾ ਬਹੁਤਾ ਮੁਸ਼ਕਲ ਨਹੀਂ ਹੁੰਦਾ। ਉਥੇ ਪੁੱਜ ਕੇ ਤਾਂ ਮੇਜ਼ਬਾਨਾਂ ਨੇ ਸੰਭਾਲ ਹੀ ਲੈਣਾ ਹੁੰਦਾ ਹੈ। ਅਕਸਰ ਇਵੇਂ ਹੁੰਦਾ ਹੈ ਕਿ ਆਲੋਚਕ ਵਿਦੇਸ਼ ਜਾ ਕੇ ਮੇਜ਼ਬਾਨ ਲੇਖਕਾਂ ਦੀ ਖੂਬ ਹਵਾ ਬੰਨਦੇ ਹਨ। ਉਸ ਨੂੰ ਅਸਮਾਨ 'ਤੇ ਚੜ੍ਹਾ ਦਿੰਦੇ ਹਨ। ਉਸ ਨਾਲ ਕਈ ਕਿਸਮ ਦੇ ਵਾਅਦੇ ਵੀ ਕਰਦੇ ਹਨ ਪਰ ਜਹਾਜ਼ ਵਿੱਚ ਬੈਠਦਿਆਂ ਹੀ ਇਹ ਸਾਰੀਆਂ ਗੱਲਾਂ ਹਵਾ ਹੋ ਜਾਂਦੀਆਂ ਹਨ। ਫਿਰ ਜਦ ਅਗਲੀ ਗੇੜੀ ਲਾਉਣੀ ਹੋਵੇ ਤਾਂ ਮੇਜ਼ਬਾਨ ਲੇਖਕਾਂ ਦੀ ਯਾਦ ਆਉਣ ਲੱਗਦੀ ਹੈ ਤੇ ਮੁੜ ਉਹੀ ਕਸੀਦੇ ਪੜ੍ਹੇ ਜਾਂਦੇ ਹਨ।

ਸਾਡਾ ਵਿਚਾਰ ਹੈ ਕਿ ਇਹ ਸਾਹਿਤਕ ਸਮਾਗਮ ਜਾਂ ਕਾਨਫਰੰਸਾਂ ਬਹੁਤ ਜ਼ਰੂਰੀ ਹਨ ਪਰ ਇਹਨਾਂ ਪ੍ਰਤੀ ਸੁਹਿਰਦਤਾ ਦੀ ਲੋੜ ਹੈ। ਇਹਨਾਂ ਕਾਨਫਰੰਸਾਂ ਵਿੱਚ ਭੇਦ ਭਾਵ ਤੋਂ ਬਿਨਾਂ ਹਰ ਤਰ੍ਹਾਂ ਦੇ ਲੇਖਕਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਿਹਨਾਂ ਲੇਖਕਾਂ ਕੋਲ ਵਧੀਆ ਨੌਕਰੀਆਂ ਨਹੀਂ ਹਨ ਜਾਂ ਟਿਕਟ ਤੇ ਹੋਰ ਖਰਚਿਆਂ ਦੀ ਸਮਰਥਾ ਨਹੀਂ ਹੈ ਉਹਨਾਂ ਨੂੰ ਵੀ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਆਮ ਦੇਖਣ ਵਿਚ ਆ ਰਿਹਾ ਹੈ ਕਿ ਇਹਨਾਂ ਕਾਨਫਰੰਸਾਂ ਵਿਚ ਜਾਣ ਵਾਲੇ ਆਲੋਚਕ ਵੀ ਹਰ ਵਾਰ ਉਹੀ ਹੁੰਦੇ ਹਨ। ਇਹਨਾਂ ਨੂੰ ਵਾਰ ਵਾਰ ਦੁਹਰਾਇਆ ਨਹੀਂ ਜਾਣਾ ਚਾਹੀਦਾ, ਦੂਜੇ ਆਲੋਚਕਾਂ ਨੂੰ ਵੀ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

**-ਅਦਾਰਾ ਸ਼ਬਦ**



**ਇਸ ਵਾਰ**

# ਹਿੰਦੀ ਨਾਵਲਿਟ

# ਮੋਹ/ਮਨੋਜ ਕੁਮਾਰ ਪਾਂਡੇਯ

## ਅਨੁਵਾਦ : ਤਰਸੇਮ

## ਚੂੰਢੀ ਕੁ ਜ਼ਹਿਰ

ਇਹ ਪੱਕੀ ਜ਼ਹਿਰ ਸੀ ਜਿਸਨੂੰ ਗੌਰੀਨਾਥ ਨੇ ਆਪ ਹੀ ਤਿਆਰ ਕੀਤਾ ਸੀ। ਇਕ ਅਜਿਹੀ ਜ਼ਹਿਰ ਜਿਸਦੀ ਸਫ਼ਲ ਵਰਤੋਂ ਆਪਣੀ ਜ਼ਿੰਦਗੀ 'ਚ ਉਹ ਕਈ ਵਾਰ ਕਰ ਚੁੱਕਿਆ ਸੀ। ਕਿਸੇ ਨੂੰ ਅੰਦਾਜ਼ਾ ਵੀ ਨਹੀਂ ਲੱਗਣਾ ਸੀ ਕਿ ਉਸਦੀ ਇਹ ਮੌਤ ਕੁਦਰਤੀ ਨਹੀਂ ਹੈ। ਇਹ ਆਮ ਜ਼ਹਿਰ ਤੋਂ ਬਿਲਕੁਲ ਵੱਖਰੀ ਸੀ। ਉਸਨੇ ਆਥਣੇ ਇਸ ਨੂੰ ਖਾਣਾ ਸੀ ਅਤੇ ਰਾਤ ਨੂੰ ਸੁੱਤਿਆ ਮਰ ਜਾਣਾ ਸੀ। ਕੋਈ ਦਰਦ ਨਹੀਂ। ਬਸ ਇਕ ਮਾਰੂ ਨਸ਼ਾ। ਅਨੰਤ 'ਚ ਉਡਦਾ ਹੋਇਆ ਇਕ ਮਾਰੂ ਸੁਪਨਾ ਜੋ ਸੰਮੋਹਕ ਵੀ ਹੋ ਸਕਦਾ ਸੀ। ਇਹ ਉਸ ਸੁਪਨੇ ਦੀ ਪ੍ਰੀਖਿਆ ਦਾ ਸਮਾਂ ਸੀ। ਉਸਨੇ ਇਹ ਵੀ ਦੇਖਣਾ ਸੀ ਕਿ ਕਿਤੇ ਇਹ ਸੁਪਨਾ ਮੌਤ ਹੀ ਤਾਂ ਨਹੀਂ ਹੈ ਜਾਂ ਮੌਤ ਤੋਂ ਵੱਖਰੀ ਇਸਦੀ ਕੋਈ ਹੋਂਦ ਹੈ। ਉਸਨੇ ਆਪਣੇ ਆਲੇ-ਦੁਆਲੇ ਤੁਰਦੀਆਂ-ਫਿਰਦੀਆਂ ਪਰਛਾਈਆਂ ਨੂੰ ਦੇਖਿਆ ਬਿਨਾਂ ਕਿਸੇ ਸ਼ਿਕਾਇਤ ਦੇ। ਜਿਨ੍ਹਾਂ ਦੇ ਵਿੰਗੇ-ਟੇਢੇ ਚਿਹਰੇ ਉਸਦੇ ਆਲੇ-ਦੁਆਲੇ ਤੈਰ ਰਹੇ ਸਨ। ਗੌਰੀਨਾਥ ਨੇ ਆਪਣੀਆਂ ਅੱਖਾਂ ਮੀਚ ਲਈਆਂ ਅਤੇ ਦੇਰ ਤੱਕ ਪਤਾ ਨਹੀਂ ਕੀ ਬੁੜਬੁੜਉਂਦਾ ਰਿਹਾ। ਬੁੜਬੁੜਾਹਟ 'ਚ ਜੋ ਵੀ ਕਿਹਾ ਹੋਵੇ ਪਰ ਜਦ ਉਹ ਸ਼ਾਂਤ ਹੋਇਆ ਤਾਂ ਪਹਿਲਾਂ ਨਾਲੋਂ ਕਮਜ਼ੋਰ ਜਾਪ ਰਿਹਾ ਸੀ। ਉਸਨੇ ਆਪਣੇ ਆਪ ਨੂੰ ਸੁਆਲ ਕੀਤਾ ਕਿ ਕੀ ਉਹ ਜ਼ਹਿਰ ਖਾ ਕੇ ਖੁਦਕੁਸ਼ੀ ਕਰਨ ਦੇ ਲਈ ਹੀ ਇਸ ਦੁਨੀਆਂ 'ਚ ਆਇਆ ਸੀ। ਬਦਲੇ 'ਚ ਉਸਨੂੰ ਇਕ ਮਾਸੂਮ ਜਿਹੇ ਬੱਚੇ ਦੀ ਹਾਸੀ ਸੁਣਾਈ ਦਿੱਤੀ। ਇਹ ਹਾਸੀ ਉਸਦੀ ਗੋਦੀ 'ਚ ਬੈਠੀ ਸੀ ਅਤੇ ਉਸ ਦੀਆਂ ਗੱਲ੍ਹਾਂ ਪਲੋਸ ਰਹੀ ਸੀ।

ਗੌਰੀਨਾਥ ਨੇ ਬਹੁਤ ਪਿਸੀ ਹੋਈ ਭੰਗ 'ਚ ਚੁਟਕੀ ਕੁ ਜ਼ਹਿਰ ਮਿਲਾਈ ਅਤੇ ਬਿਨਾਂ ਇਧਰ-ਉਧਰ ਦੇਖੇ ਉਸਨੂੰ ਪਾਣੀ ਦੀ ਘੁੱਟ ਨਾਲ ਲੰਘਾ ਗਿਆ। ਹੁਣ ਬਿਸਤਰਾ ਸੀ ਅਤੇ ਅਗਲਾ ਸਫ਼ਰ ਸੀ। ਹੁਣ ਜਾਂ ਤਾਂ ਸਭ ਕੁਝ ਮੁੱਕ ਜਾਣ ਵਾਲਾ ਸੀ ਜਾਂ ਫੇਰ ਉਹ ਇਸ ਜੀਵਨ ਦੇ ਆਪਣੇ ਕਰਮਾਂ ਦੇ ਨਾਲ ਇਕ ਨਵੇਂ ਸਫ਼ਰ 'ਤੇ ਨਿਕਲਣ ਵਾਲਾ ਸੀ ਜਿਸ ਬਾਰੇ ਬਹੁਤ ਸਾਰੇ ਧਰਮ-ਗ੍ਰੰਥਾਂ 'ਚ ਚੰਗਾ-ਚੰਗਾ ਲਿਖਿਆ ਗਿਆ ਸੀ। ਉਸਨੇ ਇਹੀ ਸੋਚਿਆ ਸੀ ਕਿ ਇਸਦੇ ਬਾਦ ਉਹ ਆਪਣੇ ਘਰ-ਪਰਿਵਾਰ ਦੇ ਬਾਰੇ ਕੁਝ ਵੀ ਨਹੀਂ ਸੋਚੇਗਾ। ਉਸਨੇ ਜੋ ਕੁਝ ਕੀਤਾ ਉਸਦੇ ਪਿੱਛੇ ਤਕਦੀਰ ਸੀ ਨਹੀਂ ਤਾਂ ਉਸਦਾ ਹੀ ਜੀਵਨ ਇਸ ਤਰ੍ਹਾਂ ਨਾਲ ਕਿਉਂ ਹੁੰਦੇ ਜਾਣਾ ਸੀ। ਤਕਦੀਰ! ਇਕ ਔਖੀ ਹਾਸੀ ਉਸਦੇ ਅੰਦਰ ਉਜਾਗਰ ਹੋਈ ਜਿਸਦਾ ਗਲ਼ ਉਸਨੇ ਅੰਦਰ ਹੀ ਘੋਟ ਦਿੱਤਾ। ਸੱਚਾਈ ਇਸਦੇ ਬਿਲਕੁਲ ਉਲਟ ਸੀ ਅਤੇ ਇਹ ਗੱਲ ਹੁਣ ਉਹ ਬਾਖ਼ੂਬੀ ਜਾਣਦਾ ਸੀ ਕਿ ਇਸ ਦੁਨੀਆਂ 'ਚ ਮੁਕਤੀ ਦੀ ਇੱਛਾ ਨਾਲ ਉਸਨੇ ਜ਼ਹਿਰ ਨਹੀਂ ਖਾਦੀ ਸੀ। ਇਹ ਇਕ ਉਸਦਾ ਹੀ ਬੁਣਿਆ ਹੋਇਆ ਜਾਲ ਸੀ ਅਤੇ ਹੁਣ ਉਹ ਗੋਲੀ ਖਾ ਕੇ ਮੌਤ ਦੇ ਸੰਮੋਹਕ ਸੁਪਨੇ ਦੀ ਉਡੀਕ ਕਰ ਰਿਹਾ ਸੀ। ਉਸਦੇ ਬਾਪ ਨੇ ਦੱਸਿਆ ਸੀ ਕਿ ਇਉਂ ਮਰਨ ਵਾਲਿਆਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਮਰ ਨਹੀਂ ਰਿਹਾ ਬਲਕਿ ਦੇਹ ਸਮੇਤ ਉੱਡ ਕੇ ਕਿਤੇ ਜਾ ਰਿਹਾ ਹੈ। ਕਿਸੇ ਅਜਿਹੀ ਥਾਵੇਂ ਜਿੱਥੇ ਉਹ ਹਮੇਸ਼ਾ ਜਾਣਾ ਚਾਹੁੰਦਾ ਰਿਹਾ ਹੋਵੇ। ਉਹ ਆਪਣੀ ਜ਼ਿੰਦਗੀ 'ਚ ਆਖਿਰ ਕਿੱਥੇ ਜਾਣਾ ਚਾਹੁੰਦਾ ਸੀ

ਹਮੇਸ਼ਾ ਅਤੇ ਗੌਰੀਨਾਥ ਉੱਡ ਚੱਲਿਆ। ਹੁਣ ਸਾਰੀ ਰਾਤ ਉਸਨੇ ਉੱਡਦੇ ਹੀ ਰਹਿਣਾ ਸੀ। ਬਹੁਤ ਉੱਪਰ ਜਿੱਥੇ ਉਹ ਉੱਡ ਰਿਹਾ ਸੀ ਉਥੋਂ ਉਹ ਆਪਣੇ ਜੀਵਨ 'ਚ ਕਿਤੇ ਵੀ ਉੱਤਰ ਸਕਦਾ ਸੀ। ਆਪਣਾ ਹੀ ਜੀਵਨ ਉਸਨੂੰ ਕੁਝ ਇਉਂ ਦਿਖ ਰਿਹਾ ਸੀ ਜਿਵੇਂ ਉਹ ਕਿਸੇ ਹੋਰ ਦਾ ਹੋਵੇ ਬਲਕਿ ਉਹੀ ਕੋਈ ਹੋਰ ਹੋਵੇ। ਇਸ ਸੰਮੋਹਕ ਸੁਪਨੇ 'ਚ ਦਾਖਲ ਹੋਣ ਦਾ ਪਹਿਲਾ ਹੀ ਅਸਰ ਇਹ ਹੋਇਆ ਕਿ ਉਹ ਉਹਨਾਂ ਘਾਤਕ ਪਰਛਾਈਆਂ ਤੋਂ ਮੁਕਤ ਹੋ ਗਿਆ ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਤੋਂ ਉਸਨੂੰ ਘੇਰ ਰੱਖਿਆ ਸੀ। ਹੁਣ ਪਰਛਾਈਆਂ ਦੇਹ ਸਮੇਤ ਸਨ। ਉਸੇ ਉਮਰ 'ਚ ਠਹਿਰੀਆਂ ਹੋਈਆਂ ਜਿਸ ਉਮਰ 'ਚ ਗੌਰੀਨਾਥ ਨੇ ਉਹਨਾਂ ਨੂੰ ਮੌਤ ਦੇ ਨੇੜੇ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ। ਉਹ ਇਸ ਸੰਜੋਗ ਤੋਂ ਲਗਭਗ ਹੈਰਾਨ ਰਹਿ ਗਿਆ ਕਿ ਉਸਦੇ ਪਿਤਾ ਮਾਤਾਫੇਰ ਤਿਵਾਰੀ ਹੂਬਹੂ ਉਸ ਵਰਗੇ ਹੀ ਲੱਗ ਰਹੇ ਸਨ। ਕੁਝ ਇਸ ਤਰ੍ਹਾਂ ਜਿਵੇਂ ਬਾਪ ਨਾ ਹੋ ਕੇ ਇਕੱਠੇ ਜੰਮੇ ਜੌੜੇ ਭਾਈ ਹੋਣ, ਇਕ ਦੂਜੇ ਦੇ ਹਮਸ਼ਕਲ। ਇਸ ਦਾ ਮਤਲਬ ਕੀ ਇਹ ਸੀ ਕਿ ਉਹ ਆਪਣੇ ਨਾਜਾਇਜ਼ ਹੋਣ ਦੇ ਜਿਸ ਸ਼ੱਕ ਨੂੰ ਆਪਣੀ ਚੇਤਨਾ 'ਚ ਢੋਂਦਾ ਰਿਹਾ ਸੀ, ਉਹ ਗਲਤ ਸੀ ?

ਇਸ ਗੱਲ ਨਾਲ ਉਸਨੂੰ ਕੋਈ ਤਸੱਲੀ ਨਹੀਂ ਮਿਲੀ। ਬਲਕਿ ਇਹ ਇਕ ਸ਼ੁਰੂਆਤ ਸੀ ਜਦ ਉਸਦੇ ਲਈ ਸਾਰੀਆਂ ਚੀਜ਼ਾਂ ਦਾ ਅਰਥ ਬਦਲਦੇ ਜਾਣਾ ਸੀ। ਉਸਨੇ ਜਾਣ ਲਿਆ ਕਿ ਇਹ ਨਰਕ ਦੀ ਨਦੀ ਹੈ ਜਿਸਨੂੰ ਪਾਰ ਨਹੀਂ ਕਰਨਾ ਹੈ। ਹਮੇਸ਼ਾ ਉਸੇ 'ਚ ਵਹਿੰਦੇ ਰਹਿਣਾ ਹੈ। ਇਕ ਸਾਰ ਜੀਵਨ ਜੋ ਗਲਤ ਧਾਰਨਾਵਾਂ ਨਾਲ ਬਰਬਾਦ ਹੋਇਆ ਅਤੇ ਕੀ ਸਿਰਫ਼ ਇਕ ਜੀਵਨ ! ਕੀ ਹਾਲੇ ਵੀ ਉਹ ਸੁਆਰਥ 'ਚ ਏਨਾ ਡੁੱਬਿਆ ਹੋਇਆ ਹੈ ਕਿ ਉਸਨੂੰ ਦੂਜਿਆਂ ਦਾ ਜੀਵਨ ਨਹੀਂ ਦਿਖਦਾ, ਜਿਸਨੂੰ ਉਸਨੇ ਹਮੇਸ਼ਾ ਲਈ ਬਰਬਾਦ ਕਰ ਦਿੱਤਾ। ਗੌਰੀਨਾਥ ਹਮੇਸ਼ਾ ਆਪਣੇ ਪਿਤਾ ਨੂੰ ਨਫਰਤ ਕਰਦਾ ਰਿਹਾ। ਪਰ ਹੁਣੇ ਮੌਤ ਦੇ ਇਸ ਘਾਤਕ ਸੁਪਨੇ ਅੰਦਰ ਉਹ ਜਾਣਦਾ ਹੈ ਕਿ ਉਹ ਆਪਣੇ ਪਿਤਾ ਨਾਲੋਂ ਕਈ ਗੁਣਾ ਜ਼ਿਆਦਾ ਨਫਰਤ ਦੇ ਯੋਗ ਹੈ। ਉਸਨੇ ਆਪਣੇ ਜੀਵਨ 'ਚ ਪਿਤਾ ਦੇ ਉਸ ਅਕਸ ਨੂੰ ਬੇਹਦ ਵਿਸਥਾਰ ਦਿੱਤਾ ਹੈ ਜਿਸਨੂੰ ਆਪਣੇ ਅੰਦਰ ਉਹ ਹਮੇਸ਼ਾ ਪਾਲ-ਪੋਸਕੇ ਵੱਡਾ ਕਰਦੇ ਰਹੇ। ਤਾਂ ਕੀ ਪਿਤਾ ਇਹ ਗੱਲ ਜਾਣਦੇ ਸਨ। ਕੀ ਜ਼ਹਿਰ ਬਣਾਉਣੀ ਉਹਨਾਂ ਨੇ ਇਸ ਲਈ ਸਿਖਾਈ ਸੀ ਕਿ ਜਦ ਆਪਣੇ ਹੀ ਅੰਦਰ ਉਬਲਦਾ ਹੋਇਆ ਦੁੱਖ ਬਹੁਤ ਜ਼ਿਆਦਾ ਵਿਸਥਾਰ ਪਾ ਲਵੇ ਤਾਂ ਉਸ ਤੋਂ ਮੁਕਤ ਹੋਇਆ ਜਾ ਸਕੇ ਤਾਂ ਕੀ ਪਿਤਾ ਨੂੰ ਇਹ ਵੀ ਪਤਾ ਹੋਵੇਗਾ ਕਿ ਜ਼ਹਿਰ ਦੀ ਪਹਿਲੀ ਵਰਤੋਂ ਖੁਦ ਉਸ 'ਤੇ ਹੀ ਹੋਣ ਜਾ ਰਹੀ ਸੀ।

## ਪਿਤਾ ਦਾ ਜੀਵਨ

ਉਹ ਦਿਨ ਜਿਸ ਨੂੰ ਗੌਰੀਨਾਥ ਤਿਵਾਰੀ ਨੇ ਆਪਣੀ ਖੁਦਕੁਸ਼ੀ ਲਈ ਚੁਣਿਆ ਸੀ ਉਹ ਉਸਦਾ ਸਰਕਾਰੀ ਜਨਮ ਦਿਨ ਸੀ। ਇਸ ਦਿਨ ਉਹ ਸੰਤਾਲੀ ਸਾਲ ਪੂਰੇ ਕਰਕੇ ਅੜਤਾਲੀਵੇਂ 'ਚ ਕਦਮ ਰੱਖ ਰਿਹਾ ਸੀ। ਜਦ ਉਸਨੂੰ ਪ੍ਰਾਇਮਰੀ ਸਕੂਲ 'ਚ ਦਾਖਲਾ ਦਵਾਉਣ ਲਈ ਉਸਦੇ ਪਿਤਾ ਮਾਤਾਫੇਰ ਤਿਵਾਰੀ ਸਕੂਲ ਗਏ ਤਾਂ ਉਹਨਾਂ ਨੂੰ ਪਤਾ ਹੀ ਨਹੀਂ ਸੀ ਕਿ ਦਾਖਲੇ ਤੋਂ ਪਹਿਲਾਂ ਬੱਚੇ ਦਾ ਜਨਮ ਦਿਨ ਵੀ ਪੁੱਛਿਆ ਜਾਂਦਾ ਹੈ। ਮਾਤਾਫੇਰ ਨੂੰ ਉਸਦਾ ਜਨਮ ਦਿਨ ਯਾਦ ਨਹੀਂ ਸੀ ਤਾਂ ਮੁੱਖ ਅਧਿਆਪਕ ਜੀ ਨੇ ਉਹੀ ਕੀਤਾ ਜੋ ਅਜਿਹੇ ਹਾਲਾਤ 'ਚ ਉਹ ਕਰਿਆ ਕਰਦੇ ਹਨ। ਉਹਨਾਂ ਨੇ ਬੱਚੇ ਗੌਰੀਨਾਥ ਨੂੰ ਖੁੱਲ੍ਹੇ ਦਿਲ ਨਾਲ ਇਕ ਕਾਲਪਨਿਕ ਜਨਮ ਮਿਤੀ ਦੇ ਦਿੱਤੀ। ਪਹਿਲੀ ਜੁਲਾਈ ਉਨੀ ਸੌ ਅਠਵੰਜਾ ਅਤੇ ਇਉਂ ਗੌਰੀਨਾਥ ਸਿੱਧਾ ਤੀਜੀ ਜਮਾਤ ਦਾ ਵਿਦਿਆਰਥੀ ਬਣ ਗਿਆ।

ਮਾਤਾਫੇਰ ਨੇ ਗੌਰੀਨਾਥ ਨੂੰ ਸਕੂਲ 'ਚ ਦਾਖਿਲ ਕਰਾਕੇ ਕੁਝ ਇਉਂ ਮਹਿਸੂਸ ਕੀਤਾ ਕਿ



ਜਿਵੇਂ ਉਹਨਾਂ ਨੇ ਬੜੀ ਵੱਡੀ ਜ਼ਿੰਮੇਵਾਰੀ ਪੂਰੀ ਕਰ ਲਈ ਹੋਵੇ। ਵਾਪਿਸ ਆਉਂਦਿਆਂ ਰਾਹ 'ਚ ਉਹਨਾਂ ਨੇ ਗੌਰੀਨਾਥ ਨੂੰ ਸਮਝਾਇਆ ਕਿ ਉਸਨੇ ਬਹੁਤ ਮਨ ਲਾ ਕੇ ਪੜ੍ਹਾਈ ਕਰਨੀ ਹੈ ਅਤੇ ਜੋ ਸਿੱਖਣਾ ਹੈ ਉਹ ਆਪਣੇ ਛੋਟੇ ਭਾਈ ਬਦਰੀਨਾਥ ਨੂੰ ਵੀ ਸਿਖਾਉਣਾ ਹੈ। ਹਾਲਾਂਕਿ ਗੌਰੀਨਾਥ ਦੇ ਭੈਣਾਂ ਵੀ ਸਨ ਅਤੇ ਉਹਨਾਂ ਬਾਰੇ ਉਹਨਾਂ ਦੇ ਪਿਤਾ ਨੇ ਕੁਝ ਵੀ ਨਹੀਂ ਕਿਹਾ। ਗੌਰੀਨਾਥ ਦੇ ਤਿੰਨੇ ਭਾਈ-ਭੈਣ ਉਸ ਨਾਲੋਂ ਛੋਟੇ ਸਨ ਅਤੇ ਹਾਲੇ ਆਪਣੀ ਮਾਂ ਪਿੱਛੇ ਨੱਕ ਸੁੜਕਦੇ ਫਿਰਿਆ ਕਰਦੇ ਸਨ।

ਮਾਤਾਫੇਰ ਤਿਵਾਰੀ ਕਿਸੇ ਜ਼ਿੰਮੀਦਾਰ ਦੇ ਮੁਨੀਮੀ ਕਰਦੇ ਸਨ। ਉਹ ਤੜਕੇ ਉੱਠਦੇ, ਗੜਵੀ ਚੁੱਕਦੇ, ਲੰਗੋਟ ਚੁੱਕਦੇ ਅਤੇ ਗੰਗਾ ਵੱਲ ਨਿਕਲ ਜਾਂਦੇ ਜੋ ਘਰ ਤੋਂ ਦੱਖਣ ਵੱਲ ਲਗਭਗ ਮੀਲ ਕੁ ਦੀ ਦੂਰੀ 'ਤੇ ਵਗਦੀ ਸੀ। ਉਥੇ ਹੀ ਜੰਗਲ-ਪਾਣੀ ਜਾਂਦੇ, ਦਾਤਣ ਕਰਦੇ, ਨ੍ਹਾਉਂਦੇ, ਲੰਗੋਟ ਬਦਲਦੇ ਅਤੇ ਵਾਪਿਸ ਆ ਜਾਂਦੇ। ਬਾਦ ਦੇ ਦਿਨਾਂ 'ਚ ਉਹ ਲੰਗੋਟ ਵਗੈਰਾ ਲਿਜਾਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਪਾ ਗਏ ਸਨ। ਹੋਇਆ ਇਹ ਕਿ ਘਾਟ 'ਤੇ ਰਹਿ ਰਹੇ ਇਕ ਸਾਧੂ ਨਾਲ ਉਹਨਾਂ ਦੀ ਦੋਸਤੀ ਹੋ ਗਈ ਅਤੇ ਉਹ ਆਪਣਾ ਲੰਗੋਟ ਉਸੇ ਸਾਧੂ ਦੇ ਆਸ਼ਰਮ ਜਾਂ ਝੁੱਗੀ ਜੋ ਵੀ ਕਹੀਏ, 'ਚ ਕਿਸੇ ਬਿਰਖ ਵਗੈਰਾ 'ਤੇ ਪਾ ਕੇ ਆ ਜਾਂਦੇ ਅਤੇ ਅਗਲੇ ਦਿਨ ਉਥੋਂ ਹੀ ਚੁੱਕ ਲੈਂਦੇ।

ਗੰਗਾ ਕੰਢੇ ਕਈ ਛੋਟੇ-ਛੋਟੇ ਮੰਦਿਰ ਬਣੇ ਹੋਏ ਸਨ। ਨ੍ਹਾ ਕੇ ਉਹ ਉਥੇ ਹੀ ਆਪਣੇ ਇਸ਼ਟ ਹਨੂਮਾਨ ਦੀ ਪੂਜਾ ਕਰਦੇ ਅਤੇ ਨਾਲ ਸ਼ੰਕਰ ਪਾਰਬਤੀ ਆਦਿ ਹੋਰ ਦੇਵੀ ਦੇਵਤਿਆਂ ਨੂੰ ਵੀ ਜਲ ਅਤੇ ਫੁੱਲ ਵਗੈਰਾ ਚੜ੍ਹਾ ਆਉਂਦੇ। ਇਸਦੇ ਬਾਦ ਘਰ ਆਉਂਦੇ ਅਤੇ ਖਾ-ਪੀ ਕੇ ਜ਼ਿੰਮੀਦਾਰ ਦੀ ਚਾਕਰੀ ਕਰਨ ਨਿਕਲ ਜਾਂਦੇ। ਸਾਰਾ ਦਿਨ ਆਪਣਾ ਕੰਮ ਕਰਦੇ ਅਤੇ ਸ਼ਾਮ ਨੂੰ ਸਿੱਧੇ ਉਥੋਂ ਹੀ ਮੰਦਿਰ ਚਲੇ ਜਾਂਦੇ। ਮੰਦਿਰ 'ਚ ਦੇਰ ਰਾਤ ਤੱਕ ਕੀਰਤਨ ਵਗੈਰਾ ਚਲਦਾ ਰਹਿੰਦਾ। ਪੰਡਤ ਮਾਤਾਫੇਰ ਦਾ ਜੀ ਕੀਰਤਨ ਵਗੈਰਾ 'ਚ ਬਹੁਤ ਲਗਦਾ। ਉਥੋਂ ਨਿਕਲਦਿਆਂ ਕਈ ਵਾਰ ਉਹ ਭੋਜਨ ਕਰਕੇ ਹੀ ਨਿਕਲਦੇ। ਉਹਨਾਂ ਨੂੰ ਮੁੜਦਿਆਂ ਕਈ ਵਾਰ ਦਸ ਗਿਆਰਾਂ ਵਜ ਜਾਂਦੇ।

ਪੰਡਤਾਣੀ ਘਰੇ ਉਡੀਕਦੀ ਮਿਲਦੀ। ਗੌਰੀਨਾਥ, ਬਦਰੀਨਾਥ, ਰਾਮਰਤੀ ਅਤੇ ਫੂਲਮਤੀ ਸੌਂ ਚੁੱਕੇ ਹੁੰਦੇ। ਰੋਟੀ ਠੰਡੀ ਹੋ ਚੁੱਕੀ ਹੁੰਦੀ। ਮਾਤਾਫੇਰ ਕਦੇ ਖਾਂਦੇ ਤਾਂ ਕਦੇ ਦੱਸਦੇ ਕਿ ਉਹ ਭੋਜਨ ਕਰਕੇ ਆਏ ਹਨ ਅਤੇ ਉਹਨਾਂ ਨੂੰ ਭੁੱਖ ਨਹੀਂ ਹੈ। ਇਹ ਸੁਣਕੇ ਪੰਡਤਾਣੀ ਇਕ ਵਾਰ ਸਿਰ ਚੁੱਕ ਕੇ ਮਾਤਾਫੇਰ ਵੱਲ ਦੇਖਦੀ ਵੀ ਨਹੀਂ। ਉਸਦੀ ਭੁੱਖ ਮਰ ਜਾਂਦੀ। ਕਈ ਵਾਰ ਉਹ ਕੁੱਝ ਖਾਂਦੀ ਤਾਂ ਕਈ ਵਾਰ ਬਿਨਾਂ ਕੁਝ ਖਾਦੇ ਹੀ ਰਸੋਈ ਸਮੇਟ ਲੈਂਦੀ। ਇਸਦੇ ਬਾਦ ਉਹ ਮਾਤਾਫੇਰ ਦੀਆਂ ਲੱਤਾਂ ਘੁੱਟਦੀ। ਕਈ ਵਾਰ ਮਾਲਿਸ਼ ਕਰਦੀ। ਮਾਤਾਫੇਰ ਉਸਨੂੰ ਇਹ ਦੱਸਦੇ ਰਹਿੰਦੇ ਕਿੱਥੇ-ਕਿੱਥੇ ਬਹੁਤ ਜ਼ੋਰ ਦੇਣਾ ਹੈ ਕਿੱਥੇ-ਕਿੱਥੇ ਦੇਰ ਤਕ ਰੁਕਣਾ ਹੈ ਅਤੇ ਕਿਥੋਂ ਕਿਥੋਂ ਬਸ ਸਰਸਰੀ ਤੌਰ 'ਤੇ ਨਿਕਲ ਜਾਣਾ ਹੈ। ਇਹ ਸਭ ਦੱਸਦੇ-ਦੱਸਦੇ ਉਹਨਾਂ ਦੇ ਗਲੇ 'ਚੋਂ ਘੁਰਘੁਰਾਉਣ ਦੀ ਆਵਾਜ਼ ਆਉਣ ਲਗਦੀ। ਪੰਡਤਾਣੀ ਦਾ ਮਨ ਵੈਰਾਗ ਨਾਲ ਭਰ ਜਾਂਦਾ। ਉਹ ਕੋਲੇ ਪਈ ਦੂਜੀ ਮੰਜੀ 'ਤੇ ਜਾ ਕੇ ਪੈ ਜਾਂਦੀ। ਕਦੇ-ਕਦੇ ਉਦੋਂ ਹੀ ਨੀਂਦ ਆ ਜਾਂਦੀ ਤਾਂ ਕਈ ਵਾਰ ਸਾਰੇ ਦਿਨ ਦੀ ਥਕਾਨ ਦੇ ਬਾਵਜੂਦ ਸਾਰੀ ਰਾਤ ਨੀਂਦ ਨਾ ਆਉਂਦੀ। ਸਾਰੀ ਰਾਤ ਜੀਵਨ ਦੇ ਸਾਰੇ ਦ੍ਰਿਸ਼ ਸੁਪਨਿਆਂ ਦੀ ਤਰ੍ਹਾਂ ਝਿਲਮਿਲਾਉਂਦੇ ਰਹਿੰਦੇ।

ਪੰਡਤ ਜੀ ਕਦੇ-ਕਦੇ ਮਰਦ ਵੀ ਬਣ ਜਾਂਦੇ। ਮਾਲਿਸ਼ ਕਰਾਉਂਦੇ-ਕਰਾਉਂਦੇ ਪੰਡਤਾਣੀ ਨੂੰ ਆਪਣੇ ਵੱਲ ਖਿੱਚ ਲੈਂਦੇ ਅਤੇ ਆਪ ਵੀ ਮਾਲਿਸ਼ 'ਚ ਲੱਗ ਜਾਂਦੇ। ਪਰ ਇਹ ਸਿਲਸਿਲਾ ਕਦੇ ਵੀ ਬਹੁਤੀ ਦੇਰ ਨਾ ਚਲਦਾ। ਇਸਦੇ ਬਾਦ ਉਹ ਹੌਂਕਦੇ ਹੋਏ ਪਾਸਾ ਬਦਲ ਕੇ ਸੌਂ ਜਾਂਦੇ। ਕਈ ਵਾਰ ਉੱਠਕੇ ਅੱਧੀ ਰਾਤ ਨੂੰ ਹੀ ਨ੍ਹਾਉਣ ਤੁਰ ਪੈਂਦੇ। ਇਸਦੇ ਪਿੱਛੇ ਪਤਾ ਨਹੀਂ ਕਿੱਥੋਂ ਆ ਕੇ ਅੰਦਰ

ਬੈਠੀ ਇਹ ਭਾਵਨਾ ਹੁੰਦੀ ਕਿ ਕੁਝ ਦੇਰ ਪਹਿਲਾਂ ਜੋ ਕੁਝ ਉਹ ਕਰ ਰਹੇ ਸੀ ਉਹ ਇਕ ਨੀਚ ਅਤੇ ਗਿਰਿਆ ਹੋਇਆ ਕਰਮ ਸੀ। ਕਿ ਇਸਦੇ ਬਾਦ ਸਰੀਰ ਤਾਂ ਕੀ ਆਤਮਾ ਤੱਕ ਅਸ਼ੁੱਧ ਹੋ ਜਾਂਦੀ ਹੈ। ਅਗਲੇ ਦੋ-ਚਾਰ ਦਿਨ ਉਹ ਮਾਲਿਸ਼ ਜਾਂ ਹੱਥ-ਪੈਰ ਘੁਟਾਉਣ ਦੇ ਲਈ ਮਨਾਂ ਵੀ ਕਰ ਦਿੰਦੇ। ਉਹਨਾਂ ਦੇ ਮਨ 'ਚ ਨਾਰੀ ਦੇਹ ਲਈ ਬਹੁਤ ਨਫਰਤ ਸੀ ਪਰ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਾਰੀ ਦੇਹ ਬਿਨਾਂ ਉਹ ਰਹਿ ਵੀ ਨਹੀਂ ਸਕਦੇ ਸਨ। ਤਾਂ ਵਿਚਲਾ ਰਸਤਾ ਇਹ ਹੁੰਦਾ ਕਿ ਪੰਡਤਾਣੀ ਕੋਲ ਜਾਂਦੇ ਤਾਂ ਛੇਤੀ ਤੋਂ ਛੇਤੀ ਉਥੋਂ ਮੁਕਤ ਹੋਣਾ ਅਤੇ ਭੱਜਣਾ ਚਾਹੁੰਦੇ।

ਪੰਡਤਾਣੀ ਨੂੰ ਮਰਦ-ਦੇਹ ਤੋਂ ਕੋਈ ਨਫਰਤ ਨਹੀਂ ਸੀ। ਹਾਂ, ਉਹ ਪੰਡਤ ਮਾਤਾਫੇਰ ਨਾਲ ਜ਼ਰੂਰ ਨਫਰਤ ਕਰਦੀ ਸੀ। ਬਹੁਤ ਜ਼ਿਅਦਾ ਨਫਰਤ ਪਰ ਤੀਵੀਆਂ ਦੇ ਸਦੀਆਂ ਪੁਰਾਣੇ ਅਭਿਆਸਵਸ਼ ਇਸ ਨਫਰਤ ਦਾ ਪਤਾ ਉਸਨੇ ਮਾਤਾਫੇਰ ਨੂੰ ਕਦੇ ਵੀ ਚੱਲਣ ਨਾ ਦਿੱਤਾ ਅਤੇ ਨਿੱਕੇ-ਮੋਟੇ ਝਗੜਿਆਂ ਦੇ ਬਾਵਜੂਦ ਸਮਰਪਿਤ ਪਤਨੀ ਬਣੀ ਰਹੀ। ਪਤੀ ਦੀ ਸੇਵਾ ਕਰਦਿਆਂ, ਬੱਚੇ ਪੈਦਾ ਕਰਦਿਆਂ, ਦਿਨ-ਰਾਤ ਘਰ ਦੇ ਕੰਮਾਂ 'ਚ ਲੱਗੀ ਰਹਿੰਦੀ। ਅਤੇ ਇਉਂ ਹੀ ਇਕ ਦਿਨ ਸੰਨ੍ਹੀ ਕਰਦਿਆਂ ਉਹਨਾਂ ਦੀ ਪਿਆਰੀ ਸੁਰਗਵਾਸੀ ਗਾਂ ਦੇ ਇਕ ਜਵਾਨ ਹੁੰਦੇ ਵੱਛੇ ਨੇ ਜਦ ਆਪਣੇ ਸਿੰਗਾਂ 'ਤੇ ਚੁੱਕ ਕੇ ਉਸਨੂੰ ਸੁੱਟਿਆ ਤਾਂ ਉਸਦਾ ਸਰੀਰ ਭਾਵੇਂ ਥੋੜ੍ਹੀ ਦੂਰ ਜਾ ਕੇ ਮਰਿਆ ਪਰ ਅਤਮਾ ਉਪਰ ਦੀ ਉਪਰ ਹੀ ਉੱਡ ਗਈ ਸੀ।

## ਮਾਂ ਦੀ ਮੌਤ

ਪੰਡਤਾਣੀ ਦਾ ਨਾਂ ਬੇਲਾ ਸੀ। ਸਹੁਰੇ ਆ ਕੇ ਉਹ ਆਪ ਵੀ ਆਪਣਾ ਨਾਂ ਭੁੱਲ ਗਈ ਸੀ। ਏਥੇ ਉਸਨੂੰ ਇਸ ਨਾਂ ਨਾਲ ਬੁਲਾਉਣ ਵਾਲਾ ਕੋਈ ਵੀ ਨਹੀਂ ਸੀ। ਰਹੀ ਸਹੁਰਿਆਂ ਦੀ ਗੱਲ ਤਾਂ ਉਹ ਇਕ ਵਾਰ ਸਹੁਰੇ ਆਈ ਤਾਂ ਪੇਕੇ ਜਾਣਾ ਹੀ ਨਸੀਬ ਨਾ ਹੋਇਆ। ਪਤਾ ਨਹੀਂ ਕਿਸ ਮੱਖੀ ਨੇ ਮਾਤਾਫੇਰ ਤਿਵਾਰੀ ਨੂੰ ਲੱਤ ਮਾਰ ਦਿੱਤੀ ਸੀ। ਉਹ ਬੇਲਾ ਨੂੰ ਪੇਕੇ ਭੇਜਣ ਲਈ ਤਿਆਰ ਸੀ ਪਰ ਉਸਦੀ ਇਕ ਸ਼ਰਤ ਸੀ ਕਿ ਬੇਲਾ ਮੁੜਕੇ ਸਹੁਰੇ ਨਾ ਆਵੇਗੀ। ਬੇਲਾ ਪੇਕੇ ਨਹੀਂ ਗਈ। ਜਦ ਡਰੀ-ਡਰੀ ਜਿਹੀ ਬੇਲਾ ਸਹੁਰੇ ਆਈ ਸੀ ਤਾਂ ਉਸ ਨੂੰ ਦੱਸਿਆ ਗਿਆ ਸੀ ਕਿ ਘਰ 'ਚ ਨਾ ਸੱਸ ਦਾ ਚੱਕਰ ਹੈ, ਨਾ ਸਹੁਰੇ ਦਾ ਝੰਜਟ, ਉਹ ਘਰ 'ਚ ਰਾਜ ਕਰੇਗੀ। ਬੇਲਾ ਦੇ ਸਰੀਰ 'ਚ ਬੇਲਾ ਵਰਗੀ ਹੀ ਖੁਸ਼ਬੂ ਆਉਂਦੀ ਸੀ। ਪੰਡਿਤ ਮਾਤਾਫੇਰ ਨੇ ਸਭ ਤੋਂ ਪਹਿਲਾਂ ਸੁਆਲ ਇਸ ਖੁਸ਼ਬੂ 'ਤੇ ਹੀ ਕੀਤਾ। ਮਹਿਕਣਾ ਰੰਡੀਆਂ ਦਾ ਕੰਮ ਹੈ ਭਲੇ ਘਰ ਦੀਆਂ ਤੀਵੀਆਂ ਦਾ ਨਹੀਂ, ਮਾਤਾਫੇਰ ਨੇ ਕਿਹਾ। ਬੇਲਾ ਨੂੰ ਖੁਦ 'ਚੋਂ ਨਿਕਲਣ ਵਾਲੀ ਖੁਸ਼ਬੂ ਦੇ ਬਾਰੇ ਕੁਝ ਵੀ ਪਤਾ ਨਹੀਂ ਸੀ। ਪਰ ਉਹਨਾਂ ਨੇ ਇਸ ਗੱਲ ਦਾ ਪੂਰਾ ਇੰਤਜ਼ਾਮ ਕੀਤਾ ਕਿ ਜੇ ਕੋਈ ਅਜਿਹੀ ਗੰਧ ਹੈ ਤਾਂ ਉਸਨੂੰ ਮਾਰ ਦਿੱਤਾ ਜਾਵੇ।

ਇਸ ਤੋਂ ਪਹਿਲਾਂ ਕਿ ਪੰਡਤ ਮਾਤਾਫੇਰ ਉੱਠਦੇ, ਉਹ ਉੱਠ ਜਾਂਦੀ ਅਤੇ ਕੰਮ 'ਚ ਲੱਗ ਜਾਂਦੀ। ਰਾਤ ਦੇ ਭਾਂਡੇ ਮਾਂਜਦੀ । ਘਰ ਬੁਹਾਰਦੀ । ਸਾਰਾ ਘਰ ਲਿੱਪਦੀ। ਸਾਰੇ ਦਿਨ ਦੀ ਲੋੜ ਦੇ ਲਈ ਖੂਹ 'ਚੋਂ ਪਾਣੀ ਭਰਕੇ ਰੱਖਦੀ। ਮਾਤਾਫੇਰ ਲਈ ਖਾਣਾ ਤਿਆਰ ਕਰਦੀ। ਇਕ ਗਾਂ ਸੀ। ਉਸਦੀ ਥਾਂ ਬਦਲਦੀ। ਗੋਹਾ ਸਾਫ਼ ਕਰਦੀ। ਗਾਂ ਨੂੰ ਚਾਰਾ ਪਾਉਂਦੀ। ਜਦ ਤੱਕ ਬੱਚੇ ਨਹੀਂ ਹੋਏ ਇਹ ਗਾਂ ਉਸਦੀ ਇਕੋ-ਇਕ ਸਾਥੀ ਰਹੀ। ਉਸਦੇ ਧਿਆਨ ਦਾ ਕੇਂਦਰ, ਉਸਦੀ ਸਹੇਲੀ, ਉਸਦੀ ਦੁਸ਼ਮਣ। ਸਭ ਕੁਝ ਉਹੀ। ਗਾਂ ਉਸਨੂੰ ਆਪਣੇ ਮੁਕਲਾਵੇ 'ਚ ਪੇਕਿਆਂ ਤੋਂ ਮਿਲੀ ਸੀ। ਉਦੋਂ ਉਹ ਵੱਛੀ ਹੀ ਸੀ। ਇਕ ਹੋਰ ਵੀ ਗੱਲ ਸੀ। ਸਹੁਰੇ ਘਰ 'ਚ ਕੋਈ ਹੋਰ ਉਸਦਾ ਸਾਥੀ ਹੋ ਵੀ ਨਹੀਂ ਸਕਦਾ ਸੀ। ਮਾਤਾਫੇਰ ਜਦ ਬਾਹਰ ਨਿਕਲਦੇ ਤਾਂ ਘਰ ਨੂੰ ਬਾਹਰੋਂ ਜਿੰਦਾ ਲਾ ਕੇ ਨਿਕਲਦੇ। ਉਹਨਾਂ ਦਾ ਮੰਨਣਾ



ਸੀ ਕਿ ਪੰਡਤਾਣੀ ਹਾਲੇ ਬੱਚੀ ਹੈ। ਅਤੇ ਉਸਨੂੰ ਕਿਸੇ ਗੱਲ ਦੀ ਸਮਝ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਜਿੰਦੇ 'ਚ ਰੱਖਣ ਦੇ ਬਾਵਜੂਦ ਉਹ ਰਾਤ ਨੂੰ ਆਉਣ 'ਤੇ ਸਾਰੇ ਦਿਨ ਦੀ ਟੋਹ ਲੈਣ ਦੀ ਕੋਸ਼ਿਸ਼ ਕਰਦੇ ਕਿ ਕਿਤੇ ਬੇਲਾ ਦੀ ਇੱਛਾ ਬਾਹਰ ਜਾਣ ਦੀ ਤਾਂ ਨਹੀਂ ਹੁੰਦੀ? ਉਹਨਾਂ ਦੇ ਵਾਰ-ਵਾਰ ਕਹਿਣ 'ਤੇ ਇਕ ਵਾਰ ਬੇਲਾ ਨੇ ਕਹਿ ਦਿੱਤਾ ਸੀ ਕਿ ਹਾਂ ਉਸਦੀ ਇੱਛਾ ਕਦੇ-ਕਦੇ ਬਾਹਰ ਜਾਣ ਦੀ ਹੁੰਦੀ ਹੈ। ਉਹ ਸਾਰਾ ਦਿਨ ਘਰੇ ਬੰਦ ਰਹਿੰਦੇ-ਰਹਿੰਦੇ ਅੱਕ ਜਾਂਦੀ ਹੈ। ਕੋਈ ਏਥੇ ਉਸ ਨਾਲ ਗੱਲ ਕਰਨ ਵਾਲਾ ਕੋਈ ਨਹੀਂ ਹੈ।

ਬੇਲਾ ਗੱਲ ਤਾਂ ਆਪਣੀ ਬੇਇੱਜ਼ਤੀ ਦੀ ਵੀ ਕਰਨਾ ਚਾਹੁੰਦੀ ਸੀ ਪਰ ਉਸਨੂੰ ਮਾਤਾਫੇਰ ਦੀ ਖੁਸ਼ਾਮਦ 'ਤੇ ਏਨਾਂ ਭਰੋਸਾ ਨਹੀਂ ਹੋ ਸਕਿਆ ਸੀ। ਉਹ ਸਹੀ ਸੀ। ਮਾਤਾਫੇਰ ਨੇ ਉਦੋਂ ਹੀ ਉਸਦੇ ਵਾਲਾਂ ਨੂੰ ਫੜਿਆ ਅਤੇ ਲੱਤ ਮਾਰੀ। ਨਾਲ ਹੀ ਇਸਦੇ ਲਈ ਬੇਲਾ 'ਤੇ ਲਾਹਣਤ ਪਾਈ ਕਿ ਉਹ ਕਿਸੇ ਨਾਲ ਗੱਲ ਕਰਨਾ ਚਾਹੁੰਦੀ ਹੈ। ਬਾਜ਼ਾਰ ਘੁੰਮਣਾ ਚਾਹੁੰਦੀ ਹੈ। ਅਤੇ ਘਰੇ ਰਹਿੰਦਿਆਂ ਅੱਕਣਾ ਇਹ ਤਾਂ ਮਾਤਾਫੇਰ ਦੀ ਸਮਝ ਤੋਂ ਬਾਹਰ ਸੀ। ਔਰਤ ਘਰ ਦੇ ਲਈ ਹੀ ਬਣੀ ਹੈ। ਉਹ ਘਰ 'ਚ ਰਹਿੰਦਿਆਂ ਅੱਕ ਕਿਵੇਂ ਸਕਦੀ ਹੈ। ਘਰ 'ਚ ਰਹਿਣ ਨਾਲ ਅੱਕਣਾ ਪੰਡਿਤ ਮਾਤਾਫੇਰ ਦੇ ਲਈ ਰੰਡੀਆਂ ਦਾ ਚਾਲ-ਚਲਣ ਹੈ। ਇਹ ਸੋਚਦੇ ਹੀ ਮਾਤਾਫੇਰ ਨੂੰ ਫੇਰ ਗੁੱਸਾ ਆ ਗਿਆ। ਉਸਨੇ ਧਰਤੀ 'ਤੇ ਖਿੰਡੀ ਪਈ ਬੇਲਾ ਦੀ ਪਿੱਠ 'ਤੇ ਫੇਰ ਤੋਂ ਇਕ ਜ਼ੋਰਦਾਰ ਲੱਤ ਮਾਰੀ ਅਤੇ ਪੁੱਛਿਆ ਕਿ ਤੇਰੇ ਲਈ ਮੈਂ ਘੱਟ ਹਾਂ ਕੀ ਤੂੰ ਜੋ ਬਾਜ਼ਾਰ 'ਚ ਨਿਕਲਣਾ ਚਾਹੁੰਦੀ ਹੈਂ।

ਅਤੇ ਫੇਰ ਬੱਚਿਆਂ ਦਾ ਆਉਣ ਸ਼ੁਰੂ ਹੋਇਆ ਜੋ ਕਰੀਬ ਡੇਢ ਸਾਲ 'ਚ ਇਕ ਦੀ ਔਸਤ ਨਾਲ ਅਗਲੇ ਬਾਰਾਂ-ਤੇਰਾਂ ਸਾਲ ਤੱਕ ਆਉਂਦੇ ਹੀ ਚਲੇ ਗਏ। ਪੰਡਤਾਣੀ ਦਾ ਸਾਰਾ ਸਮਾਂ ਬੱਚਿਆਂ ਦੀ ਸੇਵਾ-ਸੰਭਾਲ 'ਚ ਬੀਤਣ ਲੱਗਿਆ। ਉਧਰ ਗਾਂ ਨੇ ਵੀ ਪੰਡਤਾਣੀ ਦੇ ਨਾਲ ਹੀ ਬੱਚੇ ਦੇਣੇ ਸ਼ੁਰੂ ਕਰ ਦਿੱਤੇ। ਅਗਲੇ ਬਾਰਾਂ-ਤੇਰਾਂ ਸਾਲ ਤੱਕ ਜਦ ਤੱਕ ਕਿ ਉਹ ਬੁੱਢੀ ਹੋ ਕੇ ਮਰ ਨਾ ਗਈ ਲਗਾਤਾਰ ਬੱਚੇ ਦਿੰਦੀ ਰਹੀ। ਪਰ ਗਾਂ ਅਤੇ ਪੰਡਤਾਣੀ 'ਚ ਫਰਕ ਇਹ ਸੀ ਕਿ ਗਾਂ ਆਪਣੀ ਉਮਰ 'ਚ ਹੀ ਜਾ ਕੇ ਬੁੱਢੀ ਹੋਈ ਸੀ ਜਦਕਿ ਪੰਡਤਾਣੀ ਹਾਲੇ ਮੁਸ਼ਕਿਲ ਨਾਲ ਤੀਹ ਦੀ ਵੀ ਨਹੀਂ ਹੋ ਸਕੀ ਸੀ ਕਿ ਬੁੱਢੀ ਹੋ ਗਈ। ਉਦੋਂ ਲੱਕ ਨੇ ਉਸਦਾ ਭਾਰ ਖੁਸ਼ੀ-ਖੁਸ਼ੀ ਚੁੱਕਣ ਤੋਂ ਮਨਾਂ ਕਰ ਦਿੱਤਾ ਸੀ ਅਤੇ ਝੁਕ ਗਿਆ ਸੀ। ਪੰਡਤਾਣੀ ਥੋੜ੍ਹਾ ਜਿਹਾ ਵੀ ਬੈਠਦੀ ਤਾਂ ਆਕੜ ਜਾਂਦਾ। ਉਹ ਬਿਨਾਂ ਕਿਸੇ ਸਹਾਰੇ ਦੇ ਖੜੀ ਨਾ ਹੋ ਸਕਦੀ। ਪਹਿਲਾਂ ਦੀ ਤਰ੍ਹਾਂ ਝੁਕ ਕੇ ਝਾੜੂ ਬਗੈਰਾ ਨਾ ਲਾ ਸਕਦੀ। ਹੁਣ ਇਹ ਕੰਮ ਉਸਨੂੰ ਬੈਠੇ-ਬੈਠੇ ਇਕ ਥਾਂ ਤੋਂ ਦੂਜੀ ਥਾਂ ਘਿਸਰਦੇ ਹੋਏ ਕਰਨਾ ਪੈਂਦਾ। ਉਹ ਬੈਠੇ-ਬੈਠੇ ਇਕ ਥਾਂ ਤੋਂ ਦੂਜੀ ਥਾਂ 'ਤੇ ਘਿਸਰ ਰਹੀ ਹੁੰਦੀ ਅਤੇ ਉਸਦੇ ਪਿੱਛੇ ਮੱਖੀਆਂ ਦੀ ਇਕ ਪੂਰੀ ਫੌਜ ਦੇ ਨਾਲ ਉਸਦੇ ਬੱਚੇ ਵੀ ਘਿਸਰ ਰਹੇ ਹੁੰਦੇ। ਜਿਨ੍ਹਾਂ ਦੀ ਗਿਣਤੀ ਘਟਦੀ ਵਧਦੀ ਰਹਿੰਦੀ।

ਗਾਂ ਅਤੇ ਪੰਡਤਾਣੀ 'ਚ ਇਕ ਫਰਕ ਇਹ ਵੀ ਸੀ ਕਿ ਗਾਂ ਦੇ ਸਾਰੇ ਬੱਚੇ ਜਿਉਂਦੇ ਰਹੇ ਅਤੇ ਤੰਦਰੁਸਤ ਰਹੇ। ਦੂਜੇ ਪਾਸੇ ਪੰਡਤਾਣੀ ਦੇ ਕਈ ਬੱਚੇ ਤਾਂ ਛੇਵੇਂ ਸੱਤਵੇਂ ਮਹੀਨੇ 'ਚ ਹੀ ਗਿਰ ਗਏ। ਜੋ ਕੁੱਖ 'ਚ ਆਪਣਾ ਪੂਰਾ ਸਮਾਂ ਲੈ ਕੇ ਪੈਦਾ ਹੋਏ ਉਹਨਾਂ 'ਚ ਵੀ ਜ਼ਿਆਦਾਤਰ ਕਈ-ਕਈ ਸਾਲਾ ਤੱਕ ਪੰਡਤਾਣੀ ਤੋਂ ਸੇਵਾ ਕਰਾਕੇ ਉਸਨੂੰ ਕਰਜ਼ ਮੁਕਤ ਕਰਕੇ ਤੁਰਦੇ ਬਣੇ। ਜਦ ਪੰਡਤਾਣੀ ਦੇ ਮਰਨ ਨਾਲ ਬੱਚਿਆਂ ਦੇ ਆਉਣ ਅਤੇ ਜਾਣ ਦਾ ਇਹ ਸਿਲਸਿਲਾ ਖਤਮ ਹੋਇਆ ਤਾਂ ਬੱਚਿਆਂ ਦੀ ਗਿਣਤੀ ਬਚੀ ਸੀ-ਚਾਰ, ਗੌਰੀਨਾਥ, ਬਦਰੀਨਾਥ, ਰਾਮਰਤੀ ਅਤੇ ਫੂਲਮਤੀ। ਇਸ ਦੌਰਾਨ ਬੇਲਾ ਦੀ ਮਹਿਕ ਗਾਇਬ ਹੋ ਗਈ ਸੀ ਅਤੇ ਉਸਦੀ ਥਾਵੇਂ ਗਾਂ ਦੇ ਗੋਹੇ ਅਤੇ ਬੱਚਿਆਂ ਦੇ ਗੂੰ-ਮੂਤ ਨੇ ਲੈ ਲਈ ਸੀ। ਇਹੀ ਵਜ੍ਹਾ ਸੀ ਕਿ ਪੰਡਤ ਮਾਤਾਫੇਰ ਹੁਣ ਥੋੜ੍ਹਾ ਦਿਆਲੂ ਹੋ ਗਏ ਸਨ। ਉਹਨਾਂ

ਨੇ ਘਰੋਂ ਬਾਹਰ ਨਿਕਲਦਿਆਂ ਘਰ ਨੂੰ ਜਿੰਦਾ ਲਾਉਣਾ ਬੰਦ ਕਰ ਦਿੱਤਾ ਸੀ।

ਮਾਂ ਦੀ ਮੌਤ ਵੇਲੇ ਗੌਰੀਨਾਥ ਅੱਠਵੀਂ 'ਚ ਪੜ੍ਹਦਾ ਸੀ। ਸਕੂਲ ਕਰੀਬ ਪੰਜ ਕੋਹ ਦੂਰ ਸੀ। ਉਹ ਸਵੇਰੇ ਅੱਠ ਸਾਢੇ ਅੱਠ ਵਜੇ ਤੱਕ ਖਾ-ਪੀ ਕੇ ਅਤੇ ਦੁਪਹਿਰ ਦੇ ਲਈ ਭੁੱਜੇ ਛੋਲੇ ਲੈ ਕੇ ਸਕੂਲ ਲਈ ਨਿਕਲ ਜਾਂਦਾ। ਪਿੰਡ 'ਚ ਇਕ ਹੋਰ ਮੁੰਡਾ ਸੀ, ਜੋ ਉਸਦੇ ਨਾਲ ਜਾਂਦਾ ਸੀ। ਬਾਕੀ ਰਸਤੇ 'ਚ ਅਕਸਰ ਕੁਝ ਹੋਰ ਮੁੰਡੇ ਟਕਰਾ ਜਾਂਦੇ। ਇਉਂ ਖੇਡਦੇ-ਕੁੱਦਦੇ ਉਹ ਸਕੂਲ ਪਹੁੰਚ ਜਾਂਦੇ। ਮਾਂ ਦੀ ਮੌਤ ਨੇ ਇਹ ਸਭ ਕੁਝ ਬਦਲ ਦਿੱਤਾ ਸੀ। ਘਰੇ ਛੋਟੇ-ਛੋਟੇ ਭਾਈ-ਭੈਣ ਸਨ। ਹੁਣ ਉਹਨਾਂ ਦਾ ਖਿਆਲ ਰੱਖਣਾ ਵੱਡੇ ਹੋਣ ਦੇ ਨਾਤੇ ਉਸਦੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਕਦ ਗੌਰੀਨਾਥ ਆਪਣੇ ਭਾਈ ਅਤੇ ਭੈਣਾਂ ਦੀ ਮਾਂ 'ਚ ਬਦਲ ਗਿਆ, ਇਹ ਉਹ ਖੁਦ ਵੀ ਜਾਣ ਨਹੀਂ ਸਕਿਆ । ਉਸਦਾ ਰੋਜ਼ਾਨਾ ਸਕੂਲ ਜਾਣਾ ਬੰਦ ਹੋ ਗਿਆ।

## ਮਾਂ ਦਾ ਰੁਦਨ

ਗੌਰੀਨਾਥ ਨੇ ਬਚਪਨ 'ਚ ਹੀ ਬਾਜਰੇ ਜਾਂ ਜਵਾਰ ਨੂੰ ਆਟੇ 'ਚ ਬਦਲਣਾ ਸਿੱਖਿਆ ਅਤੇ ਆਟੇ ਨਾਲ ਰੋਟੀਆਂ ਬਣਾਉਣਾ। ਇਸ ਤਰੀਕੇ ਨਾਲ ਉਸਨੇ ਹੋਰ ਵੀ ਬਹੁਤ ਸਾਰੇ ਕੰਮ ਸਿੱਖੇ। ਮੰਜੇ ਬਣਾਉਣਾ, ਕੱਪੜੇ-ਸਿਉਣਾ, ਸਵੈਟਰ ਬੁਣਨ ਤੋਂ ਲੈ ਕੇ ਘਰ ਦੀ ਖਪਰੈਲ ਠੀਕ ਕਰਨਾ, ਕੰਧਾਂ 'ਚ ਮਿੱਟੀ ਲਾਉਣਾ, ਸੁਤਲੀ ਤੋਂ ਰੱਸੀ ਤਿਆਰ ਕਰਨ ਵਰਗੇ ਪਤਾ ਨਹੀਂ ਕਿੰਨੇ ਕੁ ਕੰਮ ਉਸਨੇ ਖੁਦ ਤੋਂ ਸਿੱਖੇ ਜਾਂ ਕਿ ਲੋੜ ਨੇ ਉਸਨੂੰ ਸਿਖਾਇਆ। ਘਰ ਦੇ ਨੇੜੇ-ਤੇੜੇ ਦੀ ਖਾਲੀ ਥਾਂ 'ਚ ਸਬਜ਼ੀਆਂ ਉਗਾਈਆਂ। ਹਲ ਚਲਾਉਣਾ ਸਿੱਖਿਆ, ਖੇਤੀ ਕਰਨੀ ਸਿੱਖੀ। ਕੁਝ ਇਸ ਤਰ੍ਹਾਂ ਕਿ ਉਸਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਘਰ ਨੂੰ ਖੜ੍ਹਾ ਕਰਨ ਅਤੇ ਆਪਣੇ ਭਾਈਆਂ ਅਤੇ ਭੈਣਾਂ ਨੂੰ ਵੱਡਾ ਕਰਨ 'ਚ ਲਾ ਦਿੱਤਾ। ਅੱਗੇ ਦੀ ਪੜ੍ਹਾਈ ਉਸਨੇ ਲਗਭਗ ਘਰੇ ਰਹਿੰਦਿਆਂ ਹੀ ਕੀਤੀ। ਅਤੇ ਇਉਂ ਇਕ ਦਿਨ ਕਰ ਕਰਾਕੇ ਉਹ ਪ੍ਰਾਇਮਰੀ ਸਕੂਲ 'ਚ ਅਧਿਆਪਕ ਬਣ ਗਿਆ।

ਇਸ ਸਭ ਕਾਸੇ ਦੇ ਦੌਰਾਨ ਗੌਰੀਨਾਥ ਹਰ ਪਲ ਮਾਂ ਨੂੰ ਯਾਦ ਕਰਦਾ ਰਿਹਾ। ਉਸਨੇ ਹੱਥ ਚੱਕੀ ਚਲਾਉਂਦਿਆਂ, ਚੌਲ ਜਾਂ ਬਾਜਰਾ ਕੁਟਦਿਆਂ, ਕਈ ਵਾਰ ਮਾਂ ਨੂੰ ਰੋਂਦਿਆਂ ਦੇਖਿਆ ਸੀ। ਉਹ ਛੋਟਾ ਸੀ ਸਮਝ ਨਹੀਂ ਸਕਦਾ ਸੀ ਕਿ ਮਾਂ ਕਿਉਂ ਰੋ ਰਹੀ ਹੈ। ਕੋਈ ਦੁੱਖ ਹੈ, ਏਨਾ ਤਾਂ ਉਸਨੂੰ ਪਤਾ ਲਗਦਾ ਹੀ ਸੀ। ਉਹ ਕਈ ਵਾਰ ਜਾ ਕੇ ਰੋਂਦੀ ਮਾਂ ਨਾਲ ਚਿੰਬੜ ਜਾਂਦਾ। ਮਾਂ ਅਮੂਮਨ ਆਪਣਾ ਰੋਣਾ ਲੁਕੋਂਦੀ। ਆਖਦੀ ਕਿ ਬਾਜਰਾ ਕੁੱਟਦਿਆਂ ਮਿੱਟੀ ਉੱਡਕੇ ਅੱਖਾਂ 'ਚ ਪੈ ਰਹੀ ਹੈ ਇਸ ਕਰਕੇ ਅੱਖਾਂ 'ਚੋਂ ਪਾਣੀ ਵਗ ਰਿਹਾ ਹੈ। ਜਾਂ ਕਿ ਕੋਈ ਕਣ ਪੈ ਗਿਆ ਸੀ ਜਾਂ ਅੱਖ 'ਚ ਖਾਜ ਹੋ ਰਹੀ ਸੀ। ਉਹਨੇ ਅੱਖਾਂ ਨੂੰ ਮਸਲ ਦਿੱਤਾ ਤਾਂ ਅੱਖਾਂ 'ਚੋਂ ਪਾਣੀ ਵਗਣ ਲੱਗਿਆ। ਮਾਂ ਕੋਲ ਆਪਣਾ ਦੁੱਖ ਲੁਕੋਣ ਦੇ ਬੜੇ ਬਹਾਨੇ ਸੀ ਜਿਨ੍ਹਾਂ ਰਾਹੀਂ ਮਾਂ ਗੌਰੀ ਨੂੰ ਬਹਿਲਾਉਣ ਦੀ ਕੋਸ਼ਿਸ਼ ਕਰਦੀ। ਗੌਰੀ ਨੂੰ ਅਕਸਰ ਮਾਂ 'ਤੇ ਸ਼ੱਕ ਹੁੰਦਾ ਕਿ ਉਹ ਝੂਠ ਬੋਲ ਰਹੀ ਹੈ ਪਰ ਉਸਨੂੰ ਖੁਸ਼ ਕਰਨ ਲਈ ਉਸਦੇ ਬਹਾਨੇ ਸੱਚ ਮਨ ਲੈਂਦਾ।

ਸਿਰਫ਼ ਇਕ ਵਾਰ ਅਜਿਹਾ ਹੋਇਆ ਸੀ ਕਿ ਹੱਥ ਚੱਕੀ ਚਲਾਉਂਦਿਆਂ ਮਾਂ ਕੁਝ ਗਾ ਰਹੀਂ ਸੀ ਅਤੇ ਰੋ ਰਹੀ ਸੀ। ਗੌਰੀਨਾਥ ਦੇਰ ਤੱਕ ਮਾਂ ਦਾ ਰੋਣਾ ਲੁਕ ਕੇ ਸੁਣਦਾ। ਮਾਂ ਦਾ ਰੋਣਾ ਸੁਣਦੇ-ਸੁਣਦੇ ਉਸਨੂੰ ਵੀ ਰੋਣਾ ਆ ਗਿਆ। ਉਹ ਰੋਂਦਾ-ਰੋਂਦਾ ਹੀ ਗਿਆ ਅਤੇ ਮਾਂ ਨਾਲ ਚਿੰਬੜ ਗਿਆ। ਮਾਂ ਨੇ ਅਚਾਨਕ ਆਪਣਾ ਰੁਦਨ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਕੋਸ਼ਿਸ਼ 'ਚ ਉਹ ਘਬਰਾ ਗਈ ਅਤੇ ਰੋਕਦੇ-ਰੋਕਦੇ ਉਸਦਾ ਰੁਦਨ ਹੋਰ ਤੇਜ਼ ਹੋਣ ਲੱਗਿਆ। ਉਹ ਰੁਦਨ ਨੂੰ ਜਿੰਨਾ



ਰੋਕਣ ਦੀ ਕੋਸ਼ਿਸ਼ ਕਰਦੀ ਉਹ ਉਨਾਂ ਹੀ ਤੇਜ਼ ਹੁੰਦਾ ਜਾਂਦਾ। ਉਸਨੇ ਗੌਰੀ ਨੂੰ ਆਪਣੇ ਨਾਲ ਘੁੱਟ ਲਿਆ ਅਤੇ ਇਸੇ ਦੇ ਨਾਲ ਰੋਣਾ ਰੋਕਣ ਦੀ ਕੋਸ਼ਿਸ਼ ਬੰਦ ਕਰ ਦਿੱਤੀ। ਉਹ ਦੇਰ ਤੱਕ ਰੋਂਦੀ ਰਹੀ। ਉਹ ਮਾਂ ਦੀ ਕੰਬਦੀ ਹੋਈ ਪਿੱਠ 'ਤੇ ਹੱਥ ਫੇਰਦਾ ਰਿਹਾ। ਉਸ ਦੀਆਂ ਅੱਖਾਂ 'ਚੋਂ ਹੰਝੂ ਪੂੰਝਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਅੰਦਰ ਜਿਵੇਂ ਕੋਈ ਹੰਝੂਆਂ ਦਾ ਬੰਨ੍ਹ ਸੀ, ਜੋ ਅੱਜ ਟੁੱਟ ਗਿਆ ਸੀ। ਬਹੁਤ ਦੇਰ ਬਾਦ ਮਾਂ ਚੁੱਪ ਹੋਈ ਤਾਂ ਰੋਂਦੇ-ਰੋਂਦੇ ਬੇਹੋਸ਼ ਜਿਹੀ ਹੋ ਗਈ ਸੀ। ਉਹ ਗੌਰੀ ਨੂੰ ਆਪਣੇ ਨਾਲ ਲਾਏ ਹੋਏ ਉਥੇ ਹੀ ਭੁੰਜੇ ਗਿਰ ਗਈ।

ਗੌਰੀ ਨੇ ਮਾਂ ਨੂੰ ਪਹਿਲਾਂ ਵੀ ਕਈ ਵਾਰ ਰੋਂਦਿਆਂ ਦੇਖਿਆਂ ਸੀ ਪਰ ਉਸ ਦਿਨ ਦਾ ਰੋਣਾ ਅਚਾਨਕ ਅਤੇ ਅੰਦਰ ਤੱਕ ਭਿਉਂ ਦੇਣ ਵਾਲਾ ਸੀ। ਉਸ ਵਰਗਾ ਭਿਆਨਕ ਰੁਦਨ ਉਸਨੇ ਇਸ ਤੋਂ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਸ ਸ਼ਾਮ ਤਾਂ ਉਹ ਜਿਵੇਂ ਜੜ ਜਿਹਾ ਹੋ ਗਿਆ ਸੀ। ਕੁਝ ਨਹੀਂ ਸਮਝ ਆਇਆ ਤਾਂ ਪਾਣੀ ਲੈ ਆਇਆ ਅਤੇ ਜ਼ਬਰਦਸਤੀ ਬੇਹੋਸ਼ ਮਾਂ ਨੂੰ ਪਿਆਉਣ ਲੱਗਿਆ। ਮਾਂ ਦੇ ਦੰਦ ਇਕ ਦੂਜੇ ਨਾਲ ਜੁੜ ਗਏ। ਪਾਣੀ ਪਿਆਉਣ ਦੀ ਉਸਦੀ ਕੋਸ਼ਿਸ਼ ਕਾਮਯਾਬ ਨਹੀਂ ਹੋਈ ਫੇਰ ਉਹ ਮਾਂ ਦਾ ਮੂੰਹ ਧੋਣ ਲੱਗਿਆ। ਥੋੜ੍ਹੀ ਦੇਰ ਬਾਦ ਮਾਂ ਨੂੰ ਜਦ ਹੋਸ਼ ਆਇਆ ਤਾਂ ਉਹ ਉਸ ਡਰੀ ਹੋਈ ਜੜ ਹਾਲਤ 'ਚ ਮਾਂ ਦੇ ਸਿਰ 'ਤੇ ਹੱਥ ਫੇਰ ਰਿਹਾ ਸੀ। ਮਾਂ ਨੇ ਉਸਦਾ ਸਿਰ ਪਲੋਸਿਆ, ਗੱਲ੍ਹਾਂ ਪਲੋਸੀਆਂ। ਇਸ ਪਲੋਸਣ 'ਚ ਅਜਿਹਾ ਕੁਝ ਸ਼ਾਮਿਲ ਸੀ ਕਿ ਉਹ ਸਮਝ ਗਿਆ ਕਿ ਉਸਨੇ ਮਾਂ ਦੇ ਰੁਦਨ ਨੂੰ ਹਮੇਸ਼ਾ ਆਪਣੇ ਅੰਦਰ ਲੁਕੋਕੇ ਰੱਖਣਾ ਹੈ। ਉਦੋਂ ਉਸਨੂੰ ਨਹੀਂ ਪਤਾ ਸੀ ਕਿ ਇਹ ਲੁਕਿਆ ਰੁਦਨ ਬਹੁਤ ਸਾਲਾਂ ਬਾਦ ਆਪਣਾ ਰੂਪ ਬਦਲ ਕੇ ਹੋਰ ਵੀ ਘਾਤਕ ਅਤੇ ਵੱਡਾ ਹੋ ਕੇ ਉਸਦੇ ਅੰਦਰੋਂ ਉਜਾਗਰ ਹੋਣਾ ਹੈ।

ਜਦ ਘਰ ਦੇ ਸਾਰੇ ਕੰਮ-ਕਾਰ ਕਰਦਿਆਂ ਗੌਰੀ ਹੌਲੀ-ਹੌਲੀ ਮਾਂ ਦੀ ਭੂਮਿਕਾ 'ਚ ਆਇਆ ਤਾਂ ਉਸ 'ਚ ਕਿਤੇ ਉਸਦੇ ਅੰਦਰ ਲੁਕੇ ਹੋਏ ਇਸ ਰੁਦਨ ਦਾ ਵੀ ਕਾਫੀ ਯੋਗਦਾਨ ਸੀ। ਇਹ ਵੀ ਮਾਂ ਦਾ ਰੁਦਨ ਹੀ ਸੀ ਜਿਸਨੇ ਉਸਨੂੰ ਆਪਣੇ ਬਾਪ ਮਤਲਬ ਮਾਤਾਫੇਰ ਦੇ ਲਈ ਇਕ ਬੇਪਨਾਹ ਨਫਰਤ ਨਾਲ ਭਰ ਦਿੱਤਾ। ਹਾਲਾਂਕਿ ਇਸ ਨਫਰਤ ਨੂੰ ਉਸਨੇ ਬਿਲਕੁਲ ਉਸੇ ਤਰ੍ਹਾ ਨਾਲ ਅਪਣੇ ਅੰਦਰ ਲੁਕੋਕੇ ਰੱਖਿਆ ਸੀ ਜਿਸ ਤਰ੍ਹਾ ਮਾਂ ਨੇ ਆਪਣੇ ਅੰਦਰ ਲੁਕੋ ਰੱਖਿਆ ਸੀ ਜਾਂ ਕਿ ਉਸਨੇ ਆਪਣੇ ਮਾਂ ਦਾ ਰੁਦਨ ਲੁਕੋ ਰੱਖਿਆ ਸੀ। ਏਨਾ ਡੂੰਘਾ ਕਿ ਉਹ ਆਪ ਵੀ ਹੌਲੀ-ਹੌਲੀ ਉਸਨੂੰ ਭੁੱਲ ਗਿਆ ਸੀ। ਬੜੇ ਸਾਲਾਂ ਬਾਦ ਜਦ ਇਹ ਰੁਦਨ ਬਾਹਰ ਆਉਣਾ ਸੀ ਤਦ ਉਸਨੇ ਰੁਦਨ ਦੇ ਨਾਲ ਮਾਂ ਦੀ ਇਕ ਝਲਕ ਵੀ ਦੇਖਣੀ ਸੀ ਅਤੇ ਉਸ ਗੂੜੇ ਪਲ ਨੂੰ ਯਾਦ ਕਰਨਾ ਸੀ ਜੋ ਸਾਰੀ ਉਮਰ ਉਸਦੇ ਅੰਦਰ ਟਿਕਿਆ ਰਿਹਾ।

ਪਰ ਕੀ ਉਹ ਕੋਈ ਇਕਲੌਤਾ ਪਲ ਸੀ ? ਅਜਿਹੇ ਪਤਾ ਨਹੀਂ ਕਿੰਨੇ ਕੁ ਪਲ ਉਸਦੇ ਅੰਦਰ ਲੁਕੇ ਬੈਠੇ ਸਨ। ਬਸ ਫਰਕ ਇਹ ਸੀ ਕਿ ਉਹ ਉਹਨਾਂ ਪਲਾਂ ਦਾ ਦਰਸ਼ਕ ਰਿਹਾ ਸੀ। ਪਰ ਉਹਨਾਂ ਪਲਾਂ ਦੇ ਅਕਸ ਏਨੇ ਮਾਰੂ ਅਤੇ ਗੂੜੇ ਸਨ ਕਿ ਇਕ ਦਰਸ਼ਕ ਦੀ ਤਰ੍ਹਾਂ ਨਿਰਪੱਖ ਹੋ ਸਕਣਾ ਸੰਭਵ ਨਹੀਂ ਹੋਇਆ ਸੀ। ਕਈ ਥਾਵੇਂ ਤਾਂ ਦ੍ਰਿਸ਼ ਵੀ ਨਹੀਂ ਸਨ, ਬਸ ਆਵਾਜ਼ਾਂ ਸਨ। ਜਿਵੇਂ ਇਕ ਰਾਤ ਜਦ ਉਹ ਅਚਾਨਕ ਘਬਰਾ ਕੇ ਉੱਠਿਆ ਤਾਂ ਉਸ ਪਾਸੇ ਜਿੱਧਰ ਮਾਤਾਫੇਰ ਅਤੇ ਮਾਂ ਸੌਂਦੀ ਸੀ ਉਧਰੋਂ ਅਜੀਬ-ਅਜੀਬ ਆਵਾਜ਼ਾਂ ਆ ਰਹੀਆਂ ਸਨ। ਉਹ ਡਰ ਗਿਆ। ਹਨੇਰੇ 'ਚ ਕੁਝ ਨਹੀਂ ਦਿਖ ਰਿਹਾ ਸੀ। ਬਸ ਆਵਾਜ਼ਾਂ ਸਨ। ਬਹੁਤ ਬਾਦ 'ਚ ਉਹ ਆਵਾਜ਼ਾਂ ਮਾਂ ਦੇ ਰੁਦਨ 'ਚ ਘੁਲ ਗਈਆਂ ਸਨ। ਪਤਾ ਨਹੀਂ ਕਿੰਨੀ ਵਾਰ ਮਾਂ ਨੂੰ ਕੁੱਟ ਖਾਂਦਿਆਂ ਦੇਖਣਾ ਅਤੇ ਹਮੇਸ਼ਾ ਡਰ ਨਾਲ ਕੰਬਦਿਆਂ ਕਿਤੇ ਦੂਰ ਖੜ੍ਹੇ ਰਹਿਣਾ। ਉਸਨੂੰ ਬਸ ਇਕ ਅੱਧ ਵਾਰ ਦੀ ਯਾਦ ਹੈ ਜਦ ਬਦਲੇ 'ਚ ਮਾਂ

ਚੀਕੀ ਹੋਵੇ, ਨਹੀਂ ਤਾਂ ਬਸ ਕੁੱਟ ਖਾਣ ਦੀਆਂ ਹੀ ਆਵਾਜ਼ਾਂ ਸਨ। ਮਾਂ ਅਜਿਹੇ ਵੇਲੇ ਬਿਲਕੁਲ ਚੁੱਪ ਹੋ ਜਾਂਦੀ । ਏਨੀ ਕਿ ਗੌਰੀ ਆਪਣੇ ਪਿਤਾ ਮਾਤਾਫੇਰ ਦੇ ਸਾਹ ਦੀ ਆਵਾਜ਼ ਤੱਕ ਸੁਣ ਸਕਦਾ। ਗੌਰੀ ਵੀ ਮਾਂ ਵਾਂਗ ਆਪਣਾ ਸਾਹ ਰੋਕ ਲੈਂਦਾ ਅਤੇ ਦੇਰ ਤੱਕ ਰੋਕੀ ਰੱਖਦਾ। ਉਸਨੂੰ ਲਗਦਾ ਕਿ ਉਸਦੇ ਵੀ ਸਾਹ ਦੀ ਆਵਾਜ਼ ਸੁਣ ਲਈ ਜਾਵੇਗੀ। ਉਸਨੂੰ ਨਹੀਂ ਪਤਾ ਸੀ ਕਿ ਉਦੋਂ ਕੀ ਹੋਵੇਗਾ ਪਰ ਗੌਰੀ ਹਮੇਸ਼ਾ ਸੁਚੇਤ ਰਿਹਾ ਕਿ ਇਸ ਗੱਲ ਦਾ ਪਤਾ ਕਦੇ ਕਿਸੇ ਨੂੰ ਨਾ ਲੱਗੇ, ਮਾਂ ਨੂੰ ਤਾਂ ਕਦੇ ਵੀ ਨਹੀਂ ਕਿ ਉਹ ਸਭ ਕੁਝ ਜਾਣਦਾ ਹੈ। ਕੀ ਉਹ ਸੱਚਮੁੱਚ ਸਭ ਕੁਝ ਜਾਣਦਾ ਸੀ ?

ਇਹ ਉਹਨਾਂ ਦਿਨਾਂ ਦੀ ਗੱਲ ਹੈ ਕਿ ਉਸਦੇ ਅੰਦਰ ਪਿਤਾ ਲਈ ਬਹੁਤ ਨਫ਼ਰਤ ਭਰਦੀ ਚਲੀ ਗਈ। ਉਹ ਬਾਪ ਨੂੰ ਕੁੱਟਣਾ ਚਾਹੁੰਦਾ ਸੀ, ਉਸਨੂੰ ਤੜਪਦਿਆਂ ਦੇਖਣਾ ਚਾਹੁੰਦਾ ਸੀ। ਉਸਨੂੰ ਮਾਰ ਦੇਣਾ ਚਾਹੁੰਦਾ ਸੀ ਪਰ ਗੌਰੀ ਨੇ ਕੁਝ ਨਾ ਕੀਤਾ। ਉਹ ਬਿਲਕੁਲ ਮਾਂ ਵਾਂਗ ਹੀ ਨਿਰਪੱਖ ਆਗਿਆਕਾਰੀ ਬਣਿਆ ਰਿਹਾ। ਜੇ ਉਸਨੇ ਪਿਤਾ ਨੂੰ ਕੁਝ ਨਾ ਕੀਤਾ ਤਾਂ ਇਸਦੇ ਪਿੱਛੇ ਡਰ ਹੀ ਨਹੀਂ ਸੀ, ਹੋਰ ਵੀ ਅਨੇਕ ਚੀਜ਼ਾਂ ਅਤੇ ਭਾਵਨਾਵਾਂ ਆਪਸ 'ਚ ਬੱਝੀਆਂ ਸਨ। ਜਿਨ੍ਹਾਂ ਨੂੰ ਵੱਖ-ਵੱਖ ਦੇਖ ਸਕਣਾ ਉਸਦੇ ਲਈ ਸੰਭਵ ਨਹੀਂ ਸੀ। ਖਾਸ ਕਰ ਮਾਂ ਦੇ ਮਰਨ ਬਾਦ ਜੋ ਇਕ ਬੇਚਾਰਗੀ ਗੌਰੀ ਅਤੇ ਉਸਦੇ ਭੈਣ-ਭਾਈਆਂ ਨੂੰ ਝੱਲਣੀ ਪੈ ਰਹੀ ਸੀ, ਉਹ ਉਸਨੂੰ ਉਸ ਉਮਰ 'ਚ ਵੀ ਬਹੁਤ ਗੰਦੀ ਅਤੇ ਤਕਲੀਫ ਦੇਣ ਵਾਲੀ ਲਗਦੀ ਸੀ। ਅਜਿਹੇ ਹਾਲਤ 'ਚ ਬਾਪ ਦਾ ਨਾ ਹੋਣਾ ਉਸਦੇ ਸਾਰੇ ਜੀਵਨ ਨੂੰ ਬਿਲਕੁਲ ਬਦਲ ਦਿੰਦਾ। ਆਪਣੀ ਸਾਰੀ ਲਾਪਰਵਾਹੀ ਦੇ ਬਾਦ ਵੀ ਮਾਤਾਫੇਰ ਇਹਨਾਂ ਬੱਚਿਆਂ ਲਈ ਇਕ ਛਾਂ ਦੀ ਤਰ੍ਹਾਂ ਸਨ, ਭਾਵੇਂ ਉਹਨਾਂ ਨੇ ਇਹਨਾਂ ਬੱਚਿਆਂ ਨੂੰ ਕਦੇ ਗੋਦੀ ਨਹੀਂ ਚੁੱਕਿਆ, ਉਹਨਾਂ ਦਾ ਨੱਕ ਨਹੀਂ ਪੂੰਝਿਆ। ਉਹਨਾਂ ਦੇ ਹੋਣ ਦੇ ਬਾਵਜੂਦ ਉਹ ਭਟਕਦੇ ਰਹੇ। ਇਹ ਗੌਰੀ ਸੀ ਜਿਸ ਨੇ ਉਹਨਾਂ ਉਸਨੂੰ ਸੰਭਾਲ ਕੇ ਰੱਖਿਆ।

## ਪਿਤਾ ਮਾਤਾਫੇਰ

ਪੰਡਤ ਮਾਤਾਫੇਰ ਜਿਸਨੇ ਹੁਣ ਥੋੜ੍ਹਾ ਬਦਲ ਜਾਣਾ ਸੀ ਅਤੇ ਆਪਣੇ ਛੋਟੇ-ਛੋਟੇ ਬੱਚਿਆਂ ਦਾ ਖਿਆਲ ਰੱਖਣਾ ਸੀ, ਪਹਿਲਾਂ ਦੇ ਵਾਂਗ ਹੀ ਆਵਾਰਾ ਬਣਿਆ ਰਿਹਾ। ਉਹ ਸਿਰਫ਼ ਏਨੀ ਕੁ ਜ਼ਿੰਮੇਵਾਰੀ ਨਿਭਾਉਂਦਾ ਸੀ ਕਿ ਘਰ 'ਚ ਅਨਾਜ ਰਹੇ। ਕਦੇ-ਕਦਾਈਂ ਜੇਕਰ ਉਹ ਘਰ ਦੇ ਪ੍ਰਤਿ ਜ਼ਿੰਮੇਵਾਰੀ ਮਹਿਸੂਸ ਕਰਦਾ ਤਾਂ ਗੌਰੀਨਾਥ ਨੂੰ ਕੋਲ ਬਿਠਾ ਲੈਂਦਾ ਅਤੇ ਸਿੱਖਿਆ ਦਿੰਦਾ ਕਿ ਘਰ 'ਚ ਵੱਡੇ ਭਾਈ ਦਾ ਕੀ ਮਤਲਬ ਹੁੰਦਾ ਹੈ। ਆਪਣੀ ਗੱਲ ਰੱਖਣ ਜਾਂ ਕਿ ਗੌਰੀਨਾਥ ਨੂੰ ਸਮਝਾਉਣ 'ਚ ਉਹ ਸਾਰੀਆਂ ਪੌਰਾਣਿਕ ਕਹਾਣੀਆਂ ਅਤੇ ਲੋਕ ਕਥਾਵਾਂ ਸੁਣਾਉਂਦਾ ਜਿਨ੍ਹਾਂ 'ਚ ਘਰ ਦੇ ਵੱਡੇ ਭਰਾ ਰਾਹੀਂ ਕੀਤੇ ਗਏ ਅਸੀਮਿਤ ਤਿਆਗ ਆਦਿ ਦਾ ਧਾਰਮਿਕ ਵਰਨਣ ਹੁੰਦਾ। ਗੌਰੀਨਾਥ ਉਸਦੇ ਬਿਨਾਂ ਕਹੇ ਹੀ ਆਪਣੇ ਫਰਜ਼ ਬੜੀ ਈਮਾਨਦਾਰੀ ਨਾਲ ਨਿਭਾ ਰਿਹਾ ਸੀ। ਉਹ ਕਈ ਵਾਰ ਇਹ ਕਹਿਣਾ ਚਾਹੁੰਦਾ ਕਿ ਇਸ ਸਿੱਖਿਆ ਦੀ ਲੋੜ ਜੇ ਕਿਸੇ ਨੂੰ ਸੀ ਤਾਂ ਖੁਦ ਉਸਦੇ ਪਿਤਾ ਮਾਤਾਫੇਰ ਤਿਵਾਰੀ ਨੂੰ ਸੀ। ਪਰ ਇਹ ਗੱਲ ਉਹ ਉਸ ਵੇਲੇ ਨਾ ਕਹਿ ਕੇ ਬਹੁਤ ਸਮੇਂ ਬਾਦ ਕਹਿ ਸਕਿਆ।

ਗੌਰੀਨਾਥ ਦੇ ਪ੍ਰਤਿ ਜੋ ਦੂਜੀ ਜ਼ਿੰਮੇਵਾਰੀ ਉਸਦੇ ਪਿਤਾ ਨੇ ਨਿਭਾਈ ਉਹ ਸੀ ਉਸਦਾ ਵਿਆਹ ਕਰਨ ਦੀ। ਮਾਂ ਦੇ ਮਰਨ ਬਾਦ ਦੂਸਰੇ ਸਾਲ ਹੀ ਉਸਨੇ ਗੌਰੀਨਾਥ ਦਾ ਵਿਆਹ ਕਰ ਦਿੱਤਾ। ਗੌਰੀਨਾਥ ਹਾਲੇ ਵਿਆਹ ਨਹੀਂ ਕਰਨਾ ਚਾਹੁੰਦਾ ਸੀ ਪਰ ਪਿਤਾ ਅੱਗੇ ਮਨ੍ਹਾ ਕਰਨ ਦੀ ਉਸਦੀ ਹਿੰਮਤ ਨਹੀਂ ਪਈ। ਉਸਨੇ ਉਵੇਂ ਹੀ ਨਿਸ਼ਠਾ ਨਾਲ ਆਪਣੇ ਵਿਆਹ ਦੀ ਸਭ ਤਿਆਰੀਆਂ



ਕੀਤੀਆਂ ਜਿਸ ਨਿਸ਼ਠਾ ਨਾਲ ਹੁਣ ਤੱਕ ਘਰ ਦੇ ਸਾਰੇ ਕੰਮ ਕਰਦਾ ਰਿਹਾ ਸੀ। ਏਥੋਂ ਤੱਕ ਕਿ ਸੱਦਾ-ਪੱਤਰ ਵੀ ਆਪ ਹੀ ਤਿਆਰ ਕੀਤਾ। ਮਾਤਾਫੇਰ ਨੇ ਸੱਦੇ ਦੀਆਂ ਮੂਲ ਕਾਪੀਆਂ ਆਪ ਲਿਖੀਆਂ ਅਤੇ ਗੌਰੀਨਾਥ ਨੂੰ ਫੜਾ ਦਿੱਤੀਆਂ । ਗੌਰੀਨਾਥ ਨੇ ਉਸਦੀ ਨਕਲ ਕਰਕੇ ਸੱਦੇ-ਪੱਤਰ ਦੀਆਂ ਬਹੁਤ ਸਾਰੀਆਂ ਕਾਪੀਆਂ ਤਿਆਰ ਕੀਤੀਆਂ। ਉਹਨਾਂ 'ਤੇ ਉਹਨਾਂ ਲੋਕਾਂ ਦੇ ਨਾਂ ਲਿਖੇ ਜਿਨ੍ਹਾਂ ਨੂੰ ਭੇਜੀਆਂ ਜਾਣੀਆਂ ਸਨ। ਇਸਦੇ ਬਾਦ ਵਿਆਹ ਦੀ ਚਿੱਠੀ ਨਾਈ ਨੂੰ ਫੜਾ ਦਿੱਤੀ ਗਈ। ਵਿਆਹ ਨਾਲ ਜੁੜੀ ਸਾਰੀ ਖਰੀਦਦਾਰੀ ਮਾਤਾਫੇਰ ਨੇ ਆਪ ਕੀਤੀ। ਬੱਚਿਆਂ ਦੇ ਲਈ ਕੱਪੜੇ ਖਰੀਦੇ। ਭੂਆਂਵਾਂ ਨੂੰ ਜਾਂਦੇ ਵੇਲੇ ਦੇਣ ਲਈ ਸਾੜੀਆਂ ਖਰੀਦੀਆਂ। ਅਤੇ ਪਤਾ ਨਹੀਂ ਨਿੱਕੀਆਂ-ਵੱਡੀਆ ਕਿੰਨੀਆਂ ਹੀ ਖਰੀਦਦਾਰੀਆਂ। ਭੈਣਾਂ ਨੂੰ ਲਿਆਉਣ ਲਈ ਉਹਨਾਂ ਦੇ ਘਰ ਜਾਣਾ। ਅਤੇ ਇਉਂ ਗੌਰੀਨਾਥ ਦਾ ਵਿਆਹ ਨੇਪਰੇ ਚੜ੍ਹਿਆ।

ਦਹੇਜ 'ਚ ਗੌਰੀ ਨੂੰ ਬਹੁਤ ਸਾਰੀਆਂ ਘਰੇਲੂ ਵਰਤੋਂ 'ਚ ਆਉਣ ਵਾਲੀਆਂ ਚੀਜ਼ਾਂ ਦੇ ਇਲਾਵਾ ਇਕ ਸਾਈਕਲ ਵੀ ਮਿਲਿਆ। ਸਾਈਕਲ ਲੈ ਕੇ ਉਹ ਬੜਾ ਖੁਸ਼ ਸੀ। ਉਸਨੂੰ ਲੱਗਿਆ ਕਿ ਹੁਣ ਉਸਦਾ ਸਕੂਲ ਜਾਣਾ ਸੌਖਾ ਹੋ ਜਾਵੇਗਾ। ਉਹ ਘਰ ਦਾ ਖਿਆਲ ਰੱਖਣ ਦੇ ਨਾਲ-ਨਾਲ ਸਕੂਲ ਵੀ ਜਾ ਸਕੇਗਾ। ਕਿਤੇ ਆਉਣਾ-ਜਾਣਾ, ਸੌਦਾ-ਪੱਤਾ ਲਿਆਉਣਾ ਸਭ ਕੁਝ ਹੁਣ ਉਹ ਜ਼ਿਆਦਾ ਆਸਾਨੀ ਨਾਲ ਕਰ ਸਕੇਗਾ। ਪਰ ਸਾਈਕਲ ਪਿਤਾ ਨੇ ਹੀ ਖੋਹ ਲਿਆ। ਗੌਰੀ ਨੂੰ ਬੜਾ ਬੁਰਾ ਲੱਗਿਆ, ਪਰ ਉਹ ਚੁੱਪ ਕਰ ਗਿਆ। ਸ਼ਾਇਦ ਸਾਈਕਲ ਨੂੰ ਲੈ ਕੇ ਉਸ ਦੀਆਂ ਇੱਛਾਵਾਂ ਦਾ ਥੋੜ੍ਹਾ ਬਹੁਤ ਅੰਦਾਜ਼ਾ ਮਾਤਾਫੇਰ ਨੂੰ ਵੀ ਹੋ ਗਿਆ। ਤਦੇ ਤਾਂ ਉਸਨੇ ਇਕ ਦਿਨ ਉਸਨੂੰ ਬਿਠਾਕੇ ਸਮਝਾਇਆ ਕਿ ਗੌਰੀ ਦਾ ਸਾਈਕਲ ਲੈ ਕੇ ਬਾਹਰ ਨਿਕਲਣਾ ਹਾਲੇ ਠੀਕ ਨਹੀਂ ਹੈ। ਹਾਲੇ ਉਹ ਬੱਚਾ ਹੈ ਅਤੇ ਕੋਈ ਵੀ ਰਾਹ ਜਾਂਦੇ ਉਸਨੂੰ ਦੋ ਥੱਪੜ ਮਾਰ ਕੇ ਸਾਈਕਲ ਖੋਹ ਕੇ ਲੈ ਜਾਵੇਗਾ। ਗੌਰੀ ਚੁੱਪਚਾਪ ਸੁਣਦਾ ਰਿਹਾ। ਮਨ 'ਚ ਆਇਆ ਕਿ ਕਹੇ ਕਿ ਤੁਸੀਂ ਤਾਂ ਬਿਨਾਂ ਮਾਰੇ ਹੀ ਖੋਹ ਲਿਆ ਪਰ ਕਹਿ ਨਾ ਸਕਿਆ। ਗੌਰੀ ਚੁੱਪਚਾਪ ਸੁਣਦਾ ਰਿਹਾ। ਉਹ ਕਿਸੇ ਕੰਮ ਦੇ ਬਹਾਨੇ ਉੱਠਿਆ ਅਤੇ ਬਾਹਰ ਨਿਕਲ ਗਿਆ।

ਮੁਕਲਾਵਾ ਤਿੰਨ ਸਾਲ ਬਾਦ ਆਉਣਾ ਸੀ। ਇਸ ਦੌਰਾਨ ਗੌਰੀਨਾਥ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਘਰ ਦੇ ਕੰਮਾਂ 'ਚ ਝੋਕ ਦਿੱਤਾ। ਉਸਦੀ ਸਵੇਰ ਚਾਰ ਵਜੇ ਤੋਂ ਹੀ ਸ਼ੁਰੂ ਹੋ ਜਾਂਦੀ। ਘਰ ਬਾਹਰ ਦੇ ਲਗਭਗ ਸਾਰੇ ਕੰਮ ਉਸਦੇ ਜ਼ਿੰਮੇ ਸਨ। ਭੈਣ-ਭਰਾਵਾਂ ਦੀ ਦੇਖਭਾਲ। ਭਾਈ ਨੂੰ ਪੜ੍ਹਾਉਣਾ। ਥੋੜ੍ਹਾ ਬਹੁਤ ਭੈਣਾਂ ਨੂੰ ਵੀ ਪੜ੍ਹਾਉਣਾ। ਪਸ਼ੂਆਂ ਦੀ ਦੇਖਭਾਲ, ਖੇਤੀ, ਘਰ ਦੀ ਸਾਫ਼-ਸਫ਼ਾਈ। ਕੋਈ ਵੀ ਅਜਿਹਾ ਕੰਮ ਨਹੀਂ ਸੀ ਜੋ ਗੌਰੀਨਾਥ ਦੇ ਜ਼ਿੰਮੇ ਨਹੀਂ ਸੀ। ਮਾਤਾਫੇਰ ਬਸ ਕੰਮ ਦੱਸ ਕੇ ਬਾਹਰ ਨਿਕਲ ਜਾਂਦਾ। ਗੌਰੀ ਨੇ ਪੂਰੀ ਜ਼ਿੰਮੇਵਾਰੀ ਨਾਲ ਸਾਰੇ ਕੰਮਾਂ ਨੂੰ ਨਿਭਾਇਆ। ਇਸ ਦੌਰਾਨ ਚੰਗੀ ਗੱਲ ਬਸ ਇਹ ਹੋਈ ਕਿ ਉਹਨਾਂ ਦੇ ਭੈਣ-ਭਰਾ ਵੀ ਵੱਡੇ ਹੋ ਰਹੇ ਸਨ ਅਤੇ ਹੌਲੀ-ਹੌਲੀ ਉਹਨਾਂ ਨੇ ਗੌਰੀ ਦੇ ਕੰਮਾਂ 'ਚ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਸੀ। ਅਤੇ ਜਦ ਤਿੰਨ ਸਾਲ ਬਾਦ ਗੌਰੀ ਦਾ ਮੁਕਲਾਵਾ ਆਇਆ ਤਾਂ ਉਦੋਂ ਤੱਕ ਉਹ ਪ੍ਰਾਇਮਰੀ ਸਕੂਲ 'ਚ ਅਧਿਆਪਕ ਬਣ ਚੁੱਕਿਆ ਸੀ।

ਉਸਦੇ ਮੁਕਲਾਵੇ ਦੇ ਫੌਰਨ ਬਾਦ ਹੀ ਮਾਤਾਫੇਰ ਨੇ ਗੌਰੀ ਦੀ ਭੈਣ ਰਾਮਰਤੀ ਦਾ ਵਿਆਹ ਤੈਅ ਕਰ ਰੱਖਿਆ ਸੀ। ਉਸਦੀ ਯੋਜਨਾ ਇਹ ਸੀ ਕਿ ਗੌਰੀ ਦੇ ਮੁਕਲਾਵੇ 'ਚ ਜੋ ਕੁਝ ਵੀ ਮਿਲੇਗਾ ਉਹ ਧੀ ਦੇ ਵਿਆਹ ਦੇ ਦਹੇਜ 'ਚ ਕੰਮ ਆ ਜਾਵੇਗਾ। ਗੌਰੀ ਦੇ ਵਿਆਹ 'ਚ ਮਿਲੇ ਭਾਂਡੇ ਉਵੇਂ ਦੇ ਉਵੇਂ ਸੰਭਾਲ ਕੇ ਰੱਖੇ ਹੋਏ ਸਨ। ਗੌਰੀ ਨੂੰ ਵਿਆਹ 'ਚ ਸੋਨੇ ਦੀ ਇਕ ਛਾਂਪ ਮਿਲੀ ਸੀ,

ਉਹ ਵੀ ਲਹਾ ਲਈ ਗਈ। ਇਸ ਤਰ੍ਹਾਂ ਰੇਡੀਉ ਵੀ ਭੈਣ ਦੇ ਦਹੇਜ ਦੇ ਕੰਮ ਆਇਆ। ਬਸ ਇਕ ਚੀਜ਼ ਸੀ ਜਿਸਨੂੰ ਗੌਰੀ ਨੇ ਦੇਣ ਤੋਂ ਮਨ੍ਹਾਂ ਕਰ ਦਿੱਤਾ। ਇਹ ਸੀ ਇਕ ਸੋਹਣੀ ਜਿਹੀ ਜੇਬ ਘੜੀ। ਸਿੱਧਾ ਮਨ੍ਹਾਂ ਕਰਨ ਦੀ ਆਦਤ ਤਾਂ ਉਸਦੀ ਸੀ ਨਹੀਂ ਸੋ ਬਹਾਨਾ ਬਣਾਇਆ ਕਿ ਕਿਤੇ ਖੋ ਗਈ। ਮਾਤਾਫੇਰ ਨੂੰ ਜਦ ਵੀ ਘੜੀ ਦੀ ਯਾਦ ਆਉਂਦੀ ਤਾਂ ਬੁੜਬੁੜਾਉਣ ਲਗਦਾ। ਗੌਰੀ ਕਿਸੇ ਨਾ ਕਿਸੇ ਬਹਾਨੇ ਉਥੋਂ ਪਾਸੇ ਹੋ ਜਾਂਦਾ।

ਰਾਮਰਤੀ ਦੇ ਵਿਆਹ ਦੇ ਕਈ ਦਿਨ ਬਾਦ ਜਦ ਘਰ ਤੀਵੀਆਂ ਤੋਂ ਖਾਲੀ ਹੋਇਆ ਤਦ ਕਿਤੇ ਜਾ ਕੇ ਉਹ ਆਪਣੀ ਘਰਵਾਲੀ ਨੂੰ ਮਿਲ ਸਕਿਆ। ਇਸ ਦੌਰਾਨ ਗੌਰੀ ਨੇ ਕਈ ਵਾਰ ਕੋਸ਼ਿਸ਼ ਕੀਤੀ ਪਰ ਸਭ ਬੇਕਾਰ ਰਹੀ। ਉਸਨੂੰ ਲਗਦਾ ਕਿ ਘਰ ਵਾਲੇ ਇਸ ਗੱਲ ਦੀ ਨਿਗਰਾਨੀ ਕਰ ਰਹੇ ਨੇ ਕਿ ਉਹ ਆਪਣੀ ਘਰ ਵਾਲੀ ਨੂੰ ਕਦੇ ਨਾ ਮਿਲ ਸਕੇ। ਉਹ ਬਿਨਾਂ ਕਿਸੇ ਕੰਮ ਦੇ ਵਾਰ-ਵਾਰ ਘਰ ਅੰਦਰ ਚਲਾ ਜਾਂਦਾ। ਇਧਰ-ਉਧਰ ਕੋਨੇ-ਨੁੱਕਰਾਂ 'ਚ ਪਤਾ ਨਹੀਂ ਕੀ ਕੀ ਲੱਭਣ ਦੀ ਕੋਸ਼ਿਸ਼ ਕਰਦਾ। ਜਦ ਕੋਈ ਪੁੱਛਦਾ ਤਾਂ ਕੁਝ ਨਾ ਕੁਝ ਦੱਸ ਦਿੰਦਾ ਜਾਂ ਕੁਝ ਵੀ ਜੋ ਮੂਹਰੇ ਦਿਖਦਾ ਲੈ ਕੇ ਬਾਹਰ ਨਿਕਲ ਜਾਂਦਾ। ਫੇਰ ਆਉਂਦਾ, ਫੇਰ ਜਾਂਦਾ। ਇਹ ਸਿਲਸਿਲਾ ਚਲਦਾ ਹੀ ਰਹਿੰਦਾ।

## ਬੇਲਾ ਪਾਰਟ ਟੂ

ਵੈਸੇ ਇਕ ਹੋਰ ਵੀ ਗੱਲ ਸੀ। ਗੌਰੀ ਨੂੰ ਸਹੀ-ਸਹੀ ਇਹ ਪਤਾ ਵੀ ਨਹੀਂ ਸੀ ਕਿ ਮਿਲ ਕੇ ਉਹ ਕੀ ਕਰੇਗਾ, ਕੀ ਗੱਲਾਂ ਕਰੇਗਾ, ਪਰ ਏਨਾ ਉਹ ਜਾਣਦਾ ਸੀ ਕਿ ਉਹ ਉਸਦੀ ਘਰਵਾਲੀ ਹੈ ਅਤੇ ਉਸਨੂੰ ਮਿਲਣਾ ਚਾਹੀਦਾ ਹੈ। ਅੰਦਰ ਹਲਚਲ ਮੱਚੀ ਹੋਈ ਸੀ। ਉਤੇਜਨਾ ਸੀ, ਡਰ ਸੀ। ਉਸਨੂੰ ਨਹੀਂ ਪਤਾ ਸੀ ਕਿ ਜਦ ਉਹ ਘਰ ਆਉਂਦਾ ਹੈ ਤਾਂ ਇਸ ਆਸ ਨਾਲ ਉਸ ਦੀਆਂ ਧੜਕਣਾਂ ਕਿਉਂ ਤੇਜ਼ ਹੋ ਜਾਂਦੀਆਂ ਹਨ ਕਿ ਕੀ ਪਤਾ ਬੈਜੰਤੀ ਨਾਲ ਟਾਕਰਾ ਹੋ ਜਾਵੇ। ਹਾਂ ਇਹੀ ਨਾਂ ਹੈ ਉਸਦੀ ਘਰਵਾਲੀ ਦਾ ਅਤੇ ਇਕ ਦਿਨ ਜਦ ਉਹ ਘਰਵਾਲੀ ਦੀ ਕੋਠੜੀ 'ਚ ਵੜ ਸਕਿਆ ਤਾਂ ਏਨਾ ਘਬਰਾਇਆ ਹੋਇਆ ਸੀ ਕਿ ਕੋਠੜੀ ਦਾ ਦਰਵਾਜ਼ਾ ਬੰਦ ਕਰਨਾ ਹੀ ਭੁੱਲ ਗਿਆ। ਬਹੁਤ ਗਰਮੀ ਦੇ ਮੌਸਮ 'ਚ ਉਸਨੂੰ ਕਾਂਬਾ ਲੱਗ ਰਿਹਾ ਸੀ। ਉਹ ਜਾ ਕੇ ਇਕ ਕੋਨੇ 'ਚ ਖੜ੍ਹਾ ਹੋ ਗਿਆ। ਫੇਰ ਜਿਵੇਂ ਇਧਰੋਂ-ਉਧਰੋਂ ਕੁਝ ਲੱਭਦਿਆਂ ਜਾ ਕੇ ਪਲੰਘ 'ਤੇ ਬੈਠ ਗਿਆ। ਇਸ ਤੋਂ ਪਹਿਲਾਂ ਉਹ ਪਲੰਘ 'ਤੇ ਕਦੇ ਨਹੀਂ ਬੈਠਿਆ ਸੀ ਸੋ ਪਲੰਘ 'ਤੇ ਬੈਠਕੇ ਉਸਨੂੰ ਚੰਗਾ ਲੱਗਿਆ। ਘਰਵਾਲੀ ਨੂੰ ਕਿਹਾ ਕਿ ਤੂੰ ਵੀ ਪਲੰਘ 'ਤੇ ਬੈਠ ਜਾ। ਜਿਵੇਂ ਉਸਨੂੰ ਪਤਾ ਹੀ ਨਹੀਂ ਸੀ ਕਿ ਘਰਵਾਲੀ ਰੋਜ਼ ਉਸੇ ਪਲੰਘ 'ਤੇ ਉਸਦੀ ਕਿਸੇ ਨਾ ਕਿਸੇ ਭੈਣ ਨਾਲ ਸੌਂਦੀ ਸੀ। ਅਤੇ ਭਾਬੀ ਨਾਲ ਸੌਣ ਨੂੰ ਲੈ ਕੇ ਦੋਵਾਂ ਭੈਣਾਂ 'ਚ ਝਗੜਾ ਵੀ ਹੁੰਦਾ ਸੀ।

ਜਦ ਬੈਜੰਤੀ ਮਤਲਬ ਕਿ ਉਸਦੀ ਘਰਵਾਲੀ ਉਸਦੇ ਕਹਿਣ 'ਤੇ ਪਲੰਘ 'ਤੇ ਆ ਕੇ ਨਾ ਬੈਠੀ ਤਾਂ ਉਸਨੇ ਉਸਦਾ ਹੱਥ ਫੜਕੇ ਉਸਨੂੰ ਪਲੰਘ 'ਤੇ ਬਿਠਾਉਣ ਦੀ ਕੋਸ਼ਿਸ਼ ਕੀਤੀ। ਹੱਥ ਫੜਦਿਆਂ ਉਸਨੂੰ ਹੱਥਾਂ 'ਚ ਝਰਨਾਹਟ ਮਹਿਸੂਸ ਹੋਈ। ਅੰਦਰ ਜਿਵੇਂ ਧਮਾਕੇ ਜਿਹੇ ਹੋਏ। ਉਹ ਉਸਨੂੰ ਪਲੰਘ 'ਤੇ ਖਿੱਚਕੇ ਬਿਠਾ ਹੀ ਦੇਣਾ ਚਾਹੁੰਦਾ ਸੀ ਕਿ ਘਰਵਾਲੀ ਦੇ ਮੂੰਹੋਂ ਨਿਕਲਿਆ ਕਿ ਓਏ ਬੁੱਧੂਰਾਮ ਦਰਵਾਜ਼ਾ ਤਾਂ ਬੰਦ ਕਰ ਲਉ। ਤਦ ਉਸਨੂੰ ਦਰਵਾਜ਼ੇ ਦੀ ਸੁਧ ਆਈ। ਉਹ ਇਸ ਗੱਲ 'ਤੇ ਸੰਗ ਵੀ ਗਿਆ ਕਿ ਇਹ ਗੱਲ ਉਸਨੂੰ ਘਰਵਾਲੀ ਦੇ ਦੱਸਣ 'ਤੇ ਯਾਦ ਆਈ। ਉਸਨੇ ਤੁਰੰਤ ਉੱਠਕੇ ਦਰਵਾਜ਼ਾ ਬੰਦ ਕਰ ਦਿੱਤਾ। ਕੋਠੜੀ 'ਚ ਇਕ ਕੋਨੇ 'ਚ ਚਿਮਨੀ ਬਲ਼ ਰਹੀ ਸੀ। ਕੁਝ ਨਹੀਂ ਸਮਝ ਆਇਆ ਤਾਂ ਉੱਠਿਆ, ਚਿਮਨੀ ਹੱਥ 'ਚ ਫੜੀ ਅਤੇ ਕੋਲ ਲਿਆ ਕੇ ਘਰਵਾਲੀ ਦਾ



ਮੂੰਹ ਦੇਖਣ ਲੱਗਿਆ। ਉਸਨੂੰ ਆਪਣੀ ਕਿਸਮਤ 'ਤੇ ਖੁਸ਼ੀ ਹੋਈ। ਉਹ ਸੁਣਦਾ ਰਿਹਾ ਸੀ ਕਿ ਉਸਦੀ ਘਰਵਾਲੀ ਬਹੁਤ ਸੋਹਣੀ ਹੈ ਪਰ ਦੇਖਣ ਦਾ ਮੌਕਾ ਹੁਣ ਮਿਲਿਆ ਸੀ। ਘਰਵਾਲੀ ਨੇ ਆਪਣੀਆਂ ਅੱਖਾਂ ਮੀਚ ਰੱਖੀਆਂ ਸਨ। ਉਹ ਘਬਰਾਇਆ ਹੋਇਆ ਘਰਵਾਲੀ ਨੂੰ ਦੇਖਦਾ ਰਿਹਾ ਫੇਰ ਘਰਵਾਲੀ ਨੂੰ ਅੱਖਾਂ ਖੋਲ੍ਹਣ ਲਈ ਕਹਿਣ ਲੱਗਿਆ। ਘਰਵਾਲੀ ਨੇ ਅੱਖ ਖੋਲ੍ਹੀ ਅਤੇ ਚਿਮਨੀ 'ਤੇ ਫੂਕ ਮਾਰ ਦਿੱਤੀ। ਚਿਮਨੀ ਬੁਝਦੇ-ਬੁਝਦੇ ਫੇਰ ਬਲ ਉੱਠੀ। ਗੌਰੀ ਨੇ ਚਿਮਨੀ ਨੂੰ ਦੂਰ ਤਾਖੇ 'ਚ ਲਿਜਾ ਕੇ ਰੱਖਿਆ। ਆ ਕੇ ਘਰਵਾਲੀ ਨੂੰ ਗੋਦੀ 'ਚ ਚੁੱਕਿਆ ਅਤੇ ਬਿਸਤਰੇ 'ਤੇ ਲਿਜਾ ਕੇ ਬਿਠਾ ਦਿੱਤਾ।

ਉਸਨੂੰ ਕਦੇ ਸਮਝ 'ਚ ਨਹੀਂ ਆਇਆ ਕਿ ਅਚਾਨਕ ਉਸਦੇ ਅੰਦਰ ਇਹ ਉਤੇਜਨਾ ਕਿੱਥੋਂ ਆ ਗਈ ਸੀ। ਕੀ ਉਹ ਘਬਰਾਹਟ ਤੋਂ ਪੈਦਾ ਹੋਈ ਜਾਂ ਕਿ ਇਸ ਅਹਿਸਾਸ ਨਾਲ ਕਿ ਪਹਿਲੀ ਵਾਰ ਕਿਸੇ ਮੁਟਿਆਰ ਦੇ ਏਨਾ ਨੇੜੇ ਸੀ ਅਤੇ ਉਹ ਖੂਬਸੂਰਤ ਮੁਟਿਆਰ ਉਸਦੀ ਘਰਵਾਲੀ ਸੀ। ਜਾਂ ਕਿ ਇਸਦੇ ਪਿੱਛੇ ਇਹ ਡਰ ਕਿ ਪਤਾ ਨਹੀਂ ਅੱਜ ਤੋ ਕਿੰਨੇ ਦਿਨ ਬਾਦ ਉਹ ਫੇਰ ਤੋਂ ਘਰਵਾਲੀ ਦੇ ਕਮਰੇ 'ਚ ਆਇਆ ਜਾ ਸਕੇ ? ਇਹ ਸਭ ਉਸਦੀ ਬਾਹਰੀ ਨਾਸਮਝੀ ਸੀ ਜਿਸ ਨਾਲ ਗੌਰੀ ਬਾਦ 'ਚ ਘਰਵਾਲੀ ਦੇ ਮੂਹਰੇ ਖੁਦ ਨੂੰ ਪਰਚਾਉਂਦਾ ਸੀ। ਅਤੇ ਆਪਣੀਆਂ ਗੱਲਾਂ 'ਤੇ ਏਨਾਂ ਮੋਹਿਆ ਕਿ ਕਈ ਵਾਰ ਇਕੱਲਿਆਂ ਇਸੇ ਆਧਾਰ 'ਤੇ ਆਪਣੇ ਆਪ ਨੂੰ ਬਰੀ ਕਰ ਦਿੰਦਾ ਸੀ। ਇਹ ਤਾਂ ਉਸਨੇ ਬਹੁਤ ਬਾਦ 'ਚ ਜਾਣਨਾ ਸੀ ਕਿ ਉਹ ਵੀ ਆਪਣੇ ਪਿਤਾ ਦੀ ਤਰ੍ਹਾਂ ਹੀ ਸੀ। ਵੈਸੇ ਹੀ ਜਿਸਨੂੰ ਘਰਵਾਲੀ ਨਾਲ ਸੌਣਾ ਪਸੰਦ ਸੀ ਪਰ ਅਜਿਹੀਆਂ ਰਾਤਾਂ ਉਸਦੇ ਜੀਵਨ 'ਚ ਕਦੇ ਨਹੀਂ ਆਈਆਂ ਸਨ ਜਦ ਘਰਵਾਲੀ ਨਾਲ ਜਾਗਣਾ ਵੀ ਓਨਾ ਹੀ ਪਸੰਦ ਆਇਆ ਹੋਵੇ। ਹੌਲੀ-ਹੌਲੀ ਉਹ ਵੀ ਆਪਣੇ ਪਿਤਾ ਦੀ ਤਰ੍ਹਾਂ ਹੀ ਹੁੰਦਾ ਗਿਆ ਸੀ। ਥੋੜ੍ਹਾ ਵੱਖਰੇ ਢੰਗ ਨਾਲ ਉਹ ਆਪਣੀ ਘਰਵਾਲੀ ਨੂੰ ਉਸਦੇ ਸਰੀਰ ਨਾਲੋਂ ਵੱਖ ਕਰਕੇ ਕਦੇ ਦੇਖ ਹੀ ਨਹੀਂ ਸਕਿਆ ਇਕ ਬੇਹੱਦ ਖੂਬਸੂਰਤ ਅਤੇ ਕਾਮਨਾਵਾਂ ਨਾਲ ਭਰਿਆ ਹੋਇਆ ਸਰੀਰ ਜੋ ਉਤੇਜਕ ਵੀ ਸੀ। ਉਹ ਇਕ ਨਗੂਣੇਪਣ ਦੇ ਅਹਿਸਾਸ ਨਾਲ ਘਿਰ ਗਿਆ। ਘਰਵਾਲੀ ਰੰਗ ਰੂਪ 'ਚ ਪਹਿਲਾਂ ਤੋਂ ਹੀ ਉਸ ਨਾਲੋਂ ਬਹੁਤ ਸੋਹਣੀ ਸੀ। ਉਸਦੀ ਸੁੰਦਰਤਾ 'ਚ ਮਿਲਕੇ ਇਹ ਇਕ ਨਵਾਂ ਡਰ ਸਾਹਮਣੇ ਸੀ ਕਿ ਕੀ ਉਹ ਹਮੇਸ਼ਾ ਆਪਣੀ ਘਰਵਾਲੀ ਦੀਆਂ ਇੱਛਾਵਾਂ ਦਾ ਜੁਆਬ ਦੇ ਸਕੇਗਾ ?

ਇਹ ਇਕ ਖਾਨਦਾਨੀ ਡਰ ਸੀ। ਗੌਰੀਨਾਥ ਇੱਛਾਵਾਂ ਤੋਂ ਡਰਿਆ ਤਾਂ ਉਸਦੇ ਪਿਤਾ ਬੇਲਾ ਦੀ ਗੰਧ ਤੋਂ ਡਰ ਗਏ ਸਨ। ਇਹ ਡਰ ਕਿੰਨਾ ਸੱਚ ਸੀ, ਕਿੰਨਾ ਕਾਲਪਨਿਕ ਇਹ ਗੌਰੀ ਨੂੰ ਨਹੀਂ ਪਤਾ ਪਰ ਇਹੀ ਉਹ ਗੱਲ ਸੀ ਜਿੱਥੋਂ ਉਸਨੂੰ ਲੱਗਿਆ ਕਿ ਉਸਨੂੰ ਆਪਣੀ ਘਰਵਾਲੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਇਕ ਵਾਰ ਇਹ ਗੱਲ ਮਨ 'ਚ ਆਉਣ ਦੀ ਦੇਰ ਸੀ ਕਿ ਉਹਨਾਂ ਡੁੱਬੇ ਹੋਏ ਪਲਾਂ 'ਚ ਘਰਵਾਲੀ ਦਾ ਓਨੀ ਹੀ ਗਰਮਜੋਸ਼ੀ ਨਾਲ ਦਿੱਤਾ ਗਿਆ ਜੁਆਬ ਵੀ ਉਸ 'ਚ ਸ਼ੱਕ ਪੈਦਾ ਕਰਨ ਲੱਗਿਆ। ਕੁਝ ਤਾਂ ਗੜਬੜ ਹੈ ਨਹੀਂ ਤਾਂ ਜਦ ਉਹ ਮਰਦ ਹੋ ਕੇ ਝਿਜਕ ਰਿਹਾ ਸੀ ਤਾਂ ਉਸ ਦੀ ਘਰਵਾਲੀ 'ਚ ਉਸ ਨੂੰ ਬੁੱਧੂ ਕਹਿਣ ਦਾ ਹੌਸਲਾ ਅਤੇ ਦਰਵਾਜ਼ਾ ਬੰਦ ਕਰਨ ਦੀ ਗੱਲ ਕਹਿਣਾ ਆਖਿਰ ਕਿਵੇਂ ਸੁੱਝਿਆ। ਉਸ 'ਚ ਏਨਾ ਹੌਸਲਾ ਵੀ ਨਹੀਂ ਸੀ ਕਿ ਘਰਵਾਲੀ ਤੋਂ ਸਿੱਧਾ-ਸਿੱਧਾ ਇਸ ਬਾਰੇ ਪੁੱਛ ਸਕਦਾ। ਏਥੋਂ ਹੀ ਉਹ ਡਰਪੋਕ ਸ਼ੱਕ ਪੈਦਾ ਹੋਇਆ ਅਤੇ ਪਰਵਾਨ ਚੜ੍ਹਿਆ ਜੋ ਸਾਰੀ ਉਮਰ ਉਸਦੇ ਨਾਲ ਰਹਿਣ ਵਾਲਾ ਸੀ। ਉਸਨੂੰ ਲਗਦਾ ਸੀ ਕਿ ਸ਼ੱਕ ਦੇ ਕਾਰਨ ਘਰਵਾਲੀ ਦੇ ਪ੍ਰਤਿ ਉਸ ਦੇ ਪ੍ਰੇਮ ਦੇ ਅੰਦਰ ਹੀ ਲੁਕੇ ਹੋਏ ਸਨ। ਉਹ ਬੈਜੰਤੀ ਨੂੰ ਏਨਾ ਪਿਆਰ ਕਰਦਾ ਸੀ ਕਿ ਉਸਨੂੰ ਸਭ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ। ਉਹ ਉਸਨੂੰ ਗੱਡੇ ਖਜ਼ਾਨੇ ਦੀ ਤਰ੍ਹਾਂ

ਲੁਕੋ ਕੇ ਰੱਖਣਾ ਚਾਹੁੰਦਾ ਸੀ ਕਿ ਬਾਹਰਲੀ ਕੋਈ ਮਾੜੀ ਨਜ਼ਰ ਵੀ ਉਸ 'ਤੇ ਨਾ ਪਵੇ। ਠੀਕ ਉਸੇ ਤਰ੍ਹਾਂ ਜਿਵੇਂ ਉਸਦੇ ਪਿਤਾ ਬੇਲਾ ਨੂੰ ਜਿੰਦੇ ਅੰਦਰ ਬੰਦ ਕਰਕੇ ਰੱਖਦੇ ਉਹ ਵਿਹਾਰਕ ਰੂਪ ਤੋਂ ਸੰਭਵ ਨਹੀਂ ਸੀ। ਘਰੇ ਨਿੱਕਾ ਭਰਾ ਸੀ, ਭੈਣਾਂ ਸਨ। ਗੌਰੀ ਨੇ ਇਹ ਸੋਚ ਕੇ ਖੁਦ ਨੂੰ ਬਹੁਤ ਸੁਰੱਖਿਅਤ ਮਹਿਸੂਸ ਕੀਤਾ ਕਿ ਸਭ ਦੇ ਹੁੰਦਿਆਂ ਬੈਜੰਤੀ ਬਹੁਤੀ ਖੁੱਲ੍ਹ ਨਹੀਂ ਲੈ ਸਕੇਗੀ।

ਸ਼ੁਰੂ-ਸ਼ੁਰੂ 'ਚ ਬੈਜੰਤੀ ਨੂੰ ਇਸ 'ਚ ਪ੍ਰੇਮ ਹੀ ਦਿਖਿਆ ਪਰ ਇਹ ਜਾਣਨ 'ਚ ਵੀ ਉਸਨੂੰ ਦੇਰ ਨਾ ਲੱਗੀ ਕਿ ਇਹ ਰੋਕਾਂ ਹੀ ਰੋਕਾਂ ਸਨ। ਉਸਨੇ ਕਿਸੇ ਵੀ ਤਰ੍ਹਾਂ ਇਹਨਾਂ ਨੂੰ ਤੋੜ ਸੁੱਟਣਾ ਸੀ। ਸ਼ੁਰੂ-ਸ਼ੁਰੂ 'ਚ ਉਸਨੇ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਪੰਡਤ ਗੌਰੀਨਾਥ 'ਤੇ ਖੁਸ਼ ਹੋਣ ਦਾ ਨਾਟਕ ਕੀਤਾ ਪਰ ਉਸਨੂੰ ਪਿਆਰ ਨਾਲ ਸਮਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਗੌਰੀਨਾਥ ਉਸਨੂੰ ਜਿੰਨਾ ਪਿਆਰ ਕਰਦਾ, ਪਹਿਰਾ ਓਨਾ ਹੀ ਸਖ਼ਤ ਹੁੰਦਾ ਜਾਂਦਾ। ਉਹ ਸਾਰਾ ਦਿਨ ਕੰਮਕਾਰ ਛੱਡ ਕੇ ਘਰੇ ਬੈਠਾ ਰਹਿੰਦਾ। ਬੈਜੰਤੀ ਦੇ ਪਰਛਾਵੇਂ ਤੱਕ ਦੀ ਨਿਗਰਾਨੀ ਕਰਦਿਆਂ। ਕਿਤੇ ਬਾਹਰ ਨਿਕਲਦਾ ਤਾਂ ਇਹ ਪੱਕਾ ਕਰਕੇ ਹੀ ਨਿਕਲਦਾ ਕਿ ਘਰੇ ਕੋਈ ਨਾ ਕੋਈ ਜਣਾ ਜ਼ਰੂਰ ਰਹੇ। ਬਾਹਰੋਂ ਆਉਂਦੇ ਹੀ ਇਸ ਗੱਲ ਦੀ ਟੋਹ ਲੈਣ ਦੀ ਕੋਸ਼ਿਸ਼ ਕਰਦਾ ਕਿ ਉਸਦੀ ਗ਼ੈਰਹਾਜ਼ਰੀ 'ਚ ਕੋਈ ਆਇਆ ਤਾਂ ਨਹੀਂ ਸੀ। ਇਹ ਸਭ ਜਾਣ ਲੈਣ ਦੇ ਬਾਦ ਹੀ ਉਸਦੇ ਗਲੇ 'ਚ ਠੰਡਾ ਪਾਣੀ ਉਤਰਦਾ। ਕੋਈ ਸਬੂਤ ਉਸਦੇ ਕੋਲ ਨਹੀਂ ਸੀ ਪਰ ਅਹਿਤਿਆਤ ਵਰਤਣ 'ਚ ਉਸਨੂੰ ਕੋਈ ਬੁਰਾਈ ਨਹੀਂ ਦਿਖਦੀ। ਇਸ ਹੱਦ ਤੱਕ ਕਿ ਕਈ ਵਾਰ ਤਾਂ ਬੈਜੰਤੀ ਜਦ ਤੜਕੇ ਅਤੇ ਰਾਤ ਨੂੰ ਜੰਗਲ ਪਾਣੀ ਲਈ ਜਾਂਦੀ ਤਾਂ ਉਸਤੋਂ ਇਕ ਫਾਸਲਾ ਰੱਖਕੇ ਤੁਰਦਾ ਅਤੇ ਕਿਸੇ ਅਜਿਹੀ ਥਾਂਵੇਂ ਲੁਕ ਕੇ ਬੈਠ ਜਾਂਦਾ ਜਿੱਥੋਂ ਉਹ ਉਸਨੂੰ ਦੇਖਦਾ ਰਹਿ ਸਕੇ।

## ਝੂਠ ਦੇ ਸਬੂਤ

ਅਤੇ ਫੇਰ ਬੈਜੰਤੀ ਨੇ ਉਸਨੂੰ ਸਬੂਤ ਦੇਣੇ ਸ਼ੁਰੂ ਕੀਤੇ। ਉਹ ਉਸਦੇ ਮੂਹਰੇ-ਮੂਹਰੇ ਤੁਰ ਰਹੀ ਹੁੰਦੀ ਅਤੇ ਅਚਾਨਕ ਗਾਇਬ ਹੋ ਜਾਂਦੀ। ਖੇਤ 'ਚ ਜਾ ਵੜਦੀ ਅਤੇ ਨਿਕਲਦੀ ਕਿਸੇ ਹੋਰ ਖੇਤ 'ਚ। ਇਕੱਲੀ ਰਹਿਣ 'ਤੇ ਘਰ ਦੀ ਕੁੰਡੀ ਅਕਸਰ ਅੰਦਰੋਂ ਬੰਦ ਮਿਲਦੀ। ਅੰਦਰੋਂ ਹੱਸਣ ਅਤੇ ਗੱਲਾਂ ਕਰਨ ਦੀਆਂ ਆਵਾਜ਼ਾਂ ਆਉਂਦੀਆਂ। ਗੌਰੀਨਾਥ ਕਿੰਨਾ ਵੀ ਦੱਬੇ ਪੈਰੀਂ ਕਮਰੇ 'ਚ ਆਉਂਦਾ ਪਰ ਆਵਾਜ਼ਾਂ ਦਾ ਪਤਾ ਲੱਗ ਹੀ ਜਾਂਦਾ ਅਤੇ ਉਹ ਅਚਾਨਕ ਦੂਰ ਤੱਕ ਉੱਡ ਜਾਂਦੀਆਂ। ਉਹ ਚੁੱਪਚਾਪ ਘਰ ਦਾ ਕੋਨਾ-ਕੋਨਾ ਛਾਣ ਮਾਰਦਾ ਪਰ ਕਿਤੇ ਕੁਝ ਨਾ ਮਿਲਦਾ। ਬੈਜੰਤੀ ਕੋਲੇ ਆਉਂਦਾ-ਜਾਂਦਾ ਇਸ ਆਸ 'ਚ ਕਿ ਕੋਈ ਸਬੂਤ ਉਥੇ ਹੀ ਮਿਲ ਜਾਵੇ, ਪਰ ਕਿਤੇ ਨਾ ਮਿਲਦਾ। ਆਪਣੀ ਤਲਾਸ਼ ਤੋਂ ਨਿਰਾਸ਼ ਹੀ ਹੋ ਜਾਣ ਵਾਲਾ ਸੀ ਕਿ ਇਕ ਦਿਨ ਬੈਜੰਤੀ ਦੇ ਸਰੀਰ 'ਚ ਕੋਈ ਇਕ ਓਪਰੀ ਗੰਧ ਉਸਨੂੰ ਮਿਲ ਹੀ ਗਈ। ਇਹ ਬੈਜੰਤੀ ਦੇ ਅੰਦਰ ਪਲ ਰਹੀ ਉਸ ਨਫ਼ਰਤ ਦੀ ਗੰਧ ਸੀ ਜੋ ਪਤਾ ਨਹੀਂ ਕਦੋਂ ਤੋਂ ਹੌਲੀ-ਹੌਲੀ ਪੈਦਾ ਹੋ ਰਹੀ ਸੀ। ਗੌਰੀਨਾਥ ਨੇ ਉਸਨੂੰ ਓਪਰੇ ਬੰਦੇ ਦੀ ਗੰਧ ਸਮਝਿਆ। ਉਸਨੂੰ ਇਕ ਗਲੀਜ ਕਿਸਮ ਦੀ ਖੁਸ਼ੀ ਹੋਈ ਕਿ ਉਹ ਆਪਣੇ ਸ਼ੱਕ 'ਚ ਕਿੰਨਾ ਸਹੀ ਸੀ।

ਉਹ ਬੈਜੰਤੀ ਤੋਂ ਪੁੱਛਣ ਤੋਂ ਪਹਿਲਾਂ ਸਬੂਤ ਇਕੱਠੇ ਕਰਨਾ ਚਾਹੁੰਦਾ ਸੀ। ਸਬੂਤ ਉਸਨੂੰ ਕਦੇ ਵੀ ਹਾਸਿਲ ਨਹੀਂ ਹੋਏ। ਉਧਰ ਬੈਜੰਤੀ ਨੇ ਉਸਦੇ ਪ੍ਰਤਿ ਉਹੀ ਠੰਡੀ ਆਗਿਆਕਾਰੀ ਨੀਤੀ ਅਪਣਾ ਲਈ ਸੀ ਜੋ ਗੌਰੀਨਾਥ ਦੀ ਮਾਂ ਨੇ ਆਪਣਾਈ ਸੀ। ਪਰ ਦੋਵਾਂ 'ਚ ਇਕ ਭਾਰੀ ਫਰਕ ਸੀ। ਗੌਰੀਨਾਥ ਦੀ ਮਾਂ ਬੇਲਾ ਦੀ ਆਗਿਆਕਾਰਤਾ ਆਤਮਘਾਤੀ ਸੀ। ਉਹ ਅੰਦਰੇ-ਅੰਦਰ ਹੀ ਉਸਨੂੰ ਵੱਢ-ਵੱਢ ਖਾ ਰਹੀ ਸੀ। ਉਸ 'ਚ ਅਵਿਸ਼ਵਾਸ ਅਤੇ ਦੁੱਖ ਦੀਆਂ ਡੂੰਘੀਆਂ ਪਰਛਾਈਆਂ



ਸਨ। ਇਹ ਪਰਛਾਈਆਂ ਉਸਨੂੰ ਤਰਸਯੋਗ ਬਣਾ ਰਹੀਆਂ ਸਨ। ਉਹ ਆਪ ਹੀ ਆਪਣਾ ਦਾ ਮਜ਼ਾਕ ਉਡਾਉਂਦੀ ਅਤੇ ਮਜ਼ਾਕ ਇਕ ਦਿਨ ਉਸਨੂੰ ਆਪਣੇ ਨਾਲ ਲੈ ਕੇ ਉੱਡ ਗਿਆ ਸੀ। ਇਸਦੇ ਉਲਟ ਬੈਜੰਤੀ ਉਸਨੂੰ ਦੁਨੀਆ ਦਾ ਸਭ ਤੋਂ ਤਰਸਯੋਗ ਬੰਦਾ ਮੰਨਦੇ ਹੋਏ। ਇਹ ਮਜ਼ਾਕ ਦਾ ਭਾਵ ਗੌਰੀਨਾਥ ਦੇ ਪ੍ਰਤਿ ਰੱਖਦੀ ਸੀ। ਉਸਦੀ ਸਾਰੀ ਆਗਿਆਕਾਰਤਾ ਦੇ ਦੌਰਾਨ ਉਸਦੇ ਬੁੱਲ੍ਹਾਂ 'ਤੇ ਇਕ ਮਜ਼ਾਕ ਆਪਣੇ ਘਰਵਾਲੇ ਦੇ ਪ੍ਰਤਿ ਤੈਰਦਾ ਰਹਿੰਦਾ ਸੀ। ਇਕ ਅਜਿਹਾ ਮਜ਼ਾਕ ਜੋ ਗੌਰੀਨਾਥ ਨੂੰ ਆਪਣੀ ਸਮੁੱਚੀ ਹੋਂਦ 'ਤੇ ਸੁਆਲੀਆ ਨਿਸ਼ਾਨ ਦੀ ਤਰ੍ਹਾਂ ਲਗਦਾ।

ਸ਼ੁਰੂ-ਸ਼ੁਰੂ 'ਚ ਉਸਨੇ ਇਸ ਹਾਸੀ ਨਾਲ ਸਖ਼ਤੀ ਨਾਲ ਨਿਬਟਣਾ ਚਾਹਿਆ। ਉਹ ਕਿਤੋਂ ਬਾਹਰੋਂ ਘਰ ਆਇਆ, ਹਮੇਸ਼ਾ ਵਾਂਗ ਚੁੱਪਚਾਪ। ਦਰਵਾਜ਼ੇ 'ਤੇ ਕੰਨ ਲਾਉਣ 'ਤੇ ਉਸਨੂੰ ਕਿਸੇ ਮਰਦ ਦੀ ਹਾਸੀ ਸੁਣਾਈ ਦਿੱਤੀ, ਜਿਸ 'ਚ ਉਸਦੀ ਘਰਵਾਲੀ ਦੀ ਹਾਸੀ ਵੀ ਸ਼ਾਮਿਲ ਸੀ। ਉਸਨੇ ਦਰਵਾਜ਼ਾ ਖੜਕਾਇਆ। ਬੈਜੰਤੀ ਨੇ ਦਰਵਾਜ਼ਾ ਖੋਲ੍ਹਣ 'ਚ ਦੇਰ ਲਾਈ। ਦਰਵਾਜ਼ਾ ਖੁੱਲ੍ਹਦੇ ਹੀ ਉਸਨੇ ਸਾਰਾ ਘਰ ਛਾਣ ਮਾਰਿਆ। ਘਰ 'ਚ ਉਸਨੂੰ ਬੈਜੰਤੀ ਦੇ ਇਲਾਵਾ ਕੋਈ ਨਾ ਮਿਲਿਆ। ਇਸ ਦੌਰਾਨ ਬੈਜੰਤੀ ਉਸਨੂੰ ਲਗਾਤਾਰ ਕੁਝ ਲੱਭਦਿਆਂ ਦੇਖ ਰਹੀ ਸੀ। ਉਸਨੇ ਘਰਵਾਲੇ ਨੂੰ ਪੁੱਛਿਆ ਵੀ ਨਹੀਂ ਕਿ ਉਹ ਕੀ ਲੱਭ ਰਹੇ ਹਨ। ਇਹ ਪਹਿਲੀ ਵਾਰ ਸੀ ਕਿ ਉਸ ਦੀਆਂ ਅੱਖਾਂ 'ਚੋਂ ਆਪਣੇ ਹਾਲ 'ਤੇ ਹੰਝੂ ਆਏ ਸਨ। ਜੀਵਨ ਇਉਂ ਕਿਵੇਂ ਬੀਤੇਗਾ। ਉਹ ਭਰੀਆਂ ਅੱਖਾਂ ਨਾਲ ਘਰੋਂ ਬਾਹਰ ਨਿਕਲ ਆਈ ਅਤੇ ਬਾਹਰ ਪਏ ਮੰਜੇ 'ਤੇ ਬੈਠ ਗਈ। ਗੌਰੀਨਾਥ ਥੋੜ੍ਹੀ ਦੇਰ ਬਾਦ ਬਾਹਰ ਆਇਆ। ਉਸਨੂੰ ਪੱਕਾ ਯਕੀਨ ਸੀ ਕਿ ਘਰ 'ਚ ਕੋਈ ਸੀ ਜੋ ਕਿਸੇ ਤਰਾਂ ਘਰੋਂ ਬਾਹਰ ਨਿਕਲ ਗਿਆ। ਕਿਵੇਂ, ਇਹ ਉਸਦੀ ਸਮਝ 'ਚ ਨਹੀਂ ਆ ਰਿਹਾ ਸੀ।

ਬਾਹਰ ਆ ਕੇ ਉਸਨੇ ਘਰਵਾਲੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਦੇਖੀਆਂ ਤਾਂ ਹੰਝੂਆਂ ਨੂੰ ਡਰ ਤੋਂ ਪੈਦਾ ਹੋਏ ਮੰਨ ਲਿਆ। ਉਸਨੂੰ ਲੱਗਿਆ ਕਿ ਉਹ ਫੜੇ ਜਾਣ ਦੇ ਡਰ ਤੋਂ ਰੋ ਰਹੀ ਹੈ। ਪੰਡਤ ਗੌਰੀਨਾਥ ਨੇ ਆਪਣੇ ਆਪ ਨੂੰ ਜੇਤੂ ਮਹਿਸੂਸ ਕੀਤਾ ਅਤੇ ਬਦਲੇ 'ਚ ਘਰਵਾਲੀ ਦੇ ਥੱਪੜ ਮਾਰਿਆ। ਇਕ ਦੇ ਬਾਦ ਕਈ ਥੱਪੜ ਮਾਰੇ। ਉਸਨੂੰ ਧੱਕਾ ਮਾਰ ਕੇ ਗਿਰਾ ਦਿੱਤਾ ਅਤੇ ਲੱਤ ਮਾਰੀ। ਬੈਜੰਤੀ ਸ਼ੁਰੂ 'ਚ ਤਾਂ ਹੱਕੀ-ਬੱਕੀ ਰਹੀ। ਉਸ ਦੀਆਂ ਅੱਖਾਂ 'ਚ ਅਟਕੇ ਹੋਏ ਹੰਝੂ ਜਿਵੇਂ ਸੁੱਕ ਹੀ ਗਏ ਹੋਣ। ਫੇਰ ਉਸਨੇ ਗੌਰੀਨਾਥ ਦਾ ਪੈਰ ਫੜਕੇ ਖਿੱਚ ਲਿਆ ਜੋ ਉਸ ਦੀਆਂ ਛਾਤੀਆਂ 'ਤੇ ਸੱਟ ਮਾਰਨ ਲਈ ਉੱਠਿਆ ਹੋਇਆ ਸੀ। ਪੰਡਿਤ ਗੌਰੀਨਾਥ ਭੁੰਜੇ ਆ ਡਿੱਗਿਆ। ਉਹ ਉਸਦੀ ਛਾਤੀ 'ਤੇ ਚੜ੍ਹਕੇ ਬੈਠ ਗਈ ਅਤੇ ਉਸ ਦੀਆਂ ਗੱਲ੍ਹਾਂ 'ਤੇ ਪਾਥੀਆਂ ਪੱਥਣ ਲੱਗੀ। ਉਸਦੇ ਗਲ਼ੇ 'ਚੋਂ ਆਵਾਜ਼ ਨਹੀਂ ਇਕ ਘੁਰਘੁਰਾਹਟ ਜਿਵੇਂ ਨਿਕਲ ਰਹੀ ਸੀ। ਉਸੇ ਘੁਰਘੁਰਾਹਟ 'ਚ ਬੈਜੰਤੀ ਨੇ ਗੌਰੀਨਾਥ ਨੂੰ ਕਿਹਾ ਕਿ ਜੇ ਫੇਰ ਕਿਤੇ ਉਸ 'ਤੇ ਹੱਥ ਚੁੱਕਿਆ ਤਾਂ ਉਹ ਉਸਦੀ ਜਾਨ ਲੈ ਲਵੇਗੀ ਅਤੇ ਗੰਗਾ 'ਚ ਡੁੱਬ ਕੇ ਆਪਣੀ ਜਾਨ ਦੇ ਦੇਵੇਗੀ। ਗੌਰੀ ਦੀ ਛਾਤੀ 'ਤੇ ਬੈਠ ਕੇ ਉਸਨੇ ਦੱਸਿਆ ਕਿ ਘਰ 'ਚ ਕੋਈ ਨਹੀਂ ਸੀ। ਨਾ ਅੱਜ, ਨਾ ਪਹਿਲਾਂ ਕਦੇ। ਪਰ ਅੱਗੇ ਵੀ ਨਹੀਂ ਹੋਵੇਗਾ, ਹੁਣ ਇਸ ਗੱਲ ਦੀ ਕੋਈ ਗਾਰੰਟੀ ਹੁਣ ਉਹ ਨਹੀਂ ਲੈ ਸਕਦੀ।

ਜਦ ਗੌਰੀਨਾਥ ਨੂੰ ਬੈਜੰਤੀ ਨੇ ਛੱਡਿਆ ਤਾਂ ਉਹ ਏਨਾ ਕਮਜ਼ੋਰ ਹੋ ਗਿਆ ਸੀ ਕਿ ਬਹੁਤ ਦੇਰ ਤੱਕ ਉੱਠ ਵੀ ਨਾ ਸਕਿਆ। ਉਸਨੂੰ ਆਪਣੀ ਛਾਤੀ 'ਤੇ ਬੈਠ ਕੇ ਉਸ ਦੀਆਂ ਗੱਲ੍ਹਾਂ ਕੁੱਟਦੀ ਘਰਵਾਲੀ ਦਿਖਾਈ ਦੇ ਰਹੀ ਸੀ। ਉਹ ਆਪਣੀ ਘਰਵਾਲੀ ਦੇ ਗੁੱਸੇ ਦੇ ਸੇਕ 'ਚ ਸੜ ਕੇ ਰਹਿ ਗਿਆ। ਇਕ ਡਰਾਉਣੇ ਸੰਮੋਹਨ ਨੇ ਉਸਨੂੰ ਆਪਣੇ ਘੇਰੇ 'ਚ ਲੈ ਲਿਆ ਸੀ। ਉਸਨੂੰ ਘਰਵਾਲੀ 'ਚ ਸ਼ਿਵ ਦੇ ਉੱਪਰ ਖੜ੍ਹੀ ਸਾਖਿਆਤ ਕਾਲੀ ਦੀ ਤਸਵੀਰ ਦਿਖਾਈ ਪਈ। ਉਸ ਦ੍ਰਿਸ਼

ਨੂੰ ਲੈ ਕੇ ਉਹ ਦੁਬਿਧਾ ਦਾ ਸ਼ਿਕਾਰ ਹੋ ਗਿਆ। ਕਦੇ ਉਸਨੂੰ ਲਗਦਾ ਕਿ ਬੈਜੰਤੀ ਦਾ ਉਹ ਗੁੱਸਾ ਅਤੇ ਤੇਜ਼ ਉਸਦੀ ਪਵਿੱਤਰਤਾ ਤੋਂ ਪੈਦਾ ਹੋਇਆ ਸੀ ਤਾਂ ਦੂਜੇ ਪਲ ਉਹ ਉਸਨੂੰ ਘਰਵਾਲੀ ਦੇ ਬੇਸ਼ਰਮੀ ਅਤੇ ਮਾੜੇ ਚਾਲ-ਚਲਣ ਨਾਲ ਜੋੜ ਕੇ ਦੇਖਦਾ। ਦੋਵਾਂ ਸਥਿਤੀਆਂ 'ਚ ਇਕ ਡਰਾਉਣਾ ਸੰਮੋਹਨ ਸੀ ਜਿਸਦਾ ਸ਼ਿਕਾਰ ਉਹ ਹਮੇਸ਼ਾ ਬਣਿਆ ਰਿਹਾ। ਉਸਨੇ ਘਰਵਾਲੀ ਦੀ ਜਾਸੂਸੀ ਛੱਡ ਦਿੱਤੀ ਪਰ ਸ਼ੱਕ ਕਰਨਾ ਵੀ ਛੱਡ ਦਿੱਤਾ ਹੋਵੇ ਅਜਿਹਾ ਨਹੀਂ ਸੀ। ਉਹ ਸਾਰੀ ਉਮਰ ਇਸੇ ਅੱਗ 'ਚ ਸੜਦਾ ਰਿਹਾ।

ਸ਼ੁਰੂ ਦੇ ਦਿਨਾਂ 'ਚ ਤਾਂ ਕੋਈ ਲੋੜ ਪੈਣ 'ਤੇ ਭਾਈ ਜਾਂ ਭੈਣਾਂ ਦੇ ਜ਼ਰੀਏ ਗੱਲਬਾਤ ਹੁੰਦੀ ਰਹੀ ਪਰ ਬਾਦ 'ਚ ਜਦ ਘਰਵਾਲੀ ਦੇ ਨਾਲ ਉਸਦੀ ਗੱਲਬਾਤ ਫੇਰ ਤੋਂ ਸ਼ੁਰੂ ਹੋ ਗਈ ਫੇਰ ਵੀ ਇਹ ਡਰਾਉਣਾ ਸੰਮੋਹਨ ਉਸਦਾ ਪਿੱਛਾ ਕਰਦਾ ਰਿਹਾ। ਇਹ ਏਥੋਂ ਤੱਕ ਸੀ, ਉਸ ਘਟਨਾ ਬਾਦ ਘਰਵਾਲੀ ਨਾਲ ਅੱਖ ਮਿਲਾ ਸਕਣਾ ਉਸਦੇ ਲਈ ਸੰਭਵ ਨਹੀਂ ਰਿਹਾ। ਉਸਨੂੰ ਲਗਦਾ ਸੀ ਕਿ ਅੱਖ ਮਿਲਾਉਂਦੇ ਹੀ ਉਹ ਫੇਰ ਉਸ ਘਾਤਕ ਸੰਮੋਹਨ ਦਾ ਸ਼ਿਕਾਰ ਹੋ ਜਾਵੇਗਾ ਜੋ ਉਸਦੀ ਸਾਰੀ ਤਾਕਤ ਖਿੱਚ ਲਵੇਗਾ। ਜਦ ਸਾਰਿਆਂ ਨੂੰ ਲੱਗ ਰਿਹਾ ਹੁੰਦਾ ਕਿ ਉਹ ਘਰਵਾਲੀ ਦੀਆਂ ਅੱਖਾਂ 'ਚ ਦੇਖ ਰਿਹਾ ਹੈ ਤਾਂ ਉਹ ਅੱਖਾਂ ਦੇ ਉੱਤੇ ਮੱਥੇ 'ਤੇ ਜਾਂ ਅੱਖਾਂ ਦੇ ਹੇਠਾਂ ਠੋਡੀ 'ਤੇ ਜਾਂ ਨੱਕ 'ਤੇ ਦੇਖ ਰਿਹਾ ਹੁੰਦਾ। ਇਹ ਵੱਖਰੀ ਗੱਲ ਹੈ ਕਿ ਬੈਜੰਤੀ ਦੇ ਮੂੰਹ 'ਤੇ ਇਕ ਕੌੜਾ ਮਜ਼ਾਕ ਹਮੇਸ਼ਾ ਹੀ ਉਸਨੂੰ ਦੇਖਦੇ ਹੀ ਉਭਰ ਆਉਂਦਾ। ਇਸਦੇ ਬਾਵਜੂਦ ਉਹ ਉਸੇ ਘਰ 'ਚ ਨਾਲ ਉਹ ਖਾਂਦੀ-ਪੀਂਦੀ, ਸੌਂਦੀ-ਜਾਗਦੀ ਰਹੀ। ਬੈੱਡ 'ਤੇ ਵੀ ਜਾਂਦੇ ਪਰ ਸਬੰਧਾਂ ਵਿਚਲਾ ਉਹ ਦੁਚਿੱਤਾਪਣ ਕਦੇ ਵੀ ਖਤਮ ਨਾ ਹੋਇਆ। ਬੈਜੰਤੀ ਹਮੇਸ਼ਾ ਅੱਖ ਮਿਲਾ ਕੇ ਗੱਲ ਕਰਦੀ। ਬਦਲੇ 'ਚ ਗੌਰੀਨਾਥ ਕਦੇ ਵੀ ਘਰਵਾਲੀ ਨਾਲ ਅੱਖ ਨਾ ਮਿਲਾ ਸਕਦਾ। ਉਹੀ ਮੱਥਾ, ਉਹੀ ਠੋਡੀ ਉਸਦੇ ਰੱਖਿਆ ਕਵਚ ਸਨ।

ਉਸਨੇ ਬੜਾ ਚਾਹਿਆ ਕਿ ਉਸਦੇ ਬਹੁਤ ਸਾਰੇ ਬੱਚੇ ਹੋਣ ਪਰ ਇਕ ਮੁੰਡੇ ਦੇ ਬਾਦ ਕਈ ਸਾਲਾਂ ਤੱਕ ਹੋਰ ਬੱਚਾ ਨਹੀਂ ਹੋਇਆ ਤਾਂ ਨਹੀਂ ਹੋਇਆ। ਉਹ ਕਦੇ ਨਹੀਂ ਜਾਣ ਸਕਿਆ ਕਿ ਇਸਦੇ ਪਿੱਛੇ ਬੈਜੰਤੀ ਦੀ ਗਲ਼ੀ-ਸੜੀ ਨਫ਼ਰਤ ਸੀ। ਉਹ ਕਦੇ ਕਿਸੇ ਵੀ ਹਾਲ 'ਚ ਗੌਰੀਨਾਥ ਦੇ ਬੱਚੇ ਦੀ ਮਾਂ ਨਹੀਂ ਬਣਨਾ ਚਾਹੁੰਦੀ ਸੀ। ਉਸ ਨਫ਼ਰਤ ਦਾ ਥੋੜ੍ਹਾ-ਬਹੁਤਾ ਅੰਦਾਜ਼ਾ ਗੌਰੀਨਾਥ ਨੂੰ ਵੀ ਸੀ ਪਰ ਉਸਦੀ ਮੁਸ਼ਕਿਲ ਇਹ ਸੀ ਕਿ ਉਸਦੀ ਭਾਸ਼ਾ 'ਚ ਇਸ ਨਫ਼ਰਤ ਦਾ ਅਨੁਵਾਦ ਬਦਚਲਨੀ ਦੇ ਨੇੜੇ ਜਾ ਕੇ ਠਹਿਰਦਾ ਸੀ। ਘਰਵਾਲਾ ਕਿਹੋ ਜਿਹਾ ਵੀ ਹੋਵੇ ਉਸ ਨਾਲ ਨਫ਼ਰਤ ਇਕ ਅਸੰਭਵ ਧਾਰਨਾ ਸੀ। ਕਦੇ ਉਪਰੋਂ ਉਹ ਆਪਣੇ 'ਚ ਕੋਈ ਕਮੀ ਨਹੀਂ ਦੇਖ ਸਕਿਆ। ਜਵਾਨ ਸੀ। ਸਰਕਾਰੀ ਨੌਕਰੀ ਕਰ ਰਿਹਾ ਸੀ। ਖੇਤੀਬਾੜੀ ਵੀ ਠੀਕ-ਠਾਕ ਸੀ। ਉਸਦੀ ਮਿਹਨਤ ਦੇ ਦਮ 'ਤੇ ਪਿਛਲੇ ਕਈ ਸਾਲਾਂ 'ਚ ਘਰ 'ਚ ਦਾਣੇ-ਫੱਕੇ ਦੀ ਕਦੇ ਕੋਈ ਘਾਟ ਨਹੀਂ ਸੀ। ਫੇਰ ਵੀ ਘਰਵਾਲੀ ਉਸਦਾ ਮਜ਼ਾਕ ਉਡਾਏ। ਸਭ ਕਲਯੁੱਗ ਦੀ ਮਹਿਮਾ ਸੀ।

ਗੌਰੀਨਾਥ ਕਦੇ ਨਹੀਂ ਜਾਣ ਸਕਿਆ ਕਿ ਜੋ ਇਕ ਮੁੰਡਾ ਦੀਪਕ ਹੋਇਆ, ਉਸਨੂੰ ਵੀ ਬੈਜੰਤੀ ਨੇ ਢਿੱਡ 'ਚ ਮਾਰਨ ਦੀਆ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਸਨ। ਉਹ ਇਨ੍ਹਾਂ ਘਾਤਕ ਕੋਸ਼ਿਸ਼ਾਂ ਨੂੰ ਝੱਲਦਿਆਂ ਵੀ ਬਚ ਨਿਕਲਿਆ। ਅਤੇ ਜਦ ਜੰਮਿਆ ਤਾਂ ਉਸਦਾ ਮੂੰਹ ਦੇਖ ਕੇ ਬੈਜੰਤੀ ਦੇ ਅੰਦਰ ਮਮਤਾ ਜਾਗ ਪਈ। ਇਹ ਬੱਚਾ ਦੀਨ-ਦੁਨੀਆਂ ਤੋਂ ਪੂਰੀ ਤਰ੍ਹਾਂ ਬੇਪਰਵਾਹ ਸੀ। ਬਚਪਨ ਤੋਂ ਹੀ ਉਹ ਪਤਾ ਨਹੀਂ ਕਿਹੜੀਆਂ ਚੀਜ਼ਾਂ 'ਚ ਗੁਆਚਿਆ ਰਹਿੰਦਾ। ਮੂੰਹ 'ਚੋਂ ਲਾਲ ਵਗਦੀ ਰਹਿੰਦੀ, ਮੱਖੀਆਂ ਭਿਣਭਿਣਾਉਂਦੀਆਂ ਰਹਿੰਦੀਆਂ, ਦੁੱਧ ਪੀਤਿਆਂ ਜਾਂ ਕੁਝ ਖਾਧਿਆਂ ਘੰਟੇ ਬੀਤ ਜਾਂਦੇ ਪਰ ਉਸਨੂੰ ਰੋਂਦਿਆਂ ਸ਼ਾਇਦ ਹੀ ਕਦੇ ਕਿਸੇ ਨੇ ਸੁਣਿਆ ਹੋਵੇ। ਇਉਂ ਹੀ ਵੱਡਾ



ਹੁੰਦਾ ਰਿਹਾ। ਹਵਾ 'ਚ ਕੁਝ ਬੁੜਬੁੜਾਉਂਦਾ, ਪਤਾ ਨਹੀਂ ਕਿਸ ਨਾਲ ਗੱਲਾਂ ਕਰਦਿਆਂ ਜਦਕਿ ਗੌਰੀਨਾਥ ਜਾਂ ਬੈਜੰਤੀ ਨਾਲ ਕੋਈ ਗੱਲ ਕੀਤਿਆਂ ਉਸਨੂੰ ਕਈ-ਕਈ ਦਿਨ ਬੀਤ ਜਾਂਦੇ। ਕਿਤੇ ਕਿਸੇ ਨੁੱਕਰੇ ਪਏ-ਪਏ ਪੂਰਾ ਦਿਨ ਬੀਤ ਜਾਂਦਾ ਅਤੇ ਉਸਨੂੰ ਖਾਣ-ਪੀਣ ਦੀ ਕੋਈ ਸੁਧ ਨਾ ਆਉਂਦੀ।

ਸਭ ਨੇ ਦੀਪਕ ਨੂੰ ਪਾਗਲ ਦਾ ਦਰਜਾ ਦੇ ਰੱਖਿਆ ਸੀ ਪਰ ਕਈ ਵਾਰ ਉਹ ਬਿਲਕੁਲ ਠੀਕ ਨਜ਼ਰ ਆਉਂਦਾ। ਅਜਿਹੇ ਹੀ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਗੌਰੀਨਾਥ ਉਸ ਨੂੰ ਦਾਖਲ ਕਰਾ ਆਇਆ ਸੀ। ਇਉਂ ਉਹ ਅਧਿਆਪਕਾਂ ਦੀ ਕਿਰਪਾ ਨਾਲ ਜਮਾਤ ਦਰ ਜਮਾਤ ਅੱਗੇ ਵੀ ਵਧਦਾ ਰਿਹਾ ਸੀ। ਉਸਨੂੰ ਪੂਰੀ ਤਰ੍ਹਾਂ ਨਾਲ ਪਾਗਲ ਉਸਦੇ ਅਧਿਆਪਕ ਵੀ ਨਹੀਂ ਕਹਿ ਸਕਦੇ ਸੀ। ਕਈ ਵਾਰ ਜਦ ਥੋੜ੍ਹੀ ਬਹੁਤ ਦੇਰ ਦੇ ਲਈ ਸਕੂਲ 'ਚ ਉਸਦੀ ਇਕਾਗਰਤਾ ਕਿਤਾਬਾਂ 'ਤੇ ਕੇਂਦਰਿਤ ਹੁੰਦੀ ਤਾਂ ਉਹ ਆਪਣੇ ਅਧਿਆਪਕਾਂ ਨੂੰ ਕੁਝ ਇਸ ਤਰ੍ਹਾਂ ਨਾਲ ਹੈਰਾਨ ਕਰ ਦਿੰਦਾ ਕਿ ਉਹ ਉਸਨੂੰ ਜੀਨੀਅਸ ਕਹਿਣ 'ਤੇ ਮਜ਼ਬੂਰ ਹੋ ਜਾਂਦੇ । ਇਹ ਸਭ ਬਹੁਤ ਥੋੜ੍ਹੀ ਦੇਰ ਲਈ ਹੁੰਦਾ। ਉਸਦੇ ਬਾਦ ਸਭ ਕੁਝ ਫੇਰ ਉਵੇਂ ਦਾ ਉਵੇਂ। ਉਹ ਬੇਹੱਦ ਸਾਧਾਰਣ ਸੁਆਲਾਂ ਦਾ ਜੁਆਬ ਵੀ ਨਹੀਂ ਦੇ ਸਕਦਾ। ਬਲਕਿ ਇਉਂ ਦਰਸਾਉਂਦਾ ਕਿ ਜਿਵੇਂ ਸੁਆਲ ਉਸਦੀ ਸਮਝ 'ਚ ਨਹੀਂ ਆ ਰਹੇ। ਅਧਿਆਪਕ ਉਸਦੀ ਇਸ ਹਰਕਤ ਤੋਂ ਚਿੜ ਜਾਂਦੇ। ਉਹਨਾਂ ਨੂੰ ਲਗਦਾ ਕਿ ਜਾਣ-ਬੁੱਝ ਕੇ ਉਹ ਬਦਮਾਸ਼ੀ ਕਰ ਰਿਹਾ ਹੈ। ਕਈ ਵਾਰ ਉਸਦੇ ਬੜੀ ਕੁੱਟ ਪਈ ਪਰ ਅਜਿਹੀ ਹਰ ਕੁੱਟ ਦੇ ਬਾਦ ਉਹ ਹੋਰ ਵੀ ਜ਼ਿਆਦਾ ਆਪਣੇ ਅੰਦਰ ਖੋ ਜਾਂਦਾ। ਥੱਕ-ਹਾਰ ਕੇ ਉਸਦੇ ਅਧਿਆਪਕਾਂ ਨੇ ਉਸਨੂੰ ਉਸਦੇ ਹਾਲ 'ਤੇ ਹੀ ਛੱਡ ਦਿੱਤਾ ਅਤੇ ਇਕ ਖਿਝ ਨਾਲ ਭਰਦੇ ਗਏ। ਇਸ ਹਦ ਤੱਕ ਕਿ ਹੁਣ ਜਦ ਕਦੇ ਉਸਨੂੰ ਜੀਨੀਅਸ ਹੋਣ ਦੇ ਦੌਰੇ ਪੈਂਦੇ ਤਾਂ ਉਹਨਾਂ ਨੂੰ ਉਸ 'ਤੇ ਪਿਆਰ ਨਾ ਆਉਂਦਾ, ਨਾ ਹੀ ਉਹ ਉਸ ਦੌਰੇ ਦਾ ਫੈਲਾਅ ਚਾਹੁੰਦੇ ਬਲਕਿ ਇਕ ਬੇਹੱਦ ਗੁੱਸਾ ਉਹਨਾਂ ਦੇ ਅੰਦਰ ਉਬਲਣ ਲਗਦਾ। ਅਜਿਹੇ ਸਮੇਂ ਉਸਨੂੰ ਕੁਟਾਈ ਦੇ ਇਕ ਦੌਰ ਦਾ ਕਈ ਵਾਰ ਸਾਹਮਣਾ ਕਰਨਾ ਪੈ ਜਾਂਦਾ... ਉਹ ਤੁਰੰਤ ਤਾਂ ਚੀਕਦਾ ਪਰ ਕੁਟਾਈ ਦੇ ਥੋੜ੍ਹੀ ਦੇਰ ਬਾਦ ਉਹ ਉਸੇ ਹਾਲ 'ਚ ਪਹੁੰਚ ਜਾਂਦਾ ਜੋ ਸਮਾਧੀ ਦੇ ਬਰਾਬਰ ਹੁੰਦੀ। ਇਸੇ ਹਾਲਤ 'ਚ ਉਹ ਕਈ ਵਾਰ ਜਿਥੇ ਬੈਠਾ ਹੁੰਦਾ ਉਥੇ ਹੀ ਪਿਸ਼ਾਬ ਤੱਕ ਕਰ ਦਿੰਦਾ...। ਸਕੂਲ ਬੰਦ ਹੋ ਜਾਂਦਾ ਉਹ ਉਥੇ ਹੀ ਪਿਆ ਰਹਿੰਦਾ ਇਕੱਲਾ। ਕੋਈ ਜਾਂਦਾ ਅਤੇ ਉਸਨੂੰ ਲੈ ਆਉਂਦਾ।

## ਕਰਮਯੋਗੀ ਗੌਰੀਨਾਥ

ਉਸਦੇ ਮਨ 'ਚ ਬਹੁਤ ਸਾਰੇ ਸੁਆਲ ਉੱਠਦੇ ਸਨ ਜਿਨ੍ਹਾਂ ਦਾ ਜੁਆਬ ਕਲਯੁੱਗ ਵੀ ਨਹੀਂ ਦੇ ਸਕਦਾ ਸੀ। ਏਨ੍ਹਾਂ ਸੁਆਲਾਂ ਤੋਂ ਬਚਣ ਲਈ ਉਸਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸਾਰੇ ਕੰਮਾਂ 'ਚ ਝੋਕ ਦਿੱਤਾ। ਦਹੇਜ ਵਿਚ ਮਿਲੀ ਉਹ ਜੇਬ-ਘੜੀ ਉਸਦੇ ਹਮੇਸ਼ਾ ਕੋਲ ਰਹਿੰਦੀ। ਬਾਰਾਂ ਮਹੀਨੇ ਉਸ 'ਚ ਸਵੇਰ ਦੇ ਚਾਰ ਵਜੇ ਦਾ ਅਲਾਰਮ ਲੱਗਿਆ ਰਹਿੰਦਾ, ਹਾਲਾਂਕਿ ਉਸਦੀ ਲੋੜ ਸ਼ਾਇਦ ਹੀ ਕਦੇ ਪੈਂਦੀ । ਸਾਰੇ ਪਿੰਡ 'ਚ ਉਸ ਵਰਗਾ ਮਿਹਨਤੀ ਕੋਈ ਹੋਰ ਮਿਲਣਾ ਔਖਾ ਸੀ। ਤੜਕੇ ਉੱਠਦੇ ਹੀ ਗੜਬੀ ਲੈ ਕੇ ਜੰਗਲ-ਪਾਣੀ ਲਈ ਨਿਕਲ ਜਾਂਦਾ। ਇਹ ਥਾਂ ਉਸਦਾ ਹੀ ਕੋਈ ਖੇਤ ਹੁੰਦੀ। ਉਹ ਹਰ ਹਾਲ 'ਚ ਜੰਗਲ-ਪਾਣੀ ਆਪਣੇ ਹੀ ਖੇਤ 'ਚ ਜਾਂਦਾ। ਏਥੋਂ ਤੱਕ ਕਿ ਘਰ ਦੇ ਦੂਜੇ ਜੀਆਂ ਨੂੰ ਵੀ ਅਜਿਹਾ ਹੀ ਕਰਨ ਲਈ ਆਖਦਾ। ਉਸਦੇ ਹਿਸਾਬ ਨਾਲ ਇਹ ਜੈਵਿਕ ਖਾਦ ਸੀ ਜੋ ਉਹ ਆਪਣੇ ਖੇਤਾਂ 'ਚ ਛੱਡ ਕੇ ਆਉਂਦਾ ਸੀ। ਇਸਦਾ ਦੂਜਾ ਫਾਇਦਾ ਇਹ

ਵੀ ਸੀ ਕਿ ਇਸੇ ਬਹਾਨੇ ਉਹ ਰੋਜ਼ਾਨਾ ਆਪਣੇ ਖੇਤਾਂ 'ਚ ਜਾਂਦਾ। ਜੰਗਲ-ਪਾਣੀ ਜਾਣ ਤੋਂ ਪਹਿਲਾਂ ਉਹ ਪਸ਼ੂਆਂ ਨੂੰ ਬਾੜੇ 'ਚੋਂ ਕੱਢ ਕੇ ਸੰਨ੍ਹੀ ਰਲਾਉਂਦਾ। ਜਿਸ ਨਾਲ ਕਿ ਜੰਗਲ-ਪਾਣੀ ਤੋਂ ਆਉਂਦੇ ਹੀ ਉਹ ਦੁੱਧ ਬਗੈਰਾ ਚੋ ਸਕੇ ਜਾਂ ਕਿ ਬਲਦਾਂ ਨੂੰ ਖੇਤ 'ਚ ਲਿਜਾ ਸਕੇ। ਉਸਨੇ ਕਦੇ ਮੱਝ ਨਹੀਂ ਰੱਖੀ। ਮੱਝ ਉਸਦੀ ਨਜ਼ਰ 'ਚ ਰਾਖਸ਼ੀ ਪ੍ਰਵਿਰਤੀਆਂ ਦਾ ਪਸ਼ੂ ਸੀ। ਉਸਦੀ ਇਸ ਸੋਚ ਦੇ ਪਿੱਛੇ ਮਹਿਸ਼ਾਸੁਰ ਨਾਂ ਦੇ ਰਾਖਸ਼ ਦੀ ਧਾਰਮਿਕ ਕਥਾ ਤੋਂ ਲੈ ਕੇ ਬਹੁਤ ਸਾਰੀਆਂ ਲੋਕ ਕਥਾਵਾਂ ਦਾ ਹੱਥ ਸੀ ਜੋ ਉਸਦੇ ਪਿਤਾ ਨੇ ਉਸਦੀ ਮਾਂ ਦੇ ਨਾ ਰਹਿਣ 'ਤੇ ਉਸਨੂੰ ਸੁਣਾਈਆਂ ਸਨ। ਉਸਨੂੰ ਅਜਿਹੇ ਬਹੁਤ ਸਾਰੇ ਕਿੱਸੇ ਯਾਦ ਸਨ, ਜਿਨ੍ਹਾਂ 'ਚ ਮੱਝਾਂ ਦਾ ਸਬੰਧ ਵਿਸ਼ਾਲ ਸਿੰਗਾਂ ਵਾਲੇ ਰਾਖਸ਼ਾਂ ਨਾਲ ਜੁੜਦਾ ਸੀ।

ਗਾਂ ਚੋਣ ਤੋਂ ਪਹਿਲਾਂ ਉਹ ਗੋਹਾ ਬਾਹਰ ਕੱਢਦਾ। ਬੈਜੰਤੀ ਗੋਹੇ ਦੀਆਂ ਪਾਥੀਆਂ ਪੱਥਦੀ। ਬਚਿਆ ਹੋਇਆ ਜਾਂ ਪਾਥੀਆਂ ਨਾ ਪੱਥਣ ਲਾਇਕ ਗੋਹੇ ਕੂੜੇ ਦੇ ਢੇਰ 'ਚ ਸੁੱਟਿਆ ਜਾਂਦਾ ਜਿੱਥੇ ਸੜ ਕੇ ਉਹ ਖਾਦ ਬਣਦਾ। ਪਸ਼ੂਆਂ ਨੂੰ ਨਵਾਉਣ ਲਈ ਐਤਵਾਰ ਦਾ ਇਕ ਦਿਨ ਤੈਅ ਸੀ ਪਰ ਕੋਈ ਪਸ਼ੂ ਕਿਸੇ ਦਿਨ ਬਹੁਤਾ ਗੰਦਾ ਦਿਖਾਈ ਦਿੰਦਾ ਤਾਂ ਇਹ ਕੰਮ ਕਦੇ ਵੀ ਕੀਤਾ ਜਾ ਸਕਦਾ ਸੀ। ਇਹ ਸਭ ਕੰਮ ਹਰ ਹਾਲ 'ਚ ਸੱਤ ਵਜੇ ਤੱਕ ਹੋ ਜਾਂਦੇ । ਉਸਦੇ ਬਾਦ ਉਹ ਲੋੜ ਅਨੁਸਾਰ ਹਲ ਬਲ਼ਦ, ਫੌੜਾ, ਜਾਂ ਖੁਰਪੀ ਚੁੱਕਦਾ ਅਤੇ ਖੇਤ ਚਲਾ ਜਾਂਦਾ। ਉਹ ਖੇਤਾਂ 'ਚ ਕਿਸੇ ਘਾਹ ਦੀ ਜੜ ਤੱਕ ਨਾ ਰਹਿਣ ਦਿੰਦਾ। ਇਹ ਉਸਦੇ ਲਈ ਦੋਹਰੇ ਲਾਭ ਦਾ ਕੰਮ ਸੀ। ਇਕ ਪਾਸੇ ਜਿੱਥੇ ਖੇਤ ਸਾਫ਼ ਹੁੰਦੇ ਅਤੇ ਫਸਲਾਂ ਨੂੰ ਮਿਲਣ ਵਾਲੀ ਧੁੱਪ, ਖਾਦ ਅਤੇ ਪਾਣੀ ਦਾ ਵੰਡਾਰਾ ਨਾ ਹੁੰਦਾ ਉਥੇ ਦੂਜੇ ਪਾਸੇ ਪਸੂਆਂ ਨੂੰ ਹਰ ਰੋਜ਼ ਹਰਾ ਘਾਹ ਵੀ ਚਾਰੇ ਦੇ ਰੂਪ 'ਚ ਮਿਲਦਾ । ਗੌਰੀਨਾਥ ਇਹ ਵੀ ਮੰਨਦਾ ਸੀ ਕਿ ਕੁਦਰਤੀ ਪੈਦਾ ਹੋਏ ਘਾਹ 'ਚ ਕਿਸੇ ਵਰਸੀਮ ਜਾਂ ਚਰੀ ਵਰਗੇ ਬੀਜੇ ਗਏ ਚਾਰੇ ਨਾਲੋਂ ਜ਼ਿਆਦਾ ਪੌਸ਼ਟਿਕਤਾ ਹੁੰਦੀ ਹੈ।

ਚਾਰਾ ਕੱਟਣ ਵਾਲੀ ਮਸ਼ੀਨ 'ਚ ਚਾਰਾ ਕੱਟਣਾ ਆਮ ਤੌਰ 'ਤੇ ਬਦਰੀ ਅਤੇ ਬੈਜੰਤੀ ਦਾ ਕੰਮ ਸੀ। ਖੇਤੋਂ ਉਹ ਲਗਭਗ ਨੌਂ ਸਾਢੇ ਨੌਂ ਮੁੜਦਾ। ਨ੍ਹਾਉਂਦਾ ਅਤੇ ਪੂਜਾ ਪਾਠ ਕਰਨ ਬੈਠ ਜਾਂਦਾ। ਪੂਜਾ ਘੱਟੋ-ਘੱਟ ਘੰਟਾ ਕੁ ਚਲਦੀ ਪਰ ਕਦੇ ਕਦੇ ਲੋੜ ਦੇ ਅਨੁਸਾਰ ਘੱਟ-ਵੱਧ ਵੀ ਜਾਂਦੀ। ਮੰਨ ਲਉ ਕਿ ਸਕੂਲ 'ਚ ਡਿਪਟੀ ਸਾਹਿਬ ਜਾਂ ਕੋਈ ਅਧਿਕਾਰੀ ਆਉਣ ਨੂੰ ਹੋਵੇ ਤਾਂ ਉਹ ਖੇਤੋਂ ਨੌਂ ਵਜੇ ਹੀ ਮੁੜ ਆਉਂਦਾ। ਪੂਜਾ ਵੀ ਛੇਤੀ-ਛੇਤੀ ਹੋ ਜਾਂਦੀ। ਉੱਠਦਾ-ਉੱਠਦਾ ਉਹ ਭਗਵਾਨ ਨੂੰ ਵਚਨ ਦਿੰਦਾ ਕਿ ਅਗਲੇ ਦਿਨ ਇਸ ਸਮੇਂ ਦੀ ਭਰਪਾਈ ਕਰ ਦੇਵੇਗਾ। ਇਸ ਤਰ੍ਹਾਂ ਮੰਨ ਲਉ ਕਿ ਉਹ ਪੂਜਾ 'ਤੇ ਬੈਠਾ ਹੈ ਅਤੇ ਕੋਈ ਮਜ਼ਦੂਰ ਮਜ਼ਦੂਰੀ ਦੇ ਲਈ ਆ ਜਾਵੇ ਤਾਂ ਅਕਸਰ ਉਸਦੀ ਪੂਜਾ ਏਨੀ ਲੰਬੀ ਹੋ ਜਾਂਦੀ ਕਿ ਮਜ਼ਦੂਰ ਅੱਕ ਕੇ ਚਲਾ ਹੀ ਜਾਵੇ। ਅਜਿਹਾ ਨਹੀਂ ਸੀ ਕਿ ਉਹ ਮਜ਼ਦੂਰਾਂ ਨੂੰ ਪੈਸੇ ਨਹੀਂ ਦਿੰਦਾ ਸੀ ਪਰ ਅਜਿਹੇ ਕੰਮ ਉਸ ਦੇ ਹੋਰ ਵਾਧੂ ਰੁਝੇਵਿਆਂ ਦੀ ਤਰ੍ਹਾਂ ਹੀ ਸਨ। ਅਤੇ ਚੀਜ਼ਾਂ ਦੇ ਮਾਮਲੇ 'ਚ ਵੀ ਉਹ ਐਵੇਂ ਹੀ ਬਹੁਤ ਕੁਝ ਕਰਦਾ ਰਿਹਾ। ਅਜਿਹਾ ਨਹੀਂ ਕਿ ਉਹ ਆਪਣੇ ਮੁੰਡੇ ਦੀਪਕ ਨੂੰ ਕੋਈ ਵਿਸ਼ੇਸ਼ ਪਿਆਰ ਕਰਦਾ ਹੋਵੇ ਪਰ ਸਕੂਲ 'ਚ ਬੱਚਿਆਂ ਦੇ ਲਈ ਆਇਆ ਹੋਇਆ ਝੂਲਾ ਉਸਦੇ ਬੂਹੇ 'ਤੇ ਲਾਇਆ ਹੋਇਆ ਮਿਲਦਾ। ਸਕੂਲ 'ਚ ਆਈਆਂ ਦਰੀਆਂ ਨਾਲ ਉਸਦਾ ਘਰ ਭਰਿਆ ਸੀ।

ਪਰ ਇਸ ਸਭ ਦੇ ਪਿੱਛੇ ਬੱਚਿਆਂ ਦੀ ਕਾਮਨਾ ਤਾਂ ਸੀ ਹੀ। ਉਹ ਬਹੁਤ ਸਾਰੇ ਬੱਚੇ ਚਾਹੁੰਦਾ ਸੀ। ਅਜਿਹੇ ਬੱਚੇ ਜਿਨ੍ਹਾਂ 'ਚ ਉਸਦਾ ਆਪਣਾ ਅੰਸ਼ ਹੋਵੇ। ਦੇਖਣ ਵਾਲੇ ਨੂੰ ਜਿਨ੍ਹਾਂ 'ਚ ਉਸਦਾ ਅਕਸ ਦਿਖੇ। ਇਹ ਉਸਦੀ ਸਭ ਤੋਂ ਵੱਡੀ ਲਾਲਸਾ ਸੀ ਪਰ ਅਜਿਹਾ ਹੋਣਾ ਸੰਭਵ ਹੀ



ਨਹੀਂ ਦਿਖ ਰਿਹਾ ਸੀ। ਲੈ ਦੇ ਕੇ ਉਸਦੇ ਇਕ ਮੁੰਡਾ ਹੀ ਪੈਦਾ ਹੋਇਆ। ਉਹ ਵੀ ਅਜਿਹਾ ਜਿਸ 'ਚ ਆਪਣਾ ਅਕਸ ਦੇਖਣਾ ਉਸਦੇ ਲਈ ਕਦੇ ਵੀ ਸੰਭਵ ਨਹੀਂ ਹੋਇਆ। ਗੌਰੀ ਉਸ ਬੱਚੇ ਦਾ ਮੂੰਹ ਦੇਖਦਾ ਅਤੇ ਸ਼ੱਕ 'ਚ ਘਿਰ ਜਾਂਦਾ। ਇਹ ਕਿਸ ਦੀ ਔਲਾਦ ਹੋ ਸਕਦੀ ਹੈ। ਕਿਸਦਾ ਪਾਪ ਉਸਦੇ ਖੇਤ 'ਚ ਇਸ ਰੂਪ 'ਚ ਪੈਦਾ ਹੋਇਆ ਹੈ। ਇਹ ਸੁਆਲ ਉਸਦੇ ਮਨ 'ਚ ਹਮੇਸ਼ਾ ਉਤਰਦੇ ਅਤੇ ਉਸਨੂੰ ਬੇਚੈਨ ਕਰੀ ਰੱਖਦੇ । ਇਸ ਬੱਚੇ ਦੇ ਬਾਦ ਗੌਰੀ ਨੇ ਅਗਲੇ ਬੱਚਿਆਂ ਦੇ ਲਈ ਬਹੁਤ ਸਾਰੀਆ ਕੋਸ਼ਿਸ਼ਾਂ ਕੀਤੀਆਂ ਪਰ ਬੈਜੰਤੀ ਨੇ ਉਹਨਾਂ ਨੂੰ ਕਦੇ ਸੰਭਵ ਨਹੀਂ ਹੋਣ ਦਿੱਤਾ। ਗੌਰੀ ਨੂੰ ਇਹ ਵੀ ਆਪਣੀ ਘਰਵਾਲੀ ਦੀ ਬਦਚਲਣੀ ਦਾ ਹੀ ਸਬੂਤ ਲਗਦਾ। ਉਹ ਵਾਰ-ਵਾਰ ਬੈਜੰਤੀ ਦੀ ਬਦਚਲਣੀ ਬਾਰੇ ਸੋਚਦਾ ਅਤੇ ਉਸਨੂੰ ਲਗਦਾ ਕਿ ਇਸ ਕਾਰਨ ਕਰਕੇ ਬੈਜੰਤੀ ਦੀ ਕੁਖ ਬੰਜਰ ਹੋ ਗਈ ਹੈ। ਇਸ ਲਈ ਇਕ ਬੱਚਾ ਆਇਆ ਵੀ ਤਾਂ ਉਹ ਵੀ ਅਜਿਹਾ ਜਿਸਦੀ ਗਿਣਤੀ ਹੀ ਨਾ ਕੀਤੀ ਜਾ ਸਕੇ।

ਇਸ ਦੌਰਾਨ ਜ਼ਿੰਦਗੀ ਆਪਣੀ ਰਫਤਾਰ ਨਾਲ ਚਲਦੀ ਰਹੀ। ਭੈਣ ਦਾ ਮੁਕਲਾਵਾ ਹੋਇਆ। ਦੂਸਰੀ ਭੈਣ ਦਾ ਵਿਆਹ ਹੋਇਆ। ਦੋਵੇਂ ਭੈਣਾਂ ਆਪਣੇ ਸਹੁਰੇ ਚਲੀਆਂ ਗਈਆਂ। ਬਦਰੀਨਾਥ ਦਾ ਵੀ ਵਿਆਹ ਹੋਇਆ। ਮੁਕਲਾਵਾ ਹੋਇਆ ਅਤੇ ਬਦਰੀ ਦੀ ਘਰਵਾਲੀ ਰੂਪਾ ਵੀ ਘਰ ਆ ਗਈ। ਏਥੋਂ ਤੱਕ ਕਿ ਬਦਰੀ ਨਾਥ ਵੱਡੇ ਭਾਈ ਤੋਂ ਅੱਡ ਹੋ ਗਿਆ। ਮਾਤਾਫੇਰ ਪੂਰੀ ਤਰ੍ਹਾਂ ਸਾਧੂਆਂ ਵਰਗਾ ਹੋ ਗਿਆ। ਹੁਣ ਉਹ ਲੰਬੇ-ਲੰਬੇ ਸਮੇਂ ਤੱਕ ਗਾਇਬ ਰਹਿੰਦਾ। ਉਸਨੇ ਉਸੇ ਗੰਗਾ-ਕਿਨਾਰੇ ਵਾਲੇ ਸਾਧ ਤੋਂ ਦੀਖਿਆ ਲੈ ਲਈ ਸੀ ਅਤੇ ਵੈਰਾਗੀ ਹੋ ਗਿਆ ਸੀ। ਕਈ ਵਾਰ ਲੰਬੇ ਸਮੇਂ ਤੱਕ ਉਹ ਆਸ਼ਰਮ 'ਚੋਂ ਵੀ ਗਾਇਬ ਰਹਿੰਦਾ। ਆ ਕੇ ਦੱਸਦਾ ਕਿ ਇਸ ਧਾਮ ਜਾਂ ਉਸ ਧਾਮ ਦੀ ਯਾਤਰਾ 'ਤੇ ਗਿਆ ਸੀ। ਆਉਂਦੇ ਹੀ, ਪ੍ਰਸਾਦ ਵਗੈਰਾ ਵੰਡਦਾ ਜੋ ਵੀ ਆਪਣੇ ਨਾਲ ਲਿਆਇਆ ਹੁੰਦਾ। ਕਈ ਵਾਰ ਕੁਝ ਨਿੱਕੇ-ਮੋਟੇ ਸਮਾਨ ਵੀ ਹੁੰਦੇ ਤਾਂ ਕਈ ਵਾਰ ਕੁਝ ਰੁਪਏ ਵੀ। ਘਰੇ ਆ ਕੇ ਉਹ ਖਾਲੀ ਹੋ ਜਾਂਦਾ ਅਤੇ ਫੇਰ ਆਸ਼ਰਮ ਵੱਲ ਚਲਾ ਜਾਂਦਾ।

ਇਉਂ ਹੀ ਇਕ ਵਾਰ ਉਹ ਆਇਆ ਤਾਂ ਉਸਦਾ ਧਿਆਨ ਇਸ ਗੱਲ 'ਤੇ ਗਿਆ ਕਿ ਕਾਫੀ ਦਿਨ ਹੋ ਗਏ ਗੌਰੀ ਦੀ ਕੋਈ ਹੋਰ ਔਲਾਦ ਨਹੀਂ ਹੋਈ। ਉਸਨੇ ਗੌਰੀ ਨੂੰ ਆਪਣੇ ਕੋਲ ਬੁਲਾਕੇ ਬਿਠਾਇਆ ਅਤੇ ਕੁਝ ਅਜਿਹੀਆਂ ਜੜੀ-ਬੂਟੀਆਂ ਅਤੇ ਉਨ੍ਹਾਂ ਤੋਂ ਬਣੀਆਂ ਦਵਾਈਆਂ ਦੇ ਬਾਰੇ 'ਚ ਦੱਸਿਆ ਜਿਨ੍ਹਾਂ ਦੇ ਦਮ 'ਤੇ ਔਰਤ ਨੂੰ ਪੂਰੀ ਤਰ੍ਹਾਂ ਵਸ 'ਚ ਕੀਤਾ ਜਾ ਸਕਦਾ ਸੀ। ਮਾਤਾਫੇਰ ਦੇ ਅਨੁਸਾਰ ਇਹਨਾਂ ਦਵਾਈਆਂ 'ਚ ਏਨੀ ਤਾਕਤ ਸੀ ਕਿ ਉਹ ਕਿਸੇ ਕੰਧ ਨੂੰ ਵੀ ਬੱਚਾ ਪੈਦਾ ਕਰਨ ਲਈ ਮਜ਼ਬੂਰ ਕਰ ਸਕਦੀਆਂ ਸਨ। ਕੁਝ ਦਵਾਈਆਂ ਕਿਸੇ ਬਹਾਨੇ ਨਾਲ ਬੈਜੰਤੀ ਨੂੰ ਖੁਆਣੀਆਂ ਪੈਣਗੀਆਂ ਅਤੇ ਕੁਝ ਗੌਰੀ ਨੂੰ ਖਾਣੀਆਂ ਪੈਣਗੀਆਂ। ਗੌਰੀ ਨੇ ਪੂਰੀ ਲਗਨ ਨਾਲ ਉਹ ਦਵਾਈਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਪਿਤਾ ਤੋਂ ਹਾਸਿਲ ਹੋਈ ਤਾਕਤ ਦੇ ਦਮ 'ਤੇ ਬੈਜੰਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਵੀ ਮਾਤਾਫੇਰ ਦੀਆਂ ਦਿੱਤੀਆਂ ਦਵਾਈਆਂ ਖਾ ਲਵੇ। ਉਸਨੇ ਪਤਨੀ ਨੂੰ ਸਮਝਾਇਆ ਕਿ ਬੱਚਿਆਂ ਲਈ ਕੋਸ਼ਿਸ਼ ਕਰਨ ਦੇ ਹਿਸਾਬ ਨਾਲ ਹਾਲੇ ਕੋਈ ਦੇਰ ਨਹੀਂ ਹੋਈ ਹੈ ਅਤੇ ਹਾਲੇ ਵੀ ਉਹ ਕਈ ਮੁੰਡਿਆਂ ਦੀ ਮਾਂ ਬਣ ਸਕਦੀ ਹੈ। ਗੌਰੀ ਨੇ ਬੈਜੰਤੀ ਨੂੰ ਇਹ ਗੱਲ ਆਪਣੇ ਵੱਲੋਂ ਬੜੇ ਲਗਾਅ ਨਾਲ ਕਹੀ ਸੀ, ਜਿਸ ਨਾਲ ਕਿ ਉਹ ਦਵਾਈ ਖਾਣ ਲਈ ਮੰਨ ਜਾਵੇ। ਬੈਜੰਤੀ ਨੇ ਆਪਣੇ ਉਸ ਮਜ਼ਾਕ ਨਾਲ ਦਵਾਈ ਖਾਣ ਦੀ ਮੰਜ਼ੂਰੀ ਦੇ ਦਿੱਤੀ।

ਬੈਜੰਤੀ ਨੂੰ ਇਹ ਦਵਾਈ ਗੌਰੀਨਾਥ ਆਪ ਆਪਣੇ ਹੱਥ ਨਾਲ ਖੁਆਉਂਦਾ। ਬੈਜੰਤੀ ਨੇ ਉਹਨਾਂ ਦਵਾਈਆਂ ਨੂੰ ਖਾਣ 'ਚ ਕਦੇ ਟਾਲ-ਮਟੋਲ ਨਹੀਂ ਕੀਤੀ। ਉਸਤੋਂ ਬਿਹਤਰ ਕੌਣ ਜਾਣਦਾ

ਸੀ ਕਿ ਉਸਨੂੰ ਅਜਿਹੀ ਕਿਸੇ ਦਵਾਈ ਦੀ ਕੋਈ ਲੋੜ ਨਹੀਂ ਸੀ। ਉਹ ਇਹ ਬਿਹਤਰ ਜਾਣਦੀ ਸੀ ਕਿ ਬੱਚੇ ਆਉਂਦੇ ਆਉਂਦੇ ਕਿੱਥੇ ਰੁੱਕ ਜਾਂਦੇ ਸਨ ਅਤੇ ਉਹਨਾਂ ਨੇ ਰੁਕਦੇ ਹੀ ਜਾਣਾ ਸੀ। ਬੈਜੰਤੀ 'ਚ ਇਕ ਜ਼ਿੱਦ ਸੀ ਕਿ ਉਸਨੇ ਗੌਰੀਨਾਥ ਦੇ ਬੱਚੇ ਦੀ ਮਾਂ ਹੁਣ ਨਹੀਂ ਬਣਨਾ ਹੈ ਤਾਂ ਨਹੀਂ ਬਣਨਾ ਹੈ। ਇਕ ਬੱਚੇ ਦੇ ਜਨਮ ਦੇ ਮਾਮਲੇ 'ਚ ਜੋ ਗਲਤੀ ਉਸਤੋਂ ਹੋ ਗਈ ਸੀ ਉਸਨੂੰ ਉਹ ਫੇਰ ਦੁਹਰਾਉਣਾ ਨਹੀਂ ਚਾਹੁੰਦੀ ਸੀ। ਅਜਿਹਾ ਨਹੀਂ ਸੀ ਕਿ ਉਸ 'ਚ ਕੋਈ ਮਮਤਾ ਨਹੀਂ ਸੀ। ਉਹ ਮਾਂ ਬਣਨ ਦੀ ਤੀਬਰ ਲਾਲਸਾ ਨਾਲ ਭਰੀ ਹੋਈ ਸੀ। ਮਾਂ ਬਣਨਾ ਉਸਦੇ ਲਈ ਵੀ ਚੰਗੇ ਭਾਗਾਂ ਦੀ ਗੱਲ ਸੀ। ਕਈ ਬੱਚਿਆਂ ਦੀ ਮਾਂ ਹੋਣਾ ਇਕ ਮਾਣ ਵਾਲੀ ਗੱਲ ਸੀ। ਉਸਨੇ ਆਸੇ-ਪਾਸੇ ਇਹੀ ਦੇਖਿਆ-ਸੁਣਿਆ ਸੀ। ਉਹ ਹਾਲੇ ਵੀ ਉਸ ਮਾਣਮੱਤੇ ਸੁਪਨੇ ਦੀ ਕਲਪਨਾ ਕਰਦੀ ਸੀ। ਕਿਉਂਕਿ ਉਹ ਇਕ ਬੱਚਾ, ਜਿਸ ਨੇ ਉਸਦੀ ਕੁੱਖੋਂ ਜਨਮ ਲਿਆ ਸੀ, ਉਹ ਉਸਦੀ ਪੈਦਾਇਸ ਨੂੰ ਗਲਤ ਤਰੀਕੇ ਨਾਲ ਪੇਸ਼ ਕਰਦਾ ਸੀ। ਹਾਲਾਂਕਿ ਇਹ ਗੱਲ ਵੀ ਬੈਜੰਤੀ ਤੋਂ ਚੰਗੀ ਤਰ੍ਹਾਂ ਕੋਈ ਨਹੀਂ ਜਾਣਦਾ ਸੀ ਕਿ ਇਸ ਵਿਚ ਉਸ ਬੱਚੇ ਦੀ ਕੋਈ ਗਲਤੀ ਨਹੀਂ ਸੀ। ਬਲਕਿ ਉਹ ਖ਼ੁਦ ਆਪਣੇ ਜਨਮ ਦੇਣ ਵਾਲਿਆਂ ਦੀ ਨਫ਼ਰਤ ਦੀ ਪੈਦਾਵਾਰ ਸੀ।

ਦਵਾਈਆਂ ਦਾ ਅਸਰ ਹੋਵੇ ਜਾਂ ਘਰ ਦੇ ਮਾਹੌਲ ਦਾ, ਇਹੀ ਦਿਨ ਸਨ ਜਦ ਬੈਜੰਤੀ 'ਚ ਮਮਤਾ ਦੀ ਲਾਲਸਾ ਹੋਰ ਤੇਜ਼ ਹੋਈ। ਉਸਨੂੰ ਲੱਗਿਆ ਕਿ ਪਤੀ ਦਾ ਵਿਹਾਰ ਅਤੇ ਉਸ ਪ੍ਰਤਿ ਨਫ਼ਰਤ ਆਪਣੀ ਥਾਂ 'ਤੇ ਹੈ ਪਰ ਮਾਂ ਬਣਨਾ ਉਸਦਾ ਹੱਕ ਹੈ। ਇਸਦੇ ਬਾਵਜੂਦ ਉਹ ਇਸ ਗੱਲ 'ਤੇ ਕਾਇਮ ਸੀ ਕਿ ਉਸਦੇ ਬੱਚਿਆਂ ਦਾ ਪਿਤਾ ਹੋਣ ਦਾ ਸੁਖ ਉਹ ਗੌਰੀਨਾਥ ਨੂੰ ਨਹੀਂ ਦੇਵੇਗੀ। ਫੇਰ ਉਸਨੇ ਆਪਣੇ ਆਸੇ-ਪਾਸੇ ਨਜ਼ਰ ਮਾਰੀ। ਉਸ ਤਰ੍ਹਾਂ ਦੇ ਲੋਕਾਂ ਦੀ ਕਿਤੇ ਕੋਈ ਕਮੀ ਨਹੀਂ ਸੀ ਜੋ ਇਸ ਕੰਮ 'ਚ ਉਸਦੇ ਮਦਦਗਾਰ ਹੋ ਸਕਦੇ ਸਨ। ਉਸਨੂੰ ਬਸ ਇਸ਼ਾਰਾ ਕਰਨ ਦੀ ਦੇਰ ਸੀ। ਹਾਲੇ ਉਸ 'ਤੇ ਰੂਪ ਅਤੇ ਜਵਾਨੀ ਡਲ੍ਹਕਾਂ ਮਾਰਦੀ ਸੀ। ਆਸੇ-ਪਾਸੇ ਜੋ ਦੁਨੀਆਂ ਸੀ ਉਸ 'ਚ ਇਸ ਨਾਲੋਂ ਜ਼ਿਆਦਾ ਇੱਛਾ ਸ਼ਾਇਦ ਹੀ ਕਿਸੇ ਨੂੰ ਸੀ। ਇਸ ਨਾਲੋਂ ਜ਼ਿਆਦਾ ਇੱਛਾ ਸਿਰਫ਼ ਗੌਰੀਨਾਥ ਵਰਗਿਆਂ ਨੂੰ ਹੀ ਹੋ ਸਕਦੀ ਸੀ। ਬੈਜੰਤੀ ਇਕ ਵਾਰ ਇਸ ਕੈਦ 'ਚੋਂ ਉਭਰ ਚੁੱਕੀ ਸੀ। ਫੇਰ ਇਸ 'ਚ ਫਸਣ ਦੀ ਕੋਈ ਇੱਛਾ ਉਸਦੇ ਮਨ 'ਚ ਨਹੀਂ ਸੀ। ਇਕ ਮਜ਼ਾਕ ਭਰੀ ਮੁਸਕਾਨ ਉਸ 'ਚ ਹਾਲੇ ਵੀ ਸਮਾਈ ਹੋਈ ਸੀ।

## ਜ਼ਹਿਰ ਦੀ ਖੇਤੀ

ਮਾਤਾਫੇਰ ਨੇ ਤੈਅ ਕਰ ਲਿਆ ਸੀ ਕਿ ਉਹ ਫੇਰ ਗੌਰੀਨਾਥ ਨੂੰ ਬਾਪ ਬਣਾਕੇ ਹੀ ਦਮ ਲਵੇਗਾ। ਉਸਦਾ ਆਉਣਾ ਜਾਣਾ ਵਧ ਗਿਆ ਸੀ। ਹੁਣ ਉਹ ਫੇਰ ਤੋਂ ਕਈ-ਕਈ ਦਿਨ ਤੱਕ ਘਰ ਹੀ ਰਹਿੰਦਾ। ਇਕ ਦੇ ਬਾਦ ਇਕ ਦਵਾਈਆਂ ਬਦਲਦਿਆਂ, ਨਵੀਆਂ-ਨਵੀਆਂ ਬੂਟੀਆਂ ਆਜਮਾਉਂਦੇ ਹੋਏ। ਦਰਅਸਲ ਇਸ ਦੌਰਾਨ ਖੁਦ ਉਸਨੂੰ ਛੋਟੇ ਬੱਚਿਆਂ ਨੂੰ ਗੋਦੀ 'ਚ ਖਿਡਾਉਣ ਦੀ ਇੱਛਾ ਨੇ ਪੂਰੀ ਤਰ੍ਹਾਂ ਨਾਲ ਜਕੜ ਲਿਆ ਸੀ। ਜਦ ਉਸਦੇ ਬੱਚੇ ਮਤਲਬ ਗੌਰੀ ਅਤੇ ਬਦਰੀ ਜਾਂ ਉਸ ਦੀਆਂ ਭੈਣਾਂ ਸਨ ਤਦ ਕਦੇ ਉਸ 'ਚ ਇਉਂ ਕਦੇ ਪਿਆਰ ਨਹੀਂ ਆਇਆ। ਉਦੋਂ ਹੋਰ ਖੁਮਾਰੀਆਂ ਸਨ। ਪਤਨੀ ਨਾਲ ਜਿਸ ਤਰ੍ਹਾਂ ਦਾ ਉਸਦਾ ਸਬੰਧ ਸੀ, ਬੱਚਿਆਂ ਨੂੰ ਗੋਦੀ ਚੁੱਕਦਿਆਂ ਜਾਂ ਦੁਲਾਰਦਿਆਂ ਉਹ ਵੀ ਵਾਰ ਵਾਰ ਵਿਚਾਲੇ ਆਇਆ। ਘਰਵਾਲੀ ਦੀ ਠੰਡੀ ਹੁਕਮ ਉਦੂਲੀ ਨੇ ਵੀ ਉਸ 'ਚ ਇਕ ਨਿਰਪੇਖਤਾ ਭਰ ਦਿੱਤੀ ਸੀ ਜਿਸਦੇ ਸਿੱਟੇ ਵਜੋਂ ਉਸਨੂੰ ਜਿਸ ਦਿਨ ਲੱਗਿਆ ਕਿ ਹੁਣ ਘਰਵਾਲੀ ਇਸ ਲਾਇਕ ਨਹੀਂ ਰਹੀ ਕਿ ਉਸ 'ਤੇ ਨਜ਼ਰ ਰੱਖੀ ਜਾਵੇ ਉਸੇ ਦਿਨ ਉਹ ਘਰ



'ਚ ਵੀ ਬੇਲਾਗ ਹੋ ਗਿਆ। ਅੱਜ ਉਸਨੂੰ ਪਤਾ ਹੈ ਕਿ ਇਧਰ-ਉਧਰ ਭਟਕਦਿਆਂ ਉਹ ਉਹਨਾਂ ਦਿਨਾਂ ਦੀ ਘਾਟ ਦੇ ਸੰਤਾਪ ਨੂੰ ਜਿਉਂਦਾ ਹੈ। ਇਹ ਕਮੀ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਸੀ ਜਿਸਦੀ ਪੂਰਤੀ ਉਹ ਬਹੁਤ ਸਾਰੇ ਪੋਤੇ ਗੋਦੀ 'ਚ ਖਿਡਾਕੇ ਪੂਰੀ ਕਰਨਾ ਚਾਹੁੰਦਾ ਸੀ।

ਆਪਣੀ ਇਸ ਲਾਲਸਾ 'ਚ ਮਾਤਾਫੇਰ ਕੁਝ ਇਸ ਤਰ੍ਹਾਂ ਬੇਬਾਕ ਸੀ ਕਿ ਇਹ ਗੱਲ ਉਸਨੇ ਇਕ ਦਿਨ ਗੌਰੀਨਾਥ ਨੂੰ ਵੀ ਦੱਸ ਦਿੱਤੀ। ਗੌਰੀਨਾਥ ਜੋ ਇਹਨੀਂ ਦਿਨੀਂ ਪਿਤਾ ਦੇ ਵੈਦਿਕ ਗਿਆਨ 'ਚ ਡੁੱਬਿਆ ਹੋਇਆ ਸੀ ਉਹ ਪਿਤਾ ਦੀ ਇਸ ਘਾਟ ਨਾਲ ਬੇਚੈਨ ਹੋ ਗਿਆ। ਪਰ ਇਹ ਬੇਚੈਨੀ ਪਿਤਾ ਦੇ ਲਈ ਨਾ ਹੋ ਕੇ ਆਪਣੇ ਹੀ ਲਈ ਸੀ। ਉਹ ਇਹਨੀਂ ਦਿਨੀਂ ਪਿਤਾ ਦੇ ਨਾਲ ਬੜਾ ਸਮਾਂ ਗੁਜ਼ਾਰ ਰਿਹਾ ਸੀ। ਇਹ ਪਿਤਾ ਨੂੰ ਲੈ ਕੇ ਉਹਨਾਂ ਦੇ ਅੰਦਰ ਜੋ ਘਾਟ ਸੀ ਕੁਝ-ਕੁਝ ਉਸਦੀ ਕਮੀ ਪੂਰੀ ਕਰਨ ਵਰਗੀ ਗੱਲ ਸੀ। ਉਹ ਪਿਤਾ ਦੇ ਨਾਲ ਖੁਸ਼ ਸੀ। ਉਹ ਇਸ ਗੱਲੋਂ ਵੀ ਬੜਾ ਖੁਸ਼ ਸੀ ਕਿ ਦੇਰ ਨਾਲ ਹੀ ਸਹੀ ਪਰ ਪਿਤਾ ਉਸਦੇ ਲਈ ਫ਼ਿਕਰਮੰਦ ਹਨ। ਪਿਤਾ ਦੀ ਪੋਤੇ ਗੋਦੀ ਖਿਡਾਉਣ ਵਾਲੀ ਗੱਲ ਨੇ ਉਸਦੀ ਖੁਸ਼ੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਉਸਨੂੰ ਲੱਗਿਆ ਕਿ ਪਿਤਾ ਹੁਣ ਵੀ ਉਸਨੂੰ ਪਿਆਰ ਨਹੀਂ ਕਰ ਰਹੇ ਹਨ ਬਲਕਿ ਆਪਣੇ ਆਪ ਨੂੰ ਹੀ ਪਿਆਰ ਕਰ ਰਹੇ ਹਨ। ਉਹ ਗੌਰੀ ਦੀ ਘਾਟ ਦੂਰ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਬਲਕਿ ਆਪਣੀ ਹੀ ਘਾਟ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਪਣੇ ਪਿਤਾ ਦੀ ਇਹ ਘਾਟ ਤਾਂ ਛੋਟੇ ਭਾਈ ਬਦਰੀ ਦੇ ਬੱਚਿਆਂ ਨਾਲ ਵੀ ਪੂਰੀ ਹੋ ਜਾਏਗੀ ਜੋ ਕਿ ਕਦੇ ਵੀ ਬਾਪ ਬਣ ਸਕਦਾ ਹੈ। ਗੌਰੀਨਾਥ ਦੇ ਮਨ 'ਚ ਪਿਤਾ ਦੇ ਲਈ ਜਿੰਨਾ ਵੀ ਜ਼ਹਿਰ ਭਰਿਆ ਸੀ ਸਭ ਇਕ ਗੱਲ ਦੇ ਰੂਪ 'ਚ ਇਕੱਠਾ ਹੋ ਗਿਆ।

ਇਹ ਗੌਰੀਨਾਥ ਦੇ ਲਈ ਪੂਰੀ ਤਰ੍ਹਾਂ ਅਚਾਨਕ ਸੀ ਜਦ ਮਾਤਾਫੇਰ ਨੇ ਉਸਨੂੰ ਕਿਹਾ ਕਿ ਉਹ ਉਸਨੂੰ ਇਕ ਮਾਰੂ ਜ਼ਹਿਰ ਬਣਾਉਣਾ ਸਿਖਾਉਣਾ ਚਾਹੁੰਦੇ ਹਨ। ਗੌਰੀਨਾਥ ਸੁੰਨ ਰਹਿ ਗਿਆ। ਕੀ ਪਿਤਾ ਨੇ ਉਸਦੇ ਮਨ 'ਚ ਆ ਰਹੇ ਭਾਵਾਂ ਨੂੰ ਪੜ੍ਹ ਲਿਆ ਸੀ ? ਉਸਨੇ ਸੁਣਿਆ ਸੀ ਕਿ ਬਹੁਤ ਸਾਰੇ ਸਾਧੂਆਂ 'ਚ ਅਲੌਕਿਕ ਸ਼ਕਤੀਆਂ ਹੁੰਦੀਆਂ ਨੇ ਅਤੇ ਉਹ ਇਸ 'ਤੇ ਭਰੋਸਾ ਵੀ ਕਰਦਾ ਸੀ। ਤਾਂ ਕੀ ਉਸਦੇ ਪਿਤਾ ਵੀ ਕੁਝ ਅਲੌਕਿਕ ਸ਼ਕਤੀਆਂ ਰੱਖਦੇ ਹਨ ? ਉਸੇ ਪਲ ਉਸਨੂੰ ਇਹ ਵੀ ਯਾਦ ਆਇਆ ਕਿ ਉਸਦੇ ਪਿਤਾ ਨੇ ਵੈਦਕੀ 'ਚ ਸ਼ਾਇਦ ਹੀ ਕਦੇ ਕੋਈ ਰੁਚੀ ਦਿਖਾਈ ਹੋਵੇ। ਜੋ ਜਾਣਕਾਰੀਆਂ ਉਹ ਇਧਰ ਦਿਖਾ ਰਹੇ ਸਨ ਅਤੇ ਜਿਨ੍ਹਾਂ ਕਰਕੇ, ਆਪਣੇ ਕਰਕੇ ਆਪਣੇ ਹੀ ਪਿੰਡ 'ਚ ਨਹੀਂ ਬਲਕਿ ਆਸੇ-ਪਾਸੇ ਦੇ ਪਿੰਡਾਂ 'ਚ ਵੀ ਇੱਜ਼ਤ ਕਮਾ ਰਹੇ ਸਨ, ਉਹ ਗੌਰੀ ਦੇ ਲਈ ਬਿਲਕੁਲ ਨਵੀਆਂ ਸਨ। ਜੋ ਵੀ ਹੋਵੇ ਉਸਨੇ ਪਿਤਾ ਤੋਂ ਜ਼ਹਿਰ ਬਣਾਉਣਾ ਬੜੇ ਮਨ ਨਾਲ ਸਿੱਖਿਆ। ਜੜੀਆਂ-ਬੂਟੀਆਂ ਦੀ ਪਛਾਣ, ਉਹਨਾਂ ਦੀ ਚੋਣ, ਪੱਤਿਆਂ ਦਾ ਅਰਕ ਕੱਢਣਾ, ਧਤੂਰੇ ਦੇ ਬੀਜਾਂ ਦਾ ਸਤ, ਅਤੇ ਹੋਰ ਕਈ ਚੀਜ਼ਾਂ ਅਤੇ ਉਹਨਾਂ ਸਭ ਦੇ ਮੇਲ ਨਾਲ ਬਣਿਆ ਇਕ ਰੰਗਹੀਣ ਭੁਰਪੁਰਾ ਪਦਾਰਥ। ਗੌਰੀਨਾਥ ਨੂੰ ਭਰੋਸਾ ਹੀ ਨਾ ਹੋਇਆ ਕਿ ਉਸਦੇ ਸਾਹਮਣੇ ਅਜਿਹਾ ਕੁਝ ਹੋਇਆ ਜੋ ਕਿਸੇ ਦੀ ਜਾਨ ਲੈ ਸਕਦਾ ਹੈ।

ਮਾਤਾਫੇਰ ਨੇ ਗੌਰੀਨਾਥ ਨੂੰ ਦੱਸਿਆ ਕਿ ਇਹ ਜ਼ਹਿਰ ਏਨਾ ਘਾਤਕ ਹੈ ਕਿ ਇਹ ਤੋਲਾ ਕੁ ਹਾਥੀ ਨੂੰ ਵੀ ਹਮੇਸ਼ਾ ਦੇ ਲਈ ਸੰਵਾ ਸਕਦਾ ਹੈ। ਦੂਜੇ ਪਾਸੇ ਇਹ ਏਨਾ ਸੌਖਾ ਹੈ ਕਿ ਕਿਸੇ ਵੀ ਤਰ੍ਹਾਂ ਨਾਲ ਕਿਸੇ ਨੂੰ ਪਤਾ ਨਹੀਂ ਲੱਗਣ ਵਾਲਾ ਕਿ ਸਾਹਮਣੇ ਵਾਲੇ ਦੀ ਮੌਤ ਕਿਵੇਂ ਹੋਈ।

ਇਹ ਸਰੀਰ ਦੇ ਅੰਦਰ ਆਪਣਾ ਕੰਮ ਕਰਕੇ ਗਾਇਬ ਹੋ ਜਾਂਦਾ ਹੈ। ਅਗਲੇ ਦਿਨ ਤੱਕ ਇਸਦਾ ਕੋਈ ਵੀ ਅੰਸ਼ ਸਰੀਰ ਦੇ ਅੰਦਰ ਨਹੀਂ ਬਚਦਾ। ਇਸਦੀ ਇਕ ਖੂਬੀ ਇਹ ਵੀ ਹੈ ਕਿ ਇਹ

ਦਰਦ ਨਹੀਂ ਦਿੰਦਾ। ਇਹ ਬੇਹੋਸ਼ ਕਰਦਾ ਹੈ ਅਤੇ ਇਸ ਬੇਹੋਸ਼ੀ ਦੇ ਅੰਦਰ ਸੁਪਨਿਆਂ ਦੀ ਅਥਾਹ ਦੁਨੀਆਂ ਹੁੰਦੀ ਸੀ। ਇਸ ਜ਼ਹਿਰ ਦਾ ਸ਼ਿਕਾਰ ਹਮੇਸ਼ਾ ਲਈ ਉਹਨਾਂ ਹੀ ਸੁਪਨਿਆਂ 'ਚ ਗੁੰਮ-ਗੁਆਚ ਜਾਂਦਾ ਹੈ। ਕਦੇ ਵੀ ਵਾਪਿਸ ਨਾ ਮੁੜਨ ਦੇ ਲਈ। ਅਤੇ ਜਦ ਮਾਤਾਫੇਰ ਅਗਲੀ ਵਾਰ ਆਇਆ ਤਾਂ ਗੌਰੀਨਾਥ ਨੇ ਉਸ ਮਾਰੂ ਜ਼ਹਿਰ ਦੀ ਪਹਿਲਾ ਪ੍ਰਯੋਗ ਆਪਣੇ ਪਿਤਾ 'ਤੇ ਕੀਤਾ।

ਇਹ ਬਸ ਇਕ ਪ੍ਰਯੋਗ ਸੀ ਜੋ ਪੂਰੀ ਤਰ੍ਹਾਂ ਬਿਨਾਂ ਮਕਸਦ ਦੇ ਸੀ ਜਾਂ ਕਿ ਇਕ ਛੋਟਾ ਜਿਹਾ ਉਦੇਸ਼ ਇਹ ਸੀ ਕਿ ਜ਼ਹਿਰ ਦਾ ਅਸਰ ਦੇਖਣਾ ਚਾਹੁੰਦਾ ਸੀ। ਜ਼ਹਿਰ ਨੇ ਆਪਣਾ ਕੰਮ ਕੀਤਾ ਅਤੇ ਅਗਲੇ ਦਿਨ ਪਿਤਾ ਮੋਹਕ ਪਰ ਜ਼ਹਿਰੀਲੇ ਸੁਪਨਿਆਂ 'ਚ ਖੋ ਗਏ ਸਨ। ਗੌਰੀਨਾਥ ਨੇ ਪਿਤਾ ਦਾ ਕਿਰਿਆ-ਕਰਮ ਵਿਧੀ-ਵਿਧਾਨ ਨਾਲ ਕੀਤਾ। ਹਾਲਾਂਕਿ ਇਸ ਦੌਰਾਨ ਉਹ ਲਗਾਤਾਰ ਸੋਚਦਾ ਰਿਹਾ ਕਿ ਉਸਨੇ ਆਪਣੇ ਪਿਤਾ ਦੀ ਹੱਤਿਆ ਕਿਉਂ ਕੀਤੀ ? ਜਿੰਨਾ ਸੋਚਦਾ ਸੀ ਆਪਣੇ ਆਪ ਨੂੰ ਪਿਤਾ ਦਾ ਹਤਿਆਰਾ ਮਹਿਸੂਸ ਕਰਦਾ। ਉਸਨੂੰ ਬਸ ਕੋਈ ਇਕ ਤਰਕ, ਕੋਈ ਇਕ ਕਾਰਨ ਚਾਹੀਦਾ ਸੀ ਜਿਸ ਨਾਲ ਉਹ ਆਪਣੇ ਆਪ ਨੂੰ ਭਰੋਸਾ ਦਵਾ ਸਕੇ ਕਿ ਇਹ ਹੱਤਿਆ ਨਹੀਂ ਸੀ ਅਤੇ ਫੇਰ ਉਸਨੂੰ ਪਿਤਾ ਦੀਆਂ ਉਹ ਸਾਰੀਆ ਗ਼ੈਰ ਜ਼ਿੰਮੇਵਾਰੀਆਂ ਯਾਦ ਆਈਆਂ ਜਿਨ੍ਹਾਂ ਕਰਕੇ ਮਾਂ ਦੇ ਨਾ ਹੋਣ 'ਤੇ ਉਸਦਾ ਸਾਰਾ ਬਚਪਨ ਤਬਾਹ ਹੋਇਆ। ਅੱਗੇ ਹੋਰ ਪੜ੍ਹ ਸਕਣ ਦਾ ਸੁਪਨਾ ਚੁੱਲ੍ਹੇ ਦੀ ਲਕੜੀ ਬਣਕੇ ਸੜ ਗਿਆ ਸੀ। ਇਹ ਅਪਰਾਧ ਤਾਂ ਸੀ ਪਰ ਏਨਾ ਅਪਰਾਧ ਨਹੀਂ ਕਿ ਪਿਤਾ ਦੀ ਹੱਤਿਆ ਨੂੰ ਕਤਲ 'ਚ ਬਦਲ ਸਕੇ। ਇਸ ਸੋਚ ਵਿਚਾਰ ਦੌਰਾਨ ਉਸਨੂੰ ਮਾਂ ਯਾਦ ਆਈ ਤਾਂ ਮਾਂ ਦੇ ਉਹ ਸਾਰੇ ਰੋਣੇ ਵੀ ਯਾਦ ਆਏ ਜਿਨ੍ਹਾਂ ਨੂੰ ਉਹ ਲੁਕ-ਲੁਕ ਕੇ ਸੁਣਿਆ ਕਰਦਾ ਸੀ ਜਾਂ ਕਿ ਉਹ ਰੁਦਨ ਜਦ ਮਾਂ ਉਸਨੂੰ ਗੋਦੀ 'ਚ ਲੈ ਕੇ ਰੋਂਦੇ -ਰੋਂਦੇ ਬੇਹੋਸ਼ ਹੋ ਗਈ ਸੀ। ਹਾਂ ਇਸ ਰੁਦਨ ਦੀ ਸਜਾ ਦਿੱਤੀ ਜਾ ਸਕਦੀ ਸੀ। ਪਰ ਇਹ ਮੌਤ ਨਹੀਂ ਹੋ ਸਕਦੀ ਸੀ। ਉਦੋਂ ਸਭ ਤੋਂ ਆਖਿਰ 'ਚ ਉਹ ਗੱਲ ਆਈ ਜਿਸ 'ਤੇ ਉਸਨੂੰ ਤਸੱਲੀ ਸੀ ਕਿ ਪਿਤਾ ਨੂੰ ਜ਼ਹਿਰ ਦੇਣਾ ਬਿਲਕੁਲ ਸਹੀ ਸੀ। ਇਹ ਸਜਾ ਨਹੀਂ ਸੀ। ਇਹ ਇਕ ਬਦਲਾ ਸੀ ਪਿਤਾ-ਪੋਤੇ ਖਿਡਾਉਣ ਲਈ ਪਾਗਲ ਹੋ ਰਿਹਾ ਸੀ। ਪਿਤਾ ਨੂੰ ਲੈ ਕੇ ਗੌਰੀ ਦੇ ਮਨ 'ਚ ਜੋ ਕੁਝ ਸੀ ਉਸਨੂੰ ਲੈ ਕੇ ਉਸਨੂੰ ਵਾਜਿਬ ਹੀ ਲੱਗਿਆ ਕਿ ਪਿਤਾ ਦੀ ਇਹ ਲਾਲਸਾ ਹਮੇਸ਼ਾ-ਹਮੇਸ਼ਾ ਦੇ ਲਈ ਅਧੂਰੀ ਹੀ ਰਹਿ ਜਾਵੇ। ਜੇਕਰ ਉਸਨੂੰ ਬਾਪ ਦਾ ਸੁਖ ਨਹੀਂ ਮਿਲਿਆ ਤਾਂ ਬਾਪ ਨੂੰ ਵੀ ਬੱਚੇ ਦਾ ਸੁੱਖ ਨਹੀਂ ਮਿਲਣਾ ਚਾਹੀਦਾ, ਉਸਨੇ ਆਪਣੇ ਆਪ ਨੂੰ ਕਿਹਾ।

## ਰੁਦਨ ਦਾ ਨਵਾਂ ਪਾਠ

ਮਾਂ ਦੀ ਯਾਦ ਆਪਣੇ ਨਾਲ ਇਹ ਅਨੋਖੀ ਤੁਲਨਾ ਲੈ ਕੇ ਆਈ। ਗੌਰੀਨਾਥ ਨੇ ਮਾਂ ਅਤੇ ਪਤਨੀ ਦੀ ਆਪਸ 'ਚ ਤੁਲਨਾ ਕੀਤੀ। ਉਸਨੇ ਸੋਚਿਆ ਕਿ ਮਾਂ ਮਾਰ ਖਾਂਦੇ-ਖਾਂਦੇ ਮਰ ਜਾਂਦੀ ਪਰ ਪਿਤਾ 'ਤੇ ਸ਼ਾਇਦ ਹੀ ਕਦੇ ਹੱਥ ਚੁੱਕਦੀ। ਉਸਦਾ ਸਿਰ ਮਾਂ ਦੇ ਸਤਿਕਾਰ 'ਚ ਝੁਕ ਗਿਆ। ਪਰ ਇਸੇ ਦੇ ਨਾਲ ਇਕ ਸੁਆਲ ਇਹ ਵੀ ਚਮਕਿਆ ਕਿ ਪਿਤਾ ਮਾਂ ਤੋਂ ਏਨੇ ਉਦਾਸੀਨ ਕਿਉਂ ਸਨ ? ਕੀ ਪਿਤਾ ਨੂੰ ਵੀ ਉਸ ਵਾਂਗ ਮਾਂ 'ਤੇ ਸ਼ੱਕ ਸੀ। ਕੀ ਉਹਨਾਂ ਨੂੰ ਇਸ ਬਾਰੇ 'ਚ ਕੋਈ ਸਬੂਤ ਵੀ ਮਿਲ ਗਿਆ ਸੀ ਜਾਂ ਫੇਰ ਕੋਈ ਹੋਰ ਵਜ੍ਹਾ ਸੀ... ਜਵਾਬ 'ਚ ਉਸਨੂੰ ਉਹ ਕੁਝ ਰਾਤਾਂ ਯਾਦ ਆਈਆਂ ਜਿਨ੍ਹਾਂ 'ਚ ਮਾਂ ਜਾਂ ਪਿਤਾ ਦੇ ਮੰਜੇ 'ਚੋਂ ਉਸਨੂੰ ਉਹ ਅਜੀਬ-ਅਜੀਬ ਆਵਾਜ਼ਾਂ ਸੁਣਾਈ ਦਿੱਤੀਆਂ ਸਨ ਜਿਨ੍ਹਾਂ 'ਚੋ ਕਈ ਵਾਰ ਮਾਂ ਦੇ ਗਲੇ 'ਚੋਂ ਘੁਰਘੁਰਾਉਣ ਜਾਂ ਰੋਣ ਵਰਗੀਆਂ ਆਵਾਜ਼ਾਂ ਨਿਕਲਿਆ ਕਰਦੀਆਂ ਸਨ। ਉਸਨੂੰ ਆਪਣੀ ਘਰਵਾਲੀ ਦੇ ਗਲੇ ਦੀ ਉਹ ਆਵਾਜ਼ ਯਾਦ ਆਈ



ਜਦ ਉਹ ਉਸਦੀ ਛਾਤੀ 'ਤੇ ਬੈਠੀ ਸੀ ਅਤੇ ਉਸਦੇ ਗਲੇ 'ਚੋਂ ਉਹੋ ਜਿਹੀ ਆਵਾਜ਼ ਨਿਕਲ ਰਹੀ ਸੀ। ਉਸ ਆਵਾਜ਼ 'ਚ ਆਖਿਰ ਕੀ ਸੀ, ਰੁਦਨ, ਗੁੱਸਾ ਜਾਂ ਕਿ ਇਸ ਸਭ ਤੋਂ ਬਾਦ ਦੀ ਕੋਈ ਚੀਜ਼ ਸੀ ਜੋ ਉਸ 'ਚ ਅੱਜ ਤੱਕ ਇਕ ਡਰਾਉਣਾ ਸੰਮੋਹਨ ਪੈਦਾ ਕਰਦੀ ਸੀ।

ਉਹ ਸਮਝ ਨਹੀਂ ਸਕਿਆ ਪਰ ਇਸ ਕੋਸ਼ਿਸ਼ 'ਚ ਉਸਨੇ ਮਾਂ ਅਤੇ ਪਤਨੀ ਦੇ ਰੁਦਨ ਨੂੰ ਕੁਝ ਇਸ ਤਰ੍ਹਾਂ ਆਪਸ 'ਚ ਮਿਲਾ ਦਿੱਤਾ ਕਿ ਉਸਨੂੰ ਅਲੱਗ-ਅਲੱਗ ਦੇਖ ਸਕਣਾ ਅਸੰਭਵ ਜਿਹਾ ਹੋ ਗਿਆ ਸੀ। ਇਸ ਦਾ ਅਗਲਾ ਕਦਮ ਇਹ ਸੀ ਕਿ ਉਹ ਉਹਨਾਂ ਦੋਵਾਂ ਦੇ ਅਕਸਾਂ ਨੂੰ ਵੀ ਇਕ ਦੂਜੇ 'ਚ ਮਿਲਾ ਦੇਵੇ। ਤਾਂ ਕੀ ਉਸਦੀ ਘਰਵਾਲੀ ਦੀ ਤਰ੍ਹਾਂ ਮਾਂ ਵੀ ਆਖਿਰ ਸੀ ਤਾਂ ਔਰਤ ਹੀ। ਤਾਂ ਕੀ ਪਿਤਾ ਇਸ ਲਈ ਉਦਾਸੀਨ ਹੁੰਦੇ ਚਲੇ ਗਏ ਸਨ ? ਘਰ ਦੇ ਪ੍ਰਤਿ ? ਬੱਚਿਆਂ ਦੇ ਪ੍ਰਤਿ ? ਅਤੇ ਇਸ ਪਲ ਉਸਦੇ ਮਨ 'ਚ ਇਕ ਹੋਰ ਸੁਆਲ ਚਮਕਿਆ। ਕਿਤੇ ਅਜਿਹਾ ਤਾਂ ਨਹੀਂ ਕਿ ਉਹ ਆਪਣੇ ਪਿਤਾ ਦੀ ਔਲਾਦ ਹੋਵੇ ਹੀ ਨਾ, ਇਹ ਮਾਂ ਨੂੰ ਦਿੱਤੀ ਗਈ ਗਾਲ੍ਹ ਸੀ। ਉਸਨੇ ਆਪਣੀ ਜੀਭ ਕੱਟੀ ਪਰ ਇਹ ਸੁਆਲ ਇਕ ਵਾਰ ਅੰਦਰ ਆ ਗਿਆ ਤਾਂ ਹਮੇਸ਼ਾ ਉਸਦੇ ਅੰਦਰ ਟਿਕਿਆ ਰਿਹਾ। ਬਲਕਿ ਇਹ ਆਪਣੇ ਸੁਭਾਵਿਕ ਵਿਸਥਾਰ ਤੱਕ ਗਿਆ ਕਿ ਉਹ ਆਪਣੇ ਪਿਤਾ ਦੀ ਔਲਾਦ ਨਹੀਂ ਸੀ ਤਾਂ ਕਿਸਦੀ ਔਲਾਦ ਸੀ ? ਕੀ ਉਸਦੇ ਭਾਈ-ਭੈਣ ਵੀ ? ਤਾਂ ਕੀ ਉਹ ਪਿਤਾ ਦਾ ਹੀ ਪ੍ਰਤਿਰੂਪ ਹੈ ? ਉਹਨਾਂ ਵਰਗੇ ਦੁੱਖ, ਉਹਨਾਂ ਵਰਗੀਆਂ ਘਾਟਾਂ ਨੂੰ ਜਿਉਂਦਿਆਂ । ਅਤੇ ਮਾਂ.. ਉਸਨੇ ਫੇਰ ਆਪਣੀ ਜੀਭ ਕੱਟੀ।

ਉਸਨੇ ਆਪਣੇ ਬਚਪਨ ਨੂੰ ਇਕ ਇਕ ਯਾਦ ਨੂੰ ਤਰਤੀਬ ਦਿੰਦਿਆਂ ਫੇਰ ਤੋਂ ਯਾਦ ਕਰਨ ਦੀ ਕੋਸ਼ਿਸ਼ ਕੀਤੀ। ਪਿਤਾ ਦਾ ਵਿਹਾਰ, ਆਖਿਰ ਇਕ ਪਿਤਾ ਇਉਂ ਕਿਵੇਂ ਕਰ ਸਕਦਾ ਹੈ ਕਿ ਉਹ ਆਪਣੇ ਬੱਚਿਆਂ ਤੋਂ ਇਸ ਕਦਰ ਬੇਲਾਗ ਰਹੇ ਜਿਵੇਂ ਉਸਦੇ ਪਿਤਾ ਸਨ। ਕੋਈ ਤਾਂ ਸਿਲਤ ਰਹੀ ਹੋਵੇਗੀ ਜੋ ਉਹਨਾਂ ਦੇ ਮਨ 'ਚ ਚੁਭਦੀ ਹੋਵੇਗੀ। ਕੀ ਬੱਚਿਆਂ ਨੂੰ ਦੇਖ ਕੇ ਉਹਨਾਂ ਨੂੰ ਕੁਝ ਹੋਰ ਯਾਦ ਆਉਂਦਾ ਸੀ। ਗੌਰੀਨਾਥ ਆਪਣੇ ਪਹਿਲੇ ਵਰਤਾਰੇ 'ਚ ਏਨਾ ਡੁੱਬ ਗਿਆ ਸੀ ਕਿ ਉਸਨੂੰ ਪਤਾ ਹੀ ਨਾ ਲੱਗਿਆ ਕਿ ਉਹ ਲਗਾਤਾਰ ਆਪਣੇ ਪਿਤਾ ਦੇ ਵੱਲੋਂ ਸੋਚ ਰਿਹਾ ਹੈ। ਪਿਤਾ ਵੱਲੋਂ ਵੀ ਨਹੀਂ ਬਲਕਿ ਆਪਣੇ ਖਿਲਾਫ਼। ਅੱਜ ਉਸਨੂੰ ਲੱਗ ਰਿਹਾ ਸੀ ਕਿ ਜਿਵੇਂ ਉਹ ਗੱਲ ਉਸਨੂੰ ਬਚਪਨ ਤੋਂ ਹੀ ਪਤਾ ਸੀ, ਬਸ ਖੁੱਲ੍ਹ ਅੱਜ ਰਹੀ ਹੈ। ਅੱਜ ਉਸਨੂੰ ਮਾਂ ਦੇ ਰੁਦਨ 'ਚ ਵੀ ਦੋਸ਼ ਦਿਖ ਰਿਹਾ ਸੀ। ਮਾਂ ਦਾ ਦੁੱਖ ਉਸ ਦੀਆਂ ਸਿਮਰਤੀਆਂ 'ਚੋਂ ਦੂਰ ਕਿਤੇ ਨਿਕਲ ਗਿਆ ਸੀ। ਬਲਕਿ ਉਹ ਰੁਦਨ ਵੀ, ਜਦ ਉਹ ਮਾਂ ਦੀ ਗੋਦੀ 'ਚ ਲਿਪਟ ਕੇ ਦੇਰ ਤੱਕ ਰੋਂਦਾ ਰਿਹਾ ਸੀ। ਉਹ ਨਹੀਂ ਜਾਣਦਾ ਸੀ ਕਿ ਉਸਨੇ ਆਪਣੀਆਂ ਸਿਮਰਤੀਆਂ ਨਾਲ ਕਿੰਨੀ ਘਾਤਕ ਖੇਡ ਖੇਡੀ ਸੀ। ਇਕ ਰਸਤਾ ਸੀ ਬਾਹਰ ਨਿਕਲਣ ਦਾ ਉਸ 'ਚ ਅੱਜ ਉਸਨੇ ਆਪ ਹੀ ਜਿੰਦਾ ਲਾ ਦਿੱਤਾ ਸੀ।

ਬਹੁਤ ਦਿਨਾਂ ਬਾਦ ਅੱਜ ਉਸਦਾ ਧਿਆਨ ਫੇਰ ਤੋਂ ਆਪਣੇ ਮੁੰਡੇ ਵੱਲ ਗਿਆ ਜਿਸਦਾ ਨਾਂ ਉਸਦੇ ਪਿਤਾ ਨੇ ਦੀਪਕ ਰੱਖਿਆ ਸੀ। ਜਿਸ 'ਤੇ ਗੌਰੀ ਨੂੰ ਹਮੇਸ਼ਾ ਸ਼ੱਕ ਰਿਹਾ ਕਿ ਉਹ ਉਸਦਾ ਮੁੰਡਾ ਨਹੀਂ ਹੈ। ਉਹ ਨਵੇਂ ਸਿਰੇ ਤੋਂ ਉਸ ਲਈ ਨਫ਼ਰਤ ਨਾਲ ਭਰ ਗਿਆ। ਉਸਨੇ ਤੈਅ ਕੀਤਾ ਕਿ ਉਹ ਉਸਨੂੰ ਵੀ ਉਥੇ ਹੀ ਭੇਜ ਦੇਵੇਗਾ ਜਿੱਥੇ ਆਪਣੇ ਬਾਪ ਨੂੰ ਭੇਜਿਆ ਸੀ। ਬੱਚਿਆਂ ਨੂੰ ਅੱਜ ਕੱਲ੍ਹ ਭਿਆਨਕ ਸੁੱਕੀ ਖੰਘ ਹੋ ਰਹੀ ਸੀ। ਗੌਰੀਨਾਥ ਲਈ ਇਹ ਸੁਨਹਿਰੀ ਮੌਕਾ ਸੀ। ਉਹ ਵੈਦ ਤੋਂ ਉਸਦੇ ਲਈ ਅਦਰਕ ਦਾ ਰਸ ਬਣਵਾ ਕੇ ਲਿਆ। ਹੁਣ ਉਸਨੇ ਕੁਝ ਵੀ ਨਹੀਂ ਕਰਨਾ ਸੀ। ਉਸਨੇ ਉਸੇ ਰਸ ਦੀ ਗੋਲੀ 'ਚ ਬਸ ਚੂੰਢੀ ਤੋਂ ਵੀ ਘੱਟ ਜ਼ਹਿਰ ਮਿਲਾ ਦੇਣਾ ਸੀ। ਇਸਦੇ ਨਾਲ ਉਹ

ਸਿਲਤ ਵੀ ਮੁਕ ਜਾਣੀ ਸੀ ਜੋ ਉਸਦੇ ਅੰਦਰ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਚੁਭ ਰਹੀ ਰਹੀ ਸੀ ਅਤੇ ਦਿਨੋਂ ਦਿਨ ਵਧਦੀ ਹੀ ਜਾ ਰਹੀ ਸੀ।

ਉਸ ਦਿਨ ਜਦ ਗੋਲੀ ਮੂੰਹ 'ਚ ਪਾ ਕੇ ਗਰਮ ਦੁੱਧ ਪਿਆਉਣ ਲੱਗਿਆ ਕਿ ਬੱਚੇ ਨੂੰ ਖੰਘ ਆ ਗਈ ਅਤੇ ਮੂੰਹ 'ਚ ਪਾਈ ਗਈ ਗੋਲੀ ਦੂਰ ਜਾ ਡਿੱਗੀ। ਖੰਘਦੇ-ਖੰਘਦੇ ਬੇਦਮ ਹੋ ਰਹੇ ਬੱਚੇ ਨੇ ਗੌਰੀਨਾਥ ਦਾ ਹੱਥ ਫੜ੍ਹ ਲਿਆ। ਉਹ ਉਹਨਾਂ ਕੋਮਲ ਹੱਥਾਂ ਦੀ ਮਜ਼ਬੂਤ ਪਕੜ ਸੀ। ਖੰਘਦੇ -ਖੰਘਦੇ ਉਸਦਾ ਗਲ਼ਾ ਛਿਲ ਰਿਹਾ ਸੀ। ਅੱਖਾਂ 'ਚ ਹੰਝੂ ਆ ਰਿਹਾ ਸੀ। ਬੱਚੇ ਨੇ ਉਸਤੋਂ ਪੁੱਛਿਆ ਮੈਂ ਠੀਕ ਹੋ ਜਾਵਾਂਗਾ ਨਾ ਪਾਪਾ.. ਮੈਨੂੰ ਬੜਾ ਡਰ ਲਗਦਾ ਹੈ। ਮੈਨੂੰ ਲਗਦਾ ਹੈ ਕਿ ਕਿਵੇਂ ਮੈਂ ਹੁਣ ਮਰ ਜਾਵਾਂਗਾ। ਇਹ ਗੱਲ ਬੱਚੇ ਨੇ ਬਿਲਕੁਲ ਖਾਨਦਾਨੀ ਢੰਗ ਨਾਲ ਕਹੀ ਸੀ। ਗੌਰੀਨਾਥ ਦੇ ਪਰਿਵਾਰ 'ਚ ਇਕ ਅਜੀਬ ਢੰਗ ਦੀ ਵਿਰਾਸਤ ਪਤਾ ਨਹੀਂ ਕਦ ਤੋਂ ਚੱਲੀ ਆ ਰਹੀ ਕਿ ਬੱਚੇ ਜਦ ਬੋਲਣਾ ਸ਼ੁਰੂ ਕਰਦੇ ਤਾਂ ਬੇਹੱਦ ਸਾਫ਼ ਬੋਲਦੇ ਪਰ ਪੰਜ ਸੱਤ ਸਾਲ ਦੀ ਉਮਰ ਤੱਕ ਉਸਦੀ ਜ਼ੁਬਾਨ 'ਤੇ ਇਕ ਭਿਆਨਕ ਤੋਤਲਾਪਣ ਆ ਬੈਠਦਾ। ਇਸ ਹਦ ਤੱਕ ਕਿ ਕਈ ਵਾਰ ਗੱਲ ਸਮਝ ਹੀ ਨਾ ਆਉਂਦੀ। ਕਮਾਲ ਦੀ ਗੱਲ ਇਹ ਕਿ ਇਹ ਤੋਤਲਾਪਣ ਅਗਲੇ ਇਕ ਡੇਢ ਸਾਲ 'ਚ ਆਪਣੇ ਆਪ ਹੀ ਗਾਇਬ ਹੋ ਜਾਂਦਾ। ਬੱਚੇ ਦੀ ਗੱਲ ਆਪਣੇ ਪੂਰੇ ਤੋਤਲੇਪਣ ਨਾਲ ਕਹੀ ਗਈ ਸੀ। ਉਸ 'ਚ ਡੂੰਘਾ ਦਰਦ ਸੀ ਅਤੇ ਬੇਹੱਦ ਤਕਲੀਫ ਨਾਲ ਪੈਦਾ ਹੋਈ ਨਿਰਾਸ਼ਾ। ਪਰ ਜਿਸ ਗੱਲ ਨੇ ਗੌਰੀਨਾਥ ਨੂੰ ਹੈਰਾਨ ਕੀਤਾ ਉਸ ਸੀ ਉਸਦੀ ਬੇਹੱਦ ਸਹਿਜ ਤਰੀਕੇ ਨਾਲ ਕਹੀ ਗਈ ਗੱਲ। ਇਸ ਪਲ ਉਸ 'ਚ ਕਿਸੇ ਬੌਧਿਕ ਘਾਟ ਦਾ ਕੋਈ ਵੀ ਲੱਛਣ ਮੌਜੂਦ ਨਹੀਂ ਸੀ।

ਬੱਚੇ ਨੇ ਖੰਘਦਿਆਂ ਉਸ ਦਾ ਹੱਥ ਕੁਝ ਇਸ ਤਰ੍ਹਾਂ ਫੜ ਰੱਖਿਆ ਸੀ ਕਿ ਜਿਵੇਂ ਉਹ ਗੌਰੀਨਾਥ ਦੇ ਹੱਥਾਂ ਦੇ ਸਹਾਰੇ ਮੌਤ ਤੋਂ ਬਚਣ ਵਾਲਾ ਹੋਵੇ। ਗੌਰੀਨਾਥ ਇਕ ਝਟਕੇ ਨਾਲ ਹੱਥ ਛੁੜਾ ਸਕਦਾ ਸੀ ਪਰ ਉਸ ਰਾਤ ਨਹੀਂ ਛੁੜਾ ਸਕਿਆ। ਉਹ ਉਸ ਸਥਿਤੀ ਦੀ ਭਿਆਨਕ ਹੋਣੀ ਤੋਂ ਦਹਿਲ ਗਿਆ। ਉਸਦੀ ਹਕਲਾਹਟ ਨੇ ਦੱਸ ਦਿੱਤਾ ਸੀ ਕਿ ਇਹ ਉਸਦਾ ਹੀ ਮੁੰਡਾ ਹੈ। ਉਹ ਆਪਣੇ ਹੀ ਮੁੰਡੇ ਨੂੰ ਮਾਰਨ ਜਾ ਰਿਹਾ ਸੀ। ਇਸ ਵੇਲੇ ਉਹ ਬੱਚੇ ਦਾ ਹੱਥ ਛੁੜਾ ਕੇ ਕਿਤੇ ਬਹੁਤ ਦੂਰ ਭੱਜ ਜਾਣਾ ਚਾਹੁੰਦਾ ਸੀ ਜਿੱਥੇ ਉਹ ਚੀਕ-ਚੀਕ ਕੇ ਰੋ ਸਕੇ। ਜਿਥੇ ਉਹ ਚੀਕ ਚੀਕ ਕੇ ਇਹ ਸਭ ਨੂੰ ਦੱਸ ਸਕੇ ਕਿ ਉਹ ਕਾਤਿਲ ਹੈ ਅਤੇ ਆਪਣੇ ਹੀ ਮਾਸੂਮ ਬੱਚੇ ਦੀ ਹੱਤਿਆ ਦਾ ਪਾਪ ਉਸਦੇ ਹੱਥੋਂ ਹੀ ਹੋਇਆ ਹੈ, ਪਰ ਉਹ ਕਿਤੇ ਨਹੀਂ ਗਿਆ। ਉਸਨੇ ਬੱਚੇ ਨੂੰ ਗਲ਼ ਲਾਇਆ ਅਤੇ ਉਸਦੀ ਪਿੱਠ 'ਤੇ ਹੱਥ ਫੇਰਦਿਆਂ ਰੋਣ ਲੱਗਿਆ।

ਬੈਜੰਤੀ ਇਹ ਸਭ ਦੂਰੋਂ ਦੇਖ ਰਹੀ ਸੀ। ਉਸਨੇ ਸਮਝਿਆ ਕਿ ਗੌਰੀਨਾਥ ਬੇਟੇ ਦੇ ਦੁੱਖ 'ਚ ਬੇਚੈਨ ਹੋ ਕੇ ਰੋ ਰਿਹਾ ਹੈ। ਇਹ ਪੂਰੀ ਤਰ੍ਹਾਂ ਵਿਸ਼ਵਾਸ ਨਾ ਕਰਨ ਯੋਗ ਸੀ, ਪਰ ਉਸ ਦੀਆਂ ਅੱਖਾਂ ਜੋ ਦੇਖ ਰਹੀਆਂ ਸੀ ਉਸ 'ਤੇ ਭਰੋਸਾ ਨਾ ਕਰ ਸਕਣਾ ਵੀ ਸੰਭਵ ਨਹੀਂ ਸੀ। ਉਸਨੂੰ ਇਕ ਵਾਰ ਲੱਗਿਆ ਜਿਵੇਂ ਉਹ ਗੌਰੀਨਾਥ ਨੂੰ ਹੁਣ ਤੱਕ ਸਮਝ ਨਹੀਂ ਸਕੀ ਹੈ। ਪਤੀ ਦਾ ਇਹ ਰੂਪ ਦੇਖ ਕੇ ਉਸਨੂੰ ਬਿਲਕੁਲ ਸ਼ੁਰੂਆਤੀ ਦਿਨ ਯਾਦ ਆ ਗਏ। ਉਸਨੂੰ ਲੱਗਿਆ ਕਿ ਜਿਵੇਂ ਗੌਰੀਨਾਥ ਬੱਚੇ ਦੀ ਬਜਾਇ ਉਸਦੀ ਪਿੱਠ 'ਤੇ ਹੱਥ ਫੇਰ ਰਿਹਾ ਹੋਵੇ। ਉਹ ਵੀ ਰੋਣ ਲੱਗੀ। ਉਹ ਜਾਣਦੀ ਹੈ ਕਿ ਢਿੱਡ 'ਚ ਉਸਨੂੰ ਮਾਰਨ ਦੀਆਂ ਉਸਨੇ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ ਸਨ। ਉਸਨੂੰ ਵਾਰ-ਵਾਰ ਲਗਦਾ ਹੈ ਕਿ ਮੁੰਡੇ 'ਚ ਜੋ ਵੀ ਵਿਕਾਰ ਹੈ ਇਹ ਸਭ ਉਹਨਾਂ ਘਾਤਕ ਕੋਸ਼ਿਸ਼ਾਂ ਦਾ ਸਿੱਟਾ ਹੈ। ਇਹ ਨਾ ਵੀ ਹੋਵੇ ਤਾਂ ਵੀ ਗੌਰੀਨਾਥ ਦੇ ਪ੍ਰਤਿ ਬਹੁਤ ਜ਼ਿਆਦਾ ਨਫ਼ਰਤ ਇਸਦੇ ਲਈ ਜ਼ਿੰਮੇਵਾਰ ਹੋ



ਸਕਦੀ ਹੈ। ਉਹਨਾਂ ਦੋਵਾਂ ਦੀ ਨਫ਼ਰਤ 'ਚ ਉਹ ਖੋ ਗਿਆ ਹੈ। ਬੈਜੰਤੀ ਦੇ ਮਨ 'ਚ ਫੇਰ ਤੋਂ ਮਾਂ ਬਣਨ ਦੀ ਜੋ ਇੱਛਾ ਜ਼ੋਰ ਮਾਰ ਰਹੀ ਸੀ ਉਹ ਇਹ ਨਿਸ਼ਚੇ 'ਚ ਬਦਲ ਗਈ। ਉਸਨੇ ਉਸੇ ਪਲ ਤੈਅ ਕੀਤਾ ਕਿ ਉਹ ਫੇਰ ਤੋਂ ਮਾਂ ਬਣੇਗੀ। ਉਸਨੂੰ ਹੋਰ ਮੁੰਡੇ ਚਾਹੀਦੇ ਨੇ ਜੋ ਇਸ ਮੁੰਡੇ ਦਾ ਧਿਆਨ ਰੱਖ ਸਕਣ।

ਪੰਡਤਾਣੀ ਨੂੰ ਕਦੇ ਨਹੀਂ ਪਤਾ ਚੱਲ ਸਕਿਆ ਕਿ ਗੌਰੀ ਉਸ ਬੱਚੇ ਦੀ ਖਾਂਸੀ ਤੋਂ ਬੇਚੈਨ ਨਹੀਂ ਹੋਇਆ ਸੀ। ਇਹ ਤਾਂ ਉਸਨੂੰ ਕਦੇ ਪਤਾ ਹੀ ਨਹੀਂ ਲੱਗਣਾ ਸੀ ਕਿ ਉਹ ਇਸ ਸ਼ੱਕ 'ਚ ਬੇਟੇ ਨੂੰ ਮੌਤ ਦੇਣ ਗਿਆ ਸੀ ਕਿ ਉਹ ਉਸਨੂੰ ਆਪਣਾ ਬੱਚਾ ਹੀ ਨਹੀਂ ਮੰਨਦਾ ਸੀ ਬਲਕਿ ਉਸਦੇ ਚਿਹਰੇ 'ਚੋਂ ਪਿੰਡ ਦੇ ਕਿਸੇ ਹੋਰ ਬੰਦੇ ਦਾ ਚਿਹਰਾ ਲੱਭਿਆ ਕਰਦਾ ਸੀ ਅਤੇ ਜਦ ਪੈਦਾ ਹੋਇਆ ਤਾਂ ਬਾਪ ਦੀਆਂ ਅੱਖਾਂ 'ਚ ਸੂਲ ਵਾਂਗ ਰੜਕਦਾ ਰਿਹਾ। ਇਸੇ ਪਲ ਗੌਰੀ ਜਾਣ ਗਿਆ ਸੀ ਕਿ ਇਹ ਬੱਚਾ ਕਿਸੇ ਪਿਛਲੇ ਜਨਮ ਦੇ ਪਾਪ ਤੋਂ ਨਹੀਂ ਬਲਕਿ ਉਸਦੀ ਨਫ਼ਰਤ ਨਾਲ ਪਾਗ਼ਲ ਹੋ ਰਿਹਾ ਸੀ। ਅਤੇ ਹੁਣ ਇਸੇ ਪਲ ਤੋਂ ਉਹ ਉਸਦੇ ਲਈ ਕੁਝ ਕਰਨਾ ਚਾਹੁੰਦਾ ਸੀ। ਅਜਿਹਾ ਕਿ ਉਸਦਾ ਜੀਵਨ ਚਲ ਸਕੇ ਅਤੇ ਉਸਦੇ ਅਪਰਾਧ ਦੀ ਮਾਫੀ ਹੋ ਸਕੇ। ਉਸਨੂੰ ਨਹੀਂ ਪਤਾ ਕਿ ਉਹ ਕੀ ਕਰੇਗਾ ਪਰ ਕੁਝ ਨਾ ਕੁਝ ਜ਼ਰੂਰ ਕਰੇਗਾ। ਇਸ ਪਲ ਤੋਂ ਉਹ ਉਸਨੂੰ ਆਪਣੀ ਜਾਨ ਤੋਂ ਵੀ ਪਿਆਰਾ ਹੈ।

## ਅੰਦਰਲੇ ਪਾਪ

ਇਸ ਦੌਰਾਨ ਇਕ ਦਿਨ ਬਿਰਖ ਤੋਂ ਡਿੱਗ ਕੇ ਭਰਾ ਬਦਰੀਨਾਥ ਨੂੰ ਲਕਵਾ ਮਾਰ ਗਿਆ। ਸਹੀ ਸਮੇਂ 'ਤੇ ਇਲਾਜ ਦੀ ਘਾਟ ਕਰਕੇ ਬਦਰੀ ਹਮੇਸ਼ਾ ਲਈ ਅਪਾਹਿਜ ਹੋ ਗਿਆ। ਝਗੜੇ ਆਪਣੀ ਥਾਂ ਸਨ ਪਰ ਰਿਸ਼ਤੇ ਆਪਣੀ ਥਾਂ, ਘੱਟੋ-ਘੱਟ ਅਜਿਹਾ ਦਿਖਦੇ ਤਾਂ ਰਹਿਣਾ ਹੀ ਚਾਹੀਦਾ ਹੈ। ਸੋ ਗੌਰੀਨਾਥ ਨੇ ਬਦਰੀ ਦੇ ਖੇਤ ਦਾ ਵੀ ਜ਼ਿੰਮਾ ਲੈ ਲਿਆ। ਇਸ ਤਰ੍ਹਾਂ ਬਦਰੀ ਦੀ ਪਤਨੀ ਨਾਲ ਉਸਦਾ ਮੇਲ-ਜੋਲ ਵਧ ਗਿਆ। ਆਪਣੀ ਪਤਨੀ ਨਾਲ ਇਕ ਡਰਾਉਣੇ ਸੰਮੋਹਨ ਦਾ ਰਿਸ਼ਤਾ ਜਿਉਂ ਰਹੇ ਗੌਰੀ ਨੇ ਛੇਤੀ ਹੀ ਤਾੜ ਲਿਆ ਕਿ ਬਦਰੀ ਦੀ ਪਤਨੀ ਦੀ ਮਜ਼ਬੂਰੀ ਨੂੰ ਆਪਣੇ ਹੱਕ 'ਚ ਝੁਕਾਇਆ ਜਾ ਸਕਦਾ ਹੈ। ਇਕ ਮੁੰਡਾ ਹੈ ਉਹ ਵੀ ਬਿਲਕੁਲ ਦੁੱਧ ਪੀਂਦਾ, ਪਤੀ ਤੁਰਨਾ-ਫਿਰਨਾ ਤਾਂ ਕੀ ਬੋਲਣ ਤੱਕ ਤੋਂ ਲਾਚਾਰ। ਪੇਕੇ ਵਾਲੇ ਘਰ ਤੋਂ ਬਹੁਤ ਦੂਰ ਅਤੇ ਆਰਥਿਕਤਾ ਦੇ ਭੰਨੇ। ਗੌਰੀ ਦੇ ਲਈ ਮੌਕਾ ਹੀ ਮੌਕਾ ਸੀ। ਉਸਦਾ ਪ੍ਰੇਮ ਭਰਾ ਦੀ ਘਰਵਾਲੀ 'ਤੇ ਦਿਨ ਦੁਗੁਣੀ ਰਾਤ ਚੌਗੁਣੀ ਰਫਤਾਰ ਨਾਲ ਵਧਣ ਲੱਗਿਆ। ਬਾਕੀ ਘਰ ਤੋਂ ਲੈ ਕੇ ਖੇਤ ਤੱਕ ਮੌਕੇ ਹੀ ਮੌਕੇ ਸਨ। ਇਕ ਦਿਨ ਰਾਤ ਨੂੰ ਖੇਤ 'ਚ ਉਸਨੇ ਭਾਈ ਦੀ ਘਰਵਾਲੀ ਨੂੰ ਫੜ ਲਿਆ। ਭਰਾ ਦੀ ਘਰਵਾਲੀ ਨੇ ਤਰ੍ਹਾਂ-ਤਰ੍ਹਾਂ ਦੀਆਂ ਮਿੰਨਤਾਂ ਕੀਤੀਆਂ ਪਰ ਉਹ ਨਹੀਂ ਪਿਘਲਿਆ ਅਤੇ ਮਨ ਦੀ ਕਰਕੇ ਹੀ ਹਟਿਆ। ਹੌਲੀ-ਹੌਲੀ ਇਹ ਸਿਲਸਿਲਾ ਤੁਰ ਹੀ ਪਿਆ। ਛੇਤੀ ਹੀ ਭਾਈ ਦੀਆਂ ਅੱਖਾਂ 'ਚ ਗੌਰੀ ਨੇ ਉਹ ਸਭ ਪੜ੍ਹ ਲਿਆ, ਜੋ ਉਹ ਕਰ ਰਿਹਾ ਸੀ। ਏਨੀ ਛੇਤੀ ? ਉਸਨੂੰ ਹੈਰਾਨੀ ਹੋਈ। ਭਾਈ ਉਸਨੂੰ ਦੇਖਦਾ ਤਾਂ ਦੂਜੇ ਪਾਸੇ ਮੂੰਹ ਫੇਰ ਲੈਂਦਾ। ਘਰਵਾਲੀ ਨੂੰ ਦੇਖਦਾ ਤਾਂ ਉਸਦੀ ਅੱਖ 'ਚੋਂ ਹੰਝੂ ਵਹਿਣ ਲਗਦੇ। ਮੂੰਹ 'ਤੇ ਇਕ ਪਾਗਲ ਬੇਚੈਨੀ ਦਿਖਾਈ ਦੇਣ ਲਗਦੀ। ਮੂੰਹ 'ਚੋਂ ਅਜੀਬ-ਅਜੀਬ ਆਵਾਜ਼ਾਂ ਆਉਣ ਲਗਦੀਆਂ, ਲਾਲਾਂ ਵਗਣ ਲਗਦੀਆਂ। ਸਰੀਰ ਕੰਬਣ ਜਿਹਾ ਲਗਦਾ, ਸਾਰੇ ਸਰੀਰ ਦੀ ਆਕੜ ਉਸ ਦੀਆਂ ਅੱਖਾਂ 'ਚ ਜ਼ਾਹਿਰ ਹੋ ਜਾਂਦੀ। ਗੌਰੀ ਨੇ ਬਹੁਤ ਛੇਤੀ ਇਹ ਸਮਝ ਲਿਆ ਕਿ ਇਹ ਸਿਲਸਿਲਾ ਬਹੁਤੇ ਦਿਨ ਤੱਕ ਨਹੀਂ ਚੱਲ ਸਕਦਾ। ਛੇਤੀ ਹੀ ਕੁਝ ਕਰਨਾ ਪਵੇਗਾ। ਉਸਨੇ ਕੁਝ ਨਹੀਂ ਕਰਨਾ ਸੀ। ਬਦਰੀ ਨੂੰ ਦਿੱਤੀ ਜਾ ਰਹੀ ਵੈਦਕੀ

ਦਵਾਈਆਂ 'ਚ ਉਸਨੇ ਉਹ ਇਕ ਚੂੰਢੀ ਜ਼ਹਿਰ ਮਿਲਾਉਣਾ ਸੀ ਜਿਸਦੀ ਘਾਤਕ ਵਰਤੋਂ ਉਹ ਆਪਣੇ ਪਿਤਾ 'ਤੇ ਕਰ ਚੁੱਕਿਆ ਸੀ। ਇਸ ਵਾਰ ਵੀ ਇਹ ਸਭ ਕੁਝ ਏਨੀ ਆਸਾਨੀ ਅਤੇ ਮਾਸੂਮ ਢੰਗ ਨਾਲ ਵਾਪਰਿਆ ਕਿ ਕਿਸੇ ਨੂੰ ਵੀ ਉਸ 'ਤੇ ਸ਼ੱਕ ਤੱਕ ਨਾ ਹੋਇਆ। ਹੁਣ ਉਸਦੇ ਸਾਰੇ ਰਾਹ ਮੋਕਲੇ ਸਨ।

ਭਾਈ ਦੀ ਹੱਤਿਆ 'ਤੇ ਉਸਨੂੰ ਓਨਾ ਵੀ ਸੋਚ ਵਿਚਾਰ ਨਹੀਂ ਹੋਇਆ ਜਿੰਨਾ ਪਿਤਾ ਦੀ ਹੱਤਿਆ 'ਤੇ ਹੋਇਆ ਸੀ। ਉਸਨੇ ਆਪਣੇ ਆਪ ਨੂੰ ਸਮਝਾ ਦਿੱਤਾ ਕਿ ਪਿਤਾ ਦੀ ਹੱਤਿਆ ਬਦਲਾ ਸੀ ਅਤੇ ਭਰਾ ਦੀ ਹੱਤਿਆ ਮੁਕਤੀ। ਭਾਈ ਉਂਝ ਵੀ ਦੁੱਖ 'ਚ ਸੀ ਅਤੇ ਇਕ ਅਪਾਹਿਜ ਜੀਵਨ ਜਿਉਂ ਰਿਹਾ ਸੀ। ਅਜਿਹੇ ਵੇਲੇ ਭਾਈ ਦੀ ਮੌਤ ਉਸਦੇ ਲਈ ਵਰਦਾਨ ਸੀ। ਪਰ ਗੌਰੀਨਾਥ ਦੇ ਲਈ ਸੱਚਮੁੱਚ ਵਰਦਾਨ ਸਾਬਿਤ ਹੋਈ। ਉਹ ਘਰ 'ਚ ਵੱਡਾ ਸੀ। ਬਿਨਾਂ ਰੋਕ ਟੋਕ ਦੇ ਬਦਰੀ ਦੇ ਘਰ ਵੜ ਜਾਂਦਾ। ਬਦਰੀ ਦੀ ਘਰਵਾਲੀ ਕਈ ਵਾਰ ਘਰੇ ਆਉਣ ਦੇ ਲਈ ਮਨ੍ਹਾ ਕਰਦੀ ਪਰ ਉਸਦੇ ਵਿਰੋਧ ਦੀ ਕੌਣ ਸੁਣਦਾ। ਇਸਦਾ ਦੂਜਾ ਲਾਭ ਗੌਰੀਨਾਥ ਨੇ ਇਹ ਵੀ ਲਿਆ ਕਿ ਬਦਰੀ ਦੇ ਹਿੱਸੇ ਦੀ ਜ਼ਮੀਨ ਵੀ ਆਪਣੇ ਨਾਂ ਚੜ੍ਹਾ ਲਈ। ਇਹ ਲੇਖਪਾਲ ਦੇ ਲਈ ਖੱਬੇ ਹੱਥ ਦੀ ਖੇਡ ਸੀ। ਬਦਰੀ ਮਰ ਗਿਆ। ਕਾਗ਼ਜ਼ਾਂ 'ਚ ਬਦਰੀ ਦੀ ਘਰਵਾਲੀ ਨੂੰ ਵੀ ਮਾਰ ਦਿੱਤਾ ਗਿਆ। ਰਿਹਾ ਬੱਚਾ ਤਾਂ ਕਿਸੇ ਕਾਗ਼ਜ਼ 'ਤੇ ਉਸਦਾ ਕੋਈ ਵਜੂਦ ਹੀ ਨਹੀਂ ਸੀ।

ਬਦਰੀ ਦੀ ਘਰਵਾਲੀ ਨੂੰ ਇਸ ਬਾਰੇ ਕਈ ਸਾਲਾਂ ਤੱਕ ਪਤਾ ਹੀ ਨਹੀਂ ਲੱਗਿਆ। ਉਸਨੂੰ ਤਾਂ ਪਤਾ ਉਦੋਂ ਲੱਗਿਆ ਜਦ ਚਕਬੰਦੀ ਆਈ। ਉਹ ਬਹੁਤ ਚੀਕੀ। ਬਦਲੇ 'ਚ ਗੌਰੀ ਨੇ ਉਸਨੂੰ ਸਮਝਾਇਆ ਕਿ ਉਸਦੇ ਹੱਥ ਜ਼ਮੀਨ ਰਹਿੰਦੀ ਤਾਂ ਕੋਈ ਵੀ ਉਸਨੂੰ ਫੁਸਲਾ ਸਕਦਾ ਸੀ ਜਾਂ ਕਿ ਧੋਖੇ ਨਾਲ ਅੰਗੂਠਾ ਲਗਵਾ ਸਕਦਾ ਸੀ। ਕਿਸੇ ਕਾਗ਼ਜ਼ 'ਤੇ ਬਲਕਿ ਇਸਦਾ ਸਿੱਧਾ ਜਿਹਾ ਤਰੀਕਾ ਇਹ ਹੈ ਕਿ ਜਦ ਬੱਚੇ ਨੂੰ ਸਕੂਲ 'ਚ ਦਾਖਲਾ ਦਵਾਂਵਾਗੇ ਤਾਂ ਪਿਤਾ ਦੀ ਥਾਵੇਂ ਆਪਣਾ ਨਾਂ ਲਿਖਾ ਦੇਵੇਗਾ। ਇਸ ਤਰ੍ਹਾਂ ਉਹ ਆਪਣੇ ਆਪ ਹੀ ਸਾਰੀ ਜ਼ਮੀਨ ਦਾ ਹਿੱਸੇਦਾਰ ਹੋ ਜਾਵੇਗਾ। ਬਦਰੀ ਦੀ ਘਰਵਾਲੀ ਨੇ ਬਦਲੇ 'ਚ ਦੋ ਸੁਆਲ ਪੁੱਛੇ। ਪਹਿਲਾ ਇਹ ਕਿ ਜੇਕਰ ਉਸਦੀ ਨੀਤ 'ਚ ਕੋਈ ਖੋਟ ਨਹੀਂ ਸੀ ਤਾਂ ਇਹ ਗੱਲ ਉਸਨੇ ਬਦਰੀ ਦੀ ਘਰਵਾਲੀ ਨੂੰ ਭਰੋਸੇ 'ਚ ਲੈ ਕੇ ਕਿਉਂ ਨਹੀਂ ਕੀਤੀ। ਕਰ ਵੀ ਲਿਆ ਤਾਂ ਕਦੇ ਬਾਦ 'ਚ ਹੀ ਦਸ ਦਿੰਦਾ। ਉਸਨੇ ਗੌਰੀ ਨੂੰ ਗਾਲ੍ਹ ਕੱਢੀ ਕਿ ਏਨੇ ਸਾਲਾਂ 'ਚ ਕਿੰਨੀ ਵਾਰ ਜਦ ਮੇਰਾ ਅੰਗ ਵਿਸ਼ੇਸ਼ ਚੱਟ ਰਿਹਾ ਸੀ ਤਦ ਇਹ ਸਾਰੀ ਸ਼ੁਭ ਇੱਛਾ ਕਿਉਂ ਨਹੀਂ ਜ਼ਾਹਿਰ ਕੀਤੀ। ਉਸਦਾ ਦੂਸਰਾ ਸੁਆਲ ਇਹ ਸੀ ਕਾਗ਼ਜ਼ 'ਤੇ ਮਾਂ ਦਾ ਨਾਂ ਹੀ ਨਹੀਂ ਲਿਖਦੇ। ਬਾਪ ਤਾਂ ਬਣ ਜਾਵੇਂਗਾ ਮਾਂ ਦੀ ਥਾਵੇਂ ਕਿਸਦਾ ਨਾਂ ਲਿਖਵਾਏਂਗਾ ? ਗੌਰੀ ਨੇ ਉਸਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬਦਰੀ ਦੀ ਘਰਵਾਲੀ ਨੇ ਨਾ ਸਿਰਫ਼ ਜ਼ਮੀਨ ਦਾ ਮਸਲਾ ਉਠਾਇਆ ਬਲਕਿ ਇਹ ਵੀ ਸਰ੍ਹੇਆਮ ਕਿਹਾ ਕਿ ਗੌਰੀ ਉਸਦੀ ਮਜ਼ਬੂਰੀ ਦਾ ਫਾਇਦਾ ਕਈ ਸਾਲਾਂ ਤੋਂ ਲੈ ਰਿਹਾ ਸੀ।

ਗੌਰੀ 'ਤੇ ਪਿੰਡ 'ਚ ਸਭ ਪਾਸਿਉਂ ਉਂਗਲ ਉੱਠ ਰਹੀ ਸੀ। ਅਜਿਹਾ ਨਹੀਂ ਸੀ ਕਿ ਪਿੰਡ ਦੇ ਬਾਕੀ ਲੋਕ ਬਿਲਕੁਲ ਦੁੱਧ ਧੋਤੇ ਸੀ ਪਰ ਗੌਰੀ ਦਾ ਪਾਪ ਵੱਡਾ ਸੀ ਅਤੇ ਖੁੱਲ੍ਹ ਕੇ ਬਾਹਰ ਆ ਗਿਆ ਸੀ। ਚਾਰੇ ਪਾਸੇ ਗੌਰੀ 'ਤੇ ਥੂ-ਥੂ ਹੋ ਰਹੀ ਸੀ। ਗੌਰੀ ਨੇ ਕਦੇ ਵੀ ਉਹਨਾਂ ਇਲਜ਼ਾਮਾਂ ਨੂੰ ਸਵੀਕਾਰ ਨਹੀਂ ਕੀਤਾ ਪਰ ਇਸ ਨਾਲ ਕੀ ਫ਼ਰਕ ਪੈਂਦਾ ਸੀ। ਦੂਜੇ ਪਾਸੇ ਬਦਰੀ ਦੀ ਘਰਵਾਲੀ ਨੂੰ ਹੁਣ ਇਹ ਵੀ ਸ਼ੱਕ ਹੋ ਰਿਹਾ ਸੀ ਕਿ ਬਦਰੀ ਦੀ ਮੌਤ ਦਾ ਜ਼ਿੰਮੇਵਾਰ ਵੀ ਗੌਰੀ ਹੀ ਸੀ। ਉਸਦੇ ਕੋਲ ਕੋਈ ਸਬੂਤ ਨਹੀਂ ਸੀ ਪਰ ਉਹ ਖੁੱਲ੍ਹੇਆਮ ਇਸ ਸ਼ੱਕ ਨੂੰ ਜ਼ਾਹਿਰ ਕਰਦੀ। ਇਕ ਵਾਰ ਇਹ ਗੱਲ



ਮਨ 'ਚ ਆਈ ਤਾਂ ਉਸਨੂੰ ਆਪਣੇ ਮੁੰਡੇ ਲਈ ਵੀ ਡਰ ਲੱਗਿਆ। ਬਦਲੇ 'ਚ ਉਸਨੇ ਮੁੰਡੇ ਨੂੰ ਨਾਨਕੇ ਭੇਜ ਦਿੱਤਾ। ਉਹ ਸਾਰਾ ਦਿਨ ਪਿੰਡ 'ਚ ਘੁੰਮਦੀ ਫਿਰਦੀ ਰਹਿੰਦੀ। ਕਿਤੇ ਵੀ ਬੈਠ ਕੇ ਖਾ ਲਿਆ। ਕਿਸੇ ਦੇ ਘਰ ਬੈਠ ਕੇ ਉਸਦੇ ਕੰਮ 'ਚ ਮਦਦ ਕਰ ਦਿੱਤੀ। ਕਿਸੇ ਦੀ ਦਾਲ ਦਲ ਦਿੱਤੀ। ਕਿਸੇ ਦਾ ਆਟਾ ਗੁੰਨ ਦਿੱਤਾ। ਕਿਤੇ ਰੋਟੀ ਬੇਲ ਦਿੱਤੀ। ਸਾਰੇ ਪਿੰਡ ਦੀ ਹਮਦਰਦੀ ਉਸ ਨਾਲ ਸੀ। ਜਿਨ੍ਹਾਂ ਦੀ ਨਹੀਂ ਵੀ ਸੀ ਉਹ ਵੀ ਦਿਖਾਉਂਦੇ। ਇਸੇ ਬਹਾਨੇ ਉਸਨੂੰ ਆਪਣੇ ਪਾਲੇ 'ਚ ਖਿੱਚਣ ਦੀ ਕੋਸ਼ਿਸ਼ ਕਰਦੇ। ਗੌਰੀਨਾਥ ਨੇ ਬਦਰੀ ਦੀ ਘਰਵਾਲੀ 'ਤੇ ਵੀ ਜ਼ਹਿਰ ਦੀ ਵਰਤੋਂ ਕਰਨ ਦੀ ਸੋਚੀ ਫੇਰ ਉਸਨੂੰ ਲੱਗਿਆ ਕਿ ਇਸ ਵੇਲੇ ਅਜਿਹਾ ਕਰਨਾ ਉਹਨਾਂ ਸਭ ਗੱਲਾਂ ਨੂੰ ਸਹੀ ਸਾਬਿਤ ਕਰਨਾ ਹੋਵੇਗਾ ਜੋ ਬਦਰੀ ਦੀ ਘਰਵਾਲੀ ਸਭ ਨੂੰ ਕਹਿੰਦੀ ਫਿਰ ਰਹੀ ਹੈ। ਉਹ ਸਥਿਤੀਆਂ 'ਤੇ ਚੁੱਪ-ਚਾਪ ਨਜ਼ਰ ਰੱਖਦਿਆਂ ਮੌਕੇ ਦੀ ਉਡੀਕ ਕਰਨ ਲੱਗਿਆ।

## ਜ਼ਿੰਦਗੀ ਦੀ ਤੋਤਲੀ ਸ਼ੁਰੂਆਤ

ਗੌਰੀਨਾਥ ਨੇ ਬੇਟੇ ਦੀਪਕ ਨੂੰ ਯੋਗ ਬਣਾਉਣ 'ਚ ਕੋਈ ਕਸਰ ਨਾ ਛੱਡੀ। ਜਿੱਥੇ ਪੈਸਾ ਲੱਗਿਆ ਉਥੇ ਪੈਸਾ ਲਗਾਇਆ, ਜਿੱਥੇ ਹੋਰਾਂ ਤੋਂ ਕਾਪੀ ਲਿਖਵਾਉਣੀ ਪਈ, ਉਥੇ ਕਾਪੀ ਲਿਖਵਾਈ। ਜੋ ਵੀ ਕਰਨਾ ਪਿਆ ਕੀਤਾ, ਪਰ ਦੀਪਕ ਨੂੰ ਇੰਟਰਪਾਸ ਕਰਾ ਕੇ ਹੀ ਦਮ ਲਿਆ। ਉਹ ਉਸਦਾ ਵਿਆਹ ਵੀ ਕਰ ਦੇਣਾ ਚਾਹੁੰਦਾ ਸੀ ਕਿਉਂਕਿ ਉਸਨੇ ਸੁਣ ਰੱਖਿਆ ਸੀ ਕਿ ਇਸ ਤਰ੍ਹਾਂ ਦਾ ਪਾਗਲਪਣ ਕਈ ਵਾਰ ਵਿਆਹ ਦੇ ਬਾਦ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਪਰ ਦੀਪਕ ਦੇ ਪਾਗਲਪਣ ਦੇ ਕਿੱਸੇ ਏਨੇ ਮਸਹੂਰ ਸਨ ਕਿ ਕੋਈ ਵੀ ਉਸ ਨਾਲ ਆਪਣੀ ਧੀ ਦਾ ਵਿਆਹ ਕਰਨ ਨੂੰ ਤਿਆਰ ਨਹੀਂ ਹੋ ਰਿਹਾ ਸੀ। ਕਈ ਵਾਰ ਦੂਰੋਂ ਕਈ ਲੋਕ ਆਉਂਦੇ , ਗੱਲਬਾਤ ਤੈਅ ਹੁੰਦੀ ਪਰ ਫੇਰ ਮੁੜਕੇ ਕਦੇ ਨਾ ਆਉਂਦੇ। ਜ਼ਾਹਿਰ ਹੈ ਕਿ ਇਸ ਦੌਰਾਨ ਉਹਨਾਂ ਨੂੰ ਦੀਪਕ ਦੀ ਅਸਲੀਅਤ ਦਾ ਪਤਾ ਚਲ ਗਿਆ ਹੁੰਦਾ। ਰਿਹਾ ਦੀਪਕ ਤਾਂ ਕਦੇ ਉਹ ਇਹਨਾਂ ਚੀਜ਼ਾਂ ਤੋਂ ਬਿਲਕੁਲ ਬੇਪਰਵਾਹ ਦਿਖਦਾ। ਜਿਵੇਂ ਉਸਨੂੰ ਕਿਸੇ ਗੱਲ ਨਾਲ ਕੋਈ ਮਤਲਬ ਹੀ ਨਹੀਂ ਹੈ ਤਾਂ ਕਦੇ ਉਹ ਵਿਆਹ ਦੇ ਲਈ ਇਉਂ ਕਾਹਲਾ ਦਿਖਦਾ ਕਿ ਉਸਨੂੰ ਸਾਂਭਣਾ ਔਖਾ ਹੋ ਜਾਂਦਾ। ਉਦੋਂ ਉਸ 'ਚ ਲੋਹੜਿਆਂ ਦੀ ਤਾਕਤ ਆ ਜਾਂਦੀ। ਉਹ ਖੁਸ਼ ਅਤੇ ਉਤਸਾਹੀ ਦਿਖਦਾ। ਘਰ ਦੇ ਸਾਰੇ ਕੰਮਾਂ 'ਚ ਹਿੱਸਾ ਲੈਂਦਾ। ਦੇਰ-ਦੇਰ ਤੱਕ ਸ਼ੀਸੇ ਮੂਹਰੇ ਬੈਠ ਕੇ ਆਪਣੀ ਸੂਰਤ ਨਿਹਾਰਦਾ। ਸਾਰਾ ਦਿਨ ਬਣ-ਠਣ ਕੇ ਰਹਿੰਦਾ।

ਇਉਂ ਹੀ ਇਕ ਵਾਰ ਉਸਦਾ ਇਹ ਬਦਲਾਅ ਲੰਬੇ ਸਮੇਂ ਤੱਕ ਚੱਲਿਆ। ਇਸ ਹੱਦ ਤੱਕ ਕਿ ਡਰਦਿਆਂ ਗੌਰੀਨਾਥ ਵੀ ਖੁਸ਼ ਹੋਣ ਲੱਗਿਆ। ਬੈਜੰਤੀ ਵੀ ਖੁਸ਼ ਸੀ। ਪਿੰਡ ਵਾਲੇ ਹੈਰਾਨ ਸਨ। ਸਭ ਨੂੰ ਲੱਗ ਰਿਹਾ ਸੀ ਕਿ ਦੀਪਕ ਦੇ ਅੰਦਰ ਦਾ ਇਹ ਬਦਲਾਅ ਪੱਕੇ ਤੌਰ 'ਤੇ ਹੋਵੇ। ਉਹ ਘਰੇ ਰਹਿੰਦਾ ਤਾਂ ਵੱਧ ਤੋਂ ਵੱਧ ਸਮਾਂ ਦੀਪਕ ਦੇ ਨਾਲ ਗੁਜ਼ਾਰਦਾ। ਉਸ ਨਾਲ ਗੱਲਬਾਤ ਕਰਦੇ ਹੋਏ। ਉਸਨੂੰ ਪਰਖਣ ਦੀ ਕੋਸ਼ਿਸ਼ ਕਰਦੇ ਹੋਏ। ਅਤੇ ਹਰ ਵਾਰ ਨਵੇਂ ਸਿਰੇ ਤੋਂ ਸੰਤੁਸ਼ਟ ਹੁੰਦਾ ਕਿ ਹੁਣ ਦੀਪਕ ਦੀ ਰੋਸ਼ਨੀ ਵਧਦੀ ਹੀ ਜਾਵੇਗੀ ਅਤੇ ਉਸਦਾ ਕੁੱਲ ਹਨੇਰਾ ਹੋਣ ਤੋਂ ਬਚ ਜਾਏਗਾ। ਪਰ ਇਸਦੇ ਬਰਾਬਰ ਇਕ ਭਿਆਨਕ ਡਰ ਵੀ ਸੀ।

ਗੌਰੀ ਜਿਵੇਂ ਜਿਵੇਂ ਮੁੰਡੇ ਨੂੰ ਲੈ ਕੇ ਬੇਫ਼ਿਕਰ ਹੋ ਰਿਹਾ ਸੀ ਉਵੇਂ ਉਵੇਂ ਉਸਦਾ ਡਰ ਵੀ ਬਹੁਤ ਵੱਧ ਰਿਹਾ ਸੀ। ਉਸਦੀ ਰਾਤ ਦੀ ਨੀਂਦ ਉੱਡ ਚੁੱਕੀ ਸੀ। ਸਾਰੀ-ਸਾਰੀ ਰਾਤ ਲੰਘ ਜਾਂਦੀ ਪਰ ਉਸ ਦੀਆਂ ਅੱਖਾਂ 'ਚ ਨੀਂਦ ਦਾ ਇਕ ਕਤਰਾ ਵੀ ਜ਼ਾਹਿਰ ਨਾ ਹੁੰਦਾ। ਉਹ ਬਿਸਤਰੇ 'ਚ ਪਾਸੇ ਮਾਰ-ਮਾਰ ਕੇ ਥੱਕ ਜਾਂਦਾ। ਅੱਖਾਂ ਮੀਚੇ-ਮੀਚੇ ਦੁਖਣ ਲਗਦੀਆਂ ਪਰ ਨੀਂਦ ਨਹੀਂ ਆਉਂਦੀ ਤਾਂ

ਨਹੀਂ ਆਉਂਦੀ। ਉਹ ਪਿਆ-ਪਿਆ ਦੁਨੀਆਂ ਭਰ ਦੀਆਂ ਗੱਲਾਂ ਸੋਚਦਾ ਰਹਿੰਦਾ। ਉਹ ਬੇਟੇ ਬਾਰੇ ਸੋਚਦਾ। ਆਪਣੇ ਜੀਵਨ ਬਾਰੇ ਸੋਚਦਾ। ਆਪਣੇ ਨਾਲ ਹੋਏ ਅਨਿਆਂ ਬਾਰੇ ਸੋਚਦਾ। ਬਹੁਤ ਛੋਟੀਆਂ-ਛੋਟੀਆਂ ਗੱਲਾਂ ਸਨ ਜਿਨ੍ਹਾਂ ਨੂੰ ਉਹ ਸਾਰੀ-ਸਾਰੀ ਰਾਤ ਸੁਣਦਾ ਰਹਿੰਦਾ ਜਿਵੇਂ ਦਾਜ 'ਚ ਮਿਲਿਆ ਸਾਈਕਲ ਪਤਾ ਨਹੀਂ ਕਿੰਨੀਆਂ ਰਾਤਾਂ ਉਸ ਦੀਆਂ ਅੱਖਾਂ 'ਚ ਚਲਦਾ ਰਿਹਾ ਸੀ। ਇਹ ਅਨਿਆਂ ਸੀ ਕਿ ਉਸ ਤੋਂ ਦਾਜ 'ਚ ਮਿਲਿਆ ਸਾਈਕਲ ਖੋਹ ਲਿਆ ਗਿਆ। ਪਰ ਉਹ ਕੀ ਸੀ ਜੋ ਉਸਨੇ ਆਪਣੇ ਪਿਤਾ, ਪਤਨੀ, ਅਤੇ ਭਾਈ ਦੇ ਨਾਲ ਕੀਤਾ ਇਸ ਦੇ ਬਾਰੇ ਉਸਨੇ ਕਦੇ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ। ਕੀ ਇਹ ਹੱਤਿਆਵਾਂ ਏਨੀਆਂ ਠੀਕ ਅਤੇ ਜ਼ਰੂਰੀ ਸਨ ਕਿ ਉਸਦੀ ਕੋਈ ਛਾਂ ਉਹ ਆਪਣੇ ਅੰਦਰ ਮਹਿਸੂਸ ਹੀ ਨਹੀਂ ਕਰਦਾ ਸੀ। ਅਜਿਹਾ ਕਿਵੇਂ ਹੋ ਸਕਦਾ ਸੀ?

ਰਾਤ ਦੀ ਨੀਂਦ ਬਦਲੇ 'ਚ ਦਿਨੇ ਆਉਂਦੀ। ਇਕ ਉਨੀਂਦਰਾ ਹਮੇਸ਼ਾ ਉਸਨੂੰ ਆਪਣੀ ਬੁਕਲ 'ਚ ਲਈ ਰੱਖਦਾ। ਉਸਨੂੰ ਦਿਨ 'ਚ ਕਈ ਵਾਰ ਝਪਕੀ ਆਉਂਦੀ। ਉਹ ਝਪਕੀ ਇਸ ਤਰ੍ਹਾਂ ਖਤਰਨਾਕ ਹੁੰਦੀ ਕਿ ਉਹ ਜਿਸ ਵੀ ਹਾਲ 'ਚ ਹੁੰਦਾ ਉਵੇਂ ਹੀ ਬਸ ਪਲ ਭਰ ਦੇ ਲਈ ਸੌਂ ਜਾਂਦਾ। ਪੂਜਾ ਕਰ ਰਿਹਾ ਹੁੰਦਾ ਤਾਂ ਸੌਂ ਜਾਂਦਾ। ਜਮਾਤ 'ਚ ਬੱਚਿਆਂ ਨੂੰ ਪੜ੍ਹਾ ਰਿਹਾ ਹੁੰਦਾ ਤਾਂ ਸੌਂ ਜਾਂਦਾ। ਏਥੋਂ ਤੱਕ ਕਿ ਸਵੇਰੇ ਆਪਣੇ ਖੇਤ 'ਚ ਜੰਗਲ-ਪਾਣੀ ਬੈਠਾ ਹੁੰਦਾ ਅਤੇ ਨੀਂਦ ਆ ਜਾਂਦੀ। ਕਈ ਵਾਰ ਉਹ ਸੌਂਦਿਆਂ ਆਪਣੇ ਹੀ ਗੂੰਹ 'ਤੇ ਗਿਰ ਗਿਆ। ਇਹ ਨੀਂਦ ਦਾ ਘਿਨਾਉਣਾ ਵਰਤਾਰਾ ਸੀ। ਇਕ ਦਿਨ ਤੜਕੇ-ਤੜਕੇ ਉਹ ਗੂੰਹ ਨਾਲ ਲਿਬੜਿਆ ਹੋਇਆ ਸੀ ਅਤੇ ਨਾਲ ਗੜਬੀ ਦਾ ਪਾਣੀ ਵੀ ਡੁੱਲ੍ਹ ਗਿਆ। ਜਦ ਉਹ ਅਰਹਰ ਦੇ ਪੱਤਿਆਂ ਨਾਲ ਆਪਣਾ ਸਰੀਰ ਸਾਫ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸਨੂੰ ਆਪਣੇ ਪਿੱਛੇ ਇਕ ਬੱਚੇ ਦੀ ਹਾਸੀ ਸੁਣਾਈ ਦਿੱਤੀ। ਇਸ ਹਾਸੀ 'ਚ ਧਾਤਾਂ ਦੀ ਖਣਕ ਸੀ। ਉਹ ਡਰ ਗਿਆ। ਪਿੱਛੇ ਮੁੜ ਕੇ ਦੇਖਿਆ ਤਾਂ ਇਹ ਬੱਚਾ ਬਦਰੀਨਾਥ ਸੀ। ਉਹੀ ਜਿਸਨੂੰ ਗੌਰੀ ਨੇ ਬਿੰਦ ਕੁ 'ਚ ਸੁਪਨਿਆਂ ਦੀ ਦੁਨੀਆਂ 'ਚ ਭੇਜ ਦਿੱਤਾ ਸੀ।

ਗੌਰੀਨਾਥ ਜੜ ਹੋ ਗਿਆ। ਜਿਸਦੀ ਹੱਤਿਆ ਕਰਕੇ ਕਦ ਦਾ ਭੁੱਲ ਚੁੱਕਿਆ ਸੀ ਉਹ ਹਾਲੇ ਤੱਕ ਉਸਦੇ ਆਸੇ-ਪਾਸੇ ਹੀ ਭਟਕ ਰਿਹਾ ਸੀ। ਉਸਨੂੰ ਕਾਂਬਾ ਛਿੜਿਆ। ਇਸ 'ਚ ਡਰ ਨਾਲੋਂ ਵੱਧ ਇਹ ਅਹਿਸਾਸ ਸ਼ਾਮਿਲ ਸੀ ਕਿ ਉਸਦੇ ਸਾਰੇ ਕੰਮਾਂ ਦਾ ਗਵਾਹ ਸੀ ਅਤੇ ਹੈ। ਕੀ ਮਰ ਕੇ ਉਸਨੂੰ ਵੀ ਉਹਨਾਂ ਲੋਕਾਂ ਨਾਲ ਜਾ ਮਿਲਣਾ ਹੈ। ਇਹ ਇਕ ਅਜਿਹਾ ਡਰ ਸੀ ਜੋ ਗੌਰੀਨਾਥ 'ਤੇ ਹਾਵੀ ਹੋਣ ਲੱਗਿਆ। ਇਸਦੇ ਬਾਦ ਉਹ ਬੱਚਾ ਉਸਨੂੰ ਕਈ ਵਾਰ ਦਿਖਿਆ। ਇਸ ਹੱਦ ਤੱਕ ਜਿਵੇਂ ਉਹ ਉਸ ਦੀਆਂ ਅੱਖਾਂ ਮੂਹਰੋਂ ਓਝਲ ਹੋਣਾ ਹੀ ਭੁੱਲ ਗਿਆ ਸੀ। ਉਹ ਦੀਪਕ ਦੇ ਨਾਲ ਬੈਠਾ ਹੁੰਦਾ ਅਤੇ ਦੀਪਕ ਦੇ ਨਾਲ ਉਹ ਚੁੱਪਚਾਪ ਬੈਠਾ ਦਿਖਾਈ ਦਿੰਦਾ। ਇਕ ਕਰੂਪ ਹਾਸੀ ਦੇ ਨਾਲ। ਇਉਂ ਲਗਦਾ ਕਿ ਜਿਵੇਂ ਉਸਦੇ ਚਿਹਰੇ ਦਾ ਸਥਾਈ ਭਾਵ ਹੀ ਕਰੂਪ ਹੋ ਗਿਆ ਹੈ। ਉਹ ਕਿਸੇ ਹੋਰ ਪਾਸੇ ਦੇਖਣ ਲਗਦਾ। ਉਥੇ ਵੀ ਇਹੀ ਦਿਖਾਈ ਦਿੰਦਾ ਅਤੇ ਇਕ ਦਿਨ ਤਾਂ ਉਸਦੀ ਗੋਦੀ 'ਚ ਆਉਣ ਦੀ ਜ਼ਿੱਦ ਕੀਤੀ ਉਸੇ ਕਰੂਪ ਹਾਸੀ ਦੇ ਨਾਲ। ਗੌਰੀ ਨੇ ਪਤਾ ਨਹੀਂ ਕਿੰਨੀ ਕੁ ਵਾਰ ਉਸਨੂੰ ਗੋਦੀ ਚੁੱਕਿਆ ਹੋਵੇਗਾ। ਪਰ ਉਸ ਦਿਨ ਉਹ ਉਸਨੂੰ ਦੂਰ ਕਿਤੇ ਭਜਾ ਦੇਣਾ ਚਾਹੁੰਦਾ ਸੀ। ਉਹ ਉੱਠ ਕੇ ਬਾਹਰ ਭੱਜਿਆ। ਬਾਹਰ ਥੜੇ 'ਤੇ ਮਾਤਾਫੇਰ ਬੈਠਾ ਹੋਇਆ ਸੀ।

ਇਸਦੇ ਬਾਦ ਇਹ ਸਿਲਸਿਲਾ ਤੁਰ ਪਿਆ। ਉਹ ਦੀਪਕ ਦੀ ਖਾਤਿਰਦਾਰੀ 'ਚ ਡੁੱਬ ਜਾਣਾ ਚਾਹੁੰਦਾ ਸੀ ਪਰ ਬਦਰੀ ਅਤੇ ਉਸਦੇ ਪਿਤਾ ਕਦੇ ਵੀ ਉਸਦੇ ਸਾਹਮਣੇ ਆ ਖੜ੍ਹੇ ਹੁੰਦੇ। ਕਦੇ ਵੀ, ਕਿਤੇ ਵੀ। ਇਕ ਦਿਨ ਉਹ ਆਪਣੇ ਸਾਈਕਲ 'ਤੇ ਸਕੂਲ ਜਾ ਰਿਹਾ ਸੀ ਕਿ ਅਚਾਨਕ ਮੂਹਰੇ ਉਸਨੂੰ ਮਾਤਾਫੇਰ ਆਉਂਦਾ ਦਿਖਿਆ। ਮਾਤਾਫੇਰ ਜਵਾਨ ਸੀ ਅਤੇ ਇਹ ਉਹੀ ਸਾਈਕਲ ਸੀ ਜੋ



ਗੌਰੀ ਨੂੰ ਦਾਜ 'ਚ ਮਿਲਿਆ ਸੀ। ਗੌਰੀ ਆਪਣੇ ਪਿਤਾ ਨਾਲ ਭਿੜ੍ਹ ਹੀ ਗਿਆ ਹੁੰਦਾ ਜੇ ਅਚਾਨਕ ਉਸਨੇ ਆਪਣੇ ਹੈਂਡਿਲ ਨੂੰ ਨਾ ਮੋੜ ਦਿੱਤਾ ਹੁੰਦਾ। ਉਹ ਡਰ ਗਿਆ ਅਤੇ ਸਾਈਕਲ ਲੈ ਕੇ ਟੋਏ 'ਚ ਜਾ ਡਿੱਗਿਆ। ਉਸਦੇ ਪੈਰਾਂ 'ਚ ਉਥੇ ਹੀ ਪਿਆ ਹੋਇਆ ਕੱਚ ਧਸ ਗਿਆ। ਪਰ ਉਸਨੂੰ ਪਤਾ ਤੱਕ ਨਾ ਲੱਗਿਆ। ਦੇਰ ਤੱਕ ਉਸਦੀ ਹਿੰਮਤ ਸੜਕ 'ਤੇ ਦੇਖਣ ਦੀ ਨਾ ਹੋਈ। ਇਹ ਤਾਂ ਕੋਈ ਜਾਣੂ ਸੀ ਜਿਸ ਨੇ ਉਸਨੂੰ ਇਸ ਤਰ੍ਹਾਂ ਪਏ ਹੋਏ ਦੇਖਿਆ ਅਤੇ ਬਾਹਰ ਕੱਢਿਆ।

## ਬਾਹਰਲੇ ਪਾਪ

ਅਤੇ ਫੇਰ ਇਕ ਦਿਨ ਗੌਰੀ ਨੇ ਬੈਜੰਤੀ ਦਾ ਢਿੱਡ ਦੇਖਿਆ। ਉਹ ਫੇਰ ਤੋਂ ਫੁੱਲਿਆ ਹੋਇਆ ਸੀ। ਬੈਜੰਤੀ ਫੇਰ ਤੋਂ ਮਾਂ ਬਣਨ ਵਾਲੀ ਸੀ। ਇਸਤੋਂ ਪਹਿਲਾਂ ਉਹ ਮਾਤਾਫੇਰ ਦੇ ਮਰਨ ਤੱਕ ਹੁਣ ਤੱਕ ਦੋ ਬੱਚਿਆਂ ਦੀ ਮਾਂ ਬਣ ਚੁੱਕੀ ਸੀ। ਦੋਵੇਂ ਬੱਚੇ ਗੌਰੀ ਦੇ ਨਹੀਂ ਸਨ। ਗੌਰੀ ਨੇ ਇਕ ਵਾਰ ਬੈਜੰਤੀ 'ਤੇ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ। ਬਦਲੇ 'ਚ ਭੂਸਰਿਆਂ ਵਾਂਗ ਪਈ। ਉਸਨੇ ਕਿਹਾ ਕਿ ਉਸਨੂੰ ਗੌਰੀ ਦੇ ਪਾਪਾਂ ਬਾਰੇ ਪਤਾ ਹੈ। ਅਤੇ ਜੇਕਰ ਉਸਨੇ ਬਾਹਰ ਕੁਝ ਵੀ ਬੋਲਣ ਦੀ ਕੋਸ਼ਿਸ਼ ਕੀਤੀ ਜਾਂ ਬੱਚਿਆਂ ਨਾਲ ਮਾੜਾ ਵਰਤਾਉ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਗੌਰੀ ਦੇ ਜੀਵਨ 'ਚ ਅੱਗ ਲਾ ਦੇਵੇਗੀ। ਗੌਰੀ ਚੁੱਪ ਹੋ ਗਿਆ। ਉਸਦੇ ਜੀਵਨ 'ਚ ਪਹਿਲਾਂ ਤੋਂ ਹੀ ਅੱਗ ਲੱਗੀ ਹੋਈ ਸੀ ਅਤੇ ਇਹ ਅੱਗ ਕਿਸੇ ਹੋਰ ਨੇ ਨਹੀਂ ਬਲਕਿ ਗੌਰੀ ਨੇ ਆਪ ਹੀ ਲਾਈ ਸੀ। ਇਸ ਲਈ ਜਦ ਤੀਜੀ ਵਾਰ ਉਸਨੇ ਬੈਜੰਤੀ ਦਾ ਢਿੱਡ ਦੇਖਿਆ ਤਾਂ ਇਕ ਬੇਲਾਗ ਜਿਹਾ ਸੁਆਲ ਪੁੱਛ ਸਕਿਆ। ਉਸਨੇ ਬੈਜੰਤੀ ਨੂੰ ਪੁੱਛਿਆ ਕਿ ਕਿਸਦਾ ਪਾਪ ਹੈ ਇਹ? ਬੈਜੰਤੀ ਨੇ ਜੁਆਬ ਦਿੱਤਾ ਜਿਸਦਾ ਵੀ ਹੈ ਤੇਰੇ ਪਾਪ ਨਾਲੋਂ ਚੰਗਾ ਹੀ ਹੈ। ਬੈਜੰਤੀ ਏਨਾ ਕਹਿਣ 'ਤੇ ਵੀ ਚੁੱਪ ਨਹੀਂ ਰਹੀ। ਅੱਗੇ ਉਸਨੇ ਕਿਹਾ ਕਿ ਬਸ ਏਨਾ ਜਾਣ ਲੈ ਕਿ ਇਹ ਜੋ ਵੀ ਹੈ ਉਹਨਾਂ ਦੋਨਾਂ 'ਚੋਂ ਕੋਈ ਨਹੀਂ ਹੈ ਜਿਸਦੇ ਪਹਿਲਾਂ ਦੇ ਦੋ ਮੁੰਡੇ ਹਨ। ਇਹ ਕੋਈ ਤੀਜਾ ਹੀ ਹੈ।

ਗੌਰੀ ਨੇ ਪਤਨੀ ਵੱਲ ਦੇਖਦਿਆਂ ਨਫ਼ਰਤ ਨਾਲ ਥੁੱਕਿਆ ਅਤੇ ਕਿਹਾ ਕਿ ਕੀ ਬਿਲਕੁਲ ਰੰਡੀ ਬਣ ਗਈ ਹੈਂ। ਬੈਜੰਤੀ ਨੇ ਜੁਆਬ ਦਿੱਤਾ ਕਿ ਰੰਡੀ ਤਾਂ ਉਸੇ ਦਿਨ ਹੋ ਗਈ ਸੀ ਜਿਸ ਦਿਨ ਤੇਰੇ ਵਰਗੇ ਦੱਲੇ ਨਾਲ ਗੰਢ ਬੰਨ੍ਹੀ ਸੀ। ਗੌਰੀਨਾਥ ਗੁੱਸੇ 'ਚ ਪਾਗਲ ਹੋ ਗਿਆ। ਇਸ ਗੁੱਸੇ 'ਚ ਉਹ ਡਰਾਉਣਾ ਸੰਮੋਹਨ ਕਿਤੇ ਓਝਲ ਹੋ ਗਿਆ। ਜਿਸਨੇ ਪਿਛਲੇ ਕਈ ਸਾਲਾਂ ਤੋਂ ਇਕ ਤਣਿਆ ਹੋਇਆ ਸੰਤੁਲਨ ਕਾਇਮ ਕਰ ਰੱਖਿਆ ਸੀ। ਉਸਨੇ ਘਰਵਾਲੀ ਨੂੰ ਧੱਕਾ ਮਾਰਿਆ ਅਤੇ ਢਿੱਡ 'ਤੇ ਲੱਤ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਨਾਲ ਉਹ ਅਚਾਨਕ ਗਿਰ ਗਿਆ। ਬੈਜੰਤੀ ਨੂੰ ਉਸਦਾ ਪੈਰ ਛੋਹ ਵੀ ਨਹੀਂ ਸਕਿਆ ਸੀ ਪਰ ਉਹ ਜ਼ੋਰ-ਜ਼ੋਰ ਨਾਲ ਚੀਕਦਿਆਂ ਬਾਹਰ ਵੱਲ ਭੱਜੀ। ਉਹ ਚੀਕ ਰਹੀ ਸੀ ਕਿ ਪੰਡਤ ਪਾਗਲ ਹੋ ਗਿਆ ਹੈ ਅਤੇ ਉਸਨੂੰ ਮਾਰ ਦੇਣਾ ਚਾਹੁੰਦਾ ਹੈ। ਲੋਕ ਏਨੀ ਛੇਤੀ ਇਕੱਠੇ ਹੋ ਗਏ ਕਿ ਜਿਵੇਂ ਇਸ ਪੁਕਾਰ ਦੇ ਇੰਤਜ਼ਾਰ 'ਚ ਬੈਠੇ ਹੋਏ ਸਨ। ਲੋਕ ਗੌਰੀ ਨੂੰ ਲਾਣਤਾਂ ਦੇ ਰਹੇ ਸਨ। ਇਹ ਇਸ ਲਈ ਵੀ ਸੀ ਕਿ ਕਿਉਂਕਿ ਗੌਰੀਨਾਥ ਦੇ ਬਥੇਰੇ ਬੁਰੇ ਕੰਮ ਜ਼ਾਹਿਰ ਹੋ ਗਏ ਸਨ। ਕਿਸੇ ਦੇ ਮਨ 'ਚ ਕੋਈ ਇੱਜ਼ਤ ਜਾਂ ਹਮਦਰਦੀ ਨਹੀਂ ਰਹੀ ਸੀ। ਇਸਦੇ ਉਲਟ ਬੈਜੰਤੀ ਨੇ ਸਾਊ ਵਿਹਾਰ ਅਤੇ ਗੰਭੀਰਤਾ ਬਣਾਈ ਰੱਖੀ ਸੀ। ਉਸਦੇ ਜੀਵਨ 'ਚ ਅਨੈਤਿਕ ਕਹੇ ਜਾਣ ਵਰਗਾ ਜੋ ਕੁਝ ਵੀ ਸੀ ਉਹ ਏਨੇ ਪਰਦਿਆਂ 'ਚ ਲੁਕਿਆ ਹੋਇਆ ਸੀ ਕਿ ਉਸਦੇ ਬਾਰੇ 'ਚ ਕੋਈ ਪਤਾ ਨਹੀਂ ਸੀ।

ਗੌਰੀ ਚੁੱਪਚਾਪ ਉਥੋਂ ਚਲਾ ਗਿਆ। ਉਹ ਨਹੀਂ ਜਾਣਦਾ ਸੀ ਕਿ ਇਹ ਗੱਲ ਲੋਕਾਂ ਦੇ

ਸਾਹਮਣੇ ਜ਼ਾਹਿਰ ਹੋ ਜਾਣ 'ਤੇ ਉਹਨਾਂ ਨੂੰ ਕਿਵੇਂ ਲੱਗੇਗਾ ਕਿ ਉਸਦੇ ਤਿੰਨ 'ਚੋਂ ਦੋ ਮੁੰਡੇ ਉਸਦੇ ਅੰਸ਼ ਨਹੀਂ ਹਨ ਅਤੇ ਜੋ ਚੌਥਾ ਬੱਚਾ ਆਉਣ ਵਾਲਾ ਹੈ, ਉਹ ਵੀ ਕਿਸੇ ਹੋਰ ਦਾ ਪਾਪ ਹੈ। ਉਸਨੂੰ ਲੱਗਿਆ ਕਿ ਇਕ ਪਰਦਾ ਜੋ ਉਸਦੀ ਇੱਜ਼ਤ 'ਤੇ ਹੈ, ਉਹ ਤਾਰ ਤਾਰ ਹੋ ਜਾਵੇਗਾ। ਜਿਸਨੂੰ ਅੱਜ ਬੈਜੰਤੀ ਨੇ ਲਾਹ ਕੇ ਸੁੱਟਣ 'ਚ ਕੋਈ ਕਸਰ ਨਹੀਂ ਛੱਡੀ ਸੀ। ਉਸਨੂੰ ਫੇਰ ਆਪਣੇ ਪਿਤਾ ਦੀ ਯਾਦ ਆਈ ਜਿਨ੍ਹਾਂ ਨੇ ਉਸਨੂੰ ਸਿੱਖਿਆ ਦਿੱਤੀ ਸੀ ਕਿ ਔਰਤ 'ਤੇ ਪਹਿਲੇ ਦਿਨ ਤੋਂ ਹੀ ਸਖ਼ਤੀ ਰੱਖੋ ਨਹੀਂ ਤਾਂ ਉਸਨੂੰ ਹੱਥੋਂ ਨਿਕਲਣ 'ਚ ਦੇਰ ਨਹੀਂ ਲੱਗੇਗੀ। ਤਾਂ ਫੇਰ ਮਾਤਾਫੇਰ ਨੇ ਉਸਦੀ ਮਾਂ ਬੇਲਾ ਨਾਲ ਜੋ ਵਰਤਾਉ ਕੀਤਾ ਸੀ, ਕੀ ਉਹ ਸਹੀ ਸੀ। ਉਸਨੂੰ ਫੇਰ ਤੋਂ ਮਾਂ ਦੀ ਕੁਟਾਈ ਅਤੇ ਰੁਦਨ ਯਾਦ ਆਇਆ। ਉਹ ਆਪਣੇ ਪਿਤਾ ਦਾ ਹੀ ਅੰਸ਼ ਸੀ, ਸੋ ਆਪਣੀ ਮਾਂ 'ਤੇ ਵੀ ਸ਼ੱਕ ਵੀ ਕਰਦਾ ਸੀ ਨਹੀਂ ਤਾਂ ਪਿਤਾ ਉਸਦੇ ਨਾਲ ਏਨਾ ਮਾੜਾ ਵਰਤਾਉ ਕਿਉਂ ਕਰਦੇ। ਪਰ ਕਦੇ-ਕਦੇ ਹੀ ਸਹੀ ਮਾਂ ਦੇ ਰੁਦਨ ਵੀ ਉਸਦੇ ਅੰਦਰ ਜ਼ਾਹਿਰ ਹੁੰਦੇ ਸਨ ਅਤੇ ਇਕ ਦੇਰ ਤੱਕ ਬਣਿਆ ਰਹਿਣ ਵਾਲਾ ਦੁੱਖ ਦੇ ਜਾਂਦੇ ਸੀ। ਇਹ ਉਦੋਂ ਤੱਕ ਸੀ ਜਦ ਤੱਕ ਗੌਰੀ ਨੇ ਮਾਂ ਅਤੇ ਘਰਵਾਲੀ ਦੇ ਰੁਦਨ ਨੂੰ ਮਿਲਾਇਆ ਨਹੀਂ ਸੀ। ਉਸ ਦਿਨ ਦੇ ਬਾਦ ਘਰਵਾਲੀ ਦੇ ਪ੍ਰਤਿ ਜੋ ਡਰ, ਸ਼ੱਕ ਅਤੇ ਈਰਖਾ ਸੀ ਉਹ ਜਾਣੇ-ਅਣਜਾਣੇ ਮਾਂ 'ਤੇ ਵੀ ਕਈ ਵਾਰ ਥੋਪਦਾ ਸੀ। ਇਸਦਾ ਉਲਟਾ ਵੀ ਹੋ ਸਕਦਾ ਸੀ ਕਿ ਘਰਵਾਲੀ ਦੇ ਰੁਦਨ ਨੂੰ ਮਾਂ ਦੇ ਰੁਦਨ ਦੇ ਸ਼ੀਸ਼ੇ 'ਚ ਦੇਖ ਸਕਦਾ ਸੀ। ਪਰ ਅਜਿਹਾ ਹੋ ਸਕਦਾ ਸ਼ਾਇਦ ਇਸ ਗੱਲ ਦੀ ਸੰਭਾਵਨਾ ਉਸਦੇ ਖ਼ੂਨ 'ਚ ਹੀ ਨਹੀਂ ਸੀ।

ਦੂਜੇ ਪਾਸੇ ਇਸ ਦਿਨ ਦੇ ਬਾਦ ਪਤਾ ਨਹੀਂ ਕੀ ਜਾਦੂ ਹੋਇਆ ਕਿ ਬੈਜੰਤੀ ਅਤੇ ਬਦਰੀ ਦੀ ਘਰਵਾਲੀ ਦੋਵੇਂ ਇਕ ਹੋ ਗਈਆਂ। ਉਹ ਰਹਿ ਤਾਂ ਹਾਲੇ ਵੀ ਵੱਖ-ਵੱਖ ਹੀ ਰਹੀਆਂ ਸਨ ਪਰ ਦੋਵਾਂ ਦਾ ਬਹੁਤ ਸਮਾਂ ਇਕੱਠਿਆਂ ਹੀ ਬੀਤਦਾ। ਇਕ ਪਾਸੇ ਆਪਣੇ ਸ਼ੱਕ ਦੇ ਨਾਲ ਬਦਰੀ ਦੀ ਘਰਵਾਲੀ ਬੈਜੰਤੀ ਦੀ ਰਖਵਾਲੀ ਕਰ ਰਹੀ ਸੀ ਅਤੇ ਇਸ ਤਰ੍ਹਾਂ ਉਸਦੀ ਵੀ ਰਖਵਾਲੀ ਹੋ ਰਹੀ ਸੀ। ਦੋਵੇਂ ਕਿਸ ਬੰਦੇ ਪ੍ਰਤਿ ਨਫ਼ਰਤ ਅਤੇ ਗੁੱਸੇ 'ਚ ਭਰੀਆਂ ਹੋਈਆਂ ਸਨ, ਉਹ ਗੌਰੀਨਾਥ ਸੀ। ਪਰ ਦੋਵਾਂ ਨੂੰ ਇਕ ਕਰਨ ਵਾਲੀ ਕੋਈ ਇਕ ਗੱਲ ਨਹੀਂ ਸੀ। ਉਹਨਾਂ ਦੇ ਜੀਵਨ 'ਚ ਉਹਨਾਂ ਦਾ ਬਹੁਤ ਸਾਰਾ ਸਾਂਝਾਪਣ ਰਿਹਾ ਅਤੇ ਉਹਨਾਂ ਦਾ ਸਾਥ ਇਸ ਸਾਂਝੇਪਣ ਨੂੰ ਹਰ ਦਿਨ ਦੇ ਨਾਲ ਵਿਸਥਾਰ ਦੇ ਰਿਹਾ ਸੀ। ਬੈਜੰਤੀ ਦੇ ਦੋਵੇਂ ਬੱਚੇ ਬਦਰੀ ਦੀ ਘਰਵਾਲੀ ਦੇ ਵੀ ਬੱਚੇ ਹੋ ਗਏ। ਉਹ ਉਹਨਾਂ ਦੇ ਪ੍ਰਤਿ ਕੁਝ ਇਸ ਤਰ੍ਹਾਂ ਨਾਲ ਪਿਆਰ 'ਚ ਭਰੀ ਨਜ਼ਰ ਆਉਂਦੀ ਜਿਵੇਂ ਕਿ ਉਹ ਉਸਦੇ ਹੀ ਬੱਚੇ ਹੁੰਦੇ ਨੇ। ਬੈਜੰਤੀ ਨੇ ਛੇਤੀ ਹੀ ਨਾਨਕੇ ਰਹਿ ਰਹੇ ਬਦਰੀ ਦੇ ਮੁੰਡੇ ਨੂੰ ਵੀ ਸੱਦ ਲਿਆ। ਇਹ ਅਜਿਹਾ ਕੰਮ ਸੀ ਜਿਸਨੇ ਬਦਰੀ ਦੀ ਘਰਵਾਲੀ ਨੂੰ ਨਵੇਂ ਸਿਰੇ ਤੋਂ ਨਿਹਾਲ ਕਰ ਦਿੱਤਾ।

## ਸੁਪਨਿਆਂ ਨਾਲ ਭਰੀਆਂ ਰਾਤਾਂ

ਗੌਰੀਨਾਥ ਉਹਨਾਂ ਦੋਵੇਂ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਨਾਲ ਪੂਰੀ ਤਰ੍ਹਾਂ ਨਿਰਪੱਖ ਹੋ ਗਿਆ। ਅਜਿਹਾ ਨਹੀਂ ਸੀ ਕਿ ਉਹ ਆਪਣਾ ਜ਼ਹਿਰ ਦਾ ਫਨ ਭੁੱਲ ਗਿਆ ਸੀ। ਹੌਲੀ-ਹੌਲੀ ਉਹ ਜ਼ਹਿਰ ਤਾਂ ਉਸਦੇ ਖ਼ੂਨ 'ਚ ਇਕੱਠਾ ਹੋ ਰਿਹਾ ਸੀ। ਪਰ ਉਹ ਸਮਝ ਨਹੀਂ ਸਕਿਆ ਕਿ ਅਜਿਹੀ ਕਿਹੜੀ ਚੀਜ਼ ਸੀ ਜਿਸਨੇ ਉਸਨੂੰ ਬੈਜੰਤੀ ਨੂੰ ਜ਼ਹਿਰ ਨਹੀਂ ਦੇਣ ਦਿੱਤਾ। ਇਹ ਉਸ ਲਈ ਖੇਡ ਦੀ ਤਰ੍ਹਾਂ ਸੀ। ਉਹ ਕਦੇ ਵੀ ਬੈਜੰਤੀ ਤੋਂ ਛੁਟਕਾਰਾ ਪਾ ਸਕਦਾ ਸੀ ਤਾਂ ਉਸਨੇ ਅਜਿਹਾ ਕੀਤਾ ਕਿਉਂ ਨਹੀਂ। ਕੀ ਉਹ ਬੈਜੰਤੀ ਨੂੰ ਪਿਆਰ ਕਰਦਾ ਸੀ ? ਇਹ ਅਜਿਹੀ ਗੱਲ ਸੀ ਜਿਸ 'ਤੇ ਗੌਰੀ ਨੇ ਆਪ ਹੀ ਬੁਰਾ ਜਿਹਾ ਮੂੰਹ ਬਣਾ ਲਿਆ। ਕੀ ਉਸਨੇ ਦੀਪਕ ਕਰਕੇ ਬੈਜੰਤੀ ਨੂੰ ਛੱਡਿਆ ਹੋਇਆ ਸੀ ਕਿ



ਦੀਪਕ ਨੂੰ ਉਸਦੀ ਤਰ੍ਹਾਂ ਬਿਨਾਂ ਮਾਂ ਦੇ ਨਾ ਜਿਉਣਾ ਪਵੇ। ਸ਼ਾਇਦ, ਉਸਨੇ ਸੋਚਿਆ, ਦੀਪਕ ਦੀ ਦੇਖਭਾਲ ਦੇ ਲਈ ਉਹ ਆਪ ਸਮਰੱਥ ਹੈ। ਆਖਿਰ ਆਪਣੇ ਛੋਟੇ ਭਾਈ ਅਤੇ ਭੈਣਾਂ ਦੀ ਦੇਖਭਾਲ ਵੀ ਤਾਂ ਉਸਨੇ ਹੀ ਕੀਤੀ ਸੀ। ਅਚਾਨਕ ਮਾਤਾਫੇਰ ਦੇ ਅੰਦਰੋਂ ਇਕ ਹਾਸੀ ਫੁੱਟੀ। ਇਹ ਹਾਸੀ ਇਕ ਨਾ ਸਮਝ ਆਉਣ ਵਾਲੀ ਬੁਝਾਰਤ ਨਾਲ ਭਰੀ ਹੋਈ ਸੀ। ਹਾਸੀ ਦੇ ਦਰਮਿਆਨ ਇਕ ਤੋਤਲੀ ਆਵਾਜ਼ ਸੀ ਜਿਸ ਨੇ ਉਸਤੋਂ ਪੁੱਛਿਆ ਕਿ ਜਿਸਨੂੰ ਜ਼ਹਿਰ ਦਿੱਤਾ ਉਸਦੀ ਦੇਖਭਾਲ ਵੀ ਤੂੰ ਹੀ ਕੀਤੀ ਸੀ ਨਾ। ਕੀ ਜ਼ਹਿਰ ਦੇਣਾ ਵੀ ਤੇਰੀ ਦੇਖ ਭਾਲ ਦਾ ਹੀ ਹਿੱਸਾ ਸੀ। ਇਹ ਤੋਤਲੀ ਆਵਾਜ਼ ਗੌਰੀਨਾਥ ਦੇ ਹੀ ਗਲ਼ 'ਚੋਂ ਨਿਕਲੀ ਸੀ। ਉਹ ਹੱਕਾ ਬੱਕਾ ਰਹਿ ਗਿਆ। ਇਹ ਆਵਾਜ਼ ਏਨੀ ਅਚਾਨਕ ਨਹੀਂ ਸੀ। ਇਸ ਤਰ੍ਹਾਂ ਦੀਆਂ ਆਵਾਜ਼ਾਂ ਉਹ ਪਹਿਲਾਂ ਤੋਂ ਹੀ ਸੁਣਦਾ ਆਇਆ ਸੀ। ਫ਼ਰਕ ਸਿਰਫ਼ ਇਹ ਸੀ ਕਿ ਇਸ ਵਾਰ ਇਹ ਆਵਾਜ਼ ਖੁਦ ਗੌਰੀਨਾਥ ਦੇ ਗਲ਼ੇ 'ਚੋਂ ਹੀ ਨਿਕਲੀ ਸੀ ਜਦ ਕਿ ਪਹਿਲਾਂ ਅਜਿਹੀਆ ਆਵਾਜ਼ਾਂ ਮਾਤਾਫੇਰ ਜਾਂ ਬਦਰੀ ਨਾਥ ਦੀਆਂ ਹੁੰਦੀਆਂ ਸਨ। ਜੋ ਗੌਰੀ ਨੂੰ ਕਿਤੇ ਵੀ ਫੜ ਲੈਂਦੇ ਅਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦੇ। ਬਦਰੀ ਹਮੇਸ਼ਾ ਬਚਪਨ 'ਚ ਹੁੰਦਾ। ਵਗਦੀ ਹੋਈ ਨੱਕ ਅਤੇ ਹਕਲਾਉਂਦੀ ਜ਼ਬਾਨ ਵਾਲਾ। ਕਈ ਵਾਰ ਤਾਂ ਬਿਲਕੁਲ ਨੰਗਾ ਧੜੰਗਾ। ਮਾਤਾਫੇਰ ਅਮੂਮਨ ਬੁਢਾਪੇ ਵਾਲੇ ਰੂਪ 'ਚ ਉਜਾਗਰ ਹੁੰਦੇ ਪਰ ਕਈ ਵਾਰ ਉਹ ਆਪਣੇ ਜੁਆਨੀ ਵਾਲੇ ਰੂਪ 'ਚ ਵੀ ਦਿਖਦੇ, ਉਦੋਂ ਉਹ ਅਕਸਰ ਆਪਣੇ ਸਾਈਕਲ ਦੇ ਨਾਲ ਮਿਲਦੇ।

ਗੌਰੀਨਾਥ ਨੂੰ ਲਗਦਾ ਕਿ ਉਹ ਹੁਣ ਸਭ ਪਾਸਿਉਂ ਘਿਰ ਗਿਆ ਹੈ। ਉਸਨੂੰ ਬਚਣ ਦਾ ਕੋਈ ਰਸਤਾ ਨਹੀਂ ਦਿਖ ਰਿਹਾ ਸੀ। ਉਹ ਏਨਾ ਡਰ ਗਿਆ ਸੀ ਇਕ ਵਾਰ ਤਾਂ ਉਸਨੇ ਇਕ ਤਾਂਤਰਿਕ ਤੱਕ ਦੇ ਕੋਲ ਜਾਣ ਦਾ ਮਨ ਬਣਾ ਲਿਆ। ਉਹ ਘਰੋਂ ਨਿਕਲਿਆ ਵੀ ਪਰ ਰਸਤੇ 'ਚੋਂ ਮੁੜ ਆਇਆ। ਉਸਨੂੰ ਇਸ ਗੱਲ ਦਾ ਵੀ ਡਰ ਲੱਗਿਆ ਕਿ ਬਦਰੀ ਅਤੇ ਮਾਤਾਫੇਰ ਆਪਣੀ ਹੱਤਿਆ ਦੇ ਰਾਜ਼ ਕਿਤੇ ਦੱਸ ਨਾ ਦੇਣ। ਫੇਰ ਉਸਨੇ ਇਹ ਵੀ ਸੋਚਿਆ ਕਿ ਉਹਨਾਂ ਦੋਵਾਂ ਨੂੰ ਇਹ ਪਤਾ ਹੋਵੇਗਾ ਕਿ ਉਹਨਾਂ ਦੀ ਮੌਤ ਮੇਰੇ ਕਰਕੇ ਹੋਈ ਹੈ। ਉਹਨਾਂ ਨੂੰ ਪਤਾ ਵੀ ਨਹੀਂ ਲੱਗਿਆ ਹੋਵੇਗਾ ਕਿ ਕਦ ਉਹ ਸੁੱਤੇ ਹੀ ਰਹਿ ਗਏ ਹੋਣਗੇ। ਕੀ ਪਿਤਾ ਨੂੰ ਵੀ ? ਪਰ ਜੇਕਰ ਉਹਨਾਂ ਦੋਵਾਂ ਨੂੰ ਪਤਾ ਨਹੀਂ ਚੱਲ ਸਕਿਆ ਸੀ ਤਾਂ ਉਹ ਦੋਵੇਂ ਮੇਰਾ ਪਿੱਛਾ ਕਿਉਂ ਕਰ ਰਹੇ ਸਨ ? ਬਹੁਤ ਸਾਰੇ ਸੁਆਲ ਸਨ। ਉਸਦੀ ਛਾਤੀ 'ਤੇ ਮੂੰਗ ਦਲਦੀਆਂ ਹੋਈਆਂ। ਬੈਜੰਤੀ ਅਤੇ ਬਦਰੀ ਦੀ ਘਰਵਾਲੀ ਸੀ। ਉਸਨੂੰ ਵਾਰ-ਵਾਰ ਲਗਦਾ ਕਿ ਕਿਤੇ ਏਨੀ ਦੂਰ ਭੱਜ ਜਾਵੇ ਕਿ ਇਹਨਾਂ ਸਭ ਮੁਸੀਬਤਾਂ 'ਚੋਂ ਇਕੋ ਨਾਲ ਛੁਟਕਾਰਾ ਮਿਲ ਜਾਵੇ ਅਤੇ ਤਦੇ ਉਸਦੇ ਮੂਹਰੇ ਦੀਪਕ ਦਾ ਚਿਹਰਾ ਘੁੰਮਣ ਲਗਦਾ।

ਜਿਵੇਂ ਗੌਰੀ ਨੇ ਇਕ ਦਿਨ ਇਹ ਸੁਪਨਾ ਦੇਖਿਆ ਕਿ ਉਹ ਰੋਜ਼ ਦੀ ਤਰ੍ਹਾਂ ਆਪਣੇ ਖੇਤ 'ਚ ਜੰਗਲ ਪਾਣੀ ਲਈ ਬੈਠਾ ਸੀ। ਹਵਾ ਏਨੀ ਸ਼ਾਂਤ ਹੈ ਕਿ ਕਿਤੇ ਇਕ ਪੱਤਾ ਤੱਕ ਨਹੀਂ ਹਿਲ ਰਿਹਾ। ਅਚਾਨਕ ਉਸਦੇ ਬਾਗ 'ਚ ਇਕ ਦਰਖ਼ਤ ਤੜੱਕ ਕਰਕੇ ਗਿਰਦਾ ਹੈ। ਇਸ ਦੇ ਬਾਦ ਦੂਜਾ, ਫੇਰ ਤੀਜਾ, ਫੇਰ ਚੌਥਾ.. ਇਕ-ਇਕ ਕਰਕੇ ਸਾਰੇ ਦਰਖ਼ਤ ਗਿਰ ਜਾਂਦੇ ਨੇ। ਇਕ ਅੱਧਾ ਵੀ ਰੁੱਖ ਖੜ੍ਹਾ ਨਹੀਂ ਦਿਖ ਰਿਹਾ। ਗੌਰੀਨਾਥ ਨੰਗਾ ਹੀ ਬਾਗ ਵੱਲ ਭੱਜਦਾ ਹੈ ਅਤੇ ਫੇਰ ਉਸ ਉਜੜੇ ਹੋਏ ਬਾਗ 'ਚੋਂ ਜੋ ਹੁਣ ਲੱਕੜ ਅਤੇ ਪੱਤਿਆ ਦੇ ਢੇਰ 'ਚ ਬਦਲ ਗਿਆ ਹੈ, ਉਹ ਵੱਛਾ ਜਿਸ ਦਾ ਕੱਲ੍ਹ ਹੀ ਜਨਮ ਹੋਇਆ ਹੈ, ਸੜਦਿਆਂ ਬਾਹਰ ਭੱਜਦਾ ਹੈ। ਉਹ ਕੁਝ ਇਉਂ ਸੜ ਰਿਹਾ ਹੈ ਜਿਵੇਂ ਉਸ 'ਤੇ ਕੁਝ ਛਿੜਕ ਕੇ ਅੱਗ ਲਾ ਦਿੱਤੀ ਗਈ ਹੋਵੇ। ਗੌਰੀਨਾਥ ਉਸਦੇ ਪਿੱਛੇ -ਪਿੱਛੇ ਭੱਜਦਾ ਹੈ। ਅਤੇ ਭੱਜਦੇ ਜਾਂਦੇ ਗੌਰੀਨਾਥ ਨੂੰ ਲਗਦਾ ਹੈ ਕਿ ਉਹ ਸੜਦੇ ਹੋਏ ਵੱਛੇ 'ਚ ਬਦਲ ਗਿਆ ਜੋ ਇਕ ਗੋਲ ਚੱਕਰ ਕੱਟਦਿਆਂ ਖੁਦ ਦਾ ਹੀ ਪਿੱਛਾ ਕਰ ਰਿਹਾ ਹੈ। ਇਕ ਦੂਜੇ ਸੁਪਨੇ 'ਚ ਗੌਰੀਨਾਥ ਨੇ ਆਪਣੇ

ਆਪ ਨੂੰ ਇਕ ਜੱਲਾਦ ਦੇ ਰੂਪ 'ਚ ਪਾਇਆ। ਉਸਨੂੰ ਇਕ ਹਰਕਾਰੇ ਤੋਂ ਇਕ ਜ਼ਿਲਦਬੰਦ ਸਰਕਾਰੀ ਹੁਕਮ ਪ੍ਰਾਪਤ ਹੋਇਆ ਕਿ ਉਸਨੇ ਕਈ ਲੋਕਾਂ ਨੂੰ ਫਾਂਸੀ ਦੇਣੀ ਹੈ। ਸਜ਼ਾਯਾਫਤਾ ਲੋਕਾਂ ਦੀ ਸੂਚੀ 'ਚ ਨਵੇਂ ਜਨਮੇਂ ਬੱਚੇ ਤੋਂ ਲੈ ਕੇ ਸੌ ਸਾਲ ਦੇ ਬੁੱਢੇ ਤੱਕ ਮੌਜੂਦ ਸਨ। ਸੁਪਨੇ 'ਚ ਗੌਰੀਨਾਥ ਨੂੰ ਇਹ ਵੀ ਯਾਦ ਆਇਆ ਕਿ ਆਖਰੀ ਫਾਂਸੀ ਉਸਨੇ ਆਪਣੇ ਪਿਤਾ ਨੂੰ ਦੇਣੀ ਹੋਵੇਗੀ। ਹਾਲਾਂਕਿ ਉਸਦੇ ਪਿਤਾ ਏਥੇ ਵੀ ਬਦਮਾਸ਼ੀ ਕਰਨ ਤੋਂ ਬਾਜ ਨਹੀਂ ਆਏ। ਅਤੇ ਜਦ ਫਾਂਸੀ ਦੇਣ ਬਾਦ ਉਸਨੇ ਪਿਤਾ ਦੇ ਚਿਹਰੇ ਤੋਂ ਕੱਪੜਾ ਹਟਾਇਆ ਤਾਂ ਇਹ ਕੀ ਇਹ ਤਾਂ ਉਹ ਆਪ ਮਤਲਬ ਗੌਰੀਨਾਥ ਹੀ ਸੀ ਜਿਸਨੇ ਉਸਨੂੰ ਫਾਂਸੀ ਦਿੱਤੀ ਸੀ ਅਤੇ ਫੇਰ ਉਸਨੇ ਉਸ ਸਰਕਾਰੀ ਹੁਕਮਨਾਮੇ ਨੂੰ ਫੇਰ ਪੜ੍ਹਿਆ ਜੋ ਉਸਨੂੰ ਦਿੱਤਾ ਗਿਆ ਸੀ ਅਤੇ ਫੇਰ ਉਸਨੇ ਦੇਖਿਆ ਕਿ ਉਸ ਹੁਕਮਨਾਮੇ 'ਚ ਆਖਰੀ ਨਾਂ ਉਸਦਾ ਆਪਣਾ ਸੀ। ਉਸਨੂੰ ਇਸ ਗੱਲ ਦੇ ਲਈ ਸਨਮਾਨਿਤ ਵੀ ਕੀਤਾ ਗਿਆ ਕਿ ਉਹ ਆਪਣੇ ਆਪ ਨੂੰ ਫਾਂਸੀ ਦੇਣ ਵਾਲਾ ਪਹਿਲਾ ਜੱਲਾਦ ਸੀ।

ਤੀਜੇ ਸੁਪਨੇ 'ਚ ਅਨੰਤ ਤੱਕ ਫੈਲੇ ਦਿਖਣ ਵਾਲੇ ਰੇਗਿਸਤਾਨ ਦੇ ਵਿੱਚ ਇਕ ਸੜਕ ਸੀ। ਗੌਰੀਨਾਥ ਨੂੰ ਲੱਗਿਆ ਕਿ ਇਹ ਸੜਕ ਅਨੰਤ ਨੂੰ ਦੋ ਹਿੱਸਿਆਂ 'ਚ ਵੰਡ ਰਹੀ ਹੈ। ਹੁਣ ਉਹ ਜਿੱਥੇ ਖੜ੍ਹਾ ਸੀ ਉਸਦੇ ਦੋਵੇਂ ਪਾਸੇ ਉਸਨੂੰ ਦੋ ਅਨੰਤ ਲੱਗੇ। ਅਨੰਤ ਨੂੰ ਵੰਡਣ ਦੇ ਆਪਣੇ ਇਸ ਪਾਗਲ ਖ਼ਿਆਲ 'ਤੇ ਇਕ ਪਾਗਲ ਠਹਾਕਾ ਉਸਨੇ ਮਾਰਿਆ। ਸੁਪਨੇ 'ਚ ਹੀ ਉਸਨੇ ਉਹ ਵੀ ਯਾਦ ਕਰਨ ਵੀ ਕੋਸ਼ਿਸ਼ ਕੀਤੀ ਕਿ ਪਿਛਲੀ ਵਾਰ ਉਹ ਅਜਿਹੀ ਪਾਗਲ ਹਾਸੀ ਕਦ ਹੱਸਿਆ ਸੀ। ਹੱਸਣ ਦੇ ਬਾਦ ਉਸਨੇ ਸੜਕ ਦੇ ਦੋਵੇਂ ਪਾਸਿਆਂ ਵੱਲ ਦੇਖਿਆ। ਬਿਰਖ-ਬੂਟੇ, ਸਰਾਂ, ਖੂਹ, ਦੁਕਾਨਾਂ ਕੁਝ ਵੀ ਨਹੀਂ। ਕੋਈ ਹੋਰ ਮੁਸਾਫਿਰ ਵੀ ਨਹੀਂ। ਪਿੱਛੇ ਦੇਖਿਆ ਕਿ ਅੱਧਾ ਅਨੰਤ ਗਾਇਬ ਹੋ ਚੁੱਕਿਆ ਹੈ। ਹੁਣ ਉਹ ਸੜਕ ਉਥੋਂ ਹੀ ਸ਼ੁਰੂ ਹੋ ਰਹੀ ਹੈ ਜਿੱਥੇ ਉਹ ਖੜ੍ਹਾ ਹੈ। ਉਹ ਅੱਗੇ ਤੁਰਿਆ ਇਸ ਆਸ ਨਾਲ ਕਿ ਸੜਕ ਹੈ ਤਾਂ ਕਿਤੇ ਨਾ ਕਿਤੇ ਤਾਂ ਜਾਂਦੀ ਹੀ ਹੋਵੇਗੀ। ਜਦ ਉਹ ਤੁਰਦਾ ਤੁਰਦਾ ਥੱਕ ਗਿਆ ਅਤੇ ਰਸਤੇ ਦਾ ਕੋਈ ਸਿਰਾ ਨਾ ਮਿਲਿਆ ਤਾਂ ਭੁੱਖ-ਪਿਆਸ, ਅਕੇਵਾਂ, ਥਕਾਨ ਅਤੇ ਘਬਰਾਹਟ ਦੇ ਮਾਰੇ ਗੌਰੀਨਾਥ ਨੇ ਪਿੱਛੇ ਮੁੜਨ ਦਾ ਨਿਸ਼ਚਾ ਕੀਤਾ। ਪਿੱਛੇ ਮੁੜਨ 'ਤੇ ਉਸਨੇ ਦੇਖਿਆ ਕਿ ਵਾਪਿਸ ਮੁੜਨ ਲਈ ਕੋਈ ਸੜਕ ਹੀ ਨਹੀਂ ਹੈ। ਤਾਂ ਕੀ ਉਹ ਤੁਰਨ ਦੇ ਭਰਮ 'ਚ ਉਥੇ ਦਾ ਉਥੇ ਖੜ੍ਹਾ ਰਹਿ ਗਿਆ ਹੈ ਜਾਂ ਕਿ ਉਸਦੇ ਪਿੱਛੇ ਦੀ ਸੜਕ ਰੇਗਿਸਤਾਨ 'ਚ ਗਾਇਬ ਹੁੰਦੀ ਚਲੀ ਗਈ ਹੈ। ਸਾਰੇ ਪਾਸੇ ਰੇਗਿਸਤਾਨ ਪਸਰਿਆ ਹੋਇਆ ਹੈ। ਕਿਸੇ ਪਾਸੇ ਕੋਈ ਅਜਿਹੀ ਚੀਜ਼ ਨਹੀਂ ਜੋ ਕਿਸੇ ਇਕ ਰਾਏ ਦੇ ਪੱਖ 'ਚ ਗਵਾਹੀ ਦੇ ਸਕੇ। ਉਹ ਪਗਲਾਇਆ ਹੋਇਆ ਚੀਕਦਾ ਹੈ ਕਿ ਕੀ ਰੇਗਿਸਤਾਨ ਅਤੇ ਸੜਕ ਸਿਰਫ ਉਸਦੇ ਲਈ ਬਣਿਆ ਹੋਇਆ ਹੈ..ਉਸਦੀ ਆਵਾਜ਼ ਨਾਲ ਹਵਾ 'ਚ ਤੇਜ਼ ਹਲਚਲ ਹੁੰਦੀ ਹੈ ਅਤੇ ਰੇਗਿਸਤਾਨ ਸੁੰਘੜਨਾ ਸ਼ੁਰੂ ਕਰ ਦਿੰਦਾ ਹੈ। ਸੁੰਘੜਦੇ ਸੁੰਘੜਦੇ ਅਨੰਤ 'ਚ ਫੈਲਿਆ ਪੂਰਾ ਰੇਗਿਸਤਾਨ ਉਸਦੇ ਅੰਦਰ ਸਮਾ ਜਾਂਦਾ ਹੈ। ਉਦੋਂ ਉਹ ਦੇਖਦਾ ਹੈ ਕਿ ਉਹ ਬਾਲੂ ਨਾਲ ਬਣਿਆ ਹੈ ਜੋ ਬੜੀ ਤੇਜ਼ੀ ਨਾਲ ਝੜ ਰਿਹਾ ਹੈ। ਉਹ ਡਰ ਦੇ ਮਾਰੇ ਜੜ ਹੋ ਜਾਂਦਾ ਹੈ। ਚੀਕਣਾ ਚਾਹੁੰਦਾ ਹੈ। ਪਰ ਅੰਦਰੋਂ ਆਵਾਜ਼ ਨਹੀਂ ਨਿਕਲਦੀ ਬਸ ਇਕ ਸਨਸਨਹਾਟ ਸੁਣਾਈ ਦਿੰਦੀ ਹੈ। ਉਸਦੀ ਨੀਂਦ ਟੁੱਟ ਜਾਂਦੀ ਹੈ।

ਇਉਂ ਹੀ ਇਕ ਹੋਰ ਸੁਪਨੇ 'ਚ ਉਸਨੇ ਦੇਖਿਆ ਕਿ ਉਸਦਾ ਉਸਦੀ ਹੀ ਘਰਵਾਲੀ ਮਤਲਬ ਬੈਜੰਤੀ ਨਾਲ ਵਿਆਹ ਹੋ ਰਿਹਾ ਹੈ ਪਰ ਪਤਾ ਨਹੀਂ ਕਿੱਥੋਂ ਬਹੁਤ ਸਾਰੇ ਜਾਣੇ ਆ ਗਏ ਹਨ ਜੋ ਉਸਦੀ ਘਰਵਾਲੀ ਨਾਲ ਫੇਰੇ ਲੈ ਰਹੇ ਹਨ। ਉਹ ਲਗਾਤਾਰ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ ਅਤੇ ਲੋਕ ਹਨ ਕਿ ਵਧਦੇ ਹੀ ਜਾ ਰਹੇ ਹਨ। ਗੌਰੀ ਸੁਪਨੇ 'ਚ ਹੀ ਇਕ ਅਨੰਤ ਉਦਾਸੀ



ਨਾਲ ਭਰਦਾ ਜਾ ਰਿਹਾ ਹੈ ਕਿ ਕੀ ਉਸਦੀ ਕਦੇ ਵਾਰੀ ਕਦੇ ਨਹੀਂ ਆਏਗੀ। ਉਹ ਜ਼ਬਰਦਸਤੀ ਅੱਗੇ ਵਧਣ ਨੂੰ ਹੁੰਦਾ ਹੈ ਕਿ ਉਸਦੇ ਪਿਤਾ ਉਸ ਦਾ ਹੱਥ ਫੜ੍ਹ ਲੈਂਦੇ ਹਨ। ਪਿਤਾ ਆਪਣੇ ਜਵਾਨ ਰੂਪ 'ਚ ਹੈ ਅਤੇ ਹੂ-ਬ-ਹੂ ਗੌਰੀਨਾਥ ਵਾਂਗ ਹੀ ਲੱਗ ਰਹੇ ਹਨ। ਉਹ ਉਸਨੂੰ ਜੱਫੀ ਪਾਉਂਦੇ ਹਨ ਅਤੇ ਉਸਦੇ ਲਈ ਰੋਂਦੇ ਨੇ। ਦੋਵੇਂ ਰੋਂਦੇ ਰੋਂਦੇ ਆਪਸ 'ਚ ਹੀ ਫੇਰੇ ਲੈਣ ਲਗਦੇ ਨੇ। ਫੇਰੇ ਲੈਣ ਬਾਦ ਪਿਤਾ ਆਪਣੇ ਸਾਈਕਲ 'ਤੇ ਬੈਠਕੇ ਚਲੇ ਜਾਂਦੇ ਹਨ। ਪਿਤਾ ਦੇ ਜਾਣ ਬਾਦ ਅਚਾਨਕ ਗੌਰੀਨਾਥ ਦੇਖਦਾ ਹੈ ਕਿ ਪਿਤਾ ਉਸ 'ਚ ਰਹਿ ਗਏ ਹਨ। ਖੁਦ ਗੌਰੀਨਾਥ ਪਿਤਾ ਦੇ ਭੇਸ 'ਚ ਬਾਹਰ ਚਲਾ ਗਿਆ ਹੈ। ਇਕ ਹੋਰ ਸੁਪਨੇ 'ਚ ਉਸਨੇ ਦੇਖਿਆ ਕਿ ਉਸਦਾ ਸਰੀਰ ਯੋਨੀਆਂ (ਇਸਤਰੀ ਦਾ ਗੁਪਤ ਅੰਗ) ਨਾਲ ਭਰ ਗਿਆ। ਕੰਨ, ਨੱਕ, ਅੱਖ, ਮੂੰਹ ਸਾਰੇ ਦੇ ਸਾਰੇ ਯੋਨੀਆਂ 'ਚ ਹੀ ਬਦਲ ਗਏ ਹਨ। ਸਾਰੀ ਦੇਹ 'ਚ ਅਸੰਖ ਯੋਨੀਆਂ ਹਨ ਅਤੇ ਉਹਨਾਂ ਅਸੰਖ ਯੋਨੀਆਂ 'ਚ ਅਸੰਖ ਗੌਰੀਨਾਥ ਸੰਭੋਗ ਕਰ ਰਹੇ ਹਨ। ਅਤੇ ਥੋੜ੍ਹੀ ਹੀ ਦੇਰ 'ਚ ਉਸਨੇ ਆਪਣੀ ਦੇਹ 'ਚ ਬੇਅੰਤ ਸਿਉਂਕ ਨੂੰ ਨਿਕਲਦਿਆਂ ਦੇਖਿਆ ਜੋ ਅੰਨ੍ਹੇ ਲਿਜਲਿਜੇ ਕੀੜਿਆਂ ਵਾਂਗ ਇਕ ਦੂਜੇ 'ਤੇ ਚੜ੍ਹੀ ਹੋਈ ਸੀ। ਜੋ ਆਪਸ 'ਚ ਇਕ ਦੂਜੇ ਨੂੰ ਖਾਂਦਿਆਂ ਭਿਆਨਕ ਗੁੰਜਾਰ ਜਿਹੀ ਆਵਾਜ਼ ਕਰ ਰਹੀ ਸੀ।

ਅਗਲੀਆਂ ਕਈ ਰਾਤਾਂ ਤੱਕ ਗੌਰੀਨਾਥ ਨੇ ਰੋਜ਼ ਇਕ ਨਵਾਂ ਸੁਪਨਾ ਦੇਖਿਆ। ਜਿਸ ਸੁਪਨੇ ਦੇ ਨਾਲ ਉਸਦੀ ਅੱਖ ਖੁੱਲ੍ਹਦੀ ਉਹ ਸਾਰਾ ਦਿਨ ਉਸ ਦੀਆਂ ਅੱਖਾਂ 'ਚ ਧੜਕਦਾ ਰਹਿੰਦਾ। ਆਮ ਸੁਪਨਿਆਂ ਦੇ ਉਲਟ ਇਹ ਸੁਪਨਾ ਉਸਨੂੰ ਸਾਰੇ ਦਾ ਸਾਰਾ ਯਾਦ ਰਹਿੰਦਾ। ਇਸ ਹੱਦ ਤੱਕ ਕਿ ਉਹ ਉਸਨੂੰ ਹੂ-ਬ-ਹੂ ਲਿਖ ਸਕਦਾ ਸੀ। ਇਸੇ 'ਚ ਅਗਲੇ ਦਿਨ ਅਗਲਾ ਸੁਪਨਾ ਜੁੜ ਜਾਂਦਾ। ਫੇਰ ਅਗਲਾ... ਪਰ ਬਾਦ 'ਚ ਉਹ ਸੁਪਨਿਆਂ ਨੂੰ ਲੈ ਕੇ ਦਿਸ਼ਾ ਜਿਹੀ ਭਟਕ ਗਿਆ। ਸਾਰੇ ਸੁਪਨੇ ਆਪਸ 'ਚ ਮਿਲ ਗਏ ਸਨ। ਉਸਦੇ ਕਿਰਦਾਰਾਂ ਅਤੇ ਦ੍ਰਿਸ਼ਾਂ ਨੇ ਆਪਸ 'ਚ ਅਦਲਾ-ਬਦਲੀ ਦੀ ਖੇਡ ਖੇਡੀ ਸੀ। ਇਕ ਤਾਂ ਗੌਰੀਨਾਥ ਪਹਿਲਾਂ ਹੀ ਉਹਨਾਂ ਸੁਪਨਿਆਂ ਨੂੰ ਬੁੱਝਣ 'ਚ ਆਪਣੇ ਆਪ ਨੂੰ ਅਸਮਰਥ ਪਾ ਰਿਹਾ ਸੀ। ਉਪਰੋਂ ਉਸਦੀ ਇਹ ਖੇਡ ....ਉਹ ਆਪਣੇ ਆਪ ਨੂੰ ਉਹਨਾਂ ਸੁਪਨਿਆਂ ਦਾ ਕੋਈ ਵੀ ਅਰਥ ਕੱਢਣ 'ਚ ਸਮਰੱਥ ਮਹਿਸੂਸ ਨਹੀਂ ਕਰ ਰਿਹਾ ਸੀ। ਹੁਣ ਤਾਂ ਉਸਨੂੰ ਇਹ ਵੀ ਸ਼ੱਕ ਹੋ ਰਿਹਾ ਸੀ ਕਿ ਕੁਝ ਸ਼ੁਰੂਆਤੀ ਸੁਪਨਿਆਂ ਦਾ ਜੋ ਅਰਥ ਉਸਨੇ ਕੀਤਾ ਸੀ ਉਹ ਕਿੰਨਾ ਸਹੀ ਜਾਂ ਗਲਤ ਸੀ। ਇਸ ਗੱਲ ਦੀ ਵੀ ਉਨੀ ਹੀ ਸੰਭਾਵਨਾ ਸੀ ਕਿ ਉਹਨਾਂ ਸੁਪਨਿਆਂ ਦਾ ਕੋਈ ਅਰਥ ਹੀ ਨਾ ਹੋਵੇ। ਉਹਨਾਂ ਨਾ ਸਮਝ 'ਚ ਆਉਣ ਵਾਲੇ ਸੁਪਨਿਆਂ ਭਰੀਆਂ ਰਾਤਾਂ ਬਾਦ ਉਸਨੇ ਅਗਲੀਆਂ ਕੁਝ ਰਾਤਾਂ ਤੱਕ ਜਾਗਣ ਦਾ ਸੋਚਿਆ। ਰਾਤ 'ਚ ਨੀਂਦ ਆਉਣ ਦੇ ਇਕ ਆਦਿਮ ਅਭਿਆਸਵਸ਼ ਉਸ ਦੀਆਂ ਪਲਕਾਂ ਨੀਂਦ ਨਾਲ ਝਪਕਦੀਆਂ ਰਹਿੰਦੀਆਂ। ਉਹ ਸੌਂ ਜਾਂਦਾ ਪਰ ਉਹ ਸੌਣਾ ਸੱਚਮੁੱਚ ਦਾ ਸੌਣਾ ਨਹੀਂ ਹੁੰਦਾ । ਇਹ ਨੀਂਦ ਅਤੇ ਜਾਗਣ ਦੇ ਦਰਮਿਆਨ ਦੀ ਹਾਲਤ ਹੁੰਦੀ। ਇਕੋ ਨਾਲ ਉਸਨੂੰ ਇਹ ਵੀ ਮਹਿਸੂਸ ਹੁੰਦਾ ਕਿ ਉਹ ਜਾਗ ਰਿਹਾ ਹੈ, ਦੂਜੇ ਪਾਸੇ ਉਸੇ ਸਮੇਂ ਉਹ ਕੋਈ ਧੁੰਦਲਾ ਜਿਹਾ ਸੁਪਨਾ ਵੀ ਦੇਖ ਰਿਹਾ ਹੁੰਦਾ। ਅੱਖ ਖੁੱਲ੍ਹਦੀ ਤਾਂ ਇਹ ਤਾਂ ਯਾਦ ਰਹਿੰਦਾ ਕਿ ਕੁਝ ਦੇਖਿਆ ਸੀ ਪਰ ਕੀ ਦੇਖਿਆ ਸੀ ਇਹ ਕਦੇ ਯਾਦ ਨਾ ਰਹਿੰਦਾ। ਉਹ ਸਾਰਾ ਸਾਰਾ ਦਿਨ ਰਾਤ ਨੂੰ ਦੇਖੇ ਗਏ ਸੁਪਨੇ ਨੂੰ ਯਾਦ ਕਰਨ 'ਚ ਲਾ ਦਿੰਦਾ। ਉਹ ਆਪਣੇ ਇਹਨਾਂ ਸੁਪਨਿਆਂ 'ਚ ਇਸ ਹੱਦ ਤੱਕ ਖੋ ਗਿਆ ਕਿ ਉਸਦਾ ਸਾਰੇ ਦਿਨ ਦਾ ਕੰਮ-ਕਾਰ ਖਰਾਬ ਹੋ ਗਿਆ। ਉਹ ਰੋਜ਼ ਦੇ ਆਪਣੇ ਸਾਰੇ ਕੰਮ ਭੁੱਲ ਗਿਆ। ਸਕੂਲ ਜਾਣਾ ਭੁੱਲ ਗਿਆ। ਏਥੋਂ ਤੱਕ ਕਿ ਦੀਪਕ ਨੂੰ ਭੁੱਲ ਗਿਆ ਜਿਸਦੇ ਫਿਕਰ 'ਚ ਉਹ ਸੁਪਨਿਆਂ ਦਾ ਆਉਣਾ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਘੁਲਦਾ ਰਹਿੰਦਾ ਸੀ। ਇਉਂ ਇਕ ਦਿਨ ਜਦ ਉਹ ਇੱਕ ਸੁਪਨੇ 'ਚੋਂ ਨਿਕਲ ਕੇ ਦੂਜੇ 'ਚ ਜਾਣ ਹੀ

ਵਾਲਾ ਸੀ ਕਿ ਉਸਦੀ ਨਿਗਾਹ ਦੀਪਕ 'ਤੇ ਪੈ ਗਈ। ਉਹ ਦੀ ਇਕੱਲਤਾ ਵਾਪਿਸ ਮੁੜ ਆਈ ਸੀ। ਉਹ ਸਾਰੀਆਂ ਚੀਜ਼ਾਂ ਤੋਂ ਬੇਪਰਵਾਹ ਭੁੰਜੇ ਸਿਰ ਲਮਕਾਈ ਬੈਠਾ ਸੀ। ਗੌਰੀਨਾਥ ਭੱਜ ਕੇ ਉਸ ਦੇ ਕੋਲ ਗਿਆ ਅਤੇ ਉਹ ਭੁੰਜੇ ਉਸ ਕੋਲ ਬੈਠ ਗਿਆ। ਉਸਨੇ ਦੀਪਕ ਨੂੰ ਲਗਭਗ ਆਪਣੀ ਗੋਦੀ 'ਚ ਲੈ ਲਿਆ ਅਤੇ ਇਉਂ ਵਿਰਲਾਪ ਕਰਨ ਲੱਗਿਆ ਜਿਵੇਂ ਉਹ ਮਰ ਚੁੱਕਿਆ ਹੋਵੇ।

## ਜ਼ਹਿਰ ਦਾ ਆਖਰੀ ਸ਼ਿਕਾਰ

ਗੌਰੀ ਦਾ ਉਹ ਵਿਰਲਾਪ ਏਨਾ ਵੈਰਾਗਮਈ ਸੀ ਕਿ ਬੈਜੰਤੀ ਤੱਕ ਪਿਘਲ ਗਈ। ਬੈਜੰਤੀ ਦੇ ਬੁੱਲ੍ਹਾਂ 'ਤੇ ਹਮੇਸ਼ਾ ਬਣੀ ਰਹਿਣ ਵਾਲੀ ਮਜ਼ਾਕ ਭਰੀ ਮੁਸਕਾਨ ਹਮੇਸ਼ਾ ਲਈ ਗਾਇਬ ਹੋ ਗਈ ਸੀ। ਉਸਨੂੰ ਉਸ ਰਾਤ ਦਾ ਰੁਦਨ ਵੀ ਯਾਦ ਸੀ ਜਦ ਦੀਪਕ ਨੂੰ ਖੰਘ ਦੀ ਦਵਾਈ ਖੁਆਉਂਦਾ-ਖੁਆਉਂਦਾ ਰੋ ਪਿਆ ਸੀ। ਪਰ ਇਸ ਪਲ ਗੌਰੀਨਾਥ ਏਨਾ ਤਰਸਯੋਗ ਲੱਗਿਆ ਕਿ ਉਸਨੂੰ ਤਰਸ ਆ ਗਿਆ। ਮੁੰਡੇ ਨਾਲ ਚਿੰਬੜਦੇ ਰੋਂਦਿਆਂ ਗੌਰੀ ਬਿਲਕੁਲ ਮਾਸੂਮ ਲੱਗ ਰਿਹਾ ਸੀ। ਦੂਜੇ ਪਾਸੇ ਉਸਦੇ ਰੁਦਨ 'ਤੇ ਦੀਪਕ ਬਿਲਕੁਲ ਬੇਲਾਗ ਦਿਖ ਰਿਹਾ ਸੀ। ਰੋਂਦੇ ਹੋਏ ਗੌਰੀ ਨੇ ਉਸਨੂੰ ਜਿਸ ਤਰ੍ਹਾਂ ਨਾਲ ਫੜ ਰੱਖਿਆ ਸੀ ਉਸ ਨਾਲ ਜ਼ਰੂਰ ਉਹ ਥੋੜ੍ਹਾ ਪਰੇਸ਼ਾਨ ਦਿਖ ਰਿਹਾ ਸੀ ਪਰ ਏਨਾ ਵੀ ਨਹੀਂ ਕਿ ਉਹ ਖੁਦ ਨੂੰ ਗੌਰੀ ਤੋਂ ਛੁਡਾਉਣ ਦੀ ਕੋਸ਼ਿਸ਼ ਕਰੇ। ਬੈਜੰਤੀ ਦੇ ਲਈ ਇਹ ਦ੍ਰਿਸ਼ ਏਨਾ ਪਵਿਤਰ ਸੀ ਕਿ ਉਸਨੇ ਗੌਰੀ ਨੂੰ ਇਸੇ ਪਲ ਉਸਦੇ ਸਾਰੇ ਗੁਨਾਹਾਂ ਤੋਂ ਬਰੀ ਕਰ ਦਿੱਤਾ। ਉਹ ਗੌਰੀ ਦੇ ਨੇੜੇ ਆਈ ਅਤੇ ਗੌਰੀ ਦੇ ਮੋਢਿਆਂ 'ਤੇ ਹੱਥ ਧਰਿਆ। ਸਿਰ 'ਤੇ ਹੱਥ ਫੇਰਿਆ ਅਤੇ ਉਸਨੂੰ ਆਪਣੇ ਨਾਲ ਘੁੱਟ ਲਿਆ। ਉਸ ਦੀਆਂ ਬਾਹਾਂ 'ਚ ਦੀਪਕ ਸੀ ਅਤੇ ਉਹ ਆਪ ਬੈਜੰਤੀ ਦੀਆਂ ਬਾਹਾਂ 'ਚ ਸੀ। ਉਸਦੇ ਵਿਆਹੁਤਾ ਜੀਵਨ 'ਚ ਏਨਾ ਮਾਰਮਿਕ ਪਲ ਇਸਤੋਂ ਪਹਿਲਾਂ ਕਦੇ ਨਹੀਂ ਆਇਆ ਸੀ।

ਇਸੇ ਪਲ ਗੌਰੀ ਨੇ ਸੋਚਿਆ ਕਿ ਹੁਣ ਉਸਨੂੰ ਵੀ ਉਸੇ ਰਾਹ ਜਾਣਾ ਚਾਹੀਦਾ ਹੈ ਜਿਸ ਰਾਹ 'ਤੇ ਪਿਤਾ ਅਤੇ ਭਾਈ ਗਏ ਹਨ। ਉਹ ਆਪਣੇ ਹਿੱਸੇ ਦਾ ਸਾਰਾ ਜੀਵਨ ਜਿਉਂ ਚੁੱਕਿਆ ਹੈ। ਉਸਨੂੰ ਕੋਈ ਕਾਰਨ ਸਮਝ 'ਚ ਨਹੀਂ ਆਇਆ ਪਰ ਉਸਨੂੰ ਲੱਗਿਆ ਕਿ ਉਸਦੇ ਰਹਿੰਦਿਆਂ ਦੀਪਕ ਕਦੇ ਠੀਕ ਨਹੀਂ ਹੋ ਸਕਦਾ। ਸ਼ਾਇਦ ਉਹ ਗੌਰੀ ਦੇ ਅਪਰਾਧਾਂ ਦੀ ਸਜ਼ਾ ਭੁਗਤ ਰਿਹਾ ਹੈ। ਉਸਨੂੰ ਲਗਾਤਾਰ ਰਾਤਾਂ ਨੂੰ ਦੇਖੇ ਗਏ ਸੁਪਨੇ ਯਾਦ ਆਏ ਜਿਨ੍ਹਾਂ ਦੇ ਦ੍ਰਿਸ਼ ਅਤੇ ਚਰਿਤਰ ਕਦ ਦੇ ਆਪਸ 'ਚ ਘੁਲਮਿਲ ਗਏ ਸਨ। ਉਸਨੂੰ ਪਿਤਾ ਅਤੇ ਭਾਈ ਦੀ ਯਾਦ ਆਈ ਜੋ ਉਸਨੂੰ ਹਰ ਵੇਲੇ ਘੇਰੇ ਰੱਖਦੀ ਸੀ। ਉਸਨੂੰ ਕਦੇ ਵੀ ਇਕੱਲਾ ਨਾ ਛੱਡਦੇ ਹੋਏ। ਗੌਰੀ ਨੂੰ ਪਤਾ ਹੈ ਕਿ ਉਹ ਦਿਨ ਦੂਰ ਨਹੀਂ ਜਦ ਉਹ ਖੁਦ ਸਭ ਨੂੰ ਚੀਕ-ਚੀਕ ਕੇ ਦੱਸੇਗਾ ਕਿ ਉਹ ਆਪਣੇ ਭਾਈ ਅਤੇ ਬਾਪ ਦਾ ਕਾਤਿਲ ਹੈ ਕਿ ਉਸਨੇ ਆਪਣੀ ਮਾਂ 'ਤੇ ਵੀ ਸ਼ੱਕ ਕੀਤਾ ਹੈ। ਕਿ ਦੀਪਕ ਦੀ ਇਸ ਹਾਲਤ ਦਾ ਜ਼ਿੰਮੇਵਾਰ ਵੀ ਸ਼ਾਇਦ ਉਹੀ ਹੈ। ਉਸਨੇ ਹੀ ਬੈਜੰਤੀ ਦਾ ਜੀਵਨ ਬਰਬਾਦ ਕੀਤਾ ਹੈ। ਉਸਨੂੰ ਆਪਣੀਆਂ ਸਾਰੀਆਂ ਬੇਈਮਾਨੀਆਂ ਅਤੇ ਗਿਰਾਵਟਾਂ ਯਾਦ ਆਈਆਂ। ਉਹ ਬਹੁਤ ਸਾਰੀਆਂ ਸਨ। ਉਸਨੇ ਜਾਣ ਲਿਆ ਕਿ ਉਹ ਅੱਜ ਕੱਲ੍ਹ ਇਸ ਮਨੋਸਥਿਤੀ 'ਚ ਘਰ ਅਤੇ ਪਿੰਡ 'ਚ ਰਹਿਣਾ ਅਸੰਭਵ ਹੋ ਜਾਵੇਗਾ। ਕੀ ਪਤਾ ਗੱਲ ਥਾਣੇ ਤੱਕ ਪਹੁੰਚ ਜਾਵੇ। ਨੌਕਰੀ ਵੀ ਜਾ ਸਕਦੀ ਹੈ। ਪਤਾ ਨਹੀਂ ਹੋਰ ਕੀ ਕੀ ਵਾਪਰੇ। ਦੂਜੇ ਪਾਸੇ ਗੌਰੀ ਦੇ ਨਾ ਰਹਿਣ ਕਰਕੇ ਉਸਦੇ ਪਾਪ ਹਮੇਸ਼ਾ ਦੇ ਲਈ ਲੁਕ ਜਾਣਗੇ। ਬਲਕਿ ਪਿਤਾ ਅਤੇ ਭਾਈ ਦੀ ਤਰ੍ਹਾਂ ਹੀ ਉਸਦੀ ਮੌਤ ਵੀ ਸੁਭਾਵਿਕ ਮੌਤ ਮੰਨ ਲਈ ਜਾਵੇਗੀ। ਕੀ ਪਤਾ ਦੀਪਕ ਦਾ ਵੀ ਕੁਝ ਭਲਾ ਹੋ ਜਾਵੇ ?



ਤੜਕੇ ਜਦ ਸਾਰੇ ਗੌਰੀਨਾਥ ਨੂੰ ਮਰਿਆ ਹੋਇਆ ਸਮਝ ਰਹੇ ਸੀ, ਉਦੋਂ ਉਹ ਜਿਉਂਦਾ ਸੀ। ਉਸਦੇ ਸਰੀਰ 'ਚ ਕੋਈ ਹਰਕਤ ਨਹੀਂ ਸੀ। ਉਹ ਅੱਖ ਖੋਲ੍ਹਕੇ ਕੁਝ ਦੇਖ ਨਹੀਂ ਸਕਦਾ ਸੀ, ਉਹ ਕੁਝ ਬੋਲ ਨਹੀਂ ਸਕਦਾ ਸੀ। ਉਸਦੇ ਸਰੀਰ 'ਤੇ ਉਸਦਾ ਕੋਈ ਜ਼ੋਰ ਨਹੀਂ ਸੀ ਪਰ ਉਸਨੂੰ ਸਾਰੀਆਂ ਗੱਲਾਂ ਬਿਲਕੁਲ ਸੁਣਾਈ ਦੇ ਰਹੀਆਂ ਸਨ। ਦਿਮਾਗ ਉਹਨਾਂ ਸਾਰੀਆਂ ਗੱਲਾਂ 'ਤੇ ਪ੍ਰਤਿਕਿਰਿਆ ਦੇ ਰਿਹਾ ਸੀ ਜੋ ਉਸਦੇ ਆਸੇ ਪਾਸੇ ਸਨ। ਇਹ ਆਵਾਜ਼ ਬੈਜੰਤੀ ਦੀ ਸੀ ਜੋ ਰੋਂਦੇ ਰੋਂਦੇ ਬੇਹੋਸ਼ ਹੋਣ ਜਿਹਾ ਨਾਟਕ ਕਰ ਰਹੀ ਹੈ। ਇਹ ਬੱਚੇ ਹਨ। ਇਹ ਪਿੰਡ ਦਾ ਫਲਾਣਾ ਆਦਮੀ ਹੈ। ਇਹ ਬਦਰੀ ਦੀ ਘਰਵਾਲੀ ਹੈ ਜੋ ਚੁੱਪਚਾਪ ਰੋ ਰਹੀ ਹੈ। ਆਵਾਜ਼ਾਂ ਬਹੁਤ ਸਾਰੀਆਂ ਹਨ। ਭੈਣਾਂ ਆ ਗਈਆਂ ਹਨ ਜੋ ਗੌਰੀ ਦੀ ਛਾਤੀ 'ਤੇ ਸਿਰ ਮਾਰ-ਮਾਰ ਕੇ ਰੋ ਰਹੀਆਂ ਨੇ। ਦੂਜੇ ਪਾਸੇ ਉਸਦੀ ਅਰਥੀ ਤਿਆਰ ਕੀਤੀ ਜਾ ਰਹੀ ਹੈ। ਉਸਨੂੰ ਨਵਾਇਆ ਜਾ ਰਿਹਾ ਹੈ। ਨਵੀਂ ਧੋਤੀ ਪਵਾਈ ਜਾ ਰਹੀ ਹੈ। ਨਿੰਦਾ ਹੋ ਰਹੀ ਹੈ। ਤਾਰੀਫ ਹੋ ਰਹੀ ਹੈ। ਗੌਰੀਨਾਥ ਸਭ ਕੁਝ ਸੁਣ ਰਿਹਾ ਹੈ। ਬਿਲਕੁਲ ਬੇਹਰਕਤ। ਉਸਦੇ ਸਾਹਮਣੇ ਇਕ ਨਵਾਂ ਯਥਾਰਥ ਖੁੱਲ੍ਹ ਰਿਹਾ ਹੈ। ਉਸਨੂੰ ਧੁੜਧੁੜੀ ਆ ਰਹੀ ਹੈ। ਉਹ ਜਿਉਂਦਾ ਕਿਵੇਂ ਹੈ ? ਕੀ ਜ਼ਹਿਰ ਬਣਾਉਣ 'ਚ ਉਸਤੋਂ ਕੋਈ ਗਲਤੀ ਹੋ ਗਈ ਸੀ ਜਾਂਕਿ ਪਿਤਾ ਤੋਂ ਸਿਖਾਉਣ 'ਚ ਕੋਈ ਕਮੀ-ਪੇਸ਼ੀ ਰਹਿ ਗਈ ਸੀ। ਕੀ ਜਦ ਮਾਤਾਫੇਰ ਅਤੇ ਬਦਰੀਨਾਥ ਨੂੰ ਸਾੜਿਆ ਗਿਆ ਤਾਂ ਉਹ ਵੀ ਜਿਉਂਦੇ ਸਨ। ਇਸੇ ਤਰ੍ਹਾਂ ਸਭ ਕੁਝ ਸੁਣਦਿਆਂ ਅਤੇ ਸਮਝਦਿਆਂ ਕੀ ਉਸਨੂੰ ਵੀ ਇਸੇ ਤਰ੍ਹਾਂ ਜਿਉਂਦਾ ਸਾੜ ਦਿੱਤਾ ਜਾਵੇਗਾ।

ਉਹ ਲੋਕਾਂ ਨੂੰ ਸੰਕੇਤ ਦੇਣਾ ਚਾਹੁੰਦਾ ਸੀ, ਝੰਜੋੜ ਕੇ ਦੱਸਣਾ ਚਾਹੁੰਦਾ ਸੀ ਕਿ ਉਹ ਜਿਉਂਦਾ ਹੈ ਪਰ ਇਹ ਕਿਸੇ ਵੀ ਤਰ੍ਹਾਂ ਨਾਲ ਸੰਭਵ ਨਹੀਂ ਹੋ ਪਾ ਰਿਹਾ। ਤਦੇ ਗੌਰੀ ਨੂੰ ਪਿਤਾ ਦਿਖਾਈ ਦਿੰਦੇ ਹਨ ਗੌਰੀ ਦੇ ਸਿਰ 'ਤੇ ਹੱਥ ਫੇਰਦਿਆਂ। ਬਦਰੀ ਦੇਖਦਾ ਹੈ ਸੜਦਾ ਹੋਇਆ ਅਤੇ ਉਸਦੀ ਅੱਖ ਖੁੱਲ੍ਹੀ ਹੋਈ ਹੈ। ਉਥੇ ਹੀ ਕੋਲੇ ਖੜ੍ਹਾ ਬੱਚਾ ਬਦਰੀ ਇਕ ਤੋਤਲੀ ਆਵਾਜ਼ 'ਚ ਚੀਕ ਰਿਹਾ ਹੈ। ਇਹ ਤੋਤਲੀ ਆਵਾਜ਼ ਸੜ ਰਹੀ ਹੈ। ਇਹ ਆਵਾਜ਼ ਗੌਰੀ ਦੇ ਕੰਨਾਂ 'ਚ ਤੇਜ਼ਾਬ ਵਾਂਗ ਗਿਰ ਰਹੀ ਹੈ। ਉਸਦਾ ਸਰੀਰ ਪੌੜੀ ਨਾਲ ਬੰਨਿਆ ਜਾ ਰਿਹਾ ਹੈ ਅਤੇ ਆਖਰੀ ਵਾਰ ਉਸਦੇ ਕੰਨ ਤਰਸ ਰਹੇ ਹਨ ਦੀਪਕ ਦੀ ਆਵਾਜ਼ ਦੇ ਲਈ। ਏਨੀਆਂ ਸਾਰੀਆਂ ਆਵਾਜ਼ਾਂ ਹਨ ਜੋ ਇਕ ਦੂਜੇ 'ਚ ਘੁਲੀਆਂ ਮਿਲੀਆਂ ਹੋਈਆਂ ਹਨ ਪਰ ਉਹਨਾਂ 'ਚ ਦੀਪਕ ਦੀ ਆਵਾਜ਼ ਕਿਤੇ ਨਹੀਂ ਸੁਣਾਈ ਦੇ ਰਹੀ। ਕੀ ਦੀਪਕ ਏਥੇ ਹੈ ਹੀ ਨਹੀਂ। ਉਸਨੂੰ ਉਸਦੀ ਉਡੀਕ ਹੈ। ਉਸਦੀ ਛੋਹ ਦੀ। ਉਹ ਉਸਦੀ ਛੋਹ ਲੱਖਾਂ 'ਚ ਵੀ ਪਛਾਣ ਲਵੇਗਾ। ਇਹ ਉਹੀ ਹੈ ਜਿਸਨੂੰ ਆਪਣੇ ਪਿੱਛੇ ਉਹ ਛੱਡਕੇ ਜਾ ਰਿਹਾ ਹੈ।

ਉਹ ਸੁਪਨਾ ਦੇਖਦਾ ਹੈ। ਇਕ ਆਖਰੀ ਸੁਪਨਾ। ਦੀਪਕ ਠੀਕ ਹੋ ਗਿਆ ਹੈ। ਉਸਦੀ ਘਰਵਾਲੀ ਉਸਦੀ ਇੱਜ਼ਤ ਕਰਦੀ ਹੈ। ਦੀਪਕ ਦੇ ਕਈ ਬੱਚੇ ਹਨ। ਸਾਰੇ ਬੱਚੇ ਦੀਪਕ ਦਾ ਹੀ ਅੰਸ਼ ਹਨ। ਗੌਰੀ ਦੀ ਥਾਂ ਦੀਪਕ ਨੂੰ ਮਿਲ ਗਈ ਹੈ। ਉਹ ਰੋਜ਼ ਮੋਟਰਸਾਈਲ 'ਤੇ ਬੈਠ ਕੇ ਸਕੂਲ ਜਾਂਦਾ ਹੈ। ਉਹ ਬੱਚਿਆਂ ਨੂੰ ਬਹੁਤ ਵਧੀਆ ਪੜ੍ਹਾਉਂਦਾ ਹੈ। ਉਸਦਾ ਬਹੁਤ ਨਾਂ ਹੋ ਗਿਆ ਹੈ। ਲੋਕ ਉਸਨੂੰ ਗੌਰੀ ਨਾਥ ਦੇ ਮੁੰਡੇ ਦੇ ਰੂਪ 'ਚ ਜਾਣਦੇ ਹਨ। ਗੌਰੀ ਦਾ ਸੁਪਨਾ ਵਿੱਚੇ ਹੀ ਟੁੱਟ ਗਿਆ। ਉਸਦੀ ਅਰਥੀ ਚੁੱਕੀ ਜਾ ਰਹੀ ਸੀ। ਤਦੇ ਉਸਨੂੰ ਉਹ ਆਵਾਜ਼ ਸੁਣਾਈ ਪਈ ਜਿਸਦਾ ਉਸਨੂੰ ਏਨੀ ਦੇਰ ਤੋਂ ਇੰਤਜ਼ਾਰ ਸੀ । ਦੀਪਕ ਦੇ ਰੋਣ ਦੀ ਆਵਾਜ਼। ਇਹ ਇਕ ਦਬਿਆ ਹੋਇਆ ਰੁਦਨ ਸੀ। ਆਪਣੇ ਆਪ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੋਇਆ। ਆਪਣੇ ਦੁੱਖ ਨੂੰ ਜਜ਼ਬ ਕਰਨ ਦੀ ਨਾਕਾਮ ਕੋਸ਼ਿਸ਼ ਕਰਦਾ ਹੋਇਆ। ਛੇਕੜ ਰੋਣ ਦਾ ਬੰਨ੍ਹ ਟੁੱਟ ਗਿਆ ਸੀ।

ਦੀਪਕ ਹੂ-ਬ-ਹੂ ਗੌਰੀਨਾਥ ਦੀ ਮਾਂ ਦੀ ਤਰ੍ਹਾਂ ਰੋ ਰਿਹਾ ਸੀ। **ਮੋ. 98159-76485**

# ਅੰਧਰੇਟੇ ਦਾ ਜੋਗੀ: ਚਿੱਤਰਕਾਰ ਸੋਭਾ ਸਿੰਘ

**-ਪ੍ਰੇਮ ਮਾਨ**

ਦਸੰਬਰ 1971 ਦੀ ਗੱਲ ਹੈ। ਮੇਰਾ ਬਹੁਤ ਪਿਆਰਾ ਦੋਸਤ ਤਰਲੋਕ ਰੰਧਾਵਾ ਜਿਸ ਨੇ ਕਾਲਜ ਤੋਂ ਬੀ.ਏ. ਕਰਨ ਤੋਂ ਬਾਦ ਡਾਕਖ਼ਾਨੇ ਦੀ ਨੌਕਰੀ ਲੈ ਲਈ ਸੀ, ਕਾਂਗੜਾ ਜ਼ਿਲ੍ਹੇ ਦੇ ਸ਼ਹਿਰ ਪਾਲਮਪੁਰ ਦੇ ਡਾਕ ਘਰ ਵਿੱਚ ਨੌਕਰੀ ਕਰ ਰਿਹਾ ਸੀ। ਮੈਂ ਐਮ.ਏ. ਕਰ ਕੇ ਜੁਲਾਈ 1971 ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਪੜ੍ਹਾਉਣ ਦੀ ਨੌਕਰੀ ਲੈ ਲਈ ਸੀ। ਦਸੰਬਰ ਦੇ ਸ਼ੁਰੂ ਵਿੱਚ ਤਰਲੋਕ ਦਾ ਖ਼ਤ ਆਇਆ ਜਿਸ ਵਿੱਚ ਉਸ ਨੇ ਮੈਨੂੰ ਦਸੰਬਰ ਦੀਆਂ ਛੁੱਟੀਆਂ ਵਿੱਚ ਪਾਲਮਪੁਰ ਆਉਣ ਲਈ ਜ਼ੋਰ ਪਾਇਆ ਸੀ। ਉਨ੍ਹਾਂ ਦਿਨਾਂ ਵਿੱਚ ਫ਼ੋਨ ਤਾਂ ਬਹੁਤ ਹੀ ਘੱਟ ਹੁੰਦੇ ਸਨ ਅਤੇ ਸਾਰੀਆਂ ਗੱਲਾਂ ਚਿੱਠੀਆਂ ਨਾਲ ਹੀ ਹੁੰਦੀਆਂ ਸਨ। ਮੈਂ ਕੱਚੇ-ਪੱਕੇ ਨੇ ਨਾਂਹ ਨੁੱਕਰ ਕਰਦੇ ਨੇ ਜਾਣ ਦਾ ਇਰਾਦਾ ਬਣਾ ਹੀ ਲਿਆ। ਤਰਲੋਕ ਪਿੰਡ ਬੋਦਲ ਤੋਂ ਡਾ. ਐਮ. ਐਸ. ਰੰਧਾਵਾ ਦਾ ਭਤੀਜਾ ਲਗਦਾ ਸੀ। ਭਾਵੇਂ ਤਰਲੋਕ ਗੜ੍ਹਦੀਵਾਲ ਕਾਲਜ ਵਿੱਚ ਪੜ੍ਹਦਾ ਸੀ ਅਤੇ ਮੈਂ ਬੰਗਾ ਕਾਲਜ ਵਿੱਚ ਪੜ੍ਹਦਾ ਸੀ ਪਰ ਇਕ ਮੁਲਾਕਾਤ ਤੋਂ ਬਾਦ ਸਾਡੀ ਦੋਸਤੀ ਭਰਾਵਾਂ ਵਰਗੀ ਹੋ ਗਈ ਸੀ। ਮੈਂ ਚੰਡੀਗੜ੍ਹ ਤੋਂ ਦਸੰਬਰ ਦੇ ਅਖੀਰ ਵਿੱਚ ਬੱਸ ਰਾਹੀਂ ਪਾਲਮਪੁਰ ਪਹੁੰਚ ਗਿਆ। ਮੈਂ ਤਰਲੋਕ ਕੋਲ ਸਿਰਫ਼ ਚਾਰ ਕੁ ਦਿਨ ਹੀ ਬਿਤਾਉਣੇ ਸਨ। ਪਾਲਮਪੁਰ ਪਹੁੰਚਣ ਤੋਂ ਬਾਦ ਮੈਨੂੰ ਤਰਲੋਕ ਤੋਂ ਪਤਾ ਲੱਗਾ ਕਿ ਅੰਧਰੇਟਾ ਉੱਥੋਂ ਮਸਾਂ ਅੱਠ ਕੁ ਮੀਲ ਹੀ ਸੀ। ਅੰਧਰੇਟਾ ਚਿੱਤਰਕਾਰ ਸੋਭਾ ਸਿੰਘ ਅਤੇ ਨੋਰਾ ਰਿਚਰਡ ਦਾ ਨਿਵਾਸ ਅਸਥਾਨ ਹੋਣ ਕਰ ਕੇ ਪੰਜਾਬੀ ਸਾਹਿਤਕਾਰਾਂ ਅਤੇ ਕਲਾ ਪ੍ਰੇਮੀਆਂ ਲਈ ਬਹੁਤ ਮਹੱਤਤਾ ਰੱਖਦਾ ਸੀ।

ਮੈਂ ਜਦੋਂ ਤਰਲੋਕ ਨੂੰ ਮਿਲਣ ਲਈ ਚੰਡੀਗੜ੍ਹ ਤੋਂ ਚੱਲਿਆ ਸੀ ਤਾਂ ਮੈਨੂੰ ਨਹੀਂ ਸੀ ਪਤਾ ਕਿ ਅੰਧਰੇਟਾ ਪਾਲਮਪੁਰ ਦੇ ਨਜ਼ਦੀਕ ਹੀ ਸੀ ਅਤੇ ਇਸ ਸਫ਼ਰ ਦੌਰਾਨ ਮੈਂ ਇਸ ਮਹਾਨ ਪੰਜਾਬੀ ਚਿੱਤਰਕਾਰ ਸੋਭਾ ਸਿੰਘ ਹੁਰਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਕਰ ਸਕਾਂਗਾ। ਫਿਰ ਤਰਲੋਕ ਕੋਲ ਪਹੁੰਚ ਕੇ ਜਦੋਂ ਪਤਾ ਲੱਗਾ ਤਾਂ ਮੈਂ ਸੋਭਾ ਸਿੰਘ ਹੁਰਾਂ ਨੂੰ ਮਿਲਣ ਜਾਣ ਦੀ ਇੱਛਾ ਪ੍ਰਗਟਾਈ। ਤਰਲੋਕ ਨੇ ਇਕ ਦਿਨ ਅੰਧਰੇਟੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੇਰੇ ਲਈ ਇਹ ਮਿਲਣੀ ਇਕ ਬਹੁਤ ਹੀ ਵਧੀਆ ਸਦੀਵੀ ਯਾਦਗਾਰ ਬਣ ਕੇ ਰਹਿ ਗਈ ਹੈ। ਜਦੋਂ ਅਸੀਂ ਸੋਭਾ ਸਿੰਘ ਹੁਰਾਂ ਨੂੰ ਮਿਲਣ ਗਏ ਤਾਂ ਇਹੋ ਸੋਚਿਆ ਸੀ ਕਿ ਘੰਟਾ-ਅੱਧਾ ਘੰਟਾ ਉਨ੍ਹਾਂ ਦੇ ਦਰਸ਼ਨ ਕਰ ਕੇ ਅਤੇ ਉਨ੍ਹਾਂ ਨਾਲ ਗੱਲਾਂ ਕਰ ਕੇ ਵਾਪਸ ਆ ਜਾਵਾਂਗੇ। ਉਦੋਂ ਇਹ ਨਹੀਂ ਸੀ ਸੋਚਿਆ ਕਿ ਉਸ ਮਿਲਣੀ ਵਿੱਚ ਇੰਨੀਆਂ ਗੱਲਾਂ ਵੱਖ ਵੱਖ ਵਿਸ਼ਿਆਂ ਤੇ ਹੋ ਜਾਣਗੀਆਂ ਅਤੇ ਸੋਭਾ ਸਿੰਘ ਹੁਰੀਂ ਸਾਨੂੰ ਪੰਜ ਘੰਟੇ ਤੋਂ ਵੱਧ ਦਾ ਸਮਾਂ ਦੇ ਸਕਣਗੇ। ਮੈਂ ਉਨ੍ਹਾਂ ਨਾਲ ਮੁਲਾਕਾਤ ਕਰਨ ਦੇ ਇਰਾਦੇ ਨਾਲ ਨਹੀਂ ਸੀ ਗਿਆ। ਉਨ੍ਹਾਂ ਨੂੰ ਪੁੱਛਣ ਲਈ ਕੋਈ ਸਵਾਲ ਵੀ ਨਹੀਂ ਸੀ ਸੋਚਿਆ। ਬੱਸ ਉਨ੍ਹਾਂ ਨੂੰ ਮਿਲਣ, ਉਨ੍ਹਾਂ ਦੀਆਂ ਬਣਾਈਆਂ ਤਸਵੀਰਾਂ ਦੇਖਣ, ਅਤੇ ਉਸ ਅਸਥਾਨ ਦੇ ਦਰਸ਼ਨ ਕਰਨ ਦੀ ਇੱਛਾ ਸੀ ਜਿੱਥੇ ਉਨ੍ਹਾਂ ਨੇ ਇੰਨੀਆਂ ਖ਼ੂਬਸੂਰਤ ਤਸਵੀਰਾਂ ਬਣਾਈਆਂ ਸਨ। ਸੋ ਇਸ ਮਿਲਣੀ ਵਿੱਚ ਜੋ ਵੀ ਗੱਲਾਂ ਹੋਈਆਂ, ਉਹ ਸੁਭਾਵਿਕ ਅਤੇ ਗੈਰ-ਰਸਮੀ ਹੀ ਹੋਈਆਂ ਸਨ। ਬੱਸ ਗੱਲਾਂ ਵਿੱਚੋਂ ਗੱਲਾਂ ਨਿਕਲਦੀਆਂ ਗਈਆਂ ਅਤੇ ਸਮਾਂ ਬੀਤਦਾ ਗਿਆ। ਸਾਡੀਆਂ ਜੋ ਵੀ ਗੱਲਾਂ ਹੋਈਆਂ, ਮੈਂ ਉਸੇ ਦਿਨ ਹੀ ਲਿਖ ਕੇ ਸੰਭਾਲ ਕੇ ਰੱਖ ਲਈਆਂ। ਉਹ ਲਿਖਤ 1971 ਤੋਂ ਹੁਣ ਤੱਕ ਇਕ ਲਿਫ਼ਾਫ਼ੇ ਵਿੱਚ ਬੰਦ ਮੇਰੇ ਨਾਲ ਨਾਲ ਥਾਂ ਤੋਂ ਥਾਂ ਸਫ਼ਰ ਕਰਦੀ ਰਹੀ। ਕੁਝ ਦੇਰ ਪਹਿਲਾਂ ਜਦੋਂ ਮੈਂ ਆਪਣੀਆਂ ਪੁਰਾਣੀਆਂ ਲਿਖਤਾਂ ਦੀ ਫੋਲਾ-ਫਾਲੀ ਕੀਤੀ ਤਾਂ ਇਹ ਲਿਖਤ ਲੱਭ ਪਈ। ਸੋਚਿਆ ਕਿ ਛੇਤੀਂ ਹੀ



ਇਸ ਲੇਖ ਨੂੰ ਸੁਧਾਰ ਕੇ ਲਿਖ ਕੇ ਛਪਾਵਾਂਗਾ। ਪਰ ਹੁਣ ਤੱਕ ਕੁਝ ਆਲਸ ਅਤੇ ਕੁਝ ਰੁਝੇਵਿਆਂ ਨੇ ਇਸ ਕੰਮ ਨੂੰ ਨੇਪਰੇ ਨਾ ਚੜ੍ਹਨ ਦਿੱਤਾ।

ਚਿੱਤਰਕਾਰ ਸੋਭਾ ਸਿੰਘ (1901-1986) ਸੰਸਾਰ ਪ੍ਰਸਿੱਧ ਪੰਜਾਬੀ ਚਿੱਤਰਕਾਰ ਸਨ ਜਿਨ੍ਹਾਂ ਤੇ ਪੰਜਾਬ ਅਤੇ ਪੰਜਾਬੀਆਂ ਨੂੰ ਹਮੇਸ਼ਾ ਹੀ ਮਾਣ ਰਹੇਗਾ। ਸਾਡੀ ਇਸ ਮਿਲਣੀ ਵਿੱਚ ਸੋਭਾ ਸਿੰਘ ਹੁਰੀਂ ਇਕ ਸਧਾਰਨ ਜਿਹੇ ਪਿੰਡ (ਅੰਧਰੇਟੇ) ਵਿੱਚ ਇਕ ਛੋਟੇ ਜਿਹੇ ਪਰ ਖ਼ੂਬਸੂਰਤ ਘਰ ਵਿੱਚ ਸਧਾਰਨ ਪਹਿਰਾਵੇ ਵਿੱਚ, ਹਸਮੁਖ, ਰੌਣਕੀਲੇ, ਦਿਲਚਸਪ, ਮਿਲਾਪੜੇ, ਨਿੱਘੇ, ਅਤੇ ਮਿਠਾਸ-ਭਰੇ ਸੁਭਾ ਵਾਲੇ ਇਨਸਾਨ ਵਜੋਂ ਪੇਸ਼ ਆਏ। ਵੈਸੇ ਮੈਨੂੰ ਤਾਂ ਉਹ ਅੰਧਰੇਟੇ ਦੇ ਜੋਗੀ ਹੀ ਲੱਗੇ ਜਿਨ੍ਹਾਂ ਨੇ ਪੰਜਾਬ ਤੋਂ ਆ ਕੇ ਪਹਾੜਾਂ ਦੀ ਵਾਦੀ ਵਿੱਚ ਡੇਰਾ ਲਾ ਲਿਆ ਸੀ। ਮੈਨੂੰ ਉਹ ਮੇਰੀ ਆਸ



ਤੋਂ ਕਿਤੇ ਜ਼ਿਆਦਾ ਵਧੀਆ ਇਨਸਾਨ ਜਾਪੇ। ਸੋਚਿਆ ਸੀ ਕਿ ਇੰਨੇ ਮਸ਼ਹੂਰ ਇਨਸਾਨ ਕੋਲ ਸਾਨੂੰ ਮਿਲਣ ਲਈ ਸ਼ਾਇਦ ਕੋਈ ਸਮਾਂ ਹੋਵੇ ਵੀ ਜਾਂ ਨਾ ਅਤੇ ਸ਼ਾਇਦ ਉਨ੍ਹਾਂ ਦੇ ਵਿਵਹਾਰ ਵਿੱਚ ਹੰਕਾਰ, ਆਕੜ, ਅਤੇ ਗ਼ਰੂਰ ਹੋਵੇ। ਪਰ ਉਨ੍ਹਾਂ ਨੂੰ ਮਿਲਣ ਤੋਂ ਬਾਦ ਸਾਡਾ ਅਭਿਆਸ ਇਸ ਸੋਚਣੀ ਦੇ ਬਿਲਕੁਲ ਉਲਟ ਸੀ। ਉਨ੍ਹਾਂ ਨੂੰ ਮਿਲ ਕੇ ਇੰਜ ਮਹਿਸੂਸ ਹੋਇਆ ਜਿਵੇਂ ਅਸੀਂ ਇਕ ਦੂਜੇ ਨੂੰ ਬਹੁਤ ਸਾਲਾਂ ਤੋਂ ਜਾਣਦੇ ਹੋਈਏ ਅਤੇ ਅੱਜ ਸਾਨੂੰ ਚਿਰਾਂ ਤੋਂ ਵਿੱਛੜਿਆ ਕੋਈ ਆਪਣਾ ਮਿਲ ਗਿਆ ਹੋਵੇ। ਜਿੰਨੀ ਦੇਰ ਅਸੀਂ ਉਨ੍ਹਾਂ ਕੋਲ ਰਹੇ ਸਾਨੂੰ ਕੋਈ ਵੀ ਓਪਰਾਪਣ ਮਹਿਸੂਸ ਨਹੀਂ ਹੋਇਆ। ਇੰਜ ਲੱਗਾ ਜਿਵੇਂ ਉਹ ਸਾਰੇ ਦੇ ਸਾਰੇ ਸਾਡੀ ਮਹਿਮਾਨਨਿਵਾਜ਼ੀ ਕਰਨ ਲਈ ਸਾਡੇ ਆਲੇ-ਦੁਆਲੇ ਲਿਪਟ ਗਏ ਹੋਣ। ਉਨ੍ਹਾਂ ਦੇ ਕੋਲ ਬੈਠ ਕੇ ਅਤੇ ਗੱਲਾਂ ਕਰ ਕੇ ਸਾਨੂੰ ਸਮੇਂ ਦੀ ਵੀ ਯਾਦ ਭੁੱਲ ਗਈ। ਉਨ੍ਹਾਂ ਨੂੰ ਮਿਲ ਕੇ ਇੰਜ ਲੱਗਾ ਜਿਵੇਂ ਕਿਸੇ ਅਸਲੀ ਸੰਤ ਮਹਾਤਮਾ ਦੇ ਦਰਸ਼ਨ ਹੋ ਗਏ ਹੋਣ। ਉਨ੍ਹਾਂ ਦੇ ਘਰ ਵਿੱਚ ਪੈਰ ਪਾ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕਿਸੇ ਵੀਰਾਨ ਜਗ੍ਹਾ ਤੋਂ ਆ ਕੇ ਕਿਸੇ ਹੱਸਦੇ-ਵਸਦੇ ਹਾਸਿਆਂ ਭਰੇ, ਮਹਿਕਾਂ ਭਰੇ, ਸੁਗੰਧੀਆਂ ਭਰੇ, ਮੋਹ ਭਰੇ, ਅਤੇ ਖ਼ੁਸ਼ਬੋਈਆਂ ਭਰੇ ਅਸਥਾਨ ਤੇ ਆ ਗਏ ਹੋਈਏ। ਸੋਭਾ ਸਿੰਘ ਹੁਰਾਂ ਕੋਲ ਰੋਜ਼ਾਨਾ ਜ਼ਿੰਦਗੀ

ਦੀਆਂ ਗੱਲਾਂ ਕਰਨ ਦੇ ਨਾਲ ਨਾਲ ਆਪਣੀ ਜ਼ਿੰਦਗੀ ਦੀਆਂ ਦਿਲਚਸਪ ਕਹਾਣੀਆਂ ਸੁਣਾਉਣ ਅਤੇ ਦੂਸਰੇ ਇਨਸਾਨਾਂ ਬਾਰੇ ਕੌੜਾ ਸੱਚ ਬਿਆਨ ਕਰਨ ਦੀ ਬਹੁਤ ਕਲਾ ਸੀ।

ਅੰਧਰੇਟੇ ਜਾਣ ਵਾਲੇ ਦਿਨ (30 ਦਸੰਬਰ 1971 ਨੂੰ) ਤਰਲੋਕ ਅਤੇ ਮੈਂ ਪਾਲਮਪੁਰ ਤੋਂ ਬੱਸ ਲੈ ਕੇ ਪੰਚਰੁਖੀ ਪਹੁੰਚੇ ਜੋ ਕਿ ਸੱਤ ਕੁ ਮੀਲ ਦਾ ਸਫ਼ਰ ਸੀ। ਪੰਚਰੁਖੀ ਤੋਂ ਅੰਧਰੇਟਾ ਇਕ ਮੀਲ ਦੇ ਕਰੀਬ ਸੀ ਜੋ ਅਸੀਂ ਤੁਰ ਕੇ ਤਹਿ ਕੀਤਾ। ਇਹ ਇਲਾਕਾ ਖ਼ੂਬਸੂਰਤ ਪਹਾੜੀਆਂ ਅਤੇ ਵਾਦੀਆਂ ਨਾਲ ਘਿਰਿਆ ਇਲਾਕਾ ਹੈ ਜਿੱਥੇ ਬੇਹਿਸਾਬ ਸ਼ਾਂਤ ਵਾਤਾਵਰਨ ਸੀ। ਪਤਾ ਨਹੀਂ ਹੁਣ ਇਸ ਅਸਥਾਨ ਦੀ ਕੀ ਹਾਲਤ ਹੈ ਪਰ 1971 ਵਿੱਚ ਇਹ ਬੇਹੱਦ ਖ਼ੂਬਸੂਰਤ ਅਤੇ ਸਕੂਨ ਬਖ਼ਸ਼ਣ ਵਾਲੀ ਜਗ੍ਹਾ ਸੀ। ਅਸੀਂ ਸੋਭਾ ਸਿੰਘ ਹੁਰਾਂ ਦੇ ਘਰ ਤੋਂ ਫ਼ਰਲਾਂਗ ਕੁ ਦੀ ਦੂਰੀ ਤੇ ਸੀ ਜਦੋਂ ਅਸੀਂ ਥੋੜ੍ਹੀ ਦੂਰ ਉਨ੍ਹਾਂ ਨੂੰ ਸਾਡੇ ਵੱਲ ਤੁਰਿਆਂ ਆਉਂਦਿਆਂ ਦੇਖਿਆ। ਛੇਤੀਂ ਹੀ ਉਹ ਇਕ ਛੋਟੀ ਜਿਹੀ ਨਦੀ ਤੇ ਬਣੇ ਪੁਲ਼ ਦੀ ਕੰਧ ਤੇ ਧੁੱਪ ਸੇਕਣ ਲਈ ਜਾਂ ਅਰਾਮ ਕਰਨ ਲਈ ਬੈਠ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਗੋਦ ਲਈ ਬੇਟੀ ਗੁਰਚਰਨ ਕੌਰ ਵੀ ਸਨ ਜੋ ਆਪਣੇ ਪਤੀ ਅਤੇ ਬੱਚੇ ਸਮੇਤ ਸੋਭਾ ਸਿੰਘ ਹੁਰਾਂ ਦੇ ਨਾਲ ਹੀ ਰਹਿੰਦੇ ਸਨ। ਅਸੀਂ ਨੇੜੇ ਜਾ ਕੇ ਉਨ੍ਹਾਂ ਨੂੰ ਸਤਿ ਸਿਰੀ ਅਕਾਲ ਬੁਲਾਈ ਅਤੇ ਉਨ੍ਹਾਂ ਦੇ ਕੋਲ ਖੜ੍ਹ ਗਏ। ਸਾਡੀ ਸਤਿ ਸਿਰੀ ਅਕਾਲ ਦਾ ਜਵਾਬ ਦੇਣ ਤੋਂ ਬਾਦ ਉਨ੍ਹਾਂ ਨੇ ਸਾਡੇ ਵੱਲ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਫਿਰ ਪੁੱਛਿਆ, "ਦੱਸੋ ਜੀ?"

"ਤੁਹਾਡੇ ਦਰਸ਼ਨ ਕਰਨ ਹੀ ਆਏ ਹਾਂ।" ਤਰਲੋਕ ਨੇ ਜਵਾਬ ਦਿੱਤਾ।

"ਚਲੋ ਫਿਰ ਘਰ ਨੂੰ ਚਲਦੇ ਹਾਂ।" ਸੋਭਾ ਸਿੰਘ ਜੀ ਇਹ ਕਹਿ ਕੇ ਉੱਠ ਖੜ੍ਹੇ। ਪਰ ਸਾਡੇ ਕਹਿਣ ਤੇ ਕਿ ਉਹ ਹਾਲੇ ਹੁਣੇ ਹੀ ਆਏ ਸਨ ਅਤੇ ਅਸੀਂ ਉੱਥੇ ਹੀ ਕੁਝ ਦੇਰ ਗੱਲਾਂ ਕਰ ਲੈਂਦੇ ਹਾਂ ਤਾਂ ਉਹ ਫਿਰ ਬੈਠ ਗਏ।

"ਕਿੱਥੋਂ ਆਏ ਹੋ?" ਉਨ੍ਹਾਂ ਦਾ ਅਗਲਾ ਸਵਾਲ ਸੀ।

"ਮੇਰਾ ਦੋਸਤ ਚੰਡੀਗੜ੍ਹ ਤੋਂ ਆਇਆ ਹੈ ਅਤੇ ਮੈਂ ਪਾਲਮਪੁਰ ਰਹਿੰਦਾ ਹਾਂ।" ਤਰਲੋਕ ਨੇ ਝਟਪਟ ਆਖ ਦਿੱਤਾ।

"ਮਾਰ ਸੁਟਿਆ ਗ਼ਰੀਬ ਨੂੰ।" ਚੰਡੀਗੜ੍ਹ ਦਾ ਨਾਂ ਸੁਣ ਕੇ ਸੋਭਾ ਸਿੰਘ ਜੀ ਇਸ ਤਰ੍ਹਾਂ ਬੋਲੇ ਜਿਵੇਂ ਚੰਡੀਗੜ੍ਹ ਤੋਂ ਜਾ ਕੇ ਉਨ੍ਹਾਂ ਨੂੰ ਮਿਲਣ ਦਾ ਉਨ੍ਹਾਂ ਸਿਰ ਬਹੁਤ ਵੱਡਾ ਅਹਿਸਾਨ ਕੀਤਾ ਹੋਵੇ।

"ਆਓ ਚਲਦੇ ਹੀ ਹਾਂ ਘਰ ਨੂੰ।" ਆਖ ਕੇ ਉਹ ਉੱਠ ਖੜ੍ਹੇ ਅਤੇ ਅਸੀਂ ਹੌਲੀ ਹੌਲੀ ਉਨ੍ਹਾਂ ਦੇ ਘਰ ਵਲ ਨੂੰ ਚੱਲ ਪਏ।

"ਚੰਡੀਗੜ੍ਹ ਕੀ ਕਰਦੇ ਹੋ?"

"ਇਹ ਉੱਥੇ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲੈਕਚਰਾਰ ਹਨ। ਇਨ੍ਹਾਂ ਦਾ ਇਕ ਕਹਾਣੀ ਸੰਗ੍ਰਹਿ ਵੀ ਛਪਿਆ ਹੈ ਜਿਸ ਦਾ ਨਾਂ ਹੈ 'ਚੁਬਾਰੇ ਦੀ ਇੱਟ'।" ਤਰਲੋਕ ਨੇ ਝਟਪਟ ਜਵਾਬ ਦੇ ਦਿੱਤਾ ਅਤੇ ਨਾਲ ਹੀ ਮੇਰੀ ਕਿਤਾਬ 'ਚੁਬਾਰੇ ਦੀ ਇੱਟ' ਉਨ੍ਹਾਂ ਨੂੰ ਭੇਂਟ ਕਰ ਦਿੱਤੀ ਜੋ ਅਸੀਂ ਨਾਲ ਹੀ ਲੈ ਕੇ ਆਏ ਸੀ। ਮੇਰਾ ਇਹ ਕਹਾਣੀ ਸੰਗ੍ਰਹਿ 1970 ਵਿੱਚ ਛਪਿਆ ਸੀ।

"ਇੰਜ ਲਗਦਾ ਜਿਵੇਂ ਮੈਂ ਇਹ ਕਹਾਣੀ ਸੰਗ੍ਰਹਿ ਪੜ੍ਹਿਆ ਹੁੰਦਾ।" ਸੋਭਾ ਸਿੰਘ ਹੁਰੀਂ ਤੁਰੇ ਜਾਂਦੇ ਨਾਲ ਨਾਲ ਕਿਤਾਬ ਨੂੰ ਫਰੋਲ ਰਹੇ ਸਨ।

"ਤੁਹਾਡੀਆਂ ਕਹਾਣੀਆਂ ਦਾ ਵਿਸ਼ਾ ਕੀ ਐ?" ਉਨ੍ਹਾਂ ਮੇਰੇ ਵੱਲ ਵੇਖ ਕੇ ਪੁੱਛਿਆ।

"ਵੱਖੋ ਵੱਖ ਕਹਾਣੀਆਂ ਦੇ ਵੱਖ ਵੱਖ ਵਿਸ਼ੇ ਹਨ।"

"ਪਰ ਫਿਰ ਵੀ ਸਮੁੱਚੇ ਤੌਰ ਤੇ ਹਰ ਲੇਖਕ ਦਾ ਇਕ ਮੰਤਵ ਹੁੰਦਾ ਜਿਸ ਨੂੰ ਉਹ ਆਪਣੀ ਹਰ ਰਚਨਾ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਬਿਆਨ ਕਰਦਾ ਰਹਿੰਦਾ ਹੈ।"



"ਮੇਰਾ ਮੰਤਵ ਬਹੁਤਾ ਸਮਾਜਿਕ ਬੁਰਾਈਆਂ ਜਾਂ ਅੱਜ ਦੇ ਹਾਲਤਾਂ ਨੂੰ ਦਰਸਾਉਣਾ ਅਤੇ ਬਿਆਨ ਕਰਨਾ ਹੀ ਹੈ।"

"ਹਰ ਕਲਾਕਾਰ ਦੀ ਆਪਣੀ ਆਪਣੀ ਵੱਖਰਤਾ ਹੁੰਦੀ ਹੈ। ਜੇ ਮੈਂ ਕਿਸੇ ਹੋਰ ਕਲਾਕਾਰ ਦੀਆਂ ਤਸਵੀਰਾਂ ਦੀ ਨਕਲ ਕਰ ਕੇ ਆਪ ਤਸਵੀਰਾਂ ਬਣਾਈ ਜਾਵਾਂ ਤਾਂ ਮੇਰੀ ਆਪਣੀ ਕਲਾ ਕੀ ਹੋਈ? ਜੇ ਤੁਹਾਡੀ ਕਹਾਣੀ ਪੜ੍ਹ ਕੇ ਕੋਈ ਆਖ ਦੇਵੇ ਕਿ ਇਹ ਕਹਾਣੀ ਤਾਂ ਬਿਲਕੁਲ ਫਲਾਣੇ ਲੇਖਕ ਵਾਂਗ ਲਿਖੀ ਹੈ ਤਾਂ ਤੁਹਾਡਾ ਤਾਂ ਕੂੰਡਾ ਹੋ ਗਿਆ। ਫਿਰ ਤਾਂ ਕਹਾਣੀ ਦਾ ਸਾਰਾ ਸਨਮਾਨ ਉਸ ਲੇਖਕ ਨੂੰ ਚਲੇ ਗਿਆ। ਤੁਹਾਡਾ ਆਪਣਾ ਕੀ ਰਿਹਾ ਉਸ ਵਿੱਚ?"

"ਹਾਂ ਜੀ, ਹਰ ਲੇਖਕ ਅਤੇ ਕਲਾਕਾਰ ਦੀ ਆਪਣੀ ਵੱਖਰਤਾ ਹੈ ਕਿਉਂਕਿ ਹਰ ਲੇਖਕ ਉਹੀ ਚੀਜ਼ ਲਿਖਦਾ ਹੈ ਜੋ ਉਸ ਦਾ ਅਨੁਭਵ ਅਤੇ ਦ੍ਰਿਸ਼ਟੀਕੋਣ ਹੁੰਦਾ ਹੈ। ਹਰ ਰਚਨਾਕਾਰ ਆਪਣੇ ਅਭਿਆਸ ਨੂੰ ਹੀ ਲੋਕਾਂ ਦੇ ਸਾਹਮਣੇ ਪੇਸ਼ ਕਰਦਾ ਹੈ।" ਮੈ ਆਖਿਆ।

"...ਮੁਨਸ਼ੀ ਪ੍ਰੇਮ ਚੰਦ ਦੇਖ ਲਓ। ਜੋ ਕੁਝ ਉਨ੍ਹਾਂ ਨੇ ਲਿਖਿਆ, ਉਨ੍ਹਾਂ ਦੀ ਆਪਣੀ ਗ਼ਰੀਬ ਜ਼ਿੰਦਗੀ ਦਾ ਬਿਆਨ ਹੈ। ਮੈਨੂੰ ਉਨ੍ਹਾਂ ਦੀ ਸੰਗਤ ਮਾਣਨ ਦਾ ਮੌਕਾ ਮਿਲਿਆ ਸੀ। ਇਕ ਵਾਰ ਉਹ ਮੇਰੇ ਘਰ ਪਧਾਰੇ ਸਨ। ਮੈਂ ਉਨ੍ਹਾਂ ਦੀ ਮਿਸਿਜ਼ ਨੂੰ ਪੁੱਛਿਆ ਕਿ ਮੁਨਸ਼ੀ ਜੀ ਕੀ ਖਾਣਾ ਪਸੰਦ ਕਰਦੇ ਨੇ ਤਾਂ ਉਨ੍ਹਾਂ ਦੱਸਿਆ ਕਿ ਉਹ ਤਲੀਆਂ ਚੀਜ਼ਾਂ ਖਾਣ ਦੇ ਜ਼ਿਆਦਾ ਸੁਆਦੀ ਹਨ ਖ਼ਾਸ ਕਰ ਕੇ ਪੂਰੀਆਂ ਦੇ। ਮੈਂ ਉਨ੍ਹਾਂ ਦੀ ਮਿਸਿਜ਼ ਨੂੰ ਲੋੜੀਂਦੀਆਂ ਚੀਜ਼ਾਂ ਮੰਗਵਾ ਦਿੱਤੀਆਂ ਅਤੇ ਉਨ੍ਹਾਂ ਨੇ ਖਾਣਾ ਤਿਆਰ ਕੀਤਾ। ਖਾਣਾ ਦੇਖ ਕੇ ਮੁਨਸ਼ੀ ਜੀ ਹੈਰਾਨ ਹੋ ਕੇ ਬੋਲੇ ਕਿ ਤੁਹਾਨੂੰ ਕਿੱਦਾਂ ਪਤਾ ਲੱਗ ਗਿਆ ਕਿ ਮੈਂ ਤਲੀਆਂ ਚੀਜ਼ਾਂ ਦਾ ਸ਼ੌਕੀਨ ਹਾਂ। ਮੈਂ ਆਖਿਆ ਕਿ ਇਹ ਸਭ ਭੈਣ ਜੀ ਹੁਰਾਂ ਨੇ ਹੀ ਤਿਆਰ ਕੀਤਾ ਹੈ। ਮੁਨਸ਼ੀ ਜੀ ਆਖਣ ਲੱਗੇ ਕਿ ਮੈਂ ਜਾਣਦਾ ਹਾਂ ਕਿ ਮੈਨੂੰ ਇਹ ਤਲੀਆਂ ਚੀਜ਼ਾਂ ਦਾ ਨੁਕਸਾਨ ਹੈ ਪਰ ਮੈਂ ਫਿਰ ਵੀ ਇਨ੍ਹਾਂ ਨੂੰ ਖਾਣੋਂ ਹਟ ਨਹੀਂ ਸਕਦਾ ਕਿਉਂਕਿ ਇਹ ਮੇਰਾ ਸੁਭਾ ਬਣ ਗਿਆ ਹੈ ਅਤੇ ਮੂੰਹ ਨੂੰ ਚਟਕਾਰੇ ਦੀ ਆਦਤ ਪੈ ਗਈ ਹੈ।"

ਇਤਨੀ ਦੇਰ ਤੱਕ ਅਸੀਂ ਹੌਲੀ ਹੌਲੀ ਤੁਰਦੇ ਅਤੇ ਗੱਲਾਂ ਕਰਦੇ ਸੋਭਾ ਸਿੰਘ ਹੁਰਾਂ ਦੀ ਕੋਠੀ ਪਹੁੰਚ ਗਏ ਸੀ। ਕੋਠੀ ਦੇ ਬਾਹਰ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ "Grow More Good" ਅਤੇ ਗੇਟ ਦੇ ਕੋਲ ਲਿਖਿਆ ਹੋਇਆ ਸੀ "Visitors' Day Only Sunday" ਅਤੇ ਫਿਰ Sunday ਲਾਲ ਰੰਗ ਵਿੱਚ। ਪਰ ਅਸੀਂ ਤਾਂ ਐਤਵਾਰ ਨਹੀਂ ਸੀ ਆਏ। ਜੇ ਸੋਭਾ ਸਿੰਘ ਹੁਰੀਂ ਸਾਨੂੰ ਬਾਹਰ ਨਾ ਮਿਲ ਪੈਂਦੇ ਤਾਂ ਸ਼ਾਇਦ ਅਸੀਂ ਇਹ ਲਿਖਿਆ ਦੇਖ ਕੇ ਵਾਪਸ ਹੀ ਮੁੜ ਜਾਂਦੇ। ਹੁਣ ਕਿਉਂਕਿ ਉਹ ਸਾਨੂੰ ਬਾਹਰ ਹੀ ਮਿਲ ਗਏ ਸਨ ਅਤੇ ਮਿਲੇ ਵੀ ਬਹੁਤ ਹੀ ਪਿਆਰ ਨਾਲ, ਮੈਨੂੰ Sunday ਵਾਲੀ ਗੱਲ ਨਾਲ ਕੋਈ ਸ਼ਰਮਿੰਦਗੀ ਮਹਿਸੂਸ ਨਾ ਹੋਈ। ਅਸੀਂ ਕੋਠੀ ਦੇ ਬਰਾਂਡੇ ਵਿੱਚੋਂ ਹੁੰਦੇ ਹੋਏ ਬਾਹਰ ਵਿਹੜੇ ਦੀ ਨਿੱਘੀ ਧੁੱਪ ਵਿੱਚ ਡਿੱਠੀਆਂ ਕੁਰਸੀਆਂ ਤੇ ਜਾ ਬੈਠੇ। ਇਸ ਬਰਾਂਡੇ ਵਿੱਚ ਸੋਭਾ ਸਿੰਘ ਹੁਰਾਂ ਦੀਆਂ ਬਣੀਆਂ ਕਈ ਤਸਵੀਰਾਂ ਲੱਗੀਆਂ ਹੋਈਆਂ ਸਨ। ਇਕ ਵੱਡੇ ਸਾਰੇ ਪਿੰਜਰੇ ਵਿੱਚ ਬੰਦ ਚਿੜੀਆਂ ਆਪਣੀਆਂ ਆਵਾਜ਼ਾਂ ਨਾਲ ਅਨੋਖਾ ਸੰਗੀਤ ਪੈਦਾ ਕਰ ਰਹੀਆਂ ਸਨ। ਪਿੰਜਰੇ ਦੇ ਅੰਦਰ ਦਰਖ਼ਤ ਦੀ ਇਕ ਟਾਹਣੀ ਕੱਟ ਕੇ ਅਤੇ ਰੁੰਡ-ਮਰੁੰਡ ਕਰ ਕੇ ਰੱਖੀ ਹੋਈ ਸੀ ਜਿਸ ਉੱਤੇ ਰੰਗ ਬਰੰਗੀਆਂ ਚਿੜੀਆਂ ਅਨੰਦ ਨਾਲ ਇੱਧਰ ਉੱਧਰ ਘੁੰਮ ਰਹੀਆਂ ਸਨ।

ਵਿਹੜੇ ਵਿੱਚ ਬੈਠਿਆਂ ਫਿਰ ਗੱਲਾਂ ਦਾ ਸਿਲਸਿਲਾ ਚੱਲ ਪਿਆ। ਮੇਰੇ ਪੁੱਛਣ ਤੇ ਕਿ ਉਹ ਉਸ ਵਕਤ ਕਿਹੜੇ ਨਵੇਂ ਚਿੱਤਰ ਬਣਾ ਰਹੇ ਸਨ, ਸੋਭਾ ਸਿੰਘ ਜੀ ਕਹਿਣ ਲੱਗੇ, "ਅੱਜ ਕੱਲ੍ਹ ਤਾਂ ਠੰਢ ਹੀ ਬਹੁਤ ਹੈ। ਸਵੇਰੇ ਸਾਢੇ ਸੱਤ ਤੋਂ ਪਹਿਲਾਂ ਬਾਹਰ ਨਹੀਂ ਨਿਕਲ ਸਕਦੇ ਅਤੇ ਸ਼ਾਮ ਨੂੰ ਪੰਜ ਵਜੇ ਅੰਦਰ ਵੜਨਾ ਪੈਂਦਾ ਹੈ। ਵੈਸੇ ਅੱਜ-ਕੱਲ੍ਹ ਮੈਨੂੰ ਦੋ ਕਾਲਜਾਂ ਦੇ ਪ੍ਰਿੰਸੀਪਲਾਂ ਨੇ insig-

nia ਬਣਾਉਣ ਲਈ ਆਖਿਆ ਹੋਇਆ। ਉਨ੍ਹਾਂ ਦੁਆਲੇ ਲੱਗਾ ਹੋਇਆਂ। ... ਇਹ ਪ੍ਰਿੰਸੀਪਲ ਨਹੀਂ ਸੋਚਦੇ ਕਿ ਬਿਗਾਨੇ ਪੁੱਤਰ ਦੀ ਉਮਰ ਕਿੰਨੀ ਹੈ। ਇਨ੍ਹਾਂ ਦਾ ਤਾਂ ਇਹ ਹਿਸਾਬ ਹੈ ਜਿਵੇਂ ਕੋਈ ਭਾਈ ਵੀਰ ਸਿੰਘ ਨੂੰ ਸਿਹਰਾ ਲਿਖਣ ਲਈ ਆਖੇ। ਇਹ ਲਕੀਰਾਂ ਤਾਂ ਕਿਸੇ ਡਰਾਇੰਗ ਮਾਸਟਰ ਤੋਂ ਵੀ ਖਿਚਾਈਆਂ ਜਾ ਸਕਦੀਆਂ ਸਨ।... ”

ਹੌਲੀ ਹੌਲੀ ਚਲਦੀ ਚਲਦੀ ਗੱਲ ਸਾਡੇ ਕਾਲਜ ਤੇ ਆ ਗਈ ਅਤੇ ਉਸ ਬਾਰੇ ਕੁਝ ਗੱਲਾਂ ਹੁੰਦੀਆਂ ਰਹੀਆਂ। ਇੰਨੀ ਦੇਰ ਨੂੰ ਕਾਫ਼ੀ ਦੇ ਕੱਪ ਆ ਗਏ। ਕਾਫ਼ੀ ਪੀਂਦਿਆਂ ਨਾਨਕ ਸਿੰਘ ਨਾਵਲਿਸਟ ਦੀਆਂ ਗੱਲਾਂ ਚੱਲ ਪਈਆਂ। ਉਸ ਵੇਲੇ ਨਾਨਕ ਸਿੰਘ ਹੁਰਾਂ ਨੂੰ ਸਵਰਗਵਾਸ ਹੋਇਆਂ ਦੋ ਦਿਨ ਹੀ ਹੋਏ ਸਨ। ਮੈਂ ਨਾਨਕ ਸਿੰਘ ਦੇ ਲਗਭਗ ਸਾਰੇ ਨਾਵਲ ਹੀ ਪੜ੍ਹੇ ਹੋਏ ਸਨ ਅਤੇ ਉਨ੍ਹਾਂ ਦੇ ਨਾਵਲਾਂ ਦਾ ਉਪਾਸ਼ਕ ਸੀ। ਉਨ੍ਹਾਂ ਦੀ ਪੰਜਾਬੀ ਸਾਹਿੱਤ ਨੂੰ ਦੇਣ ਦੀ ਪ੍ਰਸੰਸਾ ਕਰਨ ਅਤੇ ਮੌਤ ਤੇ ਅਫ਼ਸੋਸ ਪ੍ਰਗਟ ਕਰਨ ਤੋਂ ਬਾਦ ਉਨ੍ਹਾਂ ਦੀ ਜ਼ਿੰਦਗੀ ਬਾਰੇ ਗੱਲਾਂ ਚੱਲ ਪਈਆਂ। ਸੋਭਾ ਸਿੰਘ ਹੁਰਾਂ ਨੇ ਨਾਨਕ ਸਿੰਘ ਹੁਰਾਂ ਬਾਰੇ ਕਾਫ਼ੀ ਗੱਲਾਂ ਕੀਤੀਆਂ।

“... ਮੈਂ ਨਾਨਕ ਸਿੰਘ ਨਾਲ ਕੁਝ ਸਾਲ ਪ੍ਰੀਤ ਨਗਰ ਬਿਤਾਏ ਸਨ। ਬਹੁਤ ਸਾਧਾਰਨ ਇਨਸਾਨ ਸੀ। ... ਨਾਵਲ ਨਾਲੋਂ ਕਹਾਣੀਕਾਰ ਦੇ ਤੌਰ ਤੇ ਉਹ ਜ਼ਿਆਦਾ ਸਫਲ ਸੀ। ਮੈਂ ਤਾਂ ਉਸ ਨੂੰ ਕਈ ਵਾਰੀ ਆਖਿਆ ਸੀ ਕਿ ਨਾਨਕ ਸਿੰਘ ਤੂੰ ਕਹਾਣੀਆਂ ਲਿਖਿਆ ਕਰ, ਨਾਵਲ ਨਾ ਲਿਖ। ਪਰ ਉਹ ਆਪਣੀ ਧੁੰਨ ਵਿੱਚ ਮਸਤ ਸੀ। ਉਸ ਦੇ ਸਾਰੇ ਨਾਵਲਾਂ ਦੇ theme ਇਕੋ ਜਿਹੇ ਹੀ ਹਨ। ਕਿਸੇ ਨਾਵਲ ਵਿੱਚ ਗ਼ਰੀਬ ਦਾ ਮੁੰਡਾ ਅਤੇ ਅਮੀਰ ਦੀ ਕੁੜੀ, ਅਤੇ ਕਿਸੇ ਵਿੱਚ ਗ਼ਰੀਬ ਦੀ ਕੁੜੀ ਅਤੇ ਅਮੀਰ ਦਾ ਮੁੰਡਾ। ਘੁੰਮ ਘੁੰਮਾ ਕੇ ਹਰ ਨਾਵਲ ਦਾ ਅਖੀਰ ਉਸੇ ਥਾਂ ਤੇ ਲੈ ਆਉਣਾ। ... ਪਹਿਲਾਂ ਪਹਿਲ ਉਹ ਸਭ ਕੁਝ ਘਰ ਬੈਠ ਕੇ ਹੀ ਲਿਖਿਆ ਕਰਦਾ ਸੀ। ਇਕ ਵਾਰ ਮੈਂ ਉਸ ਨੂੰ ਅੰਧਰੇਟੇ ਲਿਆਇਆ। ਫਿਰ ਉਹ ਹੌਲੀ ਹੌਲੀ ਪਹਾੜਾਂ ਦੀ ਸੈਰ ਲਈ ਆਉਣ ਲੱਗ ਪਿਆ। ਹਰ ਨਾਵਲ ਲਿਖਣ ਤੋਂ ਬਾਦ ਉਹ ਡਲਹੌਜ਼ੀ ਉਸ ਨੂੰ ਸੁਧਾਰਨ ਲਈ ਜਾਂਦਾ ਸੀ। ... ਇਕ ਵਾਰੀ ਮੈਂ Times of India Bombay ਵਾਲਿਆਂ ਕੋਲ ਆਪਣੀ ਇਕ ਤਸਵੀਰ ਦੇ ਸੰਬੰਧ ਵਿੱਚ ਗਿਆ ਹੋਇਆ ਸੀ ਤਾਂ ਮੈਨੂੰ ਬਲਰਾਜ (ਸਾਹਨੀ) ਹੁਰਾਂ ਦਾ ਸੁਨੇਹਾ ਮਿਲਿਆ ਕਿ ਉਹ ਇਕ ਫ਼ਿਲਮ ਦੀ ਸ਼ੂਟਿੰਗ ਲਈ ਕੁੱਲੂ ਜਾ ਰਹੇ ਸਨ ਅਤੇ ਅੰਧਰੇਟੇ ਵੀ ਆਉਣਗੇ। ਮੈਂ ਕਿਹਾ ਕਿ ਤੁਸੀਂ ‘ਕੱਲੇ ਅੰਧਰੇਟੇ ਜਾ ਕੇ ਕੀ ਕਰੋਗੇ ਜੇ ਮੈਂ ਉੱਥੇ ਨਾ ਹੋਇਆ ? ਮੈਂ ਆਪਣਾ ਸਾਰਾ ਕੰਮ ਛੱਡ ਕੇ ਬਲਰਾਜ ਹੁਰਾਂ ਨਾਲ ਚੱਲ ਪਿਆ। ਰਸਤੇ ਵਿੱਚ ਮੈਂ ਬਲਰਾਜ ਨੂੰ ਆਖਿਆ ਕਿ ਜੇ ਆਖੇਂ ਤਾਂ ਨਾਨਕ ਸਿੰਘ ਨੂੰ ਤਾਰ ਦੇ ਦਿੰਦੇ ਹਾਂ ਕਿ ਉਹ ਤੁਹਾਨੂੰ ਅੰਮ੍ਰਿਤਸਰ ਸਟੇਸ਼ਨ ਤੇ ਆ ਕੇ ਮਿਲ ਲੈਣ। ਬਲਰਾਜ ਹੁਰੀਂ ਮੰਨ ਗਏ। ਮੈਂ ਜਾ ਕੇ ਨਾਨਕ ਸਿੰਘ ਨੂੰ ਤਾਰ ਦੇ ਆਇਆ। ਅੰਮ੍ਰਿਤਸਰ ਸਟੇਸ਼ਨ ਤੇ ਨਾਨਕ ਸਿੰਘ ਮਿਲਿਆ ਅਤੇ ਬਲਰਾਜ ਨਾਲ ਗੱਲੀਂ ਰੁੱਝ ਗਿਆ; ਮੈਨੂੰ ਬੁਲਾਇਆ ਵੀ ਨਾ ਜਿਵੇਂ ਮੈਂ ਕੋਈ ਬੰਦਾ ਹੀ ਨਾ ਹੋਵਾਂ ਹਾਲਾਂ ਕਿ ਤਾਰ ਮੈਂ ਦਿੱਤੀ ਸੀ। ਫਿਰ ਮੈਨੂੰ ਇਹ ਜਿਤਾਉਣ ਲਈ ਕਿ ਬਲਰਾਜ ਤੇਰੇ ਨਾਲੋਂ ਜ਼ਿਆਦਾ ਮੇਰਾ ਯਾਰ ਹੈ, ਉਸ ਨੂੰ ਆਖਣ ਲੱਗਾ ‘ਓਏ ਤੂੰ ਹਾਲੇ ਸਿਗਰਟਾਂ ਛੱਡੀਆਂ ਕਿ ਨਹੀਂ ?’ ਮੈਂ ਇਹ ਸਹਿਣ ਨਾ ਕਰ ਸਕਿਆ ਅਤੇ ਨਾਨਕ ਸਿੰਘ ਨੂੰ ਪੈ ਗਿਆ ਕਿ ਤੂੰ ਇਹਦੇ ਨਾਲ ਗੁੱਲੀ ਡੰਡਾ ਖੇਡਦਾ ਰਿਹਾ ਏਂ ਜੋ ਇਸ ਨੂੰ ਤੂੰ ਤੂੰ ਆਖਦਾ ਏਂ ? ਇਹ ਐਡਾ ਵੱਡਾ ਕਲਾਕਾਰ ਜਿਸ ਦੇ ਅੱਗੇ ਅਸੀਂ ਕੁਝ ਵੀ ਨਹੀਂ ਅਤੇ ਉਹ ਤੈਨੂੰ ਭਾਪਾ ਜੀ ਭਾਪਾ ਜੀ ਕਹਿੰਦਾ ਹੈ ਅਤੇ ਤੂੰ ਅੱਗਿਓਂ ਤੂੰ ਤੂੰ ਕਹਿੰਦਾ ਏਂ। ਬਲਰਾਜ ਝੱਟ ਮੇਰਾ ਹੱਥ ਘੁੱਟਣ ਲੱਗ ਪਿਆ ਕਿ ਬੱਸ ਚੁੱਪ ਕਰ। ... ”

ਗੱਲਾਂ ਚਲਦੀਆਂ ਚਲਦੀਆਂ ਆਧੁਨਿਕ ਕਵਿਤਾ ਤੇ ਆ ਗਈਆਂ ਅਤੇ ਸੋਭਾ ਸਿੰਘ ਹੁਰਾਂ ਨੇ ਇਸ ਕਵਿਤਾ ਵਿੱਚੋਂ ਸੰਗੀਤ ਅਤੇ ਲੈਅ ਦੇ ਖ਼ਤਮ ਹੋਣ ਦਾ ਜ਼ਿਕਰ ਕੀਤਾ। ਕਵਿਤਾ ਦੀ



ਗੱਲ ਕਰਦਿਆਂ ਸਵਰਗਵਾਸੀ ਕਵੀ ਧਨੀ ਰਾਮ ਚਾਤ੍ਰਿਕ ਹੁਰਾਂ ਦੀ ਕਵਿਤਾ ਦੀ ਗੱਲ ਚੱਲ ਪਈ। ਸੋਭਾ ਸਿੰਘ ਜੀ ਕਹਿਣ ਲੱਗੇ, “ਇਕ ਵਾਰੀ ਪੰਜਾਬੀ ਯੂਨੀਵਰਸਿਟੀ ਵਿੱਚ ਚਾਤ੍ਰਿਕ ਦਿਵਸ ਤੇ ਮੈਨੂੰ ਜਾਣ ਦਾ ਮੌਕਾ ਮਿਲਿਆ। ਉੱਥੇ ਜਿੰਨੇ ਵੀ ਲੋਕਾਂ ਨੇ ਭਾਸ਼ਣ ਦਿੱਤੇ, ਕਿਸੇ ਨੇ ਵੀ ਚਾਤ੍ਰਿਕ ਦੀ humanitarian nature ਬਾਰੇ ਕੁਝ ਨਾ ਆਖਿਆ। ਸਾਰੇ ਉਸ ਦੀ ਲਿਖਤ ਨੂੰ ਹੀ analyze ਕਰਦੇ ਰਹੇ ਜਿਸ ਨੂੰ ਅਸੀਂ ਵੈਸੇ ਹੀ ਪੜ੍ਹ ਸਕਦੇ ਹਾਂ। ... ਚਾਤ੍ਰਿਕ ਸਾਹਿਬ ਬਹੁਤ ਹੀ humanitarian ਵਿਚਾਰਾਂ ਦੇ ਇਨਸਾਨ ਸਨ। ਉਹ ਆਪਣੀ ਪ੍ਰੈੱਸ ਦੇ ਮੁਲਾਜ਼ਮਾਂ ਨਾਲ ਪਰਿਵਾਰ ਦੇ ਮੈਂਬਰਾਂ ਵਾਂਗ ਰਹਿੰਦੇ ਸਨ। ਅੰਬਾਂ ਦੀ ਰੁੱਤੇ ਉਹ ਅੰਬਾਂ ਦੇ ਟੋਕਰੇ ਲੈ ਕੇ ਪ੍ਰੈੱਸ ਦੇ ਸਾਰੇ ਮੁਲਾਜ਼ਮਾਂ ਸਮੇਤ ਨਹਿਰ ਤੇ ਚਲੇ ਜਾਂਦੇ ਅਤੇ ਆਪ ਕਛਹਿਰੇ ਬਨੈਣ ਸਮੇਤ ਸਾਰਿਆਂ ਦੇ ਦਾਇਰੇ ਦੇ ਵਿਚਕਾਰ ਬੈਠੇ ਹੁੰਦੇ ਜਿਵੇਂ ਉਹ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਹੋਣ। ... ਉਦੋਂ ਹਾਲੇ ਨਾਨਕ ਸਿੰਘ ਦੀ ਆਪਣੀ ਪ੍ਰੈੱਸ ਨਹੀਂ ਸੀ। ਮੈਂ ਉਸ ਨੂੰ ਆਖਿਆ ਕਿ ਤੂੰ ਦੂਜਿਆਂ ਤੋਂ ਨਾਵਲ ਛਪਵਾਉਂਦਾ ਏਂ, ਆਪਣੀ ਪ੍ਰੈੱਸ ਲਾ ਲੈ ਤਾਂ। ਨਾਨਕ ਸਿੰਘ ਕਹਿਣ ਲੱਗਾ, ‘ਪ੍ਰੈੱਸ ਲਾਵਾਂ ਕਾਹਦੇ ਨਾਲ, ਮੇਰੇ ਕੋਲ ਤਾਂ ਇਕ ਵੀ ਪੈਸਾ ਨਹੀਂ।’ ਮੈਂ ਉਸ ਨੂੰ ਚਾਤ੍ਰਿਕ ਸਾਹਿਬ ਤੋਂ ਪੰਜ ਸੌ ਰੁਪਏ ਦਾ ਉਧਾਰ ਪ੍ਰੈੱਸ ਦਾ ਸਮਾਨ ਲੈ ਦਿੱਤਾ। ਕੁਝ ਮਹੀਨਿਆਂ ਬਾਦ ਨਾਨਕ ਸਿੰਘ ਮੇਰੇ ਕੋਲ ਆਇਆ ਅਤੇ ਆਖਣ ਲੱਗਾ ਕਿ ਮੈਂ ਕਈ ਦੁਕਾਨਾਂ ਦੇ ਪੈਸੇ ਦੇਣੇ ਹਨ, ਇਸ ਲਈ ਚਾਤ੍ਰਿਕ ਸਾਹਿਬ ਦੇ ਪੈਸੇ ਦੇਣੇ ਮੁਸ਼ਕਲ ਹਨ। ਮੈਂ ਉਸ ਨੂੰ ਕਿਹਾ ਕਿ ਆਪਣੇ ਕੋਲੋਂ ਜ਼ੁਬਾਨੀ ਤਾਂ ਚਾਤ੍ਰਿਕ ਸਾਹਿਬ ਨੂੰ ਕੁਝ ਕਹਿ ਨਹੀਂ ਹੋਣਾ, ਤੂੰ ਜੋ ਵੀ ਆਖਣਾ ਹੈ ਇਕ ਚਿੱਠੀ ਵਿੱਚ ਲਿਖ ਲਿਆ ਅਤੇ ਆਪਾਂ ਉਹ ਚਿੱਠੀ ਉਨ੍ਹਾਂ ਨੂੰ ਫੜਾ ਦਿਆਂਗੇ। ਨਾਨਕ ਸਿੰਘ ਚਿੱਠੀ ਲਿਖ ਲਿਆਇਆ ਅਤੇ ਅਸੀਂ ਚਾਤ੍ਰਿਕ ਸਾਹਿਬ ਦੇ ਘਰ ਚਲੇ ਗਏ। ਚਾਤ੍ਰਿਕ ਸਾਹਿਬ ਆਪਣੀ ਆਦਤ ਅਨੁਸਾਰ ਬੈਂਚ ਤੇ ਬੈਠੇ ਕੁਝ ਲਿਖ ਰਹੇ ਸਨ। ਸਾਨੂੰ ਦੇਖ ਕੇ ਬੋਲੇ, ‘ਆਓ ਅੱਜ ਕਿਵੇਂ ਆਉਣੇ ਹੋਏ ?’ ਮੈਂ ਕਿਹਾ ਕਿ ਦਰਸ਼ਨਾਂ ਲਈ ਆਏ ਹਾਂ। ਉਹ ਕਹਿਣ ਲੱਗੇ ਕਿ ਦਰਸ਼ਨਾਂ ਲਈ ਕੌਣ ਆਉਂਦਾ ਹੈ, ਹਰ ਕੋਈ ਕੰਮ ਲਈ ਆਉਂਦਾ ਹੈ। ਮੈਂ ਆਖਿਆ ਕਿ ਨਹੀਂ ਅਸੀਂ ਤਾਂ ਦਰਸ਼ਨਾਂ ਲਈ ਆਏ ਹਾਂ। ਉਦੋਂ ਤੱਕ ਅਸੀਂ ਬੈਠ ਗਏ ਸਾਂ। ਨਾਨਕ ਸਿੰਘ ਮੇਰੇ ਪਿੱਛੇ ਜਿਹੇ ਬੈਠ ਗਿਆ। ਮੇਰੇ ਇਹ ਆਖਣ ਤੇ ਚਾਤ੍ਰਿਕ ਸਾਹਿਬ ਨੇ ਐਨਕ ਲਾਹ ਕੇ ਰੱਖ ਦਿੱਤੀ, ਫਾਈਲਾਂ ਚੁੱਕ ਕੇ ਪਰੇ ਕਰ ਦਿੱਤੀਆਂ, ਅਤੇ ਆਖਣ ਲੱਗੇ, ‘ਲਓ ਦਰਸ਼ਨ ਕਰ ਲਓ ਫਿਰ।’ ਕੁਝ ਚਿਰ ਠਹਿਰ ਕੇ ਬੋਲੇ, ‘ਹੁਣ ਦਰਸ਼ਨ ਤਾਂ ਕਰ ਲਏ, ਹੁਣ ਪ੍ਰਸ਼ਨ ਕਰੋ।’ ਮੈਂ ਨਾਨਕ ਸਿੰਘ ਨੂੰ ਹੁੱਜ ਮਾਰੀ। ਉਸ ਨੇ ਚਿੱਠੀ ਮੇਰੇ ਵੱਲ ਕਰ ਦਿੱਤੀ ਅਤੇ ਮੈਂ ਫੜ ਕੇ ਚਾਤ੍ਰਿਕ ਸਾਹਿਬ ਨੂੰ ਫੜਾ ਦਿੱਤੀ। ਉਨ੍ਹਾਂ ਨੇ ਐਨਕ ਲਾਈ ਅਤੇ ਚਿੱਠੀ ਪੜ੍ਹਨ ਲੱਗ ਪਏ। ਚਿੱਠੀ ਪੜ੍ਹਨ ਤੋਂ ਬਾਦ ਉਨ੍ਹਾਂ ਨੇ ਇਕ ਫਾਈਲ ਵਿੱਚੋਂ ਇਕ ਹੁੰਡੀ ਕੱਢੀ ਅਤੇ ਪੁੱਛਣ ਲੱਗੇ ਇਹੋ ਹੈ ਨਾ। ਨਾਨਕ ਸਿੰਘ ਨੇ ਹਾਂ ਆਖੀ ਤਾਂ ਚਾਤ੍ਰਿਕ ਸਾਹਿਬ ਨੇ ਉਹ ਪਾੜ ਕੇ ਪਾਸੇ ਵਗਾਹ ਮਾਰੀ। ਇਹ ਦੇਖ ਕੇ ਮੇਰੀਆਂ ਅੱਖਾਂ ਵਿੱਚ ਤਾਂ ਅੱਥਰੂ ਆ ਗਏ ਅਤੇ ਮੈਂ ਉੱਠ ਕੇ ਬਾਹਰ ਆ ਗਿਆ। ਨਾਨਕ ਸਿੰਘ ਵੀ ਮਗਰ ਹੀ ਆ ਗਿਆ। ਮੈਂ ਬਾਹਰ ਆ ਕੇ ਨਾਨਕ ਸਿੰਘ ਨੂੰ ਆਖਿਆ ਕਿ ਜੇ ਪਿਉ ਦਾ ਪੁੱਤ ਏਂ ਤਾਂ ਇਹ ਕੌਡੀ ਕੌਡੀ ਚੁਕਾ ਦੇਈਂ ਭਾਵੇਂ ਮੈਨੂੰ ਸਾਂਝੀ ਰਲਾ ਲਈਂ।”

ਕੁਝ ਚਿਰ ਬਾਦ ਕੁਝ ਹੋਰ ਗੱਲਾਂ ਕਰਨ ਤੋਂ ਬਾਦ, ਗੱਲ ਸਿੱਖ ਧਰਮ ਵੱਲ ਆ ਗਈ। ਸਿੱਖ ਧਰਮ ਬਾਰੇ ਗੱਲ ਛਿੜਨ ਤੇ ਸੋਭਾ ਸਿੰਘ ਜੀ ਕਹਿਣ ਲੱਗੇ, “ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦਾ ਸੁਭਾ ਹੀ ਐਸਾ ਬਣਾਇਆ ਹੈ ਕਿ ਇਹ ਸਦਾ ਹੀ individual ਰਹਿੰਦੇ ਹਨ ਅਤੇ ਕਦੇ ਵੀ ਇਕ ਦੂਜੇ ਨਾਲ ਨਹੀਂ ਰਲਦੇ। ਇਕ ਇਕੱਲਾ ਸਿੱਖ ਤਾਂ ਸਵਾ ਲੱਖ ਨਾਲ ਲੜ ਸਕਦਾ ਹੈ ਪਰ ਜਦੋਂ ਦੋ ਸਿੱਖ ਰਲ ਜਾਣ ਤਾਂ ਇਹ ਇਕੱਠੇ ਨਹੀਂ ਬੈਠ ਸਕਦੇ। ਪੰਜ ਸਿੱਖ ਤਾਂ ਗੁਰੂ ਜੀ ਤੋਂ ਪਹਿਲਾਂ

ਵੀ ਸਨ ਪਰ ਉਨ੍ਹਾਂ ਨੂੰ ਇਕੱਠਾ ਕਰਨ ਵਾਲਾ ਕੋਈ ਨਹੀਂ ਸੀ। ਉਹ ਸਾਰੇ 'ਕੱਲੇ 'ਕੱਲੇ cause ਲਈ ਤਾਂ ਜ਼ਰੂਰ ਲੜ ਸਕਦੇ ਸਨ ਪਰ 'ਕੱਠੇ cause ਲਈ ਨਹੀਂ ਸੀ ਲੜ ਸਕਦੇ। ਗੁਰੂ ਜੀ ਨੇ ਉਨ੍ਹਾਂ ਨੂੰ ਇਕੱਠੇ ਕਰ ਕੇ ਇਕ cause ਲਈ ਲੜਨਾ ਸਿਖਾਇਆ। ... ਅੱਜ ਕੱਲ੍ਹ ਸਿੱਖ 'ਸਿੰਘ' ਸ਼ਬਦ ਨੂੰ ਖ਼ਤਮ ਕਰਦੇ ਜਾ ਰਹੇ ਹਨ। ਇਕ ਵਾਰੀ ਮੈਂ ਪਟਿਆਲੇ ਗਿਆ ਤਾਂ ਸਰਦਾਰ ਪੂਰਨ ਸਿੰਘ ਜੀ ਕੋਲ ਠਹਿਰਿਆ। ਉਹ ਮੈਨੂੰ ਦੱਸਣ ਲੱਗੇ ਕਿ ਇੱਥੇ ਯੂਨੀਵਰਸਿਟੀ ਵਿੱਚ ਇਕ ਡਾ. ਜੱਗੀ ਹਨ; ਉਨ੍ਹਾਂ ਨੇ ਗੁਰੂ ਨਾਨਕ ਜੀ ਤੇ ਬਹੁਤ ਖੋਜ ਕੀਤੀ ਹੈ। ਮੈਂ ਸੋਚਿਆ ਕਿ ਕੋਈ ਕੁੜੀ ਹੋਵੇਗੀ, ਜੱਗੀ ਕੁੜੀਆਂ ਵਰਗਾ ਹੀ ਤਾਂ ਨਾਂ ਹੈ। ਮੈਂ ਪੁੱਛਿਆ ਕਿ ਵਿਆਹੀ ਹੋਈ ਹੈ। ਕਹਿਣ ਲੱਗੇ, ਨਹੀਂ ਜੀ, ਉਹ ਕੁੜੀ ਨਹੀਂ ਆਦਮੀ ਹੈ। ਇਸ ਤਰ੍ਹਾਂ ਅੱਜ ਕੱਲ੍ਹ ਪਤਾ ਨਹੀਂ ਲੋਕ ਕਿਉਂ 'ਸਿੰਘ' ਸ਼ਬਦ ਨੂੰ ਛੱਡਦੇ ਜਾ ਰਹੇ ਹਨ ਜਦੋਂ ਕਿ ਗੁਰੂ ਜੀ ਨੇ ਸਾਨੂੰ ਇਹ ਸ਼ਬਦ ਖ਼ਾਸ ਤੌਰ ਤੇ ਬਖ਼ਸ਼ਿਆ ਸੀ। ਅੰਗਰੇਜ਼ ਜਦੋਂ ਵੀ ਕਿਸੇ ਸਿੱਖ ਨੂੰ ਮਿਲਦਾ ਹੈ ਤਾਂ ਇਹੋ ਆਖਦਾ ਹੈ, 'Mr. Singh, what is your first name ?' ਇਸ ਤੋਂ ਸਾਨੂੰ 'ਸਿੰਘ' ਸ਼ਬਦ ਦੀ ਮਹੱਤਤਾ ਦਾ ਪਤਾ ਲਗਦਾ ਹੈ। ਅਸੀਂ ਸਿਰਫ਼ ਸਿੱਖ ਨਹੀਂ ਬਣਨਾ, ਖ਼ਾਲਸੇ ਬਣਨਾ ਹੈ। ਸਿੱਖ ਤਾਂ ਹਰ ਕੋਈ ਬਣ ਸਕਦਾ ਹੈ। ... ਅਸੀਂ 'Grow More Food' ਕਹਿੰਦੇ ਹਾਂ, ਪਰ 'Grow More Good' ਕਿਉਂ ਨਹੀਂ ਕਹਿੰਦੇ ਜਦੋਂ ik 'food' ਸਿਰਫ਼ ਸਾਡੇ ਸਰੀਰ ਨੂੰ ਹੀ ਜੀਂਦਾ ਰੱਖਦਾ ਹੈ ਅਤੇ 'good' ਸਾਡੀ ਆਤਮਾ ਨੂੰ ਜੀਂਦਾ ਰੱਖਦਾ ਹੈ। ਅਸੀਂ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਰੋਜ਼ ਲਾਉਂਦੇ ਹਾਂ ਪਰ 'ਜੈ ਇਨਸਾਨ' ਦੇ ਨਾਅਰੇ ਕਿਉਂ ਨਹੀਂ ਲਾਉਂਦੇ ਜਦੋਂ ਕਿ 'ਜੈ ਇਨਸਾਨ' ਇਨ੍ਹਾਂ ਦੋਹਾਂ ਨਾਲੋਂ ਜ਼ਰੂਰੀ ਹੈ ? ..."

ਪੰਜਾਬੀ ਯੂਨੀਵਰਸਿਟੀ ਨੇ ਸੋਭਾ ਸਿੰਘ ਹੁਰਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਸੀ। ਫਿਰ ਗੱਲਾਂ ਇਸ ਫੈਲੋਸ਼ਿਪ ਬਾਰੇ ਚੱਲ ਪਈਆਂ। ਸੋਭਾ ਸਿੰਘ ਹੁਰੀਂ ਕਹਿਣ ਲੱਗੇ, "ਜਦੋਂ ਯੂਨੀਵਰਸਿਟੀ ਨੇ ਮੈਨੂੰ ਫੈਲੋਸ਼ਿਪ ਦੇਣ ਦਾ ਫ਼ੈਸਲਾ ਕੀਤਾ ਤਾਂ ਮੈਨੂੰ ਉਨ੍ਹਾਂ ਦੀ ਚਿੱਠੀ ਆਈ। ਪਹਿਲਾਂ ਤਾਂ ਉਨ੍ਹਾਂ ਨੇ ਚਿੱਠੀ ਵਿੱਚ ਇਹ ਲਿਖਣ ਦੀ ਵਜਾਏ ਕਿ 'ਤੁਹਾਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਵੇਗੀ ...' ਇਹ ਲਿਖਿਆ ਸੀ ਕਿ 'It is decided by the committee ...' ਅਤੇ ਦੂਜੇ ਉਨ੍ਹਾਂ ਨੇ ਲਿਖਿਆ ਸੀ ਕਿ ਤੁਹਾਨੂੰ ਇਸ ਫੈਲੋਸ਼ਿਪ ਦੇ ਬਦਲੇ ਕੁਝ ਤਸਵੀਰਾਂ ਬਣਾ ਕੇ ਯੂਨੀਵਰਸਿਟੀ ਨੂੰ ਦੇਣੀਆਂ ਪੈਣਗੀਆਂ। ਮੈਂ ਜਵਾਬ ਦੇ ਦਿੱਤਾ ਕਿ ਮੈਨੂੰ ਇਹ ਨੌਕਰੀ ਮਨਜ਼ੂਰ ਨਹੀਂ ਜਿਸ ਵਿੱਚ ਮੈਂ ਪੈਸਿਆਂ ਬਦਲੇ ਤੁਹਾਡੀ ਮਰਜ਼ੀ ਅਨੁਸਾਰ ਤਸਵੀਰਾਂ ਬਣਾਵਾਂ। ਮੇਰੀ ਮਰਜ਼ੀ ਹੋਵੇ ਤਾਂ ਮੈਂ ਤਸਵੀਰਾਂ ਜਿੰਨੀਆਂ ਮਰਜ਼ੀ ਬਣਾ ਕੇ ਦੇ ਦੇਵਾਂ ਅਤੇ ਜੇ ਮੇਰੀ ਮਰਜ਼ੀ ਨਾ ਹੋਵੇ ਤਾਂ ਭਾਵੇਂ ਕੁਝ ਵੀ ਨਾ ਦੇਵਾਂ। ਇਹ ਕੀ ਗੱਲ ਹੋਈ ਕਿ ਅਸੀਂ ਤੁਹਾਨੂੰ ਫੈਲੋਸ਼ਿਪ ਦਿੰਦੇ ਹਾਂ ਅਤੇ ਤੁਸੀਂ ਸਾਨੂੰ ਤਸਵੀਰਾਂ ਬਣਾ ਕੇ ਦੇਵੋ। ਮੇਰੇ ਜਵਾਬ ਦੇਣ ਤੇ ਫਿਰ ਤਰਲੇ ਕੱਢਣ ਲੱਗੇ ਕਿ ਫੈਲੋਸ਼ਿਪ ਜ਼ਰੂਰ ਮਨਜ਼ੂਰ ਕਰੋ, ਸਾਡੀ ਬੇਇੱਜ਼ਤੀ ਹੁੰਦੀ ਹੈ, ਭਾਵੇਂ ਤਸਵੀਰਾਂ ਨਾ ਹੀ ਬਣਾ ਕੇ ਦਿਓ। ਮੈਂ ਫੈਲੋਸ਼ਿਪ ਮਨਜ਼ੂਰ ਕਰ ਲਈ। ਕਈ ਮਹੀਨੇ ਲੰਘ ਗਏ ਪਰ ਉਨ੍ਹਾਂ ਵੱਲੋਂ ਕੋਈ ਪੈਸਾ ਨਾ ਆਇਆ। ਫਿਰ ਇਕ ਮਹੀਨੇ ਥੋੜ੍ਹੇ ਜਿਹੇ ਪੈਸੇ ਆਏ ਅਤੇ ਉਸ ਤੋਂ ਬਾਦ ਫਿਰ ਨਾ ਆਏ। ਉਨ੍ਹਾਂ ਤੋਂ ਇਹ ਵੀ ਨਹੀਂ ਹੋਇਆ ਕਿ ਇਕ ਚਿੱਠੀ ਹੀ ਲਿਖ ਦੇਈਏ ਕਿ ਸਾਨੂੰ ਅਫ਼ਸੋਸ ਹੈ ਕਿ ਅਸੀਂ ਪੈਸੇ ਨਹੀਂ ਘੱਲ ਸਕੇ। ਫਿਰ ਇੱਥੇ ਯੂਨੀਵਰਸਿਟੀ ਵਾਲੇ ਆਏ ਤਾਂ ਮੈਂ ਆਖਿਆ ਕਿ ਤੁਹਾਨੂੰ ਫੈਲੋਸ਼ਿਪ ਦੇ ਅਰਥ ਦਾ ਨਹੀਂ ਪਤਾ। ਇਸ ਦਾ ਅਰਥ ਹੁੰਦਾ ਹੈ ਕਿ ਜੇ ਕੋਈ ਇਨਸਾਨ ਸਾਰੀ ਉਮਰ ਕਲਾ ਵਿੱਚ ਲਗਾ ਰਿਹਾ ਹੋਵੇ ਅਤੇ ਲੋਕਾਂ ਨੇ ਉਸ ਨੂੰ recognize ਨਾ ਕੀਤਾ ਹੋਵੇ ਤਾਂ ਉਹ ਸੰਸਥਾ ਉਸ ਨੂੰ ਅਪਣਾ ਲੈਂਦੀ ਹੈ ਅਤੇ ਕਹਿੰਦੀ ਹੈ ਕਿ ਤੂੰ ਹੁਣ ਬੇਫ਼ਿਕਰ ਹੋ ਕੇ ਆਜ਼ਾਦੀ ਨਾਲ ਕਲਾ ਲਈ ਕੰਮ ਕਰ। ਤੇਰੀ ਰੋਟੀ ਦਾ ਜ਼ਿੰਮਾ ਸਾਡੇ ਸਿਰ।"

ਅੰਗਰੇਜ਼ ਔਰਤ ਨੋਰਾ ਰਿਚਰਡ, ਜਿਸ ਨੇ ਪੰਜਾਬੀ ਨਾਟਕ ਅਤੇ ਥੀਏਟਰ ਨੂੰ ਅਥਾਹ



ਉਤਸ਼ਾਹ ਦਿੱਤਾ ਸੀ ਅਤੇ ਇਸ ਦੀ ਉਸਾਰੀ ਅਤੇ ਉੱਨਤੀ ਲਈ ਬੇਹੱਦ ਕੰਮ ਕੀਤਾ ਸੀ, ਵੀ ਅੰਧਰੇਟੇ ਹੀ ਰਹਿੰਦੀ ਸੀ ਅਤੇ ਉਸ ਦੀ ਮੌਤ ਕੁਝ ਮਹੀਨੇ ਪਹਿਲਾਂ ਹੀ ਮਾਰਚ 1971 ਵਿੱਚ ਹੋਈ ਸੀ। ਮੈਂ ਨੋਰਾ ਰਿਚਰਡ ਦੀ ਗੱਲ ਤੋਰੀ ਅਤੇ ਪੁੱਛਿਆ ਕਿ ਉਸ ਦੇ ਨਿਵਾਸ ਅਸਥਾਨ ਦਾ ਕੀ ਹਾਲ ਹੈ ਅਤੇ ਸੁਣਿਆ ਸੀ ਕਿ ਪੰਜਾਬੀ ਯੂਨੀਵਰਸਿਟੀ ਵਾਲੇ ਉੱਥੇ ਲਾਇਬਰੇਰੀ ਬਣਾ ਰਹੇ ਸਨ। ਸੋਭਾ ਸਿੰਘ ਜੀ ਦਾ ਜਵਾਬ ਸੀ, "ਨਾਸ ਕਰ ਦਿੱਤਾ ਵਿਚਾਰੀ ਗ਼ਰੀਬ ਦਾ। ਉਸ ਨੇ ਕਿਸੇ ਹੋਰ ਵਿਚਾਰ ਨਾਲ ਇੱਥੇ ਜਗ੍ਹਾ ਬਣਾਈ ਸੀ ਪਰ ਇਨ੍ਹਾਂ ਨੇ ਉਸ ਦਾ ਸੱਤਿਆਨਾਸ ਕਰ ਦਿੱਤਾ। ਯੂਨੀਵਰਸਿਟੀ ਵਾਲਿਆਂ ਨੇ ਇਕ ਓਵਰਸੀਅਰ ਭੇਜ ਦਿੱਤਾ ਜਿਸ ਨੇ ਆਪਣੀ ਮਰਜ਼ੀ ਨਾਲ ਸਭ ਕੁਝ ਢਾਹ ਢੁਹਾ ਦਿੱਤਾ। ਮੈਂ ਆਖਿਆ ਕਿ ਮੈਂ ਇੱਥੇ ਇੰਨੇ ਸਾਲਾਂ ਤੋਂ ਰਹਿੰਦਾ ਹਾਂ, ਘੱਟੋ ਘੱਟ ਤੁਸੀਂ ਮੈਨੂੰ ਹੀ ਪੁੱਛ ਲੈਂਦੇ ਕਿ ਕੀ ਅਤੇ ਕਿਵੇਂ ਕਰੀਏ। ਪਰ ਉਨ੍ਹਾਂ ਨੇ ਕੁਝ ਪੁੱਛਿਆ ਹੀ ਨਹੀਂ। ..."

ਐਵੇਂ ਅਣਜਾਣਪੁਣੇ ਅਤੇ ਨਿਆਣਪੁਣੇ ਵਿੱਚ ਮੈਂ ਸੋਭਾ ਸਿੰਘ ਹੁਰਾਂ ਨੂੰ ਉਨ੍ਹਾਂ ਦੀ ਉਮਰ ਪੁੱਛ ਬੈਠਾ ਅਤੇ ਉਨ੍ਹਾਂ ਨੇ ਹੱਸ ਕੇ ਜਵਾਬ ਦਿੱਤਾ, "ਸੱਤਰ ਕੁ ਸਾਲ ਦੀ ਹੈ ਪਰ ਹਾਲੇ ਮੈਂ ਬਹੱਤਰਿਆ ਨਹੀਂ। ... ਇਸ ਉਮਰੇ ਤਾਂ ਫਲ਼ ਹੀ ਖਾਣੇ ਚਾਹੀਦੇ ਹਨ। ..." ਹਿੰਦੁਸਤਾਨ ਛੱਡਣ ਤੋਂ ਬਾਦ ਸਮਝ ਆਈ ਕਿ ਕਿਸੇ ਨੂੰ ਵੀ ਉਸ ਦੀ ਉਮਰ ਨਹੀਂ ਪੁੱਛਣੀ ਚਾਹੀਦੀ। ਕੋਈ ਇਨਸਾਨ ਬਹੁਤ ਨਜ਼ਦੀਕੀ ਹੋਵੇ ਤਾਂ ਭਾਵੇਂ ਪੁੱਛ ਲਵੋ।

ਮੇਰੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਅੰਧਰੇਟੇ ਰਹਿੰਦਿਆਂ ਪੱਚੀ ਕੁ ਸਾਲ ਹੋ ਗਏ ਸਨ। ਉਨ੍ਹਾਂ ਦੱਸਿਆ, "ਪਹਿਲਾਂ ਪਹਿਲ ਜਦੋਂ ਮੈਂ ਇਸ ਥਾਂ ਆਇਆ ਤਾਂ ਕੋਈ ਵੀ ਥਾਂ ਦੇਣ ਲਈ ਤਿਆਰ ਨਹੀਂ ਸੀ ਕਿਉਂਕਿ ਪਹਿਲਾ ਪੰਜਾਬੀ, ਦੂਜਾ ਸਿੱਖ, ਅਤੇ ਤੀਜਾ ਪੇਂਟਰ। ਕੌਣ ਦਿੰਦਾ ਹੈ ਥਾਂ ? ਮਸਾਂ ਇਕ ਝੁੱਗੀ ਲਈ ਥਾਂ ਮਿਲਿਆ ਸੀ।"

ਕੋਠੀ ਦੇ ਅੰਦਰ ਕਮਰੇ ਵਿੱਚ ਇਕ ਮਿਸਤਰੀ ਕੁਝ ਬਣਾ ਰਿਹਾ ਸੀ। ਸੋਭਾ ਸਿੰਘ ਜੀ ਉੱਠ ਕੇ ਉਸ ਨੂੰ ਕੁਝ ਦੱਸਣ ਚਲੇ ਗਏ ਅਤੇ ਕੁਝ ਮਿੰਟਾਂ ਬਾਦ ਅੰਦਰੋਂ ਹੀ ਬੋਲੇ, "ਅੰਦਰ ਹੀ ਜਾਓ ਬਈ। ਬਾਹਰ ਧੁੱਪ ਲਗਦੀ ਹੋਵੇਗੀ।" ਅਸੀਂ ਉੱਠ ਕੇ ਅੰਦਰ ਚਲੇ ਗਏ। ਇਹ ਕਮਰਾ ਸੋਭਾ ਸਿੰਘ ਹੁਰਾਂ ਦਾ ਸੌਣ ਵਾਲਾ ਕਮਰਾ ਵੀ ਸੀ ਅਤੇ ਤਸਵੀਰਾਂ ਬਣਾਉਣ ਵਾਲਾ ਵੀ। ਕਮਰੇ ਵਿੱਚ ਇਕ ਪਾਸੇ ਬੈੱਡ ਸੀ; ਬਾਕੀ ਕਮਰੇ ਵਿੱਚ ਦੋ ਸੋਫ਼ੇ ਵਾਲੀਆਂ ਕੁਰਸੀਆਂ, ਕੁਝ ਛੋਟੇ ਛੋਟੇ ਟੇਬਲ, ਅਤੇ ਬੈਂਚ ਪਏ ਸਨ। ਕਮਰੇ ਵਿੱਚ ਦੋ ਕੈਨਵਸ ਲੱਗੀਆਂ ਹੋਈਆਂ ਸਨ, ਥਾਂ ਥਾਂ ਬੁਰਸ਼ਾਂ ਦੇ ਢੇਰ ਪਏ ਸਨ, ਰੰਗ ਪਏ ਸਨ, ਅਤੇ ਕਈ ਹੋਰ ਲੋੜੀਂਦੀਆਂ ਚੀਜ਼ਾਂ ਵੀ। ਇਹ ਸਾਰੀਆਂ ਚੀਜ਼ਾਂ ਬਹੁਤ ਸਲੀਕੇ ਅਨੁਸਾਰ ਥਾਂ ਥਾਂ ਟਿਕਾਈਆਂ ਹੋਈਆਂ ਸਨ। ਇਕ ਪਾਸੇ ਡਾ. ਐਮ.ਐਸ. ਰੰਧਾਵਾ ਦਾ ਬੁੱਤ ਪਿਆ ਸੀ। ਇਕ ਪਾਸੇ ਦੀ ਕੰਧ ਤੇ ਸੋਭਾ ਸਿੰਘ ਹੁਰਾਂ ਦੀ ਬਣਾਈ ਪੁਰਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਸੀ, ਗੁਰੂ ਨਾਨਕ ਦੇਵ ਜੀ ਦੀ ਨਵੀਂ ਬਣਾਈ ਤਸਵੀਰ ਸੀ, ਗੁਰੂ ਹਰਿ ਰਾਏ ਜੀ ਦੀ ਤਸਵੀਰ ਸੀ ਜੋ ਹਾਲੇ ਪੂਰੀ ਨਹੀਂ ਸੀ ਬਣੀ, ਅਤੇ ਕੁਝ ਹੋਰ ਤਸਵੀਰਾਂ ਸਨ। ਦੂਜੀ ਕੰਧ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਨਵੀਂ ਬਣਾਈ ਤਸਵੀਰ ਅਤੇ ਸੋਹਣੀ ਮਹੀਂਵਾਲ ਦੀ ਤਸਵੀਰ ਲੱਗੀ ਹੋਈ ਸੀ। ਇਕ ਕੰਧ ਤੇ ਨੋਰਾ ਰਿਚਰਡ ਦੀ ਤਸਵੀਰ ਬਣਾ ਕੇ ਲਾਈ ਹੋਈ ਸੀ। ਇਨ੍ਹਾਂ ਤਸਵੀਰਾਂ ਤੋਂ ਸਿਵਾਏ ਸਾਰੇ ਕਮਰੇ ਵਿੱਚ ਵਿਰਲੀਆਂ ਵਿਰਲੀਆਂ ਤਸਵੀਰਾਂ ਅਤੇ ਫ਼ੋਟੋ ਲੱਗੀਆਂ ਹੋਈਆਂ ਸਨ ਅਤੇ ਕਈ ਥਾਈਂ ਕਿਤਾਬਾਂ ਵੀ ਪਈਆਂ ਸਨ। ਸੋਭਾ ਸਿੰਘ ਹੁਰੀਂ ਆਪ ਬੈੱਡ ਤੇ ਲੇਟ ਗਏ ਅਤੇ ਅਸੀਂ ਕੁਰਸੀਆਂ ਤੇ ਬੈਠ ਗਏ। ਗੱਲਾਂ ਦਾ ਦੌਰ ਫਿਰ ਚੱਲ ਪਿਆ ਅਤੇ ਇਹ ਗੱਲਾਂ ਉਨ੍ਹਾਂ ਦੀਆਂ ਬਣਾਈਆਂ ਤਸਵੀਰਾਂ ਬਾਰੇ ਹੀ ਸਨ।

ਮੇਰੇ ਪੁੱਛਣ ਤੇ ਕਿ ਇਨ੍ਹਾਂ ਤਸਵੀਰਾਂ ਨੂੰ ਬਣਾਉਣ ਤੇ ਕਿੰਨੀ ਕੁ ਦੇਰ ਲੱਗਦੀ ਸੀ,

ਸੋਭਾ ਸਿੰਘ ਜੀ ਬੋਲੇ, "ਸਮੇਂ ਬਾਰੇ ਕੁਝ ਵੀ ਨਹੀਂ ਆਖਿਆ ਜਾ ਸਕਦਾ। ਪਤਾ ਨਹੀਂ ਇਨ੍ਹਾਂ ਤਸਵੀਰਾਂ ਨੂੰ ਬਣਾਉਣ ਲਈ ਕਿੰਨਾ ਚਿਰ ਲੱਗਾ ਹੈ। ਜੇ ਇਹ ਕਹੀਏ ਕਿ ਇਹ ਤਸਵੀਰਾਂ ਬੁਰਸ਼ ਬਣਾਉਂਦਾ ਹੈ ਤਾਂ ਇਹ ਗ਼ਲਤ ਹੈ। ਬੁਰਸ਼ ਦੇ ਪਿੱਛੇ ਮੈਂ ਹਾਂ ਜੋ ਤਸਵੀਰਾਂ ਬਣਾਉਂਦਾ ਹਾਂ। ਪਰ ਅਸਲ ਵਿੱਚ ਸੋਚੀਏ ਤਾਂ ਇਹ ਮੈਂ ਵੀ ਨਹੀਂ ਜੋ ਤਸਵੀਰਾਂ ਬਣਾਉਂਦਾ ਹਾਂ ਸਗੋਂ ਪ੍ਰਮਾਤਮਾ ਹੈ। ਮੇਰੀ ਤਾਂ ਐਵੇਂ ਟੈਕਨੀਕ ਹੈ। ਤਸਵੀਰ ਬਣਾਉਂਦੇ ਬਣਾਉਂਦੇ ਜਦੋਂ ਮੈਂ ਇੰਨਾ ਮਗਨ ਹੋ ਜਾਂਦਾ ਹਾਂ ਕਿ ਮੈਨੂੰ ਆਪਣਾ ਆਪ ਭੁੱਲ ਜਾਂਦਾ ਹੈ ਕਿ ਮੈਂ ਸੋਭਾ ਸਿੰਘ ਹਾਂ ਤਾਂ ਉਸ ਵੇਲੇ ਮੈਂ ਨਹੀਂ ਬੈਠਾ ਹੁੰਦਾ ਸਗੋਂ ਪ੍ਰਮਾਤਮਾ ਦੀ ਰੂਹ ਮੇਰੇ ਵਿੱਚ ਹੁੰਦੀ ਹੈ ਅਤੇ ਮੇਰੇ ਗੁਰੂ ਮੇਰੇ ਵਿੱਚੀਂ ਬੁਰਸ਼ ਮਾਰ ਜਾਂਦੇ ਹਨ ਅਤੇ ਤਸਵੀਰ ਪੂਰੀ ਹੋ ਜਾਂਦੀ ਹੈ। ਇਹੋ ਜਿਹੇ ਪੂਰਨਤਾ ਦੇ ਸਮੇਂ ਦੇ ਆਉਣ ਤੋਂ ਪਹਿਲਾਂ ਪਤਾ ਨਹੀਂ ਮੈਂ ਕਿੰਨਾ ਚਿਰ ਤਸਵੀਰ ਦੁਆਲੇ ਲੱਗਾ ਰਹਿੰਦਾ ਹਾਂ। ...(ਇਕ ਤਸਵੀਰ ਵੱਲ ਇਸ਼ਾਰਾ ਕਰ ਕੇ) ਇਹ ਗੁਰੂ ਗੋਬਿੰਦ ਸਿੰਘ ਜੀ ਦੀ ਨਵੀਂ ਤਸਵੀਰ ਹੈ। ਇਹ ਹਾਲੇ ਛਪ ਕੇ ਮਾਰਕੀਟ ਵਿੱਚ ਵੀ ਨਹੀਂ ਆਈ। ਹਾਲੇ ਉਨ੍ਹਾਂ ਨੇ ਕੁਝ ਕਾਪੀਆਂ ਹੀ ਛਾਪ ਕੇ ਭੇਜੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਪੁਰਾਣੀ ਤਸਵੀਰ ਵਿੱਚ ਉਨ੍ਹਾਂ ਨੇ ਰੰਗ ਠੀਕ ਨਹੀਂ ਭਰੇ। ਦੂਜੀ ਐਡੀਸ਼ਨ ਵਿੱਚ ਵੀ ਜਿਵੇਂ ਮੈਂ ਆਖਿਆ ਸੀ ਸੁਧਾਰ ਨਹੀਂ ਕਰ ਸਕੇ।(ਇਕ ਹੋਰ ਤਸਵੀਰ ਵੱਲ ਇਸ਼ਾਰਾ ਕਰ ਕੇ) ਇਹ ਗੁਰੂ ਨਾਨਕ ਦੇਵ ਜੀ ਦੀ ਨਵੀਂ ਤਸਵੀਰ ਹੈ ਜਿਸ ਦੇ ਸਿਰ ਉੱਪਰ ਮੈਂ ਟੋਪੀ ਪਹਿਨਾਈ ਹੈ। ਇਹ ਤਸਵੀਰ ਦੇਖ ਕੇ ਮੈਨੂੰ ਇਕ ਸਿੰਧੀ ਆਖਣ ਲੱਗਾ, 'ਸਰਦਾਰ ਜੀ ਆਪ ਨੇ ਯੇਹ ਅਸਲੀ ਗੁਰੂ ਜੀ ਬਣਾਏ ਹੈਂ।' ਪਰ ਸਿੱਖ ਇਸ ਦੇ ਉਲਟ ਕਹਿੰਦੇ ਹਨ ਕਿ ਮੈਂ ਗੁਰੂ ਜੀ ਨੂੰ ਟੋਪੀ ਪਹਿਨਾ ਕੇ ਮੁਸਲਮਾਨ ਬਣਾ ਦਿੱਤਾ ਹੈ। ਇਕ ਵਾਰੀ ਇਕ ਸਰਦਾਰ ਜੀ ਮੈਨੂੰ ਆਖਣ ਲੱਗੇ ਕਿ ਤੁਹਾਨੂੰ ਕੀ ਪਤਾ ਕਿ ਗੁਰੂ ਜੀ ਇਸ ਤਰ੍ਹਾਂ ਦੇ ਸਨ ? ਮੈਂ ਆਖਿਆ ਕਿ ਮੈਂ ਤਾਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਚਿਤਰਦਾ ਹਾਂ। ਜਿਹੋ ਜਿਹੇ ਉਹ ਮੈਨੂੰ ਆਪਣੀਆਂ ਰਚਨਾਵਾਂ ਵਿੱਚੋਂ ਦਿਸਦੇ ਹਨ, ਮੈਂ ਉਹੋ ਜਿਹੇ ਚਿੱਤਰ ਦਿੰਦਾ ਹਾਂ। ਕੀ ਪਤਾ ਕਈ ਵਾਰੀ ਗੁਰੂ ਜੀ ਨੰਗੇ ਸਿਰ ਵੀ ਬੈਠ ਜਾਂਦੇ ਹੋਣ ਅਤੇ ਕਈ ਵਾਰੀ ਸਿਰਫ਼ ਪਰਨਾ ਹੀ ਲਪੇਟ ਲੈਂਦੇ ਹੋਣ। ਮੇਰੀ ਵੱਖਰਤਾ ਤਦੇ ਹੈ ਜੇ ਮੈਂ ਗੁਰੂ ਸਾਹਿਬ ਨੂੰ ਠੀਕ ਢੰਗ ਨਾਲ ਪੇਸ਼ ਕਰ ਸਕਾਂ ਅਤੇ ਉਨ੍ਹਾਂ ਦੇ ਚਿਹਰੇ ਦੇ impression ਠੀਕ ਢੰਗ ਨਾਲ ਉਲੀਕ ਸਕਾਂ। ਇਕ ਵਾਰੀ ਇਕ ਸਰਦਾਰ ਜੀ ਆਏ ਅਤੇ ਕਹਿਣ ਲੱਗੇ ਕਿ ਤੁਸੀਂ ਤਾਂ ਹੁਣ ਸਿੱਖੀ ਨੂੰ ਤਿਆਗ ਦਿੱਤਾ। ਮੈਂ ਆਖਿਆ ਕਿ ਕੀ ਤੁਹਾਡੇ ਖ਼ਿਆਲ ਅਨੁਸਾਰ ਸਿੱਖ ਉਹੀ ਹੈ ਜੋ ਦਸਤਾਰ ਪਹਿਨਦਾ ਹੈ ਭਾਵੇਂ ਉਸ ਦੇ ਖ਼ਿਆਲ ਜਿਸ ਤਰ੍ਹਾਂ ਦੇ ਮਰਜ਼ੀ ਹੋਣ ? ..."

ਮੈਂ ਇਕ ਅਧੂਰੀ ਤਸਵੀਰ ਵੱਲ ਇਸ਼ਾਰਾ ਕਰਦਿਆਂ ਪੁੱਛਿਆ ਕਿ ਉਹ ਤਸਵੀਰ ਕਿਸ ਦੀ ਸੀ। ਸੋਭਾ ਸਿੰਘ ਜੀ ਬੋਲੇ, "ਇਹ ਗੁਰੂ ਹਰਿ ਰਾਏ ਜੀ ਹਨ। He was the tallest and most handsome Guru. ਇਹ ਤਸਵੀਰ ਹਾਲਾਂ ਪੂਰੀ ਨਹੀਂ ਹੋਈ। ਜਿਸ ਦਿਨ ਜੀਅ ਮੰਨਦਾ ਹੈ, ਇਸ ਤੇ ਬੁਰਸ਼ ਲਗਾ ਛੱਡਦਾ ਹਾਂ। ਮੇਰੀ ਕੋਸ਼ਿਸ਼ ਹੈ ਕਿ ਇਹ ਤਸਵੀਰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੋਹਾਂ ਰੂਹਾਂ ਦੀ ਪ੍ਰਤੀਕ ਹੋਵੇ। ਇਨ੍ਹਾਂ ਦੀਆਂ ਅੱਖਾਂ ਵਿੱਚ ਜਿੱਥੇ ਗੁਰੂ ਨਾਨਕ ਦੇਵ ਜੀ ਵਾਲੀ ਖ਼ੁਮਾਰੀ ਹੋਵੇ ਉੱਥੇ ਗੁਰੂ ਗੋਬਿੰਦ ਸਿੰਘ ਜੀ ਵਾਲੀ ਲਲਕਾਰ ਵੀ ਹੋਵੇ। ..."

ਸਾਨੂੰ ਇਕ ਨਾਲ ਵਾਲੇ ਕਮਰੇ ਵਿੱਚ ਬਿਠਾ ਕੇ ਸੋਭਾ ਸਿੰਘ ਜੀ ਆਪ ਨਹਾਉਣ ਚਲੇ ਗਏ। ਉਨ੍ਹਾਂ ਦੇ ਨਹਾ ਕੇ ਆਉਂਦਿਆਂ ਨੂੰ ਅਸੀਂ ਬਾਹਰ ਧੁੱਪ ਵਿੱਚ ਬੈਠੇ ਸਾਂ। ਆਉਂਦੇ ਹੀ ਮੁਸਕਰਾਉਂਦੇ ਹੋਏ ਬੋਲੇ, "ਮੈਂ ਸੋਚਿਆ ਕਿ ਮੁੰਡਿਆਂ ਕੋਲ ਕੈਮਰਾ ਹੈ, ਮੈਂ ਮੈਲ ਹੀ ਲਾਹ ਆਵਾਂ।" ਅਸੀਂ ਕੁਝ ਫ਼ੋਟੋ ਖਿੱਚ ਕੇ ਜਾਣ ਦੀ ਛੁੱਟੀ ਮੰਗੀ ਤਾਂ ਆਖਣ ਲੱਗੇ, "ਹੁਣ ਪ੍ਰਸ਼ਾਦ ਛਕ ਕੇ ਜਾਇਓ।" ਸਾਡੇ ਨਾਂਹ ਕਰਨ ਤੇ ਮੁਸਕਰਾਉਂਦਿਆਂ ਹੋਇਆਂ ਆਖਣ ਲੱਗੇ, "ਆਓ ਦੇਖੀਏ ਕੀ ਬਣਿਆਂ ਹੈ।" ਉਨ੍ਹਾਂ ਦੇ ਪਿਆਰ ਅਤੇ ਮਿਲਾਪੜੇ ਸੁਭਾ ਅੱਗੇ ਅਸੀਂ ਨਾਂਹ ਨਾ ਕਰ ਸਕੇ ਅਤੇ ਉਨ੍ਹਾਂ ਦੇ ਮਗਰ



ਮਗਰ ਰਸੋਈ ਵੱਲ ਹੋ ਤੁਰੇ ਜੋ ਕਿ ਡਾਈਨਿੰਗ ਰੂਮ ਵੀ ਸੀ। ਖਾਣਾ ਆਇਆ ਤਾਂ ਆਖਣ ਲੱਗੇ, "ਸਾਡਾ ਤਾਂ ਵਰਤ ਹੈ। ਜਿਵੇਂ ਲਾਲੀਆਂ ਬਰਫ਼ੀ ਪੇੜੇ ਖਾ ਕੇ ਵਰਤ ਰੱਖਦੀਆਂ ਹਨ, ਅਸੀਂ ਫਲ਼ ਖਾ ਕੇ ਇਵੇਂ ਹੀ ਵਰਤ ਰੱਖਦੇ ਹਾਂ।" ਨਾਲ ਹੀ ਉੱਚੀ ਉੱਚੀ ਹੱਸਣ ਲੱਗੇ। ਖਾਣਾ ਖਾਂਦਿਆਂ ਡਾ. ਐਮ. ਐਸ. ਰੰਧਾਵਾ ਬਾਰੇ ਗੱਲਾਂ ਹੁੰਦੀਆਂ ਰਹੀਆਂ। ਮੁਸਕਰਾਉਂਦਿਆਂ ਹੋਇਆਂ ਉਨ੍ਹਾਂ ਨੇ ਗੱਲ ਛੇੜੀ, "ਇਕ ਵਾਰੀ ਮੈਂ ਤੇ ਰੰਧਾਵਾ ਸਾਹਿਬ ਕਸੌਲੀ ਗਏ ਹੋਏ ਸਾਂ। ਸ਼ਾਮ ਨੂੰ ਅਸੀਂ ਸੈਰ ਕਰਨ ਨਿਕਲੇ। ਇਕ ਥਾਂ ਸੜਕ ਤੇ ਇਕ ਛੋਲਿਆਂ ਵਾਲਾ ਬੈਠਾ ਛੋਲੇ ਵੇਚ ਰਿਹਾ ਸੀ। ਰੰਧਾਵਾ ਸਾਹਿਬ ਦੇਖ ਕੇ ਆਖਣ ਲੱਗੇ, 'ਇਹਦੇ ਛੋਲੇ ਬੜੇ ਸੁਆਦ ਨੇ।' ਮੈਂ ਆਖਿਆ ਲੈ ਚਲਦੇ ਹਾਂ, ਘਰ ਜਾ ਕੇ ਖਾ ਲਵਾਂਗੇ। ਰੰਧਾਵਾ ਸਾਹਿਬ ਆਖਣ ਲੱਗੇ ਕਿ ਘਰ ਜਾਂਦਿਆਂ ਤੱਕ ਤਾਂ ਇਹ ਠੰਢੇ ਹੋ ਜਾਣਗੇ। ਮੈਂ ਆਖਿਆ ਫਿਰ ਆਉਂਦੇ ਹੋਏ ਲੈ ਚੱਲਾਂਗੇ। ਉਹ ਕਹਿੰਦੇ ਕਿ ਪਤਾ ਨਹੀਂ ਵਾਪਸ ਆਉਂਦਿਆਂ ਤੱਕ ਇਹ ਇੱਥੇ ਹੋਵੇ ਵੀ ਕਿ ਨਾ। ਮੈਂ ਆਖਿਆ ਕਿ ਤੁਸੀਂ ਚਲੋ ਮੈਂ ਆਇਆ। ਮੈਂ ਚੰਗਾ ਮਿਰਚ ਮਸਾਲਾ ਪਾ ਕੇ ਛੋਲਿਆਂ ਦੇ ਦੋ ਡੂਨੇ ਭਰਵਾ ਲਏ ਅਤੇ ਤੁਰ ਆਇਆ। ਰੰਧਾਵਾ ਸਾਹਿਬ ਅਗਾਂਹ ਇਕ ਚੌਂਕ ਕੋਲ ਖੜ੍ਹੇ ਸਨ। ਮੈਂ ਇਕ ਡੂਨਾ ਰੰਧਾਵਾ ਸਾਹਿਬ ਨੂੰ ਫੜਾ ਦਿੱਤਾ ਅਤੇ ਦੂਜਾ ਫੜ ਕੇ ਖੜ੍ਹਾ ਰਿਹਾ। ਉਹ ਨਾਲੇ ਆਲ਼ੇ ਦੁਆਲ਼ੇ ਦੇਖੀ ਜਾਣ ਕਿ ਕੋਈ ਡਿਪਟੀ ਕਮਿਸ਼ਨਰ ਨੂੰ ਛੋਲੇ ਖਾਂਦਿਆਂ ਤਾਂ ਨਹੀਂ ਦੇਖਦਾ ਅਤੇ ਨਾਲੇ ਝਟਾ-ਪਟ ਖਾਈ ਜਾਣ। ਨਾਲ ਹੀ ਆਖੀ ਜਾਣ, 'ਤੂੰ ਵੀ ਖਾ ਲੈ ਨਾ।' ਮੈਂ ਆਖਿਆ ਕਿ ਇਹ ਦੂਜਾ ਡੂਨਾ ਵੀ ਤੁਹਾਡੇ ਲਈ ਹੈ ਤਾਂ ਨਾਲੇ ਹੱਥ ਅੱਗੇ ਵਧਾਈ ਜਾਣ ਅਤੇ ਨਾਲੇ ਆਖੀ ਜਾਣ ਤੂੰ ਖਾ ਲੈ, ਤੂੰ ਖਾ ਲੈ।" ਫਿਰ ਉਨ੍ਹਾਂ ਨੇ ਰੰਧਾਵਾ ਸਾਹਿਬ ਬਾਰੇ ਕਈ ਹੋਰ ਗੱਲਾਂ ਕੀਤੀਆਂ।

ਖਾਣਾ ਖਾਣ ਤੋਂ ਬਾਦ ਤਰਲੋਕ ਅਤੇ ਮੈਂ ਨੋਰਾ ਰਿਚਰਡ ਦਾ ਘਰ ਦੇਖਣ ਚਲੇ ਗਏ ਜੋ ਉੱਥੋਂ ਦੋ ਕੁ ਫ਼ਰਲਾਂਗ ਤੇ ਸੀ। ਜਦੋਂ ਅਸੀਂ ਵਾਪਸ ਆਏ ਤਾਂ ਸੋਭਾ ਸਿੰਘ ਜੀ ਅੰਦਰ ਹੀ ਬੈਠੇ ਸਨ। ਅਸੀਂ ਵਿਦਾਇਗੀ ਮੰਗੀ ਤਾਂ ਸਾਡੀ ਗੱਲ ਅਣਗੌਲੀ ਕਰ ਕੇ ਫਿਰ ਗੱਲੀਂ ਪੈ ਗਏ।

ਉਨ੍ਹਾਂ ਨੇ ਦੱਸਿਆਂ ਕਿ ਉਹ ਆਪਣੀਆਂ ਤਸਵੀਰਾਂ ਆਪ ਹੀ ਛਪਵਾਉਂਦੇ ਸਨ, ਕਿਸੇ ਵੀ ਪ੍ਰਕਾਸ਼ਕ ਨੂੰ ਨਹੀਂ ਸੀ ਦਿੰਦੇ। ਸਿਰਫ਼ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਫ਼ੋਟੋ ਹੀ ਸ਼ਰੋਮਣੀ ਕਮੇਟੀ ਨੇ ਛਾਪੀ ਸੀ। ਤਸਵੀਰਾਂ ਦੀ ਵਿੱਕਰੀ ਬਾਰੇ ਗੱਲ ਕਰਦਿਆਂ ਉਹ ਹੱਸਦਿਆਂ ਹੋਇਆਂ ਸੋਹਣੀ ਮਹੀਂਵਾਲ ਦੀ ਤਸਵੀਰ ਵੱਲ ਇਸ਼ਾਰਾ ਕਰ ਕੇ ਕਹਿਣ ਲੱਗੇ, "ਸਾਨੂੰ ਤਾਂ ਇਹ ਬੀਬੀ ਹੀ ਰੋਟੀ ਦੇਈ ਜਾਂਦੀ ਹੈ। ਗੁਰੂਆਂ ਦੀਆਂ ਤਸਵੀਰਾਂ ਨੂੰ ਤਾਂ ਲੋਕ ਮੱਥਾ ਹੀ ਟੇਕ ਛੱਡਦੇ ਹਨ, ਸਾਨੂੰ ਇਨ੍ਹਾਂ ਵਿੱਚੋਂ ਕੁਝ ਨਹੀਂ ਬਚਦਾ।" ਫਿਰ ਕੁਝ ਦੇਰ ਸੋਚ ਕੇ ਕਹਿਣ ਲੱਗੇ, "ਹੁਣ ਤਾਂ ਜਿੰਨਾ ਚਿਰ ਹਾਂ ਇਹੋ ਸੋਚਦਾ ਹਾਂ ਕਿ ਦੋ ਚਾਰ ਇਹੋ ਜਿਹੀਆਂ ਤਸਵੀਰਾਂ ਬਣਾ ਜਾਵਾਂ ਜਿਨ੍ਹਾਂ ਨੂੰ ਦੇਖ ਕੇ ਲੋਕ ਯਾਦ ਰੱਖਣ। ਕਈ ਵਾਰੀ ਸੋਚਦਾ ਹਾਂ ਕਿ ਗੁਰੂ ਸਾਹਿਬਾਂ ਦੀਆਂ ਤਸਵੀਰਾਂ ਨੂੰ ਕੁਝ ਚਿਰ ਬਾਦ ਕੌਣ ਪੁੱਛੇਗਾ ? ਬਹੁਤੇ ਨੌਜਵਾਨ ਕਲੀਨ-ਸ਼ੇਵਨ ਹੋਈ ਜਾਂਦੇ ਹਨ। ਉਹ ਆਖਦੇ ਹਨ ਕਿ ਸਾਡੇ ਬਜ਼ੁਰਗਾਂ ਨੂੰ ਕੋਈ ਅਕਲ ਨਹੀਂ ਸੀ। ਉਨ੍ਹਾਂ ਨੂੰ ਤਾਂ ਕਲਮਾਂ ਵੀ ਘੜਨੀਆਂ ਨਹੀਂ ਸੀ ਆਉਂਦੀਆਂ। ਲੋਕ ਸਿੱਖ ਧਰਮ ਦੇ ਆਦਰਸ਼ਾਂ ਨੂੰ ਛੱਡਦੇ ਜਾ ਰਹੇ ਹਨ। ਸਿੱਖ ਸਾਦਾ, ਸੱਚਾ, ਸੁੱਚਾ, ਅਤੇ ਉੱਚਾ ਹੁੰਦਾ The Sikh is the servant of God. ਇਸ ਦਾ ਕੰਮ ਸਿਰਫ਼ ਮਨੁੱਖਤਾ ਲਈ ਕੰਮ ਕਰਨਾ ਹੈ। ਹੁਣ ਸਿੱਖ ਗੰਦੀ ਪਾਲਿਟਿਕਸ ਵਿੱਚ ਪੈ ਕੇ ਆਪਣੇ ਨਾਂ ਨੂੰ ਬਦਨਾਮ ਕਰੀ ਜਾ ਰਹੇ ਹਨ। ਹਿੰਦੂ ਆਖ ਰਹੇ ਹਨ ਕਿ ਸਿੱਖ ਸਾਨੂੰ ਖ਼ਤਮ ਕਰ ਦੇਣਗੇ ਪਰ ਹਿੰਦੂ ਇਹ ਨਹੀਂ ਸੋਚਦੇ ਕਿ ਤੁਹਾਨੂੰ ਹਰ ਵੇਲੇ ਸਿੱਖਾਂ ਨੇ ਬਚਾਇਆ ਹੈ। ਗੁਰੂ ਸਾਹਿਬਾਂ ਨੇ ਆਪ ਜਾਨ ਦੇ ਕੇ ਮੁਸਲਮਾਨਾਂ ਅਤੇ ਹਿੰਦੂਆਂ ਦੀ ਰਾਖੀ ਕੀਤੀ। ਹੁਣ ਉਹੀ ਸਿੱਖ ਇਨ੍ਹਾਂ ਨੂੰ ਕਿਵੇਂ ਖਾ ਜਾਣਗੇ। ਜੇ ਪੰਜਾਬ ਵਿੱਚ ਸਿੱਖ ਨਾ ਹੁੰਦੇ ਤਾਂ ਹੁਣ ਨੂੰ ਪਾਕਿਸਤਾਨ ਧੁਰ ਪਹੁੰਚਿਆ ਹੋਣਾ ਸੀ। ਇੱਧਰੋਂ ਸਭ ਬਚਾਅ ਸਿੱਖਾਂ ਕਰ ਕੇ ਹੀ ਹੈ। ਪਰ ਕੇਂਦਰ ਫਿਰ ਵੀ ਸਿੱਖਾਂ ਨੂੰ ਦਬਾਉਂਦਾ ਜਾਂਦਾ ਹੈ। ਜੇ ਕੇਂਦਰ ਦਾ ਵਤੀਰਾ ਇਹੋ ਰਿਹਾ ਤਾਂ ਇਹਨੂੰ ਪਛਤਾਉਣਾ ਪਵੇਗਾ।" ਕੁਝ ਦੇਰ ਬਾਦ ਗੱਲ ਦਾ

ਰੁਖ਼ ਬਦਲ ਕੇ ਬੋਲੇ, "ਹਿੰਦੁਸਤਾਨ ਵਿੱਚ ਤਸਵੀਰਾਂ ਨੂੰ ਚੰਗਾ ਅਤੇ ਵਧੀਆ ਛਾਪਣ ਦਾ ਕਿਤੇ ਵੀ ਬੰਦੋਬਸਤ ਨਹੀਂ। ਮੈਂ ਸ਼੍ਰੋਮਣੀ ਕਮੇਟੀ ਨੂੰ ਕਿਹਾ ਸੀ ਕਿ ਤੁਸੀਂ ਗੁਰੂ ਸਾਹਿਬਾਂ ਦੀਆਂ ਕੁਝ ਤਸਵੀਰਾਂ ਬਾਹਰੋਂ ਛਪਵਾ ਲਓ ਜੋ ਹਮੇਸ਼ਾ ਵਾਸਤੇ ਯਾਦਗਾਰ ਬਣ ਜਾਣ। ਉਹ ਇੱਥੇ ਤਾਂ ਹਾਂ ਕਰ ਜਾਂਦੇ ਹਨ ਪਰ ਜਾ ਕੇ ਕੁਝ ਨਹੀਂ ਕਰਦੇ। ਇਕ ਵਾਰੀ ਮੇਰੇ ਕੋਲ ਕਮੇਟੀ ਦੇ ਸਾਰੇ ਮੈਂਬਰ ਆਏ। ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਜੇ ਤੁਸੀਂ ਆਰਟ ਨੂੰ ਜੀਂਦਾ ਰੱਖਣਾ ਹੈ ਤਾਂ ਇਕ ਆਰਟ ਕਾਲਜ ਖੋਲ੍ਹੋ ਜਿਸ ਦਾ ਸਾਰਾ ਖ਼ਰਚ ਤੁਸੀਂ ਕਰੋ ਅਤੇ ਉੱਥੇ ਦੀਆਂ ਬਣੀਆਂ ਸਾਰੀਆਂ ਤਸਵੀਰਾਂ ਦਰਬਾਰ ਸਾਹਿਬ ਲਾਈ ਚਲੋ। ਪਰ ਕਿਸੇ ਨੇ ਵੀ ਗੱਲ ਨਹੀਂ ਗੌਲ਼ੀ। ... ਅਸੀਂ ਬਹੁਤ ਹੋਰ ਪਾਸੇ ਨੂੰ ਤੁਰਦੇ ਜਾ ਰਹੇ ਹਾਂ। ਸਾਡਾ ਸਮਾਜਿਕ ਢਾਂਚਾ ਬਹੁਤ ਵਿਗੜ ਚੁੱਕਾ ਹੈ। ... ਦੇਖੋ ਜੇ ਨਵੀਂ ਪੀੜ੍ਹੀ ਕੁਝ ਸੁਧਾਰ ਕਰ ਸਕੇ। ਅੱਜ ਕੱਲ੍ਹ ਲੋਕ ਕਰਦੇ ਕੁਝ ਨਹੀਂ ਪਰ ਮਸ਼ਹੂਰੀ ਚਾਹੁੰਦੇ ਹਨ। ..." ਸੋਭਾ ਸਿੰਘ ਹੁਰੀਂ ਇਹ ਗੱਲਾਂ ਕਰਦੇ ਬਹੁਤ ਗੰਭੀਰ ਹੋ ਗਏ ਸਨ। ਕਾਫ਼ੀ ਦੇਰ ਕਮਰੇ ਵਿੱਚ ਚੁੱਪ ਵਰਤੀ ਰਹੀ।

ਕੁਝ ਮਿੰਟ ਹੋਰ ਗੱਲਾਂ ਕਰ ਕੇ ਅਸੀਂ ਜਾਣ ਦੀ ਇਜਾਜ਼ਤ ਮੰਗੀ। ਸੋਭਾ ਸਿੰਘ ਹੁਰੀਂ ਉੱਠ ਕੇ ਇਕ ਤਸਵੀਰਾਂ ਦਾ ਡੱਬਾ ਚੁੱਕ ਲਿਆਏ ਜੋ ਉਨ੍ਹਾਂ ਨੇ ਸਾਨੂੰ ਭੇਟ ਕੀਤਾ। ਉਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਨ੍ਹਾਂ ਵੱਲੋਂ ਦਸਖ਼ਤ ਕੀਤੀਆਂ ਦੋ ਤਸਵੀਰਾਂ ਸਾਡੇ ਦੋਹਾਂ ਲਈ ਸਨ ਅਤੇ ਤਿੰਨ ਹੋਰ ਉਨ੍ਹਾਂ ਦੇ ਚੰਡੀਗੜ੍ਹ ਰਹਿੰਦੇ ਦੋਸਤਾਂ ਲਈ ਸਨ। ਉਹ ਸਾਡੇ ਨਾਲ ਹੀ ਬਾਹਰ ਨਿਕਲ ਆਏ।

"ਕੁੱਲੂ ਵੱਲ ਵੀ ਗਏ ਹੋ ਕਿ ਨਹੀਂ ?" ਉਨ੍ਹਾਂ ਸਾਨੂੰ ਪੁੱਛਿਆ।

"ਨਹੀਂ ਜੀ, ਹੁਣ ਤਾਂ ਛੁੱਟੀਆਂ ਖ਼ਤਮ ਹੋਣ ਵਾਲੀਆਂ। ਫਿਰ ਕਦੇ ਜਾਵਾਂਗੇ।" ਮੈਂ ਆਖਿਆ।

"ਹਰ ਇਨਸਾਨ ਲਈ ਟਰੈਵਲਿੰਗ ਬਹੁਤ ਜ਼ਰੂਰੀ ਹੈ।"

"ਖ਼ਾਸ ਕਰ ਕੇ ਕਲਾਕਾਰ ਲਈ।" ਮੈਂ ਆਖਿਆ।

"ਹਾਂ। ਕਲਾਕਾਰ ਸਫ਼ਰ ਤੋਂ ਬਹੁਤ ਕੁਝ ਸਿੱਖਦਾ ਹੈ। ਇਕ ਵਾਰੀ ਅੰਮ੍ਰਿਤਾ ਪ੍ਰੀਤਮ ਇੱਥੇ ਕੁਝ ਦਿਨ ਰਹਿ ਕੇ ਗਈ ਅਤੇ ਜਾਂਦੀ ਹੋਈ ਬਾਰਾਂ ਕਹਾਣੀਆਂ ਲਿਖ ਕੇ ਲੈ ਗਈ। ਪਰ ਸਾਡੇ ਲੋਕ ਪਹਿਲਾਂ ਸੂਟ ਤੇ ਪੈਸੇ ਖ਼ਰਚਣਗੇ, ਫਿਰ ਸਿਨਮੇ ਤੇ। ਸਫ਼ਰ ਨੂੰ ਕੋਈ ਨਹੀਂ ਜਾਣਦਾ।"

ਗੱਲਾਂ ਕਰਦੇ ਅਸੀਂ ਘਰ ਤੋਂ ਦੂਰ ਆ ਗਏ ਸਾਂ। ਅਸੀਂ ਸੋਭਾ ਸਿੰਘ ਹੁਰਾਂ ਨੂੰ ਵਾਪਸ ਜਾਣ ਲਈ ਕਿਹਾ ਤਾਂ ਉਹ ਪੁਲ ਵੱਲ ਇਸ਼ਾਰਾ ਕਰਦੇ ਬੋਲੇ, "ਤੁਸੀਂ ਜਿੱਥੋਂ ਮੈਨੂੰ ਲਿਆ ਸੀ ਉੱਥੇ ਹੀ ਛੱਡ ਦੇਣਾ।"

ਤੁਰਦੇ ਤੁਰਦੇ ਉਹ ਸਾਨੂੰ ਅੰਧਰੇਟੇ ਦੀਆਂ ਵਾਦੀਆਂ ਅਤੇ ਪਹਾੜੀਆਂ ਦੀ ਖ਼ੂਬਸੂਰਤੀ ਬਾਰੇ ਪੁੱਛਦੇ ਰਹੇ। ਪੁਲ਼ ਤੇ ਜਾ ਕੇ ਉਹ ਕੰਧ ਤੇ ਬੈਠ ਗਏ ਅਤੇ ਬੋਲੇ, "ਚੰਗਾ ਫਿਰ, ਤੁਹਾਡਾ ਪੈਂਡਾ ਕਿਉਂ ਖੋਟਾ ਕਰੀਏ।" ਅਸੀਂ ਉਨ੍ਹਾਂ ਨਾਲ ਹੱਥ ਮਿਲਾ ਕੇ, ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਵਿਦਾਇਗੀ ਲਈ। ਪਤਾ ਹੀ ਨਹੀਂ ਸੀ ਲੱਗਾ ਕਿ ਪੰਜਾਂ ਘੰਟਿਆਂ ਤੋਂ ਜ਼ਿਆਦਾ ਸਮਾਂ ਇੰਨੀ ਜਲਦੀ ਬੀਤ ਗਿਆ ਸੀ।

---

**ਜੰਗਲ ਵਾਪਸੀ**
**ਲੇਖਕ : ਜੈਕ ਲੰਡਨ**
**ਅਨੁਵਾਦ : ਮਹਿੰਦਰ ਬੇਦੀ, ਜੈਤੋ**
**ਸ਼ਿਲਾਲੇਖ ਦਿੱਲੀ**



# ਨਾਵਲ ਅਤੇ ਸਿਨਮਾ: ਅੰਤਰ-ਸਬੰਧ

**-ਗੁਰਮੁਖ ਸਿੰਘ (ਡਾ.)**

ਪੰਜਾਬੀ ਵਿਚ ਨਾਵਲ ਆਧਾਰਿਤ ਫ਼ਿਲਮਾਂ ਦੀ ਗਿਣਤੀ ਨਿਗੂਣੀ ਹੈ। ਕੁਲ-ਮਿਲਾ ਕੇ ਦੋ ਫ਼ਿਲਮਾਂ ਹੀ ਬਹੁਤੀਆਂ ਗੌਲ਼ਣਯੋਗ ਹਨ; 'ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ'। ਹੁਣ ਵਰਿਆਮ ਸੰਧੂ ਦੀਆਂ ਕਹਾਣੀਆਂ 'ਤੇ ਬਣੀ ਫ਼ਿਲਮ 'ਚੌਥੀ-ਕੂਟ' ਦਾ ਨਾਂ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ। ਇਨ੍ਹਾਂ ਫ਼ਿਲਮਾਂ ਸਮੇਤ ਜੇ ਦੋ ਹਿੰਦੀ ਫ਼ਿਲਮਾਂ 'ਪਿੰਜਰ' ਅਤੇ 'ਟਰੇਨ ਟੂ ਪਾਕਿਸਤਾਨ' ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਗਿਣਤੀ ਪੰਜ ਹੀ ਬਣਦੀ ਹੈ। ਇਹ ਪੰਜ ਪਾਠ ਆਪਣੀ ਸੀਮਤ ਗਿਣਤੀ ਰਾਹੀਂ ਸੁਝਾਉਂਦੇ ਹਨ ਕਿ ਸਾਹਿਤ ਅਤੇ ਸਿਨਮਾ ਦੇ ਅੰਤਰ-ਸਬੰਧਾਂ ਦੀ ਸਮੀਕਰਨ ਬੇਹੱਦ ਕਮਜ਼ੋਰ ਹੈ।

ਪੰਜਾਬੀ ਸਿਨਮਾ ਸੰਨ 2000 ਤੋਂ ਬੇਹੱਦ ਚੰਗੀ ਅਵਸਥਾ ਵਿਚ ਹੈ, ਪਿਛਲੇ 16 ਸਾਲਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਫ਼ਿਲਮਾਂ ਬਣ ਚੁੱਕੀਆਂ ਹਨ। ਇਹ ਗੱਲ ਹੈਰਾਨੀ ਵਾਲੀ ਹੈ ਇਨ੍ਹਾਂ ਪੰਦਰਾਂ ਸਾਲਾਂ ਵਿਚ ਹਾਲੇ ਤੱਕ ਕੇਵਲ ਦੋ ਗੌਲਣਯੋਗ ਫ਼ਿਲਮਾਂ 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ-ਕੂਟ' ਹੀ ਸਾਹਿਤਕ ਪਾਠਾਂ (ਨਾਵਲ/ਕਹਾਣੀ) 'ਤੇ ਆਧਾਰਿਤ ਹਨ। ਇਕ ਹੋਰ ਫ਼ਿਲਮ 'ਭਾਰ' ਦਾ ਜ਼ਿਕਰ ਵੀ ਸੁਣੀਂਦਾ ਹੈ। ਇਹ ਫ਼ਿਲਮ ਮਨਿੰਦਰ ਕਾਂਗ ਦੀ ਇਸੇ ਨਾਂ ਦੀ ਕਹਾਣੀ 'ਤੇ ਆਧਾਰਿਤ ਹੈ। ਪਰ ਇਸ ਫ਼ਿਲਮ ਨੂੰ ਰਿਲੀਜ਼ ਕਰਨ ਦੀ ਪ੍ਰਕਿਰਿਆ ਹਾਲੇ ਸ਼ੁਰੂ ਕੀਤੀ ਜਾਣੀ ਹੈ।

'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ-ਕੂਟ' ਫ਼ਿਲਮਾਂ ਇਸ ਗੱਲ ਦੀਆਂ ਗਵਾਹ ਹਨ ਕਿ ਜਿਸ ਫ਼ਿਲਮ ਦਾ ਆਧਾਰ ਉਚਤਮ ਸਾਹਿਤਕ ਪਾਠ ਹੋਵੇਗਾ, ਉਹ ਫ਼ਿਲਮ ਬਿਰਤਾਂਤ ਅਤੇ ਵਿਚਾਰਧਾਰਾ ਦੇ ਪੱਖ ਤੋਂ ਯਕੀਨਨ ਉਤਮ/ਸਾਰਥਕ ਕਲਾਕ੍ਰਿਤ ਹੋਵੇਗੀ। ਇਨ੍ਹਾਂ ਫ਼ਿਲਮਾਂ ਦੇ ਪ੍ਰਸੰਗ ਵਿੱਚ ਇਕ ਤੱਥ ਇਹ ਵੀ ਹੈ ਕਿ ਇਹ ਫ਼ਿਲਮਾਂ ਕੁਝ ਸੀਮਤ ਦਰਸ਼ਕ ਘੇਰਿਆਂ ਅਤੇ ਫ਼ਿਲਮ ਮੇਲਿਆਂ ਤੱਕ ਹੀ ਸਿਮਟੀਆਂ ਰਹੀਆਂ ਹਨ। ਜਿਹੜਾ ਇਕ ਸੀਮਤ ਦਰਸ਼ਕ ਘੇਰਾ ਇਨ੍ਹਾਂ ਫ਼ਿਲਮ ਨੂੰ ਦੇਖਦਾ ਵੀ ਹੈ, ਉਹ ਵੀ ਇਨ੍ਹਾਂ ਦੀ ਕਲਾਤਮਕ ਸਮਰੱਥਾ ਬਾਬਤ ਇਕ ਮੱਤ ਨਹੀਂ ਹੈ। ਕੁਝ ਇਨ੍ਹਾਂ ਨੂੰ ਬਹੁਤ ਕਮਾਲ ਦੀਆਂ ਫ਼ਿਲਮਾਂ ਮੰਨਦੇ ਹਨ ਤੇ ਕੁਝ ਇਨ੍ਹਾਂ ਨੂੰ ਬਸ ਠੀਕ ਠਾਕ ਫ਼ਿਲਮਾਂ ਕਹਿੰਦੇ ਹਨ। ਇਹ ਠੀਕ ਠਾਕ ਵੀ ਸ਼ਾਇਦ ਉਹ ਇਸ ਕਾਰਨ ਕਹਿ ਦਿੰਦੇ ਹਨ ਕਿ ਇਹ ਗੁਰਦਿਆਲ ਸਿੰਘ ਅਤੇ ਵਰਿਆਮ ਸੰਧੂ ਜਿਹੇ ਸਮਰੱਥ ਕਥਾਕਾਰ ਦੇ ਕਥਾ-ਪਾਠਾਂ 'ਤੇ ਆਧਾਰਿਤ ਹਨ। ਪੰਜਾਬੀ ਬੰਦੇ ਨੇ ਚੰਗੀਆਂ ਫ਼ਿਲਮਾਂ ਨੂੰ ਹੁੰਗਾਰਾ ਭਰਨਾ ਹਾਲੇ ਸਿੱਖਣਾ ਹੈ।

ਇਸ ਤਰ੍ਹਾਂ ਦੀ ਸਥਿਤੀ ਵਿਚ ਇਹ ਪ੍ਰਸ਼ਨ ਪੈਦਾ ਹੋਣਾ ਕੁਦਰਤੀ ਹੈ ਕਿ ਆਖਰ ਕਿਉਂ ਪੰਜਾਬੀ ਦੇ ਕਥਾ ਪਾਠ ਫ਼ਿਲਮ ਦਾ ਆਧਾਰ ਨਹੀਂ ਬਣੇ ਜਾਂ ਬਣ ਰਹੇ। ਏਥੇ ਇਹ ਗੱਲ ਕਰਨੀ ਰੌਚਕ ਹੋਏਗੀ ਕਿ ਪੱਛਮ ਵਿਚ ਜਦੋਂ ਸ਼ੁਰੂ ਸ਼ੁਰੂ ਵਿਚ ਨਾਵਲਾਂ ਨੂੰ ਫ਼ਿਲਮਾਂ ਦਾ ਆਧਾਰ ਬਣਾਇਆ ਜਾਣ ਲੱਗਿਆ ਤਾਂ ਉਸ ਪਿੱਛੇ ਇਕ ਵੱਡਾ ਉਦੇਸ਼ ਸਾਹਿਤ ਦੀ ਪ੍ਰਭੂਸੱਤਾ/ਸਤਿਕਾਰ/ਸਾਰਥਕਤਾ ਨੂੰ ਵਰਤ ਕੇ ਫ਼ਿਲਮ ਨੂੰ ਸਮਾਜਕ/ਅਕਾਦਮਿਕ ਹਲਕਿਆਂ ਵਿਚ ਪ੍ਰਵਾਨ ਕਰਾਉਣਾ ਸੀ। ਪੰਜਾਬੀ ਸਿਨਮਾ ਵਿਚ ਜੇ ਸਾਹਿਤਕ/ਨਾਵਲ ਪਾਠਾਂ ਨੂੰ ਆਧਾਰ ਬਣਾਇਆ ਜਾਂਦਾ ਤਾਂ ਨਿਰਸੰਦੇਹ ਪੰਜਾਬ ਦਾ ਏਲੀਟ ਅਕਾਦਮਿਕ ਵਰਗ ਫ਼ਿਲਮ ਨੂੰ ਮੁਕਾਬਲਤਨ ਵੱਧ ਹਾਂ-ਮੁਖੀ ਹੁੰਗਾਰਾ ਭਰ ਸਕਦਾ ਸੀ। ਪਰ ਪੰਜਾਬੀ ਫ਼ਿਲਮਕਾਰਾਂ ਨੇ ਇਸ ਤਰ੍ਹਾਂ ਨਹੀਂ ਕੀਤਾ, ਇਸ ਦੇ ਦੋ ਹੀ ਅਰਥ ਨਿਕਲਦੇ ਹਨ, ਪਹਿਲਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਪੰਜਾਬ ਦਾ ਏਲੀਟ ਚਿੰਤਨੀ ਵਰਗ,

ਉਨ੍ਹਾਂ ਦੀਆਂ ਫ਼ਿਲਮਾਂ ਬਾਰੇ ਕਿਸ ਤਰ੍ਹਾਂ ਸੋਚਦਾ ਹੈ ਅਤੇ ਕੀ ਕਹਿੰਦਾ ਹੈ। ਉਨ੍ਹਾਂ ਦੀ ਬੇਪਰਵਾਹੀ ਇਸ ਗੱਲ ਨਾਲ ਹੋਰ ਵੀ ਵੱਧ ਜਾਂਦੀ ਹੈ ਕਿ ਜੋ ਮਰਜ਼ੀ ਬਣਾ ਲਓ ਕਿਹੜਾ ਕਿਸੇ ਨੇ ਕੁਝ ਕਹਿਣਾ/ਲਿਖਣਾ ਹੈ। ਜਿਹੜੇ ਕੁਝ ਕੁ ਰਿਵਿਊ ਹੁੰਦੇ ਵੀ ਹਨ, ਉਹ ਪ੍ਰਸ਼ੰਸਾ ਤੱਕ ਸਿਮਟੇ ਹੁੰਦੇ ਹਨ।

ਕਿਸੇ ਵੀ ਕਲਾਕ੍ਰਿਤ ਨੂੰ ਸਿਰਜਣ, ਸੰਵਾਰਨ ਵਿਚ ਆਲੋਚਕ/ਵਿਸ਼ਲੇਸ਼ਕ ਦਾ ਯੋਗਦਾਨ ਹੁੰਦਾ ਹੈ। ਫ਼ਿਲਮ ਸਮੀਖਿਆ ਦੇ ਮਾਮਲੇ ਵਿਚ ਪੰਜਾਬੀ ਚਿੰਤਕ ਦੀ ਦਖਲ-ਅੰਦਾਜ਼ੀ ਅਸਲੋਂ ਨਦਾਰਦ ਹੈ। ਫ਼ਿਲਮ ਦੇ ਮੁਲਾਂਕਣ ਨਾਲੇ ਜੁੜੇ ਪ੍ਰਸ਼ਨਾਂ ਦੀ ਅਣਹੋਂਦ ਫ਼ਿਲਮ ਦੀ ਸਮੁੱਚੀ ਪ੍ਰਕਿਰਿਆ ਨੂੰ ਵਪਾਰਕ ਖਾਸੇ ਤੱਕ ਸੀਮਤ ਕਰਨ ਵਿਚ ਭੂਮਿਕਾ ਅਦਾ ਕਰਦੀ ਹੈ। ਇਸ ਨਾਲ ਸਾਰਾ ਕੁਝ ਲਾਭ ਕੇਂਦਰਤ ਹੋ ਜਾਂਦਾ ਹੈ। ਜੇ ਲਾਭ ਹੁੰਦਾ ਹੈ ਤਾਂ ਫ਼ਿਲਮਕਾਰਾਂ ਲਈ ਕੋਈ ਹੋਰ ਗੱਲ ਮਹੱਤਵਪੂਰਨ ਨਹੀਂ ਰਹਿੰਦੀ। ਇਸ ਤਰ੍ਹਾਂ ਦੀ ਸਥਿਤੀ ਵਿਚ ਗੰਭੀਰ ਤੇ ਸਾਰਥਕ ਸਿਨਮਾ ਨੂੰ ਸਿਰਜਣ ਦਾ 'ਖਤਰਾ' ਮੁੱਲ ਲੈਣ ਲਈ ਕੋਈ ਤਿਆਰ ਨਹੀਂ ਹੁੰਦਾ।

ਪੰਜਾਬੀ ਫ਼ਿਲਮਕਾਰਾਂ ਨੇ ਨਾਵਲ ਨੂੰ ਫ਼ਿਲਮਕਾਰੀ ਦਾ ਆਧਾਰ ਨਹੀਂ ਬਣਾਇਆ, ਇਸ ਹਿੱਤ ਅਹਿਮ ਪ੍ਰਸ਼ਨ ਇਹ ਹੈ ਕਿ ਕੀ ਪੰਜਾਬੀ ਨਾਵਲ, ਇਸ ਯੋਗ ਨਹੀਂ ਹਨ ਕਿ ਉਨ੍ਹਾਂ 'ਤੇ ਕੋਈ ਫ਼ਿਲਮ ਬਣ ਸਕੇ ? ਇਸ ਪਰਿਪੇਖ ਵਿਚ ਮੁੱਦਾ ਇਹ ਵੀ ਹੈ ਕਿ ਕਿਹੜਾ ਨਾਵਲ, ਫ਼ਿਲਮ ਦਾ ਆਧਾਰ ਬਣਨ ਦੇ ਯੋਗ ਹੈ ਅਤੇ ਕਿਹੜੀ ਨਹੀਂ ? ਦੂਸਰੇ ਸ਼ਬਦਾਂ ਵਿਚ ਇਸ ਯੋਗਤਾ ਦਾ ਅਰਥ ਕੀ ਬਣਦਾ ਹੈ ? ਜੇ ਕਿਸੇ ਨਾਵਲ 'ਤੇ ਫ਼ਿਲਮ ਬਣਨੀ ਹੈ ਤਾਂ ਕੀ ਉਸ ਵਿਚ ਫ਼ਿਲਮ ਦੇ ਲੋੜੀਂਦੇ ਤੱਤ/ਲੱਛਣ ਹੋਣੇ ਚਾਹੀਦੇ ਹਨ ਜਾਂ ਜੇ ਕਿਸੇ ਨਾਵਲ 'ਤੇ ਫ਼ਿਲਮ ਬਣਾਉਣੀ ਹੈ ਤਾਂ ਫ਼ਿਲਮ ਦੇ ਮਾਪਦੰਡਾਂ ਨੂੰ ਨਾਵਲ ਦੀ ਵਿਧਾ ਦੇ ਅਨੁਰੂਪ ਨਵਿਆਉਣਾ ਜਾਂ ਤਬਦੀਲ ਕਰਨਾ ਲਾਜ਼ਮੀ ਹੈ ? ਨਾਵਲ ਅਤੇ ਫ਼ਿਲਮ ਦੀ ਵਿਧਾਗਤ ਵੱਖਰਤਾ ਅਤੇ ਫ਼ਿਲਮ ਦੀ ਲੋਕਾਈ ਵਿਚ ਪ੍ਰਵਾਨ ਚੜ੍ਹਨ ਦੀ ਕਾਹਲ ਇਸ ਪ੍ਰਸ਼ਨ ਨੂੰ ਹੋਰ ਗਹਿਰਾ ਕਰ ਦਿੰਦੀ ਹੈ। ਫ਼ਿਲਮ ਅਤੇ ਨਾਵਲ, ਬਿਰਤਾਂਤ ਦੀ ਸਾਂਝੀ ਤੰਦ ਕਾਰਨ ਬੇਸ਼ੱਕ ਅੰਤਰ-ਸਬੰਧਿਤ ਹਨ, ਪਰ ਇਸ ਸਾਂਝੀ ਤੰਦ ਦੇ ਸਮਾਨਾਂਤਰ ਬਹੁਤ ਕੁਝ ਅਜਿਹਾ ਹੈ, ਜਿਹੜਾ ਦੋਵਾਂ ਵਿਚਲੀ ਸਾਂਝ ਦੀ ਬਜਾਇ ਵੱਖਰਤਾ ਨੂੰ ਉਭਾਰਦਾ ਹੈ। ਇਹ ਦੋਵੇਂ ਰੂਪ, ਵਿਧਾ ਦੇ ਪੱਖੋਂ ਹੀ ਵੱਖਰੇ ਨਹੀਂ, ਸਗੋਂ ਇਨ੍ਹਾਂ ਦੀ ਸਮਾਜਿਕ ਦਰਜੇਬੰਦੀ ਵੀ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖਰਿਆਉਂਦੀ ਹੈ। ਬੇਸ਼ੱਕ ਇਹ ਦਰਜੇਬੰਦੀ ਇਨ੍ਹਾਂ ਦੇ ਵਸਤੂ, ਰੂਪ ਅਤੇ ਪ੍ਰਕਾਰਜ ਨਾਲ ਜੁੜ ਕੇ ਹੀ ਸਾਕਾਰ ਹੁੰਦੀ ਹੈ।

ਨਾਵਲ ਅਤੇ ਫ਼ਿਲਮ ਦੇ ਅੰਤਰ-ਸਬੰਧਾਂ ਦਾ ਪ੍ਰਸੰਗ ਪਾਪੂਲਰ ਬਨਾਮ ਕਲਾਸਿਕ, ਵਪਾਰ ਬਨਾਮ ਕਲਾ, ਉਚੇਰਾ ਬਨਾਮ ਨੀਵਾਂ ਸਭਿਆਚਾਰ ਦੇ ਪ੍ਰਸੰਗਾਂ ਵਿਚ ਵਿਭਾਜਿਤ ਹੈ। ਪ੍ਰਚਲਿਤ ਪੰਜਾਬੀ ਪ੍ਰਵਚਨਕਾਰੀ ਜਿਥੇ ਨਾਵਲ ਨੂੰ ਉਤਮ ਅਤੇ ਸਾਰ-ਗਰਭਿਤ ਮੰਨਦੀ ਹੈ, ਉਥੇ ਇਹ ਫ਼ਿਲਮ ਨੂੰ ਸਾਧਾਰਨ ਚਿਤ-ਬਿਰਤੀਆਂ ਨੂੰ ਸੰਤੁਸ਼ਟ ਕਰਨ ਵਾਲੀ ਕਲਾਕ੍ਰਿਤ ਸਥਾਪਿਤ ਕਰਦੀ ਹੈ। ਇਹ ਧਾਰਨਾ ਇਸ ਤਰਕ ਉਪਰ ਉਸਾਰੀ ਗਈ ਕਿ ਸਾਹਿਤ ਕਦੇ ਵੀ ਮਹਿਜ ਸੁਆਦ ਹਿੱਤ ਸਿਰਜਿਆ ਨਹੀਂ ਜਾਂਦਾ।1 ਇਸ ਧਾਰਨਾ ਦੇ ਸਮਾਨਾਂਤਰ ਇਹ ਵੀ ਸੱਚ ਹੈ ਕਿ ਨਾਵਲ ਵਰਗਾ ਏਲੀਟ ਅਤੇ ਮੱਧ-ਵਰਗੀ ਕਲਾ-ਰੂਪ ਫ਼ਿਲਮ ਦੇ ਕਾਰਨ ਸਾਧਾਰਨ ਜਨ-ਮਾਨਸ ਤੱਕ ਰਸਾਈ ਕਰ ਸਕਿਆ ਹੈ। ਇਸ ਤਰ੍ਹਾਂ ਹੋਣ ਦਾ ਫ਼ਾਇਦਾ ਦੋਵਾਂ ਨੂੰ ਹੋਇਆ ਹੈ। ਜਿੱਥੇ ਫ਼ਿਲਮ ਰਾਹੀਂ ਨਾਵਲ ਆਮ-ਲੋਕਾਂ ਦੇ ਚੇਤਿਆਂ ਦਾ ਹਿੱਸਾ ਬਣਿਆ ਹੈ, ਉਥੇ ਨਾਵਲ ਵਰਗੇ ਉਚ-ਦਰਜਾ



ਪ੍ਰਾਪਤ ਰੂਪ ਕਾਰਨ ਫ਼ਿਲਮ ਦਾ ਰੁਤਬਾ ਉਚਾ ਹੋਇਆ ਹੈ।2

ਨਾਵਲ ਅਤੇ ਫ਼ਿਲਮ ਦੇ ਅੰਤਰ-ਸਬੰਧਾਂ ਬਾਬਤ ਭਾਰੂ ਵਿਚਾਰ ਇਹ ਹੀ ਬਣਿਆ ਰਿਹਾ ਹੈ ਫ਼ਿਲਮ ਨਾਵਲ ਨਾਲ, ਉਸ ਦੇ ਰੂਪਾਂਤਰਣ ਦੇ ਮੌਕੇ ਪੂਰਾ ਇਨਸਾਫ਼ ਨਹੀਂ ਕਰਦੀ। ਐਂਡਰੇ ਬਾਜ਼ੀਨ ਦਾ ਇਕ ਕਥਨ ਇਸ ਪ੍ਰਸੰਗ ਵਿਚ ਦੇਣਾ ਵਾਜਿਬ ਹੈ। ਇਹ ਕਥਨ ਬਾਜ਼ੀਨ ਦੇ ਇਕ ਪ੍ਰਸਿੱਖ ਲੇਖ Adaptation or the Cinema as Digest ਵਿੱਚੋਂ ਲਿਆ ਗਿਆ ਹੈ:

It goes without saying that such a reading would fail an English literature exam, with many an English and history teacher in agreement with G. K. Chesterton who, in 1936, points to the dangers of "historical falsehood being popularized through film": "A false film might be refuted in a hundred books, without much affecting the million dupes who had never read the books but only seen the film."3

ਫ਼ਿਲਮ ਰੂਪਾਂਤਰਣ ਦੇ ਅਧਿਐਨ ਦਾ ਸਭ ਤੋਂ ਪ੍ਰਚਲਿਤ ਅਤੇ ਪ੍ਰਭਾਵੀ ਮਾਪਦੰਡ ਫ਼ਿਲਮ ਦੀ ਨਾਵਲ ਪ੍ਰਤਿ ਇਮਾਨਦਾਰੀ, ਵਫ਼ਾਦਾਰੀ ਦਾ ਬਣਦਾ ਹੈ। ਇਹ ਮਾਪਦੰਡ ਇੱਕ ਤੁਲਨਾਤਮਕ ਸੰਦਰਭ ਨੂੰ ਜਨਮ ਦਿੰਦਾ ਹੈ। ਇਸ ਸੰਦਰਭ ਅਧੀਨ ਇਸ ਤਰ੍ਹਾਂ ਦੀਆਂ ਚੀਜ਼ਾਂ ਦੀ ਤਲਾਸ਼ ਕੀਤੀ ਜਾਂਦੀ ਹੈ ਕਿ ਮੂਲ ਕਹਾਣੀ ਨੂੰ ਕੀ ਜਿਉਂ ਦੀ ਤਿਉਂ ਰੱਖਿਆ ਗਿਆ ਹੈ ਜਾਂ ਉਸ ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ, ਜੋ ਕੁਝ ਬਦਲਿਆ ਗਿਆ ਹੈ, ਉਹ ਕਿਸ ਵਿਚਾਰਧਾਰਕ ਪ੍ਰਕਾਰਜ ਨੂੰ ਪੂਰਦਾ ਹੈ, ਪਾਤਰਾਂ ਨੂੰ ਕਿਸ ਤਰ੍ਹਾਂ ਪਰਦੇ 'ਤੇ ਉਤਾਰਿਆ ਗਿਆ ਹੈ, ਪਾਤਰਾਂ ਦੀ ਦਿੱਖ ਅਤੇ ਉਨ੍ਹਾਂ ਦੀ ਹੋਂਦ ਵਿਚ ਕਿਸ ਤਰ੍ਹਾਂ ਦੇ ਰੂਪਾਂਤਰਣ ਕੀਤੇ ਗਏ ਹਨ, ਪਲਾਟ ਨੂੰ ਕੀ ਉਸੇ ਤਰ੍ਹਾਂ ਰੱਖਿਆ ਗਿਆ ਜਿਸ ਤਰ੍ਹਾਂ ਕਿ ਨਾਵਲ ਵਿਚ ਹੈ ਜਾਂ ਕਿ ਉਸ ਵਿਚ ਤਬਦੀਲੀ ਕੀਤੀ ਗਈ ਹੈ, ਕੀ ਬਿਰਤਾਂਤ ਦੀਆਂ ਕੋਈ ਨਵੀਆਂ ਜੁਗਤਾਂ ਵਰਤੀਆਂ ਗਈਆਂ ਹਨ ਅਤੇ ਨਾਵਲ ਦੀ ਭਾਸ਼ਾ ਅਤੇ ਫ਼ਿਲਮ ਦੀ ਭਾਸ਼ਾ ਵਿਚ ਕੀ ਵਖਰੇਵੇਂ ਹਨ ?

ਨਾਵਲ ਤੋਂ ਫ਼ਿਲਮ ਤੱਕ ਦੇ ਰੂਪਾਂਤਰਣ ਨੂੰ ਸਮਝਣ ਦੀ ਪ੍ਰਕਿਰਿਆ ਵਿਚ ਨਾਵਲ ਪਹਿਲੇ ਸਥਾਨ ਦਾ ਧਾਰਨੀ ਬਣਦਾ ਹੈ ਅਤੇ ਫ਼ਿਲਮ ਦੂਜੇ ਸਥਾਨ ਤੇ ਚਲੀ ਜਾਂਦੀ ਹੈ। ਇਸ ਤਰ੍ਹਾਂ ਹੋਣ ਵਿੱਚੋਂ ਹੀ ਇਹ ਸੁਆਲ ਜਨਮ ਲੈਂਦੀ ਹੈ ਕਿ ਫ਼ਿਲਮ ਪਾਠ ਜਿਸ ਨਾਵਲ 'ਤੇ ਆਧਾਰਿਤ ਹੈ, ਉਸ ਪ੍ਰਤਿ ਉਹ ਕਿੰਨਾ ਕੁ ਨਿਸ਼ਠਾਵਾਨ ਰਿਹਾ ਹੈ ? ਕੀ ਉਸ ਨੇ ਨਾਵਲ ਦੇ ਮੂਲ ਪਾਠ ਪ੍ਰਤਿ ਸਤਿਕਾਰ ਦਾ ਨਜ਼ਰੀਆ ਰੱਖਿਆ ਹੈ, ਜਾਂ ਨਾਵਲ ਨੂੰ ਬਸ ਇਕ ਸੰਦ ਦੇ ਰੂਪ ਵਿਚ ਵਰਤਿਆ ਹੈ ? ਨਾਵਲ ਦਾ ਪ੍ਰਭਾਵੀਪਣ ਲਿਖਤ ਸ਼ਬਦ ਦੀ ਚਿਰਕਾਲੀ, ਪਰੰਪਰਾਗਤ ਪ੍ਰਭੂਸੱਤਾ 'ਚੋਂ ਉਪਜਦਾ ਹੈ। ਇਸ ਦੇ ਕਾਰਨ ਫ਼ਿਲਮ ਨੂੰ ਕੋਈ ਬਹੁਤ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਨਹੀਂ ਗਿਆ ਹੈ। ਅਜਿਹਾ ਕੇਵਲ ਪੰਜਾਬੀ ਅਕਾਦਮਿਕਤਾ ਵਿਚ ਹੀ ਨਹੀਂ ਵਾਪਰਿਆ, ਸਗੋਂ ਥੋੜ੍ਹੇ ਬਹੁਤੇ ਫ਼ਰਕ ਨਾਲ ਦੁਨੀਆਂ ਦੇ ਵਿਭਿੰਨ ਖਿੱਤਿਆਂ ਦੀ ਅਕਾਦਮਿਕਤਾ ਵਿਚ ਪਹਿਲਾਂ ਹੀ ਵਾਪਰ ਚੁੱਕਿਆ ਹੈ। ਨਾਵਲ ਤੋਂ ਫ਼ਿਲਮ ਦੀ ਪ੍ਰਕਿਰਿਆ ਨੂੰ ਅਧਿਐਨ ਕਰਨ ਵਾਲੇ ਬਹੁਤੇ ਚਿੰਤਕ ਸਾਹਿਤਕ ਖੇਤਰ ਨਾਲ ਸਬੰਧਿਤ ਰਹੇ ਹਨ। ਉਨ੍ਹਾਂ ਦੀ ਟਰੇਨਿੰਗ ਅਤੇ ਸਮਝਦਾਰੀ ਨੇ ਉਨ੍ਹਾਂ ਨੂੰ ਇਹੀ ਸਿਖਾਇਆ ਸੀ ਕਿ ਫ਼ਿਲਮ ਦੀ ਤੁਲਨਾ ਵਿਚ ਨਾਵਲ ਇਕ ਬੇਹਤਰੀਨ ਅਤੇ ਉਤਮ ਪਾਠ ਹੁੰਦਾ ਹੈ।

ਬਲੂਸਟੋਨ ਨਾਵਲ ਦੀ ਚੌਧਰ ਨੂੰ ਨਾਵਲ ਅਤੇ ਫ਼ਿਲਮ ਵਿਚਲੀ ਵੱਖਰਤਾ ਦੇ ਹਵਾਲੇ ਸਥਾਪਿਤ ਕਰਦਾ ਹੈ। ਉਸ ਅਨੁਸਾਰ ਫ਼ਿਲਮ ਅਤੇ ਸਾਹਿਤ ਦੋ ਵੱਖਰੇ ਮੀਡੀਆ ਹੀ ਨਹੀਂ ਸਗੋਂ ਦੋ

ਵੱਖਰੀਆਂ ਸੰਸਥਾਵਾਂ ਹਨ। ਉਹ 1957 ਵਿਚ ਛਪੀ ਆਪਣੀ ਪੁਸਤਕ 'Novels into Film: The Metamorphosis of Fiction into Cinema' ਦੇ ਪੰਨਾ 63 'ਤੇ ਲਿਖਦਾ ਹੈ, "the great innovators of the twentieth century, in film and novel both, have had ... little to do with each other, have gone their ways alone, always keeping a firm but respectful distance."

ਬਲੂਸਟੋਨ ਇਸੇ ਕਿਤਾਬ ਦੇ ਪੰਨਾ 57 'ਤੇ , ਵੱਖਰਤਾ ਦੇ ਸੰਦਰਭ ਵਿਚ ਇੱਥੋਂ ਤੱਕ ਲਿਖ ਦਿੰਦਾ ਹੈ ਕਿ "adaptation is, in the last instance, an impossibility." ਬਲੂਸਟੋਨ ਦਾ ਇਹ ਕਥਨ ਭਾਵੇਂ ਇਕ ਅਤਿਕਥਨੀ ਹੀ ਮੰਨਿਆ ਜਾ ਸਕਦਾ ਹੈ, ਪਰ ਇਸ ਦੇ ਰਾਹੀਂ ਸਾਹਿਤ/ਨਾਵਲ ਅਤੇ ਫ਼ਿਲਮ ਦੀ ਵੱਖਰਤਾ ਦਾ ਪ੍ਰਵਚਨ ਹੋਰ ਪੱਕਾ ਹੋ ਜਾਂਦਾ ਹੈ। ਏਥੇ ਇਸ ਵੱਖਰਤਾ ਨੂੰ ਪੁਨਰ-ਸਥਾਪਿਤ ਕਰਨ ਦਾ ਉਦੇਸ਼ ਇਹ ਕਹਿਣ/ਸਿੱਧ ਕਰਨ ਨਾਲ ਜੁੜਿਆ ਹੋਇਆ ਹੈ ਕਿ ਨਾਵਲ ਤੋਂ ਫ਼ਿਲਮ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਇਨ੍ਹਾਂ ਵਿਚਲੀ ਵੱਖਰਤਾ ਦੇ ਸੰਦਰਭ ਤੋਂ ਬਿਨ੍ਹਾਂ ਸਮਝਿਆ ਨਹੀਂ ਜਾ ਸਕਦਾ।

ਏਥੇ ਇਹ ਧਿਆਨਯੋਗ ਹੈ ਕਿ ਵੱਖਰਤਾ ਕੇਵਲ ਵਿਧਾ ਕਾਰਨ ਹੀ ਨਹੀਂ ਸਗੋਂ ਰੂਪਾਂਤਰਣ ਦੀ ਪ੍ਰਕਿਰਿਆ ਕਾਰਨ ਵੀ ਹੈ। ਰੂਪਾਂਤਰਣ ਦੀ ਪ੍ਰਕਿਰਿਆ ਨਾਵਲ ਅਤੇ ਫ਼ਿਲਮ ਵਿਚਲੀ ਵੱਖਰਤਾ ਨੂੰ ਚਿੰਨ੍ਹਤ ਕਰਦੀ ਹੈ। ਜੇ ਦੋਵੇਂ ਵਿਧਾਵਾਂ ਵਿਚ ਕੋਈ ਵੱਖਰਤਾ ਨਾ ਹੁੰਦੀ ਤਾਂ ਰੂਪਾਂਤਰਣ ਦੀ ਕੋਈ ਲੋੜ ਹੀ ਨਹੀਂ ਸੀ। ਕਿਉਂਕਿ ਦੋਵੇਂ ਵਿਧਾਵਾਂ ਵੱਖ/ਸੁਤੰਤਰ ਹਸਤੀਆਂ ਰੱਖਦੀਆਂ ਹਨ, ਇਸ ਕਾਰਨ ਜਦੋਂ ਪਹਿਲੀ ਵਿਧਾ ਦੂਜੀ ਵਿਧਾ ਦੇ ਸਾਂਚੇ ਵਿਚ ਢਲਣ ਵੱਲ ਤੁਰਦੀ ਹੈ ਤਾਂ ਪਹਿਲੀ ਨੂੰ ਦੂਜੇ ਦੇ ਹਾਣ ਦਾ ਬਣਾਉਣ ਲਈ ਤਬਦੀਲੀ ਲਾਜ਼ਮੀ ਹੋ ਜਾਂਦੀ ਹੈ। ਰੂਪਾਂਤਰਣ ਦੀ ਪ੍ਰਕਿਰਿਆ ਦਾ ਪ੍ਰਸ਼ਨ ਇਕ ਵਿਧਾ ਦੀ ਦੂਜੀ ਵਿਧਾ ਪ੍ਰਤਿ ਇਮਾਨਦਾਰੀ/ਵਫ਼ਾ ਨੂੰ ਪਰਖਣ/ਤਲਾਸ਼ਣ ਦਾ ਨਹੀਂ ਸਗੋਂ ਇਹ ਦੇਖਣ ਦਾ ਹੈ ਕਿ ਕਿਵੇਂ ਇਕ ਵਿਧਾ ਆਪਣਾ ਰੂਪ ਵਟਾਉਂਦੀ ਦੂਜੀ ਵਿਧਾ ਵਿਚ ਢਲਦੀ ਹੈ ? ਕਿਵੇਂ ਇਕ ਵਿਧਾ ਦੂਜੀ ਵਿਚ ਦਖ਼ਲ-ਅੰਦਾਜ਼ ਹੁੰਦੀ ਹੈ ? ਕਿਵੇਂ ਦੋ ਵਿਧਾਵਾਂ ਦਾ ਸੰਗਮ ਹੁੰਦਾ ਹੈ ?

ਰੂਪਾਂਤਰਣ ਦੀ ਪ੍ਰਕਿਰਿਆ, ਤੁਲਨਾ ਦਾ ਮਸਲਾ ਨਹੀਂ ਸਗੋਂ ਅੰਤਰ-ਅਨੁਸ਼ਾਸਨੀ ਸਾਂਝ/ਪ੍ਰਕਿਰਿਆ ਦਾ ਮਸਲਾ ਹੈ। ਨਾਵਲ ਤੋਂ ਫ਼ਿਲਮ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਦੌਰਾਨ ਤਬਦੀਲੀ ਨਾਵਲ ਪਾਠ ਵਿਚ ਹੀ ਨਹੀਂ ਹੁੰਦੀ, ਫ਼ਿਲਮ ਪਾਠ ਵੀ ਇਸ ਦੌਰਾਨ ਨਵਿਆਇਆ ਜਾਂਦਾ ਹੈ।4 ਇਸ ਤਰ੍ਹਾਂ ਹੋਣ ਦੀ ਸਪਸ਼ਟ ਮਿਸਾਲ 'ਅੰਨ੍ਹੇ ਘੋੜੇ ਦਾ ਦਾਨ' ਫ਼ਿਲਮ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਗੁਰਦਿਆਲ ਸਿੰਘ ਦੇ ਨਾਵਲ ਨੂੰ ਕਥਾ ਦਾ ਆਧਾਰ ਬਣਾਉਣ ਦੀ ਪ੍ਰਕਿਰਿਆ ਵਿਚ ਫ਼ਿਲਮ ਦੀ ਸਥਾਪਿਤ ਪਾਪੂਲਰ ਵਿਧਾ ਰੂਪਾਂਤਰਿਤ ਹੋ ਕੇ ਅਸਲੋਂ ਨਵੇਂ ਰੂਪ ਵਿਚ ਨਜ਼ਰ ਆਉਂਦੀ ਹੈ। ਇਸ ਫ਼ਿਲਮ ਦੇ ਪਾਪੂਲਰ ਨਾ ਹੋਣ ਪਿੱਛੇ ਇਹ ਵੀ ਇਕ ਕਾਰਨ ਹੈ ਕਿ ਇਹ ਫ਼ਿਲਮ ਪਾਪੂਲਰ ਫ਼ਿਲਮ ਦੀਆਂ ਸਥਾਪਿਤ ਜੁਗਤਾਂ ਨੂੰ ਕਥਾ ਕਹਿਣ ਦਾ ਮਾਧਿਅਮ ਨਹੀਂ ਬਣਾਉਂਦੀ ਹੈ।

ਨਾਵਲ ਤੋਂ ਫ਼ਿਲਮ ਵਿਚ ਰੂਪਾਂਤਰਣ ਦੇ ਅਧਿਐਨ ਦਾ ਸਮੱਸਿਆਕਾਰ ਇਸ ਪ੍ਰਸ਼ਨ ਨਾਲ ਵੀ ਜੁੜਿਆ ਹੋਇਆ ਹੈ ਕਿ ਅਧਿਐਨ ਦੀ ਵਸਤੂ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਬਣਾਉਣਾ ਹੈ ਜਾਂ ਫ਼ਿਰ ਅੰਤਿਮ-ਰੂਪ ਵਿਚ ਪ੍ਰਾਪਤ ਫ਼ਿਲਮ-ਪਾਠ ਨੂੰ। ਫ਼ਿਲਮ-ਪਾਠ ਬੇਸ਼ੱਕ ਰੂਪਾਂਤਰ ਵਿੱਚੋਂ ਗੁਜ਼ਰਿਆ ਹੈ, ਪਰ ਉਸ ਦੀ ਹੋਂਦ ਆਪਣੀ ਹੋਂਦ ਤੋਂ ਬਾਹਰਲੇ ਕਿਸੇ ਤੱਤ ਜਾਂ ਕਾਰਕ ਦੀ ਤਾਬੇਦਾਰ ਨਹੀਂ ਹੈ। ਕਿਸੇ ਨਾਵਲ 'ਤੇ ਜਦੋਂ ਫ਼ਿਲਮ ਬਣ ਜਾਂਦੀ ਹੈ ਤਾਂ ਉਸ ਫ਼ਿਲਮ ਨੂੰ ਮਾਨਣ/ਜਾਨਣ ਹਿੱਤ ਨਾਵਲ ਪਾਠ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਹੈ। ਨਾਵਲ ਅਤੇ ਫ਼ਿਲਮ ਦੇ ਆਪਸੀ



ਸਬੰਧਾਂ ਦਾ ਭਾਵ ਇਹ ਨਹੀਂ ਕਿ ਦੋਵੇਂ ਇਕ ਦੂਜੇ ਦੇ ਗ਼ੁਲਾਮ ਹਨ। ਦੋਵੇਂ ਆਜ਼ਾਦ ਖ਼ੁਦਮੁਖਤਿਆਰ ਰੂਪ ਹਨ। ਦੋਵਾਂ ਨੂੰ ਇਕ ਦੂਜੇ ਦੇ ਸੰਦਰਭ ਵਿਚ ਰੱਖ ਕੇ ਸਮਝਣ ਦਾ ਅਰਥ, ਇਕ ਅਜਿਹੇ ਤੁਲਨਾਤਮਕ ਪਰਿਪੇਖ ਨੂੰ ਸਿਰਜਣ ਨਾਲ ਜੁੜਿਆ ਹੋਇਆ ਹੈ, ਜਿਸ ਦੀ ਪਿੱਠਭੂਮੀ ਵਿਚ ਦੋਵੇਂ ਵਿਧਾਵਾਂ ਦੀਆਂ ਵਿਧਾਗਤ ਵਿਲੱਖਣਤਾਵਾਂ ਅਤੇ ਸਾਂਝਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਪਰਿਪੇਖ ਰਾਹੀਂ ਉਸ ਅੰਤਰ-ਅਨੁਸ਼ਾਸਨੀ ਹੋਂਦ ਦਾ ਵੀ ਪਤਾ ਲਾਇਆ ਜਾ ਸਕਦਾ ਹੈ, ਜਿਹੜੀ ਦੋ ਵੱਖਰੀਆਂ ਵਿਧਾਵਾਂ ਦੇ ਵਿਚ-ਵਿਚਕਾਰ ਹੋਂਦਸ਼ੀਲ ਹੁੰਦੀ ਹੈ। ਤੁਲਨਾਵੀ ਪਰਿਪੇਖ ਉਦੇਸ਼ ਨਹੀਂ ਸਗੋਂ ਪਿੱਠ ਭੂਮੀ ਹੈ, ਬਹਾਨਾ ਹੈ, ਜਿਸ ਦੇ ਰਾਹੀਂ ਫ਼ਿਲਮ ਅਤੇ ਨਾਵਲ, ਦੋਵਾਂ ਵਿਧਾਵਾਂ ਨੂੰ ਸਮਝਣ ਦੀ ਪ੍ਰਕਿਰਿਆ ਸਾਕਾਰ ਹੁੰਦੀ ਹੈ।

## ਹਵਾਲੇ

1. An assumption that art cannot be aimed at the masses and that art cannot be mass produced. In other words, art cannot be democratic.

2. "The film in recent years has become more and more insistent on its claim to serious recognition, a legitimacy the early film industry, considered to be a low-brow, popular form of entertainment, had originally sought through adaptation, that is, by turning to 'presold product', the older and more 'respectable' art of (canonical) literature, with a view to enlarging its audience beyond the working class by appealing to middle class." Quoted in Mireia Aragay (ed.), "introduction", *Books in Motion: Adaptation, Intertextuality, Authorship,* Rodopi, New York, 2005, P-12.

3. http://filmadaptation.qwriting.qc.cuny.edu/files/2012/08/Bazin-Adaptation-or-CInema-as-Digest.pdf Retreived on 10 March, 2016.

4. Kamilla Elliott's recent Rethinking the Novel/Film Debate argues persuasively for a looking glass analogy for adaptation, 'a reciprocally transformative model of adaptation, in which the film ... metamorphoses the novel and is, in turn, metamorphosed by it. Adaptation under such a model ... is mutual and reciprocal inverse transformation' Mireia Aragay (ed.), "introduction", *Books in Motion: Adaptation, Intertextuality, Authorship,* Rodopi, New York, 2005, P-30.

# ਇੱਕੀਵੀਂ ਸਦੀ ਵਿਚ ਪੰਜਾਬੀਅਤ ਦੇ ਸਨਮੁਖ ਚੁਣੌਤੀਆਂ ਦੇ ਸੰਭਾਵੀ ਹੱਲ

**-ਡਾ. ਰਵੀ ਰਵਿੰਦਰ**

ਇੱਕੀਵੀਂ ਸਦੀ ਵਿਚ ਪੰਜਾਬੀਅਤ ਨੂੰ ਦਰਪੇਸ਼ ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲ ਦੀ ਗੱਲ ਇਕ ਲੋਕ ਕਥਾ ਦੇ ਹਵਾਲੇ ਨਾਲ ਵਧੇਰੇ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ। ਕਥਾ ਦਾ ਸੰਬੰਧ ਮਹਾਤਮਾ ਬੁੱਧ ਨਾਲ ਹੈ। ਇਕ ਵਾਰ ਮਹਾਤਮਾ ਬੁੱਧ ਨੂੰ ਉਹਨਾਂ ਦਾ ਚੇਲਾ ਆਨੰਦ ਪੁੱਛਣ ਲੱਗਾ ਕਿ ਹੇ ਤਥਾਗਤ! ਕੀ ਨਿਰਵਾਣ ਦੀ ਪ੍ਰਾਪਤੀ ਕੋਈ ਵੀ ਕਰ ਸਕਦਾ ਹੈ? ਮਹਾਤਮਾ ਬੁੱਧ ਨੇ ਕਿਹਾ, ਹਾਂ ਭਾਈ ਸਾਰੇ ਕਰ ਸਕਦੇ ਹਨ। ਉਸ ਵੇਲੇ ਉਸ ਨੇ ਸਵਾਲ ਕੀਤਾ ਕਿ ਜੇ ਸਾਰੇ ਕਰ ਸਕਦੇ ਨੇ ਤਾਂ ਸਾਰਿਆਂ ਨੂੰ ਹੁੰਦਾ ਕਿਉਂ ਨਹੀਂ? ਮਹਾਤਮਾ ਕਹਿਣ ਲੱਗੇ, ਤੂੰ ਇਸ ਤਰ੍ਹਾਂ ਕਰ ਕਿ ਕੱਲ੍ਹ ਪਿੰਡ ਜਾਵੀਂ ਅਤੇ ਪੁੱਛ ਕੇ ਆਵੀਂ ਕਿਹੜਾ-ਕਿਹੜਾ ਬੰਦਾ ਮੁਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ। ਆਨੰਦ ਅਗਲੇ ਦਿਨ ਪਿੰਡ ਜਾਂਦਾ ਹੈ, ਪਿੰਡ ਦੇ ਬਾਹਰ ਹੀ ਇਕ ਗੱਭਰੂ ਮਿਲਦਾ ਹੈ, ਆਨੰਦ ਪੁੱਛਦਾ ਹੈ ਕਿ ਤੂੰ ਨਿਰਵਾਣ ਪ੍ਰਾਪਤ ਕਰਨਾ ਚਾਹੁੰਦਾ ਹੈਂ? ਉਹ ਕਹਿੰਦਾ ਹੈ, ਹਾਲੇ ਤਾਂ ਮੈਂ ਬ੍ਰਹਮਚਾਰਿਆ ਆਸ਼ਰਮ ਹੀ ਪਾਰ ਕੀਤਾ ਹੈ ਹੁਣ ਗ੍ਰਹਿਸਥ 'ਚ ਪ੍ਰਵੇਸ਼ ਕਰਨ ਲੱਗਾ ਹਾਂ ਹਾਲੇ ਅਜਿਹੀਆਂ ਗੱਲਾਂ ਨਾ ਕਰ। ਪਿੰਡ 'ਚ ਦੂਜਾ ਬੰਦਾ ਮਿਲਦਾ ਹੈ। ਉਹ ਕਹਿੰਦਾ ਹੈ, ਪਹਿਲਾਂ ਧੀਆਂ-ਪੁੱਤਰ ਵਿਆਹ ਲਵਾਂ, ਫਿਰ ਕਰਾਂਗੇ ਆਪਾਂ ਮੁਕਤੀ ਦੀ ਗੱਲ। ਤੀਜਾ ਬੰਦਾ ਕਹਿੰਦਾ ਹੈ ਕਿ ਮਸਾਂ ਤਾਂ ਵਪਾਰ ਚਮਕਿਆ ਹੈ, ਚਾਰ ਪੈਸੇ ਆਉਣ ਲੱਗੇ ਹਨ, ਹਾਲੇ ਕੁਝ ਸਾਲ ਠਹਿਰ ਜਾ। ਪੂਰੇ ਪਿੰਡ ਦਾ ਚੱਕਰ ਲਾ ਕੇ ਖਾਲੀ ਹੱਥ ਆਨੰਦ ਮਹਾਤਮਾ ਬੁੱਧ ਕੋਲ ਪਰਤ ਆਉਂਦਾ ਹੈ ਅਤੇ ਕਹਿੰਦਾ ਹੈ, ਮੈਂ ਪੂਰੇ ਪਿੰਡ ਨੂੰ ਪੁੱਛ ਆਇਆ ਹਾਂ ਕੋਈ ਵੀ ਨਿਰਵਾਣ ਪ੍ਰਾਪਤੀ ਲਈ ਤਿਆਰ ਨਹੀਂ। ਮਹਾਤਮਾ ਕਹਿਣ ਲੱਗੇ, ਮੈਂ ਤੈਨੂੰ ਇਹੀ ਦੱਸਣਾ ਚਾਹੁੰਦਾ ਸੀ ਕਿ ਮਿਲਣਾ ਉਸੇ ਨੂੰ ਹੈ ਜਿਸਦੀ ਲੈਣ ਦੀ ਇੱਛਾ ਹੋਵੇ। ਬਿਨਾ ਤੀਬਰ ਇੱਛਾ ਕੋਈ ਵੀ ਪ੍ਰਾਪਤੀ ਅਸੰਭਵ ਹੈ। ਪੰਜਾਬੀਅਤ ਦੇ ਭਵਿੱਖ ਅਤੇ ਵਿਕਾਸ ਦੀ ਰੂਪ ਰੇਖਾ ਉਲੀਕਣ ਲੱਗਿਆਂ ਇਸ ਕਥਾ ਨੂੰ ਯਾਦ ਰੱਖਣਾ ਬੜਾ ਜ਼ਰੂਰੀ ਹੈ।

ਦੁਨੀਆਂ 'ਤੇ ਜੋ ਵੀ ਕੁਹਜ ਹੈ ਭਾਵੇਂ ਉਸ ਲਈ ਨਕਾਰਾਤਮਕ ਭਾਵਨਾ ਵਾਲੇ ਵਿਅਕਤੀ ਅਤੇ ਸੋਚ ਹੀ ਜ਼ਿੰਮੇਵਾਰ ਹਨ ਪਰ ਇਸਦੇ ਨਾਲ ਹੀ ਸਮਝਣ ਵਾਲਾ ਨੁਕਤਾ ਇਹ ਹੈ ਕਿ ਕੁਹਜ ਫੈਲਾਉਣ ਵਾਲੇ ਆਪਣਾ ਕਾਰਜ ਜਿੰਨਾ ਨਿੱਡਰ ਹੋ ਕੇ ਅਤੇ ਤਕੜੇ ਹੋ ਕੇ ਕਰ ਰਹੇ ਹਨ, ਸੁਹਜ ਸਿਰਜਣ ਦੀ ਸਮਰੱਥਾ ਰੱਖਣ ਵਾਲੇ ਲੋਕ ਓਨਾ ਹੀ ਹੀਣ ਭਾਵਨਾ ਦਾ ਸ਼ਿਕਾਰ ਹਨ। ਉਨ੍ਹਾਂ ਨੂੰ ਆਪਣੀ ਸਮਰੱਥਾ ਅਤੇ ਚੰਗਿਆਈ 'ਤੇ ਵਿਸ਼ਵਾਸ ਹੀ ਨਹੀਂ ਰਿਹਾ। ਜੇ ਸਾਡਾ ਸਮਾਜ/ਸਭਿਆਚਾਰ/ਮੀਡੀਆ ਕੁਝ ਕੁਰੀਤੀਆਂ ਜਾਂ ਵਿਹਬਤਾਂ ਦਾ ਸ਼ਿਕਾਰ ਹੈ ਤਾਂ ਇਹ ਵੀ ਵਿਅਕਤੀਆਂ ਕਰਕੇ ਹੀ ਹੈ ਅਤੇ ਜੇ ਇਸ ਨੇ ਖ਼ੂਬਸੂਰਤ ਬਣਨਾ ਹੈ ਤਾਂ ਉਹ ਵੀ ਵਿਅਕਤੀਆਂ ਦੇ ਨਿੱਜੀ ਅਤੇ ਸਮੂਹਕ ਯਤਨਾਂ ਨਾਲ ਹੀ ਬਣਨਾ ਹੈ।

ਅੱਜ ਪੰਜਾਬੀ ਸਭਿਆਚਾਰ ਦੇ ਸਨਮੁਖ ਜੋ ਚੁਣੌਤੀਆਂ ਹਨ, ਉਨ੍ਹਾਂ ਵਿਚ ਦਿਖਾਵਾ ਪ੍ਰਮੁੱਖ ਹੈ। ਜ਼ਿੰਦਗੀ ਨੂੰ ਜਿਉਣ, ਮਾਨਣ ਅਤੇ ਹੰਢਾਉਣ ਵਾਲਾ ਪੰਜਾਬੀ ਬੰਦਾ ਹੁਣ ਦਿਖਾਉਣ ਤੱਕ ਸੀਮਿਤ ਹੋ ਕੇ ਰਹਿ ਗਿਆ ਹੈ। ਖਾਣ, ਪੀਣ, ਪਹਿਨਣ, ਕਾਰਾਂ, ਕੋਠੀਆਂ ਤੋਂ ਲੈ ਕੇ ਜਨਮ, ਵਿਆਹ ਅਤੇ ਮੌਤ ਦੇ ਸਮਾਗਮਾਂ ਤੱਕ ਜੀਵਨ ਦੇ ਹਰ ਪਹਿਲੂ ਵਿਚ ਦਿਖਾਵਾ ਸਿਰ ਚੜ੍ਹ ਕੇ ਬੋਲ ਰਿਹਾ ਹੈ। ਪੰਜਾਬੀ ਬੰਦੇ ਦੀ ਮਿਹਨਤਕਸ਼ ਵਾਲੀ ਜ਼ਿੰਦਗੀ ਅੱਯਾਸ਼ ਜ਼ਿੰਦਗੀ ਵਿਚ ਬਦਲ ਰਹੀ ਹੈ। ਮਹਿੰਗੀਆਂ ਗੱਡੀਆਂ, ਮਹਿੰਗੇ ਕੱਪੜੇ ਅਤੇ ਮਹਿਲਨੁਮਾ ਕੋਠੀਆਂ ਪੰਜਾਬੀ ਬੰਦੇ ਦੀ ਹਉਮੈ ਨੂੰ ਪੱਠੇ ਪਾਉਣ ਦਾ ਕੰਮ ਕਰਦੀਆਂ ਹਨ ਪਰ ਇਹ ਦਿਖਾਵਾ ਫਜ਼ੂਲਖਰਚੀ ਨੂੰ ਜਨਮ ਦੇ ਰਿਹਾ ਹੈ,



ਫਜ਼ੂਲਖਰਚੀ ਲਾਲਚ, ਤਮ੍ਹਾਂ, ਰਿਸ਼ਵਤ, ਮੁਨਾਫੇਖੋਰੀ ਅਤੇ ਕਰਜ਼ੇ ਦੇ ਰਾਹ ਖੋਲ੍ਹਦੀ ਹੈ ਅਤੇ ਅੰਤਿਮ ਮੰਜ਼ਿਲ ਡਿਪਰੈਸ਼ਨ ਜਾਂ ਖ਼ੁਦਕੁਸ਼ੀ ਦੀ ਬਣਦੀ ਹੈ। 'ਪਾਪਾਂ ਬਾਝੋਂ ਹੋਵੇ ਨਾਹੀਂ, ਮੋਇਆਂ ਸਾਥ ਨਾ ਜਾਈਂ' ਅਤੇ 'ਘਾਲਿ ਖਾਏ ਕਿਛੁ ਹੱਥੋਂ ਦੇਹ, ਨਾਨਕ ਰਾਹ ਪਛਾਣੇ ਸੇਹ' ਵਾਲਾ ਸੰਦੇਸ਼ ਪੰਜਾਬੀ ਬੰਦੇ ਦੇ ਹੋਠਾਂ ਤੱਕ ਹੀ ਸੀਮਤ ਹੈ, ਉਸ ਦੇ ਜੀਵਨ ਵਿਚ ਨਹੀਂ ਉੱਤਰ ਸਕਿਆ। ਸਿਧਾਂਤ ਅਤੇ ਵਿਹਾਰ ਵਿਚਲਾ ਇਹ ਪਾੜਾ ਦਿਨੋ ਦਿਨ ਵਧ ਰਿਹਾ ਹੈ। ਗੁਰਮਤਿ ਦਾ ਸੰਦੇਸ਼ ਅਸੀਂ ਜੀਵਨ ਵਿਚ ਨਹੀਂ ਉਤਾਰਿਆ, ਉਸ ਨੂੰ ਸਿਧਾਂਤ ਤੱਕ ਹੀ ਸੀਮਿਤ ਰੱਖਿਆ ਹੈ। ਵੇਦਾਂ ਦਾ ਗਿਆਨ ਅਸੀਂ ਸ਼ਾਸਤਰਾਂ ਤੱਕ ਸੀਮਿਤ ਰੱਖਿਆ ਹੈ। ਸਿਧਾਂਤਕ ਤੌਰ 'ਤੇ ਤਾਂ ਅਸੀਂ ਆਪਣੀ ਧੀ ਭੈਣ ਦੀ ਸ਼ਰਮ ਮੰਨਣ ਵਾਲੇ ਅਤੇ ਇੱਜ਼ਤ ਦੀ ਰਖਵਾਲੀ ਕਰਨ ਵਾਲੇ ਲੋਕ ਹਾਂ ਪਰ ਦੂਜੇ ਪਾਸੇ 'ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲਈ ਡਾਕਾ ਤਾਂ ਨੀ ਮਾਰਿਆ' ਵਾਲੇ ਵੀ ਅਸੀਂ ਹੀ ਹਾਂ।

ਪੰਜਾਬੀ ਬੰਦੇ ਲਈ ਆਪਣੇ ਲੋਕਾਂ ਵਿਚ ਸਧਾਰਨ ਹੋਣਾ ਮਨਜ਼ੂਰ ਨਹੀਂ, ਅਸਫਲ ਹੋਣਾ ਮਨਜ਼ੂਰ ਹੈ। ਉਹਨੂੰ ਸਲਫਾਸ ਖਾਣਾ ਤਾਂ ਮਨਜ਼ੂਰ ਹੈ ਪਰ ਸਬਜ਼ੀ ਦੀ ਰੇੜ੍ਹੀ ਲਾਉਣੀ ਮਨਜ਼ੂਰ ਨਹੀਂ। ਕਿਤੇ ਨਾ ਕਿਤੇ ਨਸ਼ਾ ਕਰਨ ਵਾਲਾ ਬੰਦਾ ਵੀ ਏਸ ਲਈ ਨਸ਼ਾ ਕਰਦਾ ਹੈ ਕਿਉਂਕਿ ਨਸ਼ੇ ਦੀ ਲੋਰ ਉਸ ਨੂੰ ਬਾਦਸ਼ਾਹ ਬਣਾਈ ਰੱਖਦੀ ਹੈ। ਹੋਸ਼ ਵਿਚ ਆਪਣੇ ਸਧਾਰਨ ਹੋਣ ਦੀ ਜਿਹੜੀ ਅਸਲੀਅਤ ਦਾ ਸਾਹਮਣਾ ਕਰਨ ਤੋਂ ਡਰਦਾ ਹੈ, ਨਸ਼ਾ ਕਰਕੇ ਉਹ ਉਸ ਅਸਲੀਅਤ ਨੂੰ ਕੁੱਝ ਦੇਰ ਲਈ ਭੁੱਲਣਾ ਚਾਹੁੰਦਾ ਹੈ। ਕੰਮ ਸਭਿਆਚਾਰ ਦੀ ਥਾਂ ਜੁਗਾੜ ਸਭਿਆਚਾਰ ਪੰਜਾਬੀਅਤ ਦਾ ਪਛਾਣ ਚਿੰਨ੍ਹ ਬਣਦਾ ਜਾ ਰਿਹਾ ਹੈ। ਕਿਸੇ ਸਮੇਂ ਕਿਰਤ ਕਰਨਾ ਪੰਜਾਬੀ ਬੰਦੇ ਦੀ ਸ਼ਖ਼ਸੀਅਤ ਦਾ ਸਭ ਤੋਂ ਸੁਨਹਿਰੀ ਪੱਖ ਮੰਨਿਆ ਜਾਂਦਾ ਸੀ ਪਰ ਅੱਜ ਬਿਨਾ ਕੋਈ ਕੰਮ ਕੀਤੇ ਕੋਈ ਜੁਗਾੜ ਲਾ ਕੇ ਪੈਸੇ ਤੇ ਸ਼ੁਹਰਤ ਕਮਾਉਣ ਵਾਲੇ ਪੰਜਾਬੀਆਂ ਦੇ ਆਦਰਸ਼ ਬਣਦੇ ਜਾ ਰਹੇ ਹਨ। ਹਰ ਹਾਲ 'ਚ ਤਾਕਤ, ਹਰ ਹਾਲ 'ਚ ਚੌਧਰ, ਹਰ ਹਾਲ 'ਚ ਪੈਸਾ ਬਹੁਗਿਣਤੀ ਦੇ ਜੀਵਨ ਦਾ ਮੁੱਖ ਉਦੇਸ਼ ਬਣਦਾ ਜਾ ਰਿਹਾ ਹੈ। ਇਸ ਲਈ ਪੰਜਾਬੀ ਬੰਦੇ ਨੂੰ ਅਣਖ ਦੀ ਥਾਂ ਸਮਝੌਤਾਵਾਦੀ ਰਵੱਈਆ ਵੀ ਪ੍ਰਵਾਨ ਹੈ। ਕਿਸੇ ਸਮੇਂ ਜਿਹੜਾ ਪੰਜਾਬੀ ਬੰਦਾ ਗਲਤ ਦੇ ਖਿਲਾਫ ਅਵਾਜ਼ ਬੁਲੰਦ ਕਰਨ ਲਈ ਦੁਨੀਆਂ ਭਰ ਵਿਚ ਮਸ਼ਹੂਰ ਸੀ ਅੱਜ ਉਹ ਦੇਖ ਕੇ ਅਣਡਿੱਠ ਕਰਨ ਵਾਲਿਆਂ ਵਿਚ ਸ਼ਾਮਲ ਹੈ।

ਪਰ ਸਮਝਣ ਵਾਲੀ ਗੱਲ ਏਨੀ ਹੈ ਕਿ ਜੇ ਸਾਡਾ ਸਮਾਜ/ਸਭਿਆਚਾਰ ਕੁਝ ਕੁਰੀਤੀਆਂ ਜਾਂ ਵਿਹਬਤਾਂ ਦਾ ਸ਼ਿਕਾਰ ਹੈ ਤਾਂ ਇਹ ਵੀ ਵਿਅਕਤੀਆਂ ਕਰਕੇ ਹੀ ਹੈ ਅਤੇ ਜੇ ਇਸ ਨੇ ਖ਼ੂਬਸੂਰਤ ਬਣਨਾ ਹੈ ਤਾਂ ਉਹ ਵੀ ਵਿਅਕਤੀਆਂ ਦੇ ਨਿੱਜੀ ਅਤੇ ਸਮੂਹਕ ਯਤਨਾਂ ਨਾਲ ਹੀ ਬਣਨਾ ਹੈ। ਘਟੀਆ ਗੀਤ ਲਿਖਣ ਵਾਲੇ, ਗਾਉਣ ਵਾਲੇ ਅਤੇ ਫਿਲਮਾਉਣ ਵਾਲੇ ਲੋਕਾਂ ਨੂੰ ਹਲੂਣਾ ਦੇਣ ਲਈ ਉਨ੍ਹਾਂ ਦੇ ਘਰਾਂ/ਦਫਤਰਾਂ ਦਾ ਘਿਰਾਓ ਕਰਨਾ ਹੀ ਸਿਰਫ ਇਕੋ ਇਕ ਹੱਲ ਨਹੀਂ ਹੈ। ਅੱਜ ਦੇ ਦੌਰ ਵਿਚ ਅਜਿਹੇ ਵਿਅਕਤੀਆਂ ਨੂੰ ਸ਼ਰਮਸਾਰ ਕਰਨ ਲਈ ਫੇਸਬੁੱਕ, ਵੱਟ੍ਹਸਐਪ ਅਤੇ ਈ-ਮੇਲ ਵਰਗੇ ਮਾਧਿਅਮ ਹੀ ਕਾਫ਼ੀ ਹਨ। ਵੈਸੇ ਵੀ ਸਮੁੱਚੇ ਪੰਜਾਬੀ ਭਾਈਚਾਰੇ ਵਿਚੋਂ ਜੇ ਸਿਰਫ਼ 500 ਬੰਦਾ ਹੀ ਚਿੱਠੀ ਲਿਖ ਕੇ ਜਾਂ ਅਖ਼ਬਾਰਾਂ 'ਚ ਛਪਵਾ ਕੇ ਕਿਸੇ ਵਰਤਾਰੇ ਦੀ ਨਿੰਦਾ ਕਰ ਦੇਵੇ ਤਾਂ ਉਸ ਵਰਤਾਰੇ ਨੂੰ ਠੱਲ੍ਹ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ ਪਰ ਸਮੱਸਿਆ ਇਹ ਹੈ ਕਿ ਪ੍ਰਤੀਕਿਰਿਆ ਅਤੇ ਪ੍ਰਤੀਕਰਮ ਦੇ ਕਾਰਜ ਪੰਜਾਬੀ ਭਾਈਚਾਰਾ ਸਿਰਫ ਆਪਣੇ ਡਰਾਇੰਗ ਰੂਮਾਂ ਜਾਂ ਸ਼ਾਮ ਦੀਆਂ ਮਹਿਫ਼ਲਾਂ ਜਾਂ ਦੋਸਤਾਂ ਨੂੰ ਵਿਅਕਤੀਗਤ ਫੋਨਾਂ ਤਕ ਸੀਮਤ ਰੱਖਦਾ ਹੈ। ਉਸ ਦਾ ਪ੍ਰਤੀਕਰਮ ਕਿਸੇ ਸਮਾਜਕ, ਸਭਿਆਚਾਰਕ ਜਾਂ ਰਾਜਸੀ ਮੰਚ 'ਤੇ ਨਹੀਂ ਹੁੰਦਾ। 'ਕਦੀ ਵੀ ਕੋਈ ਸਮੱਸਿਆ ਹੋਵੇ ਤਾਂ ਚੋਣ ਸਾਡੇ ਕੋਲ ਹੁੰਦੀ ਹੈ ਕਿ ਸਥਿਤੀ ਸਾਹਵੇਂ ਸਮਰਪਣ ਕਰ ਦੇਈਏ ਤੇ ਦੂਜਾ ਹੁੰਦਾ ਹੈ ਕਿ ਸੰਘਰਸ਼ ਕਰੀਏ। ਇਕ ਇਹ ਹੈ ਕਿ ਸਮਰਪਣ ਨਹੀਂ ਅਸੀਂ ਸੰਘਰਸ਼ ਕਰਨਾ ਹੈ, ਸੰਘਰਸ਼

ਕਰਕੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਨੂੰ ਵਧਾਉਣਾ ਹੈ। ਸੰਘਰਸ਼ ਕਰਨ ਦਾ ਇਕ ਨੁਕਤਾ ਇਹ ਹੁੰਦਾ ਹੈ ਕਿ ਬਚਾਓ ਦੀ ਮੁਦਰਾ ਵਿਚ ਸੰਘਰਸ਼ ਨਹੀਂ ਹੁੰਦਾ। ਜੇ ਸਿਰਫ ਬਚਾਓ ਦੀ ਮੁਦਰਾ ਵਿਚ ਆਪਾਂ ਰਹਾਂਗੇ ਫਿਰ ਸੰਘਰਸ਼ ਨਹੀਂ ਹੁੰਦਾ। ਸਾਨੂੰ ਪਾਸਾਰ ਦੀ ਮੁਦਰਾ ਅਤੇ ਫੈਲਾਓ ਦੀ ਮੁਦਰਾ ਵਿਚ ਤੁਰਨਾ ਪਵੇਗਾ, ਐਸੇ ਰਾਹ ਅਪਣਾਉਣੇ ਪੈਣਗੇ। ਜੇ ਅਸੀਂ ਭਾਸ਼ਾ ਦੇ ਬਚਾਓ ਦੇ ਨਜ਼ਰੀਏ ਨਾਲ ਤੁਰਾਂਗੇ ਤਾਂ ਹੋ ਸਕਦਾ ਕਿ ਆਪਾਂ ਪੂਰਾ ਬਚਾਓ ਨਾ ਕਰ ਸਕੀਏ ਪਰ ਜੇ ਆਪਾਂ ਮਾਣ ਨਾਲ, ਗੌਰਵ ਨਾਲ ਅਤੇ ਆਪਣੀ ਹੋਂਦ ਦੇ ਗੌਰਵ ਨਾਲ ਆਪਣੇ ਪਾਸਾਰ ਦਾ ਯਤਨ ਕਰਾਂਗੇ ਅਤੇ ਆਪਣੇ ਫੈਲਾਓ ਦਾ ਯਤਨ ਕਰਾਂਗੇ ਤਾਂ ਬਚਾਓ ਉਸਦੇ ਵਿਚ ਹੀ ਸ਼ਾਮਿਲ ਹੋਵੇਗਾ।'1

ਇਸ ਦੀ ਇਕ ਉਦਾਹਰਣ ਮੋਗੇ ਦੇ ਨੇੜੇ ਹੀ ਇਕ ਪਿੰਡ ਚਕਰ ਦੀ ਹੈ । ਟੋਰਾਂਟੋ ਦੇ ਦੋ ਭਰਾਵਾਂ ਸ. ਅਜਮੇਰ ਸਿੰਘ ਸਿੱਧੂ ਅਤੇ ਬਲਦੇਵ ਸਿੰਘ ਨੇ ਆਪਣੇ ਨਿੱਜੀ ਯਤਨਾਂ ਨਾਲ ਆਪਣੇ ਪਿੰਡ ਦੀ ਕਾਇਆ ਕਲਪ ਕਰ ਦਿੱਤੀ ਹੈ। ਪਿੰਡ ਦਾ ਛੱਪੜ ਝੀਲ ਵਿਚ ਤਬਦੀਲ ਕਰ ਦਿੱਤਾ ਹੈ, ਉੱਥੇ ਬੋਟਿੰਗ ਹੁੰਦੀ ਹੈ, ਸੀਵਰੇਜ ਪੈ ਗਿਆ ਹੈ, ਵਾਟਰ ਟਰੀਟਮੈਂਟ ਪਲਾਂਟ ਲੱਗ ਚੁੱਕਾ ਹੈ, ਪਿੰਡ 'ਚ ਪਾਰਕ ਬਣ ਗਏ ਹਨ। ਪਿੰਡ ਵਿਚ ਇਕ ਬਾਕਸਿੰਗ ਅਕੈਡਮੀ ਹੈ ਜੋ ਪ੍ਰੋ. ਬਲਵੰਤ ਸਿੰਘ ਸੰਧੂ ਨਾਂ ਦੇ ਨੌਜਵਾਨ ਦੀਆਂ ਵਿਅਕਤੀਗਤ ਕੋਸ਼ਿਸ਼ਾਂ ਦਾ ਸਿੱਟਾ ਹੈ। ਅਕੈਡਮੀ ਤੋਂ ਟਰੇਨਿੰਗ ਲੈ ਕੇ ਇਕ ਬੱਚੀ ਬਾਕਸਿੰਗ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣ ਗਈ ਹੈ। ਇਹ ਸਭ ਵਿਅਕਤੀਗਤ ਯਤਨ ਹੀ ਹਨ ਪਰ ਚਕਰ ਪਿੰਡ ਸਿਰਫ ਆਪਣੇ ਆਪ ਨੂੰ ਸੋਹਣਾ ਅਤੇ ਵਿਕਸਤ ਬਨਾਉਣ ਤੱਕ ਹੀ ਸੀਮਤ ਨਹੀਂ ਰਿਹਾ। ਪਿੰਡ ਵਾਸੀਆਂ ਨੇ ਪਿੰਡ ਦੀ ਵੈੱਬਸਾਈਟ ਬਣਾਈ, ਅਖਬਾਰਾਂ ਵਿਚ ਲੇਖ ਛਪਵਾਏ ਅਤੇ ਹੁਣੇ ਹੀ ਬਲਵੰਤ ਸਿੰਘ ਸੰਧੂ ਨੇ 'ਚਾਨਣ ਮੁਨਾਰਾ ਚਕਰ' ਨਾਂ ਦੀ ਕਿਤਾਬ ਪ੍ਰਕਾਸ਼ਿਤ ਕਰਵਾਈ ਹੈ। ਪੰਜਾਬ 'ਚ ਲਗਭਗ ਸਾਢੇ ਬਾਰਾਂ ਹਜ਼ਾਰ ਦੇ ਕਰੀਬ ਪਿੰਡ ਹਨ। ਜੇ ਚਕਰ ਪਿੰਡ ਦਾ ਇਕ ਨੌਜਵਾਨ ਵਰਲਡ ਚੈਂਪੀਅਨ ਪੈਦਾ ਕਰ ਸਕਦਾ ਹੈ, ਸੈਂਕੜੇ ਬੱਚਿਆਂ ਨੂੰ ਖੇਡਾਂ ਨਾਲ ਜੋੜ ਸਕਦਾ ਹੈ, ਖੇਡ ਸਭਿਆਚਾਰ ਪੈਦਾ ਕਰ ਸਕਦਾ ਹੈ ਤਾਂ ਸਾਨੂੰ ਪੂਰੀ ਪੰਜਾਬੀਅਤ ਨੂੰ ਜਾਗਰੂਕ ਕਰਨ ਲਈ 20000 ਵਿਅਕਤੀ ਹੀ ਕਾਫ਼ੀ ਹਨ। ਪਰ ਸਵਾਲ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਹਾਲੇ ਤੱਕ ਅਜਿਹੇ 20000 ਵਿਅਕਤੀ ਵੀ ਪੈਦਾ ਨਹੀਂ ਕਰ ਸਕੀ ਜੋ ਜਾਗਰੂਕ ਹੋਣ, ਜੋ ਆਪਣੀ ਕੌਮ ਦੇ ਨਕਸ਼ ਸੰਵਾਰਨ ਦੀ ਸਮਰੱਥਾ ਅਤੇ ਸੂਝ ਰੱਖਦੇ ਹੋਣ।

ਸਾਡੇ ਜਿਹੜੇ ਵਿਦਵਾਨ ਇਹ ਸੋਚਦੇ ਹਨ ਕਿ ਧਰਮ ਨੂੰ ਲਾਂਭੇ ਰੱਖ ਕੇ ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਮਸਲਿਆਂ ਦਾ ਹੱਲ ਕਰ ਸਕਦੇ ਹਨ, ਉਹ ਭੁਲੇਖੇ ਵਿਚ ਹਨ। ਭਾਵੇਂ ਪੰਜਾਬੀਅਤ ਨੂੰ ਕਿਸੇ ਇਕ ਧਰਮ ਨਾਲ ਨਹੀਂ ਬੰਨਿਆ ਜਾ ਸਕਦਾ ਪਰ ਪੰਜਾਬੀ ਲੋਕਾਈ ਲਈ ਧਰਮ ਦਾ ਸੁਨੇਹਾ ਸਰਵਉੱਚ ਹੈ। ਸਾਡਾ ਬੁੱਧੀਜੀਵੀ ਵਰਗ ਧਾਰਮਿਕ ਸੰਸਥਾਵਾਂ ਅਤੇ ਧਾਰਮਿਕ ਵਿਅਕਤੀਆਂ ਤੋਂ ਇਕ ਵਿੱਥ ਸਿਰਜਦਾ ਰਿਹਾ ਹੈ ਪਰ ਸਮੇਂ ਨੇ ਸਿੱਧ ਕੀਤਾ ਹੈ ਅਫੀਮ ਧਰਮ ਨਹੀਂ ਸਗੋਂ ਰੂੜੀਵਾਦਤਾ ਹੈ। ਵੰਡੀਆਂ ਧਰਮ ਨਹੀਂ ਸਗੋਂ ਕੱਟੜ ਰਵੱਈਆ ਪਾਉਂਦਾ ਹੈ। ਬੁੱਧੀਜੀਵੀਆਂ ਦੀਆਂ ਨਸੀਹਤਾਂ ਅਤੇ ਅਪੀਲਾਂ ਸਾਡੀ ਸਧਾਰਨ ਲੋਕਾਈ 'ਤੇ ਓਨੀਆਂ ਅਸਰ ਅੰਦਾਜ਼ ਨਹੀਂ ਹੁੰਦੀਆਂ ਜਿੰਨੇ ਧਾਰਮਿਕ ਆਗੂਆਂ ਦੇ ਸਧਾਰਨ ਬੋਲ। ਧਰਮ ਦੀ ਇਸ ਤਾਕਤ ਨੂੰ ਅੱਖੋਂ ਪਰੋਖੇ ਤਾਂ ਕੀਤਾ ਜਾ ਸਕਦਾ ਹੈ ਪਰ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਹੁਣ ਜੇ ਧਾਰਮਿਕ ਸੰਸਥਾਵਾਂ ਨਾਲ ਜੁੜੇ ਵਿਅਕਤੀਆਂ ਦੀ ਗੱਲ ਕਰੀਏ ਤਾਂ ਉਹ ਪਹਿਲੂ ਵੀ ਬੜਾ ਆਸ ਬੰਨ੍ਹਾਉਣ ਵਾਲਾ ਹੈ। ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦਾ ਪੰਜਾਬੀ ਦੇ ਗ੍ਰੰਥਾਂ ਨੂੰ ਕੰਪਿਊਟਰ ਵਿਚ ਉਪਲਬਧ ਕਰਵਾਉਣ ਵਿਚ, ਸੰਤ ਬਲਬੀਰ ਸਿੰਘ ਸੀਚੇਵਾਲ ਹੁਰਾਂ ਦੀ ਵਾਤਾਵਰਣ ਦੇ ਖੇਤਰ ਵਿਚ, ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦਾ ਸਿੱਖਿਆ ਸੰਸਥਾਵਾਂ



ਦੇ ਖੇਤਰ ਵਿਚ ਯੋਗਦਾਨ ਲਾਸਾਨੀ ਹੈ। ਡੇਰਾ ਬਿਆਸ ਦਾ ਉੱਚਕੋਟੀ ਦੇ ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਵਿਚ ਮਹੱਤਵਪੂਰਨ ਯੋਗਦਾਨ ਹੈ। ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ ਅਜ਼ਾਦੀ ਤੋਂ ਪਹਿਲਾਂ ਪੰਜਾਬੀ ਦੀ ਪੜ੍ਹਾਈ ਨੂੰ ਜੋ ਠੁੰਮਣਾ ਧਾਰਮਿਕ ਸੰਸਥਾਵਾਂ ਨੇ ਦਿੱਤਾ ਉਹ ਯਾਦਗਾਰੀ ਹੈ। ਪਰਵਾਸ ਵਿਚ ਵੀ ਪਰਵਾਸੀਆਂ ਦੀਆਂ ਭਾਸ਼ਾਈ ਲੋੜਾਂ ਪਹਿਲਾਂ ਪਹਿਲ ਗੁਰਦਵਾਰਿਆਂ ਰਾਹੀਂ ਹੀ ਪੂਰੀਆਂ ਹੋਈਆਂ ਸਨ। ਇਸ ਲਈ ਸਾਡੇ ਵਰਤਮਾਨ ਵਿਚ ਵੀ ਅਤੇ ਭਵਿੱਖ ਵਿਚ ਵੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਜੇ ਅਸੀਂ ਪ੍ਰਫੁੱਲਿਤ ਕਰਨਾ ਹੈ ਤਾਂ ਉਹ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਵਧੇਰੇ ਗਤੀ ਨਾਲ ਅਤੇ ਵੱਡੀ ਗਿਣਤੀ ਵਿਚ ਹੋ ਸਕਦਾ ਹੈ। ਕਾਰਨ ਇਹ ਹੈ ਕਿ ਡੇਰਿਆਂ, ਆਸ਼ਰਮਾਂ, ਮੰਦਰਾਂ, ਗੁਰਦਵਾਰਿਆਂ ਕੋਲ ਜਿੱਥੇ ਸਾਧਨ ਹਨ, ਉੱਥੇ ਵੱਡੀ ਗਿਣਤੀ ਵਿਚ ਨਤਮਸਤਕ ਹੋਣ ਵਾਲੀ ਸ਼ਰਧਾਲੂ ਸੰਗਤ ਵੀ ਹੈ। ਜੇ ਅੱਜ ਅਸੀਂ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲੇ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਕੰਮ ਦੀ ਸ਼ਲਾਘਾ ਕਰਦੇ ਹਾਂ ਤਾਂ ਪੰਜਾਬ ਵਿਚੋਂ ਅਜਿਹੀਆਂ ਹੋਰ ਵੀ ਧਾਰਮਿਕ ਸ਼ਖ਼ਸੀਅਤਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਧਾਰਮਿਕ ਸੰਸਥਾਵਾਂ ਦੇ ਮੁਖੀਆਂ ਨਾਲ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਮੁੱਦਿਆਂ ਬਾਰੇ ਸੰਵਾਦ ਰਚਾਇਆ ਜਾ ਸਕਦਾ ਹੈ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਧਾਰਮਿਕ ਆਗੂਆਂ ਨੂੰ ਰੂੜੀਵਾਦੀ ਅਤੇ ਕੱਟੜ ਕਹਿਣ ਵਾਲੇ ਸਾਡੇ ਬੁੱਧੀਜੀਵੀਆਂ ਦੀ ਰੂੜੀਵਾਦਤਾ ਅਤੇ ਇਕ ਵਿਸ਼ੇਸ਼ ਪ੍ਰਕਾਰ ਦੀ ਸਿਧਾਂਤਕ ਕੱਟੜਤਾ ਉਹਨਾਂ ਨੂੰ ਸੰਵਾਦ ਦੇ ਰਾਹ ਵੀ ਨਹੀਂ ਤੁਰਨ ਦਿੰਦੀ।

ਦਰਅਸਲ ਅਸੀਂ ਆਪਣੇ ਨੌਜਵਾਨਾਂ ਨੂੰ ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਤੋਂ ਆਪ ਦੂਰ ਕਰ ਰਹੇ ਹਾਂ। ਜਿੱਥੇ ਵੀ ਰੂੜੀਵਾਦਤਾ ਹੈ, ਕੱਟੜਤਾ ਹੈ, ਨਾ ਬਦਲਣ ਦੀ ਜ਼ਿਦ ਹੈ, ਉੱਥੇ ਹੀ ਅਸਵੀਕ੍ਰਿਤੀ ਦੀ ਭਾਵਨਾ ਪਨਪਦੀ ਹੈ। ਜਦੋਂ ਤੁਹਾਡੇ ਦੁਆਲੇ ਹਰ ਚੀਜ਼ ਵਿਚ ਬਦਲਾਅ ਵਾਪਰ ਰਿਹਾ ਹੋਵੇ ਤਾਂ ਤੁਸੀਂ ਕਿਵੇਂ ਜ਼ਿਦ ਕਰ ਸਕਦੇ ਹੋ ਕਿ ਸਾਡੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਜਿਵੇਂ ਦਾ ਤਿਵੇਂ ਸਵੀਕਾਰ ਕਰੋ, ਬਿਨਾ ਕਿਸੇ ਬਦਲਾਅ ਦੇ। ਅਸੀਂ ਅਕਸਰ ਗਿਲਾ ਕਰਦੇ ਹਾਂ ਕਿ ਸਾਡੇ ਨੌਜਵਾਨਾਂ ਦੀ ਸਾਡੇ ਵਿਰਸੇ ਵਿਚ ਕੋਈ ਦਿਲਚਸਪੀ ਨਹੀਂ। ਪਰ ਜੇ ਬੁੱਲ੍ਹੇ ਦੇ ਕਲਾਮ ਨੂੰ ਗਾ ਕੇ ਰੱਬੀ ਸ਼ੇਰਗਿਲ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਸਕਦਾ ਹੈ ਤਾਂ ਇਹ ਕਹਿਣਾ ਬਿਲਕੁਲ ਵਾਜਬ ਨਹੀਂ ਕਿ ਸਾਡੀ ਨਵੀਂ ਪੀੜ੍ਹੀ ਦੀ ਸਾਡੇ ਸੂਫ਼ੀ ਕਾਵਿ ਵਿਚ ਕੋਈ ਦਿਲਚਸਪੀ ਨਹੀਂ।

ਹਾਲ ਦੀ ਘੜੀ ਸੋਸ਼ਲ ਮੀਡੀਆ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਵਿਚ ਵੱਡੀ ਭੂਮਿਕਾ ਅਦਾ ਕਰ ਸਕਦਾ ਹੈ। ਇਹੀ ਉਹ ਮੀਡੀਆ ਹੈ ਜਿਸ ਨੂੰ ਸਾਡਾ ਬੁੱਧੀਜੀਵੀ, ਸੰਵੇਦਨਸ਼ੀਲ ਅਤੇ ਸੁਹਿਰਦ ਤਬਕਾ ਵਿਅਕਤੀਗਤ ਤੌਰ 'ਤੇ ਵੀ ਅਤੇ ਜੱਥੇਬੰਦਕ ਹੋ ਕੇ ਵੀ ਪੰਜਾਬੀਅਤ ਅਤੇ ਮਨੁੱਖਤਾ ਦੀ ਬੇਹਤਰੀ ਲਈ ਵਰਤ ਸਕਦਾ ਹੈ। ਫੇਸਬੁੱਕ, ਵੱਟ੍ਹਸਐਪ, ਟਵਿੱਟਰ ਅਤੇ ਯੂ-ਟਿਊਬ ਆਦਿ ਰੂਪ ਸਹੀ ਅਰਥਾਂ ਵਿਚ ਸੰਵਾਦ ਦਾ ਮੰਚ ਸਾਬਤ ਹੋ ਸਕਦੇ ਹਨ। ਜਿੱਥੇ ਸਾਡਾ ਕਮਰਸ਼ੀਅਲ ਇਲੈਕਟ੍ਰਾਨਿਕ ਮੀਡੀਆ ਬਹੁਤਾ ਕਰਕੇ ਸ਼ਹਿਰੀ ਮੱਧ ਵਰਗ ਅਤੇ ਉੱਚ ਵਰਗ ਨੂੰ ਹੀ ਸੰਬੋਧਿਤ ਹੈ ਉੱਥੇ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਰਾਹੀਂ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਸੰਬੋਧਿਤ ਕੀਤਾ ਜਾ ਸਕਦਾ ਹੈ। ਪੰਜਾਬੀ ਦਾ ਹਰ ਸੋਚਵਾਨ, ਸੁਹਿਰਦ ਮਨੁੱਖ, ਬੁੱਧੀਜੀਵੀ, ਅਧਿਆਪਕ, ਡਾਕਟਰ, ਵਕੀਲ, ਪੱਤਰਕਾਰ ਜੇ ਏਸ ਮੰਚ ਦੀ ਵਰਤੋਂ ਸੁਯੋਗ ਢੰਗ ਨਾਲ ਕਰੇ ਤਾਂ ਅਜਿਹਾ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ ਜੋ ਪੰਜਾਬੀ ਲੋਕਾਈ ਲਈ ਲਾਹੇਵੰਦ ਹੋਵੇ। ਪ੍ਰਤੀਕਰਮ ਦੀ ਰਵਾਇਤ ਜਿਹੜੀ ਪੰਜਾਬੀ ਸਭਿਆਚਾਰ ਦੀ ਜਿੰਦਜਾਨ ਹੈ ਇਸ ਸੰਵਾਦ ਦੀ ਅਧਾਰ ਭੂਮੀ ਹੋਣੀ ਚਾਹੀਦੀ ਹੈ। ਪੰਜਾਬ ਦਾ ਇਤਿਹਾਸ ਹੀ ਪ੍ਰਤੀਕਰਮ ਦਾ ਇਤਿਹਾਸ ਹੈ। ਪੰਜਾਬੀ ਮੂਕ ਦਰਸ਼ਕ ਕਦੇ ਵੀ ਨਹੀਂ ਬਣੇ। ਜੇ ਅੱਜ ਤੋਂ 60-70 ਸਾਲ ਪਹਿਲਾਂ ਗੁਰਬਖਸ਼ ਸਿੰਘ ਪ੍ਰੀਤਲੜੀ 'ਪ੍ਰੀਤਲੜੀ'

ਰਸਾਲੇ ਰਾਹੀਂ ਅਤੇ ਅੰਮ੍ਰਿਤਾ ਪ੍ਰੀਤਮ 'ਨਾਗਮਣੀ' ਰਾਹੀਂ ਹਜ਼ਾਰਾਂ ਪਾਠਕ ਅਤੇ ਸੈਂਕੜੇ ਲੇਖਕ ਪੈਦਾ ਕਰ ਸਕਦੇ ਹਨ ਤਾਂ ਸੋਸ਼ਲ ਮੀਡੀਆ ਰਾਹੀਂ ਜਿਸਦਾ ਸਕੇਲ ਅਤੇ ਰੇਂਜ ਦੋਵੇਂ ਹੀ ਬਹੁਤ ਵਿਸ਼ਾਲ ਹਨ, ਅਜਿਹਾ ਕਿਉਂ ਨਹੀਂ ਕੀਤਾ ਜਾ ਸਕਦਾ। ਜੇ ਚੰਗੇ ਪਾਠਕ ਵਿਅਕਤੀਗਤ ਯਤਨਾਂ ਨਾਲ ਪੈਦਾ ਹੋ ਸਕਦੇ ਹਨ ਤਾਂ ਚੰਗੇ ਦਰਸ਼ਕ ਅਤੇ ਸ੍ਰੋਤੇ ਵੀ ਪੈਦਾ ਕੀਤੇ ਜਾ ਸਕਦੇ ਹਨ। ਪੰਜਾਬੀ ਭਾਸ਼ਾ ਵਿਚ ਲੋਕ ਸਾਹਿਤ ਦੇ ਰੂਪ ਵਿਚ, ਸੂਫ਼ੀ ਕਾਵਿ ਦੇ ਰੂਪ ਵਿਚ, ਗੁਰਬਾਣੀ ਦੇ ਰੂਪ ਵਿਚ, ਕਥਾ ਕਹਾਣੀਆਂ ਦੇ ਰੂਪ ਵਿਚ, ਗਿਆਨ ਦੇ ਹੋਰ ਅਨੇਕਾਂ ਲਿਖਤ ਅਤੇ ਮੌਖਿਕ ਰੂਪਾਂ ਦੇ ਰੂਪ ਵਿਚ ਜੋ ਵੀ ਗਿਆਨ ਹੈ, ਉਸ ਨੂੰ ਮੀਡੀਆ ਦੇ ਵੱਖ-ਵੱਖ ਰੂਪਾਂ 'ਤੇ ਪੇਸ਼ ਕੀਤਾ ਜਾ ਸਕਦਾ ਹੈ। ਇਹੀ ਉਹ ਮਹੱਤਵਪੂਰਨ ਕਾਰਜ ਹੈ ਜੋ ਅੱਜ ਸਮੇਂ ਦੀ ਲੋੜ ਹੈ। ਸਾਦੀ ਭਾਸ਼ਾ ਵਿਚ ਸੇਵਾ ਅਤੇ ਸਮਰਪਣ ਦੇ ਭਾਵ ਨਾਲ ਜੇ ਪੰਜਾਬੀ ਦਾ ਬੁੱਧੀਜੀਵੀ ਸਰਗਰਮ ਹੋ ਗਿਆ ਤਾਂ ਉਨ੍ਹਾਂ ਬਹੁਤ ਸਾਰੀਆਂ ਸ਼ਿਕਾਇਤਾਂ ਅਤੇ ਸ਼ਿਕਵਿਆਂ ਦਾ ਨਿਵਾਰਣ ਹੋ ਸਕਦਾ ਹੈ ਜੋ ਮੀਡੀਆ ਤੋਂ ਸਾਨੂੰ ਹਨ। ਦਰਅਸਲ ਕਈ ਵਾਰ ਚੰਗੀ ਅਤੇ ਉੱਚ ਪਾਏ ਦੀ ਸਮੱਗਰੀ ਦੀ ਘਾਟ ਹੀ ਬੁਰੀ ਅਤੇ ਘਟੀਆ ਸਮੱਗਰੀ ਲਈ ਸਪੇਸ ਮੁਹੱਈਆ ਕਰਵਾਉਣ ਦਾ ਕਾਰਨ ਬਣਦੀ ਹੈ। ਪੰਜਾਬੀ ਸਾਹਿਤ ਦਾ ਪੰਜਾਬੀ ਇਲੈਕਟ੍ਰਾਨਿਕ ਮੀਡੀਆ ਨਾਲ ਜਿਹੋ ਜਿਹਾ ਸੰਬੰਧ ਹੋਣਾ ਚਾਹੀਦਾ ਸੀ ਉਹ ਬਣ ਨਹੀਂ ਸਕਿਆ। ਸੋਸ਼ਲ ਮੀਡੀਆ 'ਤੇ ਇਸ ਕਾਰਜ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ ਅਤੇ ਲੋਕ ਕੰਮ ਕਰ ਵੀ ਰਹੇ ਹਨ ਪਰ ਦਾਇਰੇ ਸੀਮਤ ਹਨ ਜੋ ਹੋਰ ਵਸੀਹ ਕੀਤੇ ਜਾ ਸਕਦੇ ਹਨ।

ਭਾਸ਼ਾ, ਸਭਿਆਚਾਰ ਅਤੇ ਮੀਡੀਆ ਦੇ ਅੰਤਰ ਸੰਵਾਦ ਨੂੰ ਸਮਝਦਿਆਂ ਅਤੇ ਕੋਈ ਦਿਸ਼ਾ ਨਿਰਧਾਰਿਤ ਕਰਦਿਆਂ 21ਵੀਂ ਸਦੀ ਵਿਚ ਪੰਜਾਬੀ ਭਾਈਚਾਰੇ ਦੀਆਂ ਲੋੜਾਂ 'ਤੇ ਧਿਆਨ ਕੇਂਦਰਿਤ ਕਰਨਾ ਪਵੇਗਾ। ਪੰਜਾਬੀ ਬੰਦੇ ਨੂੰ ਨਿੱਜਵਾਦ ਦੀ ਬਜਾਇ ਸਮਾਜ ਨਾਲ ਜੋੜਨ ਦੀ ਲੋੜ ਹੈ, ਰਿਸ਼ਤਿਆਂ ਦੀਆਂ ਗੰਢਾਂ ਪੱਕੀਆਂ ਕਰਨ ਦੀ ਲੋੜ ਹੈ। ਸੋਸ਼ਲ ਮੀਡੀਆ 'ਤੇ ਅਜਿਹੇ ਗਰੁੱਪ ਹੋਂਦ ਵਿਚ ਆਉਣੇ ਸ਼ੁਰੂ ਹੋਏ ਹਨ ਜੋ ਖ਼ੂਨਦਾਨ ਲਈ, ਕਿਸੇ ਦੁਰਘਟਨਾ ਵਿਚ ਸਹਾਇਤਾ ਲਈ, ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਲਈ, ਗਰੀਬ ਲੜਕੀਆਂ ਦੇ ਵਿਆਹ ਲਈ, ਕਿਸੇ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਉਣ ਲਈ ਸਰਗਰਮ ਹਨ। ਅਜਿਹੇ ਗਰੁੱਪਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਇਨ੍ਹਾਂ ਸਮੂਹਾਂ ਦਾ ਬਣਨਾ ਅਤੇ ਜੱਥੇਬੰਦਕ ਹੋਣਾ ਨਿੱਜਵਾਦ 'ਤੇ ਇਕ ਵੱਡਾ ਹਮਲਾ ਸਾਬਤ ਹੋ ਸਕਦਾ ਹੈ। ਆਪਸੀ ਭਾਈਚਾਰੇ ਨੂੰ ਪ੍ਰਫੁੱਲਿਤ ਕਰ ਸਕਦਾ ਹੈ ਜਿਸਦੀ ਪੰਜਾਬੀਅਤ ਨੂੰ ਲੋੜ ਹੈ ਅਤੇ ਪੰਜਾਬੀ ਸਭਿਆਚਾਰ ਦਾ ਸਾਰ ਤੱਤ ਵੀ ਇਹੀ ਹੈ। ਜੇ ਕਿਸੇ ਨੂੰ ਇਹ ਆਦਰਸ਼ਵਾਦ ਵੀ ਜਾਪ ਰਿਹਾ ਹੋਵੇ ਤਾਂ ਬੜੇ ਲੋਕਾਂ ਲਈ ਸਤੀ ਪ੍ਰਥਾ, ਬਾਲ ਵਿਆਹ, ਵਿਧਵਾ ਵਿਆਹ ਅਤੇ ਭਰੂਣ ਹੱਤਿਆ ਤੇ ਲਗਾਮ ਲਾਉਣ ਦੀ ਸੋਚ ਵੀ ਕਦੇ ਆਦਰਸ਼ਵਾਦ ਹੀ ਸੀ।

ਭਾਵੇਂ ਪੰਜਾਬ ਵਿਚ ਆਤਮ ਹੱਤਿਆ, ਨਸ਼ਿਆਂ, ਖ਼ੁਦਗਰਜ਼ੀ ਦੀਆਂ ਘਟਨਾਵਾਂ ਤੋਂ ਇਹੀ ਜਾਪਣ ਲੱਗਦਾ ਹੈ ਕਿ ਪੰਜਾਬੀ ਬੰਦੇ ਦੀ ਆਤਮਾ ਦਾ ਸੂਰਜ ਹੌਲੀ ਹੌਲੀ ਅਸਤ ਹੋ ਰਿਹਾ ਹੈ ਅਤੇ ਪੰਜਾਬੀ ਬੰਦੇ ਕੋਲ ਜ਼ਿੰਦਗੀ ਜਿਉਣ ਦੇ ਬਦਲ ਸੀਮਤ ਹੁੰਦੇ ਜਾ ਰਹੇ ਹਨ। ਸੰਘਰਸ਼ ਜਿਸ ਕੌਮ ਦੀ ਪਰੰਪਰਾ ਰਹੀ ਹੋਵੇ, ਉਹ ਹਾਰ ਮੰਨੀ ਬੈਠੀ ਜਾਪਦੀ ਹੈ। ਭਾਵੇਂ ਪੰਜਾਬ ਦੀ ਇਕ ਪੀੜ੍ਹੀ ਲਈ ਯੁੱਧ ਦਾ ਅੰਤ ਹੋ ਗਿਆ ਹੋਵੇ ਪਰ ਦਾਨਿਸ਼ਵਰਾਂ ਲਈ ਯੁੱਧ ਦਾ ਅੰਤ ਹੋ ਜਾਣਾ ਹੀ ਅਸਲ ਵਿਚ ਸਭ ਤੋਂ ਖਤਰਨਾਕ ਹੁੰਦਾ ਹੈ। ਵੈਸੇ ਵੀ ਜਦੋਂ ਜਨ-ਸਧਾਰਨ ਲਈ ਯੁੱਧ ਦਾ ਅੰਤ ਹੋ ਜਾਵੇ ਤਾਂ ਬੁੱਧੀਜੀਵੀਆਂ,ਦਾਰਸ਼ਨਿਕਾਂ, ਸਾਹਿਤਕਾਰਾਂ, ਅਧਿਆਪਕਾਂ ਅਤੇ ਪੱਤਰਕਾਰਾਂ ਲਈ ਉਹ ਯੁੱਧਰਤ ਰਹਿਣ ਦਾ ਸਮਾਂ ਹੁੰਦਾ



ਹੈ।ਇਕ ਨਾ ਇਕ ਦਿਨ ਸਾਨੂੰ ਇਹ ਸਮਝਣਾ ਪਵੇਗਾ ਕਿ ਮੁਕਤੀ ਸੰਵਾਦ ਵਿਚ ਹੈ, ਮੋਨੋਲਾਗ ਵਿਚ ਨਹੀਂ। ਮੁਕਤੀ ਮਿਲਵਰਤਨ ਵਿਚ ਹੈ, ਹੰਕਾਰ ਵਿਚ ਨਹੀਂ।

## ਹਵਾਲੇ

1. ਡਾ. ਜਸਪਾਲ ਸਿੰਘ, ਪ੍ਰਧਾਨਗੀ ਭਾਸ਼ਣ, ਸੰਪਾਦਕ ਡਾ. ਧਨਵੰਤ ਕੌਰ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ: ਸਮਕਾਲ ਅਤੇ ਭਵਿੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 28

## ਥੈਂਕਸ ਏ ਲੌਟ ਪੁੱਤਰਾ (ਕਹਾਣੀ-ਸੰਗ੍ਰਹਿ) /ਕੇਸਰਾ ਰਾਮ

**ਪ੍ਰਕਾਸ਼ਕ : ਨਵਯੁੱਗ ਪਬਲਿਸਰਜ਼**

ਕੇਸਰਾ ਰਾਮ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ ......' ਕਹਾਣੀ ਸੰਗ੍ਰਹਿ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰਦਾ ਹੈ। 'ਥੈਂਕਸ ਏ ਲੌਟ ਪੁੱਤਰਾ' ਉਸ ਦਾ ਚੌਥਾ, 2016 ਵਿੱਚ ਛਪਿਆ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਨਾਲ ਉਸ ਦੀ ਪੰਜਾਬੀ ਕਥਾ ਸਾਹਿਤ ਵਿੱਚ ਪਹਿਚਾਣ ਹੋਰ ਗੂੜ੍ਹੀ ਹੁੰਦੀ ਹੈ।ਸਮਾਜਕ ਸਿਸਟਮ ਨੂੰ ਬਣਾਈ ਰੱਖਣ ਦੇ ਨਾਂ 'ਤੇ ਅਨੇਕਾਂ ਨਿੱਤ-ਨਵੇਂ ਕਾਨੂੰਨ ਬਣਾਏ ਜਾ ਰਹੇ ਹਨ।ਕੀ ਅਸਲ ਵਿੱਚ ਇਨ੍ਹਾਂ ਕਾਨੂੰਨਾਂ ਦੀ ਵਰਤੋਂ ਠੀਕ ਢੰਗ ਨਾਲ ਹੋ ਰਹੀ ਹੈ ? ਅਜਿਹੇ ਅਨੇਕਾਂ ਮਸਲੇ ਹਨ, ਜੋ ਕੇਸਰਾ ਰਾਮ ਦੀ ਕਹਾਣੀ 'ਚ ਉਘੜ ਕੇ ਸਾਹਮਣੇ ਆਉਂਦੇ ਹਨ।ਇੱਕ ਅਜਿਹੇ ਹੀ ਕਾਨੂੰਨ 'ਸੈਕਸ਼ੂਅਲ ਹਰਾਸਮੈਂਟ' ਦੀ ਦੁਰਵਰਤੋਂ ਕਿਸ ਤਰ੍ਹਾਂ ਹੁੰਦੀ ਹੈ। ਉਸ ਦੀ ਉੱਤਮ ਉਦਾਹਰਣ 'ਸ਼ਾਕਾਹਾਰੀ' ਕਹਾਣੀ ਰਾਹੀਂ ਉੱਭਰਦੀ ਹੈ।ਕਹਾਣੀਕਾਰ ਸਮਾਜ ਲਈ ਕਾਨੂੰਨ ਬਣਾਉਣ ਦੀ ਬਜਾਏ ਲੋਕਾਂ ਨੂੰ ਸਮਾਜਕ ਮਨੋਵਿਗਿਆਨਕ ਪੱਖ ਤੋਂ ਸਿਹਤਮੰਦ ਕਰਨ ਦੀ ਲੋੜ ਹੈ, ਜਿਸ ਨਾਲ ਵਿਅਕਤੀ ਡਰ ਦੀ ਬਜਾਏ ਸਮਾਜਕ ਸਮਝ ਨੂੰ ਅਪਣਾਉਣ, ਜਿਵੇਂ 'ਬੀਮਾਰ ਆਦਮੀ' ਕਹਾਣੀ 'ਚ ਦੇਖਣ ਨੂੰ ਮਿਲਦਾ ਹੈ ਕਿ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਅਨੇਕਾਂ ਕਾਨੂੰਨ ਬਣੇ ਹੋਣ ਦੇ ਬਾਵਜੂਦ ਵੀ ਇਨ੍ਹਾਂ ਘਟਨਾਵਾਂ 'ਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਜਾਤ ਤੇ ਜਮਾਤ ਦੇ ਮਸਲੇ ਉੱਪਰ 'ਲੱਕੜਹਾਰੇ ਦੀ ਜਿੱਤ' ਚੰਗੀ ਕਹਾਣੀ ਆਖੀ ਜਾ ਸਕਦੀ ਹੈ।ਹੁਣ ਦੇ ਸਮਾਜ ਵਿੱਚ ਮੀਡੀਏ ਦਾ ਰੋਲ ਵੱਡੇ ਪੱਧਰ 'ਤੇ ਅਸਰ ਪਾ ਰਿਹਾ ਹੈ।ਮੀਡੀਏ ਦੀ ਜਿੱਥੇ ਉਸਾਰੂ ਭੂਮਿਕਾ ਹੋਣੀ ਚਾਹੀਦੀ ਹੈ, ਉੱਥੇ ਉਸ ਦੇ ਵਧੇਰੇ ਨਾਕਾਰਾਤਮਕ ਪਹਿਲੂ ਉਭਰ ਕੇ ਸਾਹਮਣੇ ਆ ਰਹੇ ਹਨ।ਮੀਡੀਆ ਕਿਸੇ ਖ਼ਬਰ ਨੂੰ ਮਸਾਲਾ ਲਾਉਂਦਾ ਤੁੱਛ ਘਟਨਾ ਤੋਂ ਅਹਿਮ ਤੇ ਅਹਿਮ ਤੋਂ ਤੁੱਛ ਘਟਨਾ ਬਣਾ ਦਿੰਦਾ ਹੈ। ਇਸ ਦਾ ਉੱਤਮ ਨਮੂਨਾ 'ਮੁਰਗੇ' ਅਤੇ 'ਐੱਲ.ਓ.ਐੱਲ.' ਕਹਾਣੀਆਂ ਹਨ। ਜਦੋਂ ਕੁਝ ਸਹੀ ਕਿਰਦਾਰਾਂ ਦੀ ਪਹਿਚਾਣ ਦੀ ਬਜਾਏ ਮੀਡੀਏ ਦੇ ਰਾਹੀਂ ਉਨ੍ਹਾਂ ਕਿਰਦਾਰਾਂ ਨੂੰ ਨਾਕਾਰਾਤਮਕ ਨਜ਼ਰੀਏ ਤੋਂ ਪੇਸ਼ ਕੀਤਾ ਜਾਂਦਾ ਹੈ।ਪੀੜ੍ਹੀ ਪਾੜੇ ਤੇ ਦੋਵਾਂ ਪੀੜ੍ਹੀਆਂ ਦੀ ਆਪਣੀ-ਆਪਣੀ ਸੋਚ, ਸਮਝ ਅਤੇ ਪੁਰਾਣੀ ਪੀੜ੍ਹੀ ਦੀ ਤ੍ਰਾਸਦਿਕ ਸਥਿਤੀ ਨੂੰ 'ਥੈਂਕਸ ਏ ਲੌਟ ਪੁੱਤਰਾ' ਤੇ 'ਖ਼ੁਸ਼ਬੂ-ਖ਼ੁਸ਼ਬੂ' ਕਹਾਣੀਆਂ 'ਚ ਬਾਖ਼ੂਬੀ ਬਿਆਨਿਆ ਗਿਆ ਹੈ।ਲੇਖਕ ਸਾਡੇ ਕਰੂਰ ਸਮਾਜਕ ਯਥਾਰਥਕ ਪ੍ਰਬੰਧ ਦੀਆਂ ਅਨੇਕਾਂ ਪਰਤਾਂ ਫਰੋਲਦਾ ਉਸ ਦੇ ਵਿਭਿੰਨ ਪਹਿਲੂਆਂ ਦੀ ਨਿਸ਼ਾਨਦੇਹੀ ਕਰਦਾ ਹੈ। ਵੱਥ ਅਤੇ ਕੱਥ ਦੋਹਾਂ ਪਹਿਲੂਆਂ ਤੋਂ ਕਹਾਣੀ ਸੰਗ੍ਰਹਿ ਜਿੱਥੇ ਪ੍ਰਬੁੱਧ ਬੁੱਧੀਜੀਵੀ ਪਾਠਕ ਵਰਗ ਲਈ ਹੈ, ਉੱਥੇ ਅਜੋਕੇ ਦੌਰ ਦੇ ਕਹਾਣੀ ਜਿਸ ਤਰ੍ਹਾਂ ਕਈ ਵਾਰ ਆਮ ਪਾਠਕ ਦੇ ਦਾਇਰੇ ਤੋਂ ਬਾਹਰ ਹੋ ਜਾਂਦੀ ਹੈ।ਉਸ ਪਾਠਕ ਵਰਗ ਲਈ ਇਹ ਕਹਾਣੀ ਸੰਗ੍ਰਹਿ ਪੜ੍ਹਨਯੋਗ ਤੇ ਸਮਝਣਯੋਗ ਹੈ। ਕੁਝ ਘਟਨਾਵਾਂ ਜਿਵੇਂ 'ਦਾਮਿਨੀ ਕਾਂਡ' ਦੇ ਦੁਹਰਾਓਮੂਲਕ ਵੇਰਵੇ ਕਹਾਣੀਆਂ ਵਿੱਚ ਕਿਤੇ-ਕਿਤੇ ਰੜਕਦੇ ਜ਼ਰੂਰ ਪ੍ਰਤੀਤ ਹੁੰਦੇ ਹਨ। ਸਮੁੱਚਤਾ ਦੇ ਆਧਾਰ 'ਤੇ ਪੰਜਾਬੀ ਕਥਾ ਸਾਹਿਤ ਲਈ 'ਥੈਂਕਸ ਏ ਲੌਟ ਪੁੱਤਰਾ' ਕਹਾਣੀ ਸੰਗ੍ਰਹਿ ਨਿੱਗਰ ਵਾਧਾ ਹੈ।

**-ਡਾ. ਪਰਗਟ ਸਿੰਘ**

# ਪੰਜਾਬੀ ਕਹਾਣੀ ਨਵੇਂ ਨਕਸ਼ ਨਿਗਾਰ

-ਡਾ. ਮੇਘਾ ਸਲਵਾਨ

ਪੰਜਾਬੀ ਕਹਾਣੀ ਹੁਣ ਤੱਕ ਦੇ ਇਤਿਹਾਸਕ ਸਫ਼ਰ ਦੌਰਾਨ ਕਈ ਮਹੱਤਵਪੂਰਨ ਪੜਾਵਾਂ ਵਿਚੋਂ ਗੁਜ਼ਰੀ ਹੈ ।ਸਮੇਂ-ਸਮੇਂ ਪੰਜਾਬ ਦੀ ਵਸਤੂ ਸਥਿਤੀ ਵਿਚ ਬਦਲਾਵ ਆਉਂਦਾ ਰਿਹਾ ਹੈ ਜਿਸਦੀ ਅਭਿਵਿਅਕਤੀ ਪੰਜਾਬੀ ਕਹਾਣੀ ਦੇ ਮਾਧਿਅਮ ਨਾਲ ਹੋਈ ਹੈ ।ਇਹ ਬਦਲਦੇ ਮਾਨਵੀ ਤੇ ਸਮਾਜਕ ਪਰਿਪੇਖ ਨੂੰ ਨਿਰੰਤਰ ਚਿਤਰਦੀ ਰਹੀ ਹੈ ।ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਲਿਖੀ ਗਈ ਪੰਜਾਬੀ ਕਹਾਣੀ ਸੁਧਾਰਵਾਦੀ ਤੇ ਆਦਰਸ਼ਵਾਦੀ ਰੰਗਤ ਵਾਲੀ ਸੀ ।ਇਸ ਵਿਚ ਇਕ ਪਾਸੇ ਸਦਾਚਾਰਕ ਉੱਚਤਾ ਨੂੰ ਸਥਾਪਤ ਕਰਨ ਦੇ ਯਤਨ ਕੀਤੇ ਗਏ ਅਤੇ ਦੂਸਰੇ ਪਾਸੇ ਆਜ਼ਾਦੀ ਦੀ ਲਹਿਰ ਨੂੰ ਉਤਸ਼ਾਹਿਤ ਕਰਨ ਹਿੱਤ ਪੱਛਮੀ ਸੰਸਕ੍ਰਿਤੀ ਦੀ ਸਰਵਉੱਚਤਾ ਨੂੰ ਨਕਾਰਦੇ ਹੋਏ ਭਾਰਤੀ ਸੰਸਕ੍ਰਿਤੀ ਦੀ ਗੌਰਵਤਾ ਨੂੰ ਅਗਰਭੂਮੀ ਵਿਚ ਲਿਆਂਦਾ ਗਿਆ ।ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਪ੍ਰਗਤੀਵਾਦੀ ਲਹਿਰ ਦੇ ਉਭਾਰ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੇਂ ਮੁੱਲਾਂ ਦੀ ਤਲਾਸ਼ ਵੱਲ ਰੁਝਾਨ ਵਧਿਆ ।ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੌਰਾਨ ਪੰਜਾਬ ਦੇ ਵਸਤੂਗਤ ਜੀਵਨ ਵਿਚ ਤਬਦੀਲੀ ਵਾਪਰੀ ।ਆਜ਼ਾਦੀ ਦਾ ਲਗਭਗ ਡੇਢ ਦਹਾਕਾ ਗੁਜ਼ਰਨ ਉਪਰੰਤ ਜਨਸਧਾਰਣ ਸਾਹਮਣੇ ਸੁਪਨਿਆਂ ਤੇ ਹਕੀਕਤ ਦਰਮਿਆਨ ਅੰਤਰ ਸਪੱਸ਼ਟ ਰੂਪ ਵਿਚ ਸਾਹਮਣੇ ਆਉਣ ਲੱਗਾ ।ਆਜ਼ਾਦੀ ਪ੍ਰਾਪਤੀ ਨਾਲ ਸਮੂਹ ਸਮੱਸਿਆਵਾਂ ਦੇ ਹੱਲ ਹੋਣ ਦੀ ਭ੍ਰਾਂਤੀ ਟੁੱਟੀ ।ਭਾਰਤ ਦਾ ਆਰਥਿਕ ਵਿਕਾਸ ਪੂੰਜੀਵਾਦੀ ਲੀਹਾਂ ਉੱਤੇ ਹੋਣ ਲੱਗਾ ਜਿਸਦੇ ਫਲਸਰੂਪ ਆਰਥਿਕ ਪਾੜਾ ਵੱਧਣ ਨਾਲ ਮੱਧਵਰਗ ਵਿਚ ਅਸੰਤੋਖ ਦੀ ਭਾਵਨਾ ਪੈਦਾ ਹੋਈ ।ਵਿਦਰੋਹ ਤੇ ਬੇਬਸੀ ਦੀ ਇਸ ਵਸਤੂ ਸਥਿਤੀ ਦਾ ਪ੍ਰਭਾਵ ਪੰਜਾਬੀ ਕਹਾਣੀ ਰਾਹੀਂ ਪੇਸ਼ ਹੋਇਆ ।ਇਸ ਉਪਰੰਤ ਵੀਹਵੀਂ ਸਦੀ ਦੇ ਅੰਤਲੇ ਦਹਾਕੇ ( 1990 ਤੋਂ ਬਾਅਦ) ਵਿਚ ਪੰਜਾਬੀ ਕਹਾਣੀ ਦੇ ਨਵੇਂ ਨਕਸ਼ ਉਭਰਨੇ ਸ਼ੁਰੂ ਹੁੰਦੇ ਹਨ ।ਨਵੇਂ ਕਹਾਣੀਕਾਰਾਂ ਦੀ ਆਮਦ, ਬਦਲਦਾ ਸਮਾਜ-ਸਭਿਆਚਾਰ ਅਤੇ ਆਰਥਿਕ ਹਾਲਾਤ ਨਵੇਂ ਨਕਸ਼ਾਂ ਦੇ ਉਭਾਰ ਦਾ ਆਧਾਰ ਬਣਦੇ ਹਨ ।1990 ਤੋਂ ਬਾਅਦ ਦੀ ਵਸਤੂ ਸਥਿਤੀ ਵਿਚ ਵਿਆਪਕ ਪੱਧਰ ਉੱਤੇ ਬਦਲਾਵ ਵੇਖਣ ਨੂੰ ਮਿਲਦਾ ਹੈ ।ਪੂੰਜੀਵਾਦੀ ਵਿਵਸਥਾ ਦੇ ਅੰਤਰਗਤ ਬਿਜਲਈ ਸੰਚਾਰ ਦੇ ਮਾਧਿਅਮਾਂ ਵਿਚ ਆਈ ਕ੍ਰਾਂਤੀ, ਕੰਪਿਊਟਰ ਯੁੱਗ, ਵਿਸ਼ਵੀਕਰਨ ਦੇ ਵਰਤਾਰੇ ਦੇ ਹਾਂ ਮੁਖੀ ਅਤੇ ਨਾਂਹ ਮੁਖੀ ਪ੍ਰਭਾਵ ਅਤੇ ਮੀਡੀਏ ਦੇ ਪਾਸਾਰ ਕਾਰਨ ਸਮੂਹ ਅਤੇ ਵਿਅਕਤੀ ਮਾਨਸਿਕਤਾ ਪ੍ਰਚੰਡ ਰੂਪ ਵਿਚ ਪ੍ਰਭਾਵਿਤ ਹੋਈ ਹੈ ।ਅਜਿਹੀਆਂ ਨਵੀਨ ਪਰਸਥਿਤੀਆਂ ਵਿਚ ਉਪਜੇ ਅਨੁਭਵ ਨੂੰ ਪੰਜਾਬੀ ਕਹਾਣੀ ਦੇ ਨਵੇਂ ਨਕਸ਼ ਨਿਗਾਰਾਂ ਨੇ ਆਪਣਾ ਰਚਨਾ ਵਸਤੂ ਬਣਾਇਆ ਹੈ ।ਇਹ ਖੋਜ ਪੱਤਰ ਚੌਥੀ ਪੀੜ੍ਹੀ ਦੇ ਤਿੰਨ ਚੋਣਵੇਂ ਨਕਸ਼ ਨਿਗਾਰ ਜਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਉੱਤੇ ਕੇਂਦਰਿਤ ਹੈ ।

ਜਿੰਦਰ ਦੀਆਂ ਕਹਾਣੀਆਂ ਤੋਂ ਉਸਦੀ ਕਥਾਕਾਰੀ ਦੀ ਵਿਲੱਖਣ ਤੇ ਨਿਵੇਕਲੀ ਪਛਾਣ ਦ੍ਰਿਸ਼ਟੀਗੋਚਰ ਹੁੰਦੀ ਹੈ ।ਜਿੰਦਰ ਦੇ ਹੁਣ ਤਕ ਛੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ।ਇਹ ਕਹਾਣੀ ਸੰਗ੍ਰਹਿ ਹਨ : ਮੈਂ, ਕਹਾਣੀ ਤੇ ਉਹ ( 1990), ਤੁਸੀਂ ਨਹੀਂ ਸਮਝ ਸਕਦੇ ( 1996), ਨਹੀਂ, ਮੈਂ ਨਹੀਂ (2000), ਬਿਨਾਂ ਵਜਾ ਤਾਂ ਨਹੀਂ (2004), ਜ਼ਖ਼ਮ (2010) ਅਤੇ ਆਵਾਜ਼ਾਂ (2014) ।ਉਸਦੀ ਕਹਾਣੀ ਰਚਨਾ ਪਰੰਪਰਾਗਤ ਮੁੱਲਾਂ ਅਤੇ ਮਾਨਤਾਵਾਂ ਨੂੰ ਵਿਸਥਾਪਿਤ ਕਰਨ ਦੇ ਨਾਲ-ਨਾਲ ਸਥਿਤੀਆਂ ਵਿਚੋਂ ਉਪਜੇ ਯਥਾਰਥ ਨੂੰ ਉਘਾੜਣ ਵੱਲ ਰੁਚਿਤ ਹੈ ।ਜਿੱਥੇ ਪਹਿਲਾਂ ਰਚੀ ਜਾਣ ਵਾਲੀ ਪੰਜਾਬੀ ਕਹਾਣੀ ਪੂਰਵ – ਨਿਸ਼ਚਿਤ ਆਦਰਸ਼ਾਂ ਅਨੁਸਾਰ ਮਨੁੱਖ ਨੂੰ



ਪ੍ਰਸਤੁਤ ਅਤੇ ਪ੍ਰੇਰਿਤ ਕਰਦੀ ਸੀ, ਉੱਥੇ ਜਿੰਦਰ ਦੀਆਂ ਕਹਾਣੀਆਂ ਇਸ ਤੋਂ ਵੱਖਰੀਆਂ ਨਜ਼ਰੀ ਆਉਂਦੀਆਂ ਹਨ ।ਉਸਦੀਆਂ ਕਹਾਣੀਆਂ ਵਿਚ ਪ੍ਰਸਥਿਤੀਆਂ ਵਿਚ ਜਕੜਿਆ ਅਤੇ ਆਪਣੀਆਂ ਸੀਮਾਵਾਂ ਦੇ ਤੀਖਣ ਅਹਿਸਾਸ ਨੂੰ ਹੰਢਾਉਂਦਾ ਹੋਇਆ ਅੱਜ ਦਾ ਮਨੁੱਖ ਪੇਸ਼ ਹੋਇਆ ਹੈ ।ਜਿੰਦਰ ਦੀ ਕਹਾਣੀ ਸਿਰਜਣਾ ਦਾ ਕੇਂਦਰੀ ਬਿੰਦੂ ਪ੍ਰਮੁੱਖ ਰੂਪ ਵਿਚ ਮਨੁੱਖੀ ਮਾਨਸਿਕਤਾ ਹੈ ਜਿਸਦੇ ਇਰਦ-ਗਿਰਦ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪੱਖ ਤੇ ਉਹਨਾਂ ਦਾ ਬਦਲਦਾ ਰੂਪ, ਔਰਤ ਦੀ ਸਥਿਤੀ, ਨੈਤਿਕ ਕਦਰਾਂ-ਕੀਮਤਾਂ ਵਿਚਲਾ ਨਿਘਾਰ, ਵਿਅਕਤੀ ਦੀ ਕਾਮੁਕ ਇੱਛਾ ਅਤੇ ਦਲਿਤ ਚੇਤਨਾ ਆਦਿ ਵਿਭਿੰਨ ਪਹਿਲੂ ਘੁੰਮਦੇ ਹਨ ।ਭਾਵੇਂ ਕਿ ਇਹ ਸਰੋਕਾਰ ਪਹਿਲਾਂ ਵੀ ਪੰਜਾਬੀ ਕਹਾਣੀ ਵਿਚ ਛੋਹੇ ਗਏ ਹਨ ਪਰ ਜਿੰਦਰ ਇਹਨਾਂ ਪਰਿਚਿਤ ਵਿਸ਼ਿਆਂ ਨੂੰ ਮੌਲਿਕ ਦ੍ਰਿਸ਼ਟੀ ਤੋਂ ਵਾਚਦਾ ਹੋਇਆ ਨਵੇਂ ਅੰਦਾਜ਼ ਵਿਚ ਪ੍ਰਸਤੁਤ ਕਰਦਾ ਹੈ ।ਕਹਾਣੀਕਾਰ ਤਲਵਿੰਦਰ ਸਿੰਘ ਦਾ ਨਾਮ ਚੌਥੀ ਪੀੜ੍ਹੀ ਦੇ ਕੁਝ ਉਹਨਾਂ ਸਮਰੱਥਾਵਾਨ ਕਹਾਣੀਕਾਰਾਂ ਵਿਚ ਸ਼ਾਮਿਲ ਹੈ, ਜਿਹਨਾਂ ਪੇਂਡੂ ਅਤੇ ਸ਼ਹਿਰੀ ਦੋਵੇਂ ਤਰ੍ਹਾਂ ਦੇ ਜੀਵਨ ਅਨੁਭਵ ਨੂੰ ਆਪਣੇ ਤਨ-ਮਨ ਉੱਤੇ ਹੰਢਾਇਆ ।ਇਹੀ ਵਜ੍ਹਾ ਹੈ ਕਿ ਉਸਨੇ ਇਕ ਪਾਸੇ ਪੇਂਡੂ ਵਰਗ ਅਤੇ ਦੂਜੇ ਪਾਸੇ ਸ਼ਹਿਰੀਕਰਨ ਦੀ ਪ੍ਰਕਿਰਿਆ ਰਾਹੀਂ ਉਭਰ ਰਹੇ ਮੱਧਵਰਗ ਦੀਆਂ ਸਮੱਸਿਆਵਾਂ ਨੂੰ ਬੜੀ ਸ਼ਿੱਦਤ ਨਾਲ ਪ੍ਰਸਤੁਤ ਕੀਤਾ ।ਤਲਵਿੰਦਰ ਸਿੰਘ ਨੇ ਪੰਜ ਕਹਾਣੀ ਸੰਗ੍ਰਹਿ ਰਾਤ ਚਾਨਣੀ ( 1992), ਨਾਇਕ ਦੀ ਮੌਤ ( 1997), ਵਿਚਲੀ ਔਰਤ (2001), ਇਸ ਵਾਰ (2009) ਅਤੇ ਕਾਲ ਚੱਕਰ (2011) ਪੰਜਾਬੀ ਕਹਾਣੀ ਜਗਤ ਦੀ ਝੋਲੀ ਪਾਏ ਹਨ ।ਉਸਦੀਆਂ ਕਹਾਣੀਆਂ ਵਿਚੋਂ ਨੌਕਰੀ ਪੇਸ਼ਾ ਵਰਗ ਅਤੇ ਉਸਦੀਆਂ ਅਕਾਂਖਿਆਵਾਂ, ਦਫ਼ਤਰੀ ਮਾਹੌਲ, ਤੇਜ਼ ਰਫ਼ਤਾਰ ਜ਼ਿੰਦਗੀ, ਪਤੀ-ਪਤਨੀ ਦੇ ਸੰਬੰਧ ਵਿਚ ਆਈ ਕੜਵਾਹਟ ਦੇ ਨਾਲ-ਨਾਲ ਸਮਾਜਕ ਸੰਬੰਧਾਂ ਪ੍ਰਤੀ ਬਦਲਦਾ ਦ੍ਰਿਸ਼ਟੀਕੋਣ ਆਦਿ ਸਰੋਕਾਰ ਉਭਰ ਕੇ ਸਾਹਮਣੇ ਆਏ ਹਨ ।ਸੁਖਜੀਤ ਅਜੋਕੇ ਪੰਜਾਬੀ ਕਹਾਣੀ ਜਗਤ ਦਾ ਅਜਿਹਾ ਨਾਮ ਹੈ ਜਿਸਨੇ ਮਹਿਜ਼ ਦੋ ਕਹਾਣੀ ਸੰਗ੍ਰਹਿ ਅੰਤਰਾ ( 1997) ਅਤੇ ਮੈਂ ਰੇਪ ਨੂੰ ਇੰਜੁਆਏ ਕਰਦੀ ਆਂ (2008) ਨਾਲ ਆਪਣੀ ਸਾਹਿਤਕ ਸਮਰੱਥਾ ਦਾ ਅਹਿਸਾਸ ਕਰਵਾ ਦਿੱਤਾ ਹੈ ।ਉਸਨੇ ਜੀਵਨ, ਮੌਤ, ਕਾਮ ਅਤੇ ਅਰਥ ਦੇ ਸਰਬਕਾਲਿਕ ਥੀਮ ਸੰਬੰਧੀ ਵਿਸ਼ੇਸ਼ ਤੌਰ ਉੱਤੇ ਕਹਾਣੀ ਸਿਰਜਣਾ ਕੀਤੀ ਹੈ ।ਉਹ ਇਹਨਾਂ ਨੂੰ ਵਿਭਿੰਨ ਕੋਣਾਂ ਤੋਂ ਨੀਝ ਨਾਲ ਵੇਖਣ ਤੇ ਸਿਰਜਣ ਲਈ ਭਾਰਤੀ ਦਰਸ਼ਨ ਅਤੇ ਹਿੰਦੂ ਧਰਮ ਦੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਮਦਦ ਲੈਂਦਾ ਹੈ ।ਸੁਖਜੀਤ ਨੇ ਡੇਰਾਵਾਦ ਬਾਰੇ ਕੁਝ ਮਾਇਨੇਖੇਜ਼ ਕਹਾਣੀਆਂ ਦੀ ਸਿਰਜਣਾ ਕੀਤੀ ਹੈ ਜਿਹਨਾਂ ਸਦਕਾ ਪੰਜਾਬੀ ਕਹਾਣੀ ਜਗਤ ਵਿਚ ਉਸਦੀ ਵਸ਼ਿਸ਼ਟ ਪਹਿਚਾਣ ਬਣ ਚੁੱਕੀ ਹੈ ।ਇਸ ਤੋਂ ਪਹਿਲਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਪੰਜਾਬ ਦੀ ਡੇਰਾ ਸੰਸਕ੍ਰਿਤੀ ਬਾਰੇ ਨਾ ਮਾਤਰ ਜ਼ਿਕਰ ਹੋਇਆ ਹੈ ।ਪੰਜਾਬੀ ਕਹਾਣੀ ਦੇ ਉਪਰੋਕਤ ਤਿੰਨਾਂ ਨਕਸ਼ ਨਿਗਾਰਾਂ ਦੀਆਂ ਕਹਾਣੀ ਸਿਰਜਣਾ ਸੰਬੰਧੀ ਬਾਰੀਕੀਆਂ ਨੂੰ ਹੱਥਲੇ ਖੋਜ ਪੱਤਰ ਵਿਚ ਵਿਚਾਰਿਆ ਗਿਆ ਹੈ ।

ਜਿੰਦਰ ਆਪਣੀ ਕਹਾਣੀ ਸਿਰਜਣਾ ਵਿਚ ਨਿਰੰਤਰ ਵਿਕਾਸ ਯਾਤਰਾ ਹੰਢਾਉਂਦਾ ਆ ਰਿਹਾ ਹੈ ।ਉਸਦੀ ਕਥਾ ਚੇਤਨਾ ਦਾ ਮੂਲ ਸਰੋਕਾਰ ਆਧੁਨਿਕ ਮਨੁੱਖ ਦੀ ਡਾਂਵਾਂਡੋਲ ਮਨੋਸਥਿਤੀ ਨਾਲ ਜੁੜਿਆ ਹੋਇਆ ਹੈ ।ਕਹਾਣੀਕਾਰ ਜਿੰਦਰ ਇਸ ਡਾਂਵਾਂਡੋਲ ਮਨੋਸਥਿਤੀ ਦੇ ਕਾਰਨ ਦੀ ਤਲਾਸ਼ ਵਿਚ ਰਹਿੰਦਾ ਹੈ ਅਤੇ ਇਸ ਤਲਾਸ਼ ਵਿਚ ਉਸਦੀ ਕਲਮ ਬਾਰ-ਬਾਰ ਪਾਤਰਾਂ ਦੀ ਸਥਿਤੀ ਉੱਤੇ ਆ ਕੇ ਰੁਕ ਜਾਂਦੀ ਹੈ ।ਉਸਦੇ ਪਾਤਰਾਂ ਦੀ ਮਨੋਸਥਿਤੀ ਅਤੇ ਸਥਿਤੀ ਵਿਚਾਲੇ ਹਮੇਸ਼ਾ ਟਕਰਾਅ ਬਣਿਆ ਰਹਿੰਦਾ ਹੈ ।ਇਸ ਟਕਰਾਅ ਨੂੰ ਅਗਰਭੂਮੀ ਵਿਚ ਲਿਆ ਕੇ ਜਿੰਦਰ ਆਧੁਨਿਕ ਮਨੁੱਖ ਅਤੇ ਇਸਦੇ ਪਰਿਵੇਸ਼ ਦੇ ਨਕਸ਼ਾਂ ਨੂੰ ਇਹਨਾਂ ਦੇ ਅੰਤਰਕਿਰਿਆਤਮਕ ਸੰਬੰਧ ਵਿਚੋਂ

ਉਘਾੜਦਾ ਹੈ । ਉਸਦੇ ਪਾਤਰਾਂ ਦੀ ਮਨੋਸਥਿਤੀ ਵਸਤੂ ਸਥਿਤੀ ਦੁਆਰਾ ਨਿਰਧਾਰਤ ਅਤੇ ਸੰਚਾਲਿਤ ਹੁੰਦੀ ਹੈ । ਜਿੰਦਰ ਨੇ ਆਪਣੇ ਮੌਲਿਕ ਕਥਾ ਵਿਵੇਕ ਤੋਂ ਮਨੁੱਖ ਦੀ ਤਨਾਉਗ੍ਰਸਤ ਮਾਨਸਿਕਤਾ, ਅਸਹਿਜ ਜੀਵਨ - ਸ਼ੈਲੀ ਅਤੇ ਇਕੱਲਤਾ ਵਾਲੀ ਸਥਿਤੀ ਨੂੰ ਪ੍ਰਸਤੁਤ ਕਰਕੇ ਸਮਾਜਕ ਯਥਾਰਥ ਨੂੰ ਬਿਨਾਂ ਕਿਸੇ ਉਚੇਚ ਤੇ ਸਹਿਜ ਰੂਪ ਵਿਚ ਉਘਾੜਨ ਦਾ ਯਤਨ ਕੀਤਾ ਹੈ । ਇੰਜ ਉਹ ਆਧੁਨਿਕ ਮਨੁੱਖ ਦੀ ਟੁੱਟ ਭੱਜ ਦਰਸਾ ਕੇ ਸਮਾਜਕ ਯਥਾਰਥ ਦੀਆਂ ਵਿਸੰਗਤੀਆਂ ਨੂੰ ਮੁਖ਼ਾਤਬ ਹੁੰਦਾ ਹੈ । ਇਹ ਜਿੰਦਰ ਦੀ ਕਹਾਣੀ ਸਿਰਜਣਾ ਦੀ ਅਹਿਮ ਖ਼ੂਬੀ ਅਤੇ ਪਛਾਣ ਹੈ ।

ਦਲਿਤ ਚੇਤਨਾ ਦਾ ਬਿਹਤਰੀਨ ਕਹਾਣੀਕਾਰ ਸੰਭਵ ਹੀ ਜਿੰਦਰ ਹੈ। ਦਲਿਤ ਚੇਤਨਾ ਦੀਆਂ ਸੂਖ਼ਮ ਪਰਤਾਂ ਤੇ ਪਾਸਾਰਾਂ ਨੂੰ ਉਭਾਰਨਾ ਜਿੰਦਰ ਦੀ ਬਿਰਤਾਂਤਕਾਰੀ ਦਾ ਵਿਸ਼ੇਸ਼ ਤੇ ਨਿੱਖੜਵਾਂ ਲੱਛਣ ਹੈ । ਇਹਨਾਂ ਦੀ ਪੇਸ਼ਕਾਰੀ ਕਰ, ਉਹ ਪਾਤਰਾਂ ਦੇ ਅੰਤਰੀਵ ਦਵੰਦ ਉੱਤੇ ਝਾਤ ਪਾਉਂਦਾ ਹੈ । ਇਸ ਅੰਤਰੀਵ ਦਵੰਦ ਵਿਚੋਂ ਉਹ ਭਾਰਤੀ ਸਮਾਜਕ ਪ੍ਰਬੰਧ ਦੇ ਨਕਸ਼ਾਂ ਨੂੰ ਗੂੜ੍ਹਿਆਂ ਕਰਦਾ ਹੈ । ਦਲਿਤ ਚੇਤਨਾ ਦੀਆਂ ਸਖੂਮ ਪਰਤਾਂ ਤੇ ਪਾਸਾਰਾਂ ਦੀ ਪੇਸ਼ਕਾਰੀ ਕਰਦੀਆਂ ਜਿੰਦਰ ਦੀਆਂ ਮਹੱਤਵਪੂਰਨ ਕਹਾਣੀਆਂ ਹਨ 'ਸੌਰੀ','ਆਤਮ ਹੱਤਿਆ', 'ਨਹੀਂ, ਮੈਂ ਦਲਿਤ ਨਹੀਂ', 'ਬਿਨਾ ਵਜਾ ਤਾਂ ਨਹੀਂ', ਆਦਿ । 'ਕਾਮ' ਜਿੰਦਰ ਦੀ ਕਥਾਕਾਰੀ ਦਾ ਅਹਿਮ ਮੁੱਦਾ ਹੈ । ਪਰੰਤੂ ਇਸਦੇ ਬਾਵਜੂਦ ਇਹ ਕਹਾਣੀਕਾਰ ਵਜੋਂ ਉਸਦੀ ਪਛਾਣ ਦਾ ਆਧਾਰ ਨਹੀਂ । ਜਿੰਦਰ ਕਾਮ ਨੂੰ ਬੰਦੇ ਦੀ ਜੈਵਿਕ ਲੋੜ ਵਜੋਂ ਆਪਣੀਆਂ ਕਹਾਣੀਆਂ ਵਿਚ ਪ੍ਰਸਤੁਤ ਕਰਦਾ ਹੈ । ਇਹ ਜੈਵਿਕ ਲੋੜ ਪ੍ਰੇਰਕ ਸ਼ਕਤੀ ਬਣ ਕਿਵੇਂ ਬੰਦੇ ਦੇ ਸੁਭਾਅ ਅਤੇ ਵਿਵਹਾਰ ਦਾ ਨਿਰਧਾਰਨ ਕਰਦੀ ਹੈ ? ਆਪਣੀ ਇਸ ਜੈਵਿਕ ਲੋੜ ਅਤੇ ਸਮਾਜਕ ਤਾਣੇ-ਬਾਣੇ ਵਿਚ ਉਲਝਿਆ ਵਿਅਕਤੀ ਕੀ ਪ੍ਰਤੀ-ਉੱਤਰ ਦਿੰਦਾ ਹੈ ? ਅਤੇ ਸਮਕਾਲੀ ਸਮਾਜ ਸਭਿਆਚਾਰਕ ਪਰਿਵੇਸ਼ ਕਿਵੇਂ ਬੰਦੇ ਦੀ ਇਸ ਮੂਲ ਪ੍ਰਵਿਰਤੀ ਨੂੰ ਉਤੇਜਿਤ ਤੇ ਪ੍ਰਚੰਡ ਕਰਨ ਵਿਚ ਮਾਰੂ ਭੂਮਿਕਾ ਨਿਭਾ ਰਿਹਾ ਹੈ ? ਆਦਿ ਉਹ ਦਿਸ਼ਾਵਾਂ ਹਨ ਜਿਹਨਾਂ ਵੱਲ ਜਿੰਦਰ ਦਾ ਕਹਾਣੀ ਬਿਰਤਾਂਤ ਅੱਗੇ ਵੱਧਦਾ ਹੈ । ਔਰਤ ਤੇ ਕਾਮ ਦੇ ਪ੍ਰਵਚਨ ਨੂੰ ਸਿਰਜਦੀਆਂ ਜਿੰਦਰ ਦੀਆਂ ਮਹੱਤਵਪੂਰਨ ਕਹਾਣੀਆਂ ਹਨ 'ਆਤਮ ਪੁਰਾਣ', 'ਬਸ ਹੁਣ ਤੂੰ ਸੌਂ ਜਾਈਂ', 'ਗਲੋਬ', 'ਵਿੱਥਾਂ', 'ਨਹੀਂ, ਮੈਂ ਨਹੀਂ', 'ਮਾਤ੍ਰੇਸ੍ਰੀ', 'ਇਕ ਸੁਆਲ', 'ਪਾਪ' ਆਦਿ । ਵਿਅਕਤੀ ਵਿਚਾਰ ਅਤੇ ਵਿਹਾਰ ਵਿਚ ਤੇਜ਼ੀ ਨਾਲ ਆ ਰਹੇ ਬਦਲਾਵ ਨੂੰ ਜਿੰਦਰ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਜਿਵੇਂ 'ਰਫ਼ਤਾਰ', 'ਡਰ', 'ਹਮਜ਼ਾਦ', 'ਤਹਿਜ਼ੀਬ' ਆਦਿ ਵਿਚ ਉਲੀਕਦਾ ਹੈ । ਇਹ ਕਹਾਣੀਆਂ ਨਵੀਨ ਬਣਦੇ ਸਮੀਕਰਨਾਂ ਮੁਤਾਬਕ ਸਮਾਜ ਸਭਿਆਚਾਰਕ ਬਦਲਾਵ ਦੀ ਦਸ਼ਾ ਅਤੇ ਦਿਸ਼ਾ ਨੂੰ ਮਨੁੱਖੀ ਜੀਵਨ-ਜਾਚ ਅਤੇ ਜੀਵਨ ਦ੍ਰਿਸ਼ਟੀਕੋਣ ਵਿਚ ਆਏ ਬਦਲਾਵ ਦੇ ਸੰਦਰਭ ਵਿਚ ਪ੍ਰਸਤੁਤ ਕਰਦੀਆਂ ਹਨ ।

ਇੰਝ ਜਿੰਦਰ ਆਪਣੀਆਂ ਕਹਾਣੀਆਂ ਰਾਹੀਂ ਸਮਾਜ-ਸਭਿਆਚਾਰ ਦੀਆਂ ਪਰਤਾਂ ਖੋਲ੍ਹਦਾ ਹੈ ਜਿਨਾਂ ਵਿਚ ਅੱਜ ਦਾ ਮਨੁੱਖ ਆਪਣੀ ਹੋਂਦ ਦੀ ਸਥਾਪਤੀ ਲਈ ਹਰ ਜਾਇਜ਼-ਨਜਾਇਜ਼ ਢੰਗ ਵਰਤਦਾ ਨਜ਼ਰ ਆ ਰਿਹਾ ਹੈ । ਉਸਦੀਆਂ ਕਹਾਣੀਆਂ ਅਜੋਕੀ ਪੂੰਜੀਵਾਦੀ ਵਿਵਸਥਾ ਅਧੀਨ ਉਸਰ ਰਹੇ ਖਪਤ ਸਭਿਆਚਾਰ ਅਤੇ ਬਾਜ਼ਾਰੀਕਰਨ ਦੀ ਰੁਚੀ ਤਹਿਤ ਮਾਨਵੀ ਰਿਸ਼ਤਿਆਂ ਦੇ ਖੋਖਲੇਪਨ ਨੂੰ ਉਘਾੜਦੀਆਂ ਹਨ ਜਿਹਨਾਂ ਵਿਚ ਮੋਹ, ਪਿਆਰ, ਹਮਦਰਦੀ, ਵਿਸ਼ਵਾਸ ਜਿਹੇ ਮਾਨਵੀ ਗੁਣ ਮਨਫ਼ੀ ਹੋ ਚੁੱਕੇ ਹਨ ਜਾਂ ਮਨੁੱਖ ਦੀ ਸਥਾਪਤੀ ਦਾ ਵਸੀਲਾ ਮਾਤਰ ਬਣ ਕੇ ਰਹਿ ਗਏ ਹਨ । ਦਲਿਤ ਚੇਤਨਾ ਦੇ ਸਮਾਜਕ ਮਨੋਵਿਗਿਆਨ ਤਕ ਪਹੁੰਚ ਕਰਦੀ ਜਿੰਦਰ ਦੀ ਕਹਾਣੀ ਸੰਕੇਤ ਕਰਦੀ ਹੈ ਕਿ ਦਲਿਤ ਮੁਕਤੀ ਮਹਿਜ਼ ਆਰਥਿਕ ਖੁਸ਼ਹਾਲੀ ਨਾਲ ਮੁਕੰਮਲ ਨਹੀਂ ਬਲਕਿ ਇਸ ਤੋਂ ਪਾਰ ਸਮਾਜਕ ਸਭਿਆਚਾਰਕ ਵਿਤਕਰੇ ਤੋਂ ਮੁਕਤੀ ਨਾਲ ਜੁੜੀ ਹੋਈ ਹੈ ।



ਜਿੰਦਰ ਦੀ ਸਮੁੱਚੀ ਕਥਾ ਸਿਰਜਣਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਪਾਤਰਾਂ ਦੀ ਧੁਰ ਅੰਦਰਲੀ ਜਟਿਲ ਮਾਨਸਿਕਤਾ, ਰੁਚੀਆਂ, ਕਰਮਾਂ-ਪ੍ਰਤਿਕਰਮਾਂ ਅਤੇ ਮਾਨਸਿਕ ਟੁੱਟ-ਭੱਜ ਨੂੰ ਸਮਾਜਕ ਪਰਿਵੇਸ਼ ਦੇ ਸੰਦਰਭ ਵਿਚ ਅਭਿਵਿਅਕਤ ਕਰਦੀ ਹੈ । ਜਿੰਦਰ ਅਜੋਕੇ ਮਨੁੱਖ ਦੇ ਅਚੇਤ ਮਨ ਦੀ ਕਾਰਜਸ਼ੀਲਤਾ ਨੂੰ ਸੁਚੇਤ ਪੱਧਰ ਉੱਤੇ ਉਭਾਰਨ ਦਾ ਯਤਨ ਕਰਦਾ ਹੈ । ਇੰਜ ਉਹ ਮਨੁੱਖ ਦੀਆਂ ਮਾਨਸਿਕ ਰੀਝਲਾਂ ਰਾਹੀਂ ਸਾਡੇ ਸਮਾਜ ਦੀਆਂ ਰੀਝਲਾਂ ਨੂੰ ਮੁਖ਼ਾਤਬ ਹੁੰਦਾ ਹੈ ।

ਕਹਾਣੀਕਾਰ ਤਲਵਿੰਦਰ ਸਿੰਘ ਦਾ ਨਾਮ ਚੌਥੀ ਪੀੜ੍ਹੀ ਤੇ ਪ੍ਰਤਿਭਾਵਾਨ ਕਹਾਣੀਕਾਰਾਂ ਦੀ ਫ਼ਹਿਰਿਸਤ ਵਿਚ ਸ਼ਾਮਲ ਹੈ । ਉਸਦਾ ਸ਼ੁਮਾਰ ਇਸ ਦੌਰ ਦੇ ਕੁਝ ਉਹਨਾਂ ਚੋਣਵੇਂ ਕਹਾਣੀਕਾਰਾਂ ਵਿਚ ਹੁੰਦਾ ਹੈ ਜਿਨ੍ਹਾਂ ਨੇ ਪੇਂਡੂ ਅਤੇ ਸ਼ਹਿਰੀ ਦੋਹਾਂ ਤਰ੍ਹਾਂ ਦੇ ਜੀਵਨ ਅਨੁਭਵ ਨੂੰ ਆਪਣੇ ਤਨ-ਮਨ ਉੱਤੇ ਹੰਢਾਉਣ ਕਰਕੇ ਬੜੀ ਸ਼ਿੱਦਤ ਨਾਲ ਇਸਦੀ ਪੇਸ਼ਕਾਰੀ ਕੀਤੀ । ਇਸਦੀ ਇਕ ਉੱਤਮ ਮਿਸਾਲ ਤਲਵਿੰਦਰ ਸਿੰਘ ਦੀ ਕਹਾਣੀ 'ਵਾਰਸ' ਹੈ । "ਇਸ ਕਹਾਣੀ ਵਿਚ ਬੰਦੇ ਦਾ ਅਸਲ ਵਾਰਸ ਉਸਦਾ ਆਪਣਾ ਭੌਮੰਡਲ ਤੇ ਭਾਈਚਾਰਾ ਹੀ ਹੈ । ਇਥੇ ਬੰਦੇ ਦੀ ਰੂਪ ਦੀ ਸਾਂਝ ਵੀ ਹੈ ਤੇ ਰੱਜ ਵੀ ।"2 ਤਲਵਿੰਦਰ ਸਿੰਘ ਦੀ ਕਹਾਣੀ ਸਿਰਜਣਾ ਦੀ ਕੇਂਦਰੀ ਚੂਲ ਮਾਨਵੀ ਰਿਸ਼ਤੇ ਹਨ । ਉਹ ਆਪਣੀਆਂ ਕਹਾਣੀਆਂ ਦੁਆਰਾ ਮਾਨਵੀ ਸੰਬੰਧਾਂ ਦੀਆਂ ਜਟਿਲ ਪਰਤਾਂ ਨੂੰ ਫਰੋਲਦੇ ਹੋਏ ਦਿਸਦੇ ਤੋਂ ਅਣਦਿਸਦੇ ਯਥਾਰਥ ਵੱਲ ਸੰਕੇਤ ਕਰਨ ਦਾ ਸੂਖ਼ਮ ਉਪਰਾਲਾ ਕਰਦਾ ਹੈ । ਕਹਾਣੀਕਾਰ ਤਲਵਿੰਦਰ ਸਿੰਘ ਉਹਨਾਂ ਕਾਰਨਾਂ ਦੀ ਤਲਾਸ਼ ਵਿਚ ਰਹਿੰਦਾ ਹੈ ਜੋ ਮਾਨਵੀ ਰਿਸ਼ਤਿਆਂ ਨੂੰ ਵਿਫ਼ਲ ਕਰਨ ਉੱਤੇ ਤੁਲੇ ਹੋਏ ਹਨ । ਕਹਾਣੀਕਾਰ ਤਲਵਿੰਦਰ ਸਿੰਘ ਦੀ ਪਛਾਣ ਬਣਨ ਵਾਲੀਆਂ ਬਹੁ-ਚਰਚਿਤ ਕਹਾਣੀਆਂ ਜਿਵੇਂ ਕਿ 'ਤਾੜੀ', 'ਵਿਚਲੀ ਔਰਤ', 'ਮਾਇਆ ਜਾਲ' ਆਦਿ ਬੰਦੇ ਦੇ ਚੇਤਨ ਤੇ ਅਚੇਤਨ ਵਿਚਲੇ ਦਵੰਦਾਤਮਕ ਸੰਬੰਧ ਨੂੰ ਹੀ ਬੁਨਿਆਦ ਬਣਾਉਂਦੀਆਂ ਹਨ । ਇਸ ਦਵੰਦਾਤਮਕ ਸੰਬੰਧ ਨੂੰ ਉਲੀਕ ਕਹਾਣੀਕਾਰ ਮਨੁੱਖੀ ਮਨ ਦੇ ਹਨੇਰੇ ਖੋਲ ਉੱਤੇ ਝਾਤ ਵੀ ਪੁਆ ਦਿੰਦਾ ਹੈ ਅਤੇ ਇਸਦੇ ਦ੍ਰਿਸ਼ਟ ਸਮਾਜ ਨਾਲ ਸੰਕਟਮਈ ਸੰਬੰਧ ਨੂੰ ਵੀ ਉਘਾੜ ਦਿੰਦਾ ਹੈ । ਇੰਜ ਉਹ ਦਮਿਤ ਇੱਛਾਵਾਂ ਅਤੇ ਸਮਾਜਕ ਮਰਯਾਦਾ ਦੀ ਕੁੜਿੱਕੀ ਵਿੱਚ ਫਸੇ ਮਨੁੱਖ ਦੀ ਮਨੋਸਥਿਤੀ ਉੱਤੇ ਫੋਕਸ ਕਰ ਇਕੋ ਸਮੇਂ ਵਿਅਕਤੀ ਅਤੇ ਸਮਾਜ ਨੂੰ ਦਰਪੇਸ਼ ਆਉਣ ਵਾਲੀਆਂ ਔਕੜਾਂ ਦੀ ਅਨੁਭੂਤੀ ਕਰਵਾਉਂਦਾ ਹੈ । ਤਲਵਿੰਦਰ ਸਿੰਘ ਸਮਾਜ ਵਿਚ ਔਰਤ-ਮਰਦ ਸੰਬੰਧ ਦੇ ਬਦਲਵੇਂ ਸਰੂਪ ਦੇ ਹਵਾਲੇ ਨਾਲ ਵਿਸ਼ੇਸ਼ ਤੌਰ ਉੱਤੇ ਔਰਤ ਮਾਨਸਿਕਤਾ ਵਿਚ ਆਏ ਬਦਲਾਵ ਨੂੰ ਬਾਰੀਕਬੀਨੀ ਨਾਲ 'ਵਿਸਰਜਨ', 'ਜਲਧਾਰੀ', 'ਇਸ ਵਾਰ' ਆਦਿ ਕਹਾਣੀਆਂ ਵਿਚ ਸਿਰਜਦਾ ਹੈ । ਉਹ ਔਰਤ ਮਨ ਦੀਆਂ ਵਿਭਿੰਨ ਤੈਹਾਂ ਨੂੰ ਉਹਨਾਂ ਦੇ ਵਿਹਾਰ ਦੇ ਮਾਧਿਅਮ ਰਾਹੀਂ ਫਰੋਲਦਾ ਹੈ । ਅਜੋਕੇ ਖਪਤ ਸਭਿਆਚਾਰ ਵਿਚ ਸਮਾਜਕ ਸੰਬੰਧਾਂ ਪ੍ਰਤੀ ਮਨੁੱਖ ਦਾ ਬਦਲਦਾ ਦ੍ਰਿਸ਼ਟੀਕੋਣ ਉਸਦੀਆਂ ਕਹਾਣੀਆਂ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ । ਵਸਤਾਂ ਵਾਂਗ ਰਿਸ਼ਤਿਆਂ ਨੂੰ ਭੋਗਣ ਦੀ ਬਿਰਤੀ, ਥੁੜ੍ਹ ਚਿਰਾ ਸਾਥ ਮਾਨਣ ਦੀ ਚਾਹ ਉਸਦੇ ਪਾਤਰਾਂ ਉੱਤੇ ਹਾਵੀ ਹੈ । ਉਸਦੇ ਪਾਤਰ ਨਿਰੰਤਰ ਦਮਿਤ ਇੱਛਾਵਾਂ ਅਤੇ ਸਮਾਜਕ ਯਥਾਰਥ ਦੀ ਜਕੜ ਵਿਚ ਰਹਿੰਦੇ ਹੋਏ ਮਾਨਸਿਕ ਸੰਕਟ ਹੰਢਾਉਂਦੇ ਹਨ । ਅਜਿਹੇ ਪਾਤਰਾਂ ਨੂੰ ਪ੍ਰਸਤੁਤ ਕਰਕੇ ਉਹ ਮਨੁੱਖੀ ਮਨ ਅਤੇ ਸਮਾਜ ਦੀਆਂ ਕਈ ਤਲਖ਼ ਹਕੀਕਤਾਂ ਦੇ ਰੂ-ਬ-ਰੂ ਕਰਵਾ ਜਾਂਦਾ ਹੈ ।

ਮੌਜੂਦਾ ਪੰਜਾਬੀ ਕਹਾਣੀ ਸਿਰਜਣਾ ਦੇ ਖੇਤਰ ਵਿਚ ਆਪਣੀ ਪੁਖ਼ਤਾ ਹੋਂਦ ਦਾ ਅਹਿਸਾਸ ਕਰਵਾਉਣ ਵਾਲਾ ਕਹਾਣੀਕਾਰ ਹੈ - ਸੁਖਜੀਤ । ਕਹਾਣੀਕਾਰ ਵਜੋਂ ਸੁਖਜੀਤ ਬਹੁਚਰਚਿਤ ਵੀ ਰਿਹਾ ਹੈ ਅਤੇ ਵਿਵਾਦਤ ਵੀ । ਉਸਦੇ ਚਰਚਿਤ ਅਤੇ ਵਿਵਾਦਤ ਹੋਣ ਦਾ ਕਾਰਨ ਸਭਿਅਕ ਭਾਸਣ ਵਾਲੇ ਮਨੁੱਖ ਅਤੇ ਸਮਾਜ ਦੇ ਧੁਰ ਅੰਦਰ ਪਏ ਕੁਹਜ ਤੋਂ ਪਰਦਾ ਲਾਹੁਣ ਵਿਚ ਨਿਹਿਤ ਹੈ

। ਇਹ ਕੁਹਜ ਦੀ ਅਭਿਵਿਅਕਤੀ ਸੁਖਜੀਤ ਜਿਸ ਹੁਨਰੀ ਅੰਦਾਜ਼ ਵਿਚ ਕਰਦਾ ਹੈ, ਉਹ ਉਸਦੇ ਸਮਰੱਥ ਸਿਰਜਕ ਵਜੋਂ ਬਹੁ-ਸੰਭਾਵਨਾਵਾਂ ਵੱਲ ਸੰਕੇਤ ਕਰਦਾ ਹੈ । ਵਿਅਕਤੀ ਵਰਤਾਰਿਆਂ ਨੂੰ ਸਮਝਣ ਲਈ ਅਪਨਾਈ ਗਈ ਵਿਸ਼ਲੇਸ਼ਣੀ ਨੀਝ ਅਤੇ ਉਹਨਾਂ ਨੂੰ ਢੁੱਕਵੇਂ ਕਲਾਮਈ ਢੰਗ ਨਾਲ ਪ੍ਰਗਟਾਉਣ ਦਾ ਹੁਨਰ ਹੀ ਸੁਖਜੀਤ ਨੂੰ ਵਿਸ਼ੇਸ਼ ਤੌਰ ਉੱਤੇ ਜ਼ਿਕਰਯੋਗ ਕਹਾਣੀਕਾਰਾਂ ਦੀ ਫ਼ਹਿਰਿਸਤ ਵਿਚ ਸ਼ਾਮਲ ਕਰਦਾ ਹੈ । ਸੁਖਜੀਤ ਨੂੰ ਕਹਾਣੀਕਾਰ ਵਜੋਂ ਸਥਾਪਿਤ ਕਰਨ ਵਾਲੀਆਂ ਮਹੱਤਵਪੂਰਨ ਕਹਾਣੀਆਂ ਜਿਵੇਂ 'ਆਦਮਖ਼ੋਰ', 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ', 'ਪਾਤਸ਼ਾਹੀ', 'ਕਾਮਬਲੀ' ਆਦਿ ਡੇਰਾਤੰਤਰ ਨਾਲ ਸੰਬੰਧਿਤ ਹਨ । ਇਹ ਕਹਾਣੀਆਂ ਡੇਰਿਆਂ ਦੀ ਚਾਰ ਦੀਵਾਰੀ ਵਿਚ ਇਕੱਤਰਤ ਹੋਣ ਵਾਲੇ ਵਿਅਕਤੀਆਂ ਤੋਂ ਬਣਨ ਵਾਲੇ ਸਮੂਹ ਦੀ ਮਾਨਸਿਕਤਾ ਦੇ ਨਾਲ-ਨਾਲ ਵਿਅਕਤੀ ਦੇ ਵਿਕਾਸ ਤੇ ਕਿਰਿਆਵਾਂ ਉੱਤੇ ਪੈਣ ਵਾਲੇ ਇਸ ਸਮੂਹ ਦੇ ਸਿਆਹ ਪ੍ਰਭਾਵਾਂ ਉੱਤੇ ਪੈਣੀ ਨਜ਼ਰ ਟਿਕਾਉਂਦੀਆਂ ਹਨ । ਸੁਖਜੀਤ ਦੇ ਕਹਾਣੀ ਸੰਸਾਰ ਵਿਚ ਉਘੜਣ ਵਾਲਾ ਔਰਤ ਦਾ ਗਲਪੀ ਬਿੰਬ ਵਿਸ਼ੇਸ਼ ਤੌਰ ਉੱਤੇ ਧਿਆਨ ਖਿੱਚਦਾ ਹੈ । ਔਰਤ ਦੀ ਨਵੀਨ ਮਨੋਘਾੜਤ ਸੁਖਜੀਤ ਦੀਆਂ ਕਹਾਣੀਆਂ ਦਾ ਪ੍ਰਮੁੱਖ ਆਕਰਸ਼ਣ ਹੈ । ਇਹ ਮਨੋਘਾੜਤ ਨਵੀਨ ਪਰਸਥਿਤੀਆਂ ਦੀ ਦੇਣ ਹੈ ਜਿਸਨੇ ਅਜੋਕੀ ਔਰਤ ਅਤੇ ਬਿਰਤਾਂਤ ਲਈ ਬਹੁ- ਸੰਭਾਵਨਾਵਾਂ ਵਾਲੀ ਸਥਿਤੀ ਪੈਦਾ ਕੀਤੀ ਹੈ । ਸੁਖਜੀਤ ਦੀਆਂ ਕਹਾਣੀਆਂ ਵਿਚ ਪ੍ਰਗਟ ਹੋਏ ਪੰਜਾਬੀ ਬੰਦੇ ਦੇ ਸਮੂਹਿਕ ਅਵਚੇਤਨ ਵਿਚ ਪਏ ਆਦਿ ਰੂਪ (ਆਰਕੀਟਾਈਪ) ਔਰਤ ਨੂੰ ਜਨਮਜਾਤ ਹੀਣੀ, ਤੁੱਛ ਵਸਤ ਵਜੋਂ ਪਰਿਭਾਸ਼ਿਤ ਕਰਨ ਵਾਲੀ ਮਰਦ ਜ਼ਹਿਨੀਅਤ ਦੇ ਰੂ-ਬੇ-ਰੂ ਕਰਵਾਉਂਦੇ ਹਨ । ਉਸਦੀਆਂ ਕੁਝ ਮਹੱਤਵਪੂਰਨ ਕਹਾਣੀਆਂ ਜਿਵੇਂ 'ਹਜ਼ਾਰ ਕਹਾਣੀਆਂ ਦਾ ਬਾਪ', 'ਜੀ ਬੀਬੀ ਜੀ', 'ਕਾਮਬਲੀ', 'ਮੈਂ ਰੇਪ ਨੂੰ ਇੰਜੁਆਏ ਕਰਦੀ ਆ' ਆਦਿ ਵਿਚ ਪ੍ਰਸਤੁਤ ਹੋਈ ਔਰਤ ਪਾਤਰ ਧੀ, ਭੈਣ, ਪਤਨੀ, ਮਾਂ ਦੇ ਵੱਖੋ-ਵੱਖ ਰੂਪਾਂ ਵਜੋਂ ਮਰਦਾਵੀਂ ਮਨੋਬਣਤਰ ਵਿਚ ਕਿਸੇ ਨਾ ਕਿਸੇ ਹਵਾਲੇ ਨਾਲ ਘਟੀਆ ਦਰਜਾਬੰਦੀ ਦੇ ਰੂਪ ਵਿਚ ਔਰਤ ਦੀ ਸਥਿਤੀ ਅਤੇ ਜਾਤ- ਪਾਤ ਦੇ ਜਟਿਲ ਪ੍ਰਪੰਚ ਨੂੰ ਪ੍ਰਸਤੁਤ ਕਰਦੀ ਹੈ । ਉਸਦੀਆਂ ਕਹਾਣੀਆਂ ਮਰਦ ਪ੍ਰਧਾਨ ਸਮਾਜ ਵਿਚਲੇ ਲਿੰਗ ਆਧਾਰਿਤ ਵਿਤਕਰੇ ਨੂੰ ਦ੍ਰਿਸ਼ਟੀਗਤ ਕਰਦੀਆਂ ਹਨ । ਲਿੰਗ ਇਕ ਸਮਾਜਕ ਧਾਰਨਾ ਹੈ ਜਿਸ ਮੁਤਾਬਕ ਔਰਤ ਮਰਦ ਦੀ ਭੂਮਿਕਾ ਜਨਮ ਤੋਂ ਨਿਰਧਾਰਤ ਨਹੀਂ ਹੁੰਦੀ ਬਲਕਿ ਸਮਾਜ ਨਿਰਧਾਰਤ ਕਰਦਾ ਹੈ । ਇਸੇ ਕਰਕੇ ਇਹ ਨਾਂ ਤਾਂ ਹਮੇਸ਼ਾਂ ਲਈ ਸਥਿਰ ਰਹਿੰਦੀ ਹੈ ਅਤੇ ਨਾ ਹੀ ਹਰ ਸਮਾਜ ਵਿਚ ਇਕ ਸਮਾਨ। ਸੁਖਜੀਤ ਆਪਣੀਆਂ ਕਹਾਣੀਆਂ ਰਾਹੀਂ ਸਮਕਾਲੀ ਸਮਾਜ ਵਿਚ ਪਾਖੰਡ-ਆਡੰਬਰ ਥੱਲੇ ਲੁਕੇ ਹੋਏ ਯਥਾਰਥ ਨੂੰ ਨੰਗਾ ਕਰਨ ਵੱਲ ਰੁਚਿਤ ਹੈ । ਉਸਨੇ ਆਪਣੀਆਂ ਕਹਾਣੀਆਂ ਵਿਚ ਡੇਰੇ ਤੇ ਉਹਨਾਂ ਦੀ ਓਟ ਹੇਠ ਚੱਲਣ ਵਾਲੇ ਕੁਕਰਮਾਂ ਤੋਂ ਪਰਦਾਫਾਸ਼ ਕਰ ਸਮਾਜ ਦੇ ਕਰੂਪ ਪੱਖ ਦੀ ਨਿਸ਼ਾਨਦੇਹੀ ਕੀਤੀ ਹੈ । ਉਸਦੀਆਂ ਕਹਾਣੀਆਂ ਵਿਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਹਨਾਂ ਵਿਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਤ ਰੂਪ ਨੂੰ ਹੀ ਛੋਹਿਆ ਗਿਆ ਹੈ । ਇਸਤੋਂ ਇਲਾਵਾ ਰਾਜਨੀਤਿਕ ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਰੂਪ, ਔਰਤ ਮਨ ਦੀਆਂ ਰੀਝਾਂ ਅਤੇ ਪਰਤਾਂ ਆਦਿ ਵਿਸ਼ੇ ਉਸਦੀਆਂ ਕਹਾਣੀਆਂ ਵਿਚ ਬਾਖ਼ੂਬੀ ਪੇਸ਼ ਹੋਏ ਹਨ । ਸੁਖਜੀਤ ਦੀਆਂ ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾਤੰਤਰ ਵਰਗੇ ਸਮਕਾਲੀ ਥੀਮ ਨਾਲ ਇਹਨਾਂ ਦੇ ਫੋਕਸ ਵਿਚ ਅਣਮਨੁੱਖੀ ਵਿਵਹਾਰ ਹੀ ਰਹਿੰਦਾ ਹੈ । ਕਹਾਣੀਕਾਰ ਵਜੋਂ ਸੁਖਜੀਤ ਦੀ ਖ਼ਾਸੀਅਤ ਹੀ ਇਹ ਹੈ ਕਿ ਉਹ ਪਾਤਰ ਮਾਨਸਿਕਤਾ ਤੇ ਵਿਹਾਰ ਵਿਚੋਂ ਹੀ ਸਮਕਾਲੀ ਸਮਾਜੀ ਵਿਵਸਥਾ ਵਿਚ ਆਈ ਗਿਰਾਵਟ ਦੇ ਰੂ-ਬ-ਰੂ ਕਰਵਾ ਦਿੰਦਾ ਹੈ । ਇੰਞ ਆਂਤਰਿਕ ਅਤੇ ਬਾਹਰੀ ਯਥਾਰਥ ਵਿਚ



ਸੰਤੁਲਨ ਸਿਰਜਦਾ ਹੋਇਆ, ਉਹ ਇਹਨਾਂ ਦੋਹਾਂ ਨੂੰ ਇਕ-ਦੂਜੇ ਤੋਂ ਵੱਖ ਕਰਕੇ ਨਹੀਂ ਬਲਕਿ ਇਕ-ਦੂਜੇ ਦੇ ਪਰਸਪਰ ਅੰਤਰ-ਸੰਬੰਧ ਵਜੋਂ ਪ੍ਰਸਤੁਤ ਕਰਦਾ ਹੈ ।

ਇੰਞ ਜਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਪੰਜਾਬੀ ਕਹਾਣੀ ਦੇ ਅਜਿਹੇ ਨਕਸ਼ ਨਿਗਾਰ ਹਨ, ਜਿਹਨਾਂ ਨੇ ਵਿਆਪਕ ਪੱਧਰ ਉੱਤੇ ਵਸਤੂ-ਸਥਿਤੀ ਵਿਚ ਆਏ ਬਦਲਾਵ ਨੂੰ ਆਪਣੇ ਕਲਾਵੇ ਵਿਚ ਲਿਆ ਹੈ । ਭਾਰਤੀ ਅਤੇ ਵਿਸ਼ੇਸ਼ ਤੌਰ ਉੱਤੇ ਪੰਜਾਬੀ ਸਮਾਜ- ਸਭਿਆਚਾਰ ਵਿਚ ਵੱਡੀ ਪੱਧਰ ਉੱਤੇ ਆਇਆ ਬਦਲਾਵ ਇਹਨਾਂ ਦੀਆਂ ਕਹਾਣੀਆਂ ਦਾ ਹਿੱਸਾ ਬਣਿਆ ਹੈ । ਮਸਲਨ ਸਮਾਜ ਦੇ ਨੈਤਿਕ-ਅਨੈਤਿਕ ਮਾਪਦੰਡ ਬਦਲੇ ਹਨ ਜਿਹਨਾਂ ਨੇ ਪੰਜਾਬੀ ਮਾਨਸਿਕਤਾ ਉੱਤੇ ਗਹਿਰਾ ਅਸਰ ਪਾਇਆ ਹੈ । ਰਿਸ਼ਤਿਆਂ ਦੀਆਂ ਪਰਿਭਾਸ਼ਾਵਾਂ ਤਬਦੀਲ ਹੋਈਆਂ ਹਨ । ਜੀਵਨ ਸਾਦਾ ਅਤੇ ਸਰਲ ਨਹੀਂ ਰਿਹਾ । ਕਦਰਾਂ-ਕੀਮਤਾਂ ਨੂੰ ਖੋਰਾ ਲੱਗਾ ਹੈ । ਇਹਨਾਂ ਉੱਤੇ ਪੈਸਾ ਹਾਵੀ ਹੋ ਚੁੱਕਾ ਹੈ । ਮੁੱਲਾਂ ਨੂੰ ਸੱਟ ਵੱਜੀ ਹੈ । ਸਮਾਜਕ ਸੰਬੰਧ ਭਾਵਨਾਵਾਂ ਦੀ ਬਜਾਇ ਸਵਾਰਥ ਉੱਤੇ ਕਾਇਮ ਹੋਣ ਲੱਗੇ ਹਨ । ਅਜਿਹੇ ਸੰਬੰਧਾਂ ਤੋਂ ਆਤਮਿਕ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ । ਅਜਿਹੀ ਸਥਿਤੀ ਨਿਰਾਸ਼ਾਜਨਕ ਹੈ । ਜ਼ਿੰਦਗੀ ਦੀ ਸਹਿਜ ਚਾਲ ਰਫ਼ਤਾਰ ਵਿਚ ਤਬਦੀਲ ਹੋ ਚੁੱਕੀ ਹੈ । ਨਿਰਲੱਜਤਾ ਸਿੱਰ ਚੁੱਕ ਰਹੀ ਹੈ । ਅਦਬ-ਅਦਬ ਗੁਆਚਦਾ ਜਾ ਰਿਹਾ ਹੈ । ਵਿਦਿਅਕ ਬੁਲੰਦੀਆਂ ਤਕ ਅਪੜਣ ਦੇ ਬਾਵਜੂਦ ਵਿਅਕਤੀ ਸਤਾ ਉੱਤੇ ਖੜ੍ਹਾ ਹੈ । ਧਰਮ ਦੀ ਓਟ ਲੈ ਕੇ ਕੁਕਰਮ ਫੈਲ ਰਿਹਾ ਹੈ । ਪਦਾਰਥਕ ਸਮਰਿੱਧੀ ਦੇ ਬਾਵਜੂਦ ਵੀ ਅਸੰਤੁਸ਼ਟਤਾ ਵੱਧਦੀ ਜਾ ਰਹੀ ਹੈ । ਰਿਸ਼ਤਿਆਂ ਨੂੰ ਵਸਤਾਂ ਵਾਂਗ ਵਰਤਣ ਅਤੇ ਸੁੱਟਣ ਦੀ ਪ੍ਰਵਿਰਤੀ ਭਾਰੂ ਹੈ । ਗੱਲ ਕੀ ਸਮੁੱਚਾ ਸਮਾਜ-ਸਭਿਆਚਾਰ ਬਦਲਾਵ ਦਾ ਆਭਾਸ ਕਰਵਾ ਰਿਹਾ ਹੈ । ਵਿਆਪਕ ਪੱਧਰ ਉੱਤੇ ਵਾਪਰਿਆ ਇਹ ਬਦਲਾਵ ਸਾਡੇ ਸਮਾਜਕ ਪਰਿਵੇਸ਼ ਅਤੇ ਸਭਿਆਚਾਰਕ ਵਿਹਾਰ ਵਿਚ ਰੂਪਾਂਤਰਿਤ ਹੋ ਕੇ ਜਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਦੀ ਕਹਾਣੀ ਸਿਰਜਣਾ ਵਿਚ ਬੋਲ ਹਾਸਲ ਕਰਦਾ ਨਜ਼ਰ ਆਉਂਦਾ ਹੈ ।

### ਹਵਾਲੇ ਤੇ ਟਿੱਪਣੀਆਂ :

1 . ਡਾ. ਜੋਗਿੰਦਰ ਸਿੰਘ ਰਾਹੀ, "ਆਧੁਨਿਕ ਪੰਜਾਬੀ ਗਲਪ ਦੀਆਂ ਰੂਪ ਵਿਧਾਵਾਂ ਤੇ ਉਨ੍ਹਾਂ ਦਾ ਰੂਪਾਂਤਰਣ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ ਸਿਧਾਂਤ ਤੇ ਰੂਪਾਂਤਰਣ, ਪੰਨਾ 16 2. ਜੋਗਿੰਦਰ ਸਿੰਘ ਰਾਹੀ ਤੇ ਰਮਿੰਦਰ ਕੌਰ, ਪੰਜਾਬੀ ਕਹਾਣੀ ਸਫ਼ਰ ਤੇ ਸਾਸਤ੍ਰ । ਪੰਨਾ 135
3. ਬਲਵਿੰਦਰ ਅਰੋੜਾ, 'ਨਾਰੀ ਸ਼ਕਤੀ', ਗਿਆਨ ਮਾਲਾ, ਪੰਨਾ 28

**ਸ਼ਬਦਾਂ ਦੀ ਨਾਟ ਮੰਡਲੀ (ਕਵਿਤਾ)**

**ਸਰਬਜੀਤ ਕੌਰ ਜੱਸ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਅਜਮੇਰ ਸਿੱਧੂ ਦੀ ਹੁਣ ਤੱਕ ਦੀ ਸਾਹਿਤਕ ਕਮਾਈ**

**ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ**

**ਸੰਪਾਦਕ : ਡਾ. ਰਮਿੰਦਰ ਕੌਰ**

# ਟੁਕੜੇ/ਪਰਵੇਜ਼ ਸੰਧੂ

ਤੇਰੇ ਆਉਣ ਦਾ ਵਕਤ ਹੋ ਗਿਆ ਹੈ ।ਸੋਚਦੀ ਹਾਂ ਘਰ ਨੂੰ ਚਾਨਣ ਨਾਲ ਭਰ ਦੇਵਾਂ। ਉੱਠ ਕੇ ਲਾਇਟ ਜਗਾਵਾਂ ਪੋਰਚ ਦੀ ਲਾਇਟ ਤੇਰੇ ਆਉਣ ਦੀ ਆਹਟ ਨਾਲ ਹੀ ਬਲ ਪਵੇਗੀ ਪਰ ਘਰ ਦੇ ਅੰਦਰ ਦਾ ਹਨੇਰਾ ਤੈਨੂੰ ਚੰਗਾ ਨਹੀਂ ਲਗਦਾ ।ਤੂੰ ਖਿਝਦਾ ਏ ਜੇ ਮੈਂ ਹਨੇਰੇ 'ਚ ਬੈਠੀ ਹੋਵਾਂ ।ਤੇ ਮੈਂ ਕਈ ਵਾਰ ਤੈਨੂੰ ਖਿਝਾਉਣ ਦੀ ਮਾਰੀ ਹਨੇਰਾ ਕਰ ਦਿੰਦੀ ਹਾਂ ਕਿ ਤੂੰ ਮੇਰੇ ਨਾਲ ਲੜੇ ਮੇਰੇ ਤੇ ਖਿਝੇ ਪਰ ਚੰਦਰਿਆ ਤੈਨੂੰ ਤਾਂ ਮੇਰੇ ਨਾਲ ਗੁੱਸੇ ਵੀ ਹੋਣਾ ਨਹੀ ਆਉਂਦਾ ।ਤੂੰ ਜਿੰਨਾ ਮਰਜ਼ੀ ਗੁੱਸੇ 'ਚ ਹੋਵੇਂ ਜੇ ਮੈਂ ਇੱਕ ਵਾਰ ਹੱਸ ਪਵਾਂ ਤੇਰਾ ਗੁੱਸਾ ਪਲ ਭਰ 'ਚ ਉੱਡ ਜਾਂਦਾ ਹੈ।

ਕਿੰਨੀ ਅਜੀਬ ਗੱਲ ਹੈ ਤੈਨੂੰ ਮੇਰਾ ਹਾਸਾ ਚੰਗਾ ਲਗਦਾ ਹੈ ਤੇ ਇੱਕ ਉਹ ਹੁੰਦਾ ਸੀ ਜਿਹਨੂੰ ਮੇਰਾ ਹਾਸਾ ਜਹਿਰ ਵਰਗਾ ਲਗਦਾ ਸੀ ।ਔਰੰਗਜੇਬ ਜਿਹਾ ..“ ਉਹਦੀ” ਸੋਚ ਨਾਲ ਹੀ ਮੈਂ ਇੱਕ ਪਲ ਲਈ ਘਬਰਾ ਜਾਂਦੀ ਹਾਂ ਤੇ ਸੋਚਦੀ ਹਾਂ ਕਿ ਕਿਉਂ ਉਹਦਾ ਅੱਜ ਮੈਨੂੰ ਅਚਾਨਕ ਖਿਆਲ ਆਇਆ ਹੈ ? ਸਾਲਾਂ ਦੇ ਸਾਲ ਬੀਤ ਗਏ ਉਹਦੇ ਤੋਂ ਦੂਰ ਹੋਇਆਂ, ਆਪਣੀ ਜ਼ਿੰਦਗੀ ਦਾ ਉਹ ਚੈਪਟਰ ਕਦੋਂ ਦਾ ਬੰਦ ਕਰ ਆਈ ਹਾਂ ਤੇ ਫੇਰ ਅੱਜ ਅਚਾਨਕ ਕਿਉਂ ?

ਸ਼ਾਇਦ ਅਚਾਨਕ ਨਹੀਂ ਕਈ ਦਿਨ ਤੋਂ ਮੇਰਾ ਦਿਲ ਉਦਾਸ ਹੋ ਰਿਹਾ ਹੈ ਤੇ ਮੈਂ ਇਸ ਉਦਾਸੀ ਨੂੰ ਬਨਾਵਟੀ ਹਾਸਿਆਂ ਹੇਠਾਂ ਲੁਕਾਉਂਦੀ ਰਹੀ ਹਾਂ ।ਸਿਰਫ ਉਹਦਾ ਹੀ ਖਿਆਲ ਨਹੀਂ ਆਇਆ ਪੂਰੇ ਘਰ ਪਰਿਵਾਰ ਦੀ ਯਾਦ ਆਉਂਦੀ ਰਹੀ ਹੈ ।ਤੇ ਸੋਚਦੀ ਹਾਂ ਕਦੀ ਉਹ ਵੀ ਮੈਨੂੰ ਚੇਤੇ ਕਰਦੇ ਹੋਣਗੇ ? ਤੇ ਇਸ ਇੱਕ ਨਿੱਕੇ ਜਿਹੇ ਖਿਆਲ ਨਾਲ ਮੇਰੇ ਵਜੂਦ ਦਾ ਇੱਕ ਹਿੱਸਾ ਟੁੱਟ ਕੇ ਮੇਰੇ ਸਾਹਮਣੇ ਖਿਲਰ ਗਿਆ ਮਹਿਸੂਸ ਹੁੰਦਾ ਹੈ ...ਕਿੰਨੇ ਵਰ੍ਹੇ ਹੋ ਗਏ ਮਾਂ ਬਾਪ , ਭੈਣ ਭਰਾਵਾਂ ਨਾਲੋਂ ਟੁੱਟਿਆਂ ਤੇ ਆਪਣੇ ਘਰ ਤੋਂ ਦੂਰ ਹੋਇਆਂ ....

“ ਆਪਣਾ ਘਰ।”

ਤੇ ਮੈਂ ਘਬਰਾ ਕੇ ਸੋਫੇ ਤੋਂ ਉੱਠਦੀ ਹਾਂ ..ਆਪਣਾ ਘਰ ਤਾਂ ਇਹ ਹੈ ਜਿਹੜਾ ਤੂੰ ਤੇ ਮੈਂ ਬਣਾਇਆ ਹੈ। ਤੇਰੀਆਂ ਮੇਰੀਆਂ ਰੀਝਾਂ ਨਾਲ ਉਸਰੀਆਂ ਇਹ ਕੰਧਾਂ ਇਹ ਸਿਰਫ ਮਕਾਨ ਨਹੀਂ ਆਪਣਾ ਦੋਵਾਂ ਦਾ ਘਰ ਹੈ ।ਜਿਸਦਾ ਇੱਕ ਇੱਕ ਕੋਨਾ ਮੇਰੇ ਇਸ਼ਾਰੇ ਨਾਲ ਜਾਗਦਾ ਹੈ ਤੇ ਮੇਰੀ ਹਕੂਮਤ ਮੰਨਦਾ ਹੈ ਪਰ ਫੇਰ ਵੀ ਮੈਨੂੰ ਅਚਾਨਕ ਉਹ ਘਰ ਕਿਉਂ ਚੇਤੇ ਆ ਗਿਆ ? ਮੈਂ ਇਹ ਸਾਰਾ ਕੁਝ ਕਿਉਂ ਸੋਚਦੀ ਹਾਂ ? ਕਈ ਸਵਾਲ ਮੇਰੇ ਮੂਹਰੇ ਹਵਾ 'ਚ ਲਟਕਦੇ ਰਹਿ ਜਾਂਦੇ ਨੇ .

ਮੈਂ ਸੋਫੇ ਤੋਂ ਉੱਠ ਕੇ ਘਰ ਦਾ ਇੱਕ ਚੱਕਰ ਲਾਉਂਦੀ ਹਾਂ। ਘਰ ਦੀਆਂ ਸਾਰੀਆਂ ਬੱਤੀਆਂ ਜਗਾਉਂਦੀ ਤੇਰੇ ਬਾਰੇ ਸੋਚਣ ਲਗਦੀ ਹਾਂ ।ਤੂੰ ਉਥੋਂ ਚੱਲ ਚੁੱਕਾ ਹੋਵੇਗਾਂ .. ਪਰ ਨਹੀਂ ਜੇ ਤੁਰ ਪਿਆ ਹੁੰਦਾ ਤਾਂ ਤੇਰਾ ਫੋਨ ਆ ਜਾਣਾ ਸੀ। ਫੇਰ ਘਰ ਆਉਣ ਤੋਂ ਪਹਿਲਾਂ ਹੀ ਉਥੇ ਦੀਆਂ ਸਾਰੀਆਂ ਗੱਲਾਂ ਆਪਾਂ ਨੇ ਕਰ ਲੈਣੀਆਂ ਸੀ ਤਾਂ ਕਿ ਜਦੋਂ ਤੂੰ ਘਰ ਪਹੁੰਚਦਾ ਤਾਂ ਸਿਰਫ ਤੇਰੀ ਮੇਰੀ ਹੀ ਗੱਲ ਹੋਵੇ ਕੋਈ ਤੀਜਾ ਤੇਰੇ ਮੇਰੇ ਵਿਚਕਾਰ ਨਾ ਹੋਵੇ ।ਪਰ ਹੋ ਸਕਦੈ ਤੂੰ ਅੱਜ ਤੁਰਨ ਲੱਗਾ ਮੈਨੂੰ ਫੋਨ ਨਾ ਹੀ ਕਰੇ ?

ਸਵੇਰੇ ਅੱਜ ਤੇਰਾ ਵੀ ਮੂੰਹ ਫੁੱਲਿਆ ਪਿਆ ਸੀ ਤੇ ਮੈਂ ਵੀ ਉਦਾਸ ਸੀ ।ਉਂਜ ਮੇਰਾ ਰੋਣ ਰੋਣ ਨੂੰ ਦਿਲ ਕਰਦਾ ਸੀ ਪਰ ਮੈਂ ਰੋਈ ਨਹੀਂ ਸੀ ਕਿਉਂਕਿ ਅੱਜ ਖੁਸ਼ੀ ਦਾ ਦਿਨ ਹੈ ਅੱਜ ਆਪਣੀ ਧੀ ਦਾ ਮੰਗਣਾ ਹੈ ......



“ ਆਪਣੀ ਧੀ।”

ਤੇ ਮੇਰੇ ਅੰਦਰੋਂ ਇੱਕ ਹਉਕਾ ਚੀਸ ਬਣ ਕੇ ਨਿਕਲਿਆ ਹੈ ।ਉਹ ਮੇਰੀ ਧੀ ਨਹੀਂ ਤੇਰੀ ਧੀ ਹੈ। ਤੇਰੀ ਤੇ ਤੇਰੀ ਘਰ ਵਾਲੀ ਦੀ ਸਾਂਝ ਦੀ ਨਿਸ਼ਾਨੀ ........... ।ਕਿੰਨੇ ਦਿਨਾਂ ਤੋਂ ਤੇਰੇ ਮੇਰੇ ਵਿਚਕਾਰ ਇਹ ਬਹਿਸ ਚਲ ਰਹੀ ਸੀ ਕਿ ਮੈਨੂੰ ਵੀ ਮੰਗਣੇ ਤੇ ਜਾਣਾ ਚਾਹੀਦਾ ਹੈ ਪਰ ਮੈਂ ਇੱਕੋ ਨਾਂਹ ਫੜ ਰੱਖੀ ਸੀ ਕਿ ਮੇਰੇ ਤੋਂ ਤੇਰੇ ਘਰਦਿਆਂ ਦੇ ਸਾਹਮਣੇ ਜਾ ਨਹੀਂ ਹੋਣਾ। ਉਂਜ ਵੀ ਇਹ ਦਿਨ ਤੇਰੀ ਧੀ ਦਾ ਦਿਨ ਹੈ। ਜੇ ਕਿਧਰੇ ਉਹਨੇ ਮੈਨੂੰ ਦੇਖ ਕੇ ਮੂੰਹ ਤੇ ਵੱਟ ਪਾ ਲਿਆ ? ਮੈਂ ਉਹ ਬਰਦਾਸ਼ਤ ਨਹੀਂ ਕਰ ਸਕਾਂਗੀ ।ਉਂਜ ਤੇਰੀ ਧੀ ਮੈਨੂੰ ਚੰਗੀ ਲਗਦੀ ਹੈ। ਬਹੁਤ ਪਿਆਰੀ ਹੈ ਮੂੰਹ ਫੱਟ ਹੈ ਇਸੇ ਲਈ ਤੂੰ ਅਕਸਰ ਮੈਨੂੰ ਕਹਿਨਾ ਏ ਕਿ ਉਹ ਮੇਰੇ ਵਰਗੀ ਹੈ ...ਉਹ ਮੇਰੀ ਧੀ ਹੋਣੀ ਚਾਹੀਦੀ ਸੀ ...ਪਰ ਝੱਲਿਆ ਉਹ ਮੇਰੀ ਨਹੀਂ ਉਹ ਤੇਰੀ ਤੇ ਤੇਰੀ ਘਰਵਾਲੀ ਦੇ ਪਿਆਰ ਦੀ ਨਿਸ਼ਾਨੀ ਹੈ ... ਸ਼ਾਇਦ ਉਹਨਾਂ ਪਲਾਂ 'ਚ ਉਹ ਤੇ ਤੂੰ ਇੱਕ ਦੂਜੇ ਨੂੰ ਮੁਹੱਬਤ ਕਰਦੇ ਸੀ ?

ਤੇਰੀ ਮੁਹੱਬਤ ਦੀ ਸੋਚ ਨਾਲ ਹੀ ਮੈਂ ਘਬਰਾ ਜਾਂਦੀ ਹਾਂ ਤੇ ਪਤਾ ਨਹੀਂ ਤੇਰੀ ਘਰ ਵਾਲੀ ਨੇ ਮੈਨੂੰ ਕਿੰਜ ਸਹਿਆ ਹੋਵੇਗਾ ....

ਮੈਂ ਇੱਕ ਔਰਤ ਹਾਂ ਇਹ ਦਰਦ ਸਮਝ ਸਕਦੀ ਹਾਂ ... ਤੇਰਾ ਕਿਸੇ ਕੁੜੀ ਨਾਲ ਗੱਲ ਕਰਨਾ ਮੇਰੇ ਤੋਂ ਸਹਿ ਨਹੀ ਹੁੰਦਾ। ਫੇਰ ਤੇਰੀ ਘਰਵਾਲੀ ਮੈਨੂੰ ਕਿੰਜ ਸਹੇਗੀ ਜਿਸਦਾ ਸਾਰੇ ਦਾ ਸਾਰਾ ਜੀਵਨ ਹੀ ਮੈਂ ਆਪਣੇ ਨਾਲ ਲੈ ਆਈ ਸਾਂ .....

ਸੋਚਾਂ ਮੇਰੇ ਦਿਮਾਗ ਤੇ ਭਾਰੂ ਹੋ ਰਹੀਆਂ ਨੇ ।ਲਾਈਟਾਂ ਜਗਾਉਂਦੀ ਮੈਂ ਘਰ ਦੇ ਇੱਕ ਇੱਕ ਕਮਰੇ 'ਚ ਤੁਰੀ ਫਿਰਦੀ ਹਾਂ ।ਤੇਰਾ ਖਿਆਲ ਮੇਰੇ ਨਾਲ ਤੁਰਿਆ ਫਿਰਦਾ ਹੈ। ਰਾਤ ਦੇ 12 ਤੋਂ ਉੱਪਰ ਦਾ ਵਕਤ ਹੋ ਗਿਆ ਹੈ ।ਵੈਸੇ ਭਾਵੇਂ ਤੂੰ ਉਥੇ ਹੀ ਰਹਿ ਲੈਂਦਾ ਐਨੀ ਰਾਤ ਘਰ ਮੁੜਨ ਦਾ ਕੀ ਫਾਇਦਾ ਸਵੇਰੇ ਫੇਰ ਮੁੜਨਾ ਪਵੇਗਾ ।ਭਾਵੇਂ ਤੂੰ ਆਪਣੇ ਮਾਮ ਡੈਡ ਦੇ ਘਰ ਸੌਂ ਜਾਂਦਾ ਪਰ ਮੈਨੂੰ ਪਤਾ ਤੂੰ ਇੰਜ ਨਹੀ ਕਰੇਗਾਂ ਦਿਨੇ ਜਿਥੇ ਮਰਜੀ ਰਹੇ ਪਰ ਰਾਤ ਨੂੰ ਤੂੰ ਮੁੜਨਾ ਹੁੰਦਾ ਹੈ ਕਿਉਂਕਿ ਤੈਨੂੰ ਪਤਾ ਹੈ ਮੈਂ ਦਿਨ ਭਰ ਸੋਫੇ ਤੋਂ ਨਹੀਂ ਉੱਠੀ ਹੋਣੀ, ਨਾ ਕੁਝ ਖਾਇਆ ਹੋਣੈ ।ਕਿੰਨੀ ਵਾਰ ਤੇਰਾ ਫੋਨ ਆਇਆ ਸੀ ।ਇੱਕੋ ਗੱਲ ਬਾਰ ਬਾਰ ਆਖੀ ਸੀ ..ਕੁਝ ਖਾ ਲਵੀਂ ... ਆਪਣਾ ਧਿਆਨ ਰੱਖੀ .. ਮੈਂ ਆ ਜਾਣਾ ਰਾਤ ਨੂੰ। ਜਿੰਨਾ ਚਿਰ ਮੈਂ ਤੇਰੇ ਤੋਂ ਦੂਰ ਹਾਂ ਬਸ ਇੱਕੋ ਗੱਲ ਯਾਦ ਰੱਖੀਂ ਕਿ ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ, ਤੇਰੇ ਬਿਨਾ ਮੇਰੇ ਲਈ ਕੁਝ ਵੀ ਜ਼ਰੂਰੀ ਨਹੀਂ ਜੇ ਕਹੇ ਤਾਂ ਮੈਂ ਹੁਣੇ ਯੂ ਟਰਨ ਮਾਰ ਲੈਂਦਾ ਹਾਂ ....

ਤੇ ਮੈਨੂੰ ਤੇਰੀ ਯੂ ਟਰਨ ਵਾਲੀ ਗੱਲ ਤੋਂ ਹਾਸਾ ਆ ਜਾਂਦਾ ਹੈ ।ਪਿਛਲੇ ਸਾਲਾਂ 'ਚ ਮੈਂ ਤੇਰੀਆਂ ਕਿੰਨੀਆਂ ਹੀ ਯੂ ਟਰਨ ਮਰਵਾਈਆਂ ਹਨ ।ਜਿਥੇ ਵੀ ਹੋਵੇਂ ਮੈਂ ਜੇ ਇੱਕ ਵਾਰ ਕਹਿ ਦੇਵਾਂ ਕਿ ਮੁੜ ਆ ਤੂੰ ਮੁੜ ਆਉਂਦਾ ਏਂ। ਭਾਵੇਂ ਕਿੰਨਾ ਵੀ ਜ਼ਰੂਰੀ ਕੰਮ ਹੋਵੇ। ਤੇ ਮੈਨੂੰ ਯਾਦ ਆਉਂਦਾ ਹੈ ਇੱਕ ਵਾਰ ਜਦੋਂ ਤੂੰ ਇੰਸ਼ੋਰੈਂਸ ਦਾ ਕੰਮ ਸ਼ੁਰੂ ਕੀਤਾ ਸੀ ਤਾਂ ਤੇਰੀ ਇੱਕ ਕੋ ਵਰਕਰ ਮੇਰੇ ਪਸੰਦ ਨਹੀਂ ਸੀ। ਚੁੜੇਲ ਜਿਹੀ ਤੈਨੂੰ ਫੋਨ ਕਰਨੋ ਨਹੀਂ ਸੀ ਹਟਦੀ। ਉਮਰ ਦੀ ਛੋਟੀ ਸੀ। ਤੂੰ ਐਵੇਂ ਵੱਡਾ ਪਿਤਾਮਾ ਬਣ ਉਹਦੇ ਨਾਲ ਗੱਲਾਂ ਕਰੀ ਜਾਂਦਾ ਸੈਂ ਤੇ ਮੈਨੂੰ ਇੱਕ ਦਿਨ ਐਨੀ ਖਿਝ ਆਈ ਤੈਨੂੰ ਉਸ ਕੰਮ ਤੋਂ ਹਟਣ ਨੂੰ ਉਸ ਵੇਲੇ ਕਿਹਾ ਸੀ ਜਦੋਂ ਤੂੰ ਫਰੀ ਵੇਅ ਤੇ ਜਾ ਰਿਹਾ ਸੈਂ ਤੇ ਮੈਂ ਰੋ ਕੇ ਇੱਕ ਵਾਰ ਕਿਹਾ ਸੀ ਕਿ ਮੇਰੇ ਤੋਂ ਇਹ ਸਾਰਾ ਕੁਝ ਸਹਿ ਨਹੀਂ ਹੁੰਦਾ। ਮੈਨੂੰ ਪਤੈ ਤੂੰ ਅਜਿਹਾ ਨਹੀਂ ਪਰ ਇਹਨਾਂ ਚੁੜੇਲਾ ਦਾ ਕੀ ਆ। ਅੱਜ ਤੇਰੇ ਨਾਲ ਗੱਲਾਂ ਕਰਦੀਆਂ ਕੱਲ੍ਹ ਨੂੰ ਕਿਸੇ ਨਾਲ।

ਤੇ ਉਸ ਦਿਨ ਘਰ ਮੁੜਦਿਆਂ ਤੂੰ ਖਿਝਿਆ ਵੀ ਸੀ ਪਰ ਮੈਨੂੰ ਉਸ ਵੇਲੇ ਹਾਸਾ ਵੀ ਆ ਗਿਆ ਸੀ ਜਦੋਂ ਤੂੰ ਕਿਹਾ ਸੀ ਕਿ

"ਤੈਨੂੰ ਪਤੈ ਫਰੀ ਵੇਅ ਤੋਂ ਯੂ ਟਰਨ ਮਾਰਨੀ ਔਖੀ ਐ ...ਮੈਨੂੰ ਕਾਹਲੀ 'ਚ ਕੋਈ ਇਗਜ਼ਿੱਟ ਨਹੀ ਸੀ ਮਿਲ ਰਿਹੈ।"

ਤੇਰੀ ਇਸ ਭੋਲੀ ਗੱਲ ਤੇ ਮੈਂ ਖਿੜ ਖਿੜਾ ਕੇ ਹੱਸ ਪਈ ਸੀ ਕਿਉਂਕਿ ਤੇਰੀ ਇਹ ਆਦਤ ਅੱਜ ਦੀ ਨਹੀਂ ਬਚਪਨ ਤੋਂ ਹੀ ਤੂੰ ਅਜਿਹਾ ਏਂ ... ਭੋਲਾ ਜਿਹਾ ....

ਤੇ ਮੈਂ ਬਚਪਨ ਦੀਆਂ ਗੱਲਾਂ ਸੋਚਣ ਲੱਗ ਜਾਂਦੀ ਹਾਂ ਜਦੋਂ ਤੂੰ ਤੇ ਮੈਂ ਇਕੱਠੇ ਖੇਡਦੇ ਹੁੰਦੇ ਸੀ । ਮੈਂ ਉਦੋਂ ਵੀ ਤੇਰੇ ਨਾਲ ਇੰਜ ਹੀ ਲੜਿਆ ਕਰਦੀ ਸੀ । ਤੇਰੇ ਤੇ ਮੇਰਾ ਰੋਹਬ ਪਹਿਲੇ ਦਿਨ ਤੋਂ ਹੀ ਸੀ । ਦੋ ਕੁ ਵਰ੍ਹੇ ਵੱਡੀ ਜਿਉਂ ਸਾਂ । ਤੂੰ ਉਸੇ ਗੁੱਡੀ ਨਾਲ ਲਾਵਾਂ ਲੈਂਦਾ ਜਿਹੜੀ ਮੈਨੂੰ ਪਸੰਦ ਸੀ। ਜੇ ਕਿਧਰੇ ਤੂੰ ਕਿਸੇ ਹੋਰ ਗੁੱਡੀ ਨੂੰ ਚੁੱਕ ਲੈਂਦਾ ਤਾਂ ਮੈਂ ਤੇਰੇ ਨਾਲ ਰੁੱਸ ਜਾਂਦੀ ਤੇ ਫੇਰ ਉਹੀ ਰੁੱਸਣਾ ਤੇ ਉਹੀ ਮਨਾਉਣਾ । ਜ਼ਿੰਦਗੀ ਕਿਥੋਂ ਤੋਂ ਕਿਥੇ ਆ ਪਹੁੰਚੀ ਹੈ ਪਰ ਤੂੰ ਨਹੀ ਬਦਲਿਆ ਉਂਜ ਹਲਾਤ ਬਦਲ ਗਏ ਨੇ ਆਪਾਂ ਹੁਣ ਬੁੱਢੇ ਵੀ ਹੋ ਚਲੇ ਹਾਂ ਹੁਣ ਤਾਂ ਸੁਖ ਨਾਲ ਆਪਣੇ ਨਿਆਣੇ ਵੀ ਵਿਹਾਉਣ ਜੋਗਰੇ ਹੋ ਗਏ ਨੇ ........

ਤੇ ਨਿਆਣਿਆਂ ਦੀ ਸੋਚ ਨਾਲ ਹੀ ਮੇਰੇ ਅੰਦਰ ਇੱਕ ਹੱਲ ਚੱਲ ਪੈਦਾ ਹੋ ਜਾਂਦੀ ਹੈ। ਇਹ ਨਿਆਣੇ ਮੇਰੇ ਤੇ ਨਹੀਂ ..ਤੇਰੇ ਹੀ ਨੇ ਪਤਾ ਨਹੀਂ ਕਿਉਂ ਇਹਨਾਂ ਨਾਲ ਮੈਨੂੰ ਮੋਹ ਹੈ ਕਿਉਂਕਿ ਇਹ ਤੇਰੇ ਵਜੂਦ ਦਾ ਹਿੱਸਾ ਨੇ ... ਪਰ ਉਹਨਾਂ 'ਚ ਤੇਰੀ ਘਰਵਾਲੀ ਦੀ ਤਸਵੀਰ ਝਲਕਦੀ ਹੈ। ਇਸੇ ਲਈ ਅੱਜ ਮੈਂ ਤੇਰੇ ਨਾਲ ਮੰਗਣੇ ਤੇ ਨਹੀਂ ਗਈ ..... .

ਮੇਰੇ ਸਿਰ ਨੂੰ ਚੱਕਰ ਆਉਂਦਾ ਮਹਿਸੂਸ ਹੁੰਦਾ ਹੈ । ਘਰ ਦਾ ਕੋਨਾ ਕੋਨਾ ਜਗ ਰਿਹਾ ਹੈ ਪਰ ਮੇਰੇ ਅੰਦਰ ਅੱਜ ਇੱਕ ਘੋਰ ਹਨੇਰ ਹੈ। ਅਜਿਹਾ ਹਨੇਰ ਜਿਸ ਤੋਂ ਮੈਨੂੰ ਖੁਦ ਨੂੰ ਡਰ ਆਉਂਦਾ ਹੈ। ਮੈਂ ਫੈਮਿਲੀ ਰੂਮ ਦਾ ਇੱਕ ਚੱਕਰ ਕੱਟਦੀ ਕਿਚਨ 'ਚ ਜਾਂਦੀ ਹਾਂ। ਸਵੇਰ ਦਾ ਕੁਝ ਖਾਧਾ ਵੀ ਨਹੀਂ ਹੈ । ਰੋਟੀ ਤਾਂ ਮੈਂ ਉਂਜ ਵੀ ਨਹੀਂ ਬਣਾਉਂਦੀ ਜਦੋਂ ਤੂੰ ਨਹੀ ਹੁੰਦਾ । ਖਾਣ ਪੀਣ ਦੇ ਮਾਮਲੇ 'ਚ ਤਾਂ ਤੂੰ ਜਮਾਂ ਹੀ ਕਿਸੇ ਸਾਧੂ ਸੰਤ ਵਰਗਾ ਏਂ, ਕਦੀ ਲੂਣ ਦੀ ਸ਼ਿਕਾਇਤ ਨਹੀਂ, ਕਦੀ ਕਿਸੇ ਚੀਜ਼ ਦੀ ਖਾਸ ਮੰਗ ਨਹੀਂ ਕਰਦਾ ...ਜੋ ਪਕਾ ਦੇਵਾਂ ਖਾ ਲੈਂਦਾ ਏਂ, ਤੇਰੇ ਲਈ ਸਿਰਫ ਇੰਨਾ ਹੀ ਕਾਫੀ ਹੈ ਕਿ ਉਹ ਚੀਜ਼ ਮੈਂ ਬਣਾਈ ਹੈ ਮੇਰੇ ਹੱਥਾਂ ਦੀ ਤਾਂ ਜ਼ਹਿਰ ਵੀ ਹੋਵੇ ਤੂੰ ਖਾ ਜਾਵੇਂਗਾ .....ਪਤਾ ਨਹੀਂ ਇਹ ਸੱਚ ਹੈ ਜਾਂ ਝੂਠ ਪਰ ਅਕਸਰ ਤੂੰ ਇਉਂ ਕਹਿਨਾ ਏ ..... ਵੈਸੇ ਵੀ ਕਿਚਨ ਦੇ ਕੰਮ 'ਚ ਮੈਂ ਚੰਗੀ ਵੀ ਨਹੀਂ ਬੱਸ ਉਹੀ ਬਣਾਉਂਦੀ ਹਾਂ ਜੋ ਮੈਨੂੰ ਚੰਗਾ ਲਗਦਾ ਹੈ ਤੇ ਤੇਰੇ ਪਸੰਦ ਹੈ।

ਕਿਚਨ 'ਚ ਖੜੀ ਹੋ ਕੇ ਮੈਂ ਆਲੇ ਦੁਆਲੇ ਦੇਖਦੀ ਹਾਂ। ਕਿਚਨ ਸਾਫ਼ ਸੁਥਰੀ ਹੈ ਜਿਵੇਂ ਸਾਲ ਭਰ ਤੋਂ ਇਥੇ ਕੁਝ ਕੁੱਕ ਨਹੀਂ ਕੀਤਾ ਗਿਆ ਹੋਵੇ । ਖ਼ੂਬਸੂਰਤ ਕਿਚਨ ਇੱਕ ਸੁਘੜ ਸਿਆਣੀ ਔਰਤ ਦੀ ਕਿਚਨ ਵਾਂਗ ਲਿਸ਼ਕ ਰਹੀ ਹੈ । ਉਂਜ ਮੈਂ ਸੁਘੜ ਸਿਆਣੀ ਨਹੀਂ ਹਾਂ .....ਇਉਂ ਹੀ ਤਾਂ ਮੇਰੀ ਸੱਸ ਮੈਨੂੰ ਕਿਹਾ ਕਰਦੀ ਸੀ ਕਿ ਤੇਰੀ ਮਾਂ ਨੇ ਤੈਨੂੰ ਕੁਚੱਜੀ ਨੂੰ ਕੁਝ ਸਿਖਾਇਆ ਨਹੀਂ .....

ਇਸੇ ਸੋਚ ਨਾਲ ਮੇਰੇ ਅੰਦਰ ਕੁਝ ਟੁੱਟਦਾ ਜਿਹਾ ਮਹਿਸੂਸ ਹੁੰਦਾ ਹੈ । ਉਹਨਾਂ ਦਿਨਾਂ 'ਚ ਮੈਂ ਵਿਆਹੀ ਆਈ ਸੀ । ਸਤਾਰਾਂ ਵਰਿਆਂ ਦੀ ਨਿੱਕੀ ਜਿਹੀ ਜੁਆਕੜੀ ਤੇ ਮੇਰੀ ਸੱਸ ਨੇ ਮੇਰੇ ਮੂਹਰੇ ਅੰਡੇ ਲਿਆ ਧਰੇ ਸਨ :

" ਆਹ ਆਮਲੇਟ ਬਣਾ ਦੇ ਵਹੁਟੀਏ ਜਸਮੀਤ ਦੇ ਪਸੰਦ ਦਾ।"

ਤੇ ਮੈਨੂੰ ਇਹ ਨਹੀਂ ਸੀ ਪਤਾ ਕਿ ਜਸਮੀਤ ਦੀ ਪਸੰਦ ਕੀ ਸੀ ? ਸਾਰੀ ਉਮਰ ਮੇਰੇ ਪੇਕੇ ਘਰ ਅੰਡੇ ਨਹੀਂ ਸੀ ਦੇਖੇ। ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਇਹਨਾਂ ਆਂਡਿਆਂ ਨੂੰ ਤੋੜਨਾ



ਕਿਵੇਂ ਹੈ ? ਮੈ ਆਪਣੀ ਸੱਸ ਵੱਲ ਇਉਂ ਦੇਖਿਆ ਸੀ ਜਿਵੇਂ ਉਹ ਕਿਸੇ ਦੂਜੇ ਦੇਸ਼ ਤੋਂ ਆਈ ਹੋਵੇ ਜਾਂ ਫਿਰ ਮੈਂ ਹੀ ਕਿਧਰੇ ਗਲਤ ਥਾਂ ਤੇ ਪਹੁੰਚ ਗਈ ਸਾਂ।

" ਮੰਮੀ ਮੈਨੂੰ ਆਮਲੇਟ ਨਹੀਂ ਬਣਾਉਣਾ ਆਉਂਦਾ।"

ਇਸ ਤੋਂ ਪਹਿਲਾਂ ਮੰਮੀ ਕੁਝ ਜਵਾਬ ਦਿੰਦੀ ਜਸਮੀਤ ਬੋਲ ਪਿਆ ਸੀ

" ਕੋਈ ਨਾ ਮੰਮੀ ਰਹਿਣ ਦੇ ਜੇ ਉਹਨੂੰ ਨਹੀਂ ਆਉਂਦਾ ਤਾਂ ਮੈਂ ਆਪੇ ਬਣਾ ਲੈਂਦਾ।"

ਤੇ ਅਗਲੇ ਕੁਝ ਪਲਾਂ 'ਚ ਕਿਚਨ ਦੇ ਫਲੋਰ ਤੇ ਆਂਡਿਆਂ ਸਮੇਤ ਫਰਾਈਪੈਨ ਤੇ ਪਤਾ ਨਹੀਂ ਹੋਰ ਕਿੰਨਾ ਕੁਝ ਖਿਲਰਿਆ ਪਿਆ ਸੀ । ਜਸਮੀਤ ਨੇ ਮੈਨੂੰ ਬੈੱਡ ਰੂਮ 'ਚ ਚਲੇ ਜਾਣ ਦਾ ਇਸ਼ਾਰਾ ਕੀਤਾ ਸੀ । ਤੇ ਮੈਂ ਉਸ ਦਿਨ ਰੱਜ ਕੇ ਰੋਈ ਸਾਂ । ਜਸਮੀਤ ਨੇ ਬਹੁਤ ਕਿਹਾ ਸੀ ਕਿ ਮੰਮੀ ਦੀ ਆਦਤ ਹੈ .... ਪਰ ਹੌਲੀ ਹੌਲੀ ਮੰਮੀ ਦੀ ਆਦਤ ਮੇਰੇ ਡਿਪ੍ਰੈਸ਼ਨ ਦਾ ਕਾਰਨ ਬਣ ਗਈ ਸੀ । ਜਸਮੀਤ ਤੇ ਮੈਂ ਇੱਕ ਦੂਜੇ ਨੂੰ ਨਫਰਤ ਨਹੀਂ ਸੀ ਕਰਦੇ ਪਰ ਉਥੇ ਕੋਈ ਪਿਆਰ ਵੀ ਨਹੀਂ ਸੀ । ਉਹ ਚੁੱਪ ਚੁਪੀਤਾ ਜਿਹਾ ਇਨਸਾਨ ਤੇ ਮੈਂ ਜ਼ਿੰਦਗੀ ਨੂੰ ਭਰਪੂਰ ਜਿਉਣ ਤੇ ਮਾਣਨ 'ਚ ਵਿਸ਼ਵਾਸ ਰਖਣ ਵਾਲੀ ... ਮੈਨੂੰ ਦਿਲ ਖੋਲ੍ਹ ਕੇ ਹੱਸਣਾ ਚੰਗਾ ਲਗਦਾ ਤੇ ਉਹਨੂੰ ਹਾਸਿਆਂ ਤੋਂ ਰੱਜ ਕੇ ਨਫਰਤ ...ਸਾਡੇ ਦੋਵਾਂ 'ਚ ਕੁਝ ਵੀ ਤੇ ਸਾਂਝਾ ਨਹੀਂ ਸੀ । ਬੱਸ ਜ਼ਿੰਦਗੀ ਨੇ ਸਾਨੂੰ ਇਕੱਠੇ ਕਰ ਕੇ ਇੱਕ ਥਾਂ ਖੜਾ ਕਰ ਦਿੱਤਾ ਸੀ । ਉਹ ਕਿਸੇ ਅਮਰੀਕਣ ਕੁੜੀ ਨੂੰ ਪਿਆਰ ਕਰਦਾ ਸੀ ਪਰ ਮਾਂ ਨੇ ਖਿੱਚ ਧੂਹ ਕੇ ਮੇਰੇ ਨਾਲ ਵਿਆਹ ਦਿੱਤਾ ਸੀ। ਮੈਨੂੰ ਉਹਦੀ ਇਸ ਗੱਲ ਨਾਲ ਕੋਈ ਗਿਲਾ ਨਹੀਂ ਸੀ। ਉਹ ਕਿਸੇ ਨੂੰ ਮੁਹੱਬਤ ਕਰਦਾ ਸੀ ... ਮੇਰੇ ਆਉਣ ਤੋਂ ਪਹਿਲਾਂ ਉਹਦੀ ਜ਼ਿੰਦਗੀ 'ਚ ਕੀ ਹੋਇਆ ਇਹਦੇ ਨਾਲ ਮੈਨੂੰ ਕੋਈ ਵਾਸਤਾ ਨਹੀਂ ਸੀ ...

ਤੇ ਮੈਂ .........?

ਮੈਂ ਵੀ ਤਾਂ ਕਿਧਰੇ ਨਾ ਕਿਧਰੇ ਤੇਰੀ ਮੁਹੱਬਤ ਨੂੰ ਭੁਲਾ ਨਹੀਂ ਸੀ ਸਕੀ ........ ਤੂੰ ਹਮੇਸ਼ਾ ਮੇਰੀ ਰੂਹ ਦੇ ਨੇੜੇ ਰਿਹਾ ਸੈਂ ...ਬਿਲਕੁਲ ਉਸੇ ਤਰ੍ਹਾਂ ਜਿਵੇਂ ਆਪਾਂ ਉਦੋਂ ਸੀ ਜਦੋਂ ਆਪਾਂ ਨੂੰ ਪਿਆਰ ਮੁਹੱਬਤ ਦੇ ਮਤਲਬ ਵੀ ਨਹੀਂ ਸੀ ਆਉਂਦੇ । ਪਰ ਐਨਾ ਪਤਾ ਸੀ ਕਿ ਆਪਾਂ ਹਮੇਸ਼ਾ ਇਉਂ ਹੀ ਰਹਾਂਗੇ। ਗੁੱਡੀ ਗੁੱਡੇ ਦੇ ਵਿਆਹ ਵਾਂਗ ਆਪਾਂ ਵੀ ਵਿਆਹ ਕਰਾਂਗੇ। ਇੱਕ ਘਰ ਬਣਾਵਾਂਗੇ ਗੁੱਡੇ ਗੁੱਡੀ ਦੇ ਘਰ ਵਰਗਾ ...ਫ਼ੇਰ ਕਦੀ ਲੜਾਂਗੇ ਕਦੀ ਰੁਸਾਂਗੇ ਕਦੀ ਇੱਕ ਦੂਜੇ ਨੂੰ ਮਨਾਵਾਂਗੇ ....

ਜਿਵੇਂ ਹੁਣ ਕਰਦੇ ਹਾਂ ਜ਼ਿਆਦਾ ਤਰ ਮੈਂ ਹੀ ਗੁੱਸੇ ਹੁੰਦੀ ਹਾਂ। ਤੈਨੂੰ ਗੁੱਸਾ ਕਦੇ ਵਰ੍ਹੇ ਛਿਮਾਹੀ ਹੀ ਆਉਂਦਾ ਹੈ ਤੇ ਮੈਨੂੰ ਤਾਂ ਇਹ ਵੀ ਨਹੀਂ ਪਤਾ ਹੁੰਦਾ ਮੈਨੂੰ ਗੁੱਸਾ ਕਿਉਂ ਆਉਂਦਾ ਹੈ ? ਤੇ ਤੂੰ ਅਕਸਰ ਮੈਨੂੰ ਕਹਿੰਦਾ ਏਂ

" ਯਾਰ ਤੈਨੂੰ ਤਾਂ ਮਨਾਉਣਾ ਬਹੁਤ ਔਖਾ ਹੈ।"

ਤੇ ਤੂੰ ਗੋਢਿਆਂ ਭਾਰ ਬੈਠ ਕੇ ਕੰਨ ਫੜਦਾ ਮੇਰੇ ਤੋਂ ਮੁਆਫੀ ਮੰਗ ਲੈਂਦਾ ਏਂ ਤੇ ਮੈਂ ਖਿੜ ਖਿੜਾ ਹੱਸ ਪੈਂਦੀ ਹਾਂ ਤੇ ਤੂੰ ਮੈਨੂੰ ਬਾਹਵਾਂ 'ਚ ਭਰ ਕੇ ਚੁੰਮ ਲੈਂਦਾ ਏਂ। ਬੱਸ ਇੰਨੀ ਹੀ ਹੈ ਆਪਣੀ ਲੜਾਈ ... ਨਾ ਮੈਂ ਲੜੇ ਬਿਨਾ ਰਹਿ ਸਕਦੀ ਆਂ ਤੇ ਨਾ ਹੀ ਤੇਰੇ ਬਿਨਾ ....... ਪਤਾ ਨਹੀਂ ਆਪਣਾ ਇਹ ਰਿਸ਼ਤਾ ਕਿਹੋ ਜਿਹਾ ਹੈ ਜਿਸਨੂੰ ਦੁਨੀਆਂ ਪ੍ਰਵਾਨ ਕਰੇ ਜਾਂ ਨਾ ਕਰੇ ਪਰ ਆਪਾਂ ਦੋਵਾਂ ਨੇ ਇਸ ਰਿਸ਼ਤੇ ਨੂੰ ਐਨੇ ਵਰ੍ਹਿਆਂ ਤੋਂ ਨਿਭਾਇਆ ਹੈ ਪੂਰੀ ਦੀ ਪੂਰੀ ਜ਼ਿੰਦਗੀ ਜੀਵੀ ਹੈ । ਦੁਨੀਆਂ ਦੀ ਪ੍ਰਵਾਹ ਕੀਤੇ ਬਿਨਾ .... ਤੇ ਦੁਨੀਆਂ ਦਾ ਕੀ ਹੈ ਇਹ ਤਾਂ ਉਸੇ ਰਿਸ਼ਤੇ ਨੂੰ ਪ੍ਰਵਾਨ ਕਰਦੇ ਨੇ ਜਿਥੇ ਕੋਈ ਪਿਆਰ ਨਹੀ ਹੁੰਦਾ ਕੋਈ ਸਾਂਝ ਨਹੀਂ ਹੁੰਦੀ, ਬੱਸ ਸਿਰ ਸੁੱਟ ਕੇ ਜ਼ਿੰਦਗੀ ਜਿਉਂਦੇ ਜਾਵੋ ......

ਇੱਕ ਹਉਕਾ ਮੇਰੇ ਅੰਦਰੋਂ ਨਿੱਕਲਦਾ ਹੋਇਆ ਸਟੋਵ ਤੇ ਉਬਲਦੀ ਚਾਹ ਦੀ ਭਾਫ 'ਚ ਇੱਕਮਿੱਕ ਹੋ ਜਾਂਦਾ ਹੈ । ਚਾਹ ਦਾ ਕੱਪ ਫੜ ਮੈਂ ਮੁੜ ਸੋਫੇ ਤੇ ਆ ਬੈਠਦੀ ਹਾਂ ...ਸਾਹਮਣੇ ਦਰਵਾਜੇ ਵਾਲ ਮੂੰਹ ਕਰਕੇ ਤਾਂ ਕਿ ਤੇਰੇ ਆਉਂਦਿਆਂ ਮੈਨੂੰ ਤੇਰੀ ਕਾਰ ਦੀ ਲਾਇਟ ਦਿਸ ਜਾਵੇ ਤੇ ਮੈਂ ਭੱਜ ਕੇ ਤੈਨੂੰ ਦਰਵਾਜ਼ੇ ਤੇ ਰਸੀਵ ਕਰਾਂ। ਤੇਰੀ ਸਾਰੀ ਥਕਾਵਟ ਪਲ 'ਚ ਲਹਿ ਜਾਵੇਗੀ। ਫੇਰ ਤੇਰੇ ਤੋਂ ਉਥੇ ਦੀਆਂ ਸਾਰੀਆਂ ਗੱਲਾਂ ਪੁੱਛਾਂਗੀ ।ਆਪਣੀ ਧੀ ਦੇ ਮੰਗਣੇ ਦਾ ਹਾਲ ..ਉਥੇ ਕੀ ਕੀ ਹੋਇਆ ..ਕੌਣ ਕੌਣ ਆਇਆ ...ਮੇਰੇ ਬਾਰੇ ਕਿਸੇ ਨੇ ਪੁੱਛਿਆ ਵੀ ਜਾਂ ਨਹੀਂ ?

ਗਰਮ ਚਾਹ ਦਾ ਘੁੱਟ ਮੇਰੀ ਜੀਭ ਨੂੰ ਲੂਹ ਗਿਆ .......

ਭਲਾ ਮੇਰੇ ਬਾਰੇ ਕੌਣ ਪੁੱਛੇਗਾ ਤੈਨੂੰ ...ਸ਼ਾਇਦ ਤੇਰੇ ਮਾਮ ਡੈਡ ਪੁਛ ਲੈਣ ਕਿਉਂਕਿ ਮੈਂ ਉਹਨਾਂ ਦੇ ਪਿਆਰੇ ਪੁੱਤ ਦੀ ਖੁਸ਼ੀ ਹਾਂ. ਜੇ ਅੱਜ ਅਸੀਂ ਇਕਠੇ ਹਾਂ ਤਾਂ ਸਿਰਫ ਉਹਨਾਂ ਦੀ ਵਜਾਹ ਨਾਲ ਨਹੀਂ ਤਾਂ ਵਿਆਹ ਤੋੜਨੇ ਅਸਾਨ ਤਾਂ ਨਹੀਂ ਹੁੰਦੇ । ਭਾਵੇਂ ਬੰਦਾ ਕਿੰਨਾ ਵੀ ਐਡਵਾਂਸ ਕਿਉਂ ਨਾ ਹੋਵੇ ਐਨੀਆਂ ਜ਼ਿੰਦਗੀਆਂ ਨੂੰ ਤੋੜਨਾ ਸੌਖਾ ਨਹੀਂ । ਤੇ ਮੈਂ ਫੇਰ ਉਹਨਾਂ ਰਾਹਾਂ ਤੇ ਪਹੁੰਚ ਜਾਂਦੀ ਹਾਂ ਜਿਥੇ ਆਪਾਂ ਮਿਲੇ ਸੀ ...ਵਿਛੜੇ ਸੀ ਤੇ ਫੇਰ ਮਿਲੇ ਸੀ .....

ਗੁੱਡੇ ਗੁੱਡੀਆਂ ਦੇ ਵਿਆਹ ਵਾਲੀ ਜ਼ਿੰਦਗੀ ਖਤਮ ਹੈ ਗਈ ਸੀ । ਆਪਾਂ ਵੱਡੇ ਹੋ ਗਏ ਸੀ ਭਾਵੇਂ ਆਪਾਂ ਨੂੰ ਮਹਿਸੂਸ ਨਹੀਂ ਸੀ ਹੁੰਦਾ। ਪਰ ਘਰਦੇ ਕਹਿੰਦੇ ਸੀ ਕਿ ਆਪਾਂ ਹੁਣ ਵੱਡੇ ਹੋ ਗਏ ਹਾਂ ..... ਮੈਂ ਵੱਡੀ ਨਹੀਂ ਸੀ ਹੋਣਾ ਚਾਹੁੰਦੀ ਅਜਿਹੇ ਵੱਡੇ ਪਣ ਨੂੰ ਕੀ ਕਰਨਾ ਜਿਸਦੀ ਕੀਮਤ ਤੇਰੇ ਤੋਂ ਦੂਰੀ ਸੀ ? ਹਾਲਤ ਉਹ ਨਹੀਂ ਸੀ ਰਹੇ ਤੇਰਾ ਜਨੂੰਨ ਮੈਨੂੰ ਡਰਾਉਂਦਾ ਸੀ ਕਈ ਵਾਰ । ਤੂੰ ਹੱਕ ਤੇ ਸੱਚ ਲਈ ਲੜਨ ਵਾਲਾ ਬੰਦਾ ਤੇ ਤੂੰ ਸ਼ੁਰੂ ਤੋਂ ਹੀ ਜਨੂੰਨੀ ਸੈਂ...ਕਿਸੇ ਨਾ ਕਿਸੇ ਗੱਲ 'ਚ ਉਲਝ ਜਾਂਦਾ ਆਪਣੀ ਜ਼ਿੱਦ ਤੇ ਆਪਣੇ ਅਸੂਲਾਂ ਲਈ ਲੜਦਾ ... ਜਿਥੇ ਵੀ ਕਿਸੇ ਸਟੈਂਡ ਲੈਣਾ ਤਾਂ ਆਪਾ ਵਾਰ ਦਿੰਦਾ ।ਲੋਕ ਤੈਨੂੰ ਸਿਰ ਫਿਰਿਆ ਆਖਦੇ ....ਪਰ ਤੇਰੀ ਸ਼ਖ਼ਸੀਅਤ 'ਚੋਂ ਜਨੂੰਨ ਮਨਫੀ ਕਰ ਦਿੱਤਾ ਜਾਵੇ ਤਾਂ ਫੇਰ ਤੂੰ ਤੂੰ ਨਹੀਂ ਸੀ ਰਹਿਣਾ । ਤੇਰੀ ਇਹੀ ਆਦਤ ਮੈਨੂੰ ਪਸੰਦ ਸੀ ... ਤੇਰੀ ਇਸੇ ਅਦਾ ਨਾਲ ਮੈਨੂੰ ਇਸ਼ਕ ਸੀ ... ਤੇ ਇੱਕ ਦਿਨ ਇਹੀ ਤੇਰਾ ਜਨੂੰਨ ਤੈਨੂੰ ਸਲਾਖਾਂ ਪਿਛੇ ਲੈ ਗਿਆ ਤੇ ਮੇਰੇ ਬਾਪ ਨੇ ਮੈਨੂੰ ਕਿਸੇ ਡਰ ਤੋਂ ਸਹਿਮ ਕੇ ਮੈਨੂੰ ਵਿਆਹ ਦਿੱਤਾ ਸੀ ਤੇ ਮੈਂ ਅਨਜਾਣ ਧਰਤੀ ਤੇ ਅਨਜਾਣ ਬੰਦੇ ਦੇ ਲੜ ਲੱਗ ਕੇ ਅਜਨਬੀ ਲੋਕਾਂ 'ਚ ਆ ਬੈਠੀ ਸਾਂ ..... । ਆਪਣੇ ਸਿਰ ਨੂੰ ਝਟਕਦੀ ਹਾਂ। ਵਰ੍ਹੇ ਪਿਛੇ ਮੁੜਨ ਦੀ ਮੇਰੇ 'ਚ ਹਿੰਮਤ ਨਹੀਂ ਹੈ ਉਹਨਾਂ ਦਿਨਾਂ ਬਾਰੇ ਸੋਚਣਾ ਨਹੀਂ ਚਾਹੁੰਦੀ ਜਦੋਂ ਤੈਨੂੰ ਮਿਲੇ ਬਿਨਾ, ਦੇਖੇ ਬਿਨਾ ਜਹਾਜ਼ ਚੜ ਕੇ ਦੂਜੀ ਦੁਨੀਆਂ 'ਚ ਪਹੁੰਚ ਗਈ ਸਾਂ।

" ਹਾਏ ਨੀ ਚੰਦਰੀਏ ਔਰਤੇ .. ਤੇਰਾ ਆਪਣਾ ਕੋਈ ਵਜੂਦ ਹੀ ਨਹੀਂ .. ਮਾਂ ਨੇ ਜੰਮਿਆ ਪਾਲਿਆ ..ਬਾਪ ਨੇ ਜੁਆਨ ਹੁੰਦਿਆਂ ਜਿਥੇ ਚਾਹਿਆ ਵਿਆਹ ਦਿੱਤਾ ... ਪਤੀ ਨੇ ਜਿਵੇਂ ਚਾਹਿਆ ਵਰਤਿਆ ... ਪਿਆਰ ਸੀ ਜਾਂ ਨਹੀ ਜਦੋਂ ਚਾਹਿਆ ਬੱਚਾ ਜੰਮ ਦਿੱਤਾ .. ਚੰਦਰੀਏ ਤੇਰੇ ਦਿਲ ਦੀ ਤਾਂ ਕਿਸੇ ਨੇ ਵੀ ਨਾ ਪੁੱਛੀ ?"

ਖਿਆਲ ਮੇਰੇ ਉੱਪਰ ਹਾਵੀ ਹੋ ਗਏ ਲੱਗਦੇ ਨੇ । ਹੁਣ ਮੇਰੇ ਚਾਹ ਨਹੀਂ ਲੰਘ ਰਹੀ। ਵੈਸੇ ਤਾਂ ਮੈਂ ਪਿਛਲੇ ਦੋ ਦਿਨਾਂ ਤੋਂ ਕੁਝ ਖਾ ਨਹੀਂ ਸਕੀ .....ਚਾਹ ਦਾ ਕੱਪ ਮੈਂ ਕੌਫੀ ਟੇਬਲ ਤੇ ਰੱਖ ਫੇਰ ਪਿਛਾਹ ਮੁੜ ਜਾਂਦੀ ਹਾਂ .. ..... ਇੱਕ ਨਿੱਕੀ ਜਿਹੀ ਜ਼ਿੰਦਗੀ ਮੈਂ ਜਸਜੀਤ ਨਾਲ ਜੀਵੀ ਸੀ। ਚੁੱਪ ਚੁਪੀਤਾ ਉਹ ਬੰਦਾ ਜਿਹੜਾ ਮੈਨੂੰ ਕਦੀ ਰੂਹ ਨਾਲ ਆਪਣਾ ਨਹੀਂ ਸੀ ਕਹਿ ਸਕਿਆ ਤੇ ਮੈਂ ਕਦੀ ਉਹਦੀ ਬਣ ਨਹੀਂ ਸੀ ਸਕੀ । ਪਰ ਸਾਡਾ ਇੱਕ ਘਰ ਸੀ ਆਲੀਸ਼ਾਨ ਮਕਾਨ ਜਿਥੇ ਦੁਨੀਆਂ ਭਰ ਦੇ ਉਹਦੇ ਰਿਸ਼ਤੇਦਾਰ ਆਉਂਦੇ, ਹੱਸਦੇ ਖੇਡਦੇ ਤੇ ਮੈਂ ਇੱਕ ਚੰਗੀ ਬਹੂ ਹੋਣ ਦਾ ਡ੍ਰਾਮਾ ਰੋਜ਼



ਨਿਭਾਉਂਦੀ ਤੇ ਰਾਤ ਢਲਦਿਆਂ ਅਸੀਂ ਆਪੋ ਆਪਣੇ ਸੁਪਨਿਆਂ 'ਚ ਗੁਆਚ ਜਾਂਦੇ । ਪਰ ਉਸੇ ਟੁੱਟ ਭੱਜ 'ਚ ਮੈਂ ਮਾਂ ਬਣ ਗਈ ਸਾਂ ......

ਜ਼ਿੰਦਗੀ ਨੇ ਇੱਕ ਹੁਸੀਨ ਮੋੜ ਲੈ ਲਿਆ ਸੀ। ਇੱਕ ਨਿੱਕਾ ਜਿਹਾ ਬੇਟਾ ਮੇਰੀ ਝੋਲੀ 'ਚ ਸੀ ...ਪਰ ਇੱਕ ਦਿਨ ਅਚਾਨਕ ਮੈਂ ਜਿਵੇ ਡਰਾਉਣੇ ਸੁਪਨੇ 'ਚੋਂ ਜਾਗੀ, ਘਰ ਦਾ ਦਰਵਾਜ਼ਾ ਖੜਕਿਆ। ਜਸਜੀਤ ਦੀ ਪਹਿਲੀ ਮਹਿਬੂਬਾ ਚਾਰ ਸਾਲ ਦੀ ਧੀ ਲੈ ਕੇ ਦਰਵਾਜ਼ੇ ਤੇ ਖੜੀ ਸੀ । ਤੇ ਫੇਰ ਘਰ ਦਾ ਸਾਰਾ ਮਹੌਲ ਹੀ ਬਦਲ ਗਿਆ। ਇੱਕ ਫੁੱਲ ਭਰ ਧੀ ਦਾ ਸਵਾਲ ਸੀ ਤੇ ਜਸਜੀਤ ਨੇ ਉਸ ਧੀ ਤੋਂ ਮੈਨੂੰ ਵਾਰ ਦਿੱਤਾ ਸੀ । ਅੱਜ ਸੋਚਦੀ ਹਾਂ ਤਾਂ ਉਹਦਾ ਫੈਸਲਾ ਗਲਤ ਨਹੀਂ ਸੀ। ਰਿਸ਼ਤਿਆਂ 'ਚ ਸਿਆਣੇ ਲੋਕ ਬੇਇਮਨੀਆਂ ਕਰਦੇ ਨੇ। ਨਿੱਕੇ ਨਿਆਣੇ ਤਾਂ ਨਹੀਂ ਕਰਦੇ ਪਰ ਉਦੋਂ ਉਹ ਨਿੱਕੀ ਜਿਹੀ ਬੱਚੀ ਮੈਨੂੰ ਮੋਹਰੇ ਵਰਗੀ ਜਾਪਦੀ ... ਉਹ ਮੇਰੇ ਵੱਲ ਬਾਹਾਂ ਖਿਲਾਰਦੀ ਤੇ ਮੈਂ ਮੂੰਹ ਵੱਟ ਕੇ ਪਾਸਾ ਬਦਲ ਲੈਂਦੀ । ਜਿਸ ਦਿਨ ਦੀ ਉਹ ਘਰ ਆਈ ਸੀ ਮੇਰਾ ਤੇ ਜਸਜੀਤ ਦਾ ਰਿਸ਼ਤਾ ਹੋਰ ਵੀ ਕੁਸੈਲਾ ਹੋ ਗਿਆ ਜਾਪਦਾ ਸੀ । ਤੇ ਸਾਡੇ ਰਿਸ਼ਤੇ 'ਚ ਉਹ ਪਰੀਆਂ ਵਰਗੀ ਸੁਨਿਹਰੀ ਡੌਲ ਵਰਗੀ ਕੁੜੀ ਪਿਸ ਕੇ ਰਹਿ ਗਈ ਸੀ । ਤੇ ਵਿਚੇ ਪਿਸ ਗਿਆ ਸੀ ਯਾਸ਼ ... ਮੇਰੀ ਕੁਖੋਂ ਜਨਮਿਆ ਮੇਰਾ ਆਪਣਾ ਪੁੱਤਰ.....ਮੇਰਾ ਦੰਮ ਘੁੱਟਦਾ ਸੀ ਉਸ ਜ਼ਿੰਦਗੀ 'ਚ ਤੇ ਉਹ ਘਰ ਦੇ ਲੋਕ ਮੇਰੇ ਲਈ ਬੇਗਾਨੇ ਬਣ ਗਏ ਸੀ।

ਤੇ ਇੱਕ ਦਿਨ ਇਸੇ ਕਸ਼ਮਕਸ਼ 'ਚ ਅਸੀਂ ਦੋਵੇਂ ਮੈਰਿਜ ਕੌਂਸਲਰ ਦੇ ਦਰਵਾਜ਼ੇ ਮੂਹਰੇ ਖੜੇ ਸੀ ਤੇ ਫੇਰ ਦਫਤਰ 'ਚ ਬੈਠੀ ਉਹੀ ਤੇਰੇ ਪਿੰਡ ਦੀ ਕੁੜੀ ਦਾ ਮਿਲਣਾ ਤੇਰੇ ਬਾਰੇ ਪਤਾ ਲੱਗਣਾ ਤੇ ਫੇਰ .... ਪਤਾ ਨਹੀਂ ਕਿਉਂ ਉਸ ਵੇਲੇ ਮੈਨੂੰ ਕਿਸੇ ਵੀ ਵਿਆਹ ਨੂੰ ਬਚਾਉਣ ਦੀ ਲੋੜ ਨਹੀਂ ਸੀ ਰਹੀ । ਫੁੱਲ ਭਰ ਮੇਰਾ ਆਪਣਾ ਪੁੱਤ ਤੇ ਚਹੁੰ ਵਰ੍ਹਿਆਂ ਦੀ ਜਸਜੀਤ ਦੀ ਧੀ ਜਿਸਨੂੰ ਮੈਂ ਪਾਲਣਾ ਸੀ ... ਪਾਲਣਾ ਵੀ ਕੀ ਸੀ ਮਹੀਨੇ 'ਚ ਦੋ ਹਫਤੇ ਉਹਨੂੰ ਸੰਭਾਲਣਾ ਸੀ ਪਰ ਪਤਾ ਨਹੀਂ ਮੈਂ ਐਨੀ ਈਵਿਲ ਕਿਉਂ ਹੋ ਗਈ ਸੀ ਤੇ ਫੇਰ ਇੱਕ ਰਾਤ ਦੇ ਹਨੇਰੇ 'ਚ ਸੁੱਤੇ ਪਏ ਟੱਬਰ ਨੂੰ ਛੱਡ ਕੇ ਹਨੇਰਿਆਂ ਵੱਲ ਨੂੰ ਤੁਰ ਪਈ ਸੀ .....

ਵਾਹ ਨੀ ਔਰਤੇ .......... ਕਦੀ ਸ਼ੇਰਨੀ ਬਣਦੀ ਏ ਤੇ ਕਦੀ ਨਾਗਣ .... ਮੇਰੇ ਅੰਦਰੋਂ ਕਈ ਸਵਾਲ ਉੱਠਦੇ ਨੇ .....

ਚਾਹ ਦਾ ਕੱਪ ਚੁੱਕਦੀ ਹਾਂ। ਬੇਸੁਆਦੀ ਤੇ ਠੰਡੀ ਯਖ ਚਾਹ ਨੂੰ ਅੰਦਰ ਸੁੱਟਦੀ ਹਾਂ। ਮੈਨੂੰ ਆਪਣਾ ਆਪ ਠਰਿਆ ਮਹਿਸੂਸ ਹੁੰਦਾ ਹੈ । ਔਰਤ ਅੰਦਰੋਂ ਐਨੀ ਠਰੀ ਨਹੀਂ ਹੋਣੀ ਚਾਹੀਦੀ। ਬਰਫ਼ ਵਰਗਾ ਅਹਿਸਾਸ ਇੱਕ ਨਿਆਣੇ ਲਈ ਨਹੀਂ ਹੋਣਾ ਚਾਹੀਦਾ ... ਮੇਰਾ ਆਪਣਾ ਪੁੱਤ ਮੈਨੂੰ ਯਾਦ ਆਉਂਦਾ ਹੈ ....ਇਹ ਨਹੀਂ ਸੀ ਕਿ ਮੈਂ ਉਹਦੇ ਲਈ ਲੜੀ ਨਹੀ ... ਬਹੁਤ ਕੋਰਟ ਕਚਹਿਰੀਆਂ ਦੇ ਚੱਕਰ ਖਾਧੇ ਪਰ ਸ਼ਾਇਦ ਇਹਦੇ ਵਿਚ ਹੀ ਉਹਦਾ ਭਲਾ ਸੀ ਤੇ ਮੈਨੂੰ ਉਹ ਸੁਨਿਹਰੀ ਵਾਲਾਂ ਵਾਲੀ ਨੰਨੀ ਜਿਹੀ ਕੁੜੀ ਚੇਤੇ ਆਉਂਦੀ ਹੈ ...ਪਤਾ ਨਹੀਂ ਕਿੰਨੇ ਵੱਡੇ ਹੋ ਗਏ ਹੋਣਗੇ ਦੋਵੇਂ ? ..ਕਿਧਰੇ ਭੀੜ 'ਚ ਮਿਲ ਜਾਣ ਤਾਂ ਮੈਂ ਉਹਨਾਂ ਨੂੰ ਪਹਿਚਾਣ ਨਹੀਂ ਸਕਾਂਗੀ । ਚੰਗਾ ਹੋਵੇ ਮੈਂ ਕਦੀ ਉਹਨਾਂ ਦਾ ਸਾਹਮਣਾ ਨਾ ਕਰਾਂ ... ਕੀ ਸੋਚਦੀ ਹੋਣਗੇ ਉਹ ਮੇਰੇ ਬਾਰੇ ? ਇੱਕ ਔਰਤ ਦਾ ਰੂਪ ਐਨਾ ਵੀ ਕਰੂਪ ਹੋ ਸਕਦੈ ?

ਮੈਨੂੰ ਆਪਣੇ ਆਪ ਤੋਂ ਨਫਰਤ ਆਉਂਦੀ ਹੈ ........

ਦੇਖਦੇ ਦੇਖਦੇ ਮੈਂ ਖੁਦ ਸਾਰੇ ਪਰਿਵਾਰ ਦੀ ਨਫਰਤ ਬਣ ਗਈ ਸੀ। ਸਹੁਰੇ , ਪੇਕੇ ਸਭ ਮੇਰੇ ਵਿਰੁੱਧ ਖੜ ਗਏ ਸੀ । ਉਦੋਂ ਉਹ ਮੈਨੂੰ ਸਭ ਬੁਰੇ ਲਗਦੇ ਸੀ ਪਰ ਅੱਜ ਮੇਰੀ ਸੋਚ ਉਹ ਨਹੀਂ ਰਹੀ। ਉਹ ਠੀਕ ਸਨ ਮੈਂ ਹੀ ਗਲਤ ਸੀ। ਕਿੰਨਾ ਕੁਝ ਤੋੜ ਕੇ ਮੈਂ ਘਰੋਂ ਤੁਰ ਆਈ ਸਾਂ । ਮੈਨੂੰ ਇਉਂ

ਲਗਦਾ ਸੀ ਜਿਵੇਂ ਮੈਂ ਕਿਧਰੇ ਹੋਰ ਜਾਣਾ ਸੀ ਜਿਥੇ ਮੈਨੂੰ ਕੋਈ ਉਡੀਕ ਰਿਹਾ ਸੀ। ਇਥੇ ਮੈਂ ਕਿਉਂ ਕਿਸੇ ਦੇ ਜੰਮੇ ਪਾਲਦੀ ਫਿਰਾਂ। ਮੈਂ ਤਾਂ ਆਪਣੀ ਜ਼ਿੰਦਗੀ ਜਿਉਣਾ ਚਾਹੁੰਦੀ ਸਾਂ। ਆਪਣੀ ਜ਼ਿੰਦਗੀ ਜਿਉਣਾ ਕੋਈ ਪਾਪ ਥੋੜੈ ...... ? ਪਰ ਉਹਨਾਂ ਸਭਨਾਂ ਦੀ ਨਫਰਤ ਮੈਥੋਂ ਬਰਦਾਸ਼ਤ ਨਹੀਂ ਸੀ ਹੋਈ ...ਨਿੱਕਲ ਗਈ ਤੇ ਭੱਜ ਗਈ ਦੇ ਤਾਹਨੇ ਸੁਣੇ ਨਹੀ ਸੀ ਜਾਂਦੇ ਤੇ ਮੈਂ ਸਭਨਾਂ ਨਾਲੋਂ ਟੁੱਟ ਕੇ ਆਪ ਹੀ ਟੁਕੜਿਆਂ 'ਚ ਖਿਲਰ ਜਿਹੀ ਗਈ ਸੀ .

ਬਾਹਰ ਕਾਰ ਦੀਆਂ ਬੱਤੀਆਂ ਜਗੀਆਂ ਨੇ ਲਗਦਾ ਤੂੰ ਆ ਗਿਆ ਸ਼ਾਇਦ ....

ਮੈਂ ਭੱਜ ਕੇ ਦਰਵਾਜ਼ੇ ਵੱਲ ਮੁੜਦੀ ਹਾਂ ......ਤੂੰ ਨਹੀਂ ਆਇਆ ਕੋਈ ਕਾਰ ਘਰ ਦੇ ਮੂਹਰਿਉ ਲੰਘ ਗਈ ਹੈ । ਮੈਂ ਕਲਾਕ ਵੱਲ ਦੇਖਦੀ ਹਾਂ। ਇੱਕ ਵੱਜ ਗਿਆ ...ਮੇਰਾ ਦਿਲ ਕਾਹਲਾ ਪੈਂਦਾ ਹੈ .....ਪਤਾ ਨਹੀ ਉਥੇ ਤੂੰ ਕੀ ਕਰਦਾ ਹੋਵੇਗਾਂ ..ਕਿਧਰੇ ਅੱਜ ਦੀ ਰਾਤ ਆਪਣੀ ਘਰ ਵਾਲੀ ਕੋਲ ਤਾਂ ਨਹੀਂ ਰੁਕ ਗਿਆ ? ਇਸੇ ਸੋਚ ਨਾਲ ਮੈਂ ਘਰ ਦੇ ਅੰਦਰ ਕਾਹਲੇ ਕਦਮੀ ਤੁਰਦੀ ਹਾਂ। ਕਦੀ ਭੱਜ ਕੇ ਪੌੜੀਆਂ ਚੜਦੀ ਹਾਂ ਖਿੜਕੀ ਵਿਚੋਂ ਬਾਹਰ ਦੇਖਦੀ ਹਾਂ ..... ਮੈਨੂੰ ਆਪਣਾ ਆਪ ਖਿਲਰਦਾ ਮਹਿਸੂਸ ਹੁੰਦਾ ਹੈ । ਮੇਰੀ ਰੂਹ ਟੁਕੜੇ ਟੁਕੜੇ ਹੋਈ ਮਹਿਸੂਸ ਹੋ ਰਹੀ ਹੈ।

ਤੇਰੀ ਘਰ ਵਾਲੀ ਦਾ ਖਿਆਲ ਆਉਂਦਾ ਹੈ ਤੇ ਮੈਂ ਉਹਦੇ ਬਾਰੇ ਸੋਚਣ ਲੱਗ ਪਈ ਹਾਂ ... ਉਹਨੇ ਮੈਨੂੰ ਕਿਵੇਂ ਜਰਿਆ ਹੋਵੇਗਾ ? ਤੇਰੇ ਤੇ ਉਹਦੇ ਨਿਆਣੇ ਇੱਕ ਪੂਰਾ ਭਰਿਆ ਪਰਿਵਾਰ ਜਿਨ੍ਹਾਂ ਨੂੰ ਛੱਡ ਕੇ ਤੂੰ ਮੇਰੇ ਕੋਲ ਆ ਗਿਆ ਸੀ । ਮੈਨੂੰ ਨਹੀਂ ਸੀ ਪਤਾ ਕਿ ਕਿਧਰੇ ਨਾ ਕਿਧਰੇ ਤੂੰ ਵੀ ਇਸ ਭੀੜ 'ਚੋਂ ਮੈਨੂੰ ਹੀ ਢੂੰਡਦਾ ਰਹਿੰਦਾ ਸੈਂ ਤੇ ਜਦ ਤੈਨੂੰ ਪਤਾ ਲੱਗਾ ਕਿ ਮੈਂ ਇੱਕ ਵੋਮੈਨ ਸ਼ੈਲਟਰ 'ਚ ਰਹਿ ਰਹੀ ਹਾਂ ਤੂੰ ਭੱਜਾ ਆਇਆ ਸੀ। ਤੇਰੇ ਜਿਉਂਦੇ ਜੀਅ ਤੇਰੀ ਮੁਹੱਬਤ ਇਉਂ ਦੁਨੀਆਂ ਦੀ ਭੀੜ 'ਚ ਗੁਆਚ ਜਾਵੇ ਇਹ ਤੇਰੇ ਅਸੂਲਾਂ ਦੇ ਖਿਲਾਫ਼ ਸੀ .....

ਤੇ ਫੇਰ ..... ਹੋਰ ਬਹੁਤ ਕੁਝ ਟੁੱਟ ਗਿਆ ਸੀ ....ਕੁਝ ਘਰ ...ਕੁਝ ਪਰਿਵਾਰ ..ਕੁਝ ਰਿਸ਼ਤੇ ਤੇ ਆਪਾਂ ਦੋਵੇਂ ਇੱਕ ਹੋ ਗਏ ਸਾਂ ..... ਦੁਨੀਆਂ ਦੇ ਖਿਲਾਫ਼ ....ਵਹਿੰਦੇ ਪਾਣੀਆਂ ਦੇ ਉਲਟ ... ਵਗਦੀਆਂ ਹਨੇਰੀਆਂ ਦੇ ਮੂਹਰੇ ਆਪਾਂ ਦੋਵੇਂ ਖੜੋ ਗਏ ਸੀ। ਮੈਨੂੰ ਇੱਕ ਘਰ ਮਿਲ ਗਿਆ ਸੀ। ਤੇਰੀਆਂ ਬਾਹਵਾਂ 'ਚ ਮੈਂ ਸੁਰੱਖਿਅਤ ਸੀ ਦੁਨੀਆਂ ਤੋਂ ਮੈਂ ਕੀ ਲੈਣਾ ਸੀ .........ਪਰ ਦੁਨੀਆਂ ਨਾਲ ਕਦੀ ਨਾ ਕਦੀ ਤਾਂ ਸਾਹਮਣਾ ਕਰਨਾ ਪੈਣਾ ਸੀ .

ਉਂਝ ਤੈਨੂੰ ਕੋਈ ਫਰਕ ਨਹੀਂ ਸੀ ਪਿਆ। ਤੂੰ ਉਂਜ ਦਾ ਉਂਜ ਹੀ ਸਿਰ ਉੱਚਾ ਕਰਕੇ ਤੁਰਿਆ ਸੀ ਮੇਰੇ ਨਾਲ । ਪਿਆਰ ਵਿਹੂਣੀ ਜ਼ਿੰਦਗੀ ਨਾਲ ਜਿਉਣਾ ਤੈਨੂੰ ਵੀ ਨਹੀਂ ਆਉਂਦਾ। ਅਖੀਰ ਸਭ ਕੁਝ ਤੋੜ ਕੇ ਤੂੰ ਮੇਰੇ ਕੋਲ ਆ ਗਿਆ ਸੈਂ ਤੇ ਆਪਾਂ ਨੇ ਇੱਕ ਆਪਣੀ ਦੁਨੀਆਂ ਵਸਾ ਲਈ ਸੀ। ਘਰ ਦੇ ਰੋਏ ਸੀ ਪਿੱਟੇ ਸੀ ਪਰ ਤੂੰ ਮੇਰੇ ਨਾਲ ਬੋਹੜ ਬਣ ਖੜਾ ਰਿਹਾ ਸੀ । ਮੇਰਾ ਕੀ ਸੀ ਮੈਂ ਤਾਂ ਮਾਂ ਬਾਪ, ਭੈਣ ਭਰਾ , ਸਹੁਰੇ ਪੇਕੇ ਸਭ ਛੱਡ ਆਈ ਸੀ। ਪਿਛਲਿਆਂ ਨਾਲ ਮੇਰਾ ਕੋਈ ਵਾਸਤਾ ਨਹੀਂ ਸੀ ਪਰ ਮੇਰੀ ਆਤਮਾ ਮੈਨੂੰ ਕਦੀ ਨਾ ਕਦੀ ਫਿਟਕਾਰਦੀ ਸੀ। ਤੇਰੇ ਨਿਆਣੇ ਤੇਰੀ ਜ਼ਿੰਮੇਵਾਰੀ ਸੀ ਤੇ ਮੈਂ ਚਾਹੁੰਦੀ ਸੀ ਤੂੰ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜੇ ਤੇ ਮੈਨੂੰ ਪਤਾ ਸੀ ਤੂੰ ਕਦੇ ਭੱਜੇਗਾ ਵੀ ਨਹੀ।

ਪਰ ਫੇਰ ਵੀ ਮੇਰੇ ਅੰਦਰ ਇਹ ਬੇਵੱਸੀ ਕਿਉਂ ਹੈ ?

ਇੱਕ ਸਵਾਲ ਮੇਰੇ ਸੀਨੇ 'ਚ ਛੁਰੀ ਵਾਂਗ ਚੁਭ ਰਿਹਾ ਹੈ । ਤੂੰ ਤਾਂ ਮੈਨੂੰ ਕਿਹਾ ਸੀ ਕਿ ਮੇਰੀ ਖੁਸ਼ੀ 'ਚ ਹੀ ਤੇਰੀ ਖੁਸ਼ੀ ਹੈ । ਤੂੰ ਮੇਰੇ ਨਾਲ ਚੱਲ ਮੈਂ ਦੇਖਦਾ ਕਿਹਦੀ ਹਿੰਮਤ ਪੈਂਦੀ ਹੈ ਤੈਨੂੰ ਕੁਝ ਕਹਿਣ ਦੀ । ਪਰ ਮੈ ਅੱਜ ਦੇ ਦਿਨ ਕੋਈ ਡ੍ਰਾਮਾ ਨਹੀਂ ਸੀ ਚਾਹੁੰਦੀ। ਅੱਜ ਇੱਕ ਜੁਆਨ ਕੁੜੀ ਦੀਆਂ ਸਧਰਾਂ ਦਾ ਦਿਨ ਹੈ ਅਜਿਹੀਆਂ ਸਧਰਾਂ ਜਿਨ੍ਹਾਂ ਦੇ ਮੈਂ ਵੀ ਕਦੇ ਸੁਪਨੇ ਦੇਖੇ ਸੀ ....



ਤੂੰ ਅੱਜ ਦੇ ਦਿਨ ਆਪਣਿਆਂ 'ਚ ਰਹੇ ਬੱਸ ਹੋਰ ਕੁਝ ਨਹੀਂ .........ਪਰ ਅੱਜ ਤੂੰ ਆਪਣੀ ਪਹਿਲੀ ਪਤਨੀ ਕੋਲ ਏਂ .....ਪਤਾ ਨਹੀਂ ਕਿਉਂ ਇਹ ਝੱਲਣਾ ਮੇਰੇ ਲਈ ਔਖਾ ਹੈ । ਤੁਸੀਂ ਦੋਵੇਂ ਆਪਣੀ ਧੀ ਦੀ ਖੁਸ਼ੀ ਲਈ ਨਵੇਂ ਰਿਸ਼ਤੇਦਾਰਾਂ 'ਚ ਹੱਸ ਹੱਸ ਗੱਲਾਂ ਕਰਦੇ ਹੋਵੋਂਗੇ ? ਇਕੱਠੇ ਹੋ ਕੇ ਸ਼ਗਨਾਂ ਦੇ ਰੀਤੀ ਰਿਵਾਜ਼ ਕਰਦੇ ਹੋਵੋਂਗੇ .....

ਹਾਏ ਨੀ ਔਰਤੇ ........ ਸਭ ਕੁਝ ਹੁੰਦਿਆਂ ਵੀ ਖਾਲੀ ਦੀ ਖਾਲੀ .....

ਦਿਲ ਘਬਰਾ ਰਿਹਾ ਹੈ ... ਜ਼ੁਬਾਨ ਸੁੱਕਦੀ ਜਾ ਰਹੀ ਹੈ । ਬਾਰ ਬਾਰ ਖਿਆਲ ਤੇਰੇ ਵੱਲ ਭੱਜਦੇ ਨੇ ... ਤੂੰ ਕੀ ਕਰ ਰਿਹਾ ਹੋਵੇਂਗਾ .. .. ਤੈਨੂੰ ਮੇਰਾ ਚੇਤਾ ਵੀ ਆਉਂਦਾ ਹੋਵੇਗਾ ....ਪਤਾ ਨਹੀਂ ਆਪਣਿਆਂ 'ਚ ਬੈਠੇ ਨੂੰ ਮੇਰਾ ਖਿਆਲ ਵੀ ਨਹੀਂ ਆਇਆ ਹੋਣੈ ..... ਅਚਾਨਕ ਫੋਨ ਦੀ ਘੰਟੀ ਵੱਜਦੀ ਹੈ ਤੇ ਮੈਂ ਉੱਲਰ ਕੇ ਫੋਨ ਚੁੱਕਦੀ ਹਾਂ । ਤੇਰਾ ਹੀ ਫੋਨ ਹੈ । ਪਿਛੇ ਭੰਗੜੇ ਦੇ ਗੀਤਾਂ ਦੀ ਆਵਾਜ਼ ਆ ਰਹੀ ਹੈ । ਮੇਰਾ ਉੱਚੀ ਬੋਲਣ ਨੂੰ ਦਿਲ ਨਹੀਂ ਕਰਦਾ ਪਰ ਤੈਨੂੰ ਮੇਰੀ ਹੌਲੀ ਆਵਾਜ਼ ਸੁਣ ਨਹੀਂ ਰਹੀ .....

" ਆਰ ਯੂ ਓਕੇ .. ਕੁਸ਼ ਖਾ ਵੀ ਲਿਆ ... ਸਾਰੇ ਘਰ ਦੀਆਂ ਬੱਤੀਆਂ ਜਗਾ ਲਵੀਂ ... ਨੇਰੇ 'ਚ ਨਾ ਤੁਰੀ ਫਿਰੀਂ।"

ਤੂੰ ਆਪਣੀਆਂ ਗੱਲਾਂ ਕਹਿ ਕੇ ਫੋਨ ਕੱਟ ਦਿੱਤਾ ਹੈ ਤੇ ਮੇਰਾ ਦਿਲ ਕਰਦਾ ਹੈ ਕਿ ਮੈਂ ਉੱਚੀ ਉੱਚੀ ਰੋਵਾਂ ....

ਮੈਨੂੰ ਆਪਣਾ ਆਪ ਕੋਝਾ ਜਿਹਾ ਲਗਦਾ ਹੈ। ਮੈਂ ਵੀ ਕਿੰਨੀ ਬੁਰੀ ਹਾਂ। ਤੇਰੇ ਪਿਆਰ ਤੇ ਸ਼ੱਕ ਕਰਦੀ ਹਾਂ । ਤੂੰ ਤੇ ਆਪਣਿਆਂ 'ਚ ਬੈਠਾ ਵੀ ਮੇਰੇ ਬਾਰੇ ਹੀ ਸੋਚ ਰਿਹਾ ਏਂ ...ਮੈਂ ਆਪਣੇ ਆਪ ਨੂੰ ਲਾਹਨਤ ਪਾਉਂਦੀ ਹਾਂ । ਉਂਜ ਵੀ ਮੇਰੀ ਸਾਰੀ ਜ਼ਿੰਦਗੀ ਤੇਰੇ ਨਾਲ ਹੀ ਤਾਂ ਜੁੜੀ ਹੋਈ ਹੈ । ਮੇਰੀ ਜ਼ਿੰਦਗੀ ਤੇਰੇ ਨਾਲ ਹੀ ਹੈ । ਤੇਰੇ ਤੋਂ ਬਿਨਾ ਮੇਰਾ ਹੈ ਵੀ ਕੌਣ ?

ਪਰ ਤੇਰੇ ਬਿਨਾ ਮੈਨੂੰ ਕੋਈ ਚੰਗਾ ਵੀ ਨਹੀਂ ਲਗਦਾ। ਬੱਸ ਤੂੰ ਮੇਰੇ ਨਾਲ ਏਂ ..ਹੋਰ ਮੈਂ ਕਿਸੇ ਤੋਂ ਕੀ ਲੈਣਾ ? ...ਜ਼ਿੰਦਗੀ ਜੀਉਣ ਲਈ ਸਾਰੀ ਦੁਨੀਆਂ ਦੀ ਲੋੜ ਨਹੀਂ ਹੁੰਦੀ ... ਇੱਕ ਤੇਰੇ ਵਰਗਾ ਮਰਦ ਜਿਹੜਾ ਮੇਰੀ ਖਾਤਿਰ ਸਾਰੀ ਦੁਨੀਆਂ ਲਈ ਨਾਲ ਲੜ ਸਕਦਾ ਹੈ .... ਹੋਰ ਕਿਸੇ ਚੀਜ਼ ਦੀ ਖਾਹਿਸ਼ ਵੀ ਨਹੀਂ ਹੈ ਮੈਨੂੰ ... ਪਰ ਅੱਜ ਇੱਕ ਬੇਚੈਨੀ ਤੇ ਬੇਵੱਸੀ ਮੇਰੇ ਆਲੇ ਦੁਆਲੇ ਪੱਸਰ ਗਈ ਜਾਪਦੀ ਹੈ । ਖੌਰੇ ਕਿਉਂ ਮੈਨੂੰ ਆਪਣੀ ਮਾਂ ਯਾਦ ਆਉਂਦੀ ਹੈ। ਬਾਪ ਦੇ ਧੁੰਦਲੇ ਹੋਏ ਨਕਸ਼ਾਂ ਨੂੰ ਅੱਖਾਂ ਮੀਟ ਕੇ ਦੇਖਣ ਦੀ ਕੋਸ਼ਿਸ਼ ਕਰ ਰਹੀ ਹਾਂ । ਭੈਣ ਭਰਾ ਤੇ ...ਮੇਰੀ ਕੁੱਖੋ ਜਨਮਿਆ ਯਾਸ਼ .....

ਯਾਸ਼ ਦਾ ਖਿਆਲ ਆਉਂਦਿਆਂ ਮੇਰੀਆਂ ਆਂਦਰਾਂ ਸੁੰਗੜ ਗਈਆਂ ਮਹਿਸੂਸ ਹੋ ਰਹੀਆਂ ਨੇ । ਪਤਾ ਨਹੀਂ ਕਿੰਨਾ ਕੁ ਸੋਹਣਾ ਗਭਰੂ ਨਿੱਕਲਿਆ ਹੋਣੈ .... ਅਜਿਹੀ ਹੀ ਇੱਕ ਹਨੇਰੀ ਰਾਤ ਸੀ ਜਦੋਂ ਮੈਂ ਉਸ ਘਰੋਂ ਨਿੱਕਲੀ ਸਾਂ ...ਯਾਸ਼ ਆਪਣੀ ਦਾਦੀ ਦੇ ਨਾਲ ਘੂਕ ਸੁੱਤਾ ਪਿਆ ਸੀ। ਮੈਂ ਇੱਕ ਨਜ਼ਰ ਭਰ ਉਹਨੂੰ ਦੇਖ ਕੇ ਘਰੋਂ ਬਾਹਰ ਨਿੱਕਲ ਆਈ ਸਾਂ .... ਉਸ ਵੇਲੇ ਮੈਨੂੰ ਇਹ ਨਹੀਂ ਸੀ ਪਤਾ ਕਿ ਮੈਂ ਜਾਣਾ ਕਿਥੇ ਸੀ ..... ਬੱਸ ਉਸ ਬੇਚੈਨ ਜ਼ਿੰਦਗੀ ਤੋਂ ਦੂਰ ਹੋਣਾ ਸੀ । ਕਿੰਨਾ ਚੰਗਾ ਹੁੰਦਾ ਉਸ ਵੇਲੇ ਯਾਸ਼ ਨੂੰ ਵੀ ਨਾਲ ਹੀ ਚੁੱਕ ਲਿਆਉਂਦੀ ......

ਯਾਸ਼ ਦੇ ਖਿਆਲ ਨਾਲ ਮੈਨੂੰ ਆਪਣੀ ਰੂਹ ਤੇ ਆਤਮਾ ਦੇ ਕਈ ਟੁਕੜੇ ਕੀਚਰਾਂ ਕੀਚਰਾਂ ਹੋ ਕੇ ਟੁੱਟਦੇ ਦਿਖਾਈ ਦੇ ਰਹੇ ਨੇ ...ਸੋਫੇ ਤੋਂ ਉੱਠ ਕੇ ਫੇਰ ਘਰ ਦਾ ਇੱਕ ਗੇੜਾ ਲਾਉਂਦੀ ਹਾਂ ... । ਪਤਾ ਨਹੀਂ ਉਹ ਕਿਹੜੇ ਹਾਲ 'ਚ ਪਲਿਆ ਹੋਵੇਗਾ .. ਖੌਰੇ ਆਪਣੀ ਮਾਂ ਨੂੰ ਕਿੰਨਾ ਬੁਰਾ ਭਲਾ ਕਹਿੰਦਾ ਹੋਵੇਗਾ ....ਜੇ ਅੱਜ ਉਹ ਮੇਰੇ ਨਾਲ ਹੁੰਦਾ ਤਾਂ ਮੈਂ ਵੀ ਉਹਦਾ ਮੰਗਣਾ ਕਰਦੀ ...

ਵਿਆਹ ਕਰਦੀ .... ਪਾਣੀ ਵਾਰਦੀ ....

ਮੇਰਾ ਦਿਲ ਕਰਦਾ ਹੈ ਕਿ ਮੈਂ ਭੁੱਬੀ ਰੋਵਾਂ ... ਪਤਾ ਨਹੀਂ ਅੱਜ ਐਨੀ ਘੁੱਟਣ ਕਿਉਂ ਮਹਿਸੂਸ ਹੁੰਦੀ ਹੈ ।ਉੱਠ ਕੇ ਪਿਛਲੀ ਯਾਰਡ ਵੱਲ ਨੂੰ ਖੁੱਲ੍ਹਦੇ ਦਰਵਾਜ਼ੇ ਕੋਲ ਜਾ ਖੜਦੀ ਹਾਂ ... ਪਰਦਿਆਂ ਦੇ ਬਾਹਰ ਦੇਖਣ ਦੀ ਕੋਸ਼ਿਸ਼ ਕਰ ਰਹੀ ਹਾਂ ... ਗੁਆਂਢੀਆਂ ਦੇ ਘਰ ਦੀ ਉੱਪਰਲੀ ਸਟੋਰੀ ਵਾਲੇ ਬੈੱਡਰੂਮ ਦੀਆਂ ਜਗਦੀਆਂ ਲਾਈਟਾਂ ਵੱਲ ਦੇਖਦੀ ਹਾਂ .. ਸ਼ਾਇਦ ਇਹ ਨਿਆਣਿਆਂ ਦਾ ਕਮਰਾ ਹੈ। ਗੂਹੜੇ ਰੰਗ ਦੀਆਂ ਕੰਧਾਂ ਤੇ ਲੱਗੇ ਵੱਡੇ ਪੋਸਟਰ ਦੇਖਦੀ ਹਾਂ ...ਪਤਾ ਨਹੀਂ ਯਾਸ਼ ਦੇ ਕਮਰੇ ਦਾ ਰੰਗ ਕਿਹੜਾ ਹੋਵੇਗਾ ?

ਪਰਦੇ ਨੂੰ ਝਟਕੇ ਨਾਲ ਬੰਦ ਕਰਕੇ ਪਿਛਾਂਹ ਮੁੜਦੀ ਹਾਂ ।ਇਹ ਕਿਹੋ ਜਿਹੀ ਬੇਚੈਨੀ ਹੈ ਮੇਰੇ ਅੰਦਰ ... ਇਹ ਨਹੀਂ ਕਿ ਮੈਂ ਕਦੇ ਯਾਸ਼ ਬਾਰੇ ਪਹਿਲਾਂ ਕਦੇ ਸੋਚਿਆ ਨਹੀਂ ।ਉਹਦੀ ਯਾਦ ਅਕਸਰ ਮੈਨੂੰ ਆਉਂਦੀ ਹੈ .... ਮਦਰਜ਼ ਡੇ ... ਜਨਮ ਦਿਨ ..ਮੇਰੇ ਲਈ ਬਹੁਤ ਔਖੇ ਨਿੱਕਲਦੇ ਨੇ ਪਰ ਫੇਰ ਸੋਚ ਲੈਂਦੀ ਆਂ ਕਿ ਉਹ ਸਿਰਫ ਉਸ ਖਾਨਦਾਨ ਦਾ ਵਾਰਿਸ ਹੈ ... ਜ਼ਰੂਰ ਉਹ ਸਾਰੇ ਉਹਨੂੰ ਪਿਆਰ ਕਰਦੇ ਹੋਣਗੇ ..

ਪਰ ਉਹ ਮਾਂ ਤੋਂ ਬਿਨਾ ਕਿਵੇਂ ਪਲਿਆ ਹੋਵੇਗਾ ....

ਮੈਂ ਬੇਚੈਨੀ ਜਿਹੀ ਨਾਲ ਮੁੜ ਕਿਚਨ 'ਚ ਜਾਂਦੀ ਹਾਂ। ਫਰਿੱਜ ਵਿਚੋਂ ਪਾਣੀ ਦਾ ਗਿਲਾਸ ਲੈ ਕੇ ਫੇਰ ਸੋਫੇ ਤੇ ਬੈਠਦਿਆਂ ਪਾਣੀ ਗਟਾ ਗਟ ਪੀ ਜਾਂਦੀ ਹਾਂ .... ਜਿਵੇਂ ਉਮਰਾਂ ਦੀ ਪਿਆਸੀ ਹੋਵਾਂ ।ਠੰਡੇ ਪਾਣੀ ਨਾਲ ਕੁਝ ਰਾਹਤ ਮਹਿਸੂਸ ਹੋਈ ਹੈ ।ਪੁਰਾਣੀਆਂ ਸੋਚਾਂ ਵੱਲੋਂ ਧਿਆਨ ਹਟਾ ਕੇ ਆਉਣ ਵਾਲੇ ਕੱਲ੍ਹ ਬਾਰੇ ਸੋਚਦੀ ਹਾਂ .... ਜੋ ਬੀਤ ਗਿਆ ਉਹਦੇ ਬਾਰੇ ਭਲਾ ਸੋਚ ਕੇ ਕੀ ਫਾਇਦਾ ? ਉਂਜ ਮੈਂ ਪੂਰੇ ਜੱਗ ਨਾਲ ਲੜ ਝਗੜ ਕੇ ਇਸ਼ਕ ਕਮਾਇਆ ਸੀ ...ਤੇ ਇਸ਼ਕ 'ਚ ਘਾਟੇ ਵਾਧੇ ਤਾਂ ਨਹੀਂ ਦੇਖੇ ਜਾਂਦੇ ...ਤੈਨੂੰ ਪਾਉਣ ਲਈ ਇੱਕ ਅੱਗ ਦਾ ਦਰਿਆ ਪਾਰ ਕਰ ਕੇ ਆਈ ਹਾਂ .....

ਮੈਂ ਆਪਣੇ ਆਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹਾਂ ।ਉਸ ਵਕਤ ਘਰ ਬਾਰ ਛੱਡਣਾ ਅੱਗ ਦੇ ਦਰਿਆ ਵਰਗਾ ਹੀ ਤਾਂ ਸੀ ।ਰਿਸ਼ਤੇ ਜੋੜਨੇ ਤਾਂ ਬਹੁਤ ਅਸਾਨ ਹੁੰਦੇ ਨੇ ਪਰ ਰਿਸ਼ਤਿਆਂ ਨੂੰ ਤੋੜਨਾ ਸੌਖਾ ਨਹੀਂ ਹੁੰਦਾ ... ਪਰ ਅੱਜ ਮੈਂ ਕਿਉਂ ਐਨੀ ਬੇਚੈਨ ਹਾਂ ? ਕਿਉਂ ਅੱਜ ਮੈਨੂੰ ਆਪਣੀ ਦੁਨੀਆਂ ਸੀਮਤ ਹੋ ਗਈ ਲਗਦੀ ਹੈ ? ਕਿਉਂ ਆਪਣੇ ਹੀ ਘਰ ਦੀਆਂ ਕੰਧਾਂ ਸੁੰਗੜ ਰਹੀਆਂ ਮਹਿਸੂਸ ਹੁੰਦੀਆਂ ਨੇ ? ਹੁਣ ਮੈਨੂੰ ਘਬਰਾਹਟ ਹੁੰਦੀ ਹੈ ....ਤੇਰੇ ਬਿਨਾ ਇਸ ਘਰ ਵਿਚੋਂ ਡਰ ਜਿਹਾ ਲਗਦਾ ਹੈ .. ਤੂੰ ਆਇਆ ਕਿਉਂ ਨਹੀਂ ?

ਅਚਾਨਕ ਤੇਰੇ ਵੱਲ ਧਿਆਨ ਮੁੜਦਾ ਹੈ। ਘੜੀ ਵੱਲ ਦੇਖਦੀ ਆਂ ... ਤੂੰ ਅਜੇ ਤੱਕ ਨਹੀਂ ਆਇਆ। ਐਨਾ ਵਕਤ ਤੂੰ ਮੈਥੋਂ ਦੂਰ ਕਦੇ ਨਹੀਂ ਰਿਹਾ ? ਪਤਾ ਨਹੀਂ ਕਿਉਂ ਦਿਲ ਇੱਕ ਡਰ ਜਿਹੇ ਨਾਲ ਧੜਕਿਆ ਹੈ ... ਕਿਤੇ ਇਉਂ ਨਾ ਹੋਵੇ ਤੂੰ ਅੱਜ ਦਾ ਗਿਉਂ ਕਦੇ ਮੁੜ ਕੇ ਹੀ ਨਾ ਆਏ ? ਇਸੇ ਖਿਆਲ ਨਾਲ ਮੈਨੂੰ ਆਪਣਾ ਆਪ ਟੁਕੜੇ ਟੁਕੜੇ ਹੋ ਗਿਆ ਮਹਿਸੂਸ ਹੁੰਦਾ ਹੈ .... ਡਰੀ ਜਿਹੀ ਦਰਵਾਜ਼ੇ ਵੱਲ ਦੇਖਦੀ ਆਂ ... ਬਾਹਰ ਪੋਰਚ ਦੀ ਲਾਇਟ ਜਗ ਪਈ ਹੈ ....ਗੈਰਾਜ ਦੀ ਡੋਰ ਖੁੱਲਣ ਦੇ ਖੜਾਕ ਨਾਲ ਮੇਰੇ 'ਚ ਫੁਰਤੀ ਜਿਹੀ ਆ ਗਈ ਹੈ ...ਕਾਹਲੀ ਨਾਲ ਉੱਠਦੀ ਹੋਈ ਹੱਥ 'ਚ ਫੜਿਆ ਗਿਲਾਸ ਕੌਫੀ ਟੇਬਲ ਤੇ ਰਖਣ ਦੀ ਕੋਸ਼ਿਸ਼ ਕਰਦੀ ਹਾਂ .. ਪਤਾ ਨਹੀਂ ਕਿਹੜੇ ਵੇਲੇ ਗਿਲਾਸ ਹੱਥੋਂ ਛੁੱਟ ਕੇ ਕੌਫੀ ਟੇਬਲ ਦੇ ਸ਼ੀਸ਼ੇ 'ਚ ਵੱਜ ਕੇ ਕੀਚਰਾਂ ਕੀਚਰਾਂ ਹੋ ਜਾਂਦਾ ਹੈ .....ਮੈਂ ਤ੍ਰਬਕ ਕੇ ਕਦੀ ਦਰਵਾਜ਼ੇ ਵੱਲ ਦੇਖਦੀ ਹਾਂ ਤੇ ਕਦੀ ਗਿਲਾਸ ਦੇ ਟੁਕੜਿਆਂ ਵੱਲ .... ਸਮਝ ਨਹੀਂ ਆ ਰਹੀ ਕਿ ਤੈਨੂੰ ਭੱਜ ਕੇ ਮਿਲਾਂ ਜਾਂ ਫੇਰ ਇਹਨਾਂ ਟੁਕੜਿਆਂ ਨੂੰ ਇਕੱਠੇ ਕਰਾਂ ......

ਦਰਵਾਜ਼ਾ ਖੋਲ੍ਹਦਾ ਤੂੰ ਮਿੱਠੀ ਮੁਸਕਾਣ ਨਾਲ ਮੇਰੇ ਵੱਲ ਤੱਕਦਾ ਏਂ ਤੇ ਮੈਂ ਬੇਧਿਆਨੀ ਜਿਹੀ ਕੱਚ ਦੇ ਟੁਕੜਿਆਂ ਨੂੰ ਮਿੱਧ ਕੇ ਤੇਰੇ ਵੱਲ ਭੱਜਦੀ ਤੇਰੇ ਗਲ ਲੱਗ ਭੁੱਬੀ ਰੋ ਪੈਂਦੀ ਹਾਂ ।



# ਰੋਸ਼ਨਦਾਨ/ਹਰਜਿੰਦਰ ਸਿੰਘ ਸੂਰੇਵਾਲੀਆ

ਜਗਦੇਵ ਦੀ ਸੁਹਾਗ ਰਾਤ ਸੀ। ਤਕਰੀਬਨ ਸਾਰਾ ਹੀ ਮੇਲ ਗੇਲ ਤੁਰ ਗਿਆ ਸੀ । ਉਸਦੀ ਇਕੋ ਇਕ ਖਾਸ-ਮ-ਖਾਸ ਸਕੀਰੀ, ਭੂਆ ਦਾ ਸਾਰਾ ਪਰਿਵਾਰ ਆਇਆ ਸੀ ਪਰ ਉਹ ਵੀ ਮੁੜ ਗਏ ਸਨ । ਭੂਆ ਦਾ ਸਾਰਿਆਂ ਤੋਂ ਛੋਟਾ ਪੁੱਤ ਸੁਰਜੀਤ, ਉਹਦੀ ਘਰਵਾਲੀ ਰਣਜੀਤ ਤੇ ਉਹਨਾਂ ਦਾ ਚਾਰ ਕੁ ਸਾਲ ਦਾ ਬੱਚਾ ਵਿਆਹ ਵਾਲੇ ਘਰ ਰਹਿ ਗਏ ਸਨ। ਜਗਦੇਵ ਦੀ ਛੋਟੀ ਮਾਸੀ ਤੇ ਮਾਸੜ ਵੀ ਰਹਿ ਪਏ ਸਨ। ਉਹਦਾ ਵੱਡਾ ਮਾਮਾ ਤੇ ਉਸਦਾ ਆਰ ਪਰਿਵਾਰ ਰੋਟੀ ਖਾ ਕੇ ਆਪਣੇ ਘਰ ਚਲੇ ਗਏ ਸਨ। ਰਾਜਾ-ਰਾਣੀ ਵੀ ਕੰਮ ਧੰਦਾ ਮੁਕਾ ਕੇ ਆਪਣੀ ਰੋਟੀ ਅਤੇ ਮਠਿਆਈ ਬੰਨ੍ਹ ਕੇ ਲੈ ਗਏ। ਸਾਰੇ ਰੋਟੀ ਖਾ ਚੁੱਕੇ ਸਨ। ਪਰ ਉਸਦਾ ਫੌਜੀ ਮਾਮਾ, ਮਾਸੜ ਤੇ ਸੁਰਜੀਤ ਅਜੇ ਵੀ ਬਰਾਂਡੇ ਵਿਚ ਬੈਠੇ ਪੀ ਰਹੇ ਸਨ। ਮਾਮੀ ਤੇ ਮਾਸੀ ਕੋਲ ਪਏ ਦੂਜੇ ਮੰਜੇ ਤੇ ਬੈਠੀਆਂ ਗੱਲਾਂ ਕਰ ਰਹੀਆਂ ਸਨ। ਰਣਜੀਤ, ਜਗਦੇਵ ਦੀ ਵਹੁਟੀ ਕੋਲ ਬੈਠੀ ਸੀ।

ਜਗਦੇਵ ਗਲੀ ਵਾਲੇ ਵੱਡੇ ਬਾਰ ਦੀ ਅਰਲ ਲਾ ਆਇਆ ਤੇ ਮਾਮੇ ਹੋਰਾਂ ਕੋਲ ਬੈਠ ਗਿਆ । ਸੁਰਜੀਤ ਨੇ ਉਸਨੂੰ ਪੈੱਗ ਦੀ ਸੁਲ੍ਹਾ ਮਾਰੀ ਪਰ ਉਸਨੇ ਹੱਸਦੇ ਹੋਏ ਨਾਂਹ ਵਿਚ ਸਿਰ ਫੇਰ ਦਿੱਤਾ। ਸ਼ਰਾਬ ਦਾ ਤਾਂ ਉਸਨੇ ਅਜੇ ਤਕ ਸਵਾਦ ਵੀ ਨਹੀਂ ਸੀ ਵੇਖਿਆ । ਸੁਰਜੀਤ ਵੀ ਉਸਨੂੰ ਐਵੇਂ ਹੀ ਟੋਹ ਰਿਹਾ ਸੀ।

'ਖਾਉ ਰੋਟੀ ਤੁਸੀਂ ਵੀ ਹੁਣ, ਬਹੁਤ ਪੀ ਲੀ,' ਜਗਦੇਵ ਦੀ ਮਾਮੀ ਨੇ ਪੀਣ ਵਾਲਿਆਂ ਨੂੰ ਕਿਹਾ ਤੇ ਉੱਠ ਕੇ ਚੌਂਤਰੇ ਵੱਲ ਤੁਰ ਗਈ । ਉਨ੍ਹਾਂ ਨੇ ਆਖਰੀ ਪੈੱਗ ਪਾਇਆ ਤੇ ਰੋਟੀ ਖਾਣ ਲਈ ਤਿਆਰ ਹੋ ਗਏ। ਮਾਸੀ ਤੇ ਮਾਮੀ ਨੇ ਉਹਨਾਂ ਤਿੰਨਾਂ ਨੂੰ ਰੋਟੀ ਖਵਾ ਦਿੱਤੀ ਤੇ ਫੇਰ ਉਹਨਾਂ ਨੇ ਬਰਾਂਡੇ ਵਿਚ ਡਾਹੇ ਚਾਰਾਂ ਮੰਜਿਆਂ 'ਤੇ ਬਿਸਤਰੇ ਵਿਛਾ ਦਿੱਤੇ। ਮਾਮਾ ਤੇ ਮਾਸੜ ਆਪਣੇ ਆਪਣੇ ਮੰਜਿਆਂ ਤੇ ਪੈ ਗਏ । ਉਹ ਤੇ ਸੁਰਜੀਤ ਇੱਕ ਮੰਜੇ ਤੇ ਬੈਠ ਗਏ । ਦੂਜੇ ਮੰਜੇ ਤੇ ਮਾਮੀ ਤੇ ਮਾਸੀ ਬੈਠ ਗਈਆਂ ਤੇ ਉਹ ਫਿਰ ਗੱਲੀਂ ਲੱਗ ਗਏ ।

ਕੁਝ ਸਮੇਂ ਬਾਅਦ ਰਣਜੀਤ ਕੌਰ ਮੁਸਕਰਾਉਂਦੀ ਹੋਈ ਆਈ ਤੇ ਬੋਲੀ,'ਆ ਭਾਈ ਜਗਦੇਵ, ਤੈਨੂੰ ਤੇਰੇ ਕਮਰੇ ਵਿਚ ਛੱਡ ਆਵਾਂ।' ਉਹ ਉੱਠਕੇ ਭਰਜਾਈ ਮਗਰ ਤੁਰ ਪਿਆ । ਨਵੀਂ ਵਹੁਟੀ ਸਜੀ ਧਜੀ ਆਪਣੇ ਦਾਜ 'ਚ ਲਿਆਂਦੇ ਢੋਅ ਵਾਲੇ ਡਬਲ ਬੈੱਡ 'ਤੇ ਬੈਠੀ ਸੁਰਜੀਤ ਦੇ ਬੱਚੇ ਨਾਲ ਖੇਡ ਰਹੀ ਸੀ।

ਵਿਆਹ ਤੋਂ ਕੁਝ ਚਿਰ ਪਹਿਲਾਂ ਹੀ ਇਹ ਕਮਰਾ ਤਿਆਰ ਕੀਤਾ ਗਿਆ ਸੀ। ਨਾਲ ਹੀ ਜੁੜਵਾਂ ਬਾਥ ਰੂਮ ਸੀ। ਇਸ ਕਮਰੇ ਵਿਚ ਪਹਿਲਾਂ ਦੋ ਤਿੰਨ ਸੂਤ ਦੇ ਮੰਜੇ ਡਾਹੇ ਹੁੰਦੇ ਸਨ ਪਰ ਹੁਣ ਇਸ ਵਿਚ ਵਹੁਟੀ ਵੱਲੋਂ ਲਿਆਂਦਾ ਡਬਲ ਬੈੱਡ, ਛੋਟਾ ਜਿਹਾ ਡਰੈਸਿੰਗ ਟੇਬਲ ਤੇ ਦੋ ਕੁਰਸੀਆਂ ਅਤੇ ਉਹਨਾਂ ਦੇ ਅੱਗੇ ਤਿਪਾਈ ਟਿਕਾ ਦਿੱਤੀ ਗਈ ਸੀ ।

ਸੁਰਜੀਤ ਦੀ ਪਤਨੀ ਬੈੱਡ ਤੇ ਬੈਠ ਗਈ ਤੇ ਉਹ ਇਕ ਕੁਰਸੀ ਤੇ ਬੈਠ ਗਿਆ । ਵਹੁਟੀ ਨੇ ਉਸਦਾ ਹੱਥ ਜੋੜ ਕੇ ਮੁਸਕਰਾ ਕੇ ਸਵਾਗਤ ਕੀਤਾ ਤੇ ਫਿਰ ਸੁਰਜੀਤ ਦੇ ਬੱਚੇ ਨਾਲ ਖੇਡਣ ਦਾ ਵਿਖਾਵਾ ਕਰਨ ਲੱਗੀ। ਰਣਜੀਤ ਨੇ ਵਹੁਟੀ ਦੇ ਕੰਨ 'ਚ ਕੋਈ ਗੱਲ ਕੀਤੀ ਤੇ ਉੱਠ ਕੇ ਚਲੀ ਗਈ ਤੇ ਆ ਕੇ ਗਰਮ ਦੁੱਧ ਦੇ ਭਰੇ ਦੋ ਸਟੀਲ ਦੇ ਗਲਾਸ ਤਿਪਾਈ ਤੇ ਰੱਖ ਕੇ ਫਿਰ ਵਹੁਟੀ ਦੇ ਨਾਲ ਜੁੜ ਕੇ ਬੈਠ ਗਈ। ਉਹ ਕੁੱਝ ਦੇਰ ਕਾਨਾ ਫੂਸੀ ਕਰਦੀਆਂ ਰਹੀਆਂ। ਫੇਰ ਰਣਜੀਤ ਉੱਠ ਕੇ ਖੜ੍ਹੀ ਹੁੰਦੀ ਬੋਲੀ, 'ਲਓ ਭਾਈ, ਮੈ ਤਾਂ ਆਪਣੀਆਂ ਸਾਰੀਆਂ ਡਿਊਟੀਆਂ ਨਿਭਾ ਦਿੱਤੀਆਂ ਤੇ ਹੁਣ ਤੁਸੀਂ ਜਾਣੋ ਤੇ ਸੋਡਾ ਕੰਮ ਜਾਣੇ।' ਇਹ ਕਹਿ ਕੇ ਉਹ ਆਪਣੇ ਜਵਾਕ

ਨੂੰ ਚੁੱਕ ਕੇ ਚਲੀ ਗਈ ।

ਜਗਦੇਵ ਉੱਠਿਆ ਤੇ ਬੂਹਾ ਬੰਦ ਕਰਕੇ ਬੈੱਡ 'ਤੇ ਜਾ ਬੈਠਾ। ਵਹੁਟੀ ਉਹਦੇ ਸਾਹਮਣੇ ਸ਼ਰਮਾਉਂਦੀ ਹੋਈ ਨੀਵੀਂ ਪਾਈ ਬੈਠੀ ਸੀ। ਜਗਦੇਵ ਨੇ ਉਸਦੀ ਠੋਡੀ ਹੇਠਾਂ ਹੱਥ ਦੇ ਕੇ ਮੂੰਹ ਉਤਾਂਹ ਚੁੱਕ ਦਿੱਤਾ ਤੇ ਅੱਖਾਂ 'ਚ ਅੱਖਾਂ ਪਾ ਕੇ ਵੇਖਣ ਲੱਗਾ। ਮੋਟੀਆਂ ਮੋਟੀਆਂ ਕਾਲੀਆਂ ਅੱਖਾਂ, ਤਿੱਖਾ ਨੱਕ , ਸੂਹੀ ਭਾਅ ਮਾਰਦਾ ਗੋਰਾ ਰੰਗ, ਗੱਲ੍ਹ 'ਚ ਪੈਂਦਾ ਟੋਇਆ ਤੇ ਉਹ ਉਸਨੂੰ ਵੇਖਦਾ ਹੀ ਰਹਿ ਗਿਆ ।

ਰਣਜੀਤ ਉਸਨੂੰ ਦੱਸਦੀ ਹੁੰਦੀ ਸੀ ਕਿ,'ਜਗਦੇਵ ਜਵਾਂ ਈ ਮੇਰੇ ਵਰਗੀ ਐ, ਉਹਨੂੰ ਕੱਢ ਲੈ ਤੇ ਮੈਨੂੰ ਲੁਕੋ ਲੈ।'

ਪਰ ਜਗਦੇਵ ਨੂੰ ਤਾਂ ਉਹ ਆਪਣੀ ਭਰਜਾਈ ਨਾਲੋਂ ਵੀ ਵੱਧ ਸੋਹਣੀ ਲੱਗੀ ।

ਪਤਨੀ ਨੇ ਵੀ ਪਤੀ ਨੂੰ ਨਿਹਾਰਿਆ । ਸੋਹਣਾ ਸੁਨੱਖਾ ਗੱਭਰੂ ਸਾਹਮਣੇ ਬੈਠਾ ਵੇਖ ਕੇ ਉਹਦੀ ਵੀ ਰੂਹ ਖੁਸ਼ ਹੋ ਗਈ। ਜਗਦੇਵ ਉਸਦੀ ਚੁੰਨੀ ਲਾਹੁਣ ਲੱਗਿਆ ਪਰ ਚੁੰਨੀ ਸਿਰ ਦੇ ਵਾਲਾਂ ਵਿੱਚ ਲੱਗੇ ਕਲਿੱਪ ਵਿੱਚ ਅੜ ਗਈ । ਵਹੁਟੀ ਨੇ ਚੁੰਨੀ ਵਾਲਾਂ ਦੇ ਕਲਿੱਪ 'ਚੋਂ ਕੱਢੀ ਤੇ ਲਾਹ ਕੇ ਬੈੱਡ ਦੀ ਢੋਅ 'ਤੇ ਰੱਖ ਦਿੱਤੀ। ਫਿਰ ਜਗਦੇਵ ਨੇ ਉਸਨੂੰ ਹੱਥ ਨਾਲ ਕੋਈ ਇਸ਼ਾਰਾ ਕੀਤਾ। ਵਹੁਟੀ ਨੇ ਜਗਦੇ ਬੱਲਬ ਵੱਲ ਉਂਗਲ ਕਰ ਦਿੱਤੀ। ਉਹ ਮੁਸਕਰਾਉਂਦਾ ਹੋਇਆ ਨਾਂਹ ਵਿਚ ਸਿਰ ਮਾਰਨ ਲੱਗਾ ਤੇ ਉਸੇ ਤਰ੍ਹਾਂ ਮੁਸਕਰਾਉਂਦੀ ਹੋਈ ਵਹੁਟੀ ਵੀ ਨਾਂਹ ਵਿਚ ਸਿਰ ਮਾਰਨ ਲੱਗੀ । ਥੋੜ੍ਹੀ ਜਿਹੀ ਜ਼ਿੱਦ ਕਰਨ ਤੋਂ ਬਾਅਦ ਜਗਦੇਵ ਨੇ ਹਾਰ ਮੰਨਦੇ ਹੋਏ ਬੱਤੀ ਬੰਦ ਕਰ ਦਿੱਤੀ । ਕਮਰੇ ਵਿਚ ਹਨੇਰ ਘੁੱਪ ਹੋ ਗਿਆ। ਫੇਰ ਜਗਦੇਵ ਨੇ ਕੱਪੜਿਆਂ ਦੀ ਸਰਸਰਾਹਟ ਸੁਣੀ। ਦੋ ਤਿੰਨ ਵਾਰ ਅਸਮਾਨੀ ਬਿਜਲੀ ਵਾਂਗ ਚਾਨਣ ਦੇ ਲਿਸ਼ਕਾਰੇ ਜਿਹੇ ਵੱਜੇ। ਸਰੀਰ ਦੀ ਰਗੜ ਨਾਲ ਲਾਹੇ ਜਾ ਰਹੇ ਸਿਲਕੀ ਕੱਪੜੇ ਚੰਗਿਆੜੇ ਛੱਡ ਰਹੇ ਸਨ।

ਜਗਦੇਵ ਨੇ ਇਹ ਅਲੌਕਿਕ ਦ੍ਰਿਸ਼ ਪਹਿਲੀ ਵਾਰ ਵੇਖਿਆ ।

ਤੇ ਉਸਦਾ ਸਾਹ ਤੇਜ਼ੀ ਨਾਲ ਚੱਲਣ ਲੱਗਿਆ।

... ਜਦੋਂ ਉਹ ਦੋਵੇਂ ਸਰੀਰਕ ਸੁਖ ਦੀ ਚਰਮ ਸੀਮਾ ਤੇ ਸਨ ਤਾਂ ਅਚਾਨਕ ਜਗਦੇਵ ਦੀ ਨਜ਼ਰ ਕਮਰੇ ਦੇ ਰੋਸ਼ਨਦਾਨ ਵੱਲ ਚਲੀ ਗਈ ਜਿਸਦੀਆਂ ਮੋਰੀਆਂ ਵਿਚੋਂ ਵਿਹੜੇ ਵਿੱਚ ਜਗਦੇ ਬੱਲਬ ਦਾ ਪ੍ਰਕਾਸ਼ ਅੰਦਰ ਆ ਰਿਹਾ ਸੀ। ਤੇ ਫਿਰ ਉਸਦਾ ਸਰੀਰ ਢਿੱਲਾ ਪੈਣ ਲੱਗਿਆ ਤੇ ਉਸਦਾ ਮੂੰਹ ਸਰ੍ਹਾਣੇ ਤੇ ਆ ਡਿੱਗਿਆ ਜਿਵੇਂ ਟਿਊਬ ਦਾ ਪਟਾਕਾ ਪੈਣ ਤੇ ਟਾਇਰ ਹੇਠਾਂ ਬੈਠ ਜਾਂਦਾ ਹੈ।

——————

ਜਗਦੇਵ ਦਾ ਬਾਪ ਸ਼ੌਕੀਨ ਜੱਟ ਸੀ। ਜ਼ਮੀਨ ਥੋੜ੍ਹੀ ਹੋਣ ਕਾਰਨ ਉਹ ਮਿੱਟੀ ਨਾਲ ਮਿੱਟੀ ਹੋਣ ਦੀ ਬਜਾਏ ਟਰੱਕਾਂ ਵਾਲੇ ਕੰਮ ਵਿੱਚ ਪੈ ਗਿਆ । ਪਹਿਲਾਂ ਉਸਨੇ ਡਰਾਇਵਰੀ ਸਿੱਖੀ ਤੇ ਕਈ ਸਾਲ ਇਕ ਸੇਠ ਦੇ ਟਰੱਕ ਚਲਾਉਂਦਾ ਰਿਹਾ। ਫਿਰ ਉਸਨੇ ਕੁਝ ਜ਼ਮੀਨ ਬੈਅ ਕਰਕੇ ਤੇ ਬੈਂਕ ਤੋਂ ਕਰਜ਼ਾ ਲੈ ਕੇ ਆਪਣਾ ਨਵਾਂ ਟਰੱਕ ਪਾ ਲਿਆ। ਜਿਵੇਂ ਉਹ ਆਪ ਬਣ ਠਣ ਕੇ ਰਹਿੰਦਾ ਸੀ ਉਵੇਂ ਉਹ ਆਪਣੇ ਟਰੱਕ ਨੂੰ ਲਿਸ਼ਕਾ ਸ਼ਿੰਗਾਰ ਕੇ ਰੱਖਦਾ। ਉਸਨੇ ਖੱਬੇ ਪਾਸੇ ਵਾਲੀ ਬਾਰੀ ਤੇ ਲਿਖਵਾਇਆ ਹੋਇਆ ਸੀ 'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ ਨੀਂ ਗੱਡੀ ਆ ਸ਼ੌਕੀਨ ਜੱਟ ਦੀ।' ਇਸੇ ਤਰ੍ਹਾਂ ਪਿੱਛੇ ਡਾਲੇ ਤੇ ਲਿਖਿਆ ਹੋਇਆ ਸੀ 'ਪੁੱਤ ਜੱਟਾਂ ਦੇ ਡਰਾਈਵਰ ਟਰੱਕਾਂ ਦੇ'।

ਪਹਿਲਾਂ ਪਹਿਲ ਜਦੋਂ ਉਹ ਟਰੱਕਾਂ ਤੇ ਜਾਂਦਾ ਸੀ ਤਾਂ ਦੋ ਤਿੰਨ ਮਹੀਨੇ ਘਰੇ ਹੀ ਨਹੀਂ ਸੀ ਮੁੜਦਾ। ਉਦੋਂ ਉਹ ਛੜਾ ਛਾਂਟ ਸੀ। ਸਾਕ ਉਸਨੂੰ ਕੋਈ ਹੋਇਆ ਨਹੀਂ ਸੀ। ਉਸਦਾ ਬਾਪੂ ਜਿਉਂਦਾ ਸੀ ਜੋ ਜ਼ਮੀਨ ਨਾਲ ਘੁਲਦਾ ਰਹਿੰਦਾ। ਪਰ ਜਦੋਂ ਉਸਨੇ ਆਪਣਾ ਟਰੱਕ ਪਾ ਲਿਆ ਤਾਂ ਉਸਨੂੰ



ਰਿਸ਼ਤਾ ਵੀ ਹੋ ਗਿਆ। ਵਿਆਹ ਵੇਲੇ ਉਸਦੀ ਉਮਰ ਤੀਹਾਂ ਤੋਂ ਟੱਪ ਚੁੱਕੀ ਸੀ ਤੇ ਉਸਦੀ ਮਲੂਕ ਜਿਹੀ ਵਹੁਟੀ ਦੀ ਉਮਰ ਵੀਹਾਂ ਤੋਂ ਵੀ ਘੱਟ ਸੀ ਤੇ ਉਹ ਸੀ ਵੀ ਸੋਹਣੀ। ਬਾਪੂ ਦੀ ਮੌਤ ਹੋ ਚੁੱਕੀ ਸੀ ਤੇ ਹੁਣ ਉਹ ਛੇਤੀ ਤੋਂ ਛੇਤੀ ਘਰ ਗੇੜਾ ਮਾਰਦਾ। ਉਸਨੂੰ ਦੇਬੇ ਡਰਾਈਵਰ ਦੀ ਗੱਲ ਵੀ ਯਾਦ ਆ ਜਾਂਦੀ ਜਿਹੜਾ ਕਹਿੰਦਾ ਹੁੰਦਾ ਸੀ ਕਿ ਹਫਤੇ ਦਸ ਦਿਨ ਤੋਂ ਤਾਂ ਕੰਨ ਵੀ ਡੱਕਾ ਭਾਲਦੈ। ਸਾਲ ਦੇ ਅੰਦਰ ਹੀ ਵਹੁਟੀ ਨੇ ਮੁੰਡਾ ਜੰਮ ਲਿਆ। ਦੂਸਰੇ ਸਾਲ ਉਸਨੇ ਕੁੜੀ ਜੰਮੀ ਜਿਹੜੀ ਕੁਝ ਘੰਟਿਆਂ ਬਾਅਦ ਹੀ ਮਰ ਗਈ ਤੇ ਉਸਤੋਂ ਬਾਅਦ ਉਸਦੀ ਕੁੱਖ ਹਰੀ ਨਾ ਹੋਈ। ਉਹਨਾਂ ਦੇ ਵਿਆਹ ਨੂੰ ਦਸ ਸਾਲ ਤੋਂ ਉਪਰ ਹੋ ਚੁੱਕੇ ਸਨ ਪਰ ਡਰਾਈਵਰ ਦਾ ਜੋਸ਼ ਮੱਠਾ ਨਹੀਂ ਸੀ ਪਿਆ। ਉਹ ਛੇਤੀ ਤੋਂ ਛੇਤੀ ਘਰ ਮੁੜਨ ਦੀ ਕੋਸ਼ਿਸ਼ ਕਰਦਾ ਤੇ ਆਉਣ ਸਾਰ ਪਤਨੀ ਦੀ ਬਾਂਹ ਫੜਕੇ ਉਸਨੂੰ ਅੰਦਰ ਲੈ ਵੜਦਾ। ਉਸਨੇ ਕਦੇ ਆਪਣੀ ਮਾਂ ਦੀ ਵੀ ਸ਼ਰਮ ਨਹੀਂ ਸੀ ਮੰਨੀ ਤੇ ਬੁੜ੍ਹੀ ਵਿਚਾਰੀ ਆਪ ਹੀ ਆਸੇ ਪਾਸੇ ਹੋ ਜਾਂਦੀ । ਉਸਦੇ ਆਉਣ ਦਾ ਕੋਈ ਪੱਕਾ ਦਿਨ ਜਾਂ ਸਮਾਂ ਨਿਸਚਿਤ ਨਹੀਂ ਸੀ ਹੁੰਦਾ । ਕਦੇ ਉਹ ਸੁਬਹ ਸਵੇਰੇ ਹੀ ਆ ਬਾਰ 'ਚ ਹਾਰਨ ਮਾਰਦਾ ਤੇ ਕਦੇ ਅੱਧੀ ਰਾਤ ਨੂੰ ਆ ਜਾਂਦਾ। ਕਦੇ ਉਹ ਦੁਪਹਿਰੇ ਆਉਂਦਾ ਤੇ ਕਦੇ ਸ਼ਾਮ ਨੂੰ। ਉਹ ਆਉਂਦਾ ਮਗਰੋਂ ਜਾਣ ਦੀ ਕਾਹਲ ਉਸਨੂੰ ਪਹਿਲਾਂ ਹੁੰਦੀ। ਉਹ ਜਦੋਂ ਵੀ ਆਉਂਦਾ ਖਾਣ ਲਈ ਕੋਈ ਫਲ ਜਾਂ ਮਠਿਆਈ ਜ਼ਰੂਰ ਲੈ ਕੇ ਆਉਂਦਾ। ਜਗਦੇਵ ਨੂੰ ਆਪਣੇ ਪਿਤਾ ਦੇ ਆਉਣ ਦਾ ਚਾਅ ਚੜ੍ਹ ਜਾਂਦਾ ਪਰ ਛੇਤੀ ਹੀ ਇਹ ਚਾਅ ਮੱਠਾ ਪੈ ਜਾਂਦਾ। ਉਸਦਾ ਪਿਤਾ ਉਸਨੂੰ ਪਿਆਰ ਵੀ ਬਹੁਤ ਕਰਦਾ ਪਰ ਫਿਰ ਛੇਤੀ ਹੀ ਉਸਨੂੰ ਘੂਰਨ ਲੱਗ ਜਾਂਦਾ। ਉਸਨੂੰ ਆਪਣੇ ਪਿਉ ਤੋਂ ਡਰ ਵੀ ਬਹੁਤ ਆਉਂਦਾ। ਪਿਤਾ ਦਾ ਚਿਹਰਾ ਤੇ ਹਾਵ ਭਾਵ ਹੀ ਡਰਾਉਣੇ ਸਨ। ਉਸਦਾ ਰੰਗ ਗੋਰਾ ਤੇ ਨੈਣ ਨਕਸ਼ ਭਾਵੇਂ ਸੋਹਣੇ ਸਨ ਪਰ ਚਿਹਰੇ ਤੇ ਫਿਨਸੀਆਂ ਵਰਗੀਆਂ ਮੋਟੀਆਂ ਮੋਟੀਆਂ ਗਮੋੜੀਆਂ ਜਿਹੀਆਂ ਸਨ ਤੇ ਉਸਦੀਆਂ ਅੱਖਾਂ ਹਮੇਸ਼ਾ ਹੀ ਲਾਲ ਝਰੰਗ ਰਹਿੰਦੀਆਂ ਜਿਵੇਂ ਉਹਨਾਂ ਵਿਚੋਂ ਰੱਤ ਚਿਉਂ ਰਹੀ ਹੋਵੇ। ਉਹ ਦਾੜ੍ਹੀ ਕੱਟ ਕੇ ਤੇ ਖਤ ਕੱਢ ਕੇ ਰੱਖਦਾ। ਮੁੱਛਾਂ ਉਸਦੀਆਂ ਕੁੰਢੀਆਂ ਕੀਤੀਆਂ ਹੁੰਦੀਆਂ । ਕੱਦ ਉਸਦਾ ਛੀ ਫੁੱਟ ਤੋਂ ਵੀ ਵੱਧ ਹੀ ਸੀ। ਤੇੜ ਹਮੇਸ਼ਾ ਉਹ ਦੁੱਧ ਚਿੱਟਾ ਕੁੜਤਾ ਤੇ ਖੜ ਖੜ ਕਰਦਾ ਡੱਬੀਆਂ ਵਾਲਾ ਧੂਹਵਾਂ ਚਾਦਰਾ ਬੰਨ੍ਹਦਾ ਅਤੇ ਪੈਰੀਂ ਲੱਕ ਮਾਰਵੀਂ ਕੱਢਵੀਂ ਜੁੱਤੀ ਪਾਉਂਦਾ। ਪੱਗ ਉਸਨੇ ਸ਼ੁਰੂ ਤੋਂ ਹੀ ਨਹੀਂ ਸੀ ਬੰਨ੍ਹੀ। ਜੇ ਕਿਸੇ ਜਵਾਕ ਵੱਲ ਉਹ ਸੁਭਾਵਿਕ ਵੀ ਝਾਕ ਲੈਂਦਾ ਤਾਂ ਜਵਾਕ ਦੀਆਂ ਲੇਰਾਂ ਨਿਕਲ ਜਾਂਦੀਆਂ ।

ਪਰ ਉਸਦਾ ਤਾਂ ਉਹ ਪਿਉ ਸੀ। ਉਸ ਨਾਲ ਉਹ ਲਾਡ ਬਾਡੀਆਂ ਕਰਦਾ। ਲੋਰ ਵਿਚ ਆਇਆ ਉਸਨੂੰ ਜੱਗਾ ਜੱਟ ਕਹਿੰਦਾ ਤੇ ਗਾਉਂਦਾ 'ਜੱਗਾ ਜੱਟ ਨੀਂ ਕਿਸੇ ਨੇ ਬਣ ਜਾਣਾ, ਘਰ ਘਰ ਪੁੱਤ ਜੰਮਦੇ।' ਉਹ ਚੌੜ 'ਚ ਇਕ ਹੱਥ ਨਾਲ ਜਗਦੇਵ ਦਾ ਬਾਲਾ ਕੱਢ ਦਿੰਦਾ। ਉਹ ਬਹੁਤ ਜਰਵਾਣਾ ਸੀ। ਜਦੋਂ ਉਹ ਜਗਦੇਵ ਨੂੰ ਇਕ ਹੱਥ ਉਸਦੇ ਢਿੱਡ ਥੱਲੇ ਰੱਖ ਕੇ ਸਿਰ ਤੋਂ ਉਤਾਂਹ ਚੁੱਕੀ ਰੱਖਦਾ ਤਾਂ ਜਗਦੇਵ ਦੀਆਂ ਡਾਡਾਂ ਨਿਕਲ ਜਾਂਦੀਆਂ। ਉਸਦੀ ਮਾਂ ਤੇ ਦਾਦੀ ਡਰਾਈਵਰ ਨੂੰ ਵਰਜਦੀਆਂ ਪਰ ਉਹ ਸ਼ਰਾਬੀ ਹੋਇਆ ਹੱਸਦਾ ਰਹਿੰਦਾ। ਉਸਦੀ ਮਾਂ ਤਾਂ ਚੁੱਪ ਕਰਕੇ ਪਾਸੇ ਹੋ ਜਾਂਦੀ ਪਰ ਦਾਦੀ ਦੁਹਾਈਆਂ ਪਾਉਂਦੀ, 'ਹਟ ਜਾ ਵੇ ਕਲਯੋਗੀਆ, ਏਵੇਂ ਤੇਰੇ ਵਰਗੇ ਮੱਛਰੇ ਜੱਟ ਨੇ ਸਲੰਘ ਨਾਲ ਮੁੰਡੇ ਦੇ ਢਿੱਡ ਵਿਚ ਕੁਤ ਕੁਤ ਕਰਕੇ ਮੁੰਡਾ ਮਾਰ ਲਿਆ ਸੀ।'

ਇਸ ਤਰ੍ਹਾਂ ਉਸਨੂੰ ਆਪਣੇ ਪਿਉ ਦੇ ਆਉਣ ਦਾ ਚਾਅ ਵੀ ਚੜ੍ਹਦਾ ਤੇ ਡਰ ਵੀ ਲੱਗਦਾ। ਪਰ ਉਸਨੂੰ ਹਮੇਸ਼ਾ ਆਪਣੇ ਪਿਉ ਦੇ ਆਉਣ ਦੀ ਤਾਂਘ ਰਹਿੰਦੀ। ਉਸਦੇ ਜਾਣ ਤੋਂ ਬਾਅਦ ਘਰ ਵਿਚ ਤਿੰਨ ਹੀ ਜੀਅ ਰਹਿ ਜਾਂਦੇ ਸਨ, ਦੋਵੇਂ ਮਾਂ ਪੁੱਤ ਤੇ ਤੀਜੀ ਦਾਦੀ ਤੇ ਘਰ ਸੁੰਨਾ ਸੁੰਨਾ ਹੋ ਜਾਂਦਾ ਸੀ ।

ਤੇ ਫੇਰ ਅਚਾਨਕ ਜਗਦੇਵ ਦੇ ਪਿਤਾ ਨੂੰ ਬੁਖਾਰ ਰਹਿਣ ਲੱਗ ਪਿਆ। ਉਸਨੂੰ ਕੋਈ ਚੰਦਰੀ ਬਿਮਾਰੀ ਚਿੰਬੜ ਗਈ ਸੀ। ਉਸਦਾ ਗੇਲੀ ਵਰਗਾ ਸਰੀਰ ਸੁੱਕ ਕੇ ਦਿਨਾਂ 'ਚ ਹੀ ਤੀਲਾ ਬਣ ਗਿਆ ਸੀ ਤੇ ਉਹ ਪੱਕੇ ਤੌਰ 'ਤੇ ਹੀ ਘਰੇ ਰਹਿਣ ਲੱਗ ਪਿਆ। ਉਸਨੇ ਟਰੱਕ ਵੀ ਵੇਚ ਦਿੱਤਾ। ਕੁੱਝ ਮਹੀਨਿਆਂ ਵਿੱਚ ਹੀ ਉਸਦੀ ਮੌਤ ਹੋ ਗਈ। ਉਸ ਦਿਨ ਜਗਦੇਵ ਕੇ ਘਰ ਬਹੁਤ ਇਕੱਠ ਹੋਇਆ। ਦੂਰ ਨੇੜ ਦੇ ਰਿਸ਼ਤੇਦਾਰ ਅਤੇ ਪਿੰਡ ਦੇ ਸਾਰੇ ਬੰਦੇ ਬੁੜ੍ਹੀਆਂ ਉਹਨਾਂ ਦੇ ਘਰੇ ਆ ਜੁੜੇ ਸਨ ਤੇ ਉਸਦੇ ਪਿਉ ਨੂੰ ਪੌੜੀ ਜਿਹੀ 'ਤੇ ਪਾ ਕੇ ਸਿਵਿਆਂ ਵਿੱਚ ਫੂਕ ਆਏ ਸਨ। ਕੁੱਝ ਚਿਰ ਬਾਅਦ ਉਸਦੀ ਮਾਂ ਨੇ ਵੀ ਮੰਜਾ ਮੱਲ ਲਿਆ। ਉਹੀ ਨਾਮੁਰਾਦ ਬੀਮਾਰੀ ਬਾਪੂ ਤੋਂ ਉਸਦੀ ਮਾਂ ਨੂੰ ਚਿੰਬੜ ਗਈ ਸੀ। ਉਹ ਵੀ ਦਿਨੋ ਦਿਨ ਘਟਦੀ ਹੀ ਜਾਂਦੀ ਸੀ ਤੇ ਕੋਈ ਦਵਾ ਦਾਰੂ ਉਸ ਉੱਤੇ ਅਸਰ ਨਹੀਂ ਸੀ ਕਰਦੀ। ਉਹ ਤੁਰੇ ਫਿਰਦੇ ਜਗਦੇਵ ਨੂੰ ਕੋਲ ਸੱਦ ਕੇ ਹਿੱਕ ਨਾਲ ਲਾ ਲੈਂਦੀ ਤੇ ਹੁੱਭਕੀਂ ਹੁੱਭਕੀਂ ਰੋਂਦੀ ਹੋਈ ਕਹਿੰਦੀ, 'ਰੱਬਾ, ਮੇਰੇ ਜੱਗੇ ਪੁੱਤ ਦਾ ਕੀ ਬਣੂੰ ?' ਉਸਦੀ ਦਾਦੀ ਦੀ ਕਮਰ ਹੋਰ ਝੁਕ ਗਈ ਸੀ। ਤੇ ਫਿਰ ਮਾਂ ਵੀ ਉਸੇ ਰਾਹ ਤੁਰ ਗਈ ਜਿਥੋਂ ਕੋਈ ਵਾਪਸ ਨਹੀਂ ਆਉਂਦਾ। ਉਸ ਦਿਨ ਫੇਰ ਉਹਨਾਂ ਦੇ ਘਰ ਇਕੱਠ ਹੋਇਆ ਤੇ ਉਸਦੀ ਮਾਂ ਨੂੰ ਸਿਵਿਆਂ 'ਚ ਫੂਕ ਆਏ ।

ਮਾਂ ਦੇ ਭੋਗ ਵਾਲੇ ਦਿਨ ਰਿਸ਼ਤੇਦਾਰਾਂ ਦੇ ਇਕੱਠ ਵਿਚ ਦਾਦੀ-ਪੋਤੇ ਦੇ ਭਵਿੱਖ ਦਾ ਫੈਸਲਾ ਹੋ ਗਿਆ। ਉਸਦੇ ਛੋਟੇ ਮਾਮਾ ਮਾਮੀ ਦੇ ਕੋਈ ਔਲਾਦ ਨਹੀਂ ਸੀ। ਮਾਮਾ ਹੁਣੇ ਹੁਣੇ ਫੌਜ 'ਚੋਂ ਪੈਨਸ਼ਨ ਆਇਆ ਸੀ ਤੇ ਉਸਨੇ ਘਰਵਾਲੀ ਦੀ ਸਹਿਮਤੀ ਨਾਲ ਭਾਣਜੇ ਨੂੰ ਗੋਦ ਲੈ ਲਿਆ। ਜਗਦੇਵ ਦੀ ਇੱਕੋ ਇੱਕ ਭੂਆ ਚੰਗੇ ਸਰਦੇ ਘਰ ਵਿਆਹੀ ਹੋਈ ਸੀ। ਉਹ ਮਾਂ ਨੂੰ ਆਪਣੇ ਨਾਲ ਲੈ ਗਈ। ਜਗਦੇਵ ਦਾ ਇਕ ਸਕਾ ਤਾਇਆ ਵੀ ਸੀ ਜੋ ਬਹੁਤ ਸਾਲ ਪਹਿਲਾਂ ਇਥੋਂ ਆਪਣੀ ਜ਼ਮੀਨ ਤੇ ਘਰ-ਬਾਰ ਵੇਚ ਕੇ ਗੰਗਾਨਗਰ ਜ਼ਿਲ੍ਹੇ ਦੇ ਕਿਸੇ ਪਿੰਡ ਵਿੱਚ ਜਾ ਵਸਿਆ ਸੀ ਤੇ ਉਥੇ ਹੀ ਉਸਦੀ ਮੌਤ ਹੋ ਗਈ ਸੀ । ਤਾਏ ਦੇ ਦੋ ਮੁੰਡੇ ਸਨ ਪਰ ਉਹ ਕਦੇ ਦੁਖਦੇ ਸੁਖਦੇ ਵੀ ਨਹੀਂ ਸੀ ਆਏ। ਡਰਾਈਵਰ ਦੀ ਮੌਤ ਤੋਂ ਬਾਅਦ ਪਿੰਡ ਦੇ ਸਰਪੰਚ ਅਤੇ ਜਗਦੇਵ ਦੇ ਫੁੱਫੜ ਨੇ ਡਰਾਈਵਰ ਦੀ ਵਸੀਅਤ ਮੁਤਾਬਿਕ ਉਸਦੀ ਦੋ ਕਿਲੇ ਜ਼ਮੀਨ ਜਗਦੇਵ ਦੇ ਨਾਂ ਕਰਵਾ ਦਿੱਤੀ।

ਉਹ ਆਪਣੇ ਨਾਨਕੇ ਪਿੰਡ ਹੀ ਪਲਿਆ ਤੇ ਗੱਭਰੂ ਹੋਇਆ।

ਪਹਿਲਾਂ ਪਹਿਲ ਤਾਂ ਜਗਦੇਵ ਦਾ ਮਾਮਾ ਉਸਨੂੰ ਭੂਆ ਦੇ ਪਿੰਡ ਲੈ ਜਾਂਦਾ ਸੀ ਤੇ ਉਸਦੀ ਦਾਦੀ ਨੂੰ ਮਿਲਾ ਲਿਆਉਂਦਾ ਸੀ। ਫਿਰ ਵੱਡਾ ਹੋਇਆ ਜਗਦੇਵ ਆਪ ਹੀ ਭੂਆ ਦੇ ਪਿੰਡ ਜਾਣ ਲੱਗ ਪਿਆ ਤੇ ਉਥੇ ਕਈ ਕਈ ਦਿਨ ਉਹਨਾਂ ਕੋਲ ਰਹਿ ਆਉਂਦਾ। ਮਾਮੇ ਨੇ ਉਸਨੂੰ ਪੜ੍ਹਣ ਤਾਂ ਲਾਇਆ ਸੀ ਪਰ ਪੜ੍ਹਾਈ 'ਚ ਰੁਚੀ ਨਾ ਹੋਣ ਕਾਰਨ ਉਹ ਅੱਠਵੀਂ ਨਾ ਟੱਪ ਸਕਿਆ ਤੇ ਸਕੂਲੋਂ ਹਟ ਗਿਆ। ਮਾਮਾ ਆਪਣੀ ਪੈਲੀ ਹਿੱਸੇ ਠੇਕੇ ਤੇ ਦਿੰਦਾ ਹੁੰਦਾ ਸੀ। ਜਗਦੇਵ ਪੜ੍ਹਨੋਂ ਹੱਟਿਆ ਤਾਂ ਉਹ ਆਪ ਵਾਹੀ ਕਰਨ ਲੱਗ ਪਏ। ਜਗਦੇਵ ਦੇ ਪਿੰਡ ਵਾਲੇ ਦੋਵੇਂ ਕਿੱਲੇ ਵੇਚ ਕੇ ਉਹਨਾਂ ਆਪਣੀ ਜ਼ਮੀਨ ਨਾਲ ਲਗਦੇ ਤਿੰਨ ਕਿੱਲੇ ਬੈਅ ਲੈ ਲਏ। ਉਹਨਾਂ ਕੋਲ ਅੱਠ ਕਿੱਲਿਆਂ ਦਾ ਟੱਕ ਇਕ ਥਾਂ ਤੇ ਬਣ ਗਿਆ ਤੇ ਜਗਦੇਵ ਜੀ ਜਾਨ ਨਾਲ ਵਾਹੀ ਕਰਨ ਲੱਗਿਆ। ਉਹ ਸ਼ਰੀਫ ਤੇ ਸਾਊ ਮੁੰਡਾ ਨਿਕਲਿਆ ਤੇ ਨਸ਼ੇ ਪੱਤਿਆਂ ਤੋਂ ਬਚਿਆ ਰਿਹਾ। ਉਹ ਕਦੇ ਕਦੇ ਪਿੰਡ ਵੀ ਗੇੜਾ ਮਾਰ ਆਉਂਦਾ ਪਰ ਉਸਦਾ ਬਹੁਤਾ ਮੋਹ ਤਾਂ ਭੂਆ ਦੇ ਪਰਿਵਾਰ ਨਾਲ ਹੀ ਸੀ। ਭੂਆ ਦਾ ਛੋਟਾ ਮੁੰਡਾ ਸੁਰਜੀਤ ਉਸਤੋਂ ਪੰਜ ਕੁ ਸਾਲ ਹੀ ਵੱਡਾ ਸੀ ਤੇ ਉਸਨੂੰ ਭਰਾਵਾਂ ਵਾਂਗ ਪਿਆਰ ਕਰਦਾ ਸੀ। ਨੇੜੇ ਦੀ ਵਾਟ ਹੋਣ ਕਾਰਨ ਉਹ ਪੰਦਰੀਂ ਵੀਹੀਂ ਦਿਨੀਂ ਭੂਆ ਦੇ ਪਿੰਡ ਗੇੜਾ ਮਾਰ ਆਉਂਦਾ ਤੇ ਕਈ ਵਾਰ ਭੂਆ ਕਾ ਕੋਈ ਨਾ ਕੋਈ ਉਹਨਾਂ ਦੇ ਪਿੰਡ ਆ ਜਾਂਦਾ । ਰਿਸ਼ਤਾ ਵੀ



ਉਸਨੂੰ ਸੁਰਜੀਤ ਦੀ ਵਹੁਟੀ ਰਣਜੀਤ ਨੇ ਆਪਣੀ ਭੈਣ ਦਾ ਹੀ ਕਰਵਾ ਦਿੱਤਾ ਸੀ ।

ਵਿਆਹ ਦਾ ਕਾਰਜ ਠੀਕ ਹੀ ਨੇਪਰੇ ਚੜ੍ਹ ਗਿਆ ਸੀ । ਜਗਦੇਵ ਨੂੰ ਆਪਣਾ ਮਾਂ-ਪਿਉ ਤੇ ਦਾਦੀ ਬਹੁਤ ਯਾਦ ਆਏ। ਦਾਦੀ ਮਰੀ ਨੂੰ ਵੀ ਕਈ ਸਾਲ ਹੋ ਗਏ ਸਨ। ਜਗਦੇਵ ਦੀ ਮਾਮੀ ਜਦੋਂ ਉਹਨਾਂ ਉੱਤੋਂ ਪਾਣੀ ਵਾਰ ਕੇ ਪੀ ਰਹੀ ਸੀ ਤੇ ਕੁੜੀਆਂ ਗੀਤ ਗਾ ਰਹੀਆਂ ਸਨ 'ਪਾਣੀ ਵਾਰ ਬੰਨ੍ਹੇ ਦੀਏ ਮਾਏ ਨੀ ਬੰਨ੍ਹਾ ਬੰਨ੍ਹੀ ਤੇਰੇ ਬਾਰ ਖੜੇ' ਤਾਂ ਜਗਦੇਵ ਤੋਂ ਆਪਣਾ ਰੋਣ ਠੱਲਿਆ ਨਾ ਗਿਆ। ਪਾਣੀ ਵਾਰਨ ਵਾਲੀ ਉਸਦੀ ਮਾਂ ਨਹੀਂ, ਮਾਮੀ ਸੀ। ਭਾਵੇਂ ਮਾਮੀ ਨੇ ਉਸਨੂੰ ਮਾਂ ਵਰਗਾ ਪਿਆਰ ਹੀ ਦਿੱਤਾ ਸੀ ਪਰ ਫਿਰ ਵੀ ਉਸਨੂੰ ਆਪਣੀ ਮਾਂ ਦਾ ਸੋਹਣਾ ਤੇ ਭੋਲਾ ਭਾਲਾ ਮਾਸੂਮ ਚਿਹਰਾ ਬਹੁਤ ਯਾਦ ਆ ਰਿਹਾ ਸੀ।

ਤੇ ਉਸਦਾ ਪਿਉ ...

ਜਗਦੇਵ ਚੌਥੀ ਜਮਾਤ 'ਚ ਸੀ । ਨੇੜੇ ਦੇ ਘਰਾਂ ਵਾਲੇ ਵਿਦਿਆਰਥੀ ਅੱਧੀ ਛੁੱਟੀ ਹੋਣ 'ਤੇ ਦੁੜੰਗੇ ਮਾਰਦੇ ਘਰਾਂ ਨੂੰ ਭੱਜ ਆਉਂਦੇ ਤੇ ਛੁੱਟੀ ਖਤਮ ਹੋਣ ਤੇ ਘੰਟੀ ਦੀ ਆਵਾਜ਼ ਸੁਣਕੇ ਭੱਜ ਕੇ ਸਕੂਲ ਪਹੁੰਚ ਜਾਂਦੇ। ਜਗਦੇਵ ਵੀ ਅੱਧੀ ਛੁੱਟੀ ਘਰ ਆ ਜਾਂਦਾ ਸੀ। ਉਸ ਦਿਨ ਵੀ ਉਹ ਅੱਧੀ ਛੁੱਟੀ ਘਰ ਨੂੰ ਆ ਰਿਹਾ ਸੀ ਤੇ ਬਾਰ ਮੂਹਰੇ ਟਰੱਕ ਖੜ੍ਹਾ ਵੇਖ ਕੇ ਉਸਨੂੰ ਚਾਅ ਚੜ੍ਹ ਗਿਆ। ਉਹ ਘਰ ਨੂੰ ਭੱਜ ਪਿਆ। ਉਸਦਾ ਬਾਪੂ ਚੌਂਤਰੇ ਕੋਲ ਹੀ ਵਿਹੜੇ ਵਿਚ ਰੱਖੇ ਪਟੜੇ 'ਤੇ ਬੈਠਾ ਨਹਾ ਰਿਹਾ ਸੀ। ਉਹ ਜਾ ਕੇ ਮਾਂ ਦੀਆਂ ਲੱਤਾਂ ਨੂੰ ਚਿੰਬੜ ਗਿਆ। ਉਸੇ ਵਕਤ ਉਸਦਾ ਬਾਪ ਨਹਾ ਕੇ ਆ ਗਿਆ ਤੇ ਉਸਨੂੰ ਚੁੱਕ ਕੇ ਮੂੰਹ ਚੁੰਮਣ ਲੱਗਿਆ। ਉਸਨੂੰ ਉਸਦੇ ਮੂੰਹ 'ਚੋਂ ਗੰਦੀ ਹਵਾੜ੍ਹ ਆਈ ਤੇ ਸੱਜਰੀ ਕੱਟੀ ਦਾੜ੍ਹੀ ਦੇ ਕਰਚੇ ਉਹਦੀਆਂ ਗੱਲ੍ਹਾਂ ਵਿੱਚ ਖੁੱਭਣ ਲੱਗੇ ਤਾਂ ਉਹ ਆਪਣਾ ਮੂੰਹ ਪਾਸੇ ਫੇਰਨ ਲੱਗਿਆ। ਬਾਪ ਨੇ ਉਸਨੂੰ ਥੱਲੇ ਉਤਾਰ ਦਿੱਤਾ।

ਉਸਨੇ ਮਾਂ ਤੋਂ ਰੋਟੀ ਮੰਗੀ ਤਾਂ ਮਾਂ ਨੇ ਇੱਕ ਕੇਲਾ ਦੇ ਦਿੱਤਾ। ਉਸਨੇ ਤੁਰੰਤ ਛਿੱਲੜ ਲਾਹ ਕੇ ਸੁੱਟੇ ਤੇ ਕੇਲਾ ਖਾ ਕੇ ਫਿਰ ਰੋਟੀ ਦੀ ਮੰਗ ਕਰਨ ਲੱਗਾ। ਕਮਰੇ ਵਿੱਚ ਖੜ੍ਹਾ ਬਾਪ ਉਸਦੀ ਮਾਂ ਨੂੰ ਅੰਦਰ ਸੱਦ ਰਿਹਾ ਸੀ । ਉਸਨੇ ਤੇੜ੍ਹ ਸਿਰਫ ਚਾਦਰਾ ਹੀ ਬੰਨ੍ਹਿਆ ਹੋਇਆ ਸੀ ।

'ਰੋਟੀ ਤਾਂ ਹੈ ਨੀਂ ਪੁੱਤ, ਤੇਰੇ ਬਾਪੂ ਨੇ ਹੁਣੇ ਹੀ ਖਾਧੀ ਐ, ਤੂੰ ਐਂ ਕਰ ਇਕ ਕੇਲਾ ਹੋਰ ਖਾ ਲੈ ਤੇ ਸਕੂਲ ਭੱਜ ਜਾ।' ਇਹ ਕਹਿ ਕੇ ਮਾਂ ਨੇ ਉਸਨੂੰ ਇਕ ਕੇਲਾ ਹੋਰ ਦੇ ਦਿੱਤਾ ਤੇ ਉਸਦੀ ਪਿੱਠ ਥਾਪੜੀ। ਪਰ ਉਹ ਕੇਲਾ ਲੈ ਕੇ ਵੀ ਖੜ੍ਹਾ ਰਿਹਾ ।

'ਬੀਬੀ, ਭੁੱਖ ਬਾਹਲੀ ਲੱਗੀ ਆ, ਹੋਰ ਪਕਾ ਦੇ।' ਉਸਨੇ ਤਰਲਾ ਲਿਆ।

ਮਾਂ ਬੇਬੱਸ ਸੀ। ਉਸਨੇ ਤਰਲੇ ਭਰੀਆਂ ਅੱਖਾਂ ਨਾਲ ਪਤੀ ਵੱਲ ਵੇਖਿਆ। ਪਤੀ ਦੀਆਂ ਅੱਖਾਂ ਵਿਚੋਂ ਰੱਤ ਹੋਰ ਚਿਉਣ ਲੱਗੀ ।

'ਤੇ ਜਿਹੜੀ ਭੁੱਖ ਮੈਨੂੰ ਲੱਗੀ ਆ?' ਕਹਿ ਕੇ ਉਸਨੇ ਆ ਕੇ ਪਤਨੀ ਦਾ ਗੁੱਟ ਫੜਿਆ ਤੇ ਕਮਰੇ ਵਿੱਚ ਲਿਜਾਣ ਲੱਗਿਆ।

'ਇੱਕ ਮਿੰਟ ਸਬਰ ਵੀ ਕਰ ਲੈ,' ਉਸਨੇ ਪਤੀ ਨੂੰ ਝਿੜਕਿਆ ਤੇ ਗੁੱਟ ਛੁਡਾ ਕੇ ਜਗਦੇਵ ਨੂੰ ਪੁਚਕਾਰ ਕੇ ਗਲੀ ਵਾਲੇ ਬਾਰ ਕੋਲ ਛੱਡ ਗਈ।

ਜਗਦੇਵ ਉਥੇ ਹੀ ਖੜਾ ਰਿਹਾ। ਬੀਬੀ ਮੁੜ ਕੇ ਕਮਰੇ ਵਿੱਚ ਵੜ੍ਹ ਗਈ ਤੇ ਕਮਰੇ ਦਾ ਬੂਹਾ ਬੰਦ ਹੋ ਗਿਆ। ਦਾਦੀ ਵਿਹੜੇ ਦੇ ਇਕ ਪਾਸੇ ਛੱਤੇ ਪਸ਼ੂਆਂ ਵਾਲੇ ਛੱਤੜੇ ਕੋਲ ਡਾਹੇ ਮੰਜੇ 'ਤੇ ਜਾਗੋ ਮੀਚੀ ਜਿਹੀ ਵਿੱਚ ਪਈ ਸੀ। ਉਸਨੂੰ ਕੋਈ ਇਲਮ ਨਹੀਂ ਸੀ ਕਿ ਘਰ ਵਿਚ ਕੀ ਨਾਟਕ ਚੱਲ ਰਿਹਾ ਹੈ ।

ਜਗਦੇਵ ਘਰੋਂ ਨਿਕਲ ਕੇ ਗਲੀ ਵਿਚ ਆਇਆ। ਪਰ ਉਸਦੇ ਪੈਰ ਸਕੂਲ ਜਾਣ ਤੋਂ

ਆਕੀ ਹੋ ਗਏ ਸਨ। ਉਹ ਵਾਪਸ ਮੁੜ ਪਿਆ। ਬਿੱਲੀ ਵਾਂਗ ਸ਼ਹਿ ਸ਼ਹਿ ਕੇ ਹੌਲੀ ਹੌਲੀ ਉਸ ਕਮਰੇ ਦੇ ਬਾਰ ਅੱਗੇ ਆ ਗਿਆ ਜਿਸ ਕਮਰੇ ਵਿੱਚ ਬੀਬੀ ਵੜ੍ਹੀ ਸੀ । ਉਸਦੇ ਬਾਰ ਨਾਲ ਜੰਗਲਾ ਸੀ ਤੇ ਜੰਗਲੇ ਦੀ ਬਾਰੀ ਵੀ ਬੰਦ ਸੀ। ਜੰਗਲੇ ਦੇ ਉੱਪਰ ਰੋਸ਼ਨਦਾਨ ਸੀ ਜਿਸਦੀ ਜਾਲੀ ਥੋੜ੍ਹੀ ਜਿਹੀ ਟੁੱਟੀ ਹੋਈ ਸੀ। ਭੋਰਾ ਵੀ ਖੜਕਾ ਕੀਤੇ ਬਿਨਾਂ ਉਹ ਜੰਗਲੇ ਦੇ ਵਿੱਚ ਲੇਟਵੇਂ ਦਾਅ ਲੱਗੇ ਲੋਹੇ ਦੇ ਸਰੀਆਂ ਨੂੰ ਹੱਥ ਪਾ ਕੇ ਉਤਾਂਹ ਚੜ੍ਹਦਾ ਗਿਆ ਤੇ ਰੋਸ਼ਨਦਾਨ ਵਿਚੋਂ ਕਮਰੇ ਦੇ ਅੰਦਰਲਾ ਦ੍ਰਿਸ਼ ਵੇਖਣ ਲੱਗਿਆ।

ਉਹ ਉਸੇ ਪਲ ਹੇਠਾਂ ਉਤਰ ਆਇਆ ।

ਹੇਠਾਂ ਆ ਕੇ ਉਹ ਡੌਰ ਭੌਰ ਤੇ ਸਾਹ ਸਤ ਹੀਨ ਹੋਇਆ ਖੜਾ ਸੀ ।

ਉਸੇ ਸਮੇਂ ਅੱਧੀ ਛੁੱਟੀ ਖਤਮ ਹੋਣ ਦੀ ਘੰਟੀ ਦੀ ਆਵਾਜ਼ ਉਸਦੇ ਕੰਨਾਂ ਵਿੱਚ ਪਈ । ਅੱਗੇ ਉਹ ਘੰਟੀ ਦੀ ਆਵਾਜ਼ ਸੁਣਨ ਸਾਰ ਸਕੂਲ ਨੂੰ ਭੱਜ ਜਾਂਦਾ ਸੀ ਪਰ ਅੱਜ ਉਸ ਤੋਂ ਭੱਜਿਆ ਨਾ ਗਿਆ ਤੇ ਉਹ ਪੈਰ ਘੜੀਸਦਾ ਸਕੂਲ ਨੂੰ ਤੁਰ ਪਿਆ ।

——

ਜਗਦੇਵ ਬੈੱਡ ਤੋਂ ਉੱਠਿਆ ਤੇ ਕਮਰੇ ਦਾ ਬਾਰ ਖੋਲ੍ਹਕੇ ਬਾਹਰ ਨਿਕਲ ਗਿਆ। ਬਾਰ ਦੇ ਨਾਲ ਹੀ ਬਰਾਂਡੇ ਵਿਚ ਮਾਮਾ ਮਾਮੀ ਅਤੇ ਮਾਸੀ ਮਾਸੜ ਆਪੋ ਆਪਣੇ ਮੰਜਿਆਂ 'ਤੇ ਘੂਕ ਸੁੱਤੇ ਪਏ ਸਨ। ਸੁਰਜੀਤ ਸਿੰਘ ਤੇ ਉਸਦੀ ਵਹੁਟੀ ਦੂਸਰੇ ਕਮਰੇ ਵਿਚ ਸੁੱਤੇ ਪਏ ਸਨ। ਉਸਨੇ ਰੋਸ਼ਨਦਾਨ ਵੱਲ ਨਿਗ੍ਹਾ ਮਾਰੀ। ਵਿਹੜੇ ਵਿੱਚ ਆ ਕੇ ਕੋਠਿਆਂ ਦੀਆਂ ਛੱਤਾਂ ਵੱਲ ਵੇਖਿਆ। ਸੋ ਵਾਟ ਦੇ ਬੱਲਬ ਦੀ ਰੋਸ਼ਨੀ ਨੇ ਵਿਹੜੇ ਵਿੱਚ ਦਿਨ ਚੜ੍ਹਾ ਰੱਖਿਆ ਸੀ । ਮੰਜੀ 'ਤੇ ਬੈਠਾ ਉਸਦਾ ਕੁੱਤਾ ਭੂਰੂ ਛਾਲ ਮਾਰ ਕੇ ਉਸ ਕੋਲ ਆ ਖਲੋਤਾ ਤੇ ਪੂਛ ਮਾਰਨ ਲੱਗਿਆ । ਵੀਹੀ ਵਾਲੇ ਵੱਡੇ ਬਾਰ ਕੋਲ ਜਾ ਕੇ ਉਸਨੇ ਪਿਸ਼ਾਬ ਕੀਤਾ, ਨਲਕੇ ਤੋਂ ਹੱਥ ਧੋਤੇ ਤੇ ਬੈੱਡ 'ਤੇ ਆ ਕੇ ਪੈ ਗਿਆ। ਵਹੁਟੀ ਵੀ ਬਾਥ ਰੂਮ ਵਿਚੋਂ ਆ ਕੇ ਉਸਦੇ ਨਾਲ ਪੈ ਗਈ ਤੇ ਉਸਦੀ ਛਾਤੀ ਤੇ ਬਾਂਹ ਰੱਖਦੀ ਹੋਈ ਬੋਲੀ ,'ਤੁਹਾਨੂੰ ਕੀ ਹੋ ਗਿਆ ਸੀ ? ਅਚਾਨਕ ਬਾਹਰ ਕਿਉਂ ਚਲੇ ਗਏ ਸੀ ?'

'ਨਹੀਂ... ਕੁਝ ਨਹੀਂ... ਬਸ ਐਵੇਂ ਹੀ... ।' ਉਸਨੂੰ ਕੋਈ ਜਵਾਬ ਨਾ ਅਹੁੜਿਆ ਤੇ ਉਹ ਫਿਰ ਰੋਸ਼ਨਦਾਨ ਵੱਲ ਵੇਖਣ ਲੱਗਿਆ।

**ਮੋ: 9501050016**

---

**ਕੁਕਨੁਸ ਪ੍ਰਕਾਸ਼ਨ, ਜਲੰਧਰ ਦੀਆਂ ਦੋ ਨਵੀਆਂ ਪੁਸਤਕਾਂ**

**ਗੁਸਤਾਖ਼ੀਆਂ-2**

**ਮੋਤੀਆਂ ਦਾ ਥਾਲ (ਚੋਣਵੇਂ ਪੰਜਾਬੀ ਸ਼ਿਅਰ)**

**ਸੰਪਾਦਕ : ਰਾਜਿੰਦਰ ਬਿਮਲ**

**ਅਮਨ ਸੀ. ਸਿੰਘ**



# ਅਨਾਰਕਲੀ/ਸੁਰਿੰਦਰ ਨੀਰ

ਬਾਹਰ ਸ਼ੋਰ ਅਜੇ ਵੀ ਸਿਖਰਾਂ 'ਤੇ ਸੀ। ਗੋਲੀਆਂ ਦੀ ਕੰਨ ਪਾੜਵੀਂ ਠਾਹ-ਠਾਹ। ਲੋਕਾਂ ਦੀ ਭੱਜ-ਨੱਠ ਤੇ ਹਾਇ-ਵਾਇ ਦਾ ਚੀਖ-ਚਿਹਾੜਾ। ਕੁਝ ਦੇਰ ਬਾਦ ਚਾਰੇ ਪਾਸੇ ਪਸਰ ਗਿਆ ਸੱਨਾਟਾ। ਬਾਕੀ ਸਭ ਆਵਾਜ਼ਾਂ ਖਾਮੋਸ਼। ਸਾਰੇ ਸ਼ਹਿਰ ਨੂੰ ਸੱਨਾਟੇ ਨੇ ਨਿਗਲ ਲਿਆ ਸੀ।

ਉਹ ਇਸ ਸ਼ਹਿਰ ਵਿਚ ਇਕ ਅਜਨਬੀ ਸੀ ਜੋ ਡੂੰਘੇ ਪਾਣੀਆਂ ਦੀ ਹਿੱਕ ਉੱਤੇ ਖੜੀ ਹਾਊਸਬੋਟਾਂ ਦੀ ਲੰਮੀ ਕਤਾਰ 'ਚੋਂ ਆਖਰੀ ਹਾਊਸਬੋਟ ਦੇ ਮੂਹਰਲੇ ਕਮਰੇ ਵਿਚ ਭਖਦੀ ਬੁਖਾਰੀ ਦੇ ਬਿਲਕੁਲ ਨੇੜੇ ਦੁਬਕਿਆ। ਇਸ ਸੱਨਾਟੇ ਤੇ ਸੱਨਾਟੇ ਨੂੰ ਰਹਿ-ਰਹਿ ਕੇ ਚੀਰ ਦੇਂਦੀ ਠਾਹ-ਠਾਹ ਬਾਰੇ ਸੋਚ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਹ ਸਭ ਕੀ ਤੇ ਕਿਉਂ ਹੋ ਰਿਹਾ ਸੀ।

ਉਹ ਕਿਸੇ ਦੂਰ ਦੇਸ਼ ਤੋਂ ਇੱਥੋਂ ਦੇ ਜੰਗਲਾਂ 'ਚੋਂ ਕੁਝ ਦੁਰਲੱਭ ਜੜੀ-ਬੂਟੀਆਂ ਦੀ ਖੋਜ ਵਿਚ ਆਇਆ ਸੀ ਜਿਨ੍ਹਾਂ ਤੋਂ ਬੇਸ਼ਕੀਮਤੀ ਦਵਾਈਆਂ ਬਣਾਈਆਂ ਜਾਣੀਆਂ ਸਨ। ਇਹ ਜੜੀ-ਬੂਟੀਆਂ ਵੱਡੇ ਤੋਂ ਵੱਡੇ ਲਾਇਲਾਜ ਮਰਜ਼ ਲਈ ਸੰਜੀਵਨੀ ਸਨ ਜਿਸਦੀ ਜਾਣਕਾਰੀ ਉਸਨੂੰ ਉਸਦੇ ਗੁਰੂ ਤੋਂ ਮਿਲੇ ਇਕ ਪੁਰਾਤਨ ਗ੍ਰੰਥ 'ਚੋਂ ਮਿਲੀ ਸੀ। ਇਸ ਗ੍ਰੰਥ ਵਿਚ ਭਾਰਤੀ ਦਰਸ਼ਨ ਅਤੇ ਆਯੁਰਵੇਦ ਦਾ ਬਹੁਤ ਮਹੱਤਵ ਦੱਸਿਆ ਗਿਆ ਸੀ। ਉਸਨੇ ਸਾਰੀ ਉਮਰ ਦੁਨੀਆ ਭਰ ਦੇ ਜੰਗਲਾਂ 'ਚੋਂ ਅਜੇਹੀਆਂ ਜੜੀ-ਬੂਟੀਆਂ ਦੀ ਤਲਾਸ਼ ਕਰਨ ਵਿਚ ਲਗਾ ਦਿੱਤੀ ਸੀ ਜਿਸ ਨਾਲ ਮਨੁੱਖਤਾ ਦੀ ਪੀੜ ਜੇਕਰ ਖਤਮ ਨਹੀਂ ਤਾਂ ਘੱਟੋ-ਘੱਟ ਘਟਾਈ ਜਾ ਸਕੇ। ਆਪਣੇ ਇਸੇ ਜਨੂੰਨ ਵਿਚ ਤਨ ਮਨ ਨਾਲ ਸਮਰਪਿਤ ਰਹਿਣ ਕਾਰਨ ਹੀ ਸ਼ਾਇਦ ਉਹ ਦੁਨੀਆ ਵਿਚ ਵਾਪਰ ਰਹੇ ਸਿਆਸੀ, ਸਮਾਜੀ ਤੇ ਹੋਰ ਤਰ੍ਹਾਂ ਦੇ ਵਰਤਾਰਿਆਂ ਵੱਲ ਬਹੁਤਾ ਧਿਆਨ ਨਹੀਂ ਸੀ ਦੇਂਦਾ। ਪਰ ਇਥੇ ਆ ਕੇ ਉਸਨੇ ਜੋ ਕੁਝ ਤਕਿਆ, ਜੋ ਮਹਿਸੂਸ ਕੀਤਾ ਉਸ ਤੋਂ ਉਹ ਧੁਰ ਅੰਦਰ ਤਕ ਹਲੂਣਿਆ ਗਿਆ। ਉਸਨੂੰ ਲੱਗਾ ਜਿਵੇਂ ਇਹ ਸਾਰੀ ਧਰਤ ਹੀ ਜ਼ਖ਼ਮਾਂ ਨਾਲ ਭਰੁੱਚੀ ਹੋਵੇ। ਥਾਂ-ਥਾਂ ਲਹੂ ਰਿਸ ਰਿਹਾ ਸੀ ਤੇ ਪੀੜ ਕਾਰਨ ਧਰਤੀ ਦਾ ਚੱਪਾ-ਚੱਪਾ ਕਰਾਹ ਰਿਹਾ ਸੀ। ਰੋਗਾਂ ਤੇ ਜ਼ਖ਼ਮਾਂ ਦੇ ਇਲਾਜ ਕਰਨ ਵਾਲੇ ਵੈਦ ਹਕੀਮ ਤਾਂ ਆਪ ਇਥੇ ਹਾਏ-ਵਾਏ ਦੇ ਹੌਕੇ ਭਰ ਰਹੇ ਸਨ ਜਾਂ ਕਿਸੇ ਹੋਰ ਦੇ ਸੀਨੇ ਵਿਚਲੇ ਸਾਹ ਚੁਰਾ ਕੇ। ਐਸੇ ਟੂਣੇਹਾਰੇ ਮਾਹੌਲ ਵਿਚ ਕੌਣ ਕਿਸ ਦਾ ਦਵਾ ਦਾਰੂ ਕਰੇ ?

ਉਸਨੂੰ ਚਾਰੇ ਪਾਸੇ ਮੌਤ ਦਾ ਤਾਂਡਵ ਨੱਚਿਆ ਜਾਂਦਾ ਦਿੱਸਿਆ। ਮੌਤ ਦੇ ਤਾਂਡਵ ਲਈ ਉਸਦੇ ਜ਼ਿਹਨ ਵਿਚ ਆਪ ਮੁਹਾਰੇ ਇਕ ਲਫਜ਼ ਆ ਗਿਆ 'Dance of Death' ਪਰ ਉਹ ਇਹ ਨਹੀਂ ਸੀ ਸਮਝ ਪਾ ਰਿਹਾ ਕਿ ਇਹ ਨਾਚ ਨੱਚ ਕੌਣ ਰਿਹਾ ਸੀ ਤੇ ਨਚਾ ਕੌਣ ਰਿਹਾ ਸੀ। ਉਸਦਾ ਜੀਅ ਕੀਤਾ ਕਿ ਕਮਰੇ ਤੋਂ ਬਾਹਰ ਨਿਕਲ ਕੇ ਉਹ ਵੇਖਣ ਦੀ ਕੋਸ਼ਿਸ਼ ਕਰੇ ਕਿ ਡੁਗਡੁਗੀ ਕਿਸ ਦੇ ਹੱਥ ਵਿਚ ਹੈ। ਪਰ ਉਹ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕਿਆ।

ਬੁਖਾਰੀ ਦਾ ਸੇਕ ਉਸਦੇ ਜ਼ਿਹਨ ਨੂੰ ਤਪਾਣ ਲੱਗ ਪਿਆ। ਤਦ ਉਸਦੀ ਨਜ਼ਰ ਸਾਹਮਣੇ ਰਸੋਈ ਵਿਚਲੀ ਘੜਵੰਜੀ ਉੱਤੇ ਪਈ ਜਿਸ ਉੱਤੇ ਤਿੰਨ-ਚਾਰ ਰਾਂਗਲੇ ਘੜੇ ਟਿਕਾਏ ਹੋਏ ਸਨ। ਜ਼ਰੂਰ ਇਹ ਘੜੇ ਪਾਣੀ ਨਾਲ ਹੀ ਭਰੇ ਰੱਖੇ ਗਏ ਸਨ। ਉਸਦਾ ਜੀਅ ਕੀਤਾ ਕਿ ਕੋਈ ਇਕ ਘੜਾ ਚੁੱਕ ਕੇ ਉਹ ਇਸ ਬੁਖਾਰੀ ਵਿਚ ਡੋਲ ਦੇਵੇ ਤਾਂ ਜੁ ਇਸ ਅੰਦਰਲੀ ਅੱਗ ਸ਼ਾਂਤ ਹੋ ਜਾਵੇ। ਫਿਰ ਉਹ ਆਪ ਹੀ ਠਿਠਕ ਗਿਆ। ਇਹ ਸੋਚ ਕੇ ਕਿ ਅਗਰ ਪਾਣੀ ਦੀ ਥਾਂ ਇਨ੍ਹਾਂ ਘੜਿਆਂ ਵਿਚ ਮਿੱਟੀ ਦਾ ਤੇਲ ਹੋਇਆ ਤਾਂ ਕੀ ਹੋਵੇਗਾ ? ਅੱਗ ਬੁਝਾਉਣ ਦੇ ਚੱਕਰ ਵਿਚ ਕਿਧਰੇ ਅੱਗ ਹੋਰ ਹੀ ਨਾ ਭੜਕ ਜਾਵੇ। ਉਸਨੂੰ ਜਾਪਿਆ ਜਿਵੇਂ ਹਾਊਸਬੋਟ ਹਿਚਕੋਲੇ ਖਾ ਰਹੀ ਸੀ। ਉਹ ਦੀਵਾਰ ਦੇ

ਨਾਲ ਲੱਗਾ ਘਬਰਾਹਟ ਵਿਚ ਚੀਖ ਪਿਆ- "ਆਹਦ ਜੂ... ਆਹਦ ਜੂ...।"

ਹਾਊਸਬੋਟ ਦਾ ਮਾਲਕ ਆਹਦ ਜੂ ਭੱਜਦਾ ਹੋਇਆ ਸਾਹਮਣੇ ਆ ਗਿਆ।

"ਕੀ ਗੱਲ ਹਜ਼ਰਤ ? ਖ਼ੈਰੀਅਤ ਹੈ ? ਕੁਝ ਚਾਹੀਦਾ ਹੈ ਕੀ ?"

"ਆਹਦ ਜੂ ਇਹ ਹਾਊਸਬੋਟ ਬੁਰੀ ਤਰ੍ਹਾਂ ਹਿਲ ਰਹੀ ਹੈ।"

ਅਜਨਬੀ ਦੀ ਗੱਲ ਸੁਣ ਆਹਦ ਜੂ ਨੇ ਖਿੜਕੀ ਵਿਚੋਂ ਦੂਰ ਨਜ਼ਰ ਮਾਰੀ। ਪਹਾੜਾਂ ਉੱਤੇ ਪ੍ਰਾਕ੍ਰਿਤੀ ਨੇ ਕਾਲੇ ਕੰਬਲ ਦਾ ਘੁੰਡ ਮਾਰ ਲਿਆ ਸੀ ਤੇ ਉਸਦਾ ਇਹ ਲਿਬਾਦਾ ਇਸ ਸ਼ਹਿਰ ਨੂੰ ਵੀ ਹੌਲੀ-ਹੌਲੀ ਆਪਣੀ ਬੁੱਕਲ ਵਿਚ ਭਰ ਰਿਹਾ ਸੀ। ਆਹਦ ਜੂ ਅਜਨਬੀ ਵੱਲ ਵੇਖ ਬੋਲਿਆ, "ਨਹੀਂ ਹਜ਼ਰਤ ਹਾਊਸਬੋਟ ਤਾਂ ਆਪਣੀ ਹੀ ਜਗ੍ਹਾ ਖੜੀ ਹੈ, ਪਰ ਅਸਲ ਵਿਚ ਪਾਣੀ ਕੰਬ ਰਿਹਾ ਹੈ।"

"ਪਾਣੀ ਕੰਬ ਰਿਹਾ ? ਪਾਣੀ ਤਾਂ ਹਿਲਦਾ ਹੈ। ਕੰਬਣ ਦਾ ਕੀ ਮਤਲਬ ?"

"ਨਾ-ਨਾ ਹਜ਼ਰਤ, ਤੁਸੀਂ ਸਮਝੇ ਨਹੀਂ। ਇਹ ਡਲ ਝੀਲ ਹੀ ਸਾਰੀ ਕੰਬ ਰਹੀ ਹੈ। ਹੁਣ ਮੈਂ... ਕਿਵੇਂ ਸਮਝਾਵਾਂ ਤੁਹਾਨੂੰ...ਦਰਅਸਲ ਜਦ ਬਹੁਤ ਸਾਰੀਆਂ ਲਾਸ਼ਾਂ ਡਲ ਦੇ ਪਾਣੀਆਂ ਵਿਚ ਡਿਗਦੀਆਂ ਹਨ ਤਾਂ ਤਲਾਤੁਮ ਪੈਦਾ ਹੋ ਜਾਂਦਾ ਹੈ। ਉਸੇ ਤਲਾਤੁਮ ਨਾਲ ਪਾਣੀ ਕੰਬਦੇ ਤੇ ਕਸ਼ਤੀਆਂ ਡੋਲਦੀਆਂ ਹਨ। ਵੈਸੇ ਤੁਸੀਂ ਫਿਕਰ ਨਾ ਕਰੋ ਹਜ਼ਰਤ। ਕੁਝ ਦੇਰ ਬਾਦ ਸਭ ਸਹਿਜ ਹੋ ਜਾਵੇਗਾ।"

ਅਜਨਬੀ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਜਿਸ ਸ਼ਹਿਰ ਵਿਚ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਚੱਲ ਰਹੀਆਂ ਹੋਣ, ਪਾਣੀਆਂ ਵਿਚ ਲਾਸ਼ਾਂ ਤੈਰ ਰਹੀਆਂ ਹੋਣ ਤੇ ਕਸ਼ਤੀਆਂ ਡੋਲਣ ਲੱਗ ਪੈਣ, ਉਥੇ ਸਭ ਕੁਝ ਸਹਿਜ ਕਿਵੇਂ ਹੋ ਸਕਦਾ ਸੀ ? ਪਰ ਆਹਦ ਜੂ ਨੇ ਸੱਚ ਹੀ ਕਿਹਾ ਸੀ। ਕੁਝ ਦੇਰ ਦੇ ਸੱਨਾਟੇ ਬਾਦ ਲੋਕੀ ਹੌਲੀ-ਹੌਲੀ ਫਿਰ ਤੁਰਦੇ-ਫਿਰਦੇ ਨਜ਼ਰ ਆਣ ਲੱਗ ਪਏ ਸਨ।

"ਆਹਦ ਜੂ ਇਹ ਸਭ ਕੀ ਤੇ ਕਿਉਂ ਹੋ ਰਿਹਾ ਹੈ ? ਇਹ ਮਾਰਕੁੱਟ, ਵੱਢ-ਟੁੱਕ, ਖ਼ੂਨ ਖ਼ਰਾਬਾ ਕਿਸ ਲਈ ? ਕੀ ਚਾਹੀਦਾ ਹੈ ਇਨ੍ਹਾਂ ਦਹਿਸ਼ਤ ਫੈਲਾਉਣ ਵਾਲਿਆਂ ਨੂੰ ?' ਅਜਨਬੀ ਆਹਤ ਹੁੰਦਾ ਬੋਲਿਆ ਪਰ ਆਹਦ ਜੂ ਲੰਮਾ ਹੌਕਾ ਭਰਦਾ ਬੋਲਿਆ, "ਹਜ਼ਰਤ ਕਾਹਵਾ ਬਣਾਵਾਂ ? ਪੀਓਗੇ ਤੁਸੀਂ ?"

ਆਹਦ ਜੂ ਅਜਨਬੀ ਦਾ ਜੁਆਬ ਉਡੀਕੇ ਬਿਨਾਂ ਹੀ ਰਸੋਈ 'ਚੋਂ ਤਾਂਬੇ ਦਾ ਨੱਕਾਸ਼ੀਦਾਰ ਸਮਾਵਾਰ ਚੁੱਕ ਲਿਆਇਆ। ਬੁਖਾਰੀ 'ਚੋਂ ਚਿਮਟੇ ਨਾਲ ਚਾਰ-ਪੰਜ ਭਖਦੇ ਅੰਗਾਰ ਚੁੱਕ ਉਸ ਸਮਾਵਾਰ ਦੀ ਅੰਦਰਲੀ ਨਲੀ ਵਿਚ ਪਾਏ। ਪਾਣੀ ਦੇ ਦੋ ਕੁ ਕੱਪ ਪਾ ਕੇ ਵਿਚ ਖੰਡ, ਨਿੱਕੀ ਇਲਾਇਚੀ ਤੇ ਦਾਲਚੀਨੀ ਪਾ ਕੇ ਢੱਕਣ ਬੰਦ ਕਰ ਦਿੱਤਾ। ਕੁਝ ਹੀ ਦੇਰ ਬਾਦ ਜ਼ਾਫਰਾਨੀ ਦੀਆਂ ਦੋ-ਦੋ, ਚਾਰ-ਚਾਰ ਸਿੰਧੂਰੀ ਤੁਰੀਆਂ ਤੇ ਕੁੱਟੇ ਹੋਏ ਬਦਾਮ ਚੀਨੀ ਪਿਆਲਿਆਂ ਵਿਚ ਪਾ ਕੇ ਉਪਰ ਸੁਗੰਧਤ ਖੌਲਦਾ ਪਾਣੀ ਪਾ ਦਿੱਤਾ। ਜ਼ਾਫਰਾਨੀ ਕਾਹਵੇ ਦੀ ਖੁਸ਼ਬੋ ਨੇ ਕਮਰੇ ਵਿਚ ਪਸਰਿਆ ਭਾਰਾਪਨ ਅਤੇ ਅਜਨਬੀ ਦੀ ਉਦਾਸੀ ਨੂੰ ਤਾਜ਼ਗੀ ਵਿਚ ਬਦਲ ਦਿੱਤਾ। ਹਾਲਾਂਕਿ ਉਹ ਅਜੇ ਵੀ ਉਨ੍ਹਾਂ ਹੀ ਉਲਝਣਾਂ ਵਿਚ ਉਲਝਿਆ ਸੀ ਪਰ ਹੁਣ ਉਸਦਾ ਰਓਂ ਪਹਿਲਾਂ ਵਰਗਾ ਆਹਤ ਤੇ ਰੋਣਹਾਕਾ ਨਹੀਂ ਸੀ ਸਗੋਂ ਹੁਣ ਉਹ ਕਿਸੇ ਖੋਜੀ ਵਾਂਗ ਆਹਦ ਜੂ ਤੋਂ ਬਹੁਤ ਕੁਝ ਜਾਣਨਾ ਚਾਹੁੰਦਾ ਸੀ।

"ਇਥੇ ਤਾਂ ਸਭ ਇਕੋ ਜਹੇ ਰੰਗ-ਰੂਪ, ਸ਼ਕਲ-ਸੂਰਤ ਅਤੇ ਇਕੋ ਜਹੀ ਹੀ ਭਾਸ਼ਾ ਬੋਲਣ ਵਾਲੇ ਬਾਸ਼ਿੰਦੇ ਵਸਦੇ ਹਨ ਤਾਂ ਫਿਰ ਝਗੜਾ ਕਿਸ ਗੱਲ ਦਾ ਹੈ ਆਹਦ ਜੂ ?" ਕਾਹਵੇ ਦੇ ਘੁਟ ਭਰਦਿਆਂ ਅਜਨਬੀ ਨੇ ਮੁੜ ਉਹੀ ਸਿਰਾ ਫੜ ਲਿਆ। ਆਹਦ ਜੂ ਨੇ ਖਿੜਕੀ ਖੋਲ੍ਹ ਕੇ ਬਾਹਰ



ਵੇਖਿਆ, ਸੱਨਾਟਾ ਉਵੇਂ ਹੀ ਕਿਸੇ ਅਜ਼ਗਰ ਵਾਂਗ ਕੁੰਡਲੀ ਮਾਰ ਕੇ ਬੈਠਾ ਸੀ। ਚੰਨ ਵੀ ਹਨੇਰਿਆਂ ਵਿਚ ਡੁਬਿਆ ਹੋਣ ਕਰਕੇ ਤੇ ਹਮੇਸ਼ਾ ਰੰਗ ਬਿਰੰਗੀਆਂ ਰੋਸ਼ਨੀਆਂ ਨਾਲ ਚਮਕਦੀ ਸੋਨੇ ਰੰਗੀ ਡਲ ਝੀਲ ਵੀ ਅੱਜ ਬਲੈਕ ਵਾਟਰ ਜਹੀ ਡਰਾਉਣੀ ਲੱਗ ਰਹੀ ਸੀ।

"ਅੱਜ ਅਗਰ ਇਹ ਗੋਲੀਆਂ ਦਾ ਤਾਂਡਵ ਨਾ ਹੋਇਆ ਹੁੰਦਾ ਤਾਂ ਸਾਰੀ ਝੀਲ ਕਿਸੇ ਨਵ ਵਿਆਹੀ ਦੁਲਹਨ ਵਿਚ ਰੋਸ਼ਨੀਆਂ ਦੇ ਰੰਗ-ਬਿਰੰਗੇ ਗਹਿਣਿਆਂ ਵਿਚ ਚਮਕਦੀ ਨਜ਼ਰ ਆ ਰਹੀ ਹੁੰਦੀ। ਝੀਲ ਦੇ ਇਸ ਹਿੱਸੇ ਨੂੰ 'ਗੋਲਡਨ ਲੇਕ' ਕਿਹਾ ਜਾਂਦਾ ਹੈ ਪਰ ਗੋਲੀਆਂ ਤੇ ਬੰਬਾਂ ਨੇ ਇਸ ਗੋਲਡਨ ਲੇਕ ਨੂੰ ਬਲੈਕ ਵਾਟਰ ਵਿਚ ਤਬਦੀਲ ਕਰ ਦਿੱਤਾ ਹੈ। ਇਹੀ ਤਾਂ ਸਾਡੀ ਰੋਜ਼ੀ ਰੋਟੀ ਹੈ। ਪਰ...।"

"ਤੁਸੀਂ ਹਮੇਸ਼ਾ ਇਨ੍ਹਾਂ ਪਾਣੀਆਂ ਵਿਚ ਹੀ ਰਹਿੰਦੇ ਹੋ ਆਹਦ ਜੂ ? ਤੁਹਾਡੇ ਬੱਚੇ, ਘਰ ਪਰਿਵਾਰ, ਤੁਹਾਡੇ ਵਿਆਹ ਸ਼ਾਦੀਆਂ, ਖੇਤੀਬਾੜੀ...।"

"ਸਾਡਾ ਸਭ ਕੁਝ ਇਹੀ ਪਾਣੀ ਤੇ ਇਹ ਹਾਊਸਬੋਟ ਨੇ ਹਜ਼ਰਤ, ਇਥੇ ਹੀ ਸਾਡਾ ਜੀਣਾ ਤੇ ਇਥੇ ਹੀ ਮਰਨਾ। ਇਹੀ ਸਾਡੀ ਵਿਰਾਸਤ ਹੈ। ਮੇਰੇ ਅੱਬਾ ਮਰਹੂਮ ਨੇ ਇਹ 'ਦਿਲਆਵੇਜ਼' ਹਾਊਸਬੋਟ ਮੈਨੂੰ ਦੇ ਕੇ ਆਪ ਜੱਨਤ ਵਿਚ ਜਾ ਕੇ ਪਨਾਹ ਲੈ ਲਈ ਸੀ। ਹੁਣ ਮੈਂ ਅੱਗੇ ਆਪਣੇ ਪੁੱਤਰ ਦੇ ਹਵਾਲੇ ਕਰਕੇ ਚਲਾ ਜਾਵਾਂਗਾ। ਅਸੀਂ ਵੀ ਸਦੀਆਂ ਪਹਿਲਾਂ ਤੁਹਾਡੇ ਵਾਂਗ ਹੀ ਪਰਦੇਸ਼ਾਂ 'ਚੋਂ ਆ ਕੇ ਇਥੇ ਵਸੇ ਹਾਂ। ਸਾਡੇ ਪੁਰਖੇ 'ਜਿਵ' ਅਖਵਾਏ ਜਾਂਦੇ ਸਨ। ਜਿਵ ਤੋਂ ਹੀ ਸਾਨੂੰ 'ਜੂ' ਆਖਿਆ ਜਾਣ ਲੱਗ ਪਿਆ।"

"ਜਿਵੇਂ ਆਹਦ ਜੂ ?"

"ਹਾਂ ਹਜ਼ਰਤ। ਇਹੀ ਸਾਡੀ ਸ਼ਨਾਖ਼ਤ ਹੈ। ਅਸੀਂ ਇਨ੍ਹਾਂ ਪਾਣੀਆਂ 'ਤੇ ਹੀ ਜੀਉਂਦੇ ਤੇ ਇਨ੍ਹਾਂ 'ਤੇ ਹੀ ਮਰ ਜਾਂਦੇ ਹਾਂ। ਸਾਡੀ ਜ਼ਿੰਦਗੀ ਹਨ ਇਹ ਪਾਣੀ।"

"ਇਨ੍ਹਾਂ ਪਾਣੀਆਂ ਵਿਚ ਫਿਰ ਲਹੂ ਕਿਵੇਂ ਰਲ ਗਿਆ ਆਹਦ ਜੂ ?" ਅਜਨਬੀ ਨੇ ਫਿਰ ਆਪਣੀ ਬੇਚੈਨੀ ਨੂੰ ਸੁਆਲ ਬਣਾ ਕੇ ਪੁੱਛ ਲਿਆ। ਆਹਦ ਜੂ ਨੇ ਖਾਲੀ ਹੋ ਗਏ ਕਾਹਵੇ ਦਾ ਕੱਪ ਹੇਠਾਂ ਰੱਖਿਆ ਤੇ ਦੂਜੇ ਕਮਰੇ 'ਚੋਂ ਪਿੱਤਲ ਦੀ ਜਜੀਰੀ (ਹੁੱਕਾ) ਚੁੱਕ ਲਿਆਇਆ। ਚਿਲਮ ਵਿਚ ਤਾਜ਼ੇ ਤੰਬਾਕੂ ਦੀਆਂ ਕੁਝ ਪੱਤੀਆਂ ਮਸਲ ਕੇ ਪਾਈਆਂ ਤੇ ਹੁੱਕਾ ਸੁਲਘਾ ਕੇ ਉਸਦੀ ਨੜੀ ਮੂੰਹ ਨਾਲ ਲਗਾ ਲਈ। ਕੁਝ ਚਿਰ ਤਕ ਗੁੜ-ਗੁੜ ਕਰਦੇ ਰਹਿਣ ਬਾਦ ਉਸਨੇ ਜਿਵੇਂ ਕੋਈ ਡੂੰਘੀ ਗੱਲ ਕਹੀ, "ਹਜ਼ਰਤ ਤੁਸਾਂ ਉਸ ਔਰਤ ਦੀ ਕਹਾਣੀ ਸੁਣੀ ਹੋਈ ਹੈ ਜਿਸਦੇ ਦੋ ਆਸ਼ਕ ਉਸਨੂੰ ਹਾਸਲ ਕਰਨ ਲਈ ਆਪਸ ਵਿਚ ਲੜ-ਲੜ ਕੇ ਮਰ ਗਏ, ਪਰ ਹਾਸਲ ਕੋਈ ਵੀ ਨਾ ਕਰ ਸਕਿਆ। ਔਰਤ ਨੂੰ ਜਦ ਉਨ੍ਹਾਂ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਹ ਤਨਜ਼ ਨਾਲ ਹੱਸਦੀ ਬੋਲੀ ਕਿ ਮੂਰਖ ਸਨ ਉਹ ਦੋਵੇਂ ਜਿਹੜੇ ਖਾਹਮਖਾਹ ਹੀ ਇਕ ਦੂਜੇ ਨਾਲ ਲੜਦੇ ਮਰ ਗਏ। ਪਰ ਕਦੀ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਸ ਔਰਤ ਪਿੱਛੇ ਉਹ ਲੜ ਰਹੇ ਹਨ ਕੀ ਉਹ ਵੀ ਉਨ੍ਹਾਂ ਨੂੰ ਚਾਹੁੰਦੀ ਜਾਂ ਉਨ੍ਹਾਂ ਨਾਲ ਰਹਿਣ ਲਈ ਰਾਜ਼ੀ ਹੈ ? ਉਹ ਤਾਂ ਆਪਣੀ ਤਾਕਤ ਦੇ ਨਸ਼ੇ ਵਿਚ ਹੰਕਾਰੇ ਹੋਏ ਜ਼ਬਰਦਸਤੀ ਉਸ ਉੱਤੇ ਕਬਜ਼ਾ ਜਮਾਉਣ ਲਈ ਲੜ ਮਰੇ...।"

"ਹੂੰ...ਅ...। ਤਾਂ ਇਸਦਾ ਮਤਲਬ ਇਥੇ ਵੀ ਕਹਾਣੀ ਕਿਸੇ ਔਰਤ ਦੀ ਹੀ ਹੈ।" ਅਜਨਬੀ ਨੇ ਜੇਬ 'ਚੋਂ ਸਿਗਰੇਟ ਦੀ ਡੱਬੀ ਕੱਢ, ਇਕ ਸਿਗਰੇਟ ਮੂੰਹ ਵਿਚ ਪਾ ਕੇ ਸੁਲਘਾ ਲਈ। ਡੂੰਘਾ ਕਸ਼ ਲੈਂਦਿਆਂ ਉਸਨੇ ਗੌਰ ਨਾਲ ਆਹਦ ਜੂ ਵੱਲ ਵੇਖਿਆ ਜੋ ਲਗਾਤਾਰ ਹੁੱਕਾ ਗੁੜਗੁੜਾ ਰਿਹਾ ਸੀ।

"ਹਾਂ ਹਜ਼ਰਤ ! ਔਰਤ ਵੀ ਉਹ, ਜੋ ਸਦੀਆਂ-ਸਦੀਆਂ ਤੋਂ ਅਜਿਹੇ ਹੀ ਮੂਰਖ ਤੇ ਘੁਮੰਡੀ ਤਾਕਤਵਰਾਂ ਦੇ ਹੱਥੋਂ ਆਪਣੀ ਆਬਰੂ ਲੁਟਾਉਂਦੀ ਰਹੀ ਹੈ। ਸਮੇਂ-ਸਮੇਂ ਭਾਵੇਂ ਲੁੱਟਣ ਵਾਲਿਆਂ ਦੇ

ਚਿਹਰੇ ਤੇ ਰੰਗ-ਰੂਪ ਬੇਸ਼ੱਕ ਬਦਲਦੇ ਰਹੇ ਪਰ ਲੁੱਟੀ ਜਾਣ ਵਾਲੀ ਉਹੀ ਹੈ। ਇਹ ਜੋ ਵੈਣ, ਰੁਦਨ ਤੇ ਪੀੜਾਂ ਭਰੀਆਂ ਸਿਸਕੀਆਂ ਤੁਸੀਂ ਸੁਣ ਰਹੇ ਹੋ, ਇਹ ਉਸੇ ਔਰਤ ਦੀਆਂ ਹਨ। ਤੁਸੀਂ ਫੁੱਲਾਂ ਲੱਦੇ ਬਾਗਾਂ ਵਿਚ ਚਲੇ ਜਾਓ, ਫਲਦਾਰ ਰੁੱਖਾਂ ਕੋਲ ਖੜੋਵੋ, ਜੰਗਲਾਂ, ਪਹਾੜਾਂ, ਝਰਨਿਆਂ, ਆਬਸ਼ਾਰਾਂ ਕੋਲ ਜਾ ਕੇ ਉਨ੍ਹਾਂ ਦੀ ਚੁੱਪੀ ਨੂੰ ਸੁਣੋ, ਚੁਪਾਸੀਂ ਤੁਹਾਨੂੰ, ਹੌਕੇ ਤੇ ਹਾਵਾਂ ਹੀ ਸੁਣਾਈ ਦੇਣਗੀਆਂ ਜੋ ਸਦੀਆਂ ਤੋਂ ਅਸੀਂ ਸੁਣਦੇ ਆ ਰਹੇ ਹਾਂ।"

ਆਹਦ ਜੂ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਉਸਨੇ ਹੌਲੇ ਜਹੇ ਅੱਖਾਂ ਪੂੰਝਦੇ ਹੋਏ ਉੱਠ ਕੇ ਅਲਾਵ ਦੀ ਅੱਗ ਨੂੰ ਥੋੜ੍ਹਾ ਤੇਜ਼ ਕੀਤਾ ਤੇ ਫਿਰ ਆਪਣੀ ਥਾਂ ਆ ਕੇ ਬੈਠ ਹੁੱਕਾ ਗੁੜਗੁੜਾਣ ਲੱਗ ਪਿਆ। ਉਸਦੀ ਬੇਚੈਨੀ ਸਾਫ ਮਹਿਸੂਸ ਕੀਤੀ ਜਾ ਸਕਦੀ ਸੀ। ਅਜਨਬੀ ਚੁੱਪਚਾਪ ਉਸਨੂੰ ਸੁਣਨਾ ਚਾਹ ਰਿਹਾ ਸੀ।

"ਹਜ਼ਰਤ, ਇਸ ਔਰਤ ਦੀ ਵੀ ਬੜੀ ਦਰਦਨਾਕ ਕਹਾਣੀ ਹੈ। ਜਿਤਨੀ ਖੂਬਸੂਰਤ ਸ਼ਕਲ ਓਨੇ ਹੀ ਮਾੜੇ ਨਸੀਬ।"

"ਤੂੰ ਕਹਾਣੀ ਸੁਣਾ ਆਹਦ ਜੂ। ਸੋਹਣੀਆਂ ਔਰਤਾਂ ਦਾ ਦਰਦ ਵੈਸੇ ਵੀ ਬਹੁਤ ਡੂੰਘਾ ਧਸਦਾ ਹੈ ਸੀਨੇ ਅੰਦਰ ਤੇ ਉਨ੍ਹਾਂ ਬਾਰੇ ਜਾਣਨ ਦੀ ਜਗਿਆਸਾ ਵੀ ਤੀਬਰ ਹੋ ਜਾਂਦੀ ਹੈ। ਮੈਂ ਵੀ ਸੁਣਨਾ ਚਾਹੁੰਦਾ ਹਾਂ। ਇਸ ਖੂਬਸੂਰਤ ਤ੍ਰਾਸਦੀ ਬਾਰੇ।"

"ਹਜ਼ਰਤ ਇਸ ਔਰਤ ਬਾਰੇ ਇਥੋਂ ਦੇ ਹਿੰਦੂ ਦਾਅਵਾ ਕਰਦੇ ਹਨ ਕਿ ਉਹ ਉਨ੍ਹਾਂ ਦੀ ਹਿੰਦੂਆਣੀ ਸੀ ਜਿਸਨੂੰ ਮੁਸਲਮਾਨਾਂ ਨੇ ਜ਼ੋਰ-ਜ਼ਬਰਦਸਤੀ ਧਰਮ ਪਰਿਵਰਤਨ ਕਰਕੇ ਇਸਲਾਮ ਵਿਚ ਲੈ ਆਂਦਾ ਤੇ ਆਪਣੇ ਕਬਜ਼ੇ ਵਿਚ ਕਰ ਲਿਆ। ਜਦ ਕਿ ਮੁਸਲਮਾਨ ਆਖਦੇ ਹਨ ਕਿ ਇਸਨੂੰ ਨਾ ਹੀ ਜ਼ੋਰ-ਜ਼ਬਰਦਸਤੀ ਮੁਸਲਮਾਨ ਬਣਾਇਆ ਤੇ ਨਾ ਹੀ ਡਰਾ ਧਮਕਾ ਕੇ। ਸਗੋਂ ਉਹ ਆਪ ਆਪਣੀ ਮਰਜ਼ੀ ਨਾਲ ਇਸਲਾਮ ਦੀ ਸ਼ਰਨ ਵਿਚ ਆਈ ਸੀ ਤਾਂ ਜੁ ਉਸਦੀ ਆਕਬਤ ਸੰਵਰ ਜਾਏ ਤੇ ਉਸਨੂੰ ਜੰਨਤ ਨਸੀਬ ਹੋਵੇ।"

"ਤੇ ਸੱਚ ਕੀ ਹੈ ?" ਅਜਨਬੀ ਨੇ ਸਿਗਰੇਟ ਦੀ ਰਾਖ ਐਸ਼ਟ੍ਰੇਅ ਵਿਚ ਝਾੜੀ ਤੇ ਖਿੜਕੀ 'ਚੋਂ ਡੂੰਘੀ ਝੀਲ ਦੇ ਸ਼ਾਂਤ ਪਾਣੀਆਂ ਨੂੰ ਨੀਝ ਨਾਲ ਵੇਖਦੇ ਕਿਹਾ, "ਤੈਨੂੰ ਵੀ ਤਾਂ ਇਸ ਕਹਾਣੀ ਦੀ ਕੁਝ ਸੱਚਾਈ ਪਤਾ ਹੀ ਹੋਵੇਗੀ, ਤੂੰ ਹੀ ਸੁਣਾ ਦੇ ਅਸਲੀ ਸੱਚ।"

ਅਜਨਬੀ ਨੂੰ ਵੀ ਸੋਹਣੀ ਔਰਤ ਦੀ ਕਹਾਣੀ ਦਿਲਚਸਪ ਤੇ ਉਤੇਜਕ ਲੱਗਣ ਲੱਗ ਪਈ ਸੀ। ਆਹਦ ਜੂ ਤਕੀਏ ਦੇ ਸਹਾਰੇ ਹੇਠਾਂ ਕਾਲੀਨ 'ਤੇ ਬੈਠਾ ਅਜੇ ਵੀ ਹੁੱਕਾ ਗੁੜਗੁੜਾ ਰਿਹਾ ਸੀ। ਦੋ-ਚਾਰ ਲੰਮੇ ਕਸ਼ ਮਾਰ ਉਸਨੇ ਹੁੱਕੇ ਦੀ ਨੜੀ ਪਰ੍ਹਾਂ ਕਰਦਿਆਂ ਗੱਲ ਸ਼ੁਰੂ ਕੀਤੀ, ਸ਼ਾਇਦ ਇਸੇ ਬਹਾਨੇ ਉਹ ਆਪਣੇ ਪੁਰਖਿਆਂ ਦੇ ਪਿਛੋਕੜ ਦੇ ਵੀ ਵਰਕੇ ਫਰੋਲਣ ਲੱਗ ਪਿਆ ਸੀ।

"ਸੱਚ ਤਾਂ ਇਹ ਹੈ ਹਜ਼ਰਤ ਕਿ ਇਹ ਔਰਤ ਸੱਚਮੁੱਚ ਹੀ ਇਕ ਹਿੰਦੂ ਰਾਜੇ ਦੀ ਧੀ ਸੀ। ਬੇਹੱਦ ਖੂਬਸੂਰਤ ਹੋਣ ਕਰਕੇ ਹਰ ਕਿਸੇ ਦੀ ਅੱਖ ਸੀ ਉਸ ਉੱਤੇ। ਹਰ ਕੋਈ ਉਸਨੂੰ ਹਥਿਆਉਣਾ ਚਾਹੁੰਦਾ ਸੀ। ਰਾਜਾ ਇਹ ਗੱਲ ਸਮਝਦਾ ਸੀ। ਉਹ ਚਾਹੁੰਦਾ ਸੀ ਕਿ ਰਾਜਕੁਮਾਰੀ ਲਈ ਕੋਈ ਯੋਗ ਵਰ ਮਿਲੇ ਜੋ ਰਾਜਕੁਮਾਰੀ ਨਾਲ ਵਿਆਹ ਕਰਕੇ ਉਸਨੂੰ ਹਮੇਸ਼ਾ-ਹਮੇਸ਼ਾ ਲਈ ਆਪਣਾ ਬਣਾ ਲਵੇ। ਉੱਧਰ ਰਾਜਕੁਮਾਰੀ ਆਪ ਚਾਹੁੰਦੀ ਸੀ ਕਿ ਉਸਨੂੰ ਕੋਈ ਮੁਹੱਬਤ ਤੇ ਇੱਜ਼ਤ ਨਾਲ ਆਪਣੀ ਬਣਾਵੇ, ਨਾ ਕਿ ਤਾਕਤ ਦੇ ਪ੍ਰਦਰਸ਼ਨ ਅਤੇ ਘੁਮੰਡ ਨਾਲ। ਦਿਨੋ-ਦਿਨ ਉਸਦੀ ਸੁੰਦਰਤਾ ਦੇ ਚਰਚਿਆਂ ਕਾਰਨ ਬਦਨੀਅਤ ਪੁਰਸ਼ਾਂ ਦੀਆਂ ਲਾਲਸਾਂ ਭਰੀਆਂ ਨਜ਼ਰਾਂ ਤੋਂ ਰਾਜਕੁਮਾਰੀ ਨੂੰ ਬਚਾ ਕੇ ਰੱਖਣਾ ਔਖਾ ਹੋ ਗਿਆ। ਰਾਜੇ ਦੇ ਆਪਣੇ ਹੀ ਵਜ਼ੀਰ, ਦਰਬਾਰੀ, ਅਧਿਕਾਰੀ ਇਥੋਂ ਤੱਕ ਕਿ ਉਸਦੇ ਮਿੱਤਰ ਰਾਜੇ ਤੇ ਉਨ੍ਹਾਂ ਦੇ ਰਾਜਕੁਮਾਰ, ਸਭ ਦੀਆਂ ਲਾਲਚੀ ਨਜ਼ਰਾਂ ਰਾਜਕੁਮਾਰੀ ਨੂੰ



ਹਾਸਲ ਕਰਨ ਲਈ ਲਲਚਾਉਣ ਲੱਗ ਪਈਆਂ। ਨਿੱਤ ਨਵੀਆਂ ਸਾਜ਼ਿਸ਼ਾਂ ਹੋਣ ਲੱਗ ਪਈਆਂ। ਇਕ ਦੂਜੇ ਦਾ ਕਤਲ, ਖੂਨ-ਖਰਾਬਾ, ਮਾਰ-ਕੁਟ। ਰਾਜ ਕੁਮਾਰੀ ਸਭ ਵੇਖ ਰਹੀ ਸੀ ਪਰ ਉਸ ਨੂੰ ਉਮੀਦ ਸੀ ਕਿ ਕੋਈ ਸੱਚਾ ਪਿਆਰ ਕਰਨ ਵਾਲਾ ਜ਼ਰੂਰ ਉਸਨੂੰ ਆ ਕੇ ਆਪਣੀ ਬਣਾ ਲਵੇਗਾ।"

"ਰਾਜੇ ਦਾ ਇਕ ਗੂੜ੍ਹਾ ਮਿੱਤਰ ਦੂਜੇ ਦੇਸ਼ ਦਾ ਰਾਜਾ ਆਪਣੇ ਵਿਸ਼ਵਾਸਪਾਤਰ ਵਜ਼ੀਰ ਨਾਲ ਸਾਜ਼ਿਸ਼ ਰਚਕੇ ਰਾਜਕੁਮਾਰੀ ਦਾ ਅਪਹਰਣ ਕਰਕੇ ਉਸਨੂੰ ਲੈ ਕੇ ਭੱਜ ਗਿਆ। ਪਰ ਅਜੇ ਉਹ ਮਹਿਲਾਂ ਤੋਂ ਬਾਹਰੇ ਵੀ ਨਹੀਂ ਸੀ ਨਿਕਲ ਸਕਿਆ ਕਿ ਰਾਜਕੁਮਾਰੀ ਦੇ ਪਿਤਾ ਨੇ ਸੈਨਾਪਤੀ ਨੂੰ ਇਨ੍ਹਾਂ ਪਿੱਛੇ ਭੇਜ ਦਿੱਤਾ। ਸੈਨਾਪਤੀ ਨੇ ਚੋਰ ਰਾਜੇ ਨੂੰ ਮਾਰ ਕੇ ਰਾਜਕੁਮਾਰੀ ਨੂੰ ਛੁਡਾ ਲਿਆਂਦਾ। ਰਾਜੇ ਨੇ ਖੁਸ਼ ਹੋ ਕੇ ਸੈਨਾਪਤੀ ਨੂੰ ਇਨਾਮ ਦੇਣਾ ਚਾਹਿਆ ਪਰ ਉਸਨੇ ਤਾਂ ਇਨਾਮ ਦੀ ਥਾਂ ਰਾਜਕੁਮਾਰੀ ਹੀ ਮੰਗ ਲਈ। ਰਾਜੇ ਦੇ ਇਨਕਾਰ ਕਰਨ 'ਤੇ ਸੈਨਾਪਤੀ ਨੇ ਰਾਜੇ ਦੀ ਹੱਤਿਆ ਕਰ ਦਿੱਤੀ ਤੇ ਰਾਜਕੁਮਾਰੀ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਉਸ ਨਾਲ ਵਿਆਹ ਰਚਾ ਲਿਆ।"

"ਇਹ ਸੈਨਾਪਤੀ ਤਿੱਬਤ ਦੇ ਕਿਸੇ ਪਾਸਿਓਂ ਆਇਆ ਬੋਧੀ ਲਾਮਾ ਸੀ ਜਿਸਦੀ ਬਹਾਦਰੀ ਤੋਂ ਖੁਸ਼ ਹੋ ਕੇ ਰਾਜੇ ਨੇ ਕਦੀ ਇਸ ਨੂੰ ਆਪਣੀ ਸੈਨਾ ਦਾ ਮੁਖੀ ਬਣਾ ਲਿਆ ਸੀ। ਅੱਜ ਉਹੀ ਸੈਨਾਪਤੀ ਰਾਜੇ ਦਾ ਕਤਲ ਕਰਨ ਬਾਦ ਨਾ ਸਿਰਫ ਉਸਦੀ ਧੀ ਦਾ ਪਤੀ ਬਣ ਬੈਠਾ ਸਗੋਂ ਰਾਜ ਸਿੰਘਾਸਨ ਦਾ ਮਾਲਕ ਵੀ। ਇਕ ਵੱਖਰੇ ਨੈਣ-ਨਕਸ਼ ਵਾਲਾ, ਵੱਖਰੇ ਦੇਸ਼ ਤੋਂ ਵੱਖਰੀ ਭਾਸ਼ਾ ਤੇ ਧਰਮ ਦਾ ਉਹ ਆਦਮੀ ਰਾਜਾ ਤਾਂ ਬਣ ਗਿਆ ਪਰ ਉਹ ਜਾਣਦਾ ਸੀ ਕਿ ਇਥੋਂ ਦੀ ਪਰਜਾ ਉਸਨੂੰ ਰਾਜੇ ਵਜੋਂ ਦਿਲੋਂ ਸਵੀਕਾਰ ਨਹੀਂ ਕਰੇਗੀ। ਉਸਨੇ ਰਾਜਕੁਮਾਰੀ, ਜੋ ਕਿ ਹੁਣ ਉਸਦੀ ਰਾਣੀ ਸੀ, ਉਸ ਨਾਲ ਸਲਾਹ ਕਰਕੇ ਰਾਣੀ ਦਾ ਧਰਮ ਯਾਨੀ ਹਿੰਦੂ ਧਰਮ ਅਪਨਾਉਣ ਦੀ ਖਾਹਿਸ਼ ਜ਼ਾਹਿਰ ਕੀਤੀ।"

"ਇਹ ਤਾਂ ਸਿਆਣਪ ਵਾਲੀ ਖਾਹਿਸ਼ ਸੀ ਰਾਜੇ ਦੀ।"

"ਇਸੇ ਲਈ ਰਾਣੀ ਨੇ ਆਪਣੇ ਰਾਜ ਦੇ ਪ੍ਰਮੁੱਖ ਬ੍ਰਾਹਮਣਾਂ ਨੂੰ ਬੁਲਾ ਕੇ ਰਾਜੇ ਦਾ ਮੰਤਵ ਉਨ੍ਹਾਂ ਨੂੰ ਦੱਸਿਆ ਕਿ ਉਹ ਬ੍ਰਾਹਮਣ ਧਰਮ ਵਿਚ ਸ਼ਾਮਲ ਹੋ ਕੇ ਇਥੋਂ ਦੇ ਲੋਕਾਂ ਦੇ ਦਿਲਾਂ ਵਿਚ ਵਸਣਾ ਚਾਹੁੰਦਾ ਹੈ। ਪਰ ਪੰਡਤ ਬ੍ਰਾਹਮਣ ਇਸ ਗੱਲ ਤੋਂ ਇਨਕਾਰੀ ਹੋ ਗਏ ਕਿ ਬੋਧੀ ਰਾਜੇ ਦਾ ਧਰਮ ਤੇ ਪਿਛੋਕੜ ਇਸ ਲਾਇਕ ਨਹੀਂ ਕਿ ਉਸਨੂੰ ਉੱਚ ਕੋਟੀ ਦੇ ਬ੍ਰਾਹਮਣ ਧਰਮ ਵਿਚ ਸ਼ਾਮਿਲ ਕੀਤਾ ਜਾ ਸਕੇ।"

"ਫਿਰ ਕੀ ਹੋਇਆ ?"

"ਰਾਜਾ ਬਹੁਤ ਮਾਯੂਸ ਹੋਇਆ। ਉਨ੍ਹਾਂ ਦਿਨਾਂ 'ਚ ਦੁਨੀਆ ਦੇ ਦੂਰ-ਦਰਾਜ਼ ਦੇਸ਼ਾਂ ਦੇ ਵਪਾਰੀ ਲੋਕ ਸਾਡੇ ਇਨ੍ਹਾਂ ਸ਼ਹਿਰਾਂ ਵਿਚ ਵੱਖ-ਵੱਖ ਕਿਸਮ ਦੇ ਵਪਾਰ ਕਰਨ ਆਉਂਦੇ ਸਨ। ਤੁਰਕ, ਈਰਾਨ, ਅਫਗਾਨਿਸਤਾਨ, ਅਰਬ ਦੇਸ਼ਾਂ ਦੇ ਵਪਾਰੀ। ਬੋਧੀ ਰਾਜੇ ਦਾ ਵੀ ਇਕ ਖਾਸ ਮਿੱਤਰ ਤੁਰਕ ਦੇਸ਼ ਤੋਂ ਉਸਨੂੰ ਮਿਲਣ ਆਇਆ। ਉਸ ਦੇ ਨਾਲ ਇਕ ਖੁਦਾ ਦੋਸਤ ਫਕੀਰ ਬੰਦਾ ਵੀ ਸੀ ਜਿਸਨੂੰ ਸਾਰੇ ਬਹੁਤ ਆਦਰ ਕਰਦੇ ਸਨ। ਫਕੀਰ ਅੱਲ੍ਹਾ ਦਾ ਨੇਕ ਬੰਦਾ ਸੂਫ਼ੀ ਸੰਤ ਹਰ ਕਿਸੇ ਨੂੰ ਅੱਲ੍ਹਾ ਦੇ ਰਾਹ ਤੁਰਨ ਦਾ ਰਸਤਾ ਦੇਂਦਾ। ਜਦ ਪੰਡਤ ਬ੍ਰਾਹਮਣਾਂ ਨੇ ਬੋਧੀ ਰਾਜੇ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ, ਉਹ ਬਹੁਤ ਮਾਯੂਸ ਹੋਇਆ। ਬੇਚੈਨ ਹੋ ਕੇ ਉਹ ਜੰਗਲਾਂ ਤੇ ਦਰਿਆਵਾਂ ਦੇ ਕੰਢੇ ਇਕਾਂਤ ਵਿਚ ਬੈਠਾ ਸੋਚਦਾ ਕਿ ਕੀ ਕੀਤਾ ਜਾਵੇ। ਇਸੇ ਤਰ੍ਹਾਂ ਮਾਯੂਸੀ ਦੀ ਹਾਲਤ ਵਿਚ ਤੁਰਦਿਆਂ ਉਸ ਨੇ ਬਾਗ ਵਿਚ ਫਕੀਰ ਨੂੰ ਨਮਾਜ਼ ਪੜ੍ਹਦੇ ਤੇ ਸਜਦਾ ਕਰਦੇ ਵੇਖਿਆ। ਬੋਧੀ ਰਾਜਾ ਕਿੰਨਾ ਚਿਰ ਓਥੇ ਖੜਾ ਸਭ ਵੇਖਦਾ ਰਿਹਾ। ਨਮਾਜ਼ ਪੜ੍ਹ ਚੁੱਕਣ ਬਾਦ ਉਹ ਸੂਫ਼ੀ ਫ਼ਕੀਰ ਕੋਲ ਜਾ ਕੇ ਬੈਠ ਗਿਆ ਤੇ ਆਪਣੀ ਪ੍ਰੇਸ਼ਾਨੀ ਉਸਨੂੰ ਦੱਸੀ। ਫਕੀਰ ਨੇ ਬੋਧੀ ਰਾਜੇ ਨੂੰ

ਅੱਲ੍ਹਾ ਦੇ ਰਾਹ ਤੁਰਨ ਦਾ ਰਸਤਾ ਦੱਸਿਆ। ਬੋਧੀ ਰਾਜਾ ਫਕੀਰ ਦੀਆਂ ਗੱਲਾਂ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸਨੇ ਉਸੇ ਵੇਲੇ ਇਸਲਾਮ ਕਬੂਲ ਕਰਕੇ ਆਪਣੇ ਆਪ ਨੂੰ ਮੁਸਲਮਾਨ ਘੋਸ਼ਿਤ ਕਰ ਦਿੱਤਾ।"

"ਇਹ ਤਾਂ ਪੰਡਤ ਬ੍ਰਾਹਮਣਾਂ ਲਈ ਬੜੀ ਹਾਰ ਵਾਲੀ ਗੱਲ ਬਣੀ ਹੋਵੇਗੀ ?"

"ਬਣਨੀ ਹੀ ਸੀ ਹਜ਼ਰਤ। ਕਿਉਂਕਿ ਰਾਜੇ ਦੇ ਇਸਲਾਮ ਕਬੂਲ ਕਰਦੇ ਹੀ ਉਸਦੀ ਪਰਜਾ 'ਚੋਂ ਵੀ ਕਿੰਨੇ ਹੀ ਲੋਕ ਉਸ ਫਕੀਰ ਦੀ ਸੂਫ਼ੀ ਵਿਚਾਰਧਾਰਾ ਦੇ ਪ੍ਰਭਾਵ ਕਾਰਨ ਇਸਲਾਮ ਦੇ ਝੰਡੇ ਹੇਠ ਆ ਗਏ। ਜਦ ਰਾਜਾ ਮੁਸਲਮਾਨ ਬਣ ਗਿਆ ਤਾਂ ਰਾਣੀ ਦਾ ਕੀ ਧਰਮ ਰਹਿ ਗਿਆ ? ਔਰਤ ਦਾ ਵੈਸੇ ਆਪਣਾ ਕੋਈ ਧਰਮ ਜਾਂ ਸ਼ਨਾਖ਼ਤ ਹੁੰਦੀ ਹੀ ਕਿੱਥੇ ਹੈ। ਉਸਦੀ ਸ਼ਨਾਖ਼ਤ, ਧਰਮ ਓਹੀ ਹੁੰਦਾ ਹੈ ਜੋ ਉਸਦੇ ਖਾਵੰਦ ਯਾਨੀ ਉਸਦੇ ਮਾਲਕ ਦਾ ਹੁੰਦਾ ਹੈ।"

"ਹੂੰ...ਅ...।" ਅਜਨਬੀ ਨੇ ਇਕ ਨਵੀਂ ਸਿਗਰੇਟ ਸੁਲਘਾ ਕੇ ਜ਼ੋਰ ਦਾ ਲੰਮਾ ਕਸ਼ ਲਿਆ। ਉਹ ਇਹ ਕਹਾਣੀ ਨਾ ਕੇਵਲ ਸੁਣ ਰਿਹਾ ਸੀ ਸਗੋਂ ਆਪਣੇ ਮਾਨਸਪਟਲ ਉੱਤੇ ਸਾਕਾਰ ਹੁੰਦੀ ਵੇਖ ਰਿਹਾ ਸੀ। ਉਹ ਜਾਣ ਗਿਆ ਕਿ ਉਦੋਂ ਹਾਲਾਤ ਕਿਸ ਤਰ੍ਹਾਂ ਬਦਲੇ ਹੋਣਗੇ। ਭਾਸ਼ਾ, ਸਭਿਆਚਾਰ, ਤਹਿਜ਼ੀਬ, ਰਹਿਣ-ਸਹਿਣ ਸਭ।

"ਹੁਣ ਤੁਸੀਂ ਦੱਸੋ ਕਿ ਕੀ ਇਹ ਤਲਵਾਰ ਦੀ ਜ਼ੋਰ ਤੇ ਜ਼ਬਰਦਸਤੀ ਦਾ ਇਸਲਾਮੀਕਰਣ ਸੀ ? ਜਾਂ ਮਨੁੱਖਤਾ ਨੂੰ ਅੱਲ੍ਹਾ ਦੇ ਰਾਹ ਤੁਰਨ ਦਾ ਸਬਕ ਦੇਣ ਵਾਲੇ ਸੂਫ਼ੀ ਫਕੀਰ ਦੇ ਵਿਚਾਰਾਂ ਦਾ ਅਸਰ ਸੀ। ਬੋਧੀ ਰਾਜੇ ਤੇ ਹਿੰਦੂ ਰਾਣੀ ਨੂੰ ਆਪਣੇ ਧਰਮ ਵਾਲਿਆਂ ਨੇ ਆਪਣੇ ਸਮਾਜ ਤੇ ਮਜ਼ਹਬ 'ਚੋਂ ਛੇਕ ਦਿੱਤਾ ਤੇ ਇਸਲਾਮ ਨੇ ਉਨ੍ਹਾਂ ਨੂੰ ਆਪਣੇ ਸੀਨੇ ਨਾਲ ਲਗਾ ਲਿਆ। ਉਨ੍ਹਾਂ ਦੀ ਭਟਕਣ ਨੂੰ ਸਕੂਨ ਮਿਲ ਗਿਆ।"

"ਜੇ ਸਕੂਨ ਮਿਲ ਹੀ ਗਿਆ ਸੀ ਆਹਦ ਜੂ ਤਾਂ ਫਿਰ ਅੱਜ ਇਹ ਖ਼ੂਨ-ਖਰਾਬਾ ਕਿਉਂ ਹੋ ਰਿਹਾ ਹੈ ? ਜੇ ਉਹ ਔਰਤ ਅੱਲ੍ਹਾ ਦੇ ਰਾਹ 'ਤੇ ਸਕੂਨ ਹਾਸਲ ਕਰ ਚੁੱਕੀ ਸੀ ਤਾਂ ਫਿਰ ਅੱਜ ਵੀ ਉਸਦੇ ਹੀ ਪਿੱਛੇ ਕਿਉਂ ਲੋਕੀ ਇਕ ਦੂਜੇ ਦਾ ਕਤਲ ਕਰ ਰਹੇ ਹਨ ?" ਅਜਨਬੀ ਨੇ ਫਿਰ ਤਿੱਖਾ ਸੁਆਲ ਕਰ ਦਿੱਤਾ। ਆਹਦ ਜੂ ਨੇ ਇਕ ਵਾਰ ਫਿਰ ਹੁੱਕੇ ਦੀ ਚਿਲਮ ਨੂੰ ਕੁਰੇਦਿਆ, ਕੁਝ ਤਾਜ਼ਾ ਤੰਬਾਕੂ ਮੁੜ ਚਿਲਮ ਵਿਚ ਪਾਇਆ ਤੇ ਇਕ ਲੰਮਾ ਕਸ਼ ਖਿਚਿਆ। ਉਸਨੂੰ ਖੰਘ ਛਿੜ ਗਈ। ਥੋੜ੍ਹੇ ਚਿਰ ਵਿਚ ਹੀ ਸੰਭਲ ਕੇ ਉਹ ਫਿਰ ਬੋਲਿਆ,

"ਖੋਟੀ-ਨੀਅਤਾਂ ਵਾਲੇ ਕਿਸੇ ਨੂੰ ਸਕੂਨ ਨਾਲ ਕਿਥੇ ਜੀਣ ਦੇਂਦੇ ਹਨ ਹਜ਼ਰਤ। ਉਹ ਨਾ ਆਪ ਸਕੂਨ ਨਾਲ ਰਹਿ ਸਕਦੇ ਹਨ ਤੇ ਨਾ ਹੀ ਕਿਸੇ ਨੂੰ ਰਹਿਣ ਦੇਂਦੇ ਹਨ। ਬੋਧੀ ਰਾਜੇ ਨੇ ਆਪਣਾ ਨਾਂ ਬਦਲ ਕੇ ਆਪਣਾ ਮੁਸਲਮਾਨੀ ਨਾਂ ਰੱਖ ਲਿਆ ਸੀ ਤੇ ਉਸਦੀ ਰਾਣੀ ਵੀ ਪੂਰੇ ਮਨ ਨਾਲ ਉਸਦੇ ਰਾਜਪਾਠ ਦੇ ਕੰਮਾਂ ਵਿਚ ਹੱਥ ਵਟਾਉਂਦੀ। ਪਰ ਜਿਸ ਤੁਰਕੀ ਮਿੱਤਰ ਤੇ ਉਸਦੇ ਖ਼ੁਦਾ ਦੋਸਤ ਫਕੀਰ ਦੀ ਸੋਅਬਤ ਵਿਚ ਬੋਧੀ ਰਾਜਾ ਮੁਸਲਮਾਨ ਬਣਿਆ ਸੀ, ਉਸੇ ਤੁਰਕੀ ਰਾਜੇ ਦੀ ਮੈਲੀ ਅੱਖ ਰਾਣੀ 'ਤੇ ਪੈ ਗਈ। ਉਸਨੇ ਰਾਜੇ ਦਾ ਕਤਲ ਕਰਕੇ ਰਾਣੀ ਨੂੰ ਜ਼ਬਰਦਸਤੀ ਆਪਣੀ ਮਲਕੀਅਤ ਬਣਾ ਲਿਆ। ਅਣਖੀ ਰਾਣੀ ਇਹ ਅਪਮਾਨ ਤੇ ਜ਼ੁਲਮ ਸਹਿ ਨਾ ਸਕੀ। ਉਸਨੇ ਆਪਣੀ ਜਾਨ ਦੇ ਦੇਣੀ ਚਾਹੀ ਪਰ ਕੋਸ਼ਿਸ਼ ਨਾਕਾਮ ਰਹੀ। ਰਾਜੇ ਦੇ ਕਾਤਲ ਨੇ ਸਿੰਘਾਸਨ 'ਤੇ ਕਬਜ਼ਾ ਕਰ ਲਿਆ ਤੇ ਨਾਲ ਹੀ ਰਾਣੀ 'ਤੇ ਵੀ। ਮੌਕਾ ਪਾ ਕੇ ਰਾਣੀ ਨੇ ਆਪਣੀ ਵੱਖੀ ਨਾਲ ਬੱਝੀ ਕਟਾਰ ਕੱਢ ਕੇ ਇੱਕੋ ਵਾਰ ਵਿਚ ਰਾਜੇ ਦੇ ਸੀਨੇ ਵਿਚ ਉਤਾਰ ਦਿੱਤੀ। ਕਾਤਲ ਕ੍ਰਿਤਘਣ ਰਾਜਾ ਆਪਣੇ ਹੀ ਖ਼ੂਨ ਵਿਚ ਲਥਪਥ ਹੋਇਆ ਦਮ ਤੋੜ ਗਿਆ।"

"ਅੱਛਾ...? ਫਿਰ ?"



"ਫਿਰ ਬਗਾਵਤ ਹੋ ਗਈ ਹਜ਼ਰਤ। ਹਿੰਦੂ ਆਖਣ ਕਿ ਉਨ੍ਹਾਂ ਦੀ ਧੀ ਨੇ ਆਪਣੇ ਅਪਮਾਨ ਦਾ ਬਦਲਾ ਲੈ ਲਿਆ ਹੈ ਤੇ ਹੁਣ ਉਨ੍ਹਾਂ ਦੇ ਬ੍ਰਾਹਮਣ ਧਰਮ ਦੀ ਮੁੜ ਚੜ੍ਹਤ ਹੋ ਜਾਵੇਗੀ। ਪਰ ਮੁਸਲਮਾਨ ਆਖਣ ਕਿ ਰਾਣੀ ਨੇ ਵਿਸ਼ਵਾਸਘਾਤ ਕਰਕੇ ਰਾਜੇ ਦਾ ਕਤਲ ਕਰ ਦਿੱਤਾ ਹੈ। ਮੁਸਲਮਾਨ ਜੋ ਕਿ ਹੁਣ ਬਹੁ ਸੰਖਿਅਕ ਸਨ, ਉਨ੍ਹਾਂ ਬਗਾਵਤ ਕਰ ਦਿੱਤੀ।"

"ਰਾਣੀ ਜੋ ਕਿ ਇਕ ਔਰਤ ਵੀ ਸੀ, ਉਹ ਦੁਸ਼ਮਨਾਂ ਵਿਚ ਘਿਰੀ ਬੇਬਸ, ਲਾਚਾਰ ਵੱਖ-ਵੱਖ ਜਾਬਰਾਂ ਦੇ ਜਬਰ-ਜ਼ੁਲਮ ਦਾ ਸ਼ਿਕਾਰ ਬਣੀ ਆਪਣੀ ਅਜ਼ਮਤ ਬਚਾਣ ਲਈ ਥਾਂ-ਥਾਂ ਲੁਕਦੀ ਛਿਪਦੀ ਰਹੀ। ਪਰ ਨਫ਼ਰਤ, ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਭਰੇ ਦੁਰਾਚਾਰੀਆਂ ਨੇ ਉਸ ਦੀ ਆਬਰੂ ਤਾਰ-ਤਾਰ ਕਰ ਦਿੱਤੀ। ਖ਼ੁਦਾ-ਦੋਸਤ ਫਕੀਰ ਤੋਂ ਔਰਤ ਦੀ ਇਹ ਬੇਹੁਰਮਤੀ ਵੇਖੀ ਨਾ ਗਈ। ਉਸਨੇ ਅੱਲ੍ਹਾ ਦੇ ਵਾਸਤੇ ਪਾਏ, ਸੂਫ਼ੀ ਵਿਚਾਰਾਂ ਅਤੇ ਪਾਕ ਕਲਮਿਆਂ ਦੀਆਂ ਆਇਤਾਂ ਗਾਈਆਂ, ਨਫ਼ਰਤ ਨੂੰ ਨੇਕੀ ਵਿਚ ਬਦਲਣ ਦੇ ਹੀਲੇ ਕੀਤੇ ਪਰ ਉਸਦੀ ਗੱਲ ਕਿਸੇ ਨਾ ਸੁਣੀ। ਉਸਦੀ ਪਵਿੱਤਰ ਆਵਾਜ਼ ਤੇ ਸੂਫ਼ੀ ਕਲਾਮ ਰੌਲੇ ਵਿਚ ਲੋਕਾਂ ਨੇ ਅਣਸੁਣੇ ਕਰ ਦਿੱਤੇ। ਫਕੀਰ ਬੋਲਦਾ-ਬੋਲਦਾ ਗੂੰਗਾ ਹੋ ਗਿਆ ਤੇ ਅਖੀਰ ਸ਼ਹਿਰ ਛੱਡ ਜੰਗਲਾਂ, ਪਹਾੜਾਂ, ਵੀਰਾਨਿਆਂ ਵੱਲ ਚਲਾ ਗਿਆ ਤੇ ਮੁੜ ਕਦੀ ਨਹੀਂ ਪਰਤਿਆ।"

"ਤੇ ਰਾਣੀ ?"

"ਇਸ ਅਰਾਜਕਤਾ ਭਰੇ ਮਾਹੌਲ ਵਿਚ ਇਕ ਬੇਸਹਾਰਾ, ਲਾਚਾਰ ਲੁੱਟੀ ਹੋਈ ਔਰਤ ਬਚਦੀ-ਬਚਾਂਦੀ ਇਕ ਮਜ਼ਾਰ 'ਤੇ ਜਾ ਕੇ ਬੇਸੁਰਤ ਹੋਈ ਢਹਿ ਪਈ। ਉਸਨੂੰ ਕੋਈ ਹੋਸ਼ ਨਹੀਂ ਸੀ ਰਹੀ। ਪਤਾ ਨਹੀਂ ਕਿੰਨੇ ਦਿਨ ਰਾਤ ਉਹ ਉੱਥੇ ਉਸੇ ਤਰ੍ਹਾਂ ਪਈ ਰਹੀ ਕਿ ਉੱਧਰੋਂ ਲੰਘਦੇ ਇਕ ਸ਼ਾਹੀ ਘੋੜਸਵਾਰ ਦੀ ਨਜ਼ਰ ਉਸ ਉੱਤੇ ਪੈ ਗਈ। ਉਸਨੇ ਨੀਮ ਪਾਗਲ ਜਹੀ ਦਿੱਸਦੀ ਇਸ ਔਰਤ ਨੂੰ ਪਾਣੀ ਪਿਲਾ ਕੇ ਹੋਸ਼ ਵਿਚ ਲਿਆਂਦਾ ਤੇ ਉਸਦੇ ਇਸ ਹਾਲ ਬਾਰੇ ਪੁੱਛਿਆ।"

"ਔਰਤ ਪਹਿਲਾਂ ਤਾਂ ਉਸਨੂੰ ਵੇਖ ਕੇ ਡਰੀ ਪਰ ਫਿਰ ਉਸਦਾ ਹਮਦਰਦੀ ਭਰਿਆ ਵਿਵਹਾਰ ਵੇਖ ਉਹ ਫਿੱਸ ਪਈ। ਆਪਣੇ ਜ਼ਖ਼ਮਾਂ ਦੀ ਪੀੜ ਨਾਲ ਕਰਾਹੁੰਦੀ ਉਹ ਹੌਲੇ-ਹੌਲੇ ਬੋਲੀ, 'ਮੇਰੇ ਹੀ ਆਪਣਿਆਂ ਲੋਕਾਂ ਨੇ ਮੇਰਾ ਬਲਾਤਕਾਰ ਕੀਤਾ। ਮੇਰਾ ਸਰੀਰ, ਮੇਰੀ ਆਤਮਾ ਲਹੂ-ਲੁਹਾਨ ਕਰਕੇ ਮੈਨੂੰ ਅਧਮੋਇਆ ਕਰ ਦਿੱਤਾ। ਨਾ ਮੈਂ ਜੀਣ ਜੋਗੀ ਰਹਿ ਗਈ, ਨਾ ਮਰਨ ਜੋਗੀ। ਜ਼ਾਲਮ ਲੋਕਾਂ ਦੀਆਂ ਸ਼ੈਤਾਨੀ ਨਜ਼ਰਾਂ ਨੇ ਮੇਰੇ ਕਲੇਜੇ ਵਿਚ ਛੇਦ ਕਰ ਦਿੱਤੇ ਹੋਏ ਹਨ। ਮੇਰੇ ਅੰਗ-ਅੰਗ 'ਤੇ ਨੀਲ ਪੈ ਗਏ ਹਨ। ਜ਼ਖ਼ਮਾਂ 'ਚੋਂ ਲਹੂ ਦੇ ਨਾਲ-ਨਾਲ ਪਸ ਨਿਕਲ ਰਹੀ ਹੈ। ਮੈਨੂੰ ਆਪਣੇ ਹੀ ਆਪ ਤੋਂ ਦੁਰਗੰਧ ਆਉਣ ਲੱਗ ਪਈ ਹੈ। ਮੈਂ ਮਰ ਜਾਣਾ ਚਾਹੁੰਦੀ ਹਾਂ ਪਰ ਮੈਂ ਮਰ ਗਈ ਤਾਂ ਮੇਰੇ ਨਾਲ ਹੀ ਸਾਰਾ ਇਤਿਹਾਸ ਮਰ ਜਾਵੇਗਾ। ਮੇਰੇ ਦੁੱਖਾਂ ਦੀ ਕਹਾਣੀ ਕੌਣ ਸੁਣਨ ਵਾਲਾ ਹੈ ? ਕੌਣ ਹੈ ਜੋ ਮੈਨੂੰ ਇਸ ਦਰਦ ਤੋਂ ਨਿਜਾਤ ਦਿਲਾਵੇ। ਕੋਈ ਨਹੀਂ ਹੈ।'

"ਘੋੜਸਵਾਰ ਇਸ ਅੰਤਾਂ ਦੀ ਸੁੰਦਰ ਨਾਰ ਦੀ ਇਹ ਦੁਰਦਸ਼ਾ ਵੇਖ ਅੰਦਰ ਹੀ ਅੰਦਰ ਕੰਬ ਗਿਆ। ਸੋਹਣੀਆਂ ਚੀਜ਼ਾਂ ਦੀ ਇਹੋ ਤ੍ਰਾਸਦੀ ਹੁੰਦੀ ਹੈ। ਭਾਵੇਂ ਸੋਹਣੀ ਔਰਤ ਹੋਵੇ, ਸੋਹਣਾ ਫੁੱਲ ਹੋਵੇ ਜਾਂ ਸੋਹਣੀ ਧਰਤ। ਉਨ੍ਹਾਂ ਨੂੰ ਨੋਚਣ, ਖਸੋਟਣ ਤੇ ਆਪਣੇ ਅਧੀਨ ਕਰਨ ਵਾਲੇ ਬਰਬਰਤਾ ਦੀ ਹੱਦ ਤੋਂ ਗੁਜ਼ਰ ਜਾਂਦੇ ਹਨ।"

"ਇਕ ਹੈ ਜੋ ਤੇਰੀ ਪੀੜ ਸਮਝ ਸਕਦਾ ਹੈ ਤੇ ਤੇਰੀ ਮਦਦ ਵੀ ਕਰ ਸਕਦਾ ਹੈ।" ਘੋੜਸਵਾਰ ਨੇ ਕਿਹਾ ਤਾਂ ਲੁੱਟੀ-ਪਿੱਟੀ ਔਰਤ ਦੀਆਂ ਅੱਖਾਂ ਵਿਚ ਉਮੀਦ ਦੀਆਂ ਕਿਰਨਾਂ ਜਗ ਉੱਠੀਆਂ। "ਕੌਣ ਹੈ ਜੋ ਮੇਰੀ ਪੀੜ ਮਹਿਸੂਸ ਕਰੇਗਾ ?"

"ਇਕ ਰਾਜਾ ਹੈ ਜਿਸਦੀ ਇਕ ਅੱਖ ਕਾਣੀ ਹੈ। ਪਰ ਉਸਦੀ ਦਲੇਰੀ ਅਤੇ ਤਾਕਤ ਦਾ

ਲੋਹਾ ਸਾਰੀ ਦੁਨੀਆ ਮੰਨਦੀ ਹੈ। ਤੈਨੂੰ ਉਸ ਤੋਂ ਮਦਦ ਮੰਗਣੀ ਪਵੇਗੀ।"

ਰਾਣੀ ਸੋਚਾਂ ਵਿਚ ਪੈ ਗਈ। ਉਹ ਇਕ ਰਾਜੇ ਦੀ ਧੀ ਸੀ। ਇਹ ਵੱਖਰੀ ਗੱਲ ਸੀ ਕਿ ਉਸ ਤੋਂ ਬਾਅਦ ਉਸਨੂੰ ਕਿੰਨੇ ਹੀ ਰਾਜਿਆਂ ਅਤੇ ਰਾਖਸ਼ਸਾਂ ਨੇ ਆਪਣੇ ਹੰਕਾਰ, ਆਪਣੀ ਤਾਕਤ ਅਤੇ ਆਪਣੀ ਨਫ਼ਰਤ ਦੇ ਬਲਬੂਤੇ 'ਤੇ ਲੁੱਟਿਆ ਤੇ ਹਥਿਆਇਆ ਪਰ ਉਸਦੇ ਅੰਦਰਲੀ ਔਰਤ ਦੀ ਅਣਖ ਨਾ ਮਰੀ ਸੀ ਤੇ ਨਾ ਕੁਚਲੀ ਗਈ ਸੀ। ਉਹ ਮਦਦ ਮੰਗਣ ਦੀ ਅਸਲੀਅਤ ਜਾਣਦੀ ਸੀ। ਯਾਨੀ ਫਿਰ ਕਿਸੇ ਦੀ ਸ਼ਰਣ ਵਿਚ ਜਾਣਾ।"

"ਪਰ ਉਸ ਕੋਲ ਕੋਈ ਚਾਰਾ ਨਹੀਂ ਸੀ। ਉਹ ਨਾ ਖੁਦਕਸ਼ੀ ਕਰਨਾ ਚਾਹੁੰਦੀ ਸੀ ਤੇ ਨਾ ਹੀ ਲੁਟੇਰਿਆਂ ਹੱਥੋਂ ਹੋਰ ਅਪਮਾਨਤ ਹੋਣਾ। ਉਸਨੇ ਫੈਸਲਾ ਕਰ ਲਿਆ ਉਹ ਮਦਦ ਕਰਨ ਵਾਲੇ ਕੋਲ ਨਾ ਸੁਆਲੀ ਬਣ ਕੇ ਜਾਵੇਗੀ ਤੇ ਨਾ ਭਿਖਾਰਨ ਬਣ ਕੇ ਬਲਕਿ ਉਹ ਇਕ ਚੁਣੌਤੀ ਬਣ ਕੇ ਉਸ ਤਾਕਤਵਰ ਦਾ ਈਮਾਨ ਪਰਖੇਗੀ। ਉਸ ਨੇ ਓਹੀ ਕੀਤਾ। ਭਾਵੇਂ ਉਸਦੇ ਕੱਪੜੇ ਲੀਰੋ-ਲੀਰ ਸਨ, ਭੁੱਖ ਨਾਲ ਉਹ ਨਿਢਾਲ ਸੀ, ਪਿਆਸ ਨਾਲ ਬੁੱਲ੍ਹਾਂ 'ਤੇ ਪਪੜੀਆਂ ਜੰਮੀਆਂ ਸਨ, ਫਿਰ ਵੀ ਉਸਦੇ ਹੁਸਨ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ।"

"ਆਪਣੇ ਰਾਜੇ ਨੂੰ ਜਾ ਕੇ ਕਹੋ ਕਿ ਇਕ ਬੇਸਹਾਰਾ ਔਰਤ ਦੀ ਅਜ਼ਮਤ ਦੀ ਹਿਫਾਜ਼ਤ ਕਰਨ ਲਈ ਕੀ ਕਰ ਸਕਦਾ ਹੈ। ਤੇ ਜਿਨ੍ਹਾਂ ਨੇ ਉਸਦੇ ਜਿਸਮ ਨੂੰ ਰੂੰ ਵਾਂਗ ਪਿੰਜਿਆ ਅਤੇ ਆਤਮਾ ਨੂੰ ਲਹੂ-ਲੁਹਾਨ ਕੀਤਾ, ਉਸਦੀ ਇੱਜ਼ਤ ਰੋਲ਼ੀ, ਕੀ ਉਨ੍ਹਾਂ ਨੂੰ ਕੋਈ ਸਜ਼ਾ ਦੇ ਸਕਦਾ ਹੈ? ਉਸਦੇ ਜਿਸਮ ਅਤੇ ਰੂਹ ਤੇ ਲੱਗੇ ਜ਼ਖ਼ਮਾਂ ਉੱਤੇ ਕੋਈ ਮਰਹਮ ਰੱਖ ਸਕਦਾ ਹੈ?"

"ਘੋੜਸਵਾਰ ਨੇ ਓਹੀ ਲਫਜ਼ ਜਿਵੇਂ ਦੇ ਤਿਵੇਂ ਆਪਣੇ ਰਾਜੇ ਨੂੰ ਜਾ ਸੁਣਾਏ। ਰਾਜੇ ਦੀ ਇਕੋ ਇਕ ਸੁਨੱਖੀ ਅੱਖ ਲਿਸ਼ਕ ਉੱਠੀ। ਉਸ ਦੇ ਹੁਸਨ ਦੇ ਕਸੀਦੇ ਸੁਣ ਕੇ ਤੇ ਉਸਦੀ ਅਣਖੀਲੀ ਆਵਾਜ਼ ਦੀ ਖਣਕ ਦਾ ਅੰਦਾਜ਼ਾ ਲਾਉਂਦਿਆਂ ਉਸ ਦੇ ਤਾਕਤਵਰ ਡੌਲੇ ਫਰਕ ਪਏ। ਉਹ ਜਾਣਦਾ ਸੀ ਕਿ ਜਿਸ ਔਰਤ ਦਾ ਘੋੜਸਵਾਰ ਜ਼ਿਕਰ ਕਰ ਰਿਹਾ ਸੀ, ਉਸ ਨਾਲ ਉਸਦੇ ਪੁਰਖਿਆਂ ਦੀ ਸਾਂਝ ਰਹੀ ਸੀ। ਉਸਦਾ ਜੋਸ਼ ਠਾਠਾਂ ਮਾਰਨ ਲੱਗਾ ਤਾਂ ਉਸਨੇ ਘੋੜੇ ਦੀ ਰਕਾਬ ਵਿਚ ਪੈਰ ਫਸਾ ਚਾਬੁਕ ਹਵਾ ਵਿਚ ਲਹਿਰਾਇਆ। ਘੋੜਾ ਹਵਾ ਨਾਲ ਗੱਲਾਂ ਕਰਨ ਲੱਗਾ ਤੇ ਪਿੱਛੇ-ਪਿੱਛੇ ਉਸਦਾ ਲਸ਼ਕਰ ਧੂੜ ਉਡਾਉਂਦਾ ਉਸੇ ਮਜ਼ਾਰ 'ਤੇ ਜਾ ਪੁੱਜਾ ਜਿਥੇ ਔਰਤ ਉਸੇ ਹਾਲਤ ਵਿਚ ਅਧਮਰੀ ਜਹੀ ਪਈ ਹੋਈ ਸੀ।"

"ਕੀ ਚਾਹੁੰਦੀ ਹੈਂ ਤੂੰ?" ਰਾਜੇ ਨੇ ਉਸਦੇ ਹੁਸਨ ਨੂੰ ਮਨ ਹੀ ਮਨ ਨਮਨ ਕਰਦੇ ਪੁੱਛਿਆ।

"ਮੈਂ ਭਿੱਖਿਆ ਨਹੀਂ ਇਨਸਾਫ਼ ਚਾਹੁੰਦੀ ਹਾਂ।" ਔਰਤ ਦੇ ਮੱਥੇ ਦਾ ਤੇਜ਼ ਚਮਕ ਉੱਠਿਆ।

"ਰਾਜੇ ਨੇ ਮਜ਼ਬੂਤੀ ਨਾਲ ਉਸਦੀ ਬਾਂਹ ਫੜ ਉਸ ਨੂੰ ਆਪਣੇ ਘੋੜੇ 'ਤੇ ਬਿਠਾ ਲਿਆ ਤੇ ਤੁਰੰਤ ਆਪਣੀ ਤਲਵਾਰ ਮਿਆਨ 'ਚੋਂ ਖਿੱਚ, ਘੋੜੇ ਦਾ ਮੂੰਹ ਉੱਧਰ ਵੱਲ ਮੋੜ ਦਿੱਤਾ ਜਿੱਧਰ ਵੱਲ ਔਰਤ ਨੇ ਇਸ਼ਾਰਾ ਕੀਤਾ। ਰਾਜੇ ਦੇ ਲਸ਼ਕਰ ਦੇ ਘੋੜਿਆਂ ਨੇ ਉਸ ਔਰਤ ਦੀ ਇੱਜ਼ਤ ਲੁੱਟਣ ਵਾਲਿਆਂ ਨੂੰ ਆਪਣੇ ਖੁਰਾਂ ਹੇਠ ਕੁਚਲ ਦਿੱਤਾ। ਔਰਤ ਸਭ ਕੁਝ ਵੇਖ ਰਹੀ ਸੀ। ਉਹ ਸੋਚ ਰਹੀ ਸੀ ਕਿ ਜੋ ਕੁਝ ਅੱਜ ਤਕ ਹੁੰਦਾ ਆਇਆ ਹੈ ਕੀ ਉਹ ਸਿਰਫ਼ ਇਸ ਲਈ ਕਿ ਉਸਦੀ ਸੁੰਦਰਤਾ 'ਤੇ ਮੋਹਿਤ ਹੋ ਕੇ ਇਹ ਤਾਕਤ ਦੇ ਨਸ਼ੇ ਵਿਚ ਚੂਰ ਪੁਰਸ਼ ਉਸਨੂੰ ਹਥਿਆਉਣ ਲਈ ਲਹੂ ਦੀਆਂ ਨਦੀਆਂ ਉਸਦੀ ਹੀ ਛਾਤੀ ਉੱਤੇ ਵਹਾਉਂਦੇ ਆਏ ਨੇ?"

"ਰਾਜੇ ਦੀ ਅੱਖ ਵਿਚ ਚਮਕ ਸੀ। ਉਸ ਦੇ ਸਿਰ 'ਤੇ ਬੱਝੀ ਦਸਤਾਰ ਦੇ ਸ਼ਮਲੇ ਨੇ ਔਰਤ ਦੇ ਨੰਗੇ ਚਿਹਰੇ ਨੂੰ ਘੁੰਡ ਵਿਚ ਕਜ ਲਿਆ।"

ਆਹਦ ਜੂ ਨੂੰ ਮੁੜ ਹੁੱਕੇ ਦੀ ਤਲਬ ਲੱਗੀ ਪਰ ਚਿਲਮ ਠੰਢੀ ਪੈ ਚੁੱਕੀ ਸੀ। ਉਸਨੇ ਮੁੜ



ਹੁੱਕਾ ਸੁਲਘਾਇਆ ਤੇ ਇਕ ਲੰਮਾ ਕਸ਼ ਖਿਚਿਆ। ਅਜਨਬੀ ਨੇ ਉਸਦੀ ਬੇਚੈਨੀ ਮਹਿਸੂਸ ਕੀਤੀ ਜਿਵੇਂ ਆਹਦ ਜੂ ਨੂੰ ਇਸ ਤੋਂ ਅੱਗੇ ਕਹਾਣੀ ਵਿਚ ਸੁਆਦ ਨਾ ਆ ਰਿਹਾ ਹੋਵੇ।

ਅਜਨਬੀ ਨੂੰ ਆਹਦ ਜੂ ਦੀ ਅਚਵੀ ਸਮਝ ਨਾ ਆਈ। ਉਹ ਆਪਣੀ ਹੀ ਰਉਂ ਵਿਚ ਬੋਲਿਆ, "ਕਮਾਲ ਹੈ... ਏਨੀ ਬਹਾਦੁਰ ਤੇ ਅਣਖੀ ਔਰਤ... ਪਰ ਫਿਰ ਵੀ ਉਸ ਨੂੰ ਕਦੀ ਕੋਈ ਉਸਦੀ ਮਰਜ਼ੀ ਤੋਂ ਬਿਨਾਂ ਉਸ 'ਤੇ ਕਬਜ਼ਾ ਜਮਾਉਂਦਾ ਰਿਹਾ ਤੇ ਕਦੀ ਉਸ ਆਪਣੀ ਮਰਜ਼ੀ ਨਾਲ ਕਿਸੇ ਨੂੰ ਆਪਣੇ ਉੱਤੇ ਕਬਜ਼ਾ ਜਮਾਉਣ ਦਾ ਹੱਕ ਦੇ ਦਿੱਤਾ। ਉਸਨੂੰ ਹਮੇਸ਼ਾ ਕਿਸੇ ਨਾ ਕਿਸੇ ਦੀ ਸ਼ਰਣ ਵਿਚ ਰਹਿਣ ਦੀ ਕੀ ਮਜਬੂਰੀ ਸੀ? ਕੀ ਉਹ ਆਪ ਸ਼ਾਸਕ ਨਹੀਂ ਸੀ ਬਣ ਸਕਦੀ? ਕੀ ਆਪਣਾ ਸਿੰਘਾਸਨ ਆਪ ਨਹੀਂ ਸੀ ਸੰਭਾਲ ਸਕਦੀ?"

ਅਜਨਬੀ ਦੇ ਪ੍ਰਸ਼ਨ ਸੁਣ ਆਹਦ ਜੂ ਲੰਬਾ ਕਸ਼ ਖਿੱਚ ਕੇ ਖੰਘਦਾ ਹੋਇਆ ਕੌੜਾ ਜਿਹਾ ਹੱਸਿਆ। "ਹਾਂ ਉਸਨੇ ਕੋਸ਼ਿਸ਼ ਕੀਤੀ ਸੀ ਜਦੋਂ ਉਹ ਅਜੇ ਹਿੰਦੂ ਰਾਜੇ ਦੀ ਧੀ ਸੀ ਤੇ ਦੁਸ਼ਮਣਾਂ ਨੇ ਉਸਦੇ ਰਾਜੇ ਪਿਓ ਨੂੰ ਸਾਜ਼ਿਸ਼ ਕਰਕੇ ਮਾਰ ਦਿੱਤਾ। ਉਹ ਰਾਜੇ ਦੀ ਇਕਲੌਤੀ ਵਾਰਸ ਹੋਣ ਕਰਕੇ ਸਿੰਘਾਸਨ ਦੀ ਹੱਕਦਾਰ ਬਣ ਗਈ ਸੀ। ਪਰ ਉਸਦੇ ਆਲੇ-ਦੁਆਲੇ ਏਨੇ ਸਾਜ਼ਿਸ਼ੀ ਜਾਲ ਬੁਣੇ ਗਏ ਕਿ ਮਜਬੂਰਨ ਉਸਨੂੰ ਆਪਣੇ ਪਿਤਾ ਦੇ ਕਾਤਲ ਨਾਲ ਵਿਆਹ ਰਚਾ ਕੇ ਉਸਦੀ ਰਾਣੀ ਬਣਨਾ ਸਵੀਕਾਰ ਕਰਨਾ ਪਿਆ। ਬਸ ਉਥੋਂ ਤੋਂ ਹੀ ਇਤਿਹਾਸ ਬਦਲ ਗਿਆ।"

ਅਜਨਬੀ ਨੂੰ ਅਜੇ ਵੀ ਆਪਣੇ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਸੀ ਮਿਲ ਰਿਹਾ। ਉਹ ਦਰਅਸਲ ਇਸ ਮਿੱਟੀ ਦੀ ਖਮੀਰ ਤੋਂ ਵਾਕਿਫ ਨਹੀਂ ਸੀ ਤੇ ਨਾ ਹੀ ਇੱਥੇ ਦੀਆਂ ਔਰਤਾਂ ਦੀ ਮਾਨਸਿਕਤਾ ਜਾਣਦਾ ਸੀ ਜੋ ਵੱਡੀਆਂ-ਵੱਡੀਆਂ ਜੰਗਾਂ ਵਿਚ ਤਲਵਾਰਬਾਜ਼ੀ ਦੇ ਜੌਹਰ ਵਿਖਾ ਕੇ ਵੱਡੇ ਤੋਂ ਵੱਡੇ ਦੁਸ਼ਮਨਾਂ ਨੂੰ ਹਰਾ ਸਕਦੀਆਂ ਹਨ ਪਰ ਭਾਵੁਕਤਾ ਦੇ ਪਲਾਂ ਵਿਚ ਨਰਮ ਨਾਜ਼ੁਕ ਵੇਲ ਬਣ ਆਪਣੇ ਮਹਿਬੂਬ ਦੀ ਵੱਖੀ ਨਾਲ ਲਿਪਟ ਜਾਣ ਲਈ ਵਿਆਕੁਲ ਹੋ ਕਮਜ਼ੋਰ ਪੈ ਸਕਦੀਆਂ ਹਨ। ਜੋ ਸਖ਼ਤ ਤੋਂ ਸਖ਼ਤ ਜਾਨ ਸੂਰਮੇ ਦਾ ਸੀਨਾ ਚੀਰ ਸਕਦੀਆਂ ਹਨ ਪਰ ਕਿਸੇ ਮਾਸੂਸ ਬੱਚੇ ਦੇ ਪੈਰ ਵਿਚ ਚੁਭਿਆ ਕੰਢਾ ਵੇਖ ਹੰਝੂ-ਹੰਝੂ ਹੋ ਜਾਂਦੀਆਂ ਹਨ।

"ਫਿਰ ਕੀ ਹੋਇਆ?" ਅਜਨਬੀ ਨੇ ਆਹਦ ਜੂ ਨੂੰ ਸੋਚਾਂ ਵਿਚ ਪਿਆ ਵੇਖ ਗੱਲ ਬਦਲਣ ਲਈ ਪੁੱਛਿਆ ਤਾਂ ਆਹਦ ਜੂ ਨੇ ਉਪਰਥਲੀ ਹੁੱਕੇ ਦੇ ਚਾਰ-ਪੰਜ ਕਸ਼ ਖਿੱਚੇ ਤੇ ਖੰਘਦੇ ਹੋਏ ਬੋਲਿਆ,

"ਉਨ੍ਹਾਂ ਦਿਨਾਂ 'ਚ ਦੁਨੀਆ ਬੜੀ ਤੇਜ਼ੀ ਨਾਲ ਬਦਲੀ। ਹਰ ਪਾਸੇ ਨਵੇਂ-ਨਵੇਂ ਲੋਕਾਂ ਦੀ ਆਮਦੋ-ਰਫਤ ਨੇ ਇਥੋਂ ਦੀ ਤਹਿਜ਼ੀਬ ਵਿਚ ਬੜੀ ਤਬਦੀਲੀ ਲੈ ਆਂਦੀ। ਹਰ ਰੰਗ, ਨਸਲ ਤੇ ਰੁਚੀਆਂ ਵਾਲੇ ਲੋਕ। ਇਕ ਅੱਖ ਵਾਲੇ ਪਗੜੀਧਾਰੀ ਦਲੇਰ ਰਾਜੇ ਦੇ ਹਰਮ ਵਿਚ ਭਾਵੇਂ ਹੋਰ ਵੀ ਰਾਣੀਆਂ ਸਨ ਪਰ ਇਹ ਖੂਬਸੂਰਤ ਰਾਣੀ ਉਸਦੀ ਖਾਸ ਤੌਰ ਉੱਤੇ ਮਨਜ਼ੂਰ ਨਜ਼ਰ ਮਹਿਬੂਬਾ ਸੀ, ਜਿਸਦੀ ਕੁੱਖੋਂ ਉਸਨੂੰ ਢਲਦੀ ਉਮਰ ਵਿਚ ਪੁੱਤਰ ਜੰਮਿਆਂ ਸੀ।"

"ਹਾਂ... ਤਾਂ ਹੀ ਤਾਂ ਆਖਦੇ ਹਨ ਕਿ ਮਰਦ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ।"

ਅਜਨਬੀ ਹੱਸਿਆ ਪਰ ਆਹਦ ਜੂ ਨਹੀਂ ਹੱਸ ਸਕਿਆ। ਸਗੋਂ ਗੰਭੀਰ ਉਦਾਸੀ ਨਾਲ ਬੋਲਿਆ, "ਉਸ ਰਾਜੇ ਦੇ ਆਪਣੇ ਹੀ ਵਿਸਪਾਤ੍ਰ ਦਰਬਾਰੀਆਂ 'ਚੋਂ ਦੋ ਵਜ਼ੀਰ ਭਰਾਵਾਂ ਨੇ ਧੋਖੇ ਨਾਲ ਰਾਜੇ ਨੂੰ ਮਰਵਾ ਦੇਣ ਦੇ ਨਾਲ-ਨਾਲ ਉਸਦਾ ਵੰਸ਼ ਹੀ ਮੁਕਾ ਦਿੱਤਾ।"

"ਉਫ... ਕੀ ਉਹ ਵੀ ਇਸ ਔਰਤ ਨੂੰ ਹੀ ਹਾਸਲ ਕਰਨਾ ਚਾਹੁੰਦੇ ਸਨ?"

"ਨਹੀਂ ਹਜ਼ਰਤ। ਪਹਿਲਾਂ ਵਾਲੇ ਸਾਰੇ ਲਾਲਚੀ ਰਾਜੇ ਤਾਂ ਆਪਣੀ ਜ਼ਾਤੀ ਲਾਲਚ ਕਰਕੇ ਕਤਲ ਕਰਦੇ ਤੇ ਰਾਣੀ ਨੂੰ ਹਾਸਲ ਕਰਦੇ ਰਹੇ ਪਰ ਇਨ੍ਹਾਂ ਦੋ ਪਹਾੜੀ ਵਜ਼ੀਰਾਂ ਨੇ ਰਾਣੀ ਨੂੰ ਆਪ

ਹਾਸਲ ਕਰਨ ਲਈ ਨਹੀਂ ਸਗੋਂ ਇਸ ਖੂਬਸੂਰਤ ਅਪਸਰਾ ਨੂੰ ਕਿਸੇ ਵਿਦੇਸ਼ੀ ਵਿਉਪਾਰੀ ਨੂੰ ਵੇਚਣ ਲਈ ਇਹ ਜ਼ੁਲਮ ਕਮਾਇਆ। ਉਨ੍ਹਾਂ ਨੇ ਉਸਦਾ ਦੁੱਧ ਪੀਂਦਾ ਬੱਚਾ ਵੀ ਉਸ ਤੋਂ ਖੋਹ ਕੇ ਉਸਨੂੰ ਇਕ ਖਾਸ ਰੰਗ ਦੇ ਵਿਦੇਸ਼ੀ ਵਿਉਪਾਰੀ ਨੂੰ ਵੇਚ ਦਿੱਤਾ ਜੋ ਕਿ ਇਥੋਂ ਦੇ ਬਾਦਸ਼ਾਹ ਬਣ ਗਏ। ਰਾਣੀ ਬਹੁਤ ਛਟਪਟਾਈ, ਰੋਈ ਪਰ ਉਸਨੂੰ ਕਿਸੇ ਆਜ਼ਾਦ ਨਾ ਕੀਤਾ ਸਗੋਂ ਜ਼ੰਜ਼ੀਰਾਂ ਵਿਚ ਜਕੜ ਇਕ ਨਿੱਕੀ ਜਿਹੀ ਕੋਠੜੀ ਵਿਚ ਕੈਦ ਕਰ ਦਿੱਤਾ। ਉਹ ਕੰਧਾਂ ਨਾਲ ਸਿਰ ਪਟਕਦੀ ਲਹੂ-ਲੁਹਾਨ ਹੁੰਦੀ ਰਹੀ।"

"ਕੀ ਉਸ ਕੋਲ ਭੱਜਣ ਦਾ ਕੋਈ ਰਾਹ ਨਹੀਂ ਸੀ ? ਉਸਦਾ ਕੋਈ ਮਦਦਗਾਰ ਜਾਂ ਹਮਦਰਦ ਨਹੀਂ ਸੀ ?"

"ਰਾਹ ਤਾਂ ਸਨ ਹਜ਼ਰਤ ਪਰ ਰਾਹਜ਼ਨ ਵੀ ਬਥੇਰੇ ਸਨ। ਮਦਦਗਾਰ ਜਾਂ ਹਮਦਰਦ ਤਾਂ ਕੋਈ ਨਹੀਂ ਸੀ, ਮੁਖ਼ਬਰ ਤੇ ਜਾਸੂਸ ਚਾਰੇ ਪਾਸੇ ਸਨ। ਬੜਾ ਲੰਮਾ ਸਮਾਂ ਉਸ ਵਿਚਾਰੀ ਨੇ ਬੰਦ ਕੋਠੜੀ ਵਿਚ ਕੈਦ ਕੱਟੀ। ਫਿਰ ਇਕ ਦਿਨ ਲੋਕਾਂ ਨੇ ਉਸ ਵਿਦੇਸ਼ੀ ਸ਼ਾਸਕ ਵਿਰੁੱਧ ਬਗਾਵਤ ਕਰ ਦਿੱਤੀ। ਲਹੂ ਦੀਆਂ ਨਦੀਆਂ ਡੁੱਲ੍ਹੀਆਂ। ਧਰਤ ਟੋਟੇ-ਟੋਟੇ ਹੋ ਗਈ ਤੇ ਅਖੀਰ ਲੋਕ ਉਸ ਵਿਦੇਸ਼ੀ ਰਾਜੇ ਨੂੰ ਇਥੋਂ ਭਜਾ ਕੇ ਉਸਦੇ ਅਤਿਆਚਾਰ ਤੋਂ ਮੁਕਤ ਹੋ ਗਏ।"

"ਰਾਣੀ ਵੀ ?"

"ਹਾਂ ਰਾਣੀ ਵੀ। ਰਾਣੀ ਨੂੰ ਆਜ਼ਾਦੀ ਦੀ ਜਿਵੇਂ ਹੀ ਖੁਸ਼ਖਬਰੀ ਮਿਲੀ ਉਸਨੇ ਦੋਵੇਂ ਹੱਥ ਉੱਪਰ ਅਸਮਾਨ ਵੱਲ ਚੁੱਕ ਰੱਬ ਦਾ ਸ਼ੁਕਰਾਨਾ ਅਦਾ ਕੀਤਾ। ਪਰ ਉਸਨੂੰ ਇਸ ਤਰ੍ਹਾਂ ਹੱਥ ਉੱਪਰ ਕਰਕੇ ਸ਼ੁਕਰਾਨਾ ਕਰਦੇ ਵੇਖ ਬਾਹਰ ਖੜੋਤੀ ਭੀੜ ਵਿਚ ਖੁਸਰ-ਫੁਸਰ ਹੋਣ ਲੱਗ ਪਈ। ਕੁਝ ਕਹਿਣ ਕਿ ਇਸਨੇ ਖੁੱਲ੍ਹੇ ਹੱਥ ਉਪਰ ਕਰ ਅੱਲ੍ਹਾ ਦੀ ਇਬਾਦਤ ਕੀਤੀ ਹੈ। ਇਸ ਕਰਕੇ ਉਸਨੂੰ ਮੁਸਲਮਾਨ ਤਸਲੀਮ ਕੀਤਾ ਜਾਵੇ। ਪਰ ਕੁਝ ਵਿਰੋਧ ਕਰਨ ਲੱਗੇ ਕਿ ਉਸਦੇ ਉਪਰ ਚੁੱਕੇ ਹੱਥ ਬੰਦ ਯਾਨੀ ਜੁੜੇ ਹੋਏ ਸਨ ਜੋ ਸਾਬਿਤ ਕਰਦੀ ਹੈ ਕਿ ਉਹ ਹਿੰਦੂਆਣੀ ਹੈ ਤੇ ਹੱਥ ਜੋੜ ਈਸ਼ਵਰ ਦਾ ਧੰਨਵਾਦ ਕਰ ਰਹੀ ਹੈ। ਉਹ ਅਜੇ ਕਾਲ ਕੋਠੜੀ ਵਿਚ ਹੀ ਸੀ ਕਿ ਬਾਹਰ ਉਸਦੇ ਹਿੰਦੂਆਣੀ ਅਤੇ ਮੁਸਲਮਾਨੀ ਹੋਣ ਦਾ ਦਾਅਵਾ ਕਰਨ ਵਾਲਿਆਂ ਵਿਚ ਝਗੜਾ ਫਸਾਦ ਸ਼ੁਰੂ ਹੋ ਗਿਆ।"

"ਤੇ ਪੱਗ ਬੰਨਣ ਵਾਲੇ ਰਾਜੇ ਦੇ ਅਨੁਯਾਈਆਂ ਦਾ ਕੋਈ ਦਾਅਵਾ ਨਹੀਂ ਸੀ ?"

"ਉਹ ਚੁੱਪ ਚੁਪੀਤੇ ਇਹ ਸਭ ਵੇਖ ਸ਼ਰਮਸਾਰ ਹੋ ਰਹੇ ਸਨ। ਸੱਚ ਤਾਂ ਇਹ ਸੀ ਕਿ ਰਾਣੀ ਨੇ ਉਸ ਬਹਾਦਰ, ਜਿਸਦੀ ਪੱਗ ਦੇ ਸ਼ਮਲੇ ਨੇ ਰਾਣੀ ਦਾ ਨੰਗਾ ਮੂੰਹ ਕਜਿਆ ਸੀ, ਉਸਦੇ ਪੁੱਤਰ ਨੂੰ ਵੀ ਜਨਮ ਦਿੱਤਾ ਸੀ ਪਰ ਫਿਰ ਵੀ ਉਹਨਾਂ ਦੀ ਆਵਾਜ਼ ਭੀੜ ਦੇ ਰੌਲੇ-ਰੱਪੇ ਵਿਚ ਦਬ ਕੇ ਰਹਿ ਗਈ ਸੀ।"

"ਕਿਉਂ ?"

"ਕਿਉਂਕਿ ਉਹ ਮੁੱਠੀ ਭਰ ਸਨ ਜਦ ਕਿ ਰੌਲਾ ਪਾਉਣ ਵਾਲੇ ਬਹੁਸੰਖਿਅਕਾਂ ਦਾ ਦਬਦਬਾ ਸੀ ਤੇ ਉਹ ਆਪਣੇ ਆਪ ਨੂੰ ਅਸਲ ਹੱਕਦਾਰ ਸਿੱਧ ਕਰਨ ਦੀ ਕੋਸ਼ਿਸ਼ ਵਿਚ ਬਾਹਾਂ ਉੱਚੀਆਂ ਕਰ ਕਰ ਕੇ ਨਾਅਰੇ ਮਾਰ ਰਹੇ ਸਨ ਤੇ ਇਕ ਦੂਜੇ ਨੂੰ ਲੁਟੇਰੇ ਤੇ ਝੂਠੇ ਕਹਿ ਰਹੇ ਸਨ। ਔਰਤ ਡੌਰ-ਭੌਰ, ਹੱਕੀ-ਬੱਕੀ ਹੋਈ ਨਿੱਕੀ ਜਹੀ ਕੋਠੜੀ ਵਿਚ ਘਿਰੀ ਅਜੇ ਵੀ ਰੋਸ਼ਨੀ ਦੀ ਕਿਸੇ ਕਿਰਨ ਦੀ ਤਾਂਘ ਕਰ ਰਹੀ ਸੀ ਪਰ ਰੋਸ਼ਨੀ ਤਾਂ ਉਗਰ ਭੀੜ ਨੇ ਡੱਕ ਰੱਖੀ ਹੋਈ ਸੀ। ਫਿਰ ਭੀੜ 'ਚੋਂ ਹੀ ਕਿਸੇ ਨੇ ਦਾਨਸ਼ਵਰਾਨਾ ਮਸ਼ਵਰਾ ਦਿੱਤਾ, 'ਇਸ ਔਰਤ ਤੋਂ ਹੀ ਪੁੱਛਦੇ ਹਾਂ ਕਿ ਇਸਦੀ ਸ਼ਨਾਖ਼ਤ ਕੀ ਹੈ ? ਹਿੰਦੂ ਜਾਂ ਮੁਸਲਮਾਨ ?'

"ਇਸਨੂੰ ਪੁੱਛਣ ਦੀ ਕੀ ਲੋੜ ਹੈ ? ਸਭ ਜਾਣਦੇ ਹਨ ਕਿ ਇਸਦਾ ਮੁੱਢਲਾ ਜੀਵਨ ਇਕ



ਹਿੰਦੂ ਰਾਜੇ ਦੇ ਘਰ ਵਿਚ ਜਮੀ-ਪਲੀ ਹੋਣ ਕਰਕੇ ਬ੍ਰਾਹਮਣ ਧਰਮ ਵਿਚ ਬੀਤਿਆ ਹੈ ਤੇ ਉਹ ਹਿੰਦੂ ਹੈ।"

"ਇਹ ਕਿਵੇਂ ਹੋ ਸਕਦਾ ਹੈ ? ਉਸਨੇ ਬੋਧੀ ਰਾਜੇ ਨਾਲ ਵਿਆਹ ਕਰਨ ਬਾਅਦ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ ਤੇ ਕਈ ਸੌ ਸਾਲਾਂ ਤਕ ਉਸਦੇ ਮੁਸਲਮਾਨ ਵੰਸ਼ਜ਼ ਰਾਜ ਕਰਦੇ ਰਹੇ ਹਨ। ਉਸਦਾ ਧਰਮ ਪਰਿਵਰਤਨ ਹੋ ਚੁੱਕਾ ਹੈ।"

"ਨਹੀਂ ਇਸਦਾ ਤਲਵਾਰ ਦੇ ਜ਼ੋਰ ਉੱਤੇ ਜ਼ਬਰਦਸਤੀ ਧਰਮ ਪਰਿਵਰਤਨ ਕੀਤਾ ਗਿਆ ਸੀ ਜੋ ਜ਼ੁਲਮ ਹੈ।"

"ਰਹੀ ਤਾਂ ਇਹ ਸਿੱਖ ਰਾਜੇ ਨਾਲ ਵੀ ਹੈ। ਉਸਦੀ ਸੰਤਾਨ ਵੀ ਪੈਦਾ ਕੀਤੀ ਹੈ ਇਸਨੇ। ਬੇਸ਼ੱਕ ਉਸ ਸੰਤਾਨ ਨੂੰ ਧੋਖੇ ਨਾਲ ਇਸ ਤੋਂ ਖੋਹ ਕੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ।" ਇਕ ਪੱਗੜੀਧਾਰੀ ਸਿੱਖ ਵੀ ਜੋਸ਼ ਵਿਚ ਆ ਕੇ ਬੋਲਿਆ ਪਰ ਉਸਦੀ ਆਵਾਜ਼ ਨੂੰ ਬਾਕੀ ਸ਼ੋਰ-ਸ਼ਰਾਬੇ ਨੇ ਨੱਪ ਕੇ ਰੱਖ ਦਿੱਤਾ। ਉਸਦੇ ਨਾਲ ਖੜੇ ਇਕ ਦੋ ਸਾਥੀਆਂ ਤੋਂ ਇਲਾਵਾ ਕੋਈ ਇਹ ਆਵਾਜ਼ ਸੁਣ ਹੀ ਨਾ ਸਕਿਆ।

"ਨਹੀਂ, ਨਹੀਂ, ਇਵੇਂ ਇਸਦਾ ਫੈਸਲਾ ਨਹੀਂ ਹੋਵੇਗਾ। ਸਾਨੂੰ ਇਸਦੀ ਘਰ ਵਾਪਸੀ ਚਾਹੀਦੀ ਹੈ।" ਇਕ ਤਿਲਕਧਾਰੀ ਬਾਹਾਂ ਹਿਲਾਂਦਾ ਬੋਲਿਆ।

"ਘਰ ਵਾਪਸੀ ਮਤਲਬ ?"

"ਮਤਲਬ ਪਹਿਲੇ ਧਰਮ ਵਿਚ ਇਸਦੀ ਵਾਪਸੀ। ਮੁੱਢਲਾ ਧਰਮ। ਹਿੰਦੂ ਧਰਮ।"

"ਇਹ ਨਾਮੁਮਕਿਨ ਹੈ। ਇਹ ਸ਼ਰਈ ਨਿਯਮਾਂ ਅਨੁਸਾਰ ਇਸਲਾਮ ਦੇ ਦਾਇਰੇ ਵਿਚ ਆਈ ਹੋਈ ਹੈ। ਇਸਨੇ ਸੂਫ਼ੀ ਕਲਾਮ ਤੇ ਪਾਕ ਕਲਮੇ ਆਇਤਾਂ ਪੜ੍ਹ ਕੇ ਆਪਣੇ ਮੁਸਲਮਾਨ ਵੰਸ਼ਜ਼ਾਂ ਨੂੰ ਰਾਜ ਕਰਦੇ ਵੇਖਿਆ ਹੈ। ਇਸਦਾ ਇਹ ਰੂਪ ਮੁਸਲਮਾਨ ਬਣਨ ਕਰਕੇ ਹੀ ਨਿਖਰਿਆ ਤੇ ਸੰਵਰਿਆ ਹੈ। ਇਹ ਬੇਰੌਣਕ ਚਿਹਰਾ ਸੀ।"

"ਅਸੀਂ ਆਪਣਾ ਹੱਕ ਲੈ ਕੇ ਰਹਾਂਗੇ।" ਤ੍ਰਿਸ਼ੂਲ ਤਿਲਮਿਲਾਏ।

"ਅਸੀਂ ਆਪਣਾ ਹੱਕ ਹਰਗਿਜ਼ ਨਹੀਂ ਛੱਡਾਂਗੇ।" ਬੰਦੂਕਾਂ ਲਹਿਰਾਈਆਂ।

"ਕੀ ਸਾਡਾ ਕੋਈ ਹੱਕ ਨਹੀਂ ?" ਪੱਗ ਵਾਲੇ ਨੇ ਆਪਣੇ ਸਾਥੀ ਨੂੰ ਪੁੱਛਿਆ ਤਾਂ ਉਹ ਅੱਗੋਂ ਨਿਮੋਝੂਣ ਜਿਹਾ ਹੋਇਆ ਰੋਣਹਾਕੀ ਆਵਾਜ਼ ਵਿਚ ਬੋਲਿਆ, "ਪਤਾ ਨਹੀਂ।"

"ਅਚਾਨਕ ਤ੍ਰਿਸ਼ੂਲ ਤੇ ਬੰਦੂਕਾਂ ਭਿੜ ਗਈਆਂ। ਚੀਕ-ਚਿਹਾੜਾ, ਸ਼ੋਰ, ਹਾਇ-ਵਾਇ... ਹਰ ਹਰ ਮਹਾਂਦੇਵ... ਅੱਲ੍ਹਾ ਹੂ ਅਕਬਰ... ਠਾਹ ਠਾਹ...। ਮਾਰੋ... ਮਾਰੋ... ਮਰ ਗਿਆ... ਕਿੰਨੇ ਮਰੇ ? ਬੇਸ਼ੁਮਾਰ... ਬੇਅੰਤ... ਕੌਣ ਮਰੇ... ਪਤਾ ਨਹੀਂ ਚਲ ਰਿਹਾ, ਬਸ ਲਹੂ ਹੀ ਲਹੂ ਹੈ... ਲਾਸ਼ਾਂ ਲਹੂ ਵਿਚ ਤਰ ਰਹੀਆਂ ਹਨ। ਪਹਿਚਾਣ ਕਰਨੀ ਔਖੀ ਹੈ... ਤੇ ਫਿਰ ਖਾਮੋਸ਼ੀ, ਮੌਤ ਵਰਗਾ ਸੱਨਾਟਾ।"

"ਨਿੱਕੀ ਜਹੀ ਕੋਠੜੀ ਵਿਚ ਕੈਦ ਔਰਤ ਦੀਵਾਰਾਂ ਨਾਲ ਸਿਰ ਪਟਕ-ਪਟਕ ਲਹੂ-ਲੁਹਾਨ ਹੋਈ ਢਹਿ ਪਈ...।" ਹਾਉਸਬੋਟ ਦੇ ਉਸ ਕਮਰੇ ਅੰਦਰ ਵੀ ਕਿਵੇਂ ਮੌਤ ਵਰਗੀ ਖਾਮੋਸ਼ੀ ਛਾ ਗਈ। ਆਹਦ ਜੂ ਕੰਬ ਰਿਹਾ ਸੀ।

"ਤੂੰ ਉਸ ਔਰਤ ਦਾ ਨਾਂ ਨਹੀਂ ਦੱਸਿਆ ?" ਕਿੰਨੀ ਦੇਰ ਬਾਦ ਸਿਗਰੇਟ ਦੇ ਕਸ਼ ਲੈਂਦੇ ਅਜਨਬੀ ਨੇ ਖਿੜਕੀ 'ਚੋਂ ਹਨੇਰੇ ਵਿਚ ਡੁੱਬੀ ਝੀਲ ਦੇ ਕਾਲੇ ਪਾਣੀਆਂ ਦੀ ਸ਼ਾਂਤ ਬੇਚੈਨੀ ਨੂੰ ਮਹਿਸੂਸ ਕਰਦਿਆਂ ਸੁਆਲ ਕੀਤਾ ਤਾਂ ਆਹਦ ਜੂ ਦੇ ਭਰੇ ਗਲ਼ੇ 'ਚੋਂ ਹੌਕਾ ਨਿਕਲ ਗਿਆ।

"ਅਨਾਰਕਲੀ।"

"ਅਨਾਰਕਲੀ ?" ਅਜਨਬੀ ਚੌਂਕਿਆ।

"ਹਾਂ ਹਜ਼ਰਤ ਅਨਾਰਕਲੀ। ਅਕਬਰ ਜਿਸਨੂੰ ਜੀਣ ਨਹੀਂ ਦੇ ਰਿਹਾ ਤੇ ਸਲੀਮ ਮਰਨ ਨਹੀਂ ਦੇ ਰਿਹਾ...।"

ਡੌਰ-ਭੌਰ ਜਹੇ ਅਜਨਬੀ ਨੇ ਹੈਰਾਨੀ ਨਾਲ ਆਹਦ ਜੂ ਵੱਲ ਵੇਖਿਆ। ਜਿਵੇਂ ਉਹ ਕੋਈ ਇਨਸਾਨ ਨਾ ਹੋ ਕੇ ਕੋਈ ਖੰਡਰ ਹੋਵੇ। ਸਦੀਆਂ ਪੁਰਾਣਾ ਨੇਸਤੋ ਨਾਬੂਦ ਹੋਇਆ ਖੰਡਰ ਜਿਸ ਦੀ ਇਕ-ਇਕ ਇੱਟ ਆਪਣੇ ਉਜੜੇ ਵਜੂਦ ਦੀ ਦਾਸਤਾਨ ਸੁਣਾ ਰਹੀ ਹੋਵੇ। ਅਜਨਬੀ ਨੂੰ ਹਨੇਰੇ ਵਿਚ ਡੁੱਬੀ ਝੀਲ ਦੇ ਕਾਲੇ ਪਾਣੀਆਂ ਦੇ ਸਾਏ ਆਹਦ ਜੂ ਦੇ ਚਿਹਰੇ ਉੱਤੇ ਫੈਲੇ ਪ੍ਰਤੱਖ ਨਜ਼ਰ ਆ ਰਹੇ ਸਨ। ਉਸਨੂੰ ਇਹ ਸਭ ਮਾਹੌਲ ਕਿਸੇ ਜਾਦੂ-ਟੂਣੇ ਨਾਲ ਗ੍ਰਸਿਆ ਅਭਿਸ਼ਾਪਿਤ ਜਿਹਾ ਨਜ਼ਰ ਆ ਰਿਹਾ ਸੀ ਤੇ ਸ਼ਾਇਦ ਉਸੇ ਅਭਿਸ਼ਾਪ ਦਾ ਮਾਰਿਆ ਆਹਦ ਜੂ ਅਜੇ ਵੀ ਦੀਵਾਨਿਆਂ ਵਾਂਗ ਬੁੜਬੁੜਾ ਰਿਹਾ ਸੀ "ਅ... ਨਾ... ਰ... ਕਲੀ....।"

**ਮੋਬਾ: 096220-06304**

-o-

**ਪੰਨਾ ਨੰ. 118 ਦਾ ਬਾਕੀ**

ਏਥੇ ਇਕ ਗੱਲ ਸੋਚਣ ਵਾਲੀ ਏ ਕਿ 'ਕਾਲੇ ਦਿਨਾਂ' 'ਚ ਜਿਹੜਾ ਕਥਾ ਸਾਹਿਤ ਰਚਿਆ ਗਿਆ, ਉਹਦੇ ਵਿਚੋਂ ਜਿਹੜਾ ਸਿੱਖ ਲੇਖਕਾਂ ਵੱਲੋਂ ਰਚਿਆ ਗਿਆ, ਉਹਦੇ ਵਿਚੋਂ ਸਿੱਖ ਮਾਨਸਿਕਤਾ ਤੇ ਹਿੰਦੂ ਲੇਖਕਾਂ ਵੱਲੋਂ ਰਚੇ ਗਏ ਵਿਚੋਂ ਹਿੰਦੂ ਮਾਨਸਿਕਤਾ ਲੁਕੀ ਹੋਈ ਦਿੱਸਦੀ ਏ। ਭਾਵੇਂ ਉਹਦਾ ਦ੍ਰਿਸ਼ਟੀਕੋਣ ਵਿਸ਼ਾਲ ਈ ਕਿਉਂ ਨਾ ਹੋਵੇ। ਏਸੇ ਤਰ੍ਹਾਂ ਦੀ ਮਾਨਸਿਕਤਾ ਆਲੋਚਕਾਂ ਦੀ ਤੇ ਪਾਠਕਾਂ ਦੀ ਵੀ ਹੋ ਸਕਦੀ ਏ ?... ਜ਼ਰੂਰ ਹੋਵੇਗੀ, ਪਰ ਇਹ ਗੱਲ ਸਾਰੇ ਪੰਜਾਬੀ ਸਾਹਿਤ 'ਤੇ ਲਾਗੂ ਨਹੀਂ ਕੀਤੀ ਜਾ ਸਕਦੀ ? ਸਾਰੇ ਰਚਨਾਕਾਰਾਂ ਦੀ ਸੋਚ ਏਨੀ ਕੁ ਸੀਮਾ 'ਚ ਬੱਝੀ ਨਹੀਂ ਹੋ ਸਕਦੀ। ਹਰੇਕ ਰਚਨਾਕਾਰ ਦੀ ਸੋਚ ਜਾਂ ਵਿਚਾਰਧਾਰਾ ਦੀਆਂ ਬੁਨਿਆਦਾਂ ਤੇ ਸੀਮਾਵਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਹਰੇਕ ਲੇਖਕ ਦਾ ਆਪਣਾ-ਆਪਣਾ ਅਵਚੇਤਨ, ਚਿੰਤਨ ਤੇ ਦ੍ਰਿਸ਼ਟੀਕੋਣ ਦਾ ਫੈਲਾਅ ਹੁੰਦਾ ਏ। ਜੇ ਇੰਜ ਨਾ ਹੋਵੇ ਤਾਂ ਪੰਜਾਬੀ ਸਾਹਿਤ ਇਕ ਵਿਸ਼ੇਸ਼ ਸਮੇਂ ਅਤੇ ਸੋਚ ਦੀ ਸੀਮਾ ਕਰ ਕੇ ਪੰਜਾਬੀ ਪਾਠਕਾਂ ਤਕ ਹੀ ਰਹਿ ਜਾਵੇ। ਉਹ ਸਾਰੇ ਭਾਰਤ 'ਚ ਨਾ ਫੈਲ ਸਕੇ, ਕੌਮਾਂਤਰੀ ਪੱਧਰ 'ਤੇ ਵਿਚਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।... ਮੇਰਾ ਖਿਆਲ ਏ ਕਿ ਰਚਨਾਕਾਰਾਂ ਦੀ ਸਮਰਥਾ ਦੀ ਸੀਮਾ ਵੀ ਹੁੰਦੀ ਏ ਤੇ ਉਹ ਅਸੀਮ ਵੀ ਹੋ ਸਕਦੀ ਏ।

ਮੇਰਾ ਖਿਆਲ ਏ ਕਿ ਅਜਿਹਾ ਸਾਹਿਤ ਭਾਵੇਂ ਉਹ ਕਿਸੇ ਵੀ ਰੂਪ 'ਚ ਹੋਵੇ, ਇਕ ਥਾਂ ਇਕੱਠਾ ਕੀਤਾ ਜਾਣਾ ਚਾਹੀਦਾ ਏ। ਕਿਉਂਕਿ ਇਹ ਸਾਡੇ ਸਾਂਸਕ੍ਰਿਤਕ ਵਿਰਸੇ ਦੇ ਅਜਿਹੇ ਦਸਤਾਵੇਜ਼ ਸਿੱਧ ਹੋਣਗੇ, ਜਿਹੜੇ ਇਤਿਹਾਸ ਤੇ ਸਾਂਸਕ੍ਰਿਤਕ ਵਿਰਸੇ ਦੇ ਖੋਜੀਆਂ ਨੂੰ ਲੱਭਣੇ ਪੈਣੇ ਨੇ।

**ਮੋ: 94632-20319**



# ਝਨਾਂ ਦੀਆਂ ਛੱਲਾਂ/ਅਜਮੇਰ ਸਿੱਧੂ

ਫ਼ਾਇਰ ਪਲੇਸ ਦੀ ਅੱਗ ਲਟ ਲਟ ਬਲਣ ਲੱਗ ਪਈ ਏ। ਲੱਕੜਾਂ ਦੇ ਸੁਰਖ਼ ਹੁੰਦੇ ਸਾਰ ਲਿਵਿੰਗ ਰੂਮ ਤਪਣ ਲੱਗ ਪਿਆ।

" ਕੁੜੇ ਆਹ ਅੰਗੀਠੀ ਕਿਨ੍ਹੇ ਬਾਲ਼ੀ ਆ ?"

ਮੰਮੀ ਦੀ ਅਵਾਜ਼ ਲੱਗ ਰਹੀ ਐ ਪਰ ਉਹ ਤਾਂ ਜੌਬ ਤੇ ਨੇ। ਮੇਰੇ ਮੰਮੀ ਹੀ ਫ਼ਾਇਰ ਪਲੇਸ ਨੂੰ ਅੰਗੀਠੀ ਬੋਲਦੇ ਨੇ। ਉਹ ਇਸ ਨੂੰ ਆਨ ਨਹੀਂ ਕਰਨ ਦਿੰਦੇ। ਮੇਰੇ ਡਾਕਟਰਾਂ ਨੇ ਸ਼ਾਇਦ ਮਨ੍ਹਾਂ ਕੀਤਾ ਹੋਇਆ। ਮੈਂ ਸਵਿੱਚ ਆਫ਼ ਕਰਨ ਉੱਠਦੀ ਹਾਂ। ਉਹ ਸ਼ਿਟ! ਇਹ ਤਾਂ ਪਹਿਲਾਂ ਹੀ ਆਫ਼ ਏ। ਮੈਂ ਏ ਸੀ ਆਨ ਕੀਤਾਮੈਂ ਡਰ ਗਈ ਸੀ, ਕਿਤੇ ਖ਼ੁਦ ਹੀ ਨਾ ਬਲਣ ਲੱਗ ਪਵਾਂ ?

ਮੈਂ ਸੋਫ਼ੇ ਤੋਂ ਉੱਠ ਕੇ ਕੁਰਸੀ ਤੇ ਬੈਠ ਗਈ ਹਾਂ। ਟੇਬਲ ਉੱਤੇ ਪਏ ਅਖ਼ਬਾਰਾਂ -ਰਸਾਲੇ ਫ਼ਰੋਲ ਮਾਰੇ ਹਨ। ਮੇਰਾ ਮਨ ਘਰ ਵਿਚ ਉੱਕਾ ਹੀ ਨਹੀਂ ਲੱਗ ਰਿਹਾ। ਏ ਸੀ ਚੱਲਣ ਦੇ ਬਾਵਜੂਦ ਸਰੀਰ ਸੇਕ ਮਾਰ ਰਿਹਾ। ਮੈਂ ਫ਼ਾਇਰ ਪਲੇਸ ਤੋਂ ਧਿਆਨ ਤੋੜਿਆ ਏ। ਲੈਪਟਾਪ ਆਨ ਕੀਤਾ ਏ। ਪਹਿਲੀ ਈਮੇਲ ਰੌਬੀ ਦੀ ਏ। ਮੈਂ ਕਾਹਲੀ ਨਾਲ ਕਲਿੱਕ ਕਰ ਕੇ ਉਸਦੀ ਈਮੇਲ ਖੋਲ੍ਹਦੇ ਮਨ ਹੀ ਮਨ ਮੁਸਕਰਾ ਕੇ ਕਹਿੰਦੀ ਹਾਂ -ਦਿਲ ਨੂੰ ਦਿਲ ਦੀ ਰਾਹ ਹੁੰਦੀ ਏ, ਆਹ ਤਾਂ ਹੀ ਝੱਲਾ ਮਨ ਉਤਾਵਲਾ ਹੋ ਰਿਹਾ ਸੀ। ਮੈਂ ਸਾਹ ਰੋਕ ਕੇ ਈਮੇਲ ਪੜ੍ਹਨੀ ਸ਼ੁਰੂ ਕੀਤੀ ਐ:

ਡੀਅਰ ਗੁਰਵਿੰਦਰ,

ਨਿੱਘੀਆਂ ਯਾਦਾਂ!

ਮੇਰਾ ਮਨ ਬਹੁਤ ਉਦਾਸ ਹੈ। ਜਦੋਂ ਤੋਂ ਤੁਸੀਂ ਫ਼ੋਨ ਤੇ ਦੱਸਿਆ ਹੈ ਕਿ ਆਪਣੀ ਪਟੀਸ਼ਨ ਤੇ 'ਏਜ ਗੈਪ' ਦਾ ਇਕ ਹੋਰ ਆਬਜੈਕਸ਼ਨ ਲੱਗ ਗਿਆ ਹੈ, ਕੁਝ ਵੀ ਚੰਗਾ ਨਹੀਂ ਲੱਗ ਰਿਹਾ। ਇਹ ਆਬਜੈਕਸ਼ਨ ਮੇਰੀ ਉਮਰ ਦਾ ਤੁਹਾਡੀ ਉਮਰ ਨਾਲੋਂ ਘੱਟ ਹੋਣਾ ਹੀ ਹੈ। ਉਨ੍ਹਾਂ ਨੂੰ ਆਪਣੇ ਵਿਆਹ ਦੇ ਜਾਅਲੀ ਹੋਣ ਦਾ ਸ਼ੱਕ ਹੈ। ਜਿੰਨੀ ਜਲਦੀ ਹੋ ਸਕੇ, ਵਕੀਲ ਨੂੰ ਦਿਖਾ ਕੇ ਇਸਦਾ ਕੋਈ ਹੱਲ ਲੱਭੋ। ਮੇਰੀ ਸੋਚ ਦੀ ਸੂਈ ਤਾਂ ਹਰ ਪਲ ਇਸ 'ਏਜ ਗੈਪ' ਸ਼ਬਦ ਤੇ ਹੀ ਅਟਕ ਗਈ ਹੈ। ਤੁਹਾਡੇ ਬਿਨ੍ਹਾਂ ਜੀਊਣ ਨੂੰ ਦਿਲ ਨਹੀਂ ਕਰਦਾ। ਮੇਰੇ ਮਨ ਨੂੰ ਤਾਂ ਤੁਹਾਡੇ ਜਾਣ ਬਾਅਦ ਓਦਾਂ ਵੀ ਕੁਝ ਚੰਗਾ ਨਹੀਂ ਸੀ ਲੱਗਦਾ। ਮੈਨੂੰ ਪਤਾ ਤੁਸੀਂ ਵੀ ਪਰੇਸ਼ਾਨ ਹੋ ਪਰ ਸੱਚ ਜਾਣੋਂ ਮੇਰੀ ਹਾਲਤ ਤਾਂ ਪਾਣੀਓਂ ਪਤਲੀ ਹੋ ਗਈ ਹੈ। ਦੋਸਤ-ਮਿੱਤਰ ਵੀ ਛੇੜਦੇ ਰਹਿੰਦੇ ਹਨ ਕਿਹੜੀਆਂ ਗੱਲਾਂ ਦਾ ਗ਼ਮ ਖਾ ਗਿਆ, ਸੁੱਕ ਕੇ ਤਵੀਤ ਹੋ ਗਿਆ। ਸੱਚ ਤਾਂ ਇਹੋ ਈ ਆ ਬਈ 'ਬੁੱਤ ਮੇਰਾ ਏਥੇ ਦਿਸਦਾ ਰੂਹ ਸੱਜਣਾਂ ਦੇ ਡੇਰੇ 'ਤੇ। ਜਿਵੇਂ ਨਾ ਕਿਵੇਂ ਇਸਦਾ ਹੱਲ ਜ਼ਰੂਰ ਲੱਭਣਾ।

ਇੰਤਜ਼ਾਰ ਰਹੇਗਾ।

ਤੇਰਾ ਆਪਣਾ,

ਰੌਬੀ।

ਮੈਂ ਪਰਸੋਂ ਫ਼ੋਨ ਤੇ ਵੀ ਜਦ ਇਹੋ ਗੱਲ ਦੱਸੀ ਸੀ ਤਾਂ ਉਸ ਦੀ ਅਵਾਜ਼ ਭਾਰੀ ਹੋ ਗਈ ਸੀ। ਵਿਆਹ ਹੋਏ ਨੂੰ ਵੀ ਤਾਂ ਤਿੰਨ ਸਾਲ ਹੋ ਗਏ ਹਨ। ਮੈਂ ਯਾਹੂ ਲਾਗ ਆਊਟ ਕਰਕੇ ਪੇਂਟ ਵਾਲਾ ਆਈਕਨ ਕਲਿੱਕ ਕੀਤਾ ਏ। ਮੈਂ ਫ਼ਾਇਰ ਪਲੇਸ ਵਿਚ ਬਲ਼ ਰਹੀਆਂ ਲੱਕੜਾਂ ਦੀਆਂ ਲਪਟਾਂ ਤੋਂ ਬਚਣਾ ਚਾਹੁੰਦੀ ਹਾਂ। ਮੇਰੀਆਂ ਉਂਗਲਾਂ ਕਰਸਰ ਨੂੰ ਇੱਧਰ ਓਧਰ ਘੁਮਾ ਤੇਜ਼ੀ ਨਾਲ ਬੁਰਸ਼ ਨੂੰ ਚਲਾ ਰਹੀਆਂ ਹਨ। ਮੈਨੂੰ ਸਮਝ ਨਹੀਂ ਆ ਰਹੀ ਕਿ ਮੇਰਾ ਧਿਆਨ ਪੇਂਟਿੰਗ ਬਣਾਉਣ ਵਿਚ ਹੈ ਜਾਂ ਫ਼ਾਇਰ ਪਲੇਸ ਵਿਚ। ਅੰਗੀਠੀ ਵਿਚ ਅੱਗ ਬਲ਼ ਰਹੀ ਹੈ। ਮੈਂ ਉੱਤੇ ਬੈਠੀ ਹੋਈ ਹਾਂ। ਮੇਰਾ ਮਾਸ

ਨਿੱਚੁੜ- ਨਿੱਚੁੜ ਕੇ ਅੰਗੀਠੀ ਵਿਚ ਵਗੀ ਜਾ ਰਿਹਾ।

ਓਹ ਮਾਈ ਗਾਡ ! ਆਹ ਮੇਰੀ ਪੇਂਟਿੰਗ ਦਾ ਕੀ ਬਣ ਗਿਆ ? ਰੰਗ ਖਿੱਲਰ ਗਏ ਹਨ। ਵਾਲਾਂ ਦਾ ਝਾਟਾ ਬਣ ਗਿਐ। ਪੇਂਟਿੰਗ ਦਾ ਤਾਂ ਪਤਾ ਨਹੀਂ ਇਹ ਮੇਰੀ ਹੈ ਜਾਂ ਪਰ ਉਸ ਦਿਨ ਮੈਨੂੰ ਕੀ ਹੋਇਆ ਸੀ ? ਫ਼ਾਇਰ ਪਲੇਸ ਵੱਲ ਦੇਖ ਹੀ ਰਹੀ ਸੀ ਕਿ ਮੇਰਾ ਤਨ ਤਪਣ ਲੱਗ ਪਿਆ ਸੀ। ਮਨ ਕਾਹਲਾ ਪੈਣ ਲੱਗ ਗਿਆ ਸੀ। ਸਿਰ ਵਿਚ ਬੱਦਲਾਂ ਦੀ ਗਰਜ਼ ਵਾਂਗ ਪਟਾਕੇ ਵੱਜਣ ਲੱਗ ਪਏ ਸਨ। ਰਿਚਰਡ ਦੰਦੀਆਂ ਕੱਢ ਰਿਹਾ ਸੀ। ਮਾਈਕ ਮੇਰੀਆਂ ਅੱਖਾਂ ਮੂਹਰੇ ਮੁਸਕਰਾਉਣ ਲੱਗ ਪਿਆ ਸੀ। ਮੈਨੂੰ ਨਮੋਸ਼ੀ ਮਾਰ ਗਈ। ਕੰਨਾਂ ਵਿਚੋਂ ਧੂੰਆਂ ਨਿੱਕਲਿਆ ਸੀ। ਮੇਰੇ ਅੰਦਰੋਂ ਅਵਾਜ਼ਾਂ ਨਿੱਕਲਣ ਲੱਗ ਪਈਆਂ ਸਨ। ਮੰਮੀ ਮੈਨੂੰ ਸੰਭਾਲਣ ਲੱਗ ਪਈ ਸੀ। ਮੇਰੀਆਂ ਅਵਾਜ਼ਾਂ ਉੱਚੀਆਂ ਹੋ ਗਈਆਂ ਸਨ। ਮੈਂ ਬੇ ਕਾਬੂ ਹੋ ਗਈ ਸੀ। ਮੰਮੀ ਐਂਬੂਲੈਂਸ ਨੂੰ ਫ਼ੋਨ ਕਰਨ ਲੱਗ ਪਈ ਸੀ। ਮੈਂ ਡੋਰ ਖੋਲ੍ਹ ਕੇ ਬਾਹਰ ਵੱਲ ਨੂੰ ਦੌੜ ਪਈ। ਮੰਮੀ ਮੇਰੇ ਮਗਰੇ ਭੱਜੀ ਸੀ। ਫਿਰ ਕੀ ਹੋਇਆ ? ਮੈਨੂੰ ਕੁਝ ਯਾਦ ਨਹੀਂ। ਅਮਨ ਜਾਂ ਮੰਮੀ ਨੂੰ ਪਤਾ ? ਮੰਮੀ ਇਹ ਘਟਨਾ ਇਉਂ ਸੁਣਾਉਂਦੀ ਹੈ:

"ਤੂੰ ਇੰਟਰਸੈਕਸ਼ਨ ਦੇ ਵਿਚਕਾਰ ਚੌਫ਼ਾਲ ਲਿਟ ਗਈ ਸੀ। ਮੈਂ ਗੱਡੀਆਂ ਵਾਲਿਆਂ ਨੂੰ ਹੱਥ ਦੇ-ਦੇ ਕੇ ਰੋਕ ਰਹੀ ਸੀ। ਤੇਰੇ ਅੰਦਰੋਂ ਓਪਰੀਆਂ ਅਵਾਜ਼ਾਂ ਨਿੱਕਲ ਰਹੀਆਂ ਸਨ। ਡਰਾਉਣੀਆਂ ਅਵਾਜ਼ਾਂ ਸੁਣ ਲੋਕ ਦਹਿਲ ਗਏ ਸਨ। ਤੂੰ ਵਾਲ਼ਾਂ ਨੂੰ ਪਟਕਾ-ਪਟਕਾ ਕੇ ਸੜਕ ਤੇ ਮਾਰ ਰਹੀ ਸੀ। ਫਿਰ ਬੇਟਾ ਤੂੰ ਸ਼ਰੇ ਬਜ਼ਾਰ ਕੱਪੜੇ ਲਾਹੁਣ ਲੱਗ ਪਈ। ਮੈਂ ਬਥੇਰਾ ਰੋਕਿਆ ਪਰ ਤੂੰ ਨਾ ਟਲੀ। ਜਦੋਂ ਤੇਰੇ ਤਨ ਤੇ ਸਿਰਫ਼ ਦੋ ਕੱਪੜੇ ਹੀ ਰਹਿ ਗਏ। ਪੁਲਿਸ ਅਤੇ ਐਂਬੂਲੈਂਸ ਦੇ ਸਾਇਰਨ ਸੁਣਨ ਲੱਗ ਪਏ ਸਨ। ਮੇਰੇ ਸਾਹ ਵਿਚ ਸਾਹ ਆਇਆ। ਇਸ ਤੋਂ ਪਹਿਲਾਂ ਕਿ ਤੂੰ ਬਚੇ ਕੱਪੜੇ ਲਾਹੁੰਦੀਂ ਐਂਬੂਲੈਂਟਰੀ ਨਰਸਾਂ ਅਤੇ ਪੁਲੀਸ ਵਾਲਿਆਂ ਨੇ ਤੇਰੇ ਦੁਆਲੇ ਘੇਰਾ ਪਾ ਲਿਆ। ਤੂੰ ਉਸੇ ਵੇਲ਼ੇ ਬੇਹੋਸ਼ ਹੋ ਗਈ ਸੀ।"

ਮੈਂ ਘਰ ਵਿਚ ਹਰ ਰੂਮ ਦੇ ਕਾਰਨਰ ਵਿਚ ਵੱਡੀ ਤੇ ਮੋਟੀ ਰੰਗਦਾਰ ਕੈਂਡਲ ਰੱਖੀ ਹੋਈ ਹੈ। ਆਪਣੇ ਆਪ ਨੂੰ ਸ਼ਾਂਤ ਕਰਨ ਲਈ ਮੈਂ ਇਨ੍ਹਾਂ ਨੂੰ ਬਾਲ਼ ਲੈਂਦੀ ਹਾਂ। ਜਿਵੇਂ ਬਾਪੂ ਜੀ ਵੀਰਵਾਰ ਵਾਲੇ ਦਿਨ ਖ਼ੁਆਜੇ ਪੀਰ ਦਾ ਦਲੀਆ ਦੇਣ ਵੇਲੇ ਦੀਵਾ ਬਾਲ਼ਦੇ ਹੁੰਦੇ ਸੀ। ਉਹ ਥੜ੍ਹੇ ਤੇ ਚਿਰਾਗ਼ ਕਰਨ ਵੇਲੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਨਾਲ ਲੈ ਜਾਂਦੇ। ਸਾਨੂੰ ਵੀ ਦਲੀਆ ਖਾਣ ਦਾ ਬਹੁਤ ਚਾਅ ਹੁੰਦਾ ਸੀ। ਹੁਣ ਮੈਂ ਟੇਬਲ ਵਾਲੀ ਕੈਂਡਲ ਬਾਲ਼ ਲਈ ਐ। ਰੌਸ਼ਨੀ ਵੱਲ ਇਕ ਟੱਕ ਦੇਖੀ ਜਾ ਰਹੀ ਹਾਂ। ਜਿਵੇਂ ਮੈਂ ਹਿਪਨੋਟਾਈਜ਼ ਹੋ ਗਈ ਹੋਵਾਂ। ਇਸ ਵਿਚੋਂ ਮੈਨੂੰ ਚੰਗੇ ਚਿਹਰੇ ਦਿਸਣ ਲੱਗ ਪਏ ਹਨ। ਥੋੜ੍ਹੀ ਠੰਢਕ ਹੋਈ ਹੈ। ਅੰਗੀਠੀ ਦਾ ਸੇਕ ਘਟਿਆ ਹੈ। ਸਿਰ ਹੌਲਾ ਹੋ ਗਿਆ ਹੈ। ਕੰਧ ਤੇ ਬਾਪੂ ਜੀ ਦੀ ਤਸਵੀਰ ਹੈ। ਨਹੀਂ, ਉਹ ਤਾਂ ਇਸ ਵਕਤ ਰੌਸ਼ਨੀ ਵਿਚ ਮੌਜੂਦ ਹਨ। ਉਨ੍ਹਾਂ ਦੀਆਂ ਅੱਖਾਂ ਵਿਚ ਅਜੇ ਵੀ ਆਸ ਹੈ ਜਿਵੇਂ ਕਹਿ ਰਹੇ ਹੋਣ , 'ਮੇਰੀਏ ਬੱਚੜੀਏ ! ਤੇਰਾ ਦਾਦਾ ਦੌਲਤੀ ਅਜੇ ਜੀਉਂਦਾ। ਤੈਨੂੰ ਘਰ ਬਿਠਾ ਕੇ ਸਾਰੀ ਉਮਰ ਰੋਟੀ ਦੇ ਸਕਦਾ। ਵਿੰਦਰ ਪੁੱਤ, ਛੱਡ ਇਸ ਵੱਡੇ ਮੁਲਕ ਦਾ ਖਹਿੜਾ । ਮੇਰੇ ਕੋਲ ਆ ਜਾ, ਨਾਲੇ ਮੇਰਾ ਬੁਢਾਪਾ ਰੁਲਣ ਤੋਂ ਬਚ ਜਾਊ।'

ਮੈਂ ਹੁਣ ਸੋਚਦੀ ਹਾਂ ਮੇਰੀ ਮੰਮਾ ਦਾਦਾ ਜੀ ਨੂੰ ਇੰਡੀਆ ਕਿਸਦੇ ਆਸਰੇ ਛੱਡ ਇੱਥੇ ਆ ਗਈ ? ਭਾਵੇਂ ਪਹਿਲਾਂ ਵਾਲਾ ਬੇਟ ਨਹੀਂ ਰਿਹਾ, ਜਿੱਥੇ ਕਦੇ ਕਾਨਿਆਂ ਤੇ ਸਰਕੜਿਆਂ ਨੇ ਜ਼ਿੰਦਗੀ ਮੁਹਾਲ ਕੀਤੀ ਹੋਈ ਸੀ। ਦਲਦਲੀ ਜ਼ਮੀਨ ਸੀ। ਮੈਂ ਤਾਂ ਇਹ ਸਾਰਾ ਕੁਝ ਦੇਖਿਆ ਹੀ ਨਹੀਂ। ਬਾਪੂ ਜੀ ਸਾਨੂੰ ਛੋਟੇ ਹੁੰਦਿਆਂ ਨੂੰ ਇਹ ਬਾਤਾਂ ਸੁਣਾਉਂਦੇ ਹੁੰਦੇ ਸੀ।

"ਰਾਹੋਂ ਤੋਂ ਦਰਿਆ ਤੱਕ ਜਿੰਨੇ ਪਿੰਡ ਵਸੇ ਹੋਏ ਹਨ, ਇਹ ਬੇ ਅਬਾਦ ਜ਼ਮੀਨ ਸੀ। ਇੱਧਰ ਕੋਈ ਮੂੰਹ ਨਹੀਂ ਸੀ ਕਰਦਾ ਹੁੰਦਾ। ਨਵਾਂ ਸ਼ਹਿਰ-ਬੰਗਾ ਦੇ ਆਲੇ-ਦੁਆਲੇ ਪਿੰਡਾਂ ਵਾਲੇ



ਬੇਟ ਜਾਂ ਕੰਢੀ ਵਾਲਿਆਂ ਦੇ ਸਾਕ ਨਹੀਂ ਸੀ ਕਰਦੇ। ਅੰਗਰੇਜ਼ਾਂ ਦੇ ਇੱਥੋਂ ਜਾਣ ਤੋਂ ਦਸ-ਬਾਰ੍ਹਾਂ ਸਾਲ ਬਾਅਦ ਸਰਕਾਰ ਨੇ ਸੌ-ਸੌ ਕਨਾਲ ਦੇ ਪਲਾਟ ਪੰਦਰਾਂ -ਪੰਦਰਾਂ ਸਾਲ ਲਈ ਸਾਨੂੰ ਪਟੇ 'ਤੇ ਦੇ ਦਿੱਤੇ। ਇਕ ਸਾਲ ਦਾ ਸੱਠ ਰੁਪਏ ਹਾਲਾ ਹੁੰਦਾ ਸੀ।"

"ਬਾਪੂ ਜੀ ! ਫਿਰ ਤਾਂ ਸਰਕਾਰ ਬਹੁਤ ਥੋੜ੍ਹੇ ਪੈਸੇ ਲੈਂਦੀ ਸੀ।" ਮੇਰੇ ਤੋਂ ਛੋਟੀ ਅਮਨ ਹੱਥ ਵਿਚ ਪੰਜਾਹ ਦਾ ਨੋਟ ਫੜ੍ਹ ਕੇ ਬੈਠੀ ਹੋਈ ਸੀ।

" ਮੇਰੀਏ ਕਮਲੀਏ ਧੀਏ ! ਓਦੋਂ ਸਾਡੇ ਲੋਕਾਂ ਕੋਲ ਸੱਠ ਰੁਪਏ ਹੁੰਦੇ ਹੀ ਕਿੱਥੇ ਸਨ ? ਤਨ ਢੱਕਣ ਨੂੰ ਕੱਪੜਾ ਨਹੀਂ ਸੀ, ਖਾਣ ਨੂੰ ਦਾਣੇ ਨਹੀਂ ਸੀ। ਪਾਣੀ ਬਹੁਤ ਹੁੰਦਾ ਸੀ। ਦਰਿਆ ਦਾ ਪਤਾ ਨਹੀਂ ਸੀ ਹੁੰਦਾ, ਕਦੋਂ ਚੜ੍ਹ ਆਵੇ ? ਕਿੱਧਰ ਨੂੰ ਰੁਖ਼ ਕਰ ਲਵੇ ? ਜਦੋਂ ਮੈਨੂੰ ਜ਼ਮੀਨ ਮਿਲੀ, ਮੈਂ ਸੋਚਿਆ ਬਈ ਦੌਲਤੀ ਤੇਰੀ ਕਿਸਮਤ ਖੁੱਲ੍ਹ ਗਈ। ਇਹ ਤਾਂ ਇੱਥੇ ਨਰਕ ਵਿਚ ਫ਼ਸ ਕੇ ਪਤਾ ਲੱਗਾ।"

"ਹੁਣ ਤਾਂ ਬਾਪੂ ਜੀ ਝੋਨੇ ਦੀ ਫ਼ਸਲ ਨੇ ਵਾਰੇ-ਨਿਆਰੇ ਕੀਤੇ ਹੋਏ ਆ।" ਬਾਪੂ ਜੀ ਨੇ ਥੋੜ੍ਹਾ ਚਿਰ ਪਹਿਲਾਂ ਮੈਨੂੰ ਜਿਹੜਾ ਆੜ੍ਹਤੀਆਂ ਵਾਲ਼ਾ ਚੈੱਕ ਦਿੱਤਾ ਸੀ, ਮੈਂ ਉਹ ਦਿਖਾਉਂਦੇ ਹੋਏ ਕਿਹਾ ਸੀ।

" ਮੇਰੀਓ ਬਾਜੀਓ ਪੋਤੀਓ ! ਇਹ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਲਿਆ ਹੋਇਆ। ਇੱਥੇ ਪਾਣੀ ਵਿਚ ਨਾੜ ਹੀ ਨਾੜ ਹੁੰਦੇ ਸਨ। ਗਾਰੇ ਵਿਚ ਲੱਤਾਂ ਪੈਰ ਧੱਸ ਜਾਣੇ। ਹੁਣ ਤਾਂ ਟਰੈਕਟਰ ਆ ਗਏ। ਝੋਟਿਆਂ ਜਾਂ ਬਲਦਾਂ ਨਾਲ ਖੇਤ ਵਾਹੁਣਾ -ਬੀਜਣਾ ਬਹੁਤ ਔਖਾ ਹੁੰਦਾ ਸੀ। ਫਿਰ ਨਕਸਲਵਾੜੀਏ ਮੁੰਡੇ ਉੱਠ ਪਏ। ਉਨ੍ਹਾਂ ਸਰਕਾਰ ਨੂੰ ਵਖ਼ਤ ਪਾ ਦਿੱਤਾ। ਕਹਿਣ ਲੱਗੇ ਜ਼ਮੀਨ ਹਲ ਵਾਹੁਣ ਵਾਲਿਆਂ ਦੀ ਹੁੰਦੀ ਆ, ਆਖ਼ਿਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਾਨੂੰਨ ਬਣਾਇਆ। ਇਸ ਜ਼ਮੀਨ ਦੀ ਥੋੜ੍ਹੀ ਜਿਹੀ ਕੀਮਤ ਪਾ ਕੇ ਸਾਨੂੰ ਮਾਲਕੀ ਦੇ ਹੱਕ ਦੇ ਦਿੱਤੇ। ਇਹ ਜੰਗਲ, ਉੱਚਾ-ਨੀਵਾਂ ਪਾਣੀ, ਗਾਰਸਭ ਲੋਕਾਂ ਨੇ ਵਾਹ ਮਾਰੇ। ਇਹ ਮਿੱਟੀ ਸਾਡੇ ਖ਼ੂਨ ਨਾਲ ਜ਼ਰਖੇਜ ਹੋਈ ਆ। ਮੇਰੇ ਚਾਰੇ ਮੁੰਡਿਆਂ ਦੀ ਜਵਾਨੀ ਏਥੇ ਲੱਗ ਗਈ। ਖ਼ੈਰ ! ਸਭ ਭੁੱਲ-ਭੁਲਾ ਗਿਆ ਸੀ। ਤੁਹਾਡੇ ਬਾਪ ਰੇਸ਼ਮ ਦੀ ਮੌਤ ਨੇ।" ਬਾਪੂ ਜੀ ਦੀਆਂ ਅੱਖਾਂ ਵਿਚ ਪਰਲ-ਪਰਲ ਹੰਝੂ ਵਗਣ ਲੱਗ ਪਏ ਸਨ।

ਮੇਰੀਆਂ ਅੱਖਾਂ ਵੀ ਭਰ ਆਈਆਂ ਹਨ। ਡੈਡੀ ਦੀ ਮੌਤ ਵਾਲਾ ਦਿਨ ਮੈਨੂੰ ਕਦੇ ਨਹੀਂ ਭੁੱਲਿਆ। ਮੈਂ ਉਦੋਂ ਦਸਵੀਂ ਜਮਾਤ ਵਿਚ ਪੜ੍ਹਦੀ ਸੀ। ਛੋਟੀ ਅਮਨ ਸੱਤਵੀਂ ਵਿਚ ਤੇ ਨਿੱਕਾ ਵੀਰ ਗਗਨ ਤੀਜੀ ਜਮਾਤ ਵਿਚ ਸੀ। ਉਸ ਦਿਨ ਉਨ੍ਹਾਂ ਸ਼ਹਿਰ ਜਾਣਾ ਸੀ। ਸਾਨੂੰ ਤਿੰਨਾਂ ਨੂੰ ਗਲਵਕੜੀ ਵਿਚ ਲੈ ਕੇ ਕਹਿਣ ਲੱਗੇ, "ਮੇਰੇ ਲੱਡੂ ਜਲੇਬੀਓ ! ਆਪੋ-ਆਪਣੀ ਡਿਮਾਂਡ ਦੱਸੋ ? ਤੁਹਾਡੇ ਖਾਣ ਲਈ ਕੀ ਲੈ ਕੇ ਆਵਾਂ ?"

ਉਹ ਸਾਡੀਆਂ ਮੰਗਾਂ ਦੀ ਪੰਡ ਬੰਨ੍ਹ ਕੇ ਸ਼ਹਿਰ ਲੈ ਗਏ ਪਰ ਮੁੜ ਕਦੀ ਵਾਪਸ ਨਾ ਪਰਤੇ। ਉਹ ਸ਼ਹਿਰ ਵਿਚ ਸਕੂਟਰ ਤੇ ਜਾ ਰਹੇ ਸਨ ਕਿ ਕਿਸੇ ਪ੍ਰਾਈਵੇਟ ਬੱਸ ਦੀ ਲਪੇਟ ਵਿਚ ਆ ਗਏ। ਡੈਡੀ ਦੇ ਅੰਗ -ਪੈਰ ਖਿੱਲਰ ਗਏ ਸਨ। ਸਾਡਾ ਜਹਾਨ ਲੁੱਟਿਆ ਗਿਆ ਸੀ। ਅੱਥਰੂਆਂ ਨਾਲ ਮੇਰੀ ਕਮੀਜ਼ ਗਿੱਲੀ ਹੋ ਗਈ ਏ। ਰੌਬੀ ਦੀ ਈਮੇਲ ਪੜ੍ਹਨ ਵੇਲੇ ਥੋੜ੍ਹੀ ਸਹਿਜ ਸੀ। ਹੁਣ ਸਿਹਤ ਵਿਗੜਨ ਲੱਗ ਪਈ ਹੈ। ਅੱਖਾਂ ਸਾਹਮਣੇ ਡੈਡੀ ਦੀ ਚੀਥੜੇ ਹੋਈ ਲਾਸ਼ ਘੁੰਮ ਰਹੀ ਹੈ। ਇਥੋਂ ਦੀਆਂ ਸੜਕਾਂ ਤੇ ਚੱਲਦਾ ਟ੍ਰੈਫ਼ਿਕ ਦੇਖ ਕੇ ਸੋਚਦੀ ਹਾਂ, ਕਾਸ਼ ! ਅਜਿਹਾ ਉੱਥੇ ਹੁੰਦਾ ਤਾਂ ਮੇਰੇ ਡੈਡੀ ਵੀ ਜੀਊਂਦੇ ਹੁੰਦੇ। ਲੱਖ ਸ਼ੁਕਰ ਹੈ ਕਿ ਸਾਡਾ ਦਾਦਾ ਚੰਗਾ ਸੀ। ਜਿਸਦੇ ਪ੍ਰਛਾਵੇਂ ਹੇਠ ਅਸੀਂ ਪਲੇ।

ਹੁਣ ਉਹ ਵਿਚਾਰਾ 'ਕੱਲਾ ਈ ਦਿਨ ਕਟੀ ਕਰ ਰਿਹਾ । ਮੈਂ ਮੰਮੀ ਨੂੰ ਕਿਹਾ, " ਬਾਪੂ ਜੀ ਨੂੰ ਵੀ ਕਿਸੇ ਤਰ੍ਹਾਂ ਏਥੇ ਈ ਮੰਗਵਾ ਲਈਏ ?" ਕਹਿਣ ਲੱਗੀ, "ਪਿੱਛੇ ਤੇਰੇ ਚਾਚੇ-ਤਾਏ ਹੈਗੇ ਆ । ਆਪੇ ਸੰਭਾਲਣਗੇ। ਚਾਰ ਸਿਆੜ ਜ਼ਮੀਨ ਦੇ ਵੀ ਆ। ਉਹਦਾ ਹਾਲ਼ਾ ਵੀ ਆਉਂਦਾ ।" ਸੁਣ ਕੇ ਮੈਂ ਬੜਾ ਕਲਪੀ। ਸਾਰੀ ਉਮਰ ਉਹ ਸਾਡੇ ਸਿਰ ਦੀ ਛੱਤ ਬਣਿਆ ਰਿਹਾ। ਹੁਣ ਬੁੱਢੇ ਬਾਰੇ ਚਾਚੇ-ਤਾਏ ਕਿਉਂ ਸਾਂਭਣ ? ਮੇਰੀ ਮੰਮੀ ਨੂੰ ਤਾਂ ਹਰ ਵਕਤ ਆਪਣੇ ਮਾਪਿਆਂ ਦੀ ਪਈ ਰਹਿੰਦੀ ਏ ਬਾਕੀ ਮੇਰੀ ਮੰਮੀ ਨੂੰ ਹੇਜ ਆਵੇ ਵੀ ਕਿਉਂ ਨਾ ? ਨਾਨਕਿਆਂ ਦੀ ਬਦੌਲਤ ਹੀ ਤਾਂ ਏਥੇ ਪੁੱਜੇ ਹਾਂ। ਸੰਤੋਖ ਮਾਮੇ ਨੇ ਸਾਡੇ ਸਾਰੇ ਪਰਿਵਾਰ ਦੀ ਪਟੀਸ਼ਨ ਕੀਤੀ ਹੋਈ ਸੀ। ਤੇਰਾਂ-ਚੌਦਾਂ ਸਾਲ ਏਥੇ ਪਹੁੰਚਣ ਨੂੰ ਲੱਗ ਗਏ। ਡੈਡੀ ਦੀ ਮੌਤ ਤੋਂ ਪੂਰੇ ਸੱਤ ਸਾਲ ਬਾਅਦ ਅਸੀਂ ਏਥੇ ਪੁੱਜੇ ਸੀ। ਬਾਪੂ ਜੀ ਤਾਂ ਕਹਿੰਦੇ ਸੀ, "ਪੁੱਤ ! ਇੱਥੇ ਰੋਟੀ ਮਿਲੀ ਜਾਂਦੀ ਆ ਖਾਈ ਜਾਓ। ਪਰਦੇਸ ਵਿਚ ਕਿਹੜਾ ਤੁਹਾਡਾ ਬਾਪ ਬੈਠਾ ?"

ਡੈਡੀ ਦੀ ਮੌਤ ਵੇਲੇ ਗਗਨ ਤਾਂ ਬੱਚਾ ਸੀ। ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਆਣ ਪਈ ਸੀ। ਦਾਦਾ ਜੀ ਤੇ ਮੰਮੀ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਮੈਨੂੰ ਕਾਲਜ ਦਾਖ਼ਲ ਕਰਵਾ ਦਿੱਤਾ ਸੀ। ਬੈਂਕ ਦਾ ਅਕਾਊਂਟ ਬਾਪੂ ਜੀ ਦੇ ਨਾਂ ਸੀ ਪਰ ਏ ਟੀ ਐਮ ਮੇਰੇ ਕੋਲ ਹੁੰਦਾ। ਪੈਸੇ -ਧੇਲੇ ਦਾ ਹਿਸਾਬ ਮੈਂ ਹੀ ਕਰਦੀ। ਅਮਨ ਤੇ ਗਗਨ ਸਾਰਾ ਦਿਨ ਮੇਰੇ ਅੱਗੇ-ਪਿੱਛੇ ਦੀਦੀ ਦੀਦੀ ਕਰਦੇ ਫਿਰਦੇ ਸਨ। ਹੁਣ ਤਾਂ ਦੋਵੇਂ ਅੱਖਾਂ ਫੇਰੀ ਬੈਠੇ ਹਨ। ਫੇਰਨ ਵੀ ਕਿਉਂ ਨਾ ਕਮਾਊ ਜੋ ਹੋ ਗਏ।

ਪਿੰਡ ਮੈਂ ਟਰੈਕਟਰ ਚਲਾ ਲੈਂਦੀ ਸੀ। ਜੇ ਕਾਮਾ ਨਾ ਮਿਲਦਾ ਤਾਂ ਖੇਤ ਵਾਹ ਲੈਂਦੀ ਸੀ। ਬਾਪੂ ਜੀ ਨੇ ਕੋਈ ਕਮੀ ਨਹੀਂ ਸੀ ਰਹਿਣ ਦਿੱਤੀ। ਮੈਨੂੰ ਸਕੂਟਰੀ ਲੈ ਕੇ ਦਿੱਤੀ ਹੋਈ ਸੀ। ਮੈਂ ਅਮਨ ਤੇ ਗਗਨ ਨੂੰ ਪਹਿਲਾਂ ਸਕੂਲ 'ਤੇ ਫਿਰ ਟਿਊਸ਼ਨਾਂ ਤੇ ਲੈ ਕੇ ਜਾਂਦੀ। ਬਾਪੂ ਜੀ ਨੇ ਆੜ੍ਹਤੀਆਂ ਕੋਲੋਂ ਚੈੱਕ ਲੈ ਕੇ ਮੇਰੇ ਹੱਥ ਰੱਖ ਦੇਣਾ। ਮੇਰੇ ਚਾਚਿਆਂ-ਤਾਇਆਂ ਸੜ-ਭੁੱਜ ਕੇ ਕਹਿਣਾ, " ਬਾਪੂ ਜੀ ! ਕੁੜੀ ਨੂੰ ਕਾਹਨੂੰ ਸਿਰੇ ਚੜ੍ਹਾਈ ਜਾਂਦੇ ਓ। ਅਗਾਂਹ ਪਤਾ ਨਹੀਂ ਕਿੱਦਾਂ ਦੇ ਟੱਕਰਨਗੇ ? ਬੇਗਾਨੇ ਘਰ ਵਸਣਾ ਔਖਾ ਹੋ ਜਾਊ ?"

"ਇਹ ਮੇਰਾ ਸ਼ੇਰ ਪੁੱਤ ਘਰ ਦਾ ਮੋਹਤਬਾਰ ਆ । ਪੈਸੇ-ਧੇਲੇ ਦਾ ਹਿਸਾਬ ਮੋਹਤਬਾਰ ਹੀ ਰੱਖਦੇ ਹੁੰਦੇ ਆ। ਰਹੀ ਗੱਲ ਬੇਗਾਨੇ ਘਰ ਦੀ, ਸਾਈਂ ਲੋਕਾਂ ਦੀ ਕ੍ਰਿਪਾ ਨਾਲ ਇਹਦੀ ਓਥੇ ਵੀ ਚੜ੍ਹਤ ਰਹੂਗੀ। ਮੈਂ ਆਪਣੀ ਧੀ ਨੂੰ ਕਹਿੰਦੇ ਕਹਾਉਂਦੇ ਘਰ ਵਿਆਹੂੰ।"

ਬਾਪੂ ਜੀ ਦੀ ਗੱਲ ਸੁਣ ਕੇ ਚਾਚੇ ਤਾਏ ਨੱਕ ਬੁੱਲ੍ਹ ਕੱਢ ਲੈਂਦੇ। ਮੈਂ ਧੌਣ ਉੱਚੀ ਕਰ ਲੈਂਦੀ। ਬਾਪੂ ਜੀ ਮੈਨੂੰ ਸਮਝਾਉਂਦੇ, " ਵਿੰਦਰ ! ਜ਼ਿੰਦਗੀ ਵਿਚ ਕਦੇ ਵੀ ਆਪਣੇ ਬਾਪੂ ਦੀ ਪੱਗ ਨੂੰ ਦਾਗ਼ ਨਾ ਲਾਵੀਂ।"

ਘਰ ਵਿਚ ਹਰ ਕੰਮ ਮੇਰੀ ਮਰਜ਼ੀ ਨਾਲ ਹੁੰਦਾ। ਗਗਨ ਨੂੰ ਮੈਟ੍ਰਿਕ ਕਰਵਾਈ, ਅਮਨ ਨੂੰ ਬੀ. ਏ. ਅਤੇ ਮੈਂ ਆਪ ਐਮ.ਸੀਏ. ਕੀਤੀ। ਉਹ ਦੋਵੇਂ ਪੜ੍ਹਾਈ ਵਿਚ ਕਮਜ਼ੋਰ ਸਨ। ਬਾਪੂ ਜੀ ਵਾਂਗ ਮਾਮਾ ਜੀ ਵੀ ਸਾਨੂੰ ਬਹੁਤ ਪਿਆਰ ਕਰਦੇ । ਬੇਟ ਦਾ ਜੀਵਨ ਬੜਾ ਟੇਢਾ ਤੇ ਔਖਾ ਆ ਪਰ ਉਥੇ ਜੀਵਨ ਦਰਿਆ ਵਾਂਗ ਚੱਲਦੈ। ਜਿਵੇਂ ਕਈ ਵਾਰੀ ਦਰਿਆ ਸੁੱਕਾ ਹੁੰਦਾ। ਕਈ ਵਾਰੀ ਸਭ ਕੁਝ ਰੁੜ੍ਹਾ ਕੇ ਲੈ ਜਾਂਦਾ। ਮਾਮਾ ਜੀ ਨੇ ਸਾਨੂੰ ਹੜ੍ਹਾਂ ਸੋਕਿਆਂ ਵੇਲੇ ਵੀ ਹੌਸਲਾ ਦੇਈ ਰੱਖਿਆ। ਉਨ੍ਹਾਂ ਦਾ ਪਿਆਰ ਤਾਂ ਹੁਣ ਵੀ ਪਹਿਲੇ ਜਿੰਨਾ ਹੀ ਹੈ।

ਜਦੋਂ ਮੈਂ ਮੈਂਟਲ ਹਾਸਪੀਟਲ ਐਡਮਿਟ ਸੀ ਤਾਂ ਮੇਰਾ ਕੋਈ ਵੀ ਰੀਲੇਟਡ ਮੈਨੂੰ ਮਿਲਣ ਨਹੀਂ ਸੀ ਆ ਸਕਦਾ। ਮੈਂ ਅੱਠ -ਨੌਂ ਮਹੀਨੇ ਡਾਕਟਰਾਂ ਦੀ ਸੁਪਰਵੀਜ਼ਨ ਵਿਚ ਰਹੀ ਸੀ। ਛੇ ਮਹੀਨੇ ਬਾਅਦ ਮੈਨੂੰ ਪੁੱਛਿਆ ਗਿਆ, "ਤੂੰ ਕਿਸ ਨੂੰ ਮਿਲਣਾ ਚਾਹੁੰਦੀ ਆਂ ?" ਮੈਂ ਸੰਤੋਖ ਮਾਮੇ ਦਾ ਨਾਂ



ਲਿਆ ਸੀ। ਮਾਮੇ ਤੋਂ ਪਹਿਲਾਂ ਬਾਪੂ ਜੀ, ਪਵੇਲ ਤੇ ਜਗਦੀਪ ਸਰ ਦੇ ਚਿਹਰੇ ਮੇਰੇ ਸਾਹਮਣੇ ਆਏ ਸਨ। ਉਹ ਤਿੰਨੇ ਇੰਡੀਆ ਸਨ।

ਜਦੋਂ ਮੈਂ ਕਾਲਜ ਪੜ੍ਹਦੀ ਸੀ। ਉੱਥੇ ਕਵਿਤਾ ਤੇ ਭਾਸ਼ਣ ਮੁਕਾਬਲੇ ਹੋਏ ਸਨ। ਮੈਂ 'ਝੋਨਾ ਝਾੜਦੀ ਕੁੜੀ ਦੀ ਵੇਦਨਾ' ਕਵਿਤਾ ਲਿਖ ਕੇ ਬੋਲੀ ਸੀ। ਮੈਂ ਕੋਈ ਪਲੇਸ ਨਹੀਂ ਲੈ ਸਕੀ ਸੀ। ਇਕ ਮਾੜਕੂ ਜਿਹੇ ਮੁੰਡੇ ਨੇ ਆ ਘੇਰਿਆ ਸੀ। ਉਹ ਮੇਰੀ ਕਵਿਤਾ ਦੀ ਪ੍ਰਸੰਸਾ ਕਰਦਾ ਰਿਹਾ। ਉਹ ਸਟੂਡੈਂਟ ਯੂਨੀਅਨ ਦਾ ਲੀਡਰ ਪਵੇਲ ਸੀ। ਉਹ ਦੇਖਣ-ਪਾਖਣ ਨੂੰ ਚੰਗਾ ਅਤੇ ਬੋਲਬਾਣੀ ਤੋਂ ਸਾਊ ਸੀ ਪਰ ਬਹੁਤ ਸੁਹਣਾ ਨਹੀਂ ਸੀ। ਉਹਦੇ ਕੱਪੜੇ ਬੜੇ ਸਿੰਪਲ ਹੁੰਦੇ ਸਨ। ਜਦੋਂ ਵੀ ਮਿਲਦਾ ਸਮਾਜ ਬਦਲਣ ਵਾਲੀਆਂ ਕਵਿਤਾਵਾਂ ਲਿਖਣ ਲਈ ਪ੍ਰੇਰਦਾ। ਮੇਰੇ ਵੱਲ ਚੋਰ ਅੱਖ ਨਾਲ ਦੇਖਦਾ। ਜਦੋਂ ਮੈਂ ਦੇਖਦੀ ਉਹ ਨੀਵੀਂ ਪਾ ਲੈਂਦਾ। ਉਹਨੂੰ ਮੇਰੇ ਕੇਸ ਅਪਲਾਈ ਹੋਣ ਦਾ ਪਤਾ ਲੱਗਿਆ ਤਾਂ ਉਹ ਡਰਦਾ-ਡਰਦਾ ਮੇਰੇ ਕੋਲ ਆਇਆ ਸੀ।

"ਗੁਰਵਿੰਦਰ ਕੌਰ ਜੀ ! ਤੁਹਾਨੂੰ ਪਤਾ ਹੋਣਾ ਮੇਰੇ ਦਿਲ ਵਿਚ ਕੀ ਹੈ ? ਮੈਤੋਂ ਕਹਿ ਨਹੀਂ ਹੁੰਦਾ, ਮੈਨੂੰ ਪਤਾ ਲੱਗਾ ਤੁਸੀਂ ਵਿਦੇਸ਼ ਜਾ ਰਹੇ ਹੋ। ਤੁਸੀਂ ਨਾ ਜਾਓ। ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਜ਼ਿੰਦਗੀ ਅਸਲ ਵਿਚ ਚੰਗੇ ਵਿਚਾਰਾਂ ਵਾਲੇ ਸਾਥੀ ਨਾਲ ਜੀਊਣ ਦਾ ਨਾਂ ਹੈ। ਜ਼ਿੰਦਗੀ।"

ਸੰਤੋਖ ਮਾਮੇ ਦੀ ਧੀ ਲਵ ਮੇਰੀ ਖ਼ਾਸ ਸਹੇਲੀ ਹੈ। ਉਹ ਹਰ ਵਾਰ ਫੋਨ ਕਰਨ ਵੇਲ਼ੇ ਇਕ ਗੱਲ ਤੇ ਜ਼ਰੂਰ ਜ਼ੋਰ ਦਿੰਦੀ।

"ਐਵੇਂ ਨਾ ਇੰਡੀਆ ਕਿਸੇ ਨੂੰ ਵਿਆਹ ਲਈ ਹਾਂ ਕਰ ਆਈਂ। ਸਾਰੀ ਉਮਰ ਟੱਬਰ ਮੰਗਵਾਉਂਦੀ ਤੇ ਉਨ੍ਹਾਂ ਨੂੰ ਸੈੱਟ ਕਰਦੀ ਮਰ ਜਾਊਂ। ਜੇ ਮੌਜਾਂ ਲੈਣੀਆਂ ਇਥੇ ਕਿਸੇ ਅਮੀਰ ਗੋਰੇ-ਕਾਲੇ ਨਾਲ ਮੈਰਿਜ ਕਰਵਾਵਾਂਗੀਆਂ। ਨਾ ਟੱਬਰ ਮੰਗਵਾਉਣ ਦਾ ਝੰਜਟ ਤੇ ਨਾ ਉਨ੍ਹਾਂ ਨੂੰ ਸੈੱਟ ਕਰਨ ਦਾ।"

ਮੈਨੂੰ ਆਪਣੇ ਰੰਗ, ਰੂਪ ਤੇ ਸੁਹੱਪਣ ਉੱਤੇ ਮਾਣ ਵੀ ਸੀ। ਮੈ ਦਿਲ ਵਿਚ ਕਿਸੇ ਗੋਰੇ ਨੂੰ ਲਾਈਫ਼ ਪਾਰਟਨਰ ਬਣਾਉਣ ਦਾ ਫ਼ੈਸਲਾ ਕੀਤਾ ਹੋਇਆ ਸੀ। ਪਵੇਲ ਕਿੰਨਾ ਚਿਰ ਬੋਲਦਾ ਰਿਹਾ ਸੀ। ਮੈਂ ਨਾ ਹਾਂ ਕੀਤੀ ਅਤੇ ਨਾ ਨਾਂਹ ਕੀਤੀ। ਜਦੋਂ ਮੈਂ ਹਸਪਤਾਲ ਵਿਚ ਸੀ। ਮੈਨੂੰ ਉਹ ਬੜਾ ਯਾਦ ਆਇਆ। ਮੈਂ ਚਾਹੁੰਦੀ ਸੀ ਕਿ ਉਹ ਮੇਰੇ ਕੋਲ ਹੁੰਦਾ।

"ਜਿਹੜੇ ਬੰਦੇ ਬਿਮਾਰ ਸਮਾਜ ਦਾ ਇਲਾਜ ਕਰਨ ਵਾਲੇ ਹੋਣ, ਉਹ ਬਿਮਾਰ ਬੰਦਿਆਂ ਨੂੰ ਤਾਂ ਝੱਟ ਠੀਕ ਕਰ ਦਿੰਦੇ ਹਨ।" ਮਾਮਾ ਜੀ ਅਕਸਰ ਕਹਿੰਦੇ ਹਨ।

ਪਰ ਮੇਰੇ ਕੋਲ ਪਵੇਲ ਦਾ ਕੋਈ ਕੰਟੈਕਟ ਨੰਬਰ ਨਹੀਂ ਸੀ। ਹਾਂ, ਜਗਦੀਪ ਸਰ ਪਹਿਲਾਂ ਮੇਰੇ ਕੰਟੈਕਟ ਵਿਚ ਸਨ। ਉਹ ਤਾਂ ਕਈ ਸਾਲ ਮੈਨੂੰ ਫ਼ੋਨ ਕਰਦੇ ਰਹੇ ਤੇ ਈਮੇਲ ਵੀ ਭੇਜਦੇ ਰਹੇ।

ਜਦੋਂ ਸੰਤੋਖ ਮਾਮਾ ਜੀ ਨੇ ਕੰਪਿਊਟਰ ਦੀ ਗਰੈਜੂਏਸ਼ਨ ਕਰਨ ਤੇ ਜ਼ੋਰ ਪਾਇਆ। ਮੈਂ ਸੀ ਐਮ ਸੀ ਇੰਸਟੀਚੀਊਟ ਜਾਣ ਲੱਗ ਪਈ ਸੀ। ਇਹ ਪ੍ਰਾਈਵੇਟ ਕਾਲਜ ਦੋ-ਚਾਰ ਕਮਰਿਆਂ ਵਾਲੇ ਇਕ ਚੁਬਾਰੇ ਵਿਚ ਚੱਲਦਾ ਸੀ। ਮੈਂ ਇੱਥੋਂ ਹੀ ਬੀ ਸੀ ਏ ਅਤੇ ਇੱਥੋਂ ਹੀ ਐਮ ਸੀ ਏ ਕੀਤੀ। ਜਗਦੀਪ ਸਿੰਘ ਸਰ ਮੇਰੇ ਟੀਚਰ ਸਨ। ਉਹ ਮੇਰੇ ਨਾਲੋਂ ਉਮਰ ਵਿਚ ਤਿੰਨ ਸਾਲ ਵੱਡੇ ਹਨ। ਉਹ ਮੇਰੇ 'ਤੇ ਖ਼ਾਸ ਤਵਜੋਂ ਦਿੰਦੇ ਸਨ। ਉਨ੍ਹਾਂ ਦੀ ਪਰਸਨੈਲਟੀ ਬਹੁਤ ਸੀ। ਉਹ ਟਾਈ ਲਾ ਕੇ ਤਾਂ ਹੋਰ ਵੀ ਪ੍ਰਭਾਵਸ਼ਾਲੀ ਲੱਗਦੇ ਸਨ। ਉਨ੍ਹਾਂ ਦੀਆਂ ਡਰੈਸਿਜ਼ ਕਮਾਲ ਦੀਆਂ ਹੁੰਦੀਆਂ ਸਨ। ਉਹ ਇੰਗਲਿਸ਼ ਵੀ ਫ਼ਰਾਟੇਦਾਰ ਬੋਲਦੇ ਸਨ। ਉਹ ਅਕਸਰ ਮੈਨੂੰ ਬਾਈਕ 'ਤੇ ਰਾਈਡ ਦਿੰਦੇ। ਉਨ੍ਹਾਂ ਦੀਆਂ ਉਂਗਲਾਂ ਜ਼ਿਆਦਾਤਰ ਮੇਰੇ ਕੀ ਬੋਰਡ 'ਤੇ ਨੱਚਦੀਆਂ ਅਤੇ ਹੱਥ ਮਾਊਸ ਨੂੰ ਕਲਿੱਕ ਕਰਦੇ ਮੇਰੇ ਹੱਥਾਂ ਨੂੰ ਛੂਹ ਜਾਂਦੇ। ਪਵੇਲ ਆਕੜਖ਼ੋਰ, ਸਵੈਮਾਣ ਵਾਲਾ ਤੇ ਸੰਗਾਊ ਮੁੰਡਾ ਸੀ। ਸਰ ਤਾਂ

ਮੇਰੇ 'ਤੇ ਜਾਨ ਛਿੜਕਦੇ ਸਨ। ਮੈਨੂੰ ਇਹੋ ਜਿਹੇ ਮਰਦ ਪਸੰਦ ਹਨ। ਜਿਹੜੇ ਵੈੱਲ ਡਰੈਸਡ ਹੋਣ ਤੇ ਮੇਰੇ ਇਕ ਇਸ਼ਾਰੇ ਤੇ ਨੱਚਦੇ ਫਿਰਨ। ਲਵ ਕਹਿ ਰਹੀ ਸੀ -ਗੋਰੇ ਤਾਂ ਆਪਣੀਆਂ ਗਰਲ ਫਰੈਂਡਜ਼ ਦੀ ਬਹੁਤ ਕੇਅਰ ਕਰਦੇ ਹਨ। ਪਿਆਰ ਵਿਚ ਡੁੱਬ ਜਾਂਦੇ ਹਨ।

ਮੇਰੀ ਇਕ ਸੀਨੀਅਰ ਕੁੜੀ ਫ਼ੈਮਿਲੀ ਕੇਸ ਦੇ ਅਧਾਰ ਤੇ ਕੈਨੇਡਾ ਜਾ ਰਹੀ ਸੀ। ਉਸਨੇ ਮੈਨੂੰ ਮੈਸੇਜ ਕੀਤਾ ਸੀ-' ਜਗਦੀਪ ਸਿੰਘ ਸਰ ਸਿਰਫ਼ ਵਿਦੇਸ਼ ਜਾਣ ਦੇ ਚਾਹਵਾਨ ਹਨ। ਕੁਝ ਸਮਾਂ ਮੇਰੇ ਨਾਲ ਵੀ ਬਿਜ਼ੀ ਰਹੇ ਹਨ। ਮੈਂ ਤਾਂ ਡਰ ਗਈ ਸੀ ਕਿ ਕੈਨੇਡਾ ਜਾ ਕੇ ਛੱਡ ਹੀ ਨਾ ਦੇਵੇ। ਬਾਕੀ ਤੂੰ ਦੇਖ ਲਵੀਂ।' ਫਿਰ ਤਾਂ ਮੈਂ ਡਿਗਰੀ ਲੈਣ ਦੀ ਕੀਤੀ। ਉਂਝ ਵੀ ਮੈਂ ਬਾਪੂ ਜੀ ਦੇ ਵਚਨਾਂ ਨਾਲ ਨਿਭਣਾ ਚਾਹੁੰਦੀ ਸੀ। ਉਹ ਮੈਨੂੰ ਫ਼ੋਨ ਵੀ ਕਰਦਾ ਅਤੇ ਚੈਟ ਵੀ ਕਰਦਾ ਰਹਿੰਦਾ। ਇੰਡੀਅਨ ਨਾਲ ਵਿਆਹ ਨਾ ਕਰਵਾਉਣ ਦਾ ਤਾਂ ਮੈਂ ਲਵ ਨਾਲ ਪਰਾਮਿਸ ਕੀਤਾ ਹੋਇਆ ਸੀ। ਮੇਰੇ ਸੁਪਨਿਆਂ ਦਾ ਰਾਜ ਕੁਮਾਰ ਤਾਂ ਇੱਥੇ ਹੀ ਕਿਤੇ ਸੀ।

ਜਿਉਂ ਹੀ ਮੈਂ ਆਪਣੀ ਫ਼ੈਮਿਲੀ ਨਾਲ ਕੈਲੀਫ਼ੋਰਨੀਆ ਪੁੱਜੀ, ਕੇਲੇ ਦੀ ਸ਼ਕਲ ਵਰਗੀ ਇਸ ਧਰਤੀ ਤੇ ਮੇਰੇ ਪੱਬ ਨਾ ਲੱਗਣ। ਕਿੱਥੇ ਉਬੜਿਆ -ਖਾਬੜਿਆ ਸਤਲੁਜ ਦਰਿਆ ਤੇ ਪਾਣੀ ਦਾ ਮਾਰਿਆ ਬੇਟ, ਕਿੱਥੇ ਸਾਫ਼ ਸੁਥਰਾ ਤੇ ਕਲ-ਕਲ ਵਗਦਾ ਮਹਾਂ ਸਾਗਰੀ ਤੱਟ, ਬੀਚ ਤੇ ਝੀਲਾਂ ਦਾ ਸੁਹੱਪਣ, ਪਰਬਤ ਤੇ ਵਾਦੀਆਂ ਦੇ ਮਨਮੋਹਕ ਦ੍ਰਿਸ਼, ਜਵਾਲਾ ਮੁਖੀ, ਬਰਫ਼, ਥਲ ਅਤੇ ਰੈੱਡਵੁਡ ਦੇ ਦਰਖ਼ਤ ਸਭ ਆਪਣੇ ਵੱਲ ਨੂੰ ਖਿੱਚ ਰਹੇ ਸਨ। ਜਦੋਂ ਮੈਂ ਯੂਸੋਮਿਟੀ, ਸਨਫ਼ਰਾਂਸਿਸਕੋ , ਲਾਸ ਏਂਜਲਸ, ਲਾਸ ਵੇਗਸ, ਸੈਨਹੋਜ਼ੇ, ਫਰਿਜ਼ਨੋ, ਸੈਕਰਾਮੈਂਟੋ ਤੇ ਬੇਅ ਏਰੀਏ ਦੀਆਂ ਚਮਤਕਾਰੀ ਥਾਵਾਂ ਦੇਖੀਆਂ ਤਾਂ ਮੇਰੇ ਹੋਸ਼ ਉੱਡ ਗਏ। ਜਿਵੇਂ ਮੈਂ ਸਵਰਗ ਵਿਚ ਆ ਗਈ ਹੋਵਾਂ ਤੇ ਮੈਂ ਇਸ ਸਵਰਗ ਵਿਚ ਅਪਸਰਾ ਹੋਵਾਂ। ਬੇਟ ਮੇਰੇ ਕੀ ਚੇਤੇ ਰਹਿਣਾ ਸੀ ? ਵੀਕੈਂਡ ਤੇ ਮਹਾਂ ਸਾਗਰ ਦੀਆਂ ਲਹਿਰਾਂ ਦੇਖਣ ਤੁਰੇ ਰਹਿਣਾ। ਮੈਨੂੰ ਇਕ ਰੈਸਟੋਰੈਂਟ ਵਿਚ ਜੌਬ ਮਿਲ ਗਈ ਸੀ। ਰੈਸਟੋਰੈਂਟ ਦੇ ਓਨਰ ਨੇ ਮੈਨੂੰ ਸ਼ਾਇਦ ਮੇਰੀ ਹਾਈਟ ਤੇ ਬਿਊਟੀ ਦੇਖ ਕੇ ਹੀ ਹਾਇਰ ਕਰ ਲਿਆ ਸੀ। ਇੱਥੇ ਹੋਰ ਵੀ ਰੈਸਟੋਰੈਂਟ ਸਨ। ਇਨ੍ਹਾਂ ਦੇ ਪਿੱਛੇ ਕੰਪਨੀਆਂ ਦੀਆਂ ਉੱਚੀਆਂ ਇਮਾਰਤਾਂ ਦੀਆਂ ਕਤਾਰਾਂ ਸਨ। ਉਨ੍ਹਾਂ ਦੇ ਆਲੇ -ਦੁਆਲੇ ਸ਼ਹਿਰ ਵਸਿਆ ਹੋਇਆ ਸੀ। ਪਿੱਛੇ ਹਰੀਆਂ-ਹਰੀਆਂ ਪਹਾੜੀਆਂ ਹੋਰ ਵੀ ਸੁਹਣੀਆਂ ਲੱਗ ਰਹੀਆਂ ਸਨ।

ਪੰਜ ਦਿਨ ਨਿੱਠ ਕੇ ਕੰਮ ਕਰੋ। ਬਾਅਦ ਵਿਚ ਵੀਕੈਂਡ 'ਤੇ ਦੱਬ ਕੇ ਖਾਓ-ਪੀਓ ਤੇ ਐਸ਼ ਕਰੋ। ਇਹ ਇਥੋਂ ਦਾ ਕਲਚਰ ਹੈ। ਲਵ ਵੀ ਕਾਲਜ ਤੋਂ ਫ਼ਰੀ ਹੋ ਕੇ ਆ ਜਾਂਦੀ। ਅਸੀਂ ਰੱਜ ਕੇ ਫੰਨ ਕਰਦੀਆਂ। ਮੈਨੂੰ ਉਹ ਝੂਠਾ ਪਵੇਲ ਯਾਦ ਆ ਜਾਂਦਾ। ਇਕ ਦਿਨ ਕਹਿਣ ਲੱਗਾ-

"ਅਮਰੀਕੀ ਸਿਸਟਮ ਬੰਦੇ ਦੀ ਆਤਮਾ ਨੂੰ ਮਾਰ ਦਿੰਦੈ। ਠੀਕ ਉਸੇ ਤਰ੍ਹਾਂ ਜਿਵੇਂ ਲੋਹਾ ਪਿਘਲਾ ਕੇ ਸਾਂਚੇ ਵਿਚ ਢਾਲ ਲਿਆ ਜਾਂਦਾ ਹੈ ਤੇ ਮਨ ਪਸੰਦ ਪੁਰਜਾ ਬਣਾ ਲਿਆ ਜਾਂਦੈ। ਉੱਥੇ ਬੰਦੇ ਤਾਂ ਖ਼ਤਮ ਹੋ ਜਾਂਦੇ ਹਨ। ਬਸ ਪੁਰਜ਼ੇ ਹੀ ਰਹਿ ਜਾਂਦੇ ਹਨ।"

ਉਹ ਸ਼ਾਇਦ ਇੰਡੀਆ ਦੀ ਗ਼ਰੀਬੀ, ਜਾਤ-ਪਾਤ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕੁਹਜ਼ੀ ਨਿਆਂ ਪ੍ਰਣਾਲੀ ਵਾਲੇ ਸਿਸਟਮ ਨੂੰ ਜ਼ਿੰਦਗੀ ਕਹਿ ਰਿਹਾ ਸੀ। ਸੋਚਿਆ ਕਾਕਾ ਪਵੇਲ! ਜੀਵਨ ਤਾਂ ਏਥੇ ਹੈ। ਮੈਨੂੰ ਤਾਂ ਇਹ ਧਰਤੀ ਦਾ ਟੋਟਾ ਨਹੀਂ ਸੀ ਲੱਗਿਆ । ਕੋਈ ਦੂਰ ਦਾ ਗ੍ਰਹਿ...ਜਿੱਥੇ ਸਵਰਗ ਹੋਵੇ ਤੇ ਉੱਤੇ ਹੋਣ ਦੇਵੀਆਂ 'ਤੇ ਦੇਵਤੇ। ਇਥੇ ਰੌਸ਼ਨੀ ਵਿਚ ਜਰਨੈਲੀ ਸੜਕਾਂ ਸਾਫ਼ ਦਿਸਦੀਆਂ ਹਨ...ਤੇ ਇੰਡੀਆ ਦੀਆਂ ਬੰਦੇ ਖਾਣੀਆਂ ਸੜਕਾਂ, ਮੈਨੂੰ ਡੈਡੀ ਦਾ ਚੀਥੜੇ-ਚੀਥੜੇ ਹੋਇਆ ਸਰੀਰ ਦਿਸਿਆ ਹੈ...ਪਾਰਕ ਵਿਆਹ ਵਾਲੇ ਘਰ ਵਾਂਗ ਸੱਜੇ ਰਹਿੰਦੇ ਹਨ। ਵਿੰਙ-ਵਲੇਵੇਂ ਖਾਂਦੇ ਰਾਹਾਂ ਵਿਚ ਉੱਚੀਆਂ-ਨੀਵੀਆਂ ਕਿਤੇ ਸੁੱਕੀਆਂ, ਕਿਤੇ ਹਰੀਆਂ 'ਤੇ



ਕਿਤੇ ਗੋਲਡਨ ਕਲਰ ਦੀਆਂ ਪਹਾੜੀਆਂ ਹਨ। ਸੜਕਾਂ ਦੇ ਦੋਵੇਂ ਪਾਸੇ ਅੰਗੂਰਾਂ, ਬਦਾਮਾਂ, ਚੈਰੀਆਂ, ਸਟਰਾਬੈਰੀਆਂ ਅਤੇ ਸਬਜ਼ੀਆਂ ਦੇ ਫ਼ਾਰਮ ਆਪਣੇ ਵੱਲ ਧਿਆਨ ਖਿੱਚਦੇ ਹਨ।

ਪਹਿਲੇ ਬਾਰਾਂ ਮਹੀਨੇ ਅਸੀਂ ਸੈਂਟਾ ਕਲਾਰਾ ਮਾਮਾ ਜੀ ਦੇ ਘਰ ਹੀ ਰਹੇ। ਅਮਨ ਨੂੰ ਕਲੀਨ ਅੱਪ ਦਾ ਕੰਮ ਮਿਲ ਗਿਆ ਸੀ। ਉਹ ਸੈਟੀਸਫ਼ਾਈ ਸੀ। ਗਗਨ ਨੂੰ ਸਕੂਲ ਦੀ ਗਰੈਜੂਏਸ਼ਨ ਕਰਵਾਈ। ਉਸ ਤੋਂ ਬਾਅਦ ਉਸ ਪੜ੍ਹਾਈ ਤੋਂ ਹੱਥ ਖੜ੍ਹੇ ਕਰ ਦਿੱਤੇ। ਮਾਮਾ ਜੀ ਨੇ ਆਪਣਾ ਇਕ ਛੋਟਾ ਜਿਹਾ ਸਟੋਰ ਉਸ ਦੇ ਸਪੁਰਦ ਕਰ ਦਿੱਤਾ। ਮੰਮੀ ਨੇ ਵੀ ਪਹਿਲੇ ਸੱਤ-ਅੱਠ ਸਾਲ ਸਖ਼ਤ ਲੇਬਰ ਕੀਤੀ। ਉਹ ਕਿਸੇ ਘਰ ਬਜ਼ੁਰਗਾਂ ਦੀ ਕੇਅਰ ਟੇਕਰ ਸੀ।

ਮੈਂ ਰੈਸਟੋਰੈਂਟ ਵਿਚ ਵੇਟਰ ਦਾ ਕੰਮ ਕਰਦੀ ਸੀ। ਇਹ ਕੰਮ ਮੈਨੂੰ ਪਸੰਦ ਨਹੀਂ ਸੀ। ਮੈਂ ਮਜਬੂਰੀ ਵਿਚ ਦੋ ਸਾਲ ਇਹ ਜੌਬ ਕੀਤੀ। ਜਦੋਂ ਮੈਨੂੰ ਲੈਂਗੂਏਜ ਦੀ ਪਰਾਬਲਮ ਨਾ ਰਹੀ ਤਾਂ ਮੈਂ ਹੋਰ ਜੌਬ ਲੱਭਣੀ ਸ਼ੁਰੂ ਕੀਤੀ। ਇਕ ਹੋਰ ਰੈਸਟੋਰੈਂਟ ਵਿਚ ਮੈਨੂੰ ਰਿਸੈਪਸ਼ਨਿਸਟ ਦੀ ਜੌਬ ਮਿਲ ਗਈ। ਇਥੇ ਕੁਪਰਟੀਨੋ ਸ਼ਹਿਰ ਵਿਚ ਮੈਨੂੰ ਕੰਮ ਦਾ ਕੀ ਘਾਟਾ ਸੀ ? ਮੈਂ ਮਨ ਵਿਚ ਘਰ ਵਸਾਉਣ ਦੇ ਸੁਪਨੇ ਨੂੰ ਸਕਾਰ ਕਰਨ ਦੀ ਸੋਚਣ ਲੱਗੀ। ਲਵ ਨੇ ਮੇਰੇ ਦੋ ਕੁ ਬੁਆਏ ਫ਼ਰੈਂਡ ਬਣਾਉਣ ਦੀ ਕੋਸ਼ਿਸ਼ ਕੀਤੀ। ਉਹ ਸਟੂਡੈਂਟ ਸਨ। ਮੈਂ ਕਿਸੇ ਵੈਲ ਸੈਟਲਡ ਗੋਰੇ ਦੀ ਤਲਾਸ਼ ਵਿਚ ਸੀ ਪਰ ਗੋਰਾ ਕੋਈ ਮਿਲਿਆ ਹੀ ਨਹੀਂ। ਬਾਪੂ ਜੀ ਤੇ ਮੰਮੀ ਮੇਰੇ ਤੇ ਵਿਆਹ ਲਈ ਜ਼ੋਰ ਪਾਉਣ ਲੱਗੇ। ਬਾਪੂ ਜੀ ਨੂੰ ਤਾਂ ਫ਼ੋਨ 'ਤੇ ਵਿਆਹ ਤੋਂ ਬਿਨਾਂ ਹੋਰ ਕੋਈ ਗੱਲ ਅਹੁੜਦੀ ਹੀ ਨਹੀਂ ਸੀ। ਉਹ ਮਾਮਾ ਜੀ ਨੂੰ ਵੀ ਚਿੰਤਾ ਵਿਚ ਪਾ ਦਿੰਦੇ। ਮਾਮਾ ਜੀ ਨੇ ਕਿਸੇ ਜਾਣੂੰ ਦੇ ਭਤੀਜੇ ਪਵਨ ਦਾ ਰਿਸ਼ਤਾ ਮੇਰੇ ਲਈ ਲੈ ਆਂਦਾ। ਟਰੱਕ ਡਰਾਈਵਰ ਸੁਣਦੇ ਹੀ ਮੈਂ ਸਾਫ਼ ਨਾਂਹ ਕਰ ਦਿੱਤੀ। ਮਾਮਾ ਜੀ ਨੇ ਹਾਰ ਕੇ ਅਮਨ ਦਾ ਵਿਆਹ ਉਸ ਨਾਲ ਕਰ ਦਿੱਤਾ। ਛੇ -ਸੱਤ ਮਹੀਨੇ ਬਾਅਦ ਮੈਂ ਬਿਮਾਰ ਹੋ ਗਈ। ਮੈਨੂੰ ਅਮਨ ਦੇ ਘਰ ਨਾਲ ਈਰਖਾ ਹੋਣ ਲੱਗੀ।

ਪਵਨ ਦਾ ਆਪਣਾ ਟਰੱਕ ਸੀ। ਉਹਦੇ ਚਾਰ-ਪੰਜ ਟਰੱਕਾਂ ਵਾਲੇ ਦੋਸਤਾਂ ਨੇ ਟਰਕਿੰਗ ਕੰਪਨੀ ਬਣਾਈ ਹੋਈ ਸੀ। ਉਨ੍ਹਾਂ ਉਸ ਕੰਪਨੀ ਦੀ ਜ਼ਿੰਮੇਵਾਰੀ ਅਮਨ ਨੂੰ ਸੰਭਾਲ ਦਿੱਤੀ। ਉਹ ਘਰ ਬੈਠੀ ਹੀ ਡਿਸਪੈਚ ਦਾ ਕੰਮ ਕਰਨ ਲੱਗੀ। ਉਨ੍ਹਾਂ ਕੋਲ ਘਰ ਵੀ ਡਬਲ ਸਟੋਰੀ ਸੀ। ਪਵਨ ਜੀਜੂ ਤਾਂ ਜ਼ਿਆਦਾ ਹੀ ਫੜ੍ਹਾਂ ਮਾਰਦਾ। ਮੇਰੀ ਸਹਿਣ-ਸ਼ਕਤੀ ਜਵਾਬ ਦੇਣ ਲੱਗੀ।

ਗਗਨ ਦਾ ਸਟੋਰ ਵੀ ਵਧੀਆ ਚੱਲਣ ਲੱਗ ਪਿਆ ਸੀ। ਉਹ ਇੰਨੇ ਸਾਲ ਮੇਰੇ ਤੋਂ ਮੰਗ ਕੇ ਖਾਂਦਾ ਰਿਹਾ ਤੇ ਹੁਣ ਮੇਰਾ ਹਾਲ ਵੀ ਨਾ ਪੁੱਛਿਆ। ਮੰਮੀ ਨੂੰ ਗੱਲ ਹੀ ਸਮਝ ਨਹੀਂ ਸੀ ਆ ਰਹੀ। ਸਭ ਮੈਨੂੰ ਪਲੈਨਡ ਇਗਨੋਰ ਕਰਨ ਲੱਗ ਪਏ ਸਨ। ਮੈਨੂੰ ਉਨ੍ਹਾਂ ਦੋਵਾਂ ਦੇ ਮੁਕਾਬਲੇ ਰੈਸਟੋਰੈਂਟ ਦੀ ਜੌਬ ਮਾੜੀ ਲੱਗੀ। ਮੈਂ ਕੰਪਿਊਟਰ ਦੀ ਪੋਸਟ ਗਰੈਜੂਏਟ ਅਤੇ ...।

ਇਕ ਦਿਨ ਇਕ ਕਾਲੀ ਆਪਣੇ ਬੇਬੀ ਨੂੰ ਲੈ ਕੇ ਰੈਸਟੋਰੈਂਟ ਵਿਚ ਡਿਨਰ ਕਰਨ ਆਈ। ਬੇਬੀ ਟਿਕ ਨਹੀਂ ਸੀ ਰਿਹਾ। ਉਹ ਮੈਂਟਲੀ ਅਪਸੈੱਟ ਲੱਗ ਰਿਹਾ ਸੀ। ਉਹ ਕੁਝ ਮਿੰਟ ਠੀਕ ਲੱਗੇ ਤੇ ਕੁਝ ਮਿੰਟਾਂ ਬਾਅਦ ਬੇਚੈਨੀ ਵਿਚ ਆਪਣੀਆਂ ਬੋਦੀਆਂ ਪੁੱਟਣ ਲੱਗ ਪਵੇ ਜਾਂ ਆਪਣੀ ਮਾਂ ਦੇ ਢਿੱਡ ਵਿਚ ਮੁੱਕੇ ਮਾਰਨ ਲੱਗ ਪਵੇ। ਉਹਦੀ ਮਾਂ ਵਿਚ ਸਬਰ ਬੜਾ ਸੀ। ਉਹ ਮੁਸਕਰਾਉਂਦੀ ਹੀ ਰਹੀ। ਆਪਣੇ ਬੇਬੀ ਨੂੰ ਗੋਦੀ ਵਿਚ ਲੈ ਚੁੰਮਦੀ ਚੱਟਦੀ...ਸ਼ਾਂਤ ਕਰਦੀ, ਖਾਣਾ ਖਲਾਉਣ ਲੱਗ ਪਈ।

ਮੇਰੀ ਮੰਮੀ ਵੀ ਇਹੋ ਕੁਝ ਹੀ ਕਰਦੀ ਪਰ ਮੈਂ। ਮੈਂ ਜੌਬ ਛੱਡ ਕੇ ਆਪਣੇ ਰੂਮ ਵਿਚ ਪਈ ਰਹਿੰਦੀ। ਮੈਨੂੰ ਪਸੀਨਾ ਬਹੁਤ ਆਉਂਦਾ ਸੀ। ਘਬਰਾਹਟ ਹੋਣ ਲੱਗ ਪੈਂਦੀ। ਇਕੱਲੀ ਬੋਲਣ ਲੱਗ ਪੈਂਦੀ। ਕੂਕ ਵੱਜ ਜਾਂਦੀ। ਡਰ ਕੇ ਉੱਠ ਪੈਂਦੀ। ਹਵਾ ਵਿਚ ਉਂਗਲੀਆਂ ਖੜ੍ਹੀਆਂ ਕਰ ਲੈਂਦੀ। ਮੰਮੀ

ਤੇ ਮਾਮਾ ਜੀ ਮੈਨੂੰ ਇਕ ਸਾਈਕੈਟਰਿਕ ਕੋਲ ਲੈ ਗਏ।

"ਮੈਂ ਤਿੰਨ ਲੋਕਾਂ ਵਿਚ ਘਿਰੀ ਹੋਈ ਹਾਂ। ਰੈਸਟੋਰੈਂਟ, ਘਰ ਅਤੇ ਕਿਸੇ ਹੋਰ ਗ੍ਰਹਿ ਦੇ ਵਾਸੀ।" ਸਾਈਕੈਟਰਕ ਦੇ ਪੁੱਛਣ ਤੇ ਮੈਂ ਦੱਸਿਆ ਸੀ।

ਮੈਂ ਜਦੋਂ ਜ਼ਿਆਦਾ ਪ੍ਰਾਬਲਮ ਵਿਚ ਘਿਰ ਜਾਂਦੀ । ਗੁਰਦਵਾਰਾ ਸਾਹਿਬ ਚਲੀ ਜਾਂਦੀ। ਘਰ ਚਿਰਾਗ਼ ਬਾਲ਼ ਲੈਂਦੀ। ਥੋੜ੍ਹੇ ਚਿਰ ਲਈ ਸ਼ਾਂਤ ਵੀ ਹੋ ਜਾਂਦੀ ਪਰ ਮੁੜ ਉਸੇ ਸਥਿਤੀ ਵਿਚ ਚਲੀ ਜਾਂਦੀ। ਮੈਂ ਉਸ ਕਾਲੇ ਮੁੰਡੇ ਵਾਂਗ ਆਪਣੀਆਂ ਮੀਢੀਆਂ ਪੁੱਟਣ ਲੱਗ ਪੈਂਦੀ। ਪੰਜ ਦਿਨ ਡਾਕਟਰ ਮੇਰੀਆਂ ਹਰਕਤਾਂ ਨੋਟ ਕਰਦੇ ਰਹੇ। ਫਿਰ ਉਨ੍ਹਾਂ ਇਕ ਕੁਅਸਚਨੀਅਰ ਤਿਆਰ ਕੀਤਾ। ਮੈਨੂੰ ਜਵਾਬ ਲਿਖਣ ਲਈ ਕਿਹਾ ਗਿਆ। ਮਸਲਨ:

ੳ. ਤੁਹਾਡੇ ਘਰ ਵਿਚ ਸਭ ਤੋਂ ਸੁਹਣਾ ਤੇ ਸਿਆਣਾ ਬੰਦਾ ਕੌਣ ਹੈ ?

ਮੈਂ ਆਪਣਾ ਨਾਂ ਲਿਖਿਆ ਸੀ।

ਅ. ਘਰ ਅਤੇ ਬਾਹਰ ਦੇ ਕੰਮ ਕਿਵੇਂ ਹੋਣੇ ਚਾਹੀਦੇ ਹਨ ?

ਜਵਾਬ: ਮੇਰੀ ਮਰਜ਼ੀ ਮੁਤਾਬਿਕ।

ੲ. ਘਰ ਦਾ ਪ੍ਰਬੰਧ ਕੌਣ ਚਲਾਵੇ ?

ਜਵਾਬ: ਹਿਸਾਬ ਮੇਰੇ ਕੋਲ ਹੋਣਾ ਚਾਹੀਦਾ ਹੈ।

ਸ. ਪਤੀ ਕਿਹੋ ਜਿਹਾ ਚਾਹੀਦਾ ?

ਜਵਾਬ: ਜਿਹੜਾ ਮੇਰੇ ਅੱਗੇ -ਪਿੱਛੇ ਘੁੰਮੇਂ। ਘਰ ਦੇ ਸਾਰੇ ਮੈਂਬਰ ਮੇਰੇ ਕਹੇ ਅਨੁਸਾਰ ਚੱਲਣ।

ਇਹੋ ਜਿਹੇ ਕੋਈ ਪੱਚੀ ਸਵਾਲ ਸਨ। ਮੈਂ ਬਾਕੀਆਂ ਦੇ ਜਵਾਬ ਹੀ ਨਹੀਂ ਦਿੱਤੇ।

ਮੇਰੇ ਕਈ ਟੈਸਟ ਕੀਤੇ। ਐਮ ਆਰ ਆਈ ਅਤੇ ਸਿਟੀ ਸਕੈਨ ਵੀ ਕੀਤਾ। ਅੰਤ ਡਾਕਟਰ ਮੰਮੀ ਅਤੇ ਮਾਮਾ ਜੀ ਨੂੰ ਕਹਿਣ ਲੱਗਾ-

" ਇਹ ਮਾਨਿਸਕ ਰੋਗਣ ਨਹੀਂ ਹੈ। ਇਹ ਪਰਸਨੈਲਿਟੀ ਡਿਸਆਰਡਰ ਦੀ ਸ਼ਿਕਾਰ ਹੈ। ਇਹ ਉਹ ਰੋਗ ਹੈ ਜੋ ਕੰਟਰੋਲ ਕੀਤਾ ਜਾ ਸਕਦਾ ਹੈ, ਖ਼ਤਮ ਨਈਂ। ਸਾਰੇ ਜੀਅ ਰੋਗੀ ਪ੍ਰਤੀ ਆਪਣਾ ਵਿਵਹਾਰ ਬਦਲੋ। ਇਸ ਨੂੰ ਫ਼ੁੱਲ ਰਸਪੈਕਟ ਦਿਓ।" ਪਵਨ ਨੇ ਮੈਨੂੰ ਡਾਕਟਰ ਦੇ ਬੋਲਾਂ ਦੀ ਡਿਟੇਲ ਦੱਸੀ ਸੀ।

ਸਾਈਕੈਟਰਕ ਝੂਠ ਬੋਲਦਾ ਸੀ। ਮੇਰੀ ਰਸਪੈਕਟ ਹੁਣ ਕਿਸ ਨੇ ਕਰਨੀ ਸੀ ? ਗਗਨ ਨੇ ਵੀ ਵਿਆਹ ਕਰਵਾ ਲਿਆ ਸੀ। ਉਸਦੀ ਵਾਈਫ਼ ਨਰਸ ਸੀ ਅਤੇ ਉਹ ਉਸ ਨਾਲ ਬਹੁਤਾ ਸਮਾਂ ਬਾਹਰ ਹੀ ਸਪੈਂਡ ਕਰਦਾ। ਪਵਨ ਅਕਸਰ ਘਰ ਗੇੜਾ ਮਾਰਦਾ ਰਹਿੰਦਾ। ਉਸਦੀਆਂ ਕਾਲੀਆਂ ਸ਼ਾਹ ਅੱਖਾਂ ਤੋਂ ਭੈਅ ਆਉਂਦਾ। ਉਹ ਅੱਖਾਂ ਪਾੜ-ਪਾੜ ਮੇਰੇ ਵੱਲ ਦੇਖਦਾ। ...ਡਾਕਟਰ ਮੇਰੇ ਰੋਗ ਨੂੰ ਘਟਾ ਰਹੇ ਸਨ। ਘਰ ਵਿਚ ਮੇਰੀ ਪੁੱਛ-ਗਿੱਛ ਵਧ ਗਈ ਸੀ। ਗਗਨ ਦੀ ਵਾਈਫ਼ ਮੇਰੀ ਬਹੁਤ ਰਸਪੈਕਟ ਕਰਦੀ। ਉਹ ਹਰ ਕੰਮ ਮੇਰੀ ਸਲਾਹ ਨਾਲ ਕਰਨ ਲੱਗੀ। ਅਮਨ ਦਾ ਸਾਰਾ ਡਿਸਪੈਚ ਦਾ ਕੰਮ ਕੰਪਿਊਟਰ ਤੇ ਸੀ। ਉਹ ਮੇਰੇ ਕੋਲੋਂ ਟਰੇਨਿੰਗ ਲੈਣ ਆਉਣ ਲੱਗ ਪਈ। ਲਵ ਮੇਰੀ ਜੌਬ ਲਈ ਨੱਠ-ਭੱਜ ਕਰ ਰਹੀ ਸੀ। ਸੋ ਮੇਰੇ ਨਾਲ ਚੰਗਾ-ਚੰਗਾ ਹੋਣ ਲੱਗ ਪਿਆ। ਇਹ ਸਭ ਮਾਮਾ ਜੀ ਦੀ ਮਿਹਰਬਾਨੀ ਸੀ। ਮੰਮੀ ਮੈਨੂੰ ਗਲਵਕੜੀ ਵਿਚ ਲੈ ਲੈਂਦੀ। ਪਿਆਰ ਨਾਲ ਨੱਕੋ-ਨੱਕ ਭਰ ਦਿੰਦੀ। ਮੈਂ ਕੁਝ ਮਹੀਨਿਆਂ ਵਿਚ ਹੀ ਪਹਿਲਾਂ ਵਰਗੀ ਹੋ ਗਈ ਸੀ।

ਲਵ ਨੇ ਮੇਰੇ ਲਈ ਜੌਬ ਲੱਭ ਦਿੱਤੀ ਸੀ। ਮੈਂ ਇਮੀਗਰੇਸ਼ਨ ਡਿਪਾਰਟਮੈਂਟ ਵਿਚ ਇਲਲੀਗਲ ਕੇਸਾਂ ਦੀਆਂ ਫ਼ਾਈਲਾਂ ਦੀ ਡੈਟਾ ਐਂਟਰੀ ਕਰਨ ਲੱਗ ਪਈ। ਇਹ ਜੌਬ ਸਟਰੈਸ ਵਾਲੀ



ਹੋਣ ਦੇ ਬਾਵਜੂਦ ਮੇਰੇ ਮਨ ਪਸੰਦ ਸੀ। ਪੇਅ ਵੀ ਵਧੀਆ ਸੀ। ਮੈਂ ਖ਼ੁਸ਼ੀ ਨਾਲ ਸਵੇਰੇ ਕੰਮ ਤੇ ਜਾਂਦੀ ਸੀ। ਸਾਰੇ ਕੰਪਿਊਟਰ ਵਾਈ-ਫ਼ਾਈ ਰਾਹੀਂ ਇੰਟਰਨੈਟ ਨਾਲ ਕੁਨੈਕਟਿਡ ਸਨ। ਸੁਪਰਵਾਈਜ਼ਰ ਵਾਲੇ ਕਮਰੇ ਵਿਚ ਕਸਟਮਰ ਆਉਂਦੇ । ਉਹ ਆਪਣੇ ਕੇਸ ਸੰਬੰਧੀ ਡਾਕੂਮੈਂਟਸ ਪੇਸ਼ ਕਰਦੇ। ਉਹ ਸਾਨੂੰ ਫ਼ਾਇਲ ਤਿਆਰ ਕਰਨ ਲਈ ਆਰਡਰ ਕਰਦੇ।

ਮੇਰਾ ਸੁਪਰਵਾਈਜ਼ਰ ਰਿਚਰਡ ਕਰਟਿਸ ਬਹੁਤ ਐਕਟਿਵ ਸੀ। ਉਸਦੀਆਂ ਮੋਟੀਆਂ ਮੋਟੀਆਂ ਨੀਲੀਆਂ ਅੱਖਾਂ ਵਿਚ ਜਾਦੂ ਸੀ। ਭੂਰੇ ਰੰਗ ਦੀ ਛੋਟੀ-ਛੋਟੀ ਦਾੜ੍ਹੀ-ਮੁੱਛ ਨਾਲ ਉਹ ਬਹੁਤ ਸੁਨੱਖਾ ਲੱਗਦਾ ਸੀ। ਮੈਂ ਅਕਸਰ ਹੀ ਉਸਦੇ ਰੂਮ ਵਿਚ ਜਾਂਦੀ ਸੀ। ਮੇਰੀਆਂ ਨਜ਼ਰਾਂ ਉਸਦੇ ਚਿਹਰੇ ਤੋਂ ਹਟਣਾ ਨਹੀਂ ਚਾਹੁੰਦੀਆਂ ਸਨ। ਉਹ ਵੀ ਸਮਾਈਲ ਪਾਸ ਕਰਕੇ ਰਿਸਪਾਂਡ ਕਰ ਜਾਂਦਾ ਸੀ।

ਕੁਝ ਦਿਨਾਂ ਬਾਅਦ ਉਸਨੇ ਮੈਨੂੰ ਰੋਕ ਕੇ ਕਿਹਾ ਸੀ-

"ਯੂ ਆਰ ਐਕਸਟਰੀਮਲੀ ਬਿਊਟੀਫ਼ੁੱਲ! ਕੈਨ ਆਈ ਟੇਕ ਯੂਅਰ ਪਿਕਚਰ ? ਮੈਂ ਸ਼ਰਮਾ ਕੇ ਹੌਲੀ ਜਿਹੀ "ਯੈਸ" ਕਿਹਾ। ਉਸ ਮੈਨੂੰ ਕੰਪਿਊਟਰ 'ਤੇ ਟਾਈਪ ਕਰਨ ਦਾ ਇਸ਼ਾਰਾ ਕੀਤਾ। ਸਮਾਰਟ ਫ਼ੋਨ ਆਨ ਕਰਕੇ ਪੋਜ ਬਣਾਉਣ ਲੱਗਾ। ਫਿਰ ਉਸ ਫ਼ੋਨ ਟੇਬਲ ਤੇ ਰੱਖ ਕੇ ਮੇਰੀ ਸ਼ਰਟ ਦਾ ਕਾਲਰ ਠੀਕ ਕੀਤਾ ਅਤੇ ਮੱਥੇ ਤੇ ਵਾਲਾਂ ਦੀ ਲਿਟ ਨੂੰ ਥਾਂ ਸਿਰ ਕੀਤਾ। ਕੈਮਰਾ ਫੜ੍ਹਦੇ ਬੋਲਿਆ, "ਸੇ ਚੀਜ਼!" ਮੇਰੇ ਚੀਜ਼ ਕਹਿੰਦੇ ਹੀ ਉਸਨੇ ਫ਼ੋਟੋ ਖਿੱਚ ਦਿੱਤੀ। ਰੱਬ ਨੇ ਜਿਹੜਾ ਹੀਰੋ ਮੇਰੇ ਖ਼ੁਆਬ ਵਿਚ ਫਿੱਟ ਕੀਤਾ ਸੀ, ਉਹ ਕੋਈ ਹੋਰ ਨਹੀਂ ਇਹੋ ਸੀ।

ਰਿਚਰਡ ਮੇਰਾ ਸੁਪਰਵਾਈਜ਼ਰ ਹੋਣ ਕਾਰਨ ਮੈਂ ਉਸਦੀ ਹਰ ਗੱਲ ਮੰਨਦੀ ਸੀ। ਮੈਂ ਅੱਠ ਘੰਟੇ ਕੰਮ ਕਰਕੇ ਘਰ ਚਲੀ ਜਾਂਦੀ ਸੀ। ਇਕ ਦਿਨ ਕੁਝ ਜ਼ਿਆਦਾ ਐਂਟਰੀਆਂ ਕਰਨ ਕਾਰਨ ਮੈਨੂੰ ਓਵਰ ਟਾਈਮ ਲਾਉਣ ਲਈ ਕਿਹਾ ਸੀ। ਅਸੀਂ ਰਾਤ ਦੇ ਬਾਰਾਂ ਵਜੇ ਤੱਕ ਕੰਮ ਕਰਦੇ ਰਹੇ। ਉਸਦੇ ਜ਼ੋਰ ਪਾਉਣ ਤੇ ਮੈਂ ਉਸ ਨਾਲ ਰਾਤ ਮੋਟਲ ਵਿਚ ਰਹਿ ਪਈ। ਉਹ ਮੇਰੀ ਹਰ ਇੱਛਾ ਤੇ ਫ਼ੁੱਲ ਚੜ੍ਹਾ ਰਿਹਾ ਸੀ। ਉਹ ਅਲਾਰਮ ਲਗਾ ਕੇ ਸੁੱਤਾ ਸੀ। ਉਸ ਨੇ ਮੈਨੂੰ ਲੋਅ ਲੱਗਣ ਤੋਂ ਪਹਿਲਾਂ ਹੀ ਜਗਾ ਦਿੱਤਾ। ਬਾਹਰ ਲਿਜਾ ਕੇ ਦਰਖ਼ਤਾਂ ਦੇ ਝੁੰਡ ਵਾਲਾ ਇਕ ਖ਼ੂਬਸੂਰਤ ਟਿਕਾਣਾ ਲੱਭ ਕੇ ਮੈਨੂੰ ਬੈਂਚ ਤੇ ਬਿਠਾ ਦਿੱਤਾ। ਫਿਰ ਘੁੰਮ-ਫਿਰ ਕੇ ਸੂਰਜ ਚੜ੍ਹਨ ਦੀ ਵੇਟ ਕਰਨ ਲੱਗ ਪਿਆ। ਜਲਦੀ ਹੀ ਸੂਰਜ ਦੀਆਂ ਸੋਨੇ ਰੰਗੀਆਂ ਕਿਰਨਾਂ ਦਰਖ਼ਤਾਂ ਨੂੰ ਚੀਰਦੀਆਂ ਧਰਤੀ ਨੂੰ ਚੁੰਮਣ ਲੱਗ ਪਈਆਂ। ਉਹ ਜੇਤੂ ਹੋ ਰਹੇ ਚਾਨਣ ਵਿਚੋਂ ਮੇਰਾ ਅਕਸ ਉਭਾਰ ਕੇ ਆਪਣੇ ਬੁਰਸ਼ ਨਾਲ ਪੇਂਟਿੰਗ ਬਣਾਉਣ ਲੱਗਾ। ਉਸਦੀ ਪੇਂਟਿੰਗ ਵਿਚੋਂ ਬੇਟ ਦੀ ਜੋਬਨ ਮੱਤੀ ਮੁਟਿਆਰ ਉ ੱਭਰ ਕੇ ਸਾਹਮਣੇ ਆਈ ਸੀ।

ਨਾਈਟ ਸ਼ਿਫ਼ਟ ਲਾਉਣ ਕਾਰਨ ਅਗਲੇ ਦਿਨ ਅਸੀਂ ਕੰਮ ਤੋਂ ਵਿਹਲੇ ਸੀ। ਮੈਂ ਘਰ ਕਿਸੇ ਨੂੰ ਨਹੀਂ ਦੱਸਿਆ। ਰਿਚਰਡ ਮੈਨੂੰ ਬੀਚ ਤੇ ਲੈ ਗਿਆ। ਦਿਨ ਧੁੱਪ ਨਾਲ ਨਿੱਖਰਿਆ ਪਿਆ ਸੀ। ਸਮੁੰਦਰੀ ਲਹਿਰਾਂ ਕਿਨਾਰਿਆਂ ਨੂੰ ਚੁੰਮ ਰਹੀਆਂ ਸਨ। ਪਾਣੀ ਦੀ ਝੱਗ ਕਿਨਾਰਿਆਂ ਦੀ ਰੇਤ ਤੇ ਵਿਛ ਰਹੀ ਸੀ। ਮੈਂ ਪਾਣੀ ਨਾਲ ਕਲੋਲਾਂ ਕਰਨ ਲੱਗ ਪਈ। ਉਸ ਰੇਤ ਉੱਤੇ ਮੇਰਾ ਨਾਂ ਗੁਰਵਿੰਦਰ ਕੌਰ ਵਿਰਦੀ ਲਿਖ ਦਿੱਤਾ। ਉਸ ਨੂੰ ਇੰਨਾ ਲੰਮਾ ਨਾਂ ਲੈਣ ਵਿਚ ਦਿੱਕਤ ਆਉਂਦੀ ਸੀ। ਉਸ ਨੇ ਰੇਤ ਉੱਤੋਂ ਗੁਰਵਿੰਦਰ ਕੌਰ ਮਿਟਾ ਕੇ ਗੈਵੀ ਲਿਖ ਦਿੱਤਾ। ਫਿਰ ਅਸੀਂ ਅਕਸਰ ਬੀਚ ਤੇ ਜਾਂਦੇ। ਬੋਟਿੰਗ ਕਰਦੇ, ਪਾਣੀ ਵਿਚ ਚੁੱਭੀਆਂ ਮਾਰਦੇ, ਰੇਤ ਤੇ ਲੇਟਦੇ ਅਤੇ ਧੁੱਪ ਨੂੰ ਮਾਣਦੇ। ਧੁੱਪ ਚੁੱਭਦੀ ਤਾਂ ਛਤਰੀ ਤਾਣ ਲੈਂਦੇ। ਉਸਦੀਆਂ ਬਾਹਾਂ ਦਾ ਸਪਰਸ਼ ਮੈਨੂੰ ਅਜੀਬ ਸਕੂਨ ਦਿੰਦਾ।

ਮੇਰੇ ਸਾਹਮਣੇ ਇਕ ਇਹ ਸਮੁੰਦਰ ਸੀ ਅਤੇ ਦੂਜਾ ਮੇਰੇ ਪਿੰਡ ਕੋਲੋਂ ਲੰਘਦਾ ਸਤਲੁਜ ਦਰਿਆ। ਜਦੋਂ ਦਰਿਆ ਚੜ੍ਹ ਆਉਂਦਾ ਸੀ, ਅਸੀਂ ਕਈ -ਕਈ ਦਿਨ ਪੜ੍ਹਨ ਨਹੀਂ ਜਾਂਦੇ ਸੀ।

ਕੋਈ ਨੱਠ-ਭੱਜ ਨਹੀਂ ਸੀ। ਹੁਣ ਤੇ ਸਵੇਰ ਤੋਂ ਸ਼ਾਮ ਤੱਕ ਕਾਰਾਂ ਦਾ ਨਿਰੰਤਰ ਵਗਦਾ ਵੱਗ ਜਾਂ ਡੈਟਾ ਐਂਟਰੀਜ਼ ਦੀ ਭਰਮਾਰ। ਬਸ ਅਸੀਂ ਆਫ਼ਿਸ ਤੇ ਕੰਮ ਤੋਂ ਥੱਕੇ ਹੀ ਹੋਟਲਾਂ, ਪਾਰਕਾਂ, ਬੀਚਾਂ ਜਾਂ ਲੌਂਗ ਡਰਾਈਵ ਤੇ ਜਾਂਦੇ। ਮੈਂ ਘਰ ਵਾਲਿਆਂ ਤੋਂ ਲੁਕੋ ਰੱਖਦੀ। ਅਸੀਂ ਕੰਮ ਵੀ ਪੂਰਾ ਕਰਦੇ ਤੇ ਐਨਜੁਆਏ ਵੀ । ਰਿਚਰਡ ਮੇਰੇ ਤੋਂ ਬਹੁਤ ਹੈਪੀ ਸੀ। ਸਾਰੇ ਕੋ ਵਰਕਰ ਮੇਰੇ ਨਾਲ ਜੈਲਸ ਕਰਨ ਲੱਗ ਪਏ ਸਨ। ਉਹ ਮੇਰੀਆਂ ਤਰੀਫਾਂ ਕਰਦਾ ਤਾਂ ਕਿਸੇ ਕੋਲੋਂ ਝੱਲ ਨਾ ਹੁੰਦਾ।

ਖੁਸ਼ ਤਾਂ ਅਮਨ ਤੇ ਪਵਨ ਵੀ ਸਨ। ਉਨ੍ਹਾਂ ਇਕ ਹੋਰ ਟਰੱਕ ਤੇ ਇਕ ਹੋਰ ਘਰ ਦੇ ਲੋਨ ਕਰਵਾ ਲਏ ਸਨ। ਗਗਨ ਦਾ ਬਿਜ਼ਨਿਸ ਵੀ ਵੱਧ-ਫੁੱਲ ਰਿਹਾ ਸੀ। ਉਹ ਲੋਨ ਲੈ ਕੇ ਸਟੋਰ ਵਿਚ ਹੋਰ ਸਮਾਨ ਪਾ ਲੈਂਦਾ। ਲਵ ਯੂਨੀਵਰਸਿਟੀ ਜਾ ਕੇ ਗੋਰੇ ਖੰਭਾਂ ਤੇ ਉੱਡੀ ਫਿਰਦੀ ਸੀ ਅਤੇ ਮੈਂ ਰਿਚਰਡ ਦੇ ਹੁਲਾਰਿਆਂ ਨਾਲ ਪੀਂਘ ਅਸਮਾਨੀਂ ਚੜ੍ਹਾ ਰਹੀ ਸੀ।

ਅਚਾਨਕ ਨਾਈਨ ਇਲੈਵਨ ਦੀ ਘਟਨਾ ਨੇ ਸਾਰੇ ਅਮਰੀਕੀ ਸਿਸਟਮ ਨੂੰ ਜੜ੍ਹਾਂ ਤੋਂ ਹਿਲਾ ਦਿੱਤਾ। ਕੋਈ ਵੀ ਰਿਸੈਸ਼ਨ ਦਾ ਸ਼ਿਕਾਰ ਹੋਣੋਂ ਨਾ ਬਚਿਆ। ਪਵਨ ਦਾ ਇਕ ਟਰੱਕ ਅਤੇ ਘਰ ਬੈਂਕ ਕੋਲ ਚਲੇ ਗਏ। ਗਗਨ ਦਾ ਸਟੋਰ ਵੀ ਬੈਂਕ ਨੇ ਸੀਲ ਕਰ ਦਿੱਤਾ। ਸਟੋਰ ਨੂੰ ਤਾਲਾ ਲੱਗਾ ਦੇਖ ਕੇ ਉਸਦੀ ਹਾਲਤ ਪਾਗ਼ਲਾਂ ਵਰਗੀ ਹੋ ਗਈ। ਸੰਤੋਖ ਮਾਮਾ ਜੀ ਨੇ ਹੌਸਲਾ ਦਿੰਦੇ ਹੋਏ ਕਿਹਾ ਸੀ-

" ਗਗਨ ! ਅਮਰੀਕੀ ਸਿਸਟਮ ਵਿਚ ਬੰਦਾ ਮਿਹਨਤ ਕਰਕੇ ਮੰਜ਼ਿਲ ਸਰ ਕਰ ਲੈਂਦਾ ਹੈ ਪਰ ਕਈ ਵਾਰੀ ਇਹ ਉਸ ਨੂੰ ਮੂਧੇ ਮੂੰਹ ਵੀ ਸੁੱਟ ਦਿੰਦੈ। ਇਸ ਸਿਸਟਮ ਦੀ ਇਕ ਸਿਫ਼ਤ ਆ ਕਿ ਇਹ ਬੰਦੇ ਨੂੰ ਮਰਨ ਨਹੀਂ ਦਿੰਦਾ। ਉਸਦੇ ਮੂੰਹ ਵਿਚ ਪਾਣੀ ਦੀ ਬੂੰਦ ਪਾ ਕੇ ਉਸ ਨੂੰ ਫਿਰ ਉੱਠਣ ਜੋਗਾ ਕਰ ਦਿੰਦੈ। ਮੇਰੇ ਕੋਲ ਉਦੋਂ ਉਹ ਸਟੋਰ ਵਾਧੂ ਸੀ, ਸੋ ਮੈਂ ਤੈਨੂੰ ਦੇ ਦਿੱਤਾ। ਮੇਰੇ ਗੈਸ ਪੰਪ ਵੀ ਬੈਂਕ ਕੋਲ ਚਲੇ ਗਏ। ਹੁਣ ਤਾਂ ਰੋਟੀ ਖਾਣ ਨੂੰ ਇਕ ਸਮੋਕ ਸ਼ਾਪ ਹੀ ਬਚੀ ਹੈ ਤੂੰ ਹੌਸਲਾ ਰੱਖ ! ਢੇਰੀ ਨਾ ਢਾਹ !"

ਪਰ ਗਗਨ ਦੀ ਢੇਰੀ ਢਹਿ ਗਈ ਸੀ। ਉਸਦੇ ਇਨ ਲਾਅਜ਼ ਯੂਬਾਸਿਟੀ ਵਿਚ ਹਨ। ਉਹ ਓਥੇ ਮੂਵ ਹੋ ਗਏ। ਉਹ ਘਰ ਬੇਬੀ ਸਿਟਿੰਗ ਕਰਦਾ ਹੈ ਤੇ ਵਾਈਫ਼ ਹੌਸਪੀਟਲ ਕੰਮ ਤੇ ਚਲੀ ਜਾਂਦੀ ਹੈ। ਮੰਮੀ ਕੋਲ ਵੀ ਇਕੋ ਘਰ ਦਾ ਕੰਮ ਹੀ ਰਹਿ ਗਿਆ ਹੈ। ਮੇਰੇ ਆਫ਼ਿਸ ਵਿਚ ਲੇ-ਆਫ਼ ਚੱਲ ਰਹੀ ਏ। ਮੈਨੂੰ ਤਾਂ ਵੀ ਐਕਸਟਰਾ ਕੰਮ ਲਈ ਬੁਲਾਇਆ ਜਾ ਰਿਹੈ। ਇਸ ਲਈ ਸਾਰੇ ਕੋ ਵਰਕਰ ਮੇਰੇ ਨਾਲ ਹੋਰ ਜੈਲਸ ਕਰਨ ਲੱਗ ਪਏ ਸਨ। ਰਿਚਰਡ ਨਾਲ ਮੇਰਾ ਮੇਲ-ਜੋਲ ਮੰਮੀ ਨੂੰ ਵੀ ਪਸੰਦ ਨਹੀਂ ਸੀ। ਉਹ ਹਰ ਵਕਤ ਚੁੱਪ ਜਿਹੀ ਰਹਿੰਦੀ ਸੀ। ਉਸਦਾ ਬਲੱਡ ਪ੍ਰੈਸ਼ਰ ਵੀ ਵਧਿਆ ਰਹਿੰਦਾ ਹੈ। ਉਹ ਵਿਚੋ-ਵਿਚ ਗਗਨ ਨੂੰ ਵੀ ਮਿਸ ਕਰਦੀ ਸੀ।

ਪਿੱਛੇ ਜਿਹੇ ਮੈਂ ਰਿਚਰਡ ਨਾਲ ਟੂਰ 'ਤੇ ਜਾਣਾ ਸੀ। ਮੈਂ ਘਰ ਬਹਾਨਾ ਲਾਇਆ ਸੀ ਕਿ ਕੰਪਨੀ ਵੱਲੋਂ ਟਰੇਨਿੰਗ ਤੇ ਜਾਣਾ ਹੈ। ਮਾਂ ਸੁਣਦੇ ਹੀ ਮੰਜੇ ਤੇ ਪੈ ਗਈ। ਰਿਚਰਡ ਨੇ ਹਵਾਈ ਜਹਾਜ਼ ਦੀ ਟਿਕਟ ਤੇ ਮੋਟਲ ਸਭ ਬੁੱਕ ਕਰ ਰੱਖੇ ਸਨ। ਮੈਂ ਗਗਨ ਨੂੰ ਫ਼ੋਨ ਕੀਤਾ ਕਿ ਮੰਮੀ ਕੋਲ ਆ ਜਾਵੇ। ਉਹ ਕਹੇ ਕਿ ਬੇਬੀ ਸਿਟਿੰਗ ਕੌਣ ਕਰੇਗਾ ? ਅਮਨ ਕਹੇ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ, ਨਾਲੇ ਮੈਂ ਹੁਣੇ ਨਵੀਂ ਪਾਰਟ ਟਾਈਮ ਜੌਬ ਸ਼ੁਰੂ ਕੀਤੀ ਏ। ਉਹ ਕਿਸੇ ਦੇ ਘਰ ਸ਼ਾਮ ਨੂੰ ਡਿਨਰ ਬਣਾਉਣ ਜਾਂਦੀ ਸੀ। ਮੇਰੀ ਆਪਣੀ ਮਜਬੂਰੀ ਸੀ। ਮੈਂ ਅਮਨ ਨੂੰ ਮਨਾ ਕੇ ਚਲੀ ਗਈ।

ਅਸੀਂ ਦੋ ਦਿਨ ਲਈ ਲਾਸ ਵੇਗਸ ਗਏ ਸੀ। ਇਹ ਜੂਆ ਖੇਡਣ ਵਾਲਿਆਂ ਦੀ ਨਗਰੀ ਹੈ। ਮੈਂ ਵੀ ਸ਼ਾਇਦ ਜ਼ਿੰਦਗੀ ਨਾਲ ਜੂਆ ਹੀ ਖੇਡ ਰਹੀ ਸੀ। ਅਸੀਂ ਉੱਥੇ 'ਵੈਲਨਟਾਈਨ ਡੇ' ਨੂੰ ਪੁੱਜੇ ਸੀ। ਇਹ ਦਿਨ ਪਿਆਰ ਅਤੇ ਵਿਆਹ ਲਈ ਮਸ਼ਹੂਰ ਹੈ। ਵੱਖ-ਵੱਖ ਜੋੜੇ ਇਕ ਦੂਜੇ ਨੂੰ



ਪਰਪੋਜ਼ ਕਰ ਰਹੇ ਸਨ। ਜਿਸ ਹੋਟਲ ਵਿਚ ਅਸੀਂ ਠਹਿਰੇ ਸੀ ਓਥੇ ਇਕ ਬਹੁਤ ਵੱਡਾ ਪੂਲ ਸੀ ਜਿਸਦੇ ਇਰਦ -ਗਿਰਦ ਸੌ ਦੇ ਕਰੀਬ ਫਾਊਨਟੇਨ ਡਾਂਸ ਕਰਕੇ ਇਕ ਦਿਲਕਸ਼ ਨਜ਼ਾਰਾ ਬਣਾ ਰਹੇ ਸਨ। ਅਸੀਂ ਵੀ ਰਾਤ ਨੂੰ ਉਨ੍ਹਾਂ ਜੋੜਿਆਂ ਵਿਚ ਸ਼ਾਮਿਲ ਹੋ ਗਏ। ਸੰਗੀਤ ਦੀਆਂ ਧੁਨਾਂ ਅਤੇ ਹਜ਼ਾਰਾਂ ਜਗਦੀਆਂ ਬੁਝਦੀਆਂ ਡਿਸਕੋ ਲਾਈਟਾਂ ਵਿਚ ਪਤਾ ਹੀ ਨਹੀਂ ਲੱਗਾ ਕਦੋਂ ਰਿਚਰਡ ਦੀਆਂ ਬਾਹਾਂ ਵਿਚ ਲਿਪਟ ਕੇ ਇਕ ਪੰਜਾਬਣ ਮੁਟਿਆਰ ਅੰਗਰੇਜ਼ੀ ਬੀਟ ਤੇ ਡਾਂਸ ਕਰਨ ਲੱਗ ਪਈ ਸੀ। ਰਿਚਰਡ ਦੇ ਚੁੰਮਣਾਂ ਅਤੇ ਜੂਸ ਵਿਚ ਮਿਲੀ ਵਾਈਨ ਨੇ ਸਾਰੀ ਰਾਤ ਮੈਨੂੰ ਮਦਹੋਸ਼ ਕਰੀ ਰੱਖਿਆ ਤੇ ਅੰਤ - ਅਗਲੇ ਦਿਨ ਜਦੋਂ ਮੈਨੂੰ ਹੋਸ਼ ਆਈ ਮੇਰਾ ਸਭ ਕੁਝ ਲੁੱਟ ਚੁੱਕਾ ਸੀ। ਮੈਂ ਬਾਪੂ ਦੀ ਗੁਨਾਹਗਾਰ ਬਣ ਚੁੱਕੀ ਸੀ। ਮੇਰਾ ਰੋਣਾ ਬੰਦ ਨਹੀਂ ਸੀ ਹੋ ਰਿਹਾ। ਰਿਚਰਡ ਪਰੇਸ਼ਾਨ ਹੋ ਕੇ ਬੋਲੀ ਜਾ ਰਿਹਾ ਸੀ, "ਵਟ'ਸ ਅੱਪ ਹਨੀ ?" ਉਸਦੇ ਭਾਣੇ ਕੁਝ ਹੋਇਆ ਹੀ ਨਹੀਂ ਸੀ ਤੇ ਮੇਰੇ ਜੀਵਨ ਰੂਪੀ ਝਨਾਂ ਵਿਚ ਤੂਫ਼ਾਨ ਆ ਚੁੱਕਾ ਸੀ। ਮੈਂ ਸਿਸਕੀਆਂ ਲਈ ਜਾ ਰਹੀ ਸੀ। ਉਸ ਨੇ ਜਲਦੀ ਵਿਆਹ ਕਰਵਾਉਣ ਦਾ ਵਾਅਦਾ ਕਰ ਕੇ ਮੈਨੂੰ ਸਹਿਜ ਕਰ ਦਿੱਤਾ ਸੀ। ਮੈਨੂੰ ਘਰ ਠੀਕ-ਠਾਕ ਵਾਪਸ ਮੁੜੀ ਨੂੰ ਦੇਖ ਕੇ ਮੰਮੀ ਦਾ ਚਿਹਰਾ ਖਿੜ ਉੱਠਿਆ ਸੀ। ਉਹ ਹੌਲੀ-ਹੌਲੀ ਠੀਕ ਵੀ ਹੋਣ ਲੱਗ ਪਈ ਸੀ।

ਹੁਣ ਤਾਂ ਮੇਰਾ ਜੀਵਨ ਪਲੇਟਫ਼ਾਰਮ ਉੱਤੇ ਬੈਠੇ ਮੁਸਾਫ਼ਿਰ ਵਰਗਾ ਹੈ। ਮੇਰੇ ਜੀਵਨ ਵਿਚ ਖਾਲੀਪਨ ਤੋਂ ਬਿਨਾਂ ਰਹਿ ਵੀ ਕੀ ਗਿਆ ? ਮੰਮੀ ਨੂੰ ਮੇਰੀ ਚਿੰਤਾ ਘੁਣ ਵਾਂਗ ਖਾ ਰਹੀ ਹੈ। ਉਹ ਜੀਉਂਦੇ ਜੀਅ ਮੇਰਾ ਘਰ ਵਸਾਉਣਾ ਚਾਹੁੰਦੀ ਹੈ। ਉਹ ਹਰ ਰੋਜ਼ ਦੋ ਵੇਲ਼ੇ ਰੌਬੀ ਦੇ ਆਉਣ ਲਈ ਚਿਰਾਗ਼-ਬੱਤੀ ਕਰਦੀ ਹੈ। ਰੌਬੀ ਵਚਾਰਾ ਕਮਲਾ ਹੋਇਆ ਪਿਆ। ਜਦੋਂ ਮੇਰਾ ਉਸ ਨਾਲ ਵਿਆਹ ਹੋਇਆ, ਉਹ ਬੀ. ਟੈੱਕ ਕਰ ਚੁੱਕਾ ਸੀ। ਕਿਸੇ ਪੈਕਜ ਵਾਲੀ ਜੌਬ ਦੀ ਤਲਾਸ਼ ਵਿਚ ਸੀ। ਉਸਦਾ ਆਪਣਾ ਦੇਸ਼ ਉਸ ਨੂੰ ਜੌਬ ਨਹੀਂ ਦੇ ਰਿਹਾ ਤੇ ਮੇਰਾ ਦੇਸ਼ ਵੀਜ਼ਾ। ਉਹ ਆਪਣੇ ਆਪ ਨੂੰ ਮੰਝਧਾਰ ਵਿਚ ਫ਼ਸਿਆ ਮਹਿਸੂਸ ਕਰ ਰਿਹਾ ਹੈ। ਬਸ ! ਹੁਣ ਤਾਂ ਇਹ ਦੋ ਹੀ ਜੀਅ ਹਨ ਜੋ ਮੇਰੇ ਲਈ ਸਾਹ ਭਰਦੇ ਹਨ, ਬਾਕੀ ਸਭ ਲਈ ਤਾਂ ਮੈਂ ਬੋਝ ਬਣ ਚੁੱਕੀ ਹਾਂ।

ਰਿਚਰਡ ਵੀ ਇਨ੍ਹਾਂ ਵਿਚੋਂ ਹੀ ਹੈ। ਉਸ ਨੇ ਮੇਰੇ ਨਾਲ ਤਿੰਨ ਸਾਲ ਕੱਟੇ, ਵਿਆਹ ਦੇ ਸਬਜ-ਬਾਗ਼ ਦਿਖਾ ਕੇ ਮੈਨੂੰ ਧੋਖਾ ਦਿੱਤਾ। ਜਦੋਂ ਵੀ ਵਿਆਹ ਦੀ ਡੇਟ ਦੀ ਗੱਲ ਕਰਦੀ, ਨਵਾਂ ਬਹਾਨਾ ਘੜ ਹੋਰ ਵਕਤ ਮੰਗ ਲੈਂਦਾ। ਮੇਰੇ ਉੱਤੇ ਦੋ ਪਹਾੜ ਇਕੱਠੇ ਹੀ ਡਿਗੇ ਸਨ। ਮੇਰੇ ਨਾਲ ਦੀ ਚੇਅਰ 'ਤੇ ਕਾਲੀ ਜੈਕੀ ਡੈਟਾ ਐਂਟਰੀ ਚੈੱਕ ਕਰਦੀ ਹੁੰਦੀ ਸੀ। ਉਸਦੀ ਸਮਾਈਲ ਤਾਂ ਸਦਾ ਬਹਾਰ ਸੀ। ਉਸ ਵੀਕੈਂਡ ਤੇ ਰਿਚਰਡ ਨੇ ਮੈਨੂੰ ਯੂਨੀਵਰਸਲ ਹਾਲੀਵੁੱਡ ਸਟੂਡੀਓ ਡੇਟ ਤੇ ਲੈ ਕੇ ਜਾਣਾ ਸੀ। ਵਿਆਹ ਦੀ ਡੇਟ ਵੀ ਫ਼ਾਈਨਲ ਕਰਨੀ ਸੀ। ਜਦੋਂ ਮੈਂ ਆਪਣੀ ਕਾਰ ਪਾਰਕ ਕਰਕੇ ਸੱਜੇ ਪਾਸੇ ਵੱਲ ਖੜ੍ਹੀ ਰਿਚਰਡ ਦੀ ਕਾਰ ਵੱਲ ਧਿਆਨ ਮਾਰਿਆ ਤਾਂ ਉਸਦੇ ਨਾਲ ਪੈਸੰਜਰ ਸਾਈਡ ਤੇ ਬੈਠੀ ਜੈਕੀ ਦੇ ਕਾਲੇ ਚਿਹਰੇ ਦੀ ਤਾਬ ਝੱਲੀ ਨਹੀਂ ਸੀ ਜਾ ਰਹੀ। ਉਸਦੀਆਂ ਜਟਾਂ ਸਾਧਾਂ ਦੀਆਂ ਜਟਾਂ ਵਾਂਗ ਬੇ-ਪ੍ਰਵਾਹ ਖਿੱਲਰੀਆਂ ਫਿਰ ਰਹੀਆਂ ਸਨ। ਰਿਚਰਡ ਨੇ ਐਕਸੀਲੇਟਰ ਤੇ ਪੈਰ ਰੱਖ ਕੇ ਰੇਸ ਦਿੱਤੀ ਤੇ ਮੈਂ ਦੇਖਦੀ ਹੀ ਰਹਿ ਗਈ। ਮੇਰੇ ਚਿਹਰੇ 'ਤੇ ਇਕ ਰੰਗ ਆਉਂਦਾ ਤੇ ਦੂਜਾ ਚਲਾ ਜਾਂਦਾ ਰਿਹਾ। ਮੈਂ ਬੁਝੇ ਮਨ ਨਾਲ ਮੰਡੇ ਆਫ਼ਿਸ ਗਈ ਤਾਂ ਮੈਨੂੰ ਦੋ ਫ਼ਾਈਲਾਂ ਵਿਚ ਹੋਈ ਗ਼ਲਤੀ ਕਾਰਨ ਫ਼ਾਇਰ ਕਰ ਦਿੱਤਾ।

ਮੈਂ ਹਾਈਪਰ ਹੋਣ ਲੱਗ ਪਈ ਸੀ। ਮੈਂ ਸਾਰੀ ਰਾਤ ਜਾਗਦੀ ਰਹਿੰਦੀ ਤੇ ਦਿਨੇ ਸੁੱਤੀ ਰਹਿੰਦੀ। ਮੈਨੂੰ ਸਟਰੈੱਸ ਵਿਚ ਆਈ ਦੇਖ ਲਵ ਯੂਨੀਵਰਸਿਟੀ ਤੋਂ ਆ ਗਈ ਅਤੇ ਦੋ ਵੀਕ ਮੇਰੇ ਕੋਲ ਰਹੀ। ਉਹ ਹਰ ਰੋਜ਼ ਮੈਨੂੰ ਕਿਤੇ ਨਾ ਕਿਤੇ ਘੁਮਾਉਣ ਲੈ ਜਾਂਦੀ। ਅਸੀਂ ਇਕ ਦਿਨ ਸਨਫ਼ਰਾਂਸਿਸਕੋ ਗੋਲਡਨ ਗੇਟ ਦੇਖਣ ਚਲ ਗਈਆਂ। ਫਿਰ ਕਰੁੱਕਡ ਸਟਰੀਟ ਵੱਲ ਤੁਰ ਪਈਆਂ। ਆਪਣੇ ਦੇਸ਼

ਵਿਚ ਜਿਵੇਂ ਪਹਾੜਾਂ ਉੱਤੇ ਛੋਟੀਆਂ-ਛੋਟੀਆਂ ਪੌੜੀਆਂ ਬਣਾ ਕੇ ਖੇਤੀ ਕੀਤੀ ਜਾਂਦੀ ਹੈ, ਇਹ ਸਟਰੀਟ ਬਿਲਕੁਲ ਉਸੇ ਤਰ੍ਹਾਂ ਉੱਚੀ-ਨੀਵੀਂ ਹੈ।

"ਜ਼ਿੰਦਗੀ ਵਿਚ ਵੀ ਉਤਰਾਅ -ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਇਨ੍ਹਾਂ ਦਾ ਡਟ ਕੇ ਮੁਕਾਬਲਾ ਕਰੀਦਾ। ਰਿਚਰਡ ਵਾਲਾ ਮਾਮਲਾ ਕੋਈ ਬਹੁਤਾ ਭਾਰਾ ਨਹੀਂ। ਮੈਂ ਹੁਣ ਤੱਕ ਚਾਰ ਬੁਆਏ ਫ਼ਰੈਂਡ ਬਦਲ ਚੁੱਕੀ ਹਾਂ। ਅਮਰੀਕਨ ਕਲਚਰ ਵਿਚ ਇਹ ਆਮ ਹੀ ਹੈ। ਬਾਕੀ ਆਹ ਰਿਸੈਸ਼ਨ ਕਰਕੇ ਜੌਬ ਦਾ ਸੰਕਟ ਜ਼ਰੂਰ ਹੈ ਪਰ ਕਿਤੇ ਨਾ ਕਿਤੇ ਮਿਲ ਹੀ ਜਾਵੇਗੀ।" ਲਵ ਕਹਿਣ ਲੱਗੀ।

ਅਸੀਂ ਸ਼ਾਮ ਨੂੰ ਘਰ ਮੁੜ ਆਉਂਦੀਆਂ ਸੀ। ਉਹ ਉਸ ਦਿਨ ਸਟੋਰ ਤੋਂ ਆਉਂਦੇ ਰੰਗ ਬਿਰੰਗੀਆਂ ਵੱਡੀਆਂ -ਵੱਡੀਆਂ ਕੈਂਡਲਜ਼ ਖ਼੍ਰੀਦ ਲਿਆਈ। ਉਸਨੇ ਕਮਰੇ ਦੇ ਹਰ ਕਾਰਨਰ ਵਿਚ ਕੈਂਡਲ ਸਜਾ ਦਿੱਤੀ। ਸ਼ਾਮ ਪਈ ਤਾਂ ਕੈਂਡਲ ਬਾਲ਼ ਕੇ ਅੱਗੇ ਬੈਠ ਗਈ। ਮੈਨੂੰ ਕਹਿਣ ਲੱਗੀ, 'ਲਾਈਟ ਵੱਲ ਇਕ ਘੰਟਾ ਧਿਆਨ ਨਾਲ ਦੇਖ। ਪਾਜ਼ਿਟਵ ਥਿੰਗਜ਼ ਅਤੇ ਪਾਜ਼ਿਟਵ ਲੋਕਾਂ ਬਾਰੇ ਸੋਚ।' ਅਸੀਂ ਦੋਵਾਂ ਨੇ ਆਪਣੀ-ਆਪਣੀ ਕੈਂਡਲ ਦੀ ਲਾਈਟ ਤੇ ਨਿਗਾਹ ਟਿਕਾ ਲਈ। ਮੇਰੇ ਮਨ ਨੂੰ ਸੱਚਮੁੱਚ ਸਕੂਨ ਆਇਆ। ਮੈਨੂੰ ਸ਼ਾਂਤ ਹੋਈ ਦੇਖ ਕੇ ਉਹ ਖ਼ੁਸ਼ ਹੋ ਗਈ ਅਤੇ ਵਾਪਸ ਯੂਨੀਵਰਸਿਟੀ ਚਲੀ ਗਈ।

ਮੈਨੂੰ ਇਕ ਇਲੈਕਟ੍ਰਾਨਿਕ ਕੰਪਨੀ ਵਿਚ ਮਿਨੀਮਮ ਵੇਜ ਤੇ ਪਾਰਟ ਟਾਈਮ ਓਪਰਟੇਰ ਦੀ ਜੌਬ ਮਿਲ ਗਈ। ਮੈਂ ਟੁੱਟੇ ਮਨ ਨਾਲ ਕੰਮ ਤੇ ਜਾਂਦੀ ਤੇ ਹਾਰੇ ਹੋਏ ਜੁਆਰੀਏ ਵਾਂਗ ਘਰ ਆਉਂਦੀ ਪਰ ਘਰ ਵੀ ਖਾਣ ਨੂੰ ਆਉਂਦਾ। ਮੰਮੀ ਤੇ ਮਾਮਾ ਜੀ ਵਿਆਹ ਲਈ ਜ਼ੋਰ ਪਾ ਰਹੇ ਸਨ। 'ਅਖੇ! ਇੰਡੀਆ ਤੈਨੂੰ ਘਰ ਤੇ ਵਰ ਦੋਵੇਂ ਵਧੀਆ ਮਿਲ ਜਾਣਗੇ। ਆਪਣੀ ਪਸੰਦ ਦਾ ਚੁਣ ਕੇ ਮੁੰਡਾ ਵਿਆਹ ਲਿਆਵੀਂ ਚਾਹੇ ਡਾਕਟਰ ਅਤੇ ਚਾਹੇ ਇੰਜਨੀਅਰ' ਪਰ ਮੈਂ ਆਪਣੇ ਸਟੈਂਡ ਤੇ ਅਟੱਲ ਸੀ।

"ਇਹ ਪਰਸਨੈਲਿਟੀ ਡਿਸਆਰਡਰ ਦੀ ਸ਼ਿਕਾਰ ਹੈ।" ਸਾਈਕੈਟਰਿਕ ਸ਼ਾਇਦ ਠੀਕ ਹੀ ਕਹਿ ਰਿਹਾ ਸੀ।

ਮੇਰੇ ਮਨ ਵਿਚ ਅਜੇ ਵੀ ਕੋਈ ਅਮੀਰ ਗੋਰਾ ਬੈਠਾ ਹੋਇਆ ਸੀ। ਮੈਂ ਲਵ ਦੇ ਪਿੱਛੇ ਲੱਗ ਕੇ ਰਿਚਰਡ ਨੂੰ ਭੁੱਲ ਗਈ ਸੀ। ਇਕ ਸਾਲ ਤਾਂ ਮੈਂ ਸਭ ਤੋਂ ਸਪੇਸ ਬਣਾ ਕੇ ਰੱਖੀ। ਇਸ ਕੰਪਨੀ ਦਾ ਸੁਪਰਵਾਈਜ਼ਰ ਹੈਰੀ ਮੇਰੇ ਨੇੜੇ ਆਉਂਦਾ ਸੀ ਪਰ ਮੈਂ ਉਸ ਨੂੰ ਇਗਨੋਰ ਕਰਦੀ ਸੀ। ਉਹ ਮੇਰੇ ਲਈ ਕੋਈ ਨਾ ਕੋਈ ਨਵੀਂ ਜੌਬ ਕੱਢੀ ਰੱਖਦਾ। ਇਕ ਦਿਨ ਉਸਨੇ ਮੈਨੂੰ ਇਕ ਡਾਲਰ ਰੇਜ਼ ਦਿੰਦਿਆਂ ਮੈਨੂੰ ਓਪਰੇਟਰ ਤੋਂ ਪ੍ਰਮੋਟ ਕਰਕੇ ਲੀਡ ਬਣਾ ਦਿੱਤਾ। 'ਹੈਰੀ! ਯੂ ਮੇਡ ਮਾਈ ਡੇ' ਮੇਰੇ ਮੂੰਹ ਵਿਚੋਂ ਅਵਾਕ ਹੀ ਨਿੱਕਲ ਗਿਆ। ਉਸ ਨੇ ਮੈਨੂੰ ਲੰਚ ਤੇ ਜਾਣ ਦੀ ਆਫ਼ਰ ਕੀਤੀ। ਮੈਂ ਖ਼ੁਸੀ -ਖ਼ੁਸ਼ੀ ਉਸ ਨਾਲ ਜਾਣ ਨੂੰ ਤਿਆਰ ਹੋ ਗਈ। ਅਸਲ ਵਿਚ ਉਸ ਦਿਨ ਮੈਂ ਪਰੇਸ਼ਾਨ ਵੀ ਬਹੁਤ ਸੀ। ਸਵੇਰੇ ਮੇਰੀ ਗਗਨ ਨਾਲ ਲੜਾਈ ਹੋਈ ਸੀ। ਫਿਰ ਅਮਨ ਦਾ ਫ਼ੋਨ ਆ ਗਿਆ ਸੀ। ਦੋਵੇਂ ਭੈਣ -ਭਰਾ ਕਿਸੇ ਨਾ ਕਿਸੇ ਮੁੱਦੇ ਤੇ ਮੇਰੇ ਨਾਲ ਖਹਿਬੜਦੇ ਰਹਿੰਦੇ ਸਨ। ਹੈਰੀ ਨਾਲ ਲੰਚ ਕਰਕੇ ਮੈਨੂੰ ਇੰਝ ਲੱਗਾ ਜਿਵੇਂ ਮੈਨੂੰ ਰੱਬ ਹੀ ਮਿਲ ਗਿਆ ਹੋਵੇ।

ਹੈਰੀ ਨੂੰ ਟਰੈਕਿੰਗ ਦਾ ਬਹੁਤ ਸ਼ੌਕ ਸੀ। ਉਹ ਜੰਗਲਾਂ ਵਿਚ ਪਹਾੜਾਂ 'ਤੇ ਤੁਰਿਆ ਰਹਿੰਦਾ। ਮੈਨੂੰ ਉਸਦੇ ਬਿਨਾਂ ਕੁਝ ਵੀ ਚੰਗਾ ਨਾ ਲੱਗਦਾ। ਮੈਂ ਉਸ ਨਾਲ ਡੇਟਿੰਗ ਕਰਨ ਲੱਗ ਪਈ। ਉਹ ਜੰਗਲ ਵਿਚ ਜਾ ਕੇ ਸ਼ਿਕਾਰ ਨਹੀਂ ਸੀ ਕਰਦਾ। ਇਹ ਸੁਣ ਕੇ ਮੇਰੀ ਕੋ ਵਰਕਰ ਮੈਕਸੀਕਨ ਲੇਡੀ ਖਿੜਖਿੜਾ ਕੇ ਹੱਸੀ ਸੀ ਪਰ ਉਸ ਵਕਤ ਮੈਨੂੰ ਉਸਦੇ ਹੱਸਣ ਦੀ ਸਮਝ ਨਹੀਂ ਸੀ ਆਈ।



ਹੈਰੀ, ਰਿਚਰਡ ਨਾਲੋਂ ਥੋੜ੍ਹਾ ਗੰਭੀਰ ਸੁਭਾਅ ਦਾ ਸੀ। ਮੈਂ ਵੀ ਇਕ ਦਮ ਉਸਦੀਆਂ ਬਾਹਾਂ ਵਿਚ ਨਹੀਂ ਸੀ ਡਿੱਗੀ ਪਰ ਜਦੋਂ ਡਿੱਗੀ ਤਾਂ ਉਸ ਨੇ ਵੀ ਉੱਠਣ ਜੋਗੀ ਨਹੀਂ ਸੀ ਛੱਡਿਆ। ਉਲਟਾ ਉਹ ਮੈਨੂੰ ਹੀ ਛੱਡ ਗਿਆ ਸੀ। ਇਸ ਵਾਰੀ ਮੈਂ ਐਚ. ਆਰ ( ਹਿਊਮਨ ਰਿਸੋਰਸ) ਕੋਲ ਸੈਕਸੂਅਲ ਹਿਰਾਸਮੈਂਟ ਦੀ ਸ਼ਿਕਾਇਤ ਕਰ ਦਿੱਤੀ ਸੀ ਤੇ ਨਤੀਜੇ ਵਜੋਂ ਅਸੀਂ ਦੋਵੇਂ ਹੀ ਫ਼ਾਇਰ ਹੋ ਗਏ ਸੀ।

ਮੈਂ ਸਾਰਾ ਦਿਨ ਘਰ ਇਕੱਲੀ ਬੈਠੀ ਰਹਿੰਦੀ। ਮੇਰੀ ਹਾਲਤ ਧੋਬੀ ਦੇ ਕੁੱਤੇ ਵਾਲੀ ਹੋ ਗਈ ਸੀ -ਜੋ ਨਾ ਘਰ ਦਾ ਤੇ ਨਾ ਘਾਟ ਦਾ। ਲ਼ਵ ਅਮਰੀਕੀ ਸਿਸਟਮ ਦੀ ਫ਼ੈਨ ਹੋਣ ਕਰਕੇ ਮੈਨੂੰ ਤਸੱਲੀਆਂ ਦਿੰਦੀ ਪਰ ਮੇਰਾ ਵਿਸ਼ਵਾਸ ਸ਼ੀਸ਼ੇ ਵਾਂਗ ਤਿੜਕ ਚੁੱਕਾ ਸੀ। ਉਸਦੀ ਕਿਸੇ ਗੱਲ ਦਾ ਮੇਰੇ ਤੇ ਅਸਰ ਨਾ ਹੁੰਦਾ। ਮੈਂ ਪੱਥਰ ਬਣ ਗਈ ਸੀ। ਮਾਮਾ ਜੀ ਨਾਲ ਗੱਲ ਕਰਨੋਂ ਵੀ ਨਾਂਹ ਕਰਨ ਲੱਗ ਪਈ ਸੀ। ਮੇਰੇ ਸਰੀਰ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ। ਚਿਹਰੇ 'ਤੇ ਪਿਲੱਤਣ ਫਿਰ ਗਈ ਸੀ। ਮੈਂ ਸੁੱਤੀ-ਜਾਗਦੀ ਸੋਚਾਂ ਵਿਚ ਡੁੱਬੀ ਰਹਿੰਦੀ ਸੀ। ਬਾਪੂ ਜੀ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ ਸੀ। ਉਨ੍ਹਾਂ ਦੀ ਪੱਗ ਦਾ ਦਾਗ਼ ਮੇਰੀਆਂ ਅੱਖਾਂ ਨੂੰ ਚੁੰਧਿਆ ਜਾਂਦਾ ਸੀ। ਮੈਨੂੰ ਸਤਲੁਜ ਸੁੱਕਦਾ ਨਜ਼ਰ ਆਉਂਦਾ ਸੀ। ਸਮੁੰਦਰ ਤੇ ਦਰਿਆ ਇਕ ਦੂਜੇ ਤੋਂ ਅੱਡ ਹੋ ਰਹੇ ਸਨ।

ਮੈਂ ਬਹੁਤ ਸੁਹਣੀ ਸੀ, ਸੱਚਮੁੱਚ ਸੁਹਣੀ। ਮੈਨੂੰ ਆਪਣਾ ਪੱਟ ਚੀਰ ਕੇ ਮਾਸ ਖਿਲਾਉਣ ਦੀ ਥਾਂ ਮੁਰਗੇ ਦੇ ਪੱਟ ਦਾ ਮਾਸ ਖਿਲਾਉਣ ਵਾਲੇ ਦੋ ਮਹੀਂਵਾਲ ਧੋਖਾ ਦੇ ਗਏ ਸੀ। ਕੀ ਮੈਂ ਸੁਹਣੀ ਨਹੀਂ ਸੀ ? ਇਕ ਖ਼ੂਬਸੂਰਤ ਕੁੜੀ ਨਾਲ ਦੋ ਵਾਰੀ ਧੋਖਾ ? ਮੈਨੂੰ ਰਿਚਰਡ ਅਤੇ ਹੈਰੀ ਚੇਤੇ ਆਉਂਦੇ ਤਾਂ ਮੇਰਾ ਅੰਗ-ਅੰਗ ਖਿੱਲਰ ਜਾਂਦਾ। ਮੈਂ ਜੋੜਨ ਦੀ ਕੋਸ਼ਿਸ਼ ਕਰਦੀ ਪਰ ਟੁਕੜੇ ਵੀ ਕਦੀ ਮੁੜ ਕੇ ਜੁੜਦੇ ਨੇ ? ਇਸ ਦੁਨੀਆਂ 'ਤੇ ਟੁੱਟੇ ਰਿਸ਼ਤੇ ਜੋੜਨੇ ਮੁਸ਼ਕਿਲ ਹਨ ਤੇ ਮੇਰੇ ਤਾਂ ਫਿਰ ਵੀ ਅੰਗ ਸਨ, ਇਹ ਕਿਵੇਂ ਜੁੜ ਸਕਦੇ ਸਨ ?

ਮੈਂ ਦਰਵਾਜ਼ਾ ਖੋਲ੍ਹ ਕੇ ਜ਼ੋਰ ਨਾਲ ਬੰਦ ਕਰਦੀ। ਮੰਮੀ ਤ੍ਰਬਕ ਜਾਂਦੀ। ਮੇਰੇ ਵਿਚ ਸੱਤਾਂ ਝੋਟਿਆਂ ਜਿੰਨਾ ਜ਼ੋਰ ਪਤਾ ਨਹੀਂ ਕਿੱਥੋਂ ਆ ਜਾਂਦਾ ਤੇ ਕਦੀ ਕੁੰਡੀ ਲਾ ਕੇ ਬੈੱਡ ਤੇ ਨਿਢਾਲ ਪੈ ਜਾਂਦੀ। ਮੰਮੀ ਅਵਾਜ਼ਾਂ ਮਾਰਦੀ, ਮੈਂ ਬਾਹਰ ਨਾ ਨਿੱਕਲਦੀ। ਜੇ ਨਿੱਕਲਦੀ ਵੀ ਤਾਂ ਡਰੈਸਿੰਗ ਟੇਬਲ ਮੂਹਰੇ ਖੜ੍ਹ ਕੇ ਆਪਣੇ ਲਿਪਸ ਦੇਖਣ ਲੱਗ ਜਾਂਦੀ। ਸਾਰਾ ਦਿਨ ਸ਼ੀਸ਼ੇ ਮੂਹਰੇ ਖੜ੍ਹੀ ਰਹਿੰਦੀ। ਮੰਮੀ ਟੋਕਦੀ ਸੀ ਪਰ ਮੈਂ ਕਿਹੜਾ ਉਸ ਤੋਂ ਡਰਦੀ ਸੀ। ਰਿਚਰਡ ਕਹਿੰਦਾ ਸੀ, "ਤੇਰੇ ਲਿਪਸ ਬਹੁਤ ਸੁਹਣੇ ਆਂ।" ਮੈਂ ਗਹੁ ਨਾਲ ਦੇਖਦੀ ਕਿ ਹੁਣ ਇਨ੍ਹਾਂ ਵਿਚ ਕੀ ਨੁਕਸ ਪੈ ਗਿਆ ?

ਮੈਂ ਕਦੀ ਰੂਮ ਦੇ ਅੰਦਰ ਵੜ ਜਾਂਦੀ ਤੇ ਕਦੀ ਬਾਹਰ ਨਿਕਲ ਆਉਂਦੀ । ਮੇਰੇ ਮਨ ਨੂੰ ਕਿਤੇ ਵੀ ਟਿਕਾਅ ਨਹੀਂ ਸੀ। ਇਕ ਕਮਰੇ ਤੋਂ ਦੂਜੇ ਕਮਰੇ ਵਿਚ ਕੈਟ ਵਾਕ ਕਰਦੀ ਰਹਿੰਦੀ। ਦਿਨ ਵੇਲ਼ੇ ਚਾਦਰ ਤਾਣ ਕੇ ਪੈ ਜਾਂਦੀ। ਸਾਰੀ ਰਾਤ ਕੰਪਿਊਟਰ ਅੱਗੇ ਬੈਠੀ ਰਹਿੰਦੀ। ਕੰਪਿਊਟਰ ਤੇ ਮੈਂ ਕੀ ਕਰਦੀ ਸੀ, ਇਹ ਹੁਣ ਯਾਦ ਨਹੀਂ ਹੈ। ਜਦੋਂ ਅੱਧੀ ਰਾਤ ਤੋਂ ਬਾਅਦ ਮੰਮੀ ਦੀ ਅੱਖ ਖੁੱਲ੍ਹਦੀ, ਉਹ ਮੇਰੇ ਵਾਲਾਂ ਵਿਚ ਹੱਥ ਫੇਰਦੀ, ਮੈਨੂੰ ਚੁੰਮਦੀ।

" ਪੁੱਤ! ਹੁਣ ਸੌਂ ਵੀ ਜਾਹ। ਦੇਖ ਕੀ ਟਾਈਮ ਹੋ ਗਿਆ ? ਕਿਵੇਂ ਅੱਖਾਂ ਅੱਡ ਕੇ ਬੈਠੀ ਆਂ।"

"ਮੰਮੀ ਤੈਨੂੰ ਕੀ ?" ਮੈਂ ਉੱਖੜੀ ਕੁਹਾੜੀ ਵਾਂਗ ਮਾਂ ਨੂੰ ਪੈ ਜਾਂਦੀ।

ਮੈਂ ਕਾਰ ਚੁੱਕ ਕੇ ਸੈਵਨ ਇਲੈਵਨ ਤੋਂ ਕਾਫ਼ੀ ਲੈਣ ਤੁਰ ਪੈਂਦੀ। ਮੰਮੀ ਸਹਿਮ ਜਾਂਦੀ। ਉਹ ਬੈਠੀ ਉਡੀਕਦੀ ਰਹਿੰਦੀ। ਮੈਂ ਵਾਪਸ ਆਉਂਦੀ ਤਾਂ ਉਹ ਘੜੀ ਅੱਖ ਲਾ ਲੈਂਦੀ। ਮੰਮੀ ਦੇ ਭਾਗਾਂ ਵਿਚ ਅਰਾਮ ਕਿੱਥੇ ? ਉਹ ਦਿਨੇ ਜੌਬ ਤੇ ਜਾਂਦੀ ਤੇ ਸਾਰੀ ਰਾਤ ਉਹਦੀ ਸੁਤਾ ਮੇਰੇ ਵਿਚ ਰਹਿੰਦੀ। ਉਹ ਮੈਨੂੰ ਉੱਠ ਉੱਠ ਕੇ ਚੈੱਕ ਕਰਦੀ ਰਹਿੰਦੀ ਸੀ। ਮੈਂ ਸੜ-ਭੁੱਜ ਕੇ ਉਸ ਨੂੰ ਬੁਰਾ ਭਲਾ

ਬੋਲਣ ਲੱਗ ਜਾਂਦੀ। ਉਹ ਡਰ ਕੇ ਮੁੜ ਬੈੱਡ ਤੇ ਪੈ ਜਾਂਦੀ।

ਇਕ ਵਾਰੀ ਮੈਨੂੰ ਰਿਚਰਡ ਮਲਟੀ-ਫੇਸਜ ਮਿਊਜ਼ੀਅਮ ਲੈ ਕੇ ਗਿਆ। ਉਸ ਮਿਊਜ਼ੀਅਮ ਵਿਚ ਵੱਖ-ਵੱਖ ਚਿਹਰਿਆਂ ਨਾਲ ਕੰਧਾਂ ਭਰੀਆਂ ਪਈਆਂ ਸਨ। ਇਕ ਹਾਲ ਵਿਚ ਬਲਾਤਕਾਰ ਅਤੇ ਕੁਕਰਮ ਗ੍ਰਸਤ ਔਰਤਾਂ ਅਤੇ ਬੱਚਿਆਂ ਦੇ ਚਿਹਰੇ ਸਨ। ਅੱਖਾਂ ਵਿਚ ਅੱਥਰੂ ਸਨ। ਇਹ ਚਿਹਰੇ ਡਰੇ, ਸਹਿਮੇ ਅਤੇ ਮੁਰਝਾਏ ਹੋਏ ਸਨ। ਸਾਹਮਣੇ ਦੀਵਾਰ 'ਤੇ ਵੀਡੀਓ ਸਕਰੀਨ ਲੱਗੀ ਹੋਈ ਸੀ। ਕੈਮਰਾ ਕਿਸੇ ਇਕ ਭੈਅਭੀਤ ਚਿਹਰੇ ਨੂੰ ਸਕਰੀਨ ਤੇ ਡਿਸਪਲੇ ਕਰ ਰਿਹਾ ਸੀ। ਇਕ ਤੋਂ ਬਾਅਦ ਇਕ ਇਹ ਚਿਹਰੇ ਦੇਖਦੀ ਮੈਂ ਦਹਿਸ਼ਤਜ਼ਦਾ ਹੋ ਗਈ ਸੀ। ਮੈਂ ਡਰ ਕੇ ਆਪਣਾ ਮੂੰਹ ਰਿਚਰਡ ਦੀ ਛਾਤੀ ਵਿਚ ਦੇ ਦਿੱਤਾ ਸੀ।

ਮੈਂ ਜਦੋਂ ਵੀ ਕੰਪਿਊਟਰ ਖੋਲ੍ਹਦੀ, ਉਹ ਕੰਬਦੇ ਬੁੱਲ੍ਹ, ਪਿਚਕੀਆਂ ਗੱਲ੍ਹਾਂ ਅਤੇ ਸਹਿਮੇ ਚਿਹਰੇ ਸਕਰੀਨ ਤੇ ਦਿਸਣ ਲੱਗਦੇ। ਹਰ ਚਿਹਰੇ ਤੇ ਗੈਵੀ ਦਾ ਚਿਹਰਾ ਲੱਗ ਜਾਂਦਾ। ਮੇਰੇ ਵਾਲ਼ ਮੂੰਹ ਤੇ ਡਿੱਗੇ ਹੁੰਦੇ। ਅੱਖਾਂ ਵਿਚ ਅੱਥਰੂ ਅਤੇ ਚਿਹਰੇ ਤੇ ਦਹਿਸ਼ਤ ਹੁੰਦੀ। ਨੱਕ ਵਿਚੋਂ ਪਾਣੀ ਵਗਦਾ। ਮੈਨੂੰ ਮੂੰਹ ਲੁਕਾਉਣ ਲਈ ਕੋਈ ਛਾਤੀ ਨਾ ਲੱਭਦੀ। ਮੈਂ ਖੇਡਣ ਲੱਗ ਜਾਂਦੀ। ਡੌਰ-ਭੌਰ ਆਸੇ-ਪਾਸੇ ਧੌਣ ਘੁਮਾਈ ਜਾਂਦੀ। ਹੱਸਣਾ ਸ਼ੁਰੂ ਕਰਦੀ ਤਾਂ ਹੱਸੀ ਜਾਂਦੀ। ਰੋਣ ਲੱਗਦੀ ਤਾਂ ਰੋਈ ਜਾਂਦੀ। ਮੰਮੀ ਮੈਨੂੰ ਓਪਰੀ ਕਸਰ ਸਮਝ ਡਰ ਜਾਂਦੀ।

" ਕਿਸੇ ਗੁਰੂ ਪੀਰ ਦੀ ਰੁੰਨ -ਪੀੜ ਆ। ਬਾਪੂ ਜੀ ਨੂੰ ਕਹਿ ਕੇ ਇਲਾਜ ਕਰਵਾਉਂਦੀ ਆਂ।"

ਮੈਂ ਠੀਕ ਨਾ ਹੋਈ। ਮੇਰਾ ਮਰਜ਼ ਹੋਰ ਵੱਧ ਗਿਆ ਸੀ। ਮਾਮਾ ਜੀ ਮੈਨੂੰ ਹਸਪਤਾਲ ਲੈ ਗਏ ਸਨ। ਮੇਰੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ। ਮੰਮੀ ਹੁਣ ਦੱਸਦੀ ਹੁੰਦੀ ਆ-' ਤੂੰ ਭਾਂਡੇ ਭੰਨ ਦੇਣੇ। ਪਾਣੀ ਦਾ ਪਿੱਚਰ ਭਰ ਡੋਲੀ ਜਾਣਾ। ਕੱਪੜੇ ਲੌਂਡਰੀ ਵਿਚ ਪਾ ਕੇ ਬਿਨਾਂ ਲੌਂਡਰੀ ਕੀਤੇ ਕੱਢ ਲੈਣੇ। ਮੈਨੂੰ ਤੇ ਅਮਨ ਨੂੰ ਘੂਰੀ ਜਾਣਾ। ਪਵਨ ਤੇ ਗਗਨ ਨੂੰ ਬੰਦਿਆਂ ਵਾਲ਼ੀਆਂ ਗਾਲ਼ਾਂ ਕੱਢਦੇ ਰਹਿਣਾ।

ਅਮਨ ਤਾਂ ਇਹ ਵੀ ਦੱਸਦੀ ਹੈ-

" ਦੀਦੀ! ਤੂੰ ਬੁਹਤ ਊਟ-ਪਟਾਂਗ ਬੋਲਦੀ ਸੀ। ਤੇਰੀ ਬੋਲੀ ਦੀ ਕਿਸੇ ਨੂੰ ਸਮਝ ਹੀ ਨਹੀਂ ਸੀ ਆਉਂਦੀ। ਤੂੰ ਕੋਈ ਨਵੀਂ ਭਾਸ਼ਾ ਈਜ਼ਾਦ ਕਰ ਲਈ ਸੀ। ਜਿਹੜਾ ਤੈਨੂੰ ਬੋਲਣ ਤੋਂ ਰੋਕਦਾ, ਤੂੰ ਉਸ ਨੂੰ ਦਹਾੜ ਕੇ ਪੈਂਦੀ ਸੀ। ਤੂੰ ਬਿਨਾਂ ਬਰੇਕ ਤੋਂ ਬੋਲੀ ਜਾਂਦੀ ਸੀ।' ਮੈਂ ਭਲਾ ਬੋਲਦੀ ਵੀ ਕਿਉਂ ਨਾ ਇਸ ਦੇਸ਼ ਦੀ ਜਨਤਾ ਬੋਲਦੀ ਨਹੀਂ ਪਰ ਬਿਨਾਂ ਬਰੇਕੋਂ ਭੱਜੀ ਫਿਰਦੀ ਹੈ। ਸਵੇਰੇ ਸੁੱਤੇ ਉੱਠਦੇ ਹਨ। ਪੇਸਟ ਕਰਕੇ ਚਾਹ ਜਾਂ ਕੌਫ਼ੀ ਦਾ ਮੱਘ ਕਾਰ ਵਿਚ ਰੱਖ ਕੇ ਤੁਰ ਪੈਂਦੇ ਹਨ। ਇਕ ਮਫ਼ਿਨ ਜਾਂ ਸੀਰੀਅਲ ਖਾ ਕੇ ਕੰਮ ਵਿਚ ਰੁੱਝ ਜਾਂਦੇ ਹਨ। ਸ਼ਾਮ ਤੱਕ ਚੱਲ ਸੋ ਚੱਲ ਹੀ ਹੁੰਦੀ ਹੈ। ਸ਼ਾਮ ਤੱਕ ਘਰ ਪੁੱਜਦੇ ਸਰੀਰ ਵਿਚੋਂ ਸਾਹ ਸਤ ਮੁੱਕ ਜਾਂਦਾ ਹੈ ਤਾਂ ਪੇਪਰ ਦੀਆਂ ਪਲੇਟਾਂ ਤੇ ਫ਼ਾਸਟ ਫ਼ੂਡ ਰੱਖ ਕੇ ਖਾ ਲੈਂਦੇ ਹਨ। ਬੱਸ, ਫਿਰ ਕੀ ਬੈੱਡ ਤੇ ਡਿਗ ਪੈਂਦੇ ਹਨ।

ਮੈਨੂੰ ਨਫ਼ਰਤ ਤਾਂ ਰਿਚਰਡ ਜਾਂ ਹੈਰੀ ਨਾਲ ਹੈ। ਉਹ ਮੇਰੇ ਬੌਸ ਜੁ ਸੀ ਪਰ ਮੈਨੂੰ ਨੀਲੀਆਂ ਅੱਖਾਂ ਵਾਲਾ ਹਰ ਉਹ ਅਧਿਕਾਰੀ ਜ਼ਹਿਰ ਦਿਖਾਈ ਦਿੰਦਾ ਹੈ। ਦੇਸ਼ ਨੂੰ ਚਲਾਉਣ ਵਾਲਾ ਰਿਮੋਟ ਉਨ੍ਹਾਂ ਦੇ ਹੱਥ ਜੋ ਹੈ। ਜਿਵੇਂ ਅਸੀਂ ਬੰਦੇ ਨਾ ਹੋਈਏ ਰੋਬਾਟ ਹੋਈਏ। ਸਭ ਪਾਸੇ ਇਕ ਦੌੜ ਲੱਗੀ ਹੋਈ ਹੈ-ਮੈਂ ਵੀ ਇਸ ਦੌੜ ਵਿਚ ਸ਼ਾਮਿਲ ਹੋ ਜਾਂਦੀ ਹਾਂ। ਸਾਹ ਚੜ੍ਹ ਜਾਂਦਾ ਹੈ। ਮੈਂ ਹਫ਼ ਜਾਂਦੀ ਹਾਂ -ਤੇ ਢਹਿ ਪੈਂਦੀ ਹਾਂ।

ਮੈਂ ਸਿਰਾਹਣੇ ਵਿਚ ਮੂੰਹ ਦੇ ਕੇ ਪਈ ਹੁੰਦੀ। ਫੋਨ ਦੀ ਘੰਟੀ ਵੱਜਦੀ। ਮੈਂ ਹੈਲੋ ਕਹਿੰਦੀ। ਕਿਸੇ ਮਰਦ ਦੀ ਅਵਾਜ਼ ਹੁੰਦੀ-

" ਸ਼ਟ ਅਪ! ਆਈ ਡੋਂਟ ਲਾਈਕ ਮੈੱਨ! ਆਲ ਆਰ ਡਿਸਕਸਟਿੰਗ।"

ਜੇਕਰ ਅੱਗਿਓਂ ਕੋਈ ਬੋਲਣ ਦੀ ਕੋਸ਼ਿਸ਼ ਕਰਦਾ ਮੈਂ ਮੁੜ ਦਹਾੜ ਪੈਂਦੀ-



" ਨਾਨ-ਸੈਂਸ ਡੂ ਯੂ ਨੋ ਵਟ ਆਈ ਮੀਨ! ਡੋਂ ਟ ਡੇਅਰ ਟੂ ਕਾਲ ਮੀ ਸਨ ਆਫ਼ ਬਿਚ!" ਮੈਂ ਫੋਨ ਬੰਦ ਕਰ ਦਿੰਦੀ ਪਰ ਕਿੰਨੀ ਦੇਰ ਫ਼ੋਨ ਕਰਨ ਵਾਲੇ ਨੂੰ ਉੱਚੀ-ਉੱਚੀ ਗਾਲ੍ਹਾਂ ਕੱਢਦੀ ਰਹਿੰਦੀ।

" ਪੁੱਤ ਵਿੰਦਰ! ਕਿਉਂ ਕਮਲ ਕੁੱਟੀ ਜਾਂਦੀ ਆਂ, ਤੇਰੇ ਫ਼ੋਨ ਦੀ ਤਾਂ ਬੈਟਰੀ ਮੁੱਕੀ ਹੋਈ ਆ। ਤੈਨੂੰ ਕਿਸ ਨਿਕਰਮੇ ਨੇ ਫ਼ੋਨ ਕਰਨਾ?" ਮੰਮੀ ਆਪਣਾ ਢਿੱਡ ਘੁੱਟਦੀ ਪੱਲੇ ਨਾਲ ਅੱਖਾਂ ਪੂੰਝਦੀ ਕਹਿੰਦੀ, " ਕਿਤੇ ਮੇਰੀ ਧੀ ਆਪਣੇ ਘਰ ਵਸਦੀ ਹੁੰਦੀ।"

ਮੰਮੀ ਝੂਠ ਬੋਲ ਰਹੀ ਹੁੰਦੀ। ਮੈਨੂੰ ਤਾਂ ਦਿਨੇ-ਰਾਤ ਮੁੰਡਿਆਂ ਦੇ ਫ਼ੋਨ ਆ ਰਹੇ ਸਨ। ਉਹ ਵੀ ਗੋਰਿਆਂ ਤੇ ਕਾਲਿਆਂ ਦੇ। ਕਾਲਿਆਂ ਦੇ ਤਾਂ ਮੈਂ ਰਿਸੀਵ ਹੀ ਨਹੀਂ ਸੀ ਕਰਦੀ। ਮੰਮੀ ਕਹੀ ਜਾਂਦੀ ਸੀ ਕਿ ਤੂੰ ਐਕਟਿੰਗ ਕਰਦੀ ਹੈਂ। ਮੈਂ ਭਲਾ ਐਕਟਿੰਗ ਕਿਉਂ ਕਰਨੀ ਸੀ? ਮੈਨੂੰ ਲੱਗਦਾ ਸੀ ਮੰਮੀ ਮੇਰੇ ਫ਼ੋਨਾਂ ਤੋਂ ਜੈਲਸ ਕਰਦੀ ਸੀ। ਮੇਰਾ ਰੂਪ ਦੇਖ ਕੇ ਤਾਂ ਰਾਹੀ ਤੁਰਨਾ ਭੁੱਲ ਜਾਂਦੇ ਸੀ।

ਮੈਂ ਜਿਸ ਦਿਨ ਇੰਟਰਸੈਕਸ਼ਨ ਵਿਚ ਸੀਨ ਕਰੀਏਟ ਕੀਤਾ ਸੀ, ਇਹ ਮਾਵਾਂ ਧੀਆਂ ਤਾਂ ਉਸ ਨੂੰ ਐਕਟਿੰਗ ਹੀ ਦੱਸਦੀਆਂ ਹੋਣਗੀਆਂ। ਉਹ ਸਭ ਕੁਝ ਕਿਉਂ ਤੇ ਕਿਵੇਂ ਵਾਪਰਿਆ? ਮੈਨੂੰ ਕੋਈ ਇਲਮ ਨਹੀਂ। ਮੈਨੂੰ ਤਾਂ ਬਸ ਇਹੋ ਯਾਦ ਹੈ ਕਿ ਮੈਂ ਰੋਡ ਤੇ ਚੌਫ਼ਾਲ ਪੈ ਗਈ ਸੀ। ਮੇਰੇ ਵਾਲ਼ ਖੁੱਲ੍ਹੇ ਹੋਏ ਸੀ। ਮੈਂ ਸਿਰ ਸੜਕ ਤੇ ਮਾਰ ਰਹੀ ਸੀ। ਕੋਈ ਮੇਰੇ ਕੱਪੜੇ ਲਾਹ ਰਿਹਾ ਸੀ। ਇਹ ਉਹੀ ਮੁੰਡੇ ਸਨ, ਜੋ ਮੈਨੂੰ ਫ਼ੋਨ ਕਰਦੇ ਸਨ। ਮੇਰੀ ਮੰਮੀ ਰੋ ਰਹੀ ਸੀ। ਹੱਥ ਜੋੜ ਰਹੀ ਸੀ। ਇਸ ਤੋਂ ਵੱਧ ਮੈਨੂੰ ਕੁਝ ਵੀ ਪਤਾ ਨਹੀਂ ਹੈ। ਕਦੋਂ ਐਂਬੂਲੈਂਸ ਆਈ? ਕਦੋਂ ਮੈਨੂੰ ਚੁੱਕ ਕੇ ਲੈ ਗਏ? ਕੁਝ ਵੀ ਯਾਦ ਨਹੀਂ।

ਹਾਂ! ਇਹ ਜ਼ਰੂਰ ਯਾਦ ਆ ਬੱਈ ਅੱਠ-ਨੌਂ ਮਹੀਨੇ ਮੈਂ ਹੌਸਪੀਟਲ ਰਹੀ ਹਾਂ। ਪਹਿਲੇ ਤਿੰਨ ਮਹੀਨਿਆਂ ਦੀ ਮੈਨੂੰ ਭੋਰਾ ਖ਼ਬਰ ਨਹੀਂ, ਇੰਨੇ ਮਹੀਨੇ ਤਾਂ ਮੈਨੂੰ ਹੋਸ਼ ਵਿਚ ਆਉਣ ਨੂੰ ਹੀ ਲੱਗ ਗਏ। ਅਗਲੇ ਤਿੰਨ ਮਹੀਨਿਆਂ ਦੌਰਾਨ ਮੈਨੂੰ ਮੇਰਾ ਕੋਈ ਵੀ ਫ਼ੈਮਿਲੀ ਮੈਂਬਰ ਜਾਂ ਕਲੋਜ਼ ਫ਼ਰੈਂਡ ਮਿਲਣ ਨਹੀਂ ਸੀ ਆ ਸਕਦਾ। ਡਾਕਟਰਾਂ ਨੇ ਮਨ੍ਹਾ ਕੀਤਾ ਹੋਇਆ ਸੀ।

ਮੈਂ ਥੋੜ੍ਹੀ ਠੀਕ ਹੋ ਰਹੀ ਸੀ ਪਰ ਮੈਨੂੰ ਆਪਣੀ ਬਿਮਾਰੀ ਦੀ ਸਮਝ ਨਹੀਂ ਸੀ ਲੱਗ ਰਹੀ। ਡਾਕਟਰ ਵੀ ਕੁਝ ਨਹੀਂ ਦੱਸ ਰਹੇ ਸੀ। ਮੈਂ ਇਕ ਦਿਨ ਹੰਗਾਮਾ ਕਰ ਦਿੱਤਾ ਤਾਂ ਫਿਰ ਸਿੱਧੇ ਹੋ ਕੇ ਬੋਲੇ, " ਮਿਸ ਵਿਰਦੀ! ਤੇਰੀ ਬਾਡੀ ਦੇ ਫਲਿਊਡਜ਼ ਦਾ ਬੈਲੇਂਸ ਨਹੀਂ ਰਿਹਾ। ਕੈਮੀਕਲ ਅੱਪ ਹੋ ਗਏ ਹਨ। ਇਨ੍ਹਾਂ ਨੂੰ ਡਾਊਨ ਕਰਨ ਲਈ ਟਰੀਟਮੈਂਟ ਕਰ ਰਹੇ ਹਾਂ।"

ਮੈਂ ਥੋੜ੍ਹੀ ਸੁਰਤ ਸੰਭਾਲਣ ਲੱਗ ਪਈ ਸਾਂ। ਮੈਨੂੰ ਲੌਕਰ ਵਿਚ ਰੱਖਿਆ ਹੋਇਆ ਸੀ। ਸਿਰਫ਼ ਫ਼ੂਡ ਖਿਲਾਉਣ ਵੇਲੇ ਹੀ ਲੌਕ ਖੋਲ੍ਹਦੇ ਸਨ।

ਮੇਰਾ ਕਈ ਵਾਰੀ ਕਿਸੇ ਆਪਣੇ ਨੂੰ ਮਿਲਣ ਨੂੰ ਦਿਲ ਕਰਦਾ। ਡਾਕਟਰ ਨਾਂਹ ਵਿਚ ਸਿਰ ਮਾਰ ਦਿੰਦੇ। ਮੇਰੀ ਮੰਮੀ ਮਹੀਨੇ ਬਾਅਦ ਜ਼ਰੂਰ ਸ਼ੀਸ਼ੇ ਦੇ ਪਿੱਛੇ ਖੜ੍ਹੀ ਹੁੰਦੀ ਪਰ ਉਹ ਮੇਰੀ ਮੰਮੀ ਨਹੀਂ ਕੋਈ ਹੋਰ ਬੁੱਢੀ ਲੱਗਦੀ ਸੀ, ਲਿੱਸੀ, ਸਹਿਮੀ-ਸਹਿਮੀ ਅਤੇ ਫ਼ਿਕਰਾਂ ਵਿਚ ਡੁੱਬੀ ਹੋਈ। ਮੈਂ ਉਸ ਨੂੰ ਇਗਨੋਰ ਕਰਦੀ। ਫਿਰ ਉਹ ਹਰ ਹਫ਼ਤੇ ਆਉਣ ਲੱਗ ਪਈ। ਮੈਨੂੰ ਮਾੜੀ ਜਿਹੀ ਪਛਾਣ ਆਉਣ ਲੱਗੀ। ਉਹ ਮੇਰੀ ਮਾਂ ਸੀ। ਬੱਚਿਆਂ ਲਈ ਜਿਉਣ ਤੇ ਕੁਰਬਾਨ ਹੋਣ ਵਾਲੀ ਮਾਂ। ਉਸਦੀਆਂ ਅੱਖਾਂ ਵਿਚ ਅੱਥਰੂ ਸਨ, ਫਿਰ ਵੀ ਮੈਂ ਉਸ ਵੱਲ ਪਿੱਠ ਕਰ ਲਈ ਸੀ। ਮੇਰਾ ਮਨ ਉਚਾਟ ਹੋਣ ਲੱਗਾ। ਡਾਕਟਰਾਂ ਨੇ ਮੈਨੂੰ ਕੰਪਿਊਟਰ ਤੇ ਬਿਠਾ ਦਿੱਤਾ। ਮੈਨੂੰ ਫ਼ੈਮਿਲੀ ਅਤੇ ਕਲੋਜ਼ ਫ਼ਰੈਂਡਜ਼ ਦੇ ਸਕੈਚ ਬਣਾਉਣ ਲਈ ਕਿਹਾ ਗਿਆ। ਮੈਂ ਬਾਪੂ ਜੀ, ਪਵੇਲ, ਜਗਦੀਪ ਸਰ ਅਤੇ ਫ਼ੈਮਲੀ ਮੈਂਬਰਾਂ ਦੇ ਸਕੈੱਚ ਬਣਾ ਦਿੱਤੇ। ਫਿਰ ਮੇਰੇ ਤੋਂ ਕਿਸੇ ਨੂੰ ਮਿਲਣ ਬਾਰੇ ਚੁਆਇਸ ਪੁੱਛੀ ਗਈ। ਮੈਂ ਸੰਤੋਖ ਮਾਮਾ ਜੀ ਦਾ ਸਕੈੱਚ ਬਣਾ ਕੇ ਬਾਕਸ ਕਲਿੱਕ ਕਰ ਦਿੱਤਾ।

ਮੈਨੂੰ ਬਾਪੂ ਜੀ ਤੇ ਮਾਮਾ ਜੀ ਇਕੋ ਜਿਹੇ ਲੱਗਦੇ ਹਨ। ਮੇਰਾ ਦਰਦ ਸਮਝਣ ਵਾਲੇ। ਮਾਮਾ ਜੀ ਮਿਲਣ ਆਏ ਸੀ। ਮੈਂ ਰੱਜ ਕੇ ਗੱਲਾਂ ਕਰਨੀਆਂ ਚਾਹੁੰਦੀ ਸੀ ਪਰ ਸਾਡੀ ਮੀਟਿੰਗ ਸਿਰਫ਼ 5-7 ਮਿੰਟ ਦੀ ਸੀ।

ਦੋ ਵੀਕ ਬਾਅਦ ਮਾਮਾ ਜੀ ਤੇ ਅਮਨ ਆਏ ਸਨ। ਮੈਨੂੰ ਉਨ੍ਹਾਂ ਨਾਲ ਤਿੰਨ ਘੰਟੇ ਲਈ ਪਾਰਕ ਜਾਣ ਦਿੱਤਾ ਗਿਆ। ਫਿਰ ਮੈਨੂੰ ਘਰ ਫ਼ੋਨ ਕਰਨ ਦੀ ਇਜਾਜ਼ਤ ਮਿਲ ਗਈ। ਹਰ ਵੀਕ ਮੰਮੀ ਕਦੀ ਅਮਨ ਤੇ ਕਦੀ ਗਗਨ ਨੂੰ ਲੈ ਕੇ ਆ ਜਾਂਦੇ ਸੀ। ਸਾਡੇ ਹੌਸਪੀਟਲ ਦੇ ਕੰਪਲੈਕਸ ਅੰਦਰ ਪਾਰਕ ਸੀ। ਮੇਰੇ ਲਈ ਪਾਰਕ ਵਿਚ ਘੁੰਮਣ ਦਾ ਸਮਾਂ ਤਿੰਨ ਘੰਟੇ ਨਿਸ਼ਚਤ ਕੀਤਾ ਗਿਆ ਸੀ। ਪਵਨ ਤੇ ਉਸ ਦੀ ਵਾਈਫ਼ ਵੀ ਗੇੜਾ ਮਾਰ ਜਾਂਦੇ ਸੀ। ਇਨ੍ਹਾਂ ਸਮਿਆਂ ਵਿਚ ਲਵ ਪਤਾ ਨਹੀਂ ਕਿੱਥੇ ਗਾਇਬ ਰਹੀ ? ਕੀ ਪਤਾ ਕਿਹੜੇ ਖੰਭਾਂ ਤੇ ਉੱਡੀ ਫਿਰਦੀ ਸੀ ? ਮੈਨੂੰ ਉਸਦੀ ਬਹੁਤ ਜ਼ਰੂਰਤ ਸੀ। ਕਿਤੇ ਉਹ ਵੀ ਮੇਰੇ ਵਾਂਗ ਧੋਖੇ ਦਾ ਸ਼ਿਕਾਰ ਤਾਂ ਨਹੀਂ ਹੋ ਗਈ ? ਉਸਦੇ ਲਈ ਤਾਂ ਇਹ ਸਭ ਆਮ ਜਿਹੀ ਗੱਲ ਸੀ। ਇਕ ਖੰਭ ਟੁੱਟ ਗਿਆ ਤਾਂ ਕਿਸੇ ਦੂਜੇ ਤੇ ਜਾ ਬੈਠੇਗੀ। ਮੈਨੂੰ ਕੋਈ ਨਾ ਕੋਈ ਤਾਂ ਮਿਲਣ ਆ ਹੀ ਜਾਂਦਾ ਸੀ। ਹਰ ਰੋਜ਼ ਕੁਝ ਮਿੰਟਾਂ ਲਈ ਮਿਲਣ ਦੀ ਆ ਗਿਆ ਵੀ ਸੀ। ਮੈਂ ਅੱਠ ਮਹੀਨੇ ਤੋਂ ਘਰ ਤੋਂ ਬਾਹਰ ਸੀ। ਮੈਂ ਘਰ ਜਾਣਾ ਚਾਹੁੰਦੀ ਸੀ। ਇਕ ਦਿਨ ਲੰਚ ਤੇ ਘਰ ਜਾਣ ਦਿੱਤਾ ਪਰ ਮੁੜ ਹੌਸਪੀਟਲ ਆਉਣਾ ਪਿਆ।

ਪਿਛਲੇ ਤਿੰਨ ਮਹੀਨਿਆਂ ਤੋਂ ਮੈਂ ਲੌਕਰ ਵਿਚ ਨਹੀਂ ਸੀ। ਨਰਸ ਸਵੇਰੇ-ਸ਼ਾਮ ਪਾਰਕ ਲੈ ਕੇ ਜਾਂਦੀ ਸੀ। ਪਾਰਕ ਦੇ ਅੰਦਰ ਟਰੈਕ ਬਣਿਆ ਹੋਇਆ ਹੈ। ਮੈਂ ਚਾਰੇ ਪਾਸੇ ਗੇੜੇ ਲਾਉਂਦੀ ਰਹਿੰਦੀ। ਇਕ ਦਿਨ ਨਰਸ ਨੇ ਟੋਕਿਆ ਸੀ-

"ਮਿਸ ਵਿਰਦੀ ! ਤੂੰ ਇਕ ਪਾਸੇ ਨੂੰ ਗੇੜੇ ਕੱਢੀ ਜਾ ਰਹੀ ਹੈਂ। ਇਸ ਨਾਲ ਸਰੀਰ ਇਕ ਪਾਸੇ ਨੂੰ ਝੁਕਦਾ ਹੈ। ਇਹ ਠੀਕ ਨਹੀਂ ! ਓਨੇ ਹੀ ਗੇੜੇ ਉਲਟ ਦਿਸ਼ਾ ਵਿਚ ਵੀ ਕੱਢਣੇ ਚਾਹੀਦੇ ਹਨ। ਇਸ ਨਾਲ ਸਰੀਰ ਦਾ ਬੈਲੈਂਸ ਬਣਿਆ ਰਹਿੰਦਾ ਹੈ।"

ਨਰਸ ਦੀ ਸਿੱਖਿਆ ਮੇਰੇ ਦਿਲ ਨੂੰ ਲੱਗੀ ਸੀ। ਉਸ ਦਿਨ ਤੋਂ ਬਾਅਦ ਮੈਂ ਟਰੈਕ ਦੀਆਂ ਦੋਵੇਂ ਦਿਸ਼ਾਵਾਂ ਵਿਚ ਚੱਕਰ ਕੱਟਦੀ। ਮੈਂ ਚੱਕਰ ਕੱਟਦੇ ਸਮੇਂ ਸੋਚਾਂ ਵਿਚ ਪੈ ਜਾਂਦੀ। ਜ਼ਿੰਦਗੀ ਵਿਚ ਤਾਂ ਅਸੀਂ ਇਕ ਹੀ ਟਰੈਕ ਉੱਤੇ ਚੜ੍ਹੇ ਰਹਿੰਦੇ ਹਾਂ। ਜ਼ਿੰਦਗੀ ਵਿਚ ਬੈਲੈਂਸ ਕਿਵੇਂ ਰਹਿ ਸਕਦਾ ਹੈ ? ਡਾਕਟਰ ਮੇਰੇ ਕੈਮੀਕਲ ਬੈਲੈਂਸ ਕਰਨ ਵਿਚ ਕਾਮਯਾਬ ਹੋ ਗਏ ਸਨ। ਇਸ ਪਿੱਛੋਂ ਮੇਰੇ ਸੁਭਾਅ ਵਿਚ ਤਬਦੀਲੀ ਆਉਣ ਲੱਗ ਪਈ ਸੀ। ਮੈਨੂੰ ਘਰ ਤੇ ਸਕੇ ਸੰਬੰਧੀ ਚੰਗੇ ਲੱਗਣ ਲੱਗ ਪਏ। ਬਾਪੂ ਜੀ ਤੇ ਪਵੇਲ ਮੇਰੀਆਂ ਯਾਦਾਂ ਵਿਚ ਵਾਰ-ਵਾਰ ਘੁੰਮਦੇ ਰਹਿੰਦੇ।

ਹੌਸਪੀਟਲ ਤੋਂ ਦੂਜੀ ਵਾਰੀ ਮੈਨੂੰ ਦੋ ਦਿਨ ਘਰ ਜਾਣ ਦੀ ਛੁੱਟੀ ਮਿਲੀ ਸੀ। ਕੁਝ ਦਿਨਾਂ ਬਾਅਦ ਇਕ ਹਫ਼ਤੇ ਦੀ ਅਤੇ ਫਿਰ ਇਕ ਮਹੀਨਾ ਘਰ ਰਹੀ ਸੀ। ਹੁਣ ਘਰ ਮੈਨੂੰ ਚੰਗਾ-ਚੰਗਾ ਲੱਗਣ ਲੱਗ ਪਿਆ ਸੀ। ਮਹੀਨੇ ਬਾਅਦ ਮੇਰਾ ਵਾਪਸ ਹੌਸਪੀਟਲ ਜਾਣ ਨੂੰ ਦਿਲ ਨਹੀਂ ਸੀ ਕਰਦਾ ਪਰ ਮਜਬੂਰੀ ਵਿਚ ਜਾਣਾ ਪਿਆ ਸੀ। ਇਕ ਦਿਨ ਉਨ੍ਹਾਂ ਮੇਰੇ ਦਿਲ ਵਿਚ ਘਰ ਪ੍ਰਤੀ ਉਤਸ਼ਾਹ ਦੇਖ ਕੇ, ਮੈਨੂੰ ਮੈਡੀਸਨ ਦੇ ਕੇ ਡਿਸਚਾਰਜ ਕਰ ਦਿੱਤਾ ਸੀ।

ਮੇਰੇ ਕਮਰੇ ਵਿਚ ਦਵਾਈਆਂ ਦੀ ਭਰਮਾਰ ਏ। ਇਨ੍ਹਾਂ ਦੀ ਅਜੀਬ ਸਮੈੱਲ ਆਉਂਦੀ ਰਹਿੰਦੀ ਏ ਪਰ ਖਾਣੀਆਂ ਪੈਂਦੀਆਂ ਨੇ। ਇਨ੍ਹਾਂ ਦਵਾਈਆਂ ਦੇ ਸਾਈਡ ਇਫ਼ੈਕਟ ਨਾਲ ਸੁਸਤ ਅਤੇ ਮੋਟੀ ਹੋ ਗਈ ਹਾਂ। ਮੈਂ ਸ਼ੀਸ਼ੇ ਮੂਹਰੇ ਖੜ੍ਹ ਜਾਂਦੀ ਹਾਂ। ਹੁਣ ਮੈਂ ਕੁੜੀ ਨਹੀਂ ਸਗੋਂ ਪੱਕੜ ਜਿਹੀ ਔਰਤ ਲੱਗਦੀ ਹਾਂ। ਮੇਰੀ ਉਮਰ ਬੱਤੀ ਸਾਲ ਦੀ ਹੈ। ਇਸ ਉਮਰ ਵਿਚ ਅਮਰੀਕਨ ਔਰਤਾਂ ਤਾਂ ਭਰ ਜਵਾਨ ਮੁਟਿਆਰਾਂ ਲੱਗਦੀਆਂ ਨੇ ਪਰ ਮੈਂ ਬਿਮਾਰੀ ਦੀ ਭੰਨੀ, ਬੇਢੱਬੀ, ਪੇਟ ਬਾਹਰ ਨੂੰ ਵਧਿਆ ਹੋਇਆ ਮੂੰਹ ਫੁੱਲਿਆ ਹੋਇਆ, ਬੁੱਲ੍ਹ ਸੁਕੇ ਹੋਏ, ਅੱਖਾਂ ਤੇ ਠੋਡੀ ਦੇ ਹੇਠਾਂ ਝੁਰੜੀਆਂ ਪਈਆਂ ਹੋਈਆਂ ਹਨ। ਮੇਰੇ ਬਾਰੇ ਸੁਣ ਕੇ ਬਾਪੂ ਜੀ ਨੇ ਮੰਜਾ ਮੱਲ ਲਿਆ ਹੈ। ਉਨ੍ਹਾਂ ਮੇਰੀ ਮੰਮੀ ਨੂੰ ਇਕੋ ਗੱਲ ਕਹੀ ਹੈ-

"ਕਸ਼ਮੀਰੋ ! ਮੇਰੀ ਧੀ ਨੂੰ ਮੇਰੇ ਕੋਲ ਲੈ ਕੇ ਆ ਜਾਹ। ਮੈਂ ਮਰਨ ਤੋਂ ਪਹਿਲਾਂ ਇਸਦਾ ਮੂੰਹ ਦੇਖ ਲਵਾਂ। ਨਾਲੇ ਹੱਥੀਂ ਦਾਨ ਕਰ ਦੇਵਾਂ।"



ਮੈਂ ਜਿਉਂ ਹੀ ਥੋੜ੍ਹੀ ਨਾਰਮਲ ਹੋਈ, ਮੰਮੀ, ਅਮਨ ਤੇ ਗਗਨ ਮੈਨੂੰ ਇੰਡੀਆ ਲੈ ਗਏ। ਬਾਪੂ ਜੀ ਦੇ ਕਹਿਣ 'ਤੇ ਚਾਚੇ-ਤਾਏ ਪਹਿਲਾਂ ਹੀ ਮੇਰੇ ਵਿਆਹ ਲਈ ਨੱਠ-ਭੱਜ ਕਰ ਰਹੇ ਸਨ। ਉਨ੍ਹਾਂ ਮੇਰਾ ਰੌਬੀ ਨਾਲ ਵਿਆਹ ਕਰ ਦਿੱਤਾ। ਉਹ ਤਿੰਨ ਮਹੀਨੇ ਤਾਂ ਇੰਡੀਆ ਵਿਚ ਤਿੰਨ ਦਿਨਾਂ ਵਾਂਗ ਲੰਘ ਗਏ। ਪਿਛਲੇ ਤਿੰਨ ਸਾਲਾਂ ਤੋਂ ਪਰੇਸ਼ਾਨੀ ਵਿਚ ਘਿਰੀ ਹੋਈ ਹਾਂ। ਮੇਰਾ ਰੌਬੀ ਆ ਨਹੀਂ ਰਿਹਾ। ਪਹਿਲਾਂ ਮੇਰੀ ਬਿਮਾਰੀ ਰੈਕਿਡ ਵਿਚ ਹੋਣ ਕਰਕੇ ਮੈਨੂੰ ਜੌਬ ਨਹੀਂ ਸੀ ਮਿਲ ਰਹੀ। ਮੈਂ ਰੌਬੀ ਦੀ ਪਟੀਸ਼ਨ ਕਰ ਦਿੱਤੀ। ਮੇਰੇ ਕੰਮ ਦੇ ਘੰਟੇ ਪੂਰੇ ਨਹੀਂ ਸੀ ਹੋ ਰਹੇ। ਪਟੀਸ਼ਨ ਤੇ ਆਬਜੈਕਸ਼ਨ ਲੱਗ ਗਿਆ। ਮਾਮਾ ਜੀ ਦੇ ਸਟੋਰ ਦਾ ਜੌਬ ਲੈਟਰ ਬਣਾ ਕੇ ਦਿੱਤਾ ਹੈ।

ਰੌਬੀ ਮਕੈਨੀਕਲ ਇੰਜਨੀਅਰ ਹੈ। ਮੇਰੇ ਤੋਂ ਉਮਰ ਵਿਚ ਛੇ ਸਾਲ ਛੋਟਾ ਹੋਣਾ। ਬਹੁਤ ਹੈਂਡਸਮ, ਸਲਿਮ -ਟਰਿਮ ਪੂਰਾ ਹੀਰੋ ! ਮੈਂ ਤਾਂ ਦੇਖਦੀ ਹੀ ਰਹਿ ਗਈ ਸੀ। ਮੈਂ ਉਸੇ ਵਕਤ ਹਾਂ ਕਰ ਦਿੱਤੀ ਸੀ ਪਰ ਰੌਬੀ ਨੂੰ ਹਾਂ ਕਹਿਣ ਵਿਚ ਪੰਜ ਦਿਨ ਲੱਗ ਗਏ ਸਨ। ਹੁਣ ਜਲ ਜਾਣਾ ਕੌਂਸਲੇਟ ਸੈਟਿਸਫ਼ਾਈ ਨਹੀਂ ਹੋ ਰਿਹਾ। ਉਹ ਸਾਡੀ ਮੈਰਿਜ ਨੂੰ ਰੀਅਲ ਨਹੀਂ ਮੰਨ ਰਿਹਾ। ਮੈਨੂੰ ਫੋਨ 'ਤੇ ਪੁੱਛਿਆ -

" ਮੈਰਿਜ ਤੇਰੀ ਮਰਜ਼ੀ ਨਾਲ ਵੀ ਹੋਈ ਏ ?"

ਅੱਧੀ ਰਾਤ ਬੀਤ ਚੁੱਕੀ ਹੈ। ਮੰਮੀ ਨੇ ਨੀਂਦ ਦਾ ਇਕ ਢੌਂਕਾ ਲਾ ਲਿਆ ਹੈ। ਉਸਨੇ ਉੱਠ ਕੇ ਮੇਰਾ ਸਿਰ ਪਲੋਸਿਆ ਅਤੇ ਮੈਨੂੰ ਸੌਣ ਲਈ ਕਹਿ ਕੇ ਮੁੜ ਬੈੱਡ ਤੇ ਜਾ ਪਈ ਹੈ। ਮੰਮੀ ਡਰਦੀ ਹੈ ਕਿਤੇ ਮੈਂ ਮੁੜ ਬਿਮਾਰ ਨਾ ਹੋ ਜਾਵਾਂ ? ਮੇਰੇ ਕੰਮ ਦੇ ਘੰਟੇ ਵੱਧ ਗਏ ਹਨ, ਦਵਾਈ ਦੀ ਮਾਤਰਾ ਘੱਟ ਗਈ ਹੈ। ਅੱਜ ਵੀਕੈਂਡ ਹੋਣ ਕਰਕੇ ਹੀ ਜਾਗ ਰਹੀ ਹਾਂ। ਸਵੇਰੇ ਕਿਹੜਾ ਕੰਮ ਤੇ ਜਾਣਾ ਹੈ ! ਮੈਂ ਹੁਣ ਬਿਲਕੁਲ ਠੀਕ ਹਾਂ ਪਰ ਰੀਲੈਕਸ ਨਹੀਂ। ਮੇਰਾ ਧਿਆਨ ਮੁੜ-ਮੁੜ ਫ਼ਾਇਰ ਪਲੇਸ ਵੱਲ ਜਾ ਰਿਹਾ ਹੈ। ਮੈਂ ਸਵੇਰ ਦੀ ਇਸਦੇ ਤਾਪ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹਾਂ। ਅਜੇ ਤੱਕ ਕੈਂਡਲਜ਼ ਮੇਰਾ ਸਾਥ ਦੇ ਰਹੀਆਂ ਹਨ।

ਮੇਰੇ ਸਾਹਮਣੇ ਰੌਬੀ ਦੀ ਈਮੇਲ ਖੁੱਲ੍ਹੀ ਪਈ ਹੈ। ਮੈਂ ਇਹ ਈਮੇਲ ਕਈ ਵਾਰੀ ਪੜ੍ਹ ਚੁੱਕੀ ਹਾਂ। ਮੈਨੂੰ ਸਮਝ ਨਹੀਂ ਆ ਰਹੀ ਕਿ ਮੈਨੂੰ ਉਸ ਉੱਪਰ ਤਰਸ ਆ ਰਿਹਾ ਹੈ ਜਾਂ ਆਪਣੇ ਆਪ 'ਤੇ, ਕਦੀ ਪਵੇਲ ਦੀਆਂ ਗੱਲਾਂ ਯਾਦ ਆ ਰਹੀਆਂ ਹਨ। ਦੂਜੇ ਪਾਸੇ ਮੈਨੂੰ ਸੰਤੋਖ ਮਾਮਾ ਜੀ ਦੀ ਰੀਸੈਸ਼ਨ ਵੇਲੇ ਗਗਨ ਨੂੰ ਕਹੀ ਗੱਲ ਯਾਦ ਆਈ ਹੈ-

" ਇਸ ਸਿਸਟਮ ਦੀ ਇਕ ਸਿਫ਼ਤ ਹੈ । ਇਹ ਬੰਦੇ ਨੂੰ ਮਰਨ ਨਹੀਂ ਦਿੰਦਾ। ਉਸਦੇ ਮੂੰਹ ਵਿਚ ਪਾਣੀ ਦੀ ਬੂੰਦ ਪਾ ਦਿੰਦਾ।"

ਮੈਂ ਮਾਮਾ ਜੀ ਦੀ ਇਸੇ ਗੱਲ ਦੇ ਸਹਾਰੇ ਜੀਅ ਰਹੀ ਸੀ ਪਰ ਹੁਣ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਜਾਪਦਾ। ਮੈਂ ਥੱਕ ਗਈ ਹਾਂ। ਮੇਰੇ ਸਰੀਰ ਵਿਚ ਜਾਨ ਨਹੀਂ ਰਹੀ। ਮਨ ਬੁਝਿਆ ਪਿਆ ਏ। ਮੇਰੇ ਦਿਲ ਦੀ ਚਿਮਨੀ ਵਿਚੋਂ ਜਿਵੇਂ ਧੂੰਆਂ ਉੱਠ ਰਿਹਾ ਏ। ਫ਼ਾਇਰ ਪਲੇਸ ਦਾ ਸੇਕ ਵੱਧ ਰਿਹਾ ਏ। ਮੈਂ ਤਿੰਨ ਸਾਲ ਤੋਂ ਰੌਬੀ ਦਾ ਰਾਹ ਤੱਕ ਰਹੀ ਹਾਂ। ਮਾਮਾ ਜੀ ਅੰਦਰ ਵੜੇ ਹਨ। ਉਨ੍ਹਾਂ ਨੇ ਮੇਰੇ ਸਿਰ ਤੇ ਪਿਆਰ ਦਿੱਤਾ ਹੈ। ਮੈਂ ਕੁਰਲਾ ਉੱਠੀ ਹਾਂ-

ਤੁਹਾਡਾ ਇਹ ਸਿਸਟਮ ਝਨਾਂ ਦੀਆਂ ਉਹ ਮਾਰੂ ਛੱਲਾਂ ਨੇ ਜੋ ਨਿੱਤ ਹੀ ਪਤਾ ਨਹੀਂ ਕਿੰਨੀਆਂ ਸੁਹਣੀਆਂ ਦੇ ਕੱਚੇ ਘੜੇ ਖੋਰਦੀਆਂ ਉਨ੍ਹਾਂ ਨੂੰ ਵਹਾਅ ਕੇ ਨਾਲ ਲੈ ਜਾਂਦੀਆਂ ਨੇ। "ਮਾਮਾ ਜੀ ! ਇਸ ਅਮਰੀਕੀ ਸਿਸਟਮ ਨੂੰ ਪੁੱਛਿਓ, ਹੋਰ ਕਿੰਨੇ ਕੁ ਸਾਲ ਲੱਗਣਗੇ ਉੱਠਣ ਨੂੰ ?"

ਮਾਮਾ ਜੀ ਮੇਰਾ ਸਵਾਲ ਸੁਣ ਕੇ ਕਦੇ ਮੇਰੇ ਵੱਲ ਦੇਖ ਰਹੇ ਨੇ, ਕਦੇ ਮੰਮਾਂ ਵੱਲ ਤੇ ਕਦੇ ਫਰਸ਼ ਵੱਲ।

ਮੋ. 94630-63990

ਕਵਿਤਾਵਾਂ

## ਦੋ ਗ਼ਜ਼ਲਾਂ/ਅਜਾਇਬ ਸਿੰਘ ਹੁੰਦਲ

1.

ਚਾਰ ਲੱਤਾਂ ਅਪਣੀਆਂ ਜਿਨ੍ਹਾਂ ਦੀਆਂ ਨੇ।
ਹੁਣ ਕਿਤੇ ਨਾ ਦਿੱਸਦੀਆਂ ਉਹ ਕੁਰਸੀਆਂ ਨੇ।

ਲੋਕ ਇਹ ਲਗਦੇ ਨਹੀਂ ਅਪਣੀ ਸਦੀ ਦੇ,
ਜੋ ਅਜੇ ਤਕ ਵੀ ਨਿਭਾਉਂਦੇ ਯਾਰੀਆਂ ਨੇ।

ਬਿਰਖ ਵੱਢ ਕੇ ਆਸ ਬਾਰਿਸ਼ ਦੀ ਕਰੀਂ ਨਾ,
ਤੇਰੀ ਹਰ ਹਰਕਤ ਸਮਝਦੀ ਬਦਲੀਆਂ ਨੇ।

ਮੁਸਕਰਾਏਗਾ ਕਿਵੇਂ ਚਿਹਰਾ ਭਲਾ ਉਹ,
ਜ਼ਿਹਨ ਵਿਚ ਤਾਂ ਤਲਖ਼ੀਆਂ ਹੀ ਤਲਖ਼ੀਆਂ ਨੇ।

ਹਰ ਜਗ੍ਹਾ ਆਉਂਦੇ ਨਜ਼ਰ ਨੇ ਸੱਪ ਹੀ ਹੁਣ,
ਆਸਤੀਨਾਂ ਹੁਣ ਕਿਤੇ ਨਾ ਦਿੱਸਦੀਆਂ ਨੇ।

ਸ਼ਹਿਰ ਦੇ ਲੋਕਾਂ ਦੇ ਕੀਤੇ ਵਾਅਦਿਆਂ ਨੂੰ,
ਹੁਣ ਸਮਝਦੀਆਂ ਸਾਰੀਆਂ ਹੀ ਬਸਤੀਆਂ ਨੇ।

ਸ਼ੇਅਰ ਸੁਣਦੇ ਹੀ 'ਅਜਾਇਬ' ਦੀ ਗ਼ਜ਼ਲ ਦੇ,
ਆ ਗਈਆਂ ਪਾਣੀ 'ਚੋਂ ਬਾਹਰ ਮਛਲੀਆਂ ਨੇ।

2.

ਅਸਾਂ ਖ਼ੁਦ ਹਾਲ ਅਪਣੇ ਸ਼ਹਿਰ ਦਾ ਕੀ ਕਰ ਲਿਆ ਹੈ।
ਕਿਤੇ ਨਾ ਸਾਫ ਪਾਣੀ ਨਾ ਕਿਤੇ ਤਾਜ਼ਾ ਹਵਾ ਹੈ।

ਤਰਸ ਜਾਂਦੀ ਕਦੇ ਹਰ ਅੱਖ ਹੈ ਇਕ ਬੂੰਦ ਨੂੰ ਵੀ,
ਬਰਸ ਜਾਂਦੀ ਕਦੇ ਖ਼ੁਦ ਆਪ ਹੀ ਕਾਲੀ ਘਟਾ ਹੈ।

ਡਬੋਇਆ ਰੋਜ਼ ਹੀ ਮੈਨੂੰ ਹੈ ਚੜ੍ਹਦੇ ਪਾਣੀਆਂ ਨੇ,
ਮਗਰ ਇਕ ਵਾਰ ਵੀ ਡੁੱਬਿਆ ਨਾ ਮੇਰਾ ਹੌਸਲਾ ਹੈ।



ਉਦਾਸੀ ਬਾਅਦ ਇਕ ਤੋਂ ਦੂਸਰੀ, ਤੀਜੀ ਤੇ ਚੌਥੀ,
ਬਜ਼ੁਰਗਾਂ ਮੇਰਿਆਂ ਦਿੱਤੀ ਹੋਈ ਮੈਨੂੰ ਦੁਆ ਹੈ।

ਜ਼ਮਾਨਾ ਹੋ ਗਿਆ ਉਸ ਬਿਰਖ ਨੂੰ ਸੁੱਕਿਆ ਹੈ ਯਾਰੋ,
ਮਗਰ ਲੱਗਦਾ ਕਿ ਉਸ ਦਾ ਜ਼ਖ਼ਮ ਹਾਲੇ ਵੀ ਹਰਾ ਹੈ।

ਨਗਰ ਵਿਚ ਹੋ ਗਿਆ ਪੈਦਾ ਬਸ਼ਰ ਇਹ ਕੌਣ ਹੈ ਜੋ,
ਭਰੇ ਬਾਜ਼ਾਰ ਵਿਚ ਯੂਸਫ਼ ਤੋਂ ਸਸਤਾ ਵਿਕ ਰਿਹਾ ਹੈ।

ਤਕਾਜ਼ਾ ਵਕਤ ਦਾ ਹੀ ਹੈ ਸਦਾ ਹੁੰਦਾ 'ਅਜਾਇਬ',
ਹੈ ਵਰਨਾ ਬੇਵਫ਼ਾ ਕੋਈ ਨਾ ਕੋਈ ਬਾਵਫ਼ਾ ਹੈ।

## ਦੁੱਖਾਂ ਦੇ ਪਹਾੜ/ ਜਗਦੀਪ ਸਿੱਧੂ

ਮਾਂ ਖੁਸ਼ ਸੀ
ਉਸ ਦੇ ਪੁੱਤ ਦਾ ਘਰ ਬਣ ਰਿਹਾ

ਬਹੁਤ ਦੁੱਖਾਂ ਦੇ ਪਹਾੜ ਚੁੱਕੇ ਉਸ
ਬੱਚਿਆਂ ਨੂੰ ਪਾਲਣ ਲਈ

ਫਰਸ਼ ਲਾਉਣ ਲੱਗਿਆਂ
ਪੁੱਛਿਆ ਮਾਂ ਨੂੰ
ਮਾਂ ਕਿਹੋ ਜਿਹਾ ਪੱਥਰ ਲਾਈਏ
ਪੁੱਤ ਥੋਨੂੰ ਵੱਧ ਪਤਾ
ਅੱਜ ਕੱਲ੍ਹ ਦੇ ਮੁੰਡਿਆਂ ਨੂੰ

ਖੁਸ਼ ਸੀ ਮਾਂ ਪੁੱਤ ਦਾ ਸੋਹਣਾ ਘਰ ਦੇਖ ਕੇ
ਥੱਲੇ ਸੋਹਣਾ ਪੱਥਰ ਲੱਗਿਆ ਦੇਖ ਕੇ

ਉਸ ਨੂੰ ਲੱਗਾ ਜਿਵੇਂ ਉਸ ਨੇ
ਸਿਰ 'ਤੇ ਚੁੱਕੇ ਦੁੱਖਾਂ ਦੇ ਪਹਾੜ
ਹੁਣ ਪੈਰਾਂ ਥੱਲੇ ਤਰ ਲਏ

## ਮਾਂ ਦੀ ਸਿਆਣਪ

ਮਾਂ ਅੰਤਾਂ ਦੀ ਸਿਆਣੀ
ਉਹ ਭਲਾ ਵੀ ਕਰਦੀ
ਉਹਨੂੰ ਗੱਲ ਵੀ ਰੱਖਣੀ ਆਉਂਦੀ

ਪੁੱਛੇ ਮਾਂ 'ਵੇ ਪੁੱਤ ਕਿੰਨੀ ਰੋਟੀ ਖਾਣੀ'
ਮੈਂ ਦੱਸਾਂ,'ਬੱਸ ਦੋ ਹੀ'
'ਪੁੱਤ ਵੱਧ ਖਾ ਲੈ ਕੁਵੇਲੇ ਆਵੇਂਗਾ'
'ਨਹੀਂ ਮਾਂ ਦੋ ਹੀ ਕਾਫੀ ਨੇ'
ਮਾਂ ਦੋ ਹੀ ਰੋਟੀਆਂ ਬਣਾਉਂਦੀ
ਪਰ ਮੋਟੀਆਂ ਮੋਟੀਆਂ

## ਦੋ ਗ਼ਜ਼ਲਾਂ/ਸੁਰਿੰਦਰ ਸੀਹਰਾ

1.

ਔਖਾ ਕਬੂਲ ਕਰ ਜਾ ਸੌਖਾ ਕਬੂਲ ਕਰ।
ਜੋ ਆਤਮਾ ਨੇ ਪਾਇਆ ਚੋਲ਼ਾ ਕਬੂਲ ਕਰ।

ਮੇਰੀ ਸਦਾਅ ਕਬੂਲ ਕਰ ਹੌਕਾ ਕਬੂਲ ਕਰ।
ਜਿੰਨੇ ਕੁ ਮੇਰੇ ਰੋਮ ਨੇ ਓਨਾ ਕਬੂਲ ਕਰ।

ਕੰਗਣ ਨਹੀਂ ਜੇ ਤੇਰੇ ਬਣ ਕੇ ਕੜਾ ਸਜਾਂਗਾ,
ਸੋਨਾ ਨਹੀਂ ਤੂੰ ਮੇਰਾ ਲੋਹਾ ਕਬੂਲ ਕਰ।

ਉਹ ਮਹਿਕ ਬਣ ਕੇ ਮੇਰਾ ਅੰਦਰ ਹੀ ਭਰ ਗਿਆ ਸੀ,
ਰੋਜ਼ਾ ਨਿਭਾਅ ਨਾ ਹੋਇਆ ਤੌਬਾ ਕਬੂਲ ਕਰ।

ਤੇਰਾ ਮੇਰਾ ਖਿਡੌਣਾ ਯਾਦਾਂ ਚ ਭਟਕਦਾ ਜੋ,
ਬੱਚਿਆ ! ਲੈ ਹੰਝੂਆਂ ਦਾ ਤੋਹਫ਼ਾ ਕਬੂਲ ਕਰ।

ਹੁਣ ਤੱਕ ਤਾਂ ਗਲਤੀਆਂ ਨੇ ਰਖਿਆ ਲਕੋ ਕੇ ਸੀਹਰਾ,
ਫਿਰ ਵੀ ਤੂੰ ਮੇਰਾ ਸੱਚਾ ਸੌਦਾ ਕਬੂਲ ਕਰ।

2.

ਜ਼ਿੰਦਗੀ ਮੈਂ ਕਿਸ ਤਰਾਂ ਦਾ ਕ੍ਰਿਸ਼ਨ ਹਾਂ
ਪਰਤਦਾਂ ਘਰ ਚਾਅ ਨਹੀਂ ਪਰ ਪਰਤਦੇ।
ਰਾਤ ਕਹਿੰਦੀ ਸੁਣ ਲਈ ਮੈਂ ਰੁਕਮਣੀ
ਮਾਲਕਾ, ਮਾਲਕ ਮੇਰੇ ਨੂੰ ਬਖ਼ਸ਼ ਦੇ।
ਫੇਰ ਉਜੜਨ ਦੀ ਪਵੇ ਨਾ ਲੋੜ ਹੀ
ਜੇ ਦੁਆਵਾਂ ਦੇਣੀਆਂ ਤਾਂ ਸਖ਼ਤ ਦੇ।
ਮੈਂ ਵਸਾਵਾਂ ਘਰ ਨਗਰ ਅਪਣਾ ਕਿਤੇ
ਜ਼ਿੰਦਗੀ ਨੂੰ ਇਸ ਤਰਾਂ ਦੇ ਨਕਸ਼ ਦੇ।
ਮੈਂ ਤਾਂ ਬੱਸ ਏਨੀ ਸੀ ਮੰਗੀ ਆਗਿਆ
ਮੈਂ ਤੇਰੀ ਤੇ ਤੂੰ ਮੇਰੀ ਬਹਿ ਤਾਬਿਆ।



ਆ ਉਹ ਵਰਕੇ ਖੋਲੀਏ ਪੜੀਏ ਪਏ
ਵਾਕ ਨੇ ਜੋ ਮੁਕਤੀਆਂ ਨੂੰ ਤਰਸਦੇ।
ਅੱਜ ਤੇਰੀ ਮਿੱਟੀ ਚ ਹਾਂ ਕੁਝ ਮਾਣ ਕਰ
ਬੀਜ ਲੈ ਮੈਨੂੰ ਮੇਰਾ ਕਲਿਆਣ ਕਰ
ਰਹਿਣ ਨਾ ਪਈਆਂ ਸਿਆੜਾਂ ਵਾਂਗ ਇਹ
ਸੁੰਨੀਆਂ ਸਤਰਾਂ ਨੂੰ ਥੋੜ੍ਹੇ ਲਫ਼ਜ਼ ਦੇ।
ਆਪਣੇ ਹੱਥਾਂ ਚ ਮੈਲਾ ਹੋ ਗਿਆਂ
ਜੀਅ ਕਰੇ ਨੰਬਰ ਵੀ ਹੁਣ ਇਹ ਧੋ ਦਿਆਂ
ਯਾਰ ਮੈਨੂੰ ਪੂਰੇ ਨੂੰ ਜੋ ਖ਼ਰਚਦੇ
ਨਾ ਫਿਰਨ ਮੰਡੀਆਂ ਚ ਸੀਹਰਾ ਪਰਖਦੇ।

## ਗ਼ਜ਼ਲ/ਗੁਰਦੀਪ ਗਿੱਲ

ਮਾਰ ਘਰਾਂ ਨੂੰ ਤਾਲੇ ਤੁਰ ਗਏ।
ਸੱਜਣ ਯਾਰ ਨਿਰਾਲੇ ਤੁਰ ਗਏ।

ਸਾਹਾਂ ਦੇ ਵਿਚ ਵਸਣ ਵਾਲੇ,
ਸਾਹਾਂ ਦੇ ਰਖਵਾਲੇ ਤੁਰ ਗਏ।

ਮੁੜ ਮੁੜ ਵੇਖਾਂ ਉਹਦੇ ਘਰ ਨੂੰ,
ਘਰ ਨੂੰ ਆਵਣ ਵਾਲੇ ਤੁਰ ਗਏ।

ਸੱਜੀਆਂ ਬਾਹਾਂ ਵਰਗੇ ਸਨ ਉਹ,
ਸਾਂਝ ਨਿਭਾਵਣ ਵਾਲੇ ਤੁਰ ਗਏ।

ਕਦੇ ਕੁ ਤਾਈਂ ਮਿਲ ਪੈਂਦੇ ਸੀ,
ਗਲ਼ ਨੂੰ ਲਾਵਣ ਵਾਲੇ ਤੁਰ ਗਏ।

'ਦੀਪ' ਗਵਾਚੇ ਕਿੱਥੋਂ ਲੱਭਾਂ ?
ਰਾਹ ਰੁਸ਼ਨਾਵਣ ਵਾਲੇ ਤੁਰ ਗਏ।

# ਮੈਂ ਵੀ ਉੱਥੇ ਹੀ ਖੜ੍ਹਾਂ ਹਾਂ/ਚਰਨਜੀਤ ਸਿੰਘ ਪੱਡਾ

ਤੇ ਮੈਂ ਵੀ ਉੱਥੇ ਹੀ ਖੜਾ ਹਾਂ

ਅੱਜ ਵੀ

ਤੇ ਮੈਂ ਉਸ ਸ਼ਰਦਈ ਪੱਗ ਦਾ ਰੰਗ

ਫਿਕਾ ਨਹੀਂ ਹੋਣ ਦਿੱਤਾ

ਤੇਰੇ ਲਈ।

ਗੇਟ ਤੋਂ ਪੌੜੀਆਂ ਤੱਕ

ਕਾਲਜ ਦਾ ਰਸਤਾ

ਮਿਣਦਾ ਹਾਂ ਮੈਂ ਹੁਣ ਵੀ

ਤੇਰੀ ਮਖਮਲੀ ਯਾਦ ਦੀ ਖੁਸ਼ਬੂ

ਤੇ

ਤਰੱਨਮੀ ਹਵਾ ਅਜੇ ਵੀ ਹੈ ਉੱਥੇ ਮੌਜੂਦ

ਇਹ ਕਾਲਜ ਦਾ
ਹੈ ਉਹ ਰਸਤਾ
ਜਿਸ ਤੇ ਤਰਦੀ ਸੀ ਤੂੰ
ਵਾਂਗ ਫੁੱਲ ਦੇ
ਮੈਂ ਤੇ ਬਸ
ਉਸ ਰਸਤੇ ਦੀ ਮਿਟੀ ਦੀ ਵਫ਼ਾ ਦਾ
ਹਾਂ ਇਕ ਪਾਤਰ
ਮੁਹੱਬਤ, ਵੇਦਨਾ, ਨੇਕੀ, ਸੁਪਨਸਾਜ਼ੀ
ਤੇ ਹਮਦਰਦੀ ਵਿਚ ਡੁੱਬਿਆ
ਤੇਰਾ ਆਪਣਾ !

ਤੇਰੇ ਪਿਛੋਂ ਮੈਂ ਗੰਧਲੇ ਪਾਣੀ ਤੇ ਵੀ ਤਰਿਆਂ
ਪਰ ਤੇਰੀ ਯਾਦ ਦੀ ਬਲਦੀ ਜੋਤ
ਦੀ ਤੌਫੀਕ ਸਦਕਾ

ਸਮੇਂ ਦੇ ਸ਼ੋਰ ਵਿਚ
ਮੈਂ ਤਰਜ਼ ਬਣ ਕੇ ਉਭਰਨ ਦਾ ਕੀਤਾ ਹੈ ਯਤਨ।

ਡੋਲੀ ਚੜ੍ਹਦੀ ਦੀ ਤੇਰੀ ਚੀਕ
ਨਹੀਂ ਸੁਣੀ ਕਿਸੇ ਵਾਰਿਸ ਨੇ
ਤੇ ਮੈਨੂੰ ਵੀ
ਅਜੇ ਤਕ
ਕਿਸੇ ਬਾਲ ਨਾਥ ਕੋਲੋਂ
ਯੋਗ ਹਾਸਿਲ ਨਹੀਉਂ ਹੋਇਆ
ਉਂਜ ਤੇਰੀ ਬੀਬੀ ਨੂੰ ਪਤਾ
ਕਿ ਤੇਰੇ ਰਾਂਝੇ ਦੀ ਰੂਹ ਚੋਂ
ਹੈ ਦੁੱਖ ਕੋਈ।
ਤੈਨੂੰ ਪਤਾ ?
ਭੀੜੀ ਹੋ ਚੁੱਕੀ
ਜ਼ੰਗਾਲੀ ਬਾਰੀ ਦੀ ਭੀਤ ਦੇ ਪਿਛਵਾੜੇ
ਹਨੇਰਿਆਂ ਨੂੰ ਰੌਸ਼ਨ ਕਰਦੀ ਰੂਹ,
ਤੇ ਉਸ ਰੂਹ ਦੇ ਲਫ਼ਜ਼ਾਂ ਦੀ ਲੱਜ਼ਤ
ਅਤੇ
ਬੋਲਾਂ ਦਾ ਲਹਿਜਾ
ਸਭ ਕੁਝ ਮੇਰੀ ਦੌਲਤ ਨੇ
ਤੇ ਇਹੋ ਦੌਲਤ
ਹੈ ਮੇਰੀ ਤਾਕਤ ਰੂਹਾਨੀ
ਤੈਨੂੰ ਪਤਾ ?



ਤੂੰ ਮੇਰੇ ਤਪ ਰਹੇ ਸਹਿਰਾ ਤੇ
ਕਣੀਆਂ ਦੀ ਇਬਾਰਤ ਲਿਖਦੀ ਰਹੀ ਏਂ!
ਬੜੀ ਰੀਝ ਸੀ ਮੇਰੀ
ਕਿ ਮੇਰੇ ਗਲੇ ਲਗ
ਵਾਂਗ ਵੇਲ ਵਧ ਜਾਂਦੀ ਤੂੰ
ਤੇ ਮੈਂ ਸਮੇਂ ਤੇ ਪੰਨਿਆਂ ਤੇ
ਜਗ ਰਿਹਾ ਸਿਰਤਾਜ ਹਸਤਾਖ਼ਰ
ਬਣ ਜਾਂਦਾ।
ਤੇ ਤੇਰੇ ਮੁੱਢ ਵਿਚ ਡਿਗਦਾ
ਸੂਹਾ ਬੀਜ ਕੋਈ
ਤੇ ਉਗਦਾ ਕੋਈ ਬੂਟਾ
ਜਿਸਦੇ ਪੱਤਰਾਂ ਤੇ ਹੁੰਦਾ
ਨਾਮ ਤੇਰਾ ਤੇ ਮੇਰਾ
ਤੇ ਉਸਦੇ ਸੂਹੇ ਫੁੱਲ ਤੇ ਫਲ
ਹੁੰਦੇ ਆਪਣੇ ਸਾਂਝੇ।
ਸੋਚਦਾਂ ਕਸੂਰ ਹੈ
ਮੇਰੇ ਸੰਜਮ ਦਾ,

ਕਿ
ਮੈਂ ਤੇਰੀ ਨਿਆਸ਼ਾਲਾ ਵਿਚ
ਜ਼ੁਰਮ ਦਾ ਇਕਬਾਲ ਕਰਦਾਂ
ਕਿ ਕਰ ਨਾ ਸਕਿਆ ਹੀਆ
ਇਹ ਕਹਿਣ ਦਾ
ਕਿ ਤੂੰ ਮੇਰੀ
ਤੇ ਤੇਰੀ ਰੂਹ ਮੇਰੀ।
ਪਛਤਾਵਾ
ਕਿ ਮੇਰੀ ਰੂਹ ਦੀ ਆਵਾਜ਼
ਕਿਉਂ ਦਬ ਗਈ ਸੀ
ਸੰਸਕਾਰਾਂ ਦੀ ਗਾੜ੍ਹੀ ਧੂੜ ਵਿਚ।
ਤੇ ਜਿਵੇਂ
ਸਾਡੇ ਪਿੰਡ ਦਾ ਨਹੀਂ ਹੈ
ਆਪਣਾ ਕੋਈ ਡਾਕਖਾਨਾ
ਉਸੇ ਤਰ੍ਹਾਂ ਮੇਰਾ ਵੀ ਨਹੀਂ ਹੈ ਕੋਈ
ਤੇਰੀ ਯਾਦ ਬਿਨਾ।

**ਸੁੰਦਰ ਬੁੱਕ ਡਿਪੋ ਦੀਆਂ ਨਵੀਂਆਂ ਛਪੀਆ ਪੁਸਤਕਾਂ**
**ਸ਼ਬਦ ਵਿਚਾਰ (ਸਾਧੂ ਸਿੰਘ ਗੋਬਿੰਦਪੁਰੀ)**
**ਪੰਜਾਬੀ ਲੋਕ-ਕਹਾਣੀਆਂ ਦਾ ਥੀਮ ਵਿਗਿਆਨਕ ਅਧਿਐਨ (ਮੁਖਵੀਰ ਸਿੰਘ)**
**ਸਫ਼ਲ ਜ਼ਿੰਦਗੀ (ਨਿਰਮਲ ਸਿੰਘ ਲਾਲੀ)**

# ਪੰਜਾਬ ਦਾ ਦੁਖਾਂਤ/ਪ੍ਰੇਮ ਪ੍ਰਕਾਸ਼

ਪੰਜਾਬ ਬਾਰੇ ਗੱਲਾਂ ਕਰਦਿਆਂ ਅਕਸਰ ਬਹੁਤੇ ਪੜ੍ਹੇ-ਲਿਖੇ ਸਿਆਣੇ ਬੰਦੇ ਹੁੱਬ ਕੇ ਕਹਿੰਦੇ ਨੇ ਕਿ ਇਹ ਰਿਸ਼ੀਆਂ ਮੁਨੀਆਂ ਤੇ ਗੁਰਾਂ ਪੀਰਾਂ ਦੀ ਧਰਤੀ ਏ। ਏਥੇ ਚਾਰੇ ਵੇਦ ਤੇ ਮਹਾਭਾਰਤ ਦੀ ਰਚਨਾ ਹੋਈ। ਇਹ ਧਰਮਾਂ ਦੀ ਧਰਤੀ ਏ। ... ਇਹ ਸੁਣ ਕੇ ਮੈਨੂੰ ਬੜੀ ਹੈਰਾਨੀ ਹੁੰਦੀ ਏ। ਇਕ ਗੱਲੋਂ ਤਾਂ ਇਹ ਗੱਲ ਚੰਗੀ ਲੱਗਦੀ ਏ ਕਿ ਲੋਕੀਂ ਕਿੰਨੇ ਆਸ਼ਾਵਾਦੀ ਨੇ ਤੇ ਦੂਜੇ ਪਾਸੇ ਲੱਗਦਾ ਏ ਕਿ ਆਮ ਲੋਕ ਕੀ, ਆਮ ਵਿਦਵਾਨ ਲੋਕ ਵੀ ਕਿੰਨੇ ਹਨੇਰੇ 'ਚ ਜਿਉਂਦੇ ਨੇ। ਉਹ ਅਣਜਾਣ ਬਣ ਕੇ ਪੰਜਾਬ ਦੀ ਸਹੀ ਹਾਲਤ ਨਹੀਂ ਦੱਸ ਸਕਦੇ। ਉਹ ਆਪਣੇ ਆਪ ਨੂੰ ਵੀ ਉਹ ਸੰਤਾਪ ਨਹੀਂ ਦੱਸਣਾ ਚਾਹੁੰਦੇ, ਜਿਹੜਾ ਪੰਜਾਬ ਨੂੰ ਹੰਢਾਉਣਾ ਪਿਆ ਏ।

ਜਦ ਮੈਂ ਆਪਣੇ ਦੇਸ ਦੇ ਪਿਛਲੇ ਇਤਿਹਾਸ ਵੱਲ ਦੇਖਦਾ ਹਾਂ ਤਾਂ ਮੇਰੀ ਨਜ਼ਰ 1947 ਦੀ ਦੇਸ-ਵੰਡ ਤੋਂ ਪਹਿਲਾਂ ਦੇ ਸਮੇਂ 'ਤੇ ਪੈਂਦੀ ਏ। ਉਦੋਂ ਮੈਂ ਖੰਨੇ 'ਚ 14/15 ਸਾਲ ਦਾ ਸੀ ਤੇ ਨੌਂਵੀਂ ਜਮਾਤ ਚੜ੍ਹਿਆ ਸੀ। ਦੁਨੀਆ ਨੂੰ ਆਪਣੀ ਨਜ਼ਰ ਨਾਲ ਦੇਖਣ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਦੋਂ ਕਾਂਗਰਸੀ ਤੇ ਸੋਸ਼ਲਿਸਟ ਆਜ਼ਾਦੀ ਦੀ ਜੰਗ ਲੜ ਰਹੇ ਸੀ। ਕੁਝ ਮੁਸਲਿਮ ਲੀਗੀ ਵੀ ਨਾਅਰੇ ਲਾਉਂਦੇ ਦਿਸਦੇ ਸੀ। ਗੁਰਦਵਾਰਿਆਂ 'ਚ ਢਾਡੀ 'ਸਰਹਿੰਦ ਦਾ ਸਾਕਾ' ਸੁਣਾ ਕੇ ਦਸਮ ਪਾਤਸ਼ਾਹ ਦੇ ਬੱਚਿਆਂ 'ਤੇ ਹੋਏ ਜ਼ੁਲਮਾਂ ਦੇ ਕਿੱਸੇ ਬਿਆਨ ਕਰ ਕੇ ਲੋਕਾਂ ਦੇ ਦਿਲਾਂ 'ਚ ਮੁਸਲਮਾਨਾਂ ਤੋਂ ਬਦਲਾ ਲੈਣ ਦੀ ਭਾਵਨਾ ਭਰ ਰਹੇ ਸੀ। ਸਨਾਤਨੀ ਤੇ ਆਰੀਆ ਸਮਾਜੀ ਮੰਦਰਾਂ 'ਚ ਉਹਨਾਂ ਦੇ ਪ੍ਰਚਾਰਕ 'ਵੀਰ ਹਕੀਕਤ ਰਾਏ' ਨੂੰ ਮੁਸਲਮਾਨ ਹਾਕਮ ਵੱਲੋਂ ਮੁਸਲਮਾਨ ਬਨਣ ਲਈ ਮਜਬੂਰ ਕਰਨ ਅਤੇ ਕਤਲ ਕਰਨ ਦੀ ਕਥਾ ਸੁਣਾ ਰਹੇ ਸੀ। ਜਿਨ੍ਹਾਂ ਦਾ ਅਸਰ ਮੇਰੇ 'ਤੇ ਵੀ ਹੁੰਦਾ ਸੀ। ਉਹਨਾਂ ਦੀਆਂ ਗੱਲਾਂ ਤੋਂ ਪਤਾ ਲੱਗਦਾ ਸੀ ਕਿ ਏਥੇ ਵਸਦੇ ਸਾਰੇ ਮੁਸਲਮਾਨ ਔਰੰਗਜ਼ੇਬ ਵੇਲ਼ੇ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਏ ਹੋਏ ਨੇ। ਉਹਨਾਂ ਨੂੰ ਮੁਸਲਮਾਨ ਬਨਾਉਣ 'ਚ ਸੂਫ਼ੀ ਸੰਤਾਂ, ਦਰਵੇਸ਼ਾਂ ਦਾ ਹੱਥ ਵੀ ਥੋੜ੍ਹਾ ਬਹੁਤਾ ਹੋ ਸਕਦਾ ਏ। ਪਰ ਬਹੁਤੇ ਲੋਕਾਂ ਨੇ ਹਿੰਦੂ ਧਰਮ ਛੱਡ ਕੇ ਇਸਲਾਮ ਬਾਦਸ਼ਾਹ ਦੇ ਜਬਰ ਜਾਂ ਹੋਰ ਕਿਸੇ ਡਰ ਜਾਂ ਲੋਭ ਕਰ ਕੇ ਅਪਨਾਇਆ। ਜਿਸ ਦਾ ਇਕ ਕਾਰਣ ਇਹ ਸੀ ਕਿ ਕਿਉਂਕਿ ਹਿੰਦੂ ਧਰਮ ਦੀ ਸੰਕੀਰਣਤਾ ਨੇ ਛੋਟੀਆਂ ਜਾਤਾਂ ਨੂੰ ਮਜਬੂਰ ਕਰ ਦਿੱਤਾ ਸੀ ਕਿ ਉਹ ਆਪਣਾ ਰੱਬ ਹੋਰ ਕਿਤੋਂ ਲੱਭ ਲੈਣ। ਕਿਉਂਕਿ ਉਹਨਾਂ ਤੋਂ ਰੱਬ ਖੋਹ ਲਿਆ ਗਿਆ ਸੀ। ਰੱਬ ਬਿਨਾਂ ਬੰਦੇ ਦਾ ਮਨ ਨਹੀਂ ਖੜ੍ਹਦਾ। ਉਂਜ ਵੀ ਜੇ ਹਾਕਮ ਆਪਣੀ ਪਰਜਾ 'ਤੇ ਜ਼ੋਰ ਨਾ ਵੀ ਪਾਵੇ ਤਾਂ ਵੀ ਪਰਜਾ ਆਪਣੇ ਹਾਕਮ ਤੇ ਉਹਦੇ ਸਰਦਾਰਾਂ ਵਾਂਗ ਹੋਣ ਦੀ ਕੋਸ਼ਿਸ਼ ਕਰਦੀ ਹੀ ਹੁੰਦੀ ਏ। ਫੇਰ ਨਾਭਾ, ਪਟਿਆਲਾ, ਜੀਂਦ ਤੇ ਕਪੂਰਥਲਾ ਦੀਆਂ ਸਿੱਖ ਰਿਆਸਤਾਂ ਦੇ ਰਾਜ ਕਰ ਕੇ ਤੇ ਫੇਰ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਵੱਡੇ ਰਾਜ ਕਰ ਕੇ ਕਈ ਜਾਤਾਂ ਦੇ ਲੋਕ ਮੁਸਲਮਾਨਾਂ ਤੋਂ ਮੁੜ ਸਿੱਖ ਹੋ ਗਏ ਸਨ।

ਉਦੋਂ ਸਾਰੇ ਪੰਜਾਬ 'ਚ ਧਰਮਾਂ, ਜਾਤਾਂ ਤੇ ਬਰਾਦਰੀਆਂ ਦਾ ਵਖਰੇਵਾਂ ਏਨਾ ਸੀ ਕਿ ਉੱਚੀ ਜਾਤ ਦੇ ਲੋਕ ਨੀਵੀਂਆਂ ਜਾਤਾਂ ਵਾਲਿਆਂ ਨੂੰ ਦੁਰ-ਦੁਰ ਕਰਦੇ ਸਨ। ਇਹ ਵਿਤਕਰਾ ਸਿਰਫ ਹਿੰਦੂਆਂ ਵਿਚ ਹੀ ਨਹੀਂ, ਸਿੱਖਾਂ ਤੇ ਮੁਸਲਮਾਨਾਂ ਵਿਚ ਵੀ ਸੀ। ਕਿਉਂਕਿ ਏਸ ਧਰਤੀ 'ਤੇ ਜਾਤ ਦੀ ਪਛਾਣ ਬਿਨਾਂ ਬੰਦੇ ਦਾ ਜਿਊਣਾ ਔਖਾ ਏ।

ਤੇ ਫੇਰ 1947 ਦੀ ਦੇਸ-ਵੰਡ ਦਾ ਸਮਾਂ ਯਾਦ ਆਉਂਦਾ ਏ, ਜਦ ਇਕ ਧਰਮ ਦੇ ਬੰਦੇ ਦੂਜੇ ਧਰਮ ਦੇ ਬੰਦਿਆਂ ਨੂੰ ਵੱਢਦੇ ਤੇ ਉਹਨਾਂ ਦੇ ਘਰ ਫੂਕ ਰਹੇ ਸਨ। ਮੈਂ ਹੱਥ 'ਚ ਗੰਡਾਸੀ ਲੈ ਕੇ ਆਪਣੇ ਦਾਦੇ ਜਾਂ ਬਾਪ ਨਾਲ ਰਿਆਸਤ ਨਾਭੇ ਦੇ ਪਿੰਡਾਂ ਗਲਬੱਡੀ, ਕਾਹਨਪੁਰ ਤੇ ਬਦੀਨਪੁਰ



ਦੀਆਂ ਆਪਣੀਆਂ ਜ਼ਮੀਨਾਂ, ਖੂਹਾਂ, ਉਹਨਾਂ ਦੇ ਵਿੱਢਾਂ ਨੂੰ ਦੇਖਣ ਜਾਂਦਾ ਹੁੰਦਾ ਸੀ। ਕਿਉਂਕਿ ਸਾਡੇ ਜੱਟ ਮੁਸਲਮਾਨ ਮੁਜ਼ਾਰੇ ਮਰਦੇ-ਖਪਦੇ ਪਾਕਿਸਤਾਨ ਚਲੇ ਗਏ ਸੀ ਤੇ ਉਹਨਾਂ ਨੂੰ ਵੱਢਣ-ਟੁੱਕਣ ਤੇ ਲੁੱਟਣ ਵਾਲੇ ਸਿੱਖ ਜੱਟ ਉਹਨਾਂ ਦੀਆਂ ਤੀਵੀਂਆਂ, ਧੀਆਂ ਨੂਹਾਂ ਅਤੇ ਮਾਲ਼ ਮੱਤਾ ਲੁੱਟਦੇ ਫਿਰ ਰਹੇ ਸਨ। ਜੀਹਦੇ ਨਾਲ ਮੁਸਲਮਾਨ ਜੱਟਾਂ ਦੇ ਘਰਾਂ 'ਚ ਪਿਆ ਸਾਡਾ ਮਾਲ਼ ਵੀ ਲੁੱਟੀ ਜਾਂਦੇ ਸਨ। ਅਸੀਂ ਬਚਿਆ ਪਿਆ ਮਾਲ਼ ਸਾਂਭਣ ਜਾਂਦੇ ਸੀ। ਉਹਨਾਂ ਪਿੰਡਾਂ ਦੇ ਅੰਦਰ ਵੜਦਿਆਂ ਈ ਲਾਸ਼ਾਂ ਦਿੱਸਣ ਲੱਗ ਪੈਂਦੀਆਂ ਸਨ। ਕਦੇ ਚੌਂਕਾਂ ਵਿਚ ਦਸਾਂ-ਦਸਾਂ ਜੀਆਂ ਦਾ ਟੱਬਰ ਮਰਿਆ ਪਿਆ ਦਿਸਦਾ ਸੀ। ਇਕ ਦਿਨ ਅਸੀਂ ਆਪਣੇ ਬਜ਼ੁਰਗਾਂ ਦੇ ਜੱਦੀ ਪਿੰਡ ਬਦੀਨਪੁਰ ਵਿਚ ਤਿੰਨ ਸੌ ਲਾਸ਼ਾਂ ਇਕ ਥਾਂ ਜਲਦੀਆਂ ਦੇਖੀਆਂ। ...

ਖੰਨੇ ਦੇ ਰੇਲਵੇ ਸਟੇਸ਼ਨ 'ਤੇ ਜਾ ਕੇ ਵੱਢੇ-ਟੁੱਕੇ ਇਨਸਾਨਾਂ ਨਾਲ ਲੱਦੀਆਂ ਰੇਲ ਗੱਡੀਆਂ ਦੇਖੀਆਂ। ਕੁਝ ਗੱਡੀਆਂ ਪਾਕਿਸਤਾਨ ਤੋਂ ਆ ਰਹੀਆਂ ਸਨ ਤੇ ਕੁਝ ਜਾ ਰਹੀਆਂ ਸਨ। ਸਾਰੀਆਂ 'ਚ ਰੋਂਦੇ ਚੀਕਦੇ ਜ਼ਖ਼ਮੀ ਤੇ ਅਧਮਰੇ ਜੀਅ ਦੇਖੇ। ਕੁਝ ਧਰਮੀ ਲੋਕ ਰੋਟੀਆਂ ਦੀਆਂ ਭਰੀਆਂ ਟੋਕਰੀਆਂ ਤੇ ਦਾਲ ਦੇ ਭਰੇ ਪਤੀਲੇ ਚੁੱਕੀ ਭੁੱਖਿਆਂ ਨੂੰ ਦੇ ਰਹੇ ਸਨ। ਪੰਜਾਬੀ ਔਰਤਾਂ ਤੇ ਬੱਚਿਆਂ ਨਾਲ ਪੰਜਾਬ ਦੇ ਸੂਰਬੀਰਾਂ ਨੇ ਦੋਵੇਂ ਹਿੱਸਿਆਂ 'ਚ ਆਪਣਿਆਂ ਨਾਲ ਜਿਹੜਾ ਜ਼ੁਲਮ ਕੀਤਾ ਸੀ, ਉਹ ਯਾਦ ਕਰਨ ਨੂੰ ਦਿਲ ਨਹੀਂ ਕਰਦਾ।... ਉਹਨਾਂ ਦਿਨਾਂ ਤੋਂ ਲੈ ਕੇ ਮੈਂ ਅੱਜ ਤੱਕ ਪਰਮਾਤਮਾ ਜਾਂ ਦੇਵੀ ਦੇਵਤਿਆਂ ਨੂੰ ਨਹੀਂ ਮੰਨਦਾ। ਕਦੇ ਕਿਸੇ ਵੀ ਥਾਂ ਮੱਥਾ ਨਹੀਂ ਟੇਕਦਾ। ਤੇ ਨਾ ਈ ਮੈਨੂੰ ਪੰਜਾਬੀਆਂ ਦੀਆਂ ਬਹੁਤੀਆਂ ਸਿਫਤਾਂ ਚੰਗੀਆਂ ਲੱਗਦੀਆਂ ਨੇ।

ਫੇਰ 1984 'ਚ ਪੰਜਾਬ 'ਚ ਇਤਿਹਾਸ ਦਾ ਸਭ ਤੋਂ ਵੱਡਾ ਦੁਖਾਂਤ ਵਾਪਰਿਆ, ਜਦ ਇੰਦਰਾ ਗਾਂਧੀ ਸਰਕਾਰ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰਾਇਆ। ਤੇ ਫੇਰ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ 'ਚ ਸਿੱਖਾਂ ਦਾ ਲੱਭ-ਲੱਭ ਕੇ ਕਤਲੇ-ਆਮ ਕੀਤਾ ਗਿਆ। ਇਹਨਾਂ ਬਹੁਤ ਸਾਰੀਆਂ ਗੱਲਾਂ ਦੇ ਨਤੀਜੇ ਵਜੋਂ 1980 ਤੋਂ 1992 ਤੱਕ ਦੇ ਲੰਮੇ ਕਾਲੇ ਸਮੇਂ 'ਚ ਏਸ ਨਿੱਕੇ ਪੰਜਾਬ 'ਚ ਜੋ ਕੁਝ ਹੋਇਆ, ਉਹਦੇ ਬਾਰੇ ਲਿਖਣਾ ਔਖਾ ਏ। ਦਿੱਲੀ 'ਚ ਇਨਸਾਨਾਂ ਨੂੰ 'ਸਿੱਖ' ਦਾ ਨਾਂ ਦੇ ਕੇ ਕਤਲੇ-ਆਮ ਕਰਨ ਦੀਆਂ ਵਾਰਦਾਤਾਂ ਦੀਆਂ ਗੱਲਾਂ ਤੀਹ ਵਰ੍ਹੇ ਬਾਅਦ ਵੀ ਨਹੀਂ ਮੁੱਕੀਆਂ। ਪਰ ਪੰਜਾਬ 'ਚ ਹਿੰਦੂਆਂ ਦੇ ਕਤਲਾਂ ਦੀਆਂ ਗੱਲਾਂ ਮੁੱਕ ਗਈਆਂ। ... ਸ਼ਾਇਦ ਇੰਦਰਾ ਗਾਂਧੀ ਨੂੰ ਨਹੀਂ ਸੀ ਪਤਾ ਕਿ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਸਾਰੇ ਪੰਜਾਬ ਦੀ ਆਤਮਾ 'ਤੇ ਹਮਲਾ ਏ।

ਏਸੇ ਲਈ ਜਦ ਇਨਸਾਨੀ ਕਤਲਾਂ ਦੀਆਂ ਕਹਾਣੀਆਂ ਭਾਰੀ ਹੋ ਜਾਂਦੀਆਂ ਨੇ ਤਾਂ ਉਹਨਾਂ ਬਾਰੇ ਸਾਹਿਤ ਰਚਨਾ ਓਨਾ ਈ ਔਖਾ ਹੋ ਜਾਂਦਾ ਏ। ਕਿਉਂਕਿ ਏਡਾ ਵੱਡਾ ਦੁਖਾਂਤ ਬੰਦੇ ਦੀ ਸਮਝ ਨੂੰ ਭੁਚਲਾ ਦੇਂਦਾ ਏ। ਫੇਰ ਵੀ ਉਹ ਬੰਦੇ ਤਕੜੇ ਨੇ, ਜਿਨ੍ਹਾਂ ਨੇ ਅਜਿਹੀਆਂ ਘਟਨਾਵਾਂ ਬਾਰੇ ਮਾਨਵੀ ਦ੍ਰਿਸ਼ਟੀਕੋਣ ਤੋਂ ਰਚਨਾਵਾਂ ਰਚੀਆਂ। ਪਰ ਸਾਹਿਤ ਸਿਰਫ ਦੁੱਖਾਂ ਦਾ ਰੋਣਾ-ਧੋਣਾ ਹੀ ਨਹੀਂ, ਕੁਝ ਹੋਰ ਵੀ ਹੁੰਦਾ ਏ, ਜੀਹਦੇ ਵਿਚ ਕੋਮਲ ਕਲਾਵਾਂ ਵਾਲੇ ਸਾਰੇ ਰਸ ਤੇ ਗੁਣ ਹੁੰਦੇ ਨੇ।

ਹੁਣ ਜਦ ਪੱਛਮੀ ਪੰਜਾਬ 'ਚੋਂ ਆਏ ਰਿਫਿਊਜੀ ਬੁੱਢੇ ਆਪਣੇ ਉਜੱੜਨ ਵਾਲੇ ਮਾੜੇ ਹਾਲਾਤ ਬਾਰੇ ਆਪਣੇ ਬੇਟਿਆਂ ਤੇ ਪੋਤਿਆਂ ਨੂੰ ਆਪਣੀਆਂ ਹੱਡਬੀਤੀਆਂ ਦੱਸਦੇ ਨੇ ਤਾਂ ਉਹ ਸੁਨਣਾ ਨਹੀਂ ਚਾਹੁੰਦੇ। ਬੇਟੇ ਤਾਂ ਸੁਣ-ਸੁਣ ਕੇ ਅੱਕ ਚੁੱਕੇ ਹੁੰਦੇ ਨੇ ਤੇ ਪੋਤਿਆਂ ਨੂੰ ਉੱਕੀ ਕੋਈ ਦਿਲਚਸਪੀ ਨਹੀਂ ਹੁੰਦੀ। ਮੇਰੇ ਦੋਸਤ ਓਮ ਪ੍ਰਕਾਸ਼ ਪਨਾਹਗੀਰ ਦਾ ਦੱਸਣਾ ਏ ਕਿ ਉਹਦੇ ਪੋਤੇ ਉਹਦੀਆਂ ਪਾਕਿਸਤਾਨ 'ਚ ਛੱਡੇ ਪਿੰਡ ਦੀਆਂ ਗੱਲਾਂ ਸੁਣ ਕੇ ਅੱਖਾਂ 'ਚ ਮੁਸਕਰਾਂਦੇ ਪਰ੍ਹੇ ਹੋ ਜਾਂਦੇ ਨੇ। ... ਤੇ ਮੈਂ ਆਪਣੇ ਪੋਤੇ ਪੋਤੀ ਨੂੰ ਇਹ ਨਹੀਂ ਦੱਸਦਾ ਕਿ ਮੈਂ ਬਡਗੁੱਜਰਾਂ ਤੇ ਖੰਨੇ ਵਾਲੇ ਘਰਾਂ

ਵਿਚੋਂ ਬਾਪ ਦਾ ਉੱਜਾੜਿਆ ਤੇ ਕੱਢਿਆ ਹੋਇਆ ਜਲੰਧਰ ਆਇਆ ਸੀ। ਮੈਂ ਇਹ ਗੱਲਾਂ ਆਪਣੀਆਂ ਕਹਾਣੀਆਂ 'ਚ ਵੀ ਨਹੀਂ ਲਿਖਦਾ। ਕਿਉਂਕਿ ਕਹਾਣੀਆਂ ਹਾਰੇ ਬੰਦਿਆਂ ਦੀਆਂ ਨਹੀਂ ਹੁੰਦੀਆਂ, ਲੜਨ ਤੇ ਜਿੱਤਣ ਵਾਲਿਆਂ ਦੀਆਂ ਹੁੰਦੀਆਂ ਨੇ। ਮੈਂ ਵੀ ਆਪਣੀਆਂ ਹਾਰਾਂ ਤੇ ਨਮੋਸ਼ੀਆਂ ਨੂੰ ਆਪਣੇ ਨਾਲ-ਨਾਲ ਕਿਉਂ ਚੁੱਕੀ ਫਰਾਂ?

ਮੇਰੀ ਇਕ ਕਹਾਣੀ 'ਕਾਨ੍ਹੀ' ਏ। ਇਹ ਮਹਾਭਾਰਤ ਦੇ ਇਕ ਪਾਤਰ ਅਸ਼ੂਤਥਾਮਾ ਦੇ ਜ਼ਿਕਰ ਨੇ ਮੈਨੂੰ ਸੁਝਾਈ ਸੀ। ਉਹ ਕੌਰਵਾਂ ਤੇ ਪਾਂਡਵਾਂ ਦੇ ਗੁਰੂ ਦਰੋਣਾਚਾਰੀਯ ਦਾ ਪੁੱਤਰ ਸੀ। ਉਹ ਪਿਓ ਪੁੱਤਰ ਕੌਰਵਾਂ ਵੱਲੋਂ ਲੜ ਰਹੇ ਸਨ। ਅਸ਼ੂਤਥਾਮਾ ਦੇ ਮੱਥੇ ਦੀ ਤੀਜੀ ਅੱਖ, ਜਿਹੜੀ ਮੱਥੇ ਦੇ ਵਿਚਕਾਰ ਸੀ, ਵਿਚ ਮਣੀ ਸੀ। ਉਹ ਉਹਦੇ ਅਮਰ ਹੋਣ ਦੀ ਨਿਸ਼ਾਨੀ ਸੀ। ਉਹਨੂੰ ਅਮਰ ਹੋਣ ਦਾ ਵਰ ਮਿਲਿਆ ਹੋਇਆ ਸੀ। ਉਹਨੂੰ ਪਾਂਡੂਆਂ ਨੇ ਧੋਖੇ ਨਾਲ 'ਮਾਰਿਆ ਗਿਆ' ਕਹਿ ਦਿੱਤਾ ਸੀ। ਜਿਸ ਕਰ ਕੇ ਦਰੋਣਾਰੀਯ ਆਪਣੇ ਪੁੱਤਰ ਦੇ ਵਿਯੋਗ 'ਚ ਮਰ ਗਿਆ ਸੀ। ਅਸ਼ੂੱਤਥਾਮਾ ਦੇ ਮੱਥੇ ਦੀ ਮਣੀ ਕੱਢ ਲਈ ਗਈ ਸੀ। ਉਹਦਾ ਜ਼ਖ਼ਮ ਭਰਦਾ ਨਹੀਂ ਸੀ ਪਿਆ। ਬਜ਼ੁਰਗਾਂ ਦਾ ਵਿਸ਼ਵਾਸ ਏ ਕਿ ਅਸ਼ੂਤਥਾਮਾ ਹੁਣ ਵੀ ਜਿਉਂਦਾ ਫਿਰ ਰਿਹਾ ਏ। ਉਹਦੇ ਮੱਥੇ ਦਾ ਜ਼ਖ਼ਮ ਹਾਲੇ ਵੀ ਭਰਿਆ ਨਹੀਂ। ਉਹਦੇ ਹੱਥ 'ਚ ਜ਼ਖ਼ਮ ਨੂੰ ਰਾਜੀ ਕਰਨ ਲਈ ਮਲ੍ਹਮ ਦਾ ਠੂਠਾ ਹੁੰਦਾ ਏ। ਉਹ ਹੁਣ ਵੀ ਕਿਤੇ ਸ਼ਿਵ ਮੰਦਰ 'ਚ ਪੂਜਾ ਕਰਦਾ ਦਿੱਸਦਾ ਏ। ∴.. ਇਹ ਜ਼ਖ਼ਮ ਮਾਨਸ ਨੂੰ ਵਿਰਸੇ 'ਚ ਮਿਲੇ ਜ਼ਖ਼ਮਾਂ ਦੀਆਂ ਯਾਦਾਂ ਨੇ।

ਪਤਾ ਨਹੀਂ ਕਿ ਕਹਾਣੀਆਂ ਦੇ ਪਾਠਕ ਏਸ ਤਰ੍ਹਾਂ ਦੀਆਂ ਲਿਖਤਾਂ ਨੂੰ ਕਿਵੇਂ ਪੜ੍ਹਦੇ ਨੇ ਤੇ ਕਦੋਂ ਤਕ ਪੜ੍ਹਦੇ ਰਹਿਣਗੇ? ਕੀ ਇਹਨਾਂ ਦੀ ਕੋਈ ਇਤਿਹਾਸਕ ਤੇ ਸੱਭਿਆਚਾਰਕ ਅਹਿਮੀਅਤ ਵੀ ਹੋਵੇਗੀ? ਕੁਝ ਕਿਹਾ ਨਹੀਂ ਜਾ ਸਕਦਾ। ਸ਼ਾਇਦ ਆਉਣ ਵਾਲੀਆਂ ਨਸਲਾਂ ਏਸ ਦਰਦ ਨੂੰ ਭੁੱਲ ਈ ਜਾਣ, ਜਿਵੇਂ ਕੁਰੂਕਸ਼ੇਤਰ 'ਚ ਲੱਖਾਂ ਬੰਦਿਆਂ ਦੇ ਕਤਲਾਂ ਬਾਅਦ ਯਤੀਮ ਹੋਏ ਬੱਚਿਆਂ ਤੇ ਵਿਧਵਾ ਹੋਈਆਂ ਜਨਾਨੀਆਂ ਦੇ ਦਰਦ ਦੀਆਂ ਚੀਕਾਂ ਨੂੰ ਅਸੀਂ ਭੁੱਲ ਗਏ ਹਾਂ। ਸਾਨੂੰ ਸਿਰਫ ਅਜਿਹਾ ਭਿਆਨਕ ਯੁੱਧ ਬਸ ਸਿਰਫ ਡਰਾਮਾ ਜਿਹਾ ਲੱਗਦਾ ਏ।... ਵੱਡੇ ਤੋਂ ਵੱਡੇ ਦੁਖਾਂਤ ਨੂੰ ਡਰਾਮਾ ਜਿਹਾ ਸਮਝ ਲੈਣਾ ਸ਼ਾਇਦ ਪੰਜਾਬੀਆਂ ਦਾ ਸੁਭਾਅ ਈ ਬਣ ਗਿਆ ਏ। ਮੈਂ ਜਦ 'ਪੰਜਾਬ' ਕਹਿੰਦਾ ਹਾਂ ਤਾਂ ਉਹਦੇ ਵਿਚ ਪਿਸ਼ੌਰ ਤੋਂ ਦਿੱਲੀ ਤਕ ਦੇ ਇਲਾਕੇ ਨੂੰ ਸ਼ਾਮਲ ਕਰ ਕੇ ਦੇਖਦਾ ਹਾਂ।

ਆਰੀਆ ਤੇ ਹੋਰ ਨਸਲਾਂ ਦੇ ਲੋਕਾਂ ਜਾਂ ਹਮਲਾਵਰਾਂ ਦੀ ਸ਼ਕਲ 'ਚ ਜਾਂ ਆਪਣੇ ਇੱਜੜ ਚਾਰਦੇ ਹਰੀਆਂ ਚਰਾਂਦਾਂ ਦੀ ਭਾਲ 'ਚ ਹਿਜਰਤ ਕਰ ਕੇ ਆਉਣ ਵਾਲਿਆਂ ਨੇ ਦ੍ਰਿਵਿਡ ਕੌਮਾਂ ਨੂੰ ਦੱਬਣ ਤੇ ਮਿੱਧਣ ਤੋਂ ਲੈ ਕੇ ਮੱਧ ਏਸ਼ੀਆ ਤੋਂ ਆਉਣ ਵਾਲੇ ਜਾਬਰਾਂ ਨੇ ਏਥੇ ਕਿਥੇ-ਕਿਥੇ ਬੰਦਿਆਂ ਦੀਆਂ ਲਾਸ਼ਾਂ ਵਿਛਾਈਆਂ ਤੇ ਸਿੰਘਾਸਣ ਉਸਾਰ ਕੇ ਰਾਜ ਕੀਤੇ ਤੇ ਆਪਣੇ ਰਾਜ ਮਹਿਲ ਬਣਾਏ। ਤੇ ਫੇਰ ਲੇਖਕਾਂ ਤੋਂ ਆਪਣੇ ਇਤਿਹਾਸ ਲਿਖਵਾਏ। ਕਵੀਆਂ ਤੋਂ ਝੂਠੇ ਕਿੱਸੇ ਲਿਖਵਾਏ। ਇਹ ਸਾਰਾ ਇਲਾਕਾ, ਜਿਸ ਦੀ ਮੈਂ ਗੱਲ ਕਰਦਾ ਹਾਂ, ਥੇਹਾਂ ਤੇ ਟੁੱਟੇ-ਭੱਜੇ ਮੰਦਰਾਂ ਤੇ ਕਿਲ੍ਹਿਆਂ ਨਾਲ ਭਰਿਆ ਪਿਆ ਏ। ਕਦੇ ਕਿਸੇ ਥੇਹ ਨੂੰ ਪੁੱਟ ਕੇ ਦੇਖੋ, ਵਿਚੋਂ ਸੱਭਿਅਤਾ ਦੀਆਂ ਨਿਸ਼ਾਨੀਆਂ ਦੇ ਨਾਲ ਬੰਦਿਆਂ ਦੀਆਂ ਹੱਡੀਆਂ ਜ਼ਰੂਰ ਮਿਲਣਗੀਆਂ, ਜਿਹੜੀਆਂ ਬੰਦਿਆਂ ਦੀਆਂ ਹੁੰਦੀਆਂ ਨੇ। ਖੰਨਾ, ਸਮਰਾਲਾ ਤੇ ਸਰਹਿੰਦ ਦੇ ਵਿਚਕਾਰ ਵਸਿਆ ਪਿੰਡ 'ਉੱਚਾ ਪਿੰਡ' ਉਰਫ 'ਸੰਘੋਲ' ਦੇ ਉੱਚੇ ਥੇਹਾਂ ਹੇਠ ਜਿਹੜੀਆਂ ਸੱਤ ਸੱਭਿਅਤਾਵਾਂ ਲੱਭਦੀਆਂ ਨੇ, ਉਹ ਹਜ਼ਾਰਾਂ ਸਾਲਾਂ ਦੇ ਇਨਸਾਨੀ ਕਤਲਾਂ ਦੀਆਂ ਕਹਾਣੀਆਂ ਵੀ ਸੁਣਾਂਦੀਆਂ ਨੇ। ਸੱਭਿਅਤਾਵਾਂ ਦੇ ਉਜੱੜਣ ਤੇ ਵੱਸਣ ਦੀਆਂ ਕਹਾਣੀਆਂ ਕਹਿੰਦੀਆਂ ਨੇ।

ਮੈਂ ਪੰਜਾਬ ਦੀ ਏਸ ਧਰਤੀ ਨੂੰ ਏਸੇ ਲਈ 'ਖ਼ੂਨ-ਮੰਗਣੀ' ਕਹਿੰਦਾ ਹਾਂ। ਇਹਦੇ ਬਾਰੇ



ਬੜੀਆਂ ਕਹਾਣੀਆਂ ਤੇ ਕਵਿਤਾਵਾਂ ਲਿਖੀਆਂ ਗਈਆਂ ਨੇ ਤੇ ਲਿਖੀਆਂ ਜਾਣਗੀਆਂ।

ਬਹੁਤੇ ਲੋਕ ਆਪਣੀ ਆਦਰਸ਼ਕ ਸੋਚ ਨੂੰ 'ਸੱਚ' ਕਹਿਣ ਲਈ ਆਖਦੇ ਨੇ ਕਿ ਕੋਈ ਵੀ ਧਰਮ ਆਪਸ 'ਚ ਵੈਰ ਰੱਖਣਾ ਨਹੀਂ ਸਿਖਾਉਂਦਾ। ਪਰ ਮੈਨੂੰ ਲੱਗਦਾ ਏ ਕਿ ਧਰਮ ਵੀ ਸਿਖਾਉਂਦੇ ਨੇ। ਅੰਨ੍ਹੇ-ਵਿਸ਼ਵਾਸ ਜਾਂ ਵਿਚਾਰਧਾਰਾਵਾਂ ਕੋਈ ਵੀ ਹੋਣ, ਉਹ ਮੁਹੱਬਤਾਂ ਦੇ ਨਾਲ ਨਫਰਤਾਂ ਵੀ ਪੈਦਾ ਕਰਦੀਆਂ ਨੇ। ਉਂਜ ਤਾਂ ਹਿੰਦੂ ਸੰਪਰਦਾਇਆਂ ਦੇ ਲੋਕ ਸਾਰੀ ਦੁਨੀਆ ਨੂੰ ਇਕ ਟੱਬਰ ਮੰਨਦੇ ਨੇ, ਪਰ ਉਹ ਧਰਮ ਲਈ ਲੜਨਾ ਵੀ ਚਾਹੁੰਦੇ ਨੇ। ਭਗਵਾਨ ਕ੍ਰਿਸ਼ਨ ਦੀ ਰਚੀ ਭਗਵਦ ਗੀਤਾ 'ਚ ਲਿਖਿਆ ਏ ਕਿ ਆਪਣੇ ਅਧਿਕਾਰਾਂ ਲਈ ਲੜਣਾ ਧਰਮ ਏ ਤੇ ਏਸ ਧਰਮ ਤੋਂ ਬੰਦੇ ਨੂੰ ਪਿੱਛੇ ਨਹੀਂ ਹਟਣਾ ਚਾਹੀਦਾ, ਭਾਵੇਂ ਅੱਗੇ ਕੋਈ ਵੀ ਹੋਵੇ। ਉਂਜ ਤਾਂ ਇਸਲਾਮ ਸਾਰੀ ਕਾਇਨਾਤ ਦੀ ਸਲਾਮਤੀ ਚਾਹੁੰਦਾ ਏ, ਪਰ ਇਸਲਾਮ ਕਹਿੰਦਾ ਏ ਕਿ ਜਿਥੇ ਮੁਸਲਮਾਨਾਂ ਦਾ ਰਾਜ ਏ, ਉਹ 'ਦਾਰੁਲ-ਸਲਾਮ' ਏ (ਸਲਾਮਤੀ ਦਾ ਘਰ) ਤੇ ਜਿੱਥੇ ਗ਼ੈਰ-ਮੁਸਲਮਾਨ ਦਾ ਰਾਜ ਹੋਵੇ, ਉਹ 'ਦਾਰੁਲ-ਹਰਬ' ਏ (ਜਿਥੇ ਸੱਤਾ ਲਈ ਜੰਗ ਲੜਨੀ ਧਰਮ ਏ)। ਸਿੱਖ ਧਰਮ ਨੂੰ ਮੰਨਣ ਵਾਲੇ 'ਸਰਬੱਤ ਦਾ ਭਲਾ' ਚਾਹੁੰਦੇ ਨੇ, ਪਰ ਉਹਨਾਂ ਨੇ 'ਦੇਗ ਤੇ ਤੇਗ' ਨੂੰ ਆਪਣੀ ਬੁਨਿਆਦ ਬਣਾਇਆ ਹੋਇਆ ਏ। ਮੈਨੂੰ ਬਾਈਬਲ 'ਚ ਕੋਈ ਅਜਿਹੀ ਮਿਸਾਲ ਨਹੀਂ ਮਿਲੀ। ਪਰ ਈਸਾਈ ਕੌਮਾਂ ਨੇ ਯਹੂਦੀਆਂ ਦਾ ਜਿਵੇਂ ਕਤਲੇ-ਆਮ ਸਦੀਆਂ ਤਕ ਕੀਤਾ ਏ, ਉਹ ਦੁਨੀਆਂ 'ਚ ਬੇਰਹਿਮੀ ਦੀ ਇਕ ਵੱਡੀ ਮਿਸਾਲ ਏ। ਬਹੁਤੇ ਧਰਮ ਗ੍ਰੰਥਾਂ 'ਚ ਭਾਵੇਂ ਲੜਾਈ ਦੀ ਗੱਲ ਨਾ ਆਖੀ ਗਈ ਹੋਵੇ ਤਾਂ ਵੀ ਬੰਦਾ ਆਪਣੇ ਬਚਾਓ ਲਈ ਕਿਸੇ ਗਿਰੋਹ ਜਾਂ ਜੱਥੇਬੰਦੀ ਦਾ ਆਸਰਾ ਲੱਭਦਾ ਏ। ਤਾਂ ਜੋ ਉਹ 'ਕੱਲਾ ਨਾ ਮਾਰਿਆ ਜਾਵੇ। ਏਸੇ ਬਚਾਓ ਵਿਚੋਂ ਈ ਦੂਜੇ ਨੂੰ ਮਾਰਨ ਦੀ ਭਾਵਨਾ ਪੈਦਾ ਹੁੰਦੀ ਏ।... ਇਹ ਸੋਚ ਅਨਾਦਿ ਕਾਲ ਤੋਂ ਚੱਲੀ ਆ ਰਹੀ ਏ ਤੇ ਅਨੰਤ ਸਮੇਂ ਤਕ ਚੱਲਦੀ ਰਹਿਣੀ ਏ। ਵਿਵੇਕਸ਼ੀਲ ਬੰਦੇ ਹਮੇਸ਼ਾ ਕੋਈ ਅਜਿਹਾ ਰਾਹ ਲੱਭਦੇ ਰਹਿਣਗੇ, ਜਿਸ ਨਾਲ ਬੰਦੇ ਚੰਗੇ ਇਨਸਾਨ ਬਣੇ ਰਹਿਣ।

ਪੰਜਾਬ ਦੇ ਹਰੇਕ ਬੰਦੇ ਕੋਲ ਕਾਲੇ ਬਾਰਾਂ ਵਰ੍ਹਿਆਂ 'ਚ ਹੋਈਆਂ ਉਹਨਾਂ ਵਾਰਦਾਤਾਂ ਦੀ ਚੋਖੀ ਜਾਣਕਾਰੀ ਏ ਤੇ ਉਹਨਾਂ ਗੱਲਾਂ ਦਾ ਪਤਾ ਏ, ਜਿਨ੍ਹਾਂ ਕਰ ਕੇ ਉਹ ਕਾਲੇ ਵਰ੍ਹੇ ਵੱਧ ਭਿਆਨਕ ਹੋ ਗਏ ਸਨ। ਜਿਨ੍ਹਾਂ ਵਿਚ ਨਾ ਕੋਈ ਹਿੰਦੂ ਦੋਸ਼ੀ ਏ, ਨਾ ਕੋਈ ਸਿੱਖ ਤੇ ਨਾ ਈ ਪੰਜਾਬ ਪੁਲਸ ਜਾਂ ਕੇਂਦਰੀ ਫੋਰਸ। ਸਭ ਕਿਸੇ ਵੱਡੀ ਸਾਜ਼ਿਸ਼ 'ਚ ਫਸੇ ਲੱਗਦੇ ਨੇ। ਉਹ ਸਾਜ਼ਿਸ਼ ਕੀਹਨੇ ਬਣਾਈ ਤੇ ਮਸਾਲਾ-ਭਰੀ ਚਕਚੂੰਧਰ ਵਾਂਗ ਅੱਗ ਲਾ ਕੇ ਛੱਡੀ, ਇਹਦੀ ਮੈਨੂੰ ਤਾਂ ਸਮਝ ਨਹੀਂ, ਸਿਆਸਤਦਾਨ ਸਮਝਦੇ ਹੋਣਗੇ। ਮੈਨੂੰ ਤਾਂ ਇਹੋ ਸਮਝ ਆਉਂਦੀ ਏ ਕਿ ਇਹ ਸਿਰਫ ਪੰਜਾਬ ਦੀ ਧਰਤੀ ਦੀ ਮੰਗ ਸੀ। ਇਹਦੀ ਮੰਗ ਹਾਲੇ ਵੀ ਜਾਰੀ ਏ। ਏਸੇ ਧਰਤੀ 'ਤੇ ਸਭ ਤੋਂ ਵੱਧ ਧਰਮ ਉੱਠੇ, ਧਰਮ ਗ੍ਰੰਥ ਰਚੇ ਗਏ। ਵਾਰ ਵਾਰ ਕਿਸੇ ਨਾ ਕਿਸੇ ਨੂੰ ਅਵਤਾਰ ਬਣ ਕੇ ਆਉਣਾ ਪਿਆ। ਕਿਉਂਕਿ ਏਨੇ ਧਰਮ ਗ੍ਰੰਥਾਂ ਦੇ ਬਾਵਜੂਦ ਧਰਤੀ 'ਤੇ ਪਾਪ ਵਧ ਗਿਆ ਸੀ। ਧਰਮ ਗ੍ਰੰਥਾਂ ਦੀ ਬਹੁਤੀ ਗਿਣਤੀ ਤੋਂ ਪਤਾ ਲੱਗਦਾ ਏ ਕਿ ਏਥੇ ਓਨਾ ਹੀ ਵੱਧ ਪਾਪ ਹੁੰਦਾ ਏ। ਨਹੀਂ ਤਾਂ ਬਹੁਤੇ ਧਰਮ ਗ੍ਰੰਥਾਂ ਦੀ ਲੋੜ ਕੀ ਸੀ!

ਜੇ ਧਰਮ ਗ੍ਰੰਥਾਂ 'ਚ ਬੰਦਿਆਂ ਨੂੰ ਬੁਰਾਈ ਤੋਂ ਬਚਾਉਣ ਦੀ ਸ਼ਕਤੀ ਹੁੰਦੀ ਤਾਂ ਇਹ ਏਨੇ ਗ੍ਰੰਥ ਕਾਹਨੂ ਰਚੇ ਗਏ? ਭਾਰਤੀ ਸੰਸਕ੍ਰਿਤੀ ਦੇ ਮੁੱਦਈ ਇਹ ਮਨੰਦੇ ਨੇ ਕਿ ਜਦ ਜਦ ਧਰਤੀ 'ਤੇ ਪਾਪ ਵਧੇਗਾ, ਕੋਈ ਅਵਤਾਰ ਆਵੇਗਾ ਤੇ ਪਾਪ ਦਾ ਨਾਸ਼ ਕਰੇਗਾ। ਕੋਈ ਧਰਮ ਗ੍ਰੰਥ ਰਚੇਗਾ। ... ... ਬਸ ਇਹੋ ਚਾਲ ਸਾਹਿਤ ਦੀ ਏ। ਉਹ ਵੀ ਇਵੇਂ ਵਾਰ ਵਾਰ ਰਚਿਆ ਜਾਣਾ ਏ। ਬੰਦਿਆਂ ਦਾ ਲਹੂ ਵਗਦਾ ਰਹਿਣਾ ਏ ਤੇ ਕਲਮਕਾਰਾਂ ਨੇ ਲਿਖਦਿਆਂ ਰਹਿਣਾ ਏ।

**ਬਾਕੀ ਪੰਨਾ ਨੰ. 91 'ਤੇ**

# ਮੇਰਾ ਸਾਥੀ ਸੀਜ਼ਰ/ਅਮਰਜੀਤ ਸਿੰਘ ਹੇਅਰ

ਵਿਛੋੜੇ ਦਾ ਦਰਦ ਦੁਖਦਾਈ ਹੁੰਦਾ ਹੈ। ਸਦੀਵੀ ਵਿਛੋੜੇ ਦਾ ਦਰਦ ਤਾਂ ਦਿਲ ਵਿਚ ਲਹੂ ਨਾਲ ਘੁਲ ਜਾਂਦਾ ਹੈ ਅਤੇ ਹਰ ਪਲ ਚੀਸ ਨਿਕਲਦੀ ਹੈ। ਪਹਿਲੀ ਉਮਰ ਦੇ ਪਿਆਰਿਆਂ ਦੇ ਵਿਛੋੜੇ ਤਾਂ ਮੈਂ ਸਹਿ ਗਿਆ ਸੀ ਪਰ ਪਿਛਲੇਰੀ ਉਮਰ ਦੇ ਯਾਰ ਦਾ ਵਿਛੋੜਾ ਭੁੱਲਣਾ ਮੇਰੇ ਵਸ ਤੋਂ ਬਾਹਰ ਹੈ। ਹੁਣ ਜਦ ਉਹ ਨਹੀਂ ਰਿਹਾ ਤਾਂ ਸਾਡੀ ਪੰਦਰਾਂ ਸਾਲ ਦੀ ਗੂੜ੍ਹੀ ਦੋਸਤੀ ਦਾ ਹਰ ਪਲ ਮੇਰੀਆਂ ਅੱਖਾਂ ਅੱਗੇ ਘੁੰਮਦਾ ਹੈ।

ਅਸੀਂ ਇਕੋ ਕਮਰੇ ਵਿਚ ਸੌਂਦੇ। ਮੈਂ ਮੰਜੇ ਉੱਤੇ ਤੇ ਉਹ ਮੰਜੇ ਹੇਠਾਂ। ਸ਼ਾਇਦ ਉਥੇ ਉਹ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦਾ ਸੀ। ਜਿਉਂ ਹੀ ਸਵੇਰੇ ਮੈਂ ਜਾਗਦਾ ਉਹ ਵੀ ਪੂਛ ਹਿਲਾਉਂਦਾ ਹੇਠੋਂ ਨਿਕਲ ਆਉਂਦਾ। ਮੈਂ ਉਸ ਨੂੰ ਪਲੋਸਦਾ ਤਾਂ ਉਸ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਅਤੇ ਉਸ ਦੀ ਪੂਛ ਹੋਰ ਤੇਜ਼ੀ ਨਾਲ ਹਿੱਲਣ ਲੱਗਦੀ। ਜਿਉਂ ਹੀ ਮੈਂ ਆਪਣੀ ਸੋਟੀ ਚੁੱਕਦਾ ਅਤੇ ਉਸ ਦੀ ਰੱਸੀ ਨੂੰ ਉਠਾਉਂਦਾ, ਉਹ ਟਪੂਸੀਆਂ ਮਾਰਦਾ ਮੇਰੇ ਮੂਹਰੇ-ਮੂਹਰੇ ਗੇਟ ਵੱਲ ਹੋ ਲੈਂਦਾ। ਉਸ ਨਾਲ ਸਵੇਰ ਦੀ ਸੈਰ ਦਾ ਆਪਣਾ ਹੀ ਸੁਆਦ ਸੀ। ਤੁਰਿਆ-ਤੁਰਿਆ ਜਾਂਦਾ ਉਹ ਕਈ ਥਾਂ ਰੁਕ ਜਾਂਦਾ, ਧਰਤੀ ਨੂੰ ਸੁੰਘਦਾ ਰਹਿੰਦਾ, ਫੇਰ ਨਹੁੰਦਰਾਂ ਨਾਲ ਮਿੱਟੀ ਕੁਰੇਦਦਾ। ਜਦ ਕਹਿਣਾ ਹੁਣ ਤੁਰ ਵੀ ਪੈ ਤਾਂ ਉਸ ਨੇ ਟੰਗ ਚੁੱਕ ਕੇ ਚਾਰ ਛਿੱਟ ਪਿਸ਼ਾਬ ਦੇ ਕਰਨੇ ਤੇ ਅੱਗੇ ਤੁਰ ਪੈਣਾ।

ਰਾਹ ਵਿਚ ਜੇ ਕੋਈ ਆਵਾਰਾ ਕੁੱਤਾ ਉਸ ਨੂੰ ਦੇਖ ਕੇ ਭੌਂਕਦਾ ਤਾਂ ਉਸ ਨੇ ਉਸ ਵੱਲ ਕੋਈ ਧਿਆਨ ਨਾ ਦੇਣਾ। ਉਸਦਾ ਜਵਾਬ ਦੇਣ ਨੂੰ ਉਹ ਆਪਣੇ ਰੁਤਬੇ ਤੋਂ ਹੇਠ ਸਮਝਦਾ ਸੀ। ਕਿਸੇ ਆਵਾਰਾ ਪਸ਼ੂ ਜਾਂ ਓਪਰੇ ਬੰਦੇ ਨੂੰ ਦੇਖ ਕੇ ਉਹ ਕਦੇ ਭੌਂਕਦਾ ਨਹੀਂ ਸੀ।

ਘਰ ਆਏ ਹਰ ਇਕ ਮਹਿਮਾਨ ਦਾ ਉਹ ਪੂਛ ਹਿਲਾ ਕੇ ਸਵਾਗਤ ਕਰਦਾ। ਸਾਰੀ ਉਮਰ ਉਸ ਨੇ ਕਿਸੇ ਨੂੰ ਵੱਢਿਆ ਨਹੀਂ ਸੀ। ਜੇ ਗਲਤੀ ਨਾਲ ਕਦੇ ਉਸ ਦਾ ਪੈਰ ਜਾਂ ਪੂਛ ਦਰੜੀ ਵੀ ਗਈ ਤਾਂ ਉਸ ਨੇ ਦਰਦ ਭਰੀ ਚੂੰ ਤਾਂ ਕਰ ਦੇਣੀ ਪਰ ਮਜ਼ਾਲ ਕੀ ਕਿਸੇ ਦੇ ਦੰਦ ਮਾਰੇ ਹੋਣ।

ਸਾਡੀ ਜ਼ਿੰਦਗੀ ਵਿਚ ਉਹ ਇਕ ਜਨਵਰੀ, 2001 ਨੂੰ ਆਇਆ। ਉਦੋਂ ਉਹ ਕੁਝ ਦਿਨਾਂ ਦਾ ਹੀ ਸੀ। ਇਕ ਦੋਸਤ ਨੇ ਮੇਰੇ ਪੋਤੇ ਨੂੰ ਉਹ ਤੋਹਫ਼ੇ ਵਜੋਂ ਦਿੱਤਾ। ਉਹ ਪਟਿਆਲੇ ਦੇ ਇਕ ਬਰੀਡਰ ਨੇ ਇਹ ਕਹਿ ਕੇ ਦਿੱਤਾ ਸੀ ਕਿ ਮਾਂ ਅਤੇ ਪਿਉ ਦੋਨਾਂ ਵੱਲੋਂ ਵਧੀਆ ਨਸਲ ਦਾ ਹੈ। ਜਿਉਂ-ਜਿਉਂ ਉਹ ਵੱਡਾ ਹੋਇਆ ਇਹ ਗੱਲ ਸਹੀ ਸਾਬਤ ਹੋਈ। ਉਹ ਸਾਊ ਸੁਭਾਅ ਅਤੇ ਸਬਰ-ਸੰਤੋਖ ਵਾਲਾ ਸੀ। ਮੇਰੀ ਪਤਨੀ ਨੇ ਉਸ ਦਾ ਨਾਂ ਸੀਜ਼ਰ ਰੱਖਿਆ। ਪਰ ਇਹ ਨਾਂ ਉਸ 'ਤੇ ਢੁੱਕਦਾ ਨਹੀਂ ਸੀ। ਸੀਜ਼ਰ ਤਾਂ ਲੜਾਕੂ ਜਰਨੈਲ ਸੀ ਪਰ ਸਾਡਾ ਸੀਜ਼ਰ ਤਾਂ ਕਿਸੇ 'ਤੇ ਹਮਲਾ ਤਾਂ ਇਕ ਪਾਸੇ ਰਿਹਾ ਕਿਸੇ ਦੇ ਕਦੇ ਮਗਰ ਵੀ ਨਹੀਂ ਸੀ ਪਿਆ।

ਉਹ ਤਿੰਨ ਸਾਲਾਂ ਦਾ ਸੀ ਜਦੋਂ ਮੇਰਾ ਪੋਤਾ ਅਮਰੀਕਾ ਚਲਿਆ ਗਿਆ। ਉਸ ਦੇ ਏਥੇ ਹੁੰਦਿਆਂ ਤਾਂ ਸੀਜ਼ਰ ਨੂੰ ਵੀ ਮੀਟ ਮਿਲ ਜਾਂਦਾ ਸੀ ਪਰ ਕਿਉਂਕਿ ਮੈਂ ਸ਼ਾਕਾਹਾਰੀ ਹਾਂ ਇਸ ਕਰਕੇ ਪਿੱਛੋਂ ਤਾਂ ਸੀਜ਼ਰ ਨੂੰ ਵੀ ਮਜਬੂਰਨ ਸ਼ਾਕਾਹਾਰੀ ਬਣਨਾ ਪਿਆ। ਉਹ ਦਿਨ ਵਿਚ ਇਕੋ ਵਾਰੀ ਸ਼ਾਮ ਦਾ ਖਾਣਾ ਖਾਂਦਾ। ਜਦ ਅਸੀਂ ਉਸ ਦੇ ਕੌਲੇ ਵਿਚ ਖਾਣਾ ਪਰੋਸ ਦਿੰਦੇ ਭਾਵੇਂ ਉਹ ਕਿੰਨਾ ਵੀ ਭੁੱਖਾ ਕਿਉਂ ਨਾ ਹੋਵੇ, ਕੁਝ ਮਿੰਟ ਚੁੱਪ ਚਾਪ ਇਸ ਵੱਲ ਦੇਖਦਾ ਰਹਿੰਦਾ। ਇੰਜ ਲੱਗਦਾ ਸੀ ਜਿਵੇਂ ਉਹ ਖਾਣ ਤੋਂ ਪਹਿਲਾਂ ਪ੍ਰਾਰਥਨਾ ਕਰਦਾ ਹੋਵੇ। ਪਰ ਜੋ ਚੀਜ਼ ਉਸ ਨੂੰ ਪਸੰਦ ਨਾ ਹੋਵੇ, ਉਸ ਨੂੰ ਮੂੰਹ ਨਹੀਂ ਸੀ ਲਾਉਂਦਾ। ਕਈ ਗੱਲਾਂ ਵਿਚ ਮੇਰੀ ਅਤੇ ਉਸਦੀ ਪਸੰਦ ਇਕੋ ਸੀ। ਕਾਲੀਆਂ ਤੋਰੀਆਂ, ਘੀਆ, ਪਨੀਰ, ਆਲੂ ਸਾਡੇ ਦੋਵਾਂ ਦੀ ਪਸੰਦ ਦਾ ਖਾਣਾ ਹੈ। ਇਨ੍ਹਾਂ ਤੋਂ ਅਸੀਂ ਕਦੇ ਅੱਕਦੇ ਨਹੀਂ ਸਾਂ।

ਅਮਰੀਕਾ ਤੋਂ ਜਦ ਮੇਰਾ ਪੋਤਾ ਫੋਨ ਕਰਦਾ ਤਾਂ ਕਹਿੰਦਾ, "ਸੀਜ਼ਰ ਨਾਲ ਗੱਲ ਕਰਵਾਓ।" ਜਦ ਅਸੀਂ ਆਪਣੇ ਪੋਤੇ ਦਾ ਨਾਂ ਲੈਂਦੇ ਤਾਂ ਸੀਜ਼ਰ ਵੀ ਕੰਨ ਚੁੱਕ ਲੈਂਦਾ। ਜਦ ਤਿੰਨ ਚਾਰ ਵਾਰੀ ਮੇਰਾ ਪੋਤਾ ਅਮਰੀਕਾ ਤੋਂ ਆਇਆ ਤਾਂ ਸੀਜ਼ਰ ਉਸ ਨੂੰ ਮਿਲ ਕੇ ਬੇਹੱਦ ਖੁਸ਼ ਹੋਇਆ। ਉਨ੍ਹਾਂ ਦਿਨਾਂ ਵਿਚ ਉਸ ਦੀ ਮਾਸ ਖਾਣ ਦੀ ਇੱਛਾ ਵੀ ਪੂਰੀ ਹੋ ਜਾਂਦੀ।

ਚੌਂਦ੍ਹਾਂ ਸਾਲ ਸੀਜ਼ਰ ਕਦੇ ਬੀਮਾਰ ਨਹੀਂ ਸੀ ਹੋਇਆ। ਪਿਛਲੀਆਂ ਗਰਮੀਆਂ ਵਿਚ ਉਸ ਦੇ ਚਿਚੜੀਆਂ ਪੈ ਗਈਆਂ। ਅਸੀਂ ਉਸ ਦੇ ਟੀਕਾ ਲਗਵਾਇਆ ਪਰ ਚਿਚੜੀਆਂ ਫੇਰ ਵੀ ਨਾ ਮੁੱਕੀਆਂ। ਚਿਚੜੀਆਂ ਉਸ ਦਿਆਂ ਬੁੱਲ੍ਹਾਂ, ਨੱਕ ਅਤੇ ਅੱਖਾਂ ਦੀ ਚਮੜੀ ਵਿਚ ਖੁੱਭ ਜਾਂਦੀਆਂ। ਮੈਂ ਬੜੀ ਮੁਸ਼ਕਲ ਨਾਲ ਪੁੱਟਣੀਆਂ। ਉਸ ਨੇ ਟਿਕ ਕੇ ਬੈਠੇ ਰਹਿਣਾ। ਮੈਨੂੰ ਯਾਦ ਆਉਂਦਾ ਇਸ ਤਰ੍ਹਾਂ ਹੀ ਜਦ ਮੈਂ ਨਿੱਕਾ ਸੀ ਤਾਂ ਬੇਬੇ ਮੇਰੇ ਸਿਰ ਵਿਚੋਂ ਲੀਕਾਂ ਕੱਢਦੀ ਹੁੰਦੀ ਸੀ।

ਸੀਜ਼ਰ ਬੜਾ ਖੁਸ਼ ਹੋ ਕੇ ਨਹਾਉਂਦਾ ਸੀ। ਉਸ ਦੇ ਵਾਲ ਬੜੇ ਸੰਘਣੇ ਤੇ ਵੱਡੇ ਸਨ। ਜਦ ਮੈਂ ਸ਼ੈਂਪੂ ਲਾਉਣਾ ਤਾਂ ਉਸ ਨੇ ਸੀਲ ਮੱਝ ਵਾਂਗੂ ਟਿਕ ਕੇ ਖੜਾ ਰਹਿਣਾ। ਨਹਾ ਕੇ ਉਹ ਸਹੇ ਵਾਂਗ ਚਿੱਟਾ ਨਿਕਲ ਆਉਂਦਾ। ਗਰਮੀਆਂ ਵਿਚ ਜਦ ਉਸ ਦੇ ਵਾਲ ਕੱਟਵਾ ਦਿੰਦੇ ਤਾਂ ਉਹ ਮੁੱਠ ਭਰ ਦਾ ਬਚੂੰਮੜਾ ਜਿਹਾ ਹੀ ਲੱਗਦਾ। ਸਿਆਣ ਵਿਚ ਹੀ ਨਾ ਆਉਂਦਾ। ਉਹ ਵਾਲਾਂ ਨਾਲ ਹੀ ਸੋਹਣਾ ਲੱਗਦਾ ਸੀ।

ਕਿਹਾ ਜਾਂਦਾ ਹੈ ਜੇ ਕੁੱਤੇ ਦੀ ਉਮਰ ਦੀ ਇਨਸਾਨਾਂ ਦੀ ਉਮਰ ਨਾਲ ਤੁਲਨਾ ਕਰਨੀ ਹੋਵੇ ਤਾਂ ਉਸ ਦਾ 7 ਨਾਲ ਗੁਣਾ ਕਰਨਾ ਪੈਂਦਾ ਹੈ। ਜਦ ਉਹ 15 ਸਾਲ ਦਾ ਹੋਣ ਲੱਗਾ ਤਾਂ ਸਮਝੋ ਉਹ ਸੌ ਸਾਲ ਟੱਪ ਗਿਆ। ਪਾਮੇਰੀਅਨ ਨਸਲ ਦੇ ਕੁੱਤਿਆਂ ਦੀ ਉਮਰ 15 ਸਾਲ ਹੀ ਹੁੰਦੀ ਹੈ। ਸੀਜ਼ਰ 'ਤੇ ਵੀ ਬੁਢਾਪੇ ਦੇ ਨਿਸ਼ਾਨ ਦਿੱਸਣ ਲੱਗ ਪਏ ਸਨ। ਉਸ ਦੀਆਂ ਅੱਖਾਂ ਵਿਚ ਮੋਤੀਆ ਉਤਰ ਆਇਆ। ਲੱਗਦਾ ਸੀ ਉਸ ਦੀ ਸੁਣਨ ਸ਼ਕਤੀ ਵੀ ਘੱਟ ਗਈ ਸੀ। ਉਸ ਦੀ ਭੁੱਖ ਵੀ ਘੱਟ ਗਈ ਸੀ। ਉਸ ਵਿਚ ਅੱਗੇ ਵਾਲੀ ਚੁਸਤੀ ਵੀ ਨਹੀਂ ਰਹੀ ਸੀ।

ਨਵੰਬਰ ਵਿਚ ਉਸ ਦੇ ਪੈਰ 'ਤੇ ਜ਼ਖ਼ਮ ਹੋ ਗਿਆ ਤਾਂ ਉਸ ਦੀ ਸੈਰ ਵੀ ਬੰਦ ਹੋ ਗਈ। ਉਸ ਦੇ ਟੀਕੇ ਲਗਵਾਉਣੇ ਪਏ ਕਿਉਂਕਿ ਉਹ ਮੂੰਹ ਰਾਹੀਂ ਦਵਾਈ ਨਹੀਂ ਸੀ ਖਾਂਦਾ।

ਅਖੀਰਲੇ ਦਿਨਾਂ ਵਿਚ ਤਾਂ ਉਹ ਉੱਠਣੋਂ ਵੀ ਰਹਿ ਗਿਆ। ਮੈਂ ਉਸ ਦਾ ਬਿਸਤਰਾ ਚੁੱਕ ਕੇ ਉਸ ਨੂੰ ਬਾਹਰ ਲਾਅਨ ਵਿਚ ਲਿਜਾ ਕੇ ਟੱਟੀ-ਪਿਸ਼ਾਬ ਕਰਵਾਉਣਾ।

ਮੈਂ ਉਸ ਦੀ ਹਾਲਤ ਬਾਰੇ ਆਪਣੇ ਪੋਤੇ ਨੂੰ ਅਮਰੀਕਾ ਵਿਚ ਫੋਨ ਕੀਤਾ ਤਾਂ ਉਹ 24 ਦਸੰਬਰ ਨੂੰ ਆ ਗਿਆ। ਪਰ ਇਸ ਵਾਰੀ ਸੀਜ਼ਰ ਉਸ ਨੂੰ ਜੋਸ਼ ਨਾਲ ਨਾ ਮਿਲ ਸਕਿਆ। ਉਸ ਵਿਚ ਤਾਕਤ ਹੀ ਨਹੀਂ ਰਹੀ ਸੀ। ਰਾਤ ਨੂੰ ਜਦ ਉਸ ਨੂੰ ਪਿਸ਼ਾਬ ਦੀ ਹਾਜ਼ਤ ਹੁੰਦੀ ਤਾਂ ਉਹ ਹੌਲੀ ਜਿਹੀ ਚੂੰ ਕਰਦਾ ਸੀ ਤੇ ਮੇਰੇ ਪੋਤੇ ਨੇ ਉਸ ਦਾ ਬਿਸਤਰਾ ਚੁੱਕ ਕੇ ਬਾਹਰ ਲੈ ਜਾਣਾ। ਉਹ ਬੇਵਸ ਹੋਇਆ ਸਾਡੇ ਵੱਲ ਝਾਕਦਾ। ਮਰਨ ਤੋਂ ਦਸ ਦਿਨ ਪਹਿਲਾਂ ਉਸ ਨੇ ਖਾਣਾ ਛੱਡ ਦਿੱਤਾ। ਅਸੀਂ ਮੁਰਗੇ ਦਾ ਮਾਸ ਵੀ ਪਾਇਆ, ਉਸ ਨੂੰ ਵੀ ਸੀਜ਼ਰ ਨੇ ਮੂੰਹ ਨਾ ਲਾਇਆ। ਮਰਨ ਤੋਂ ਦੋ ਦਿਨ ਪਹਿਲਾਂ ਪਾਣੀ ਪੀਣੋਂ ਵੀ ਹਟ ਗਿਆ। ਮੈਨੂੰ ਲੱਗਿਆ ਜੈਨ ਰਿਸ਼ੀਆਂ ਵਾਂਗ ਉਸ ਨੇ ਅੰਨ-ਪਾਣੀ ਤਿਆਗ ਦਿੱਤਾ ਅਤੇ ਆਪਣੇ ਅੰਤ ਸਮੇਂ ਦੀ ਸ਼ਾਂਤ ਮਨ ਨਾਲ ਉਡੀਕ ਕਰਨ ਲੱਗਾ।

**ਬਾਕੀ ਪੰਨਾ ਨੰ. 129 'ਤੇ**

## ਭੈਣ ਦੇ ਸਵਾਟਰ/ਕਰਨ ਬਰਾੜ

ਇਹ ਗੱਲ ਸੱਚੀ ਆ ਕਿ ਛੋਟੇ ਹੁੰਦਿਆਂ ਸਾਨੂੰ ਨਿੱਕੀਆਂ ਭੈਣਾਂ ਨਾਲੋਂ ਜ਼ਿਆਦਾ ਮਿਲਦਾ ਰਿਹਾ। ਸਾਡੀਆਂ ਜਿੱਦਾਂ ਜ਼ਿਆਦਾ ਪੁੱਗਦੀਆਂ ਰਹੀਆਂ। ਸਾਡੀਆਂ ਜ਼ਰੂਰਤਾਂ ਜ਼ਿਆਦਾ ਪੂਰੀਆਂ ਹੁੰਦੀਆਂ ਰਹੀਆਂ। ਇਹ ਪੜ੍ਹਾਈ ਚ ਵੀ ਸਾਡੇ ਤੋਂ ਜ਼ਿਆਦਾ ਹੁਸ਼ਿਆਰ ਹੁੰਦੀਆਂ ਸੀ। ਘਰ ਦੇ ਕੰਮਾਂ ਧੰਦਿਆਂ 'ਚ ਵੀ ਹੱਥ ਵਟਾਉਂਦੀਆਂ। ਸਾਡੇ ਸਕੂਲ ਦਾ ਕੰਮ ਵੀ ਕਰ ਦਿੰਦੀਆਂ ਸੀ ਬਈ ਸਾਡੇ ਆਲੇ ਨੂੰ ਸਕੂਲੋਂ ਕੁੱਟ ਨਾ ਪਵੇ। ਅਸੀਂ ਫੇਰ ਵੀ ਅਕਸਰ ਛੋਟੀਆਂ ਹੋਣ ਕਰਕੇ ਇਹਨਾਂ ਨਾਲ ਜ਼ਿਆਦਤੀ ਕਰ ਜਾਂਦੇ ਸੀ। ਆਪਣੀ ਮਨ ਮਰਜ਼ੀ ਪੁਗਾ ਜਾਂਦੇ ਸੀ ਪਰ ਇਹ ਫੇਰ ਵੀ ਸਾਡੇ ਪਿੱਛੇ ਪਿੱਛੇ ਤੁਰਦੀਆਂ ਸਾਡੀ ਸੁੱਖ ਲੋੜਦੀਆਂ ਅਰਦਾਸਾਂ ਕਰਦੀਆਂ ਸੀ। ਮੈਨੂੰ ਅੱਜ ਵੀ ਯਾਦ ਆ ਇੱਕ ਵਾਰੀ ਪੇਪਰਾਂ ਦੇ ਨਤੀਜਿਆਂ ਤੋਂ ਬਾਅਦ ਭੈਣ ਕਹਿੰਦੀ ਜਾ ਗੁਰੂ ਘਰ ਐਨੇ ਦੀ ਦੇਗ ਚੜ੍ਹਾ। ਆ ਮੈਂ ਪੁੱਛਿਆ ਤੂੰ ਤਾਂ ਐਨੀ ਹੁਸ਼ਿਆਰ ਆ। ਤੈਨੂੰ ਕੀ ਲੋੜ ਪੈ ਗਈ ਦੇਗ ਸੁੱਖਣ ਦੀ, ਜਾਹ ਮੈਂ ਨੀ ਜਾਂਦਾ। ਆਪਣਾ ਹਮੇਸ਼ਾ ਦੀ ਤਰ੍ਹਾਂ ਕੰਮ ਤੋਂ ਕੋਰਾ ਜਵਾਬ ਸੀ ਤਾਂ ਅੱਗੋਂ ਕਹਿੰਦੀ ਬੇਸ਼ਰਮਾ ਤੇਰੇ ਪਾਸ ਹੋਣ ਦੀ ਸੁੱਖ ਸੁੱਖੀ ਸੀ ਬਈ ਨਾਲਾਇਕ ਕਿਤੇ ਫ਼ੇਲ੍ਹ ਨਾ ਹੋਜੇ ਨਾਲ਼ੇ ਇੱਕ ਸਾਲ ਪਿੱਛੇ ਹੋਜੇਗਾ ਨਾਲ਼ੇ ਜਿਹੜੇ ਉੱਤੋਂ ਛਿੱਤਰ ਪੈਣੇ ਸੀ ਉਹ ਵੱਖਰੇ। ਇਹ ਸੀ ਸਾਡੀਆਂ ਨਿੱਕੀਆਂ ਭੈਣਾਂ ਦਾ ਪਿਆਰ। ਅੱਜ ਵੀ ਬਾਹਰ ਬੈਠਿਆਂ ਇਹ ਗੱਲਾਂ ਯਾਦ ਕਰਦਿਆਂ ਅੱਖਾਂ 'ਚ ਪਾਣੀ ਆ ਜਾਂਦਾ। ਹੁਣ ਤਾਂ ਖ਼ੈਰ ਜ਼ਮਾਨਾ ਵਾਹਵਾ ਬਦਲ ਗਿਆ ਪਰ ਸਾਡੇ ਵਾਲੀ ਪੀੜ੍ਹੀ ਦੀਆਂ ਕੁੜੀਆਂ ਚਿੜੀਆਂ ਧੀਆਂ ਭੈਣਾਂ ਨੂੰ ਜਿੱਥੇ ਕਿਹਾ ਬੈਠ ਗਈਆਂ। ਜੋ ਲਿਆ ਦਿੱਤਾ ਉਹ ਪਾ ਲਿਆ ਜੋ ਕਿਹਾ ਮੰਨ ਲਿਆ। ਜਿੰਨਾ ਕਿਹਾ ਪੜ੍ਹ ਲਈਆਂ ਜਿਹਦੇ ਲੜ ਲਾਈਆਂ ਉਸਦੇ ਲੜ ਲੱਗ ਗਈਆਂ ਜਿੰਨਾ ਦਿੱਤਾ ਸਬਰ ਕਰ ਲਿਆ। ਹੁਣ ਭਾਵੇਂ ਉਨ੍ਹਾਂ ਦੇ ਆਪਣੇ ਪਰਿਵਾਰ ਆ ਪਰ ਧੀਆਂ ਭੈਣਾਂ ਕਦੇ ਪਿੱਛਾ ਨਹੀਂ ਭੁੱਲਦੀਆਂ । ਆਪਣੇ ਪੇਕੇ ਆਪਣੇ ਮਾਪੇ ਭਰਾ ਭਤੀਜਿਆਂ ਨੂੰ ਅੰਤਾਂ ਦਾ ਮੋਹ ਕਰਦੀਆਂ। ਉਨ੍ਹਾਂ ਦੀ ਸੁੱਖ ਲੋੜਦੀਆਂ। ਕਹਿਣ ਨੂੰ ਤਾਂ ਭਾਵੇਂ ਸਾਡੇ ਮੁਲਕ 'ਚ ਕੁੜੀਆਂ ਵੀ ਬਰਾਬਰ ਦੀਆਂ ਮਾਲਕ ਆ ਪਰ ਅਸਲ 'ਚ ਕੇਰਾਂ ਵਿਆਹ ਵੇਲੇ ਜੋ ਦੇ ਦਿੱਤਾ ਦੇ ਦਿੱਤਾ ਫਿਰ ਅਗਲਾ ਹਾੜ੍ਹੀ ਸਉਣੀ ਦਿਨ ਤਿਉਹਾਰ ਨੂੰ ਦੋ ਸੂਟ ਬਣਾ ਛੱਡਦਾ ਪਰ ਇਹ ਫੇਰ ਵੀ ਸਬਰ ਕਰ ਲੈਂਦੀਆਂ। ਮਾਪਿਆਂ ਦੇ ਦਿੱਤੇ ਇੱਕ ਨੂੰ ਲੱਖ ਕਰਕੇ ਜਾਣਦੀਆਂ ਅਗਲੇ ਘਰੇ ਇਹਨਾਂ ਦੀ ਚੱਲੇ ਨਾ ਚੱਲੇ। ਘਰ ਵਾਲਾ ਚੰਗਾ ਸਮਝੇ ਨਾ ਸਮਝੇ ਧੀਆਂ ਪੁੱਤ ਸਤਿਕਾਰ ਦੇਣ ਨਾ ਦੇਣ ਇਹਨਾਂ ਦੀ ਕਿਸਮਤ। ਪਰ ਫਿਰ ਵੀ ਇਹਨਾਂ ਦੀ ਅਰਦਾਸ ਵੇਲੇ ਮਾਪਿਆਂ ਦੀ ਸੁੱਖ ਵੀ ਬਰਾਬਰ ਹੀ ਸ਼ਾਮਿਲ ਹੁੰਦੀ ਆ। ਆਪ ਭਾਵੇਂ ਭੁੱਲ ਜਾਈਏ ਪਰ ਭੈਣ ਦਾ ਹਰ ਦੂਜੇ ਤੀਜੇ ਦਿਨ ਸੁਨੇਹਾ ਹੁੰਦਾ ਕਿ ਕੀ ਕਰਦੇ ਸੀ ਭਾਬੀ ਕਿਵੇਂ ਆ ਗੁਰਅੰਸ਼ ਸਕੂਲ ਜਾਂਦਾ ਕਿ ਨਹੀਂ ਉੱਥੇ ਬੈਠੀ ਵੀ ਸਾਡਾ ਫ਼ਿਕਰ ਕਰਦੀ ਆ, ਉੱਥੇ ਹਰ ਜਗ੍ਹਾ ਮੇਰੀ ਥਾਂ ਖੜ੍ਹਦੀ ਆ ਘਰਦਿਆਂ ਨੂੰ ਵਾਹ ਲਗਦੀ ਮੇਰੀ ਕਮੀ ਮਹਿਸੂਸ ਨੀ ਹੋਣ ਦਿੰਦੀ। ਹੁਣ ਬੀਬੀ ਸਾਡੇ ਕੋਲ ਬਾਹਰ ਆਈ ਤਾਂ ਭੈਣ ਨੇ ਸਾਡੇ ਦੋਵਾਂ ਪਿਓ ਪੁੱਤਾਂ ਲਈ ਇਕੋ ਜਿਹੇ ਬੁਣਕੇ ਸਵਾਟਰ ਭੇਜੇ ਆ। ਪੁੱਛਿਆ ਤਾਂ ਕਹਿੰਦੀ ਜਦੋਂ ਠੰਢ ਹੋਵੇ ਦੋਵੇਂ ਪਾ ਲਿਆ ਕਰੋ। ਮੈਨੂੰ ਇਉਂ ਲੱਗੂ ਜਿਵੇਂ ਮੈਂ ਆਪਣੇ ਭਰਾ ਭਤੀਜੇ ਦੇ ਕੋਲ ਹੀ ਹੋਵਾਂ। ਤੁਹਾਡੇ ਦਿਲ ਦੇ ਨੇੜੇ, ਨਾਲ਼ੇ ਜਦੋਂ ਪਾਇਆ ਕਰੋਗੇ ਵੇਖਿਆ ਕਰੋਗੇ ਯਾਦ ਤਾਂ ਕਰਿਆ ਹੀ ਕਰੋਗੇ ਭੁੱਲਦੇ ਤਾਂ ਨਹੀਂ। ਹੈ ਕਮਲੀ ਭਲਾਂ ਕੋਈ ਭੈਣਾਂ ਨੂੰ ਵੀ ਭੁੱਲ ਸਕਦਾ ਤੇ ਸੱਚ ਜਾਣਿਓ ਸਵਾਟਰ ਪਾ ਕੇ ਇਉਂ ਹੀ ਲਗਦਾ ਜਿਵੇਂ ਭੈਣ ਸੱਚੀ ਕੋਲ ਹੀ ਹੋਵੇ ਉਹੀ ਖ਼ੁਸ਼ਬੂ ਉਹੀ ਪਿਆਰ। ਪਿਓ ਪੁੱਤ ਸਵੇਰ ਦੇ ਪਾਈ ਫਿਰਦੇ ਆਂ ਲਾਹੁਣ ਨੂੰ ਜੀ ਨੀ ਕਰਦਾ, ਮਤਾ ਕਿਤੇ ਭੈਣ ਪਾਸੇ ਨਾ ਹੋ ਜੇ। ਪਤਾ ਨੀ ਕਿਉਂ ਗੱਚ ਜਾ ਭਰਿਆ ਪਿਆ। ਆਪਣਿਆਂ ਦੀ ਯਾਦ ਵਿਚ ਤਪਦੇ ਸੀਨੇ ਨੂੰ ਭੈਣ ਦੇ ਭੇਜੇ ਸਵੈਟਰ ਠੰਢੇ ਸ਼ਰਾਟਿਆਂ ਵਾਂਗ ਠਾਰੀ ਜਾਂਦੇ ਆ। ਪਿਆਰ ਦੇ ਨਿੱਘੇ ਸਵਾਟਰ ਠੰਢ ਨੇੜੇ ਨੀਂ ਲੱਗਣ ਦਿੰਦੇ। ਕੋਲ ਹੀ ਆ ਤੂੰ ਭੈਣ ਮੇਰੀਏ ਹਮੇਸ਼ਾ ਦੀ ਤਰ੍ਹਾਂ ਤੇਰੀ ਸੌਗਾਤ ਹਮੇਸ਼ਾ ਸੰਭਾਲ ਕੇ ਰੱਖਾਂਗੇ ਧੰਨਵਾਦ ਤੇਰਾ। ਛੇਤੀ ਮਿਲਣ ਆਵਾਂਗੇ ਭੈਣ ਮੇਰੀਏ ਹੁਣ ਕੋਟੀਆਂ ਬਣਾ ਕੇ ਰੱਖੀਂ।



**ਨਵੀਆਂ ਪੁਸਤਕਾਂ**

## ਡਾਇਸਪੋਰਿਕ ਬਿਰਤਾਂਤ ਅਤੇ ਸਭਿਆਚਾਰਕ ਸਿਮਰਿਤੀਆਂ ਦੀ ਪੁਨਰ-ਰਚਨਾ : ਜੜ੍ਹ

**-ਗੁਰਪਾਲ ਸਿੰਘ ਸੰਧੂ**

ਦਰਸ਼ਨ ਸਿੰਘ ਧੀਰ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਪ੍ਰਮੁੱਖ ਨਾਂ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਨਿਰੰਤਰ ਨਾਵਲ ਰਚਨਾ ਦੇ ਅਭਿਆਸ ਵਿਚ ਸਰਗਰਮ ਇਹ ਪਰਵਾਸੀ ਪੰਜਾਬੀ ਨਾਵਲ ਵਿਚ ਸੀਨੀਅਰ ਅਤੇ ਤਜਰਬੇਕਾਰ ਨਾਵਲਕਾਰ ਹੈ, ਜਿਸਨੇ ਹੁਣ ਤਕ ਤੇਰ੍ਹਾਂ ਨਾਵਲਾਂ ਦੀ ਰਚਨਾ ਕੀਤੀ। ਉਸਦੀ ਨਾਵਲਕਾਰੀ ਦਾ ਮੁੱਖ ਗੁਣ ਸੰਕਲਪ ਆਧਾਰਤ ਨਾਵਲੀ ਵਸਤੂ ਨੂੰ ਰੂਪਮਾਨ ਕਰਨਾ ਹੈ, ਜਿਸ ਕਰਕੇ ਉਸਦੇ ਨਾਵਲਾਂ ਦਾ ਬਿਰਤਾਂਤ ਰਚਨਾਤਮਕ ਗਤੀਸ਼ੀਲਤਾ, ਵਿਸ਼ੇਗਤ ਵੰਨਸਵੰਨਤਾ ਅਤੇ ਸ਼ੈਲੀਗਤ ਪ੍ਰਯੋਗਾਤਮਕਤਾ ਦੇ ਸੰਯੋਗ ਨਾਲ ਸਰਸ਼ਾਰ ਰਹਿੰਦਾ ਹੈ। ਇਹ ਹੀ ਵਜ੍ਹਾ ਹੈ ਕਿ 1980 ਵਿਚ ਰਚੇ ਗਏ ਉਸਦੇ ਪਹਿਲੇ ਨਾਵਲ 'ਆਪਣੇ ਆਪਣੇ ਰਾਹ' ਤੋਂ ਲੈ ਕੇ 2016 ਵਿਚ ਪ੍ਰਕਾਸ਼ਿਤ ਹੋਏ ਨਾਵਲ 'ਜੜ੍ਹ' ਤਕ ਉਸਦੀ ਨਾਵਲਕਾਰੀ ਕਈ ਵਿਸ਼ੇਗਤ ਅਤੇ ਰੂਪਾਕਾਰਕ ਕਰਵਟਾਂ ਲੈਂਦੀ ਵੇਖੀ ਜਾ ਸਕਦੀ ਹੈ। ਉਸਦਾ ਨਾਵਲ 'ਜੜ੍ਹ' ਇਸ ਤਰਕ ਦੀ ਭਲੀਭਾਂਤ ਵਜਾਹਤ ਕਰਦਾ ਹੋਇਆ, ਸਮਕਾਲੀ ਪੰਜਾਬੀ ਡਾਇਸਪੋਰਕ ਸੰਵੇਦਨਾ ਦੇ ਨਾਵਲੀ ਬਿਰਤਾਂਤ ਦੀ ਖ਼ੂਬਸੂਰਤ ਉਦਾਹਰਨ ਬਣਕੇ ਪੇਸ਼ ਹੁੰਦਾ ਹੈ।

(1)

ਜੇਕਰ ਅਸੀਂ ਪਰਵਾਸੀ ਸੰਵੇਦਨਾ ਅਤੇ ਡਾਇਸਪੋਰਿਕ ਸੰਵੇਦਨਾ ਦੀ ਸਿਧਾਂਤਕਾਰੀ ਵਿਚ ਬੁਨਿਆਦੀ ਵੱਖਰੇਵਾਂ ਵੇਖਣ ਦੀ ਕੋਸ਼ਿਸ਼ ਕਰੀਏ ਤਾਂ ਤਿੰਨ ਗੱਲਾਂ ਸਪਸ਼ਟ ਰੂਪ ਵਿਚ ਉਭਰਦੀਆਂ ਹਨ; ਪਹਿਲੀ, ਪਰਵਾਸੀ ਸੰਵੇਦਨਾ ਸਭਿਆਚਾਰਕ ਪਹਿਚਾਣ ਦੇ ਗੁਆਚਣ ਦੀ ਪੇਸ਼ਕਾਰੀ ਕਰਦੀ ਹੈ ਅਤੇ ਡਾਇਸਪੋਰਿਕ ਸੰਵੇਦਨਾ ਇਸਨੂੰ ਪੁਨਰ-ਸਥਾਪਤ ਕਰਨ ਦੀ। ਦੂਜੀ, ਪਰਵਾਸੀ ਸੰਵੇਦਨਾ ਮੂਲਵਾਸ ਦੇ ਆਕਾਰਾਂ ਅਤੇ ਪਾਸਾਰਾਂ ਤੋਂ ਟੁੱਟਣ ਦੀ ਵਿਧੀ ਰਾਹੀਂ ਵਿਯੋਗ ਦੇ ਭਾਵਾਂ ਦੀ ਰਚਨਾ ਕਰਦੀ ਹੈ ਅਤੇ ਡਾਇਸਪੋਰਿਕ ਸੰਵੇਦਨਾ ਸਵੈ ਨੂੰ ਪੁਨਰ-ਵਿਉਂਤਣ ਦੀ। ਤੀਜੀ, ਪਰਵਾਸੀ ਸੰਵੇਦਨਾ ਭੂਤਕਾਲ ਦੇ ਹਵਾਲੇ ਨਾਲ ਸਭਿਆਚਾਰਕ ਵਿਚਾਰ-ਪ੍ਰਵਾਹਾਂ ਦੇ ਖੰਡਿਤ ਹੋਣ ਦੇ ਦਰਦ ਦੀ ਪੇਸ਼ਕਾਰੀ ਕਰਦੀ ਹੈ ਜਦਕਿ ਡਾਇਸਪੋਰਿਕ ਸੰਵੇਦਨਾ ਵਰਤਮਾਨ ਦੀ ਚੇਤਨਤਾ ਉੱਤੇ ਧਿਆਨ ਕੇਂਦਰਿਤ ਕਰਦੀ ਹੋਈ ਸਭਿਆਚਾਰਕ ਸਿਮਰਤੀਆਂ ਨੂੰ ਵਰਤਮਾਨ ਵਿਚ ਸੰਮਿਲਤ ਕਰਕੇ, ਆਪਣੀ ਪਛਾਣ ਦੀ ਪੁਨਰ-ਰਚਨਾ ਕਰਨ ਦੇ ਰਾਹੇ ਪੈਂਦੀ ਹੈ। ਇਸਤਰਾਂ ਪਰਵਾਸੀ ਸੰਵੇਦਨਾ ਅਤੇ ਡਾਇਸਪੋਰਿਕ ਸੰਵੇਦਨਾ ਦੇ ਆਪਸੀ ਰਿਸ਼ਤੇ ਨੂੰ ਆਧਾਰ ਬਣਾ ਕੇ ਅਸੀਂ ਦਰਸ਼ਨ ਸਿੰਘ ਧੀਰ ਦੀ ਸਮੁੱਚੀ ਨਾਵਲਕਾਰੀ ਵਿਚ ਚਾਰ ਪੜਾਅ ਦੇਖ ਸਕਦੇ ਹਾਂ;

ਪਹਿਲਾ ; 'ਆਪਣੇ ਆਪਣੇ ਰਾਹ' ਤੇ 'ਸੰਘਰਸ਼' ਪਰਵਾਸੀ ਸੰਵੇਦਨਾ ਦੀ ਮੁੱਢਲੀ ਰਚਨਾਕਾਰੀ ਨਾਲ ਜੁੜੇ ਹੋਏ ਨਾਵਲ ਹਨ।

ਦੂਜਾ ; ਨਾਵਲ 'ਧੁੰਦਲਾ ਸੂਰਜ', 'ਲਕੀਰਾਂ ਤੇ ਮਨੁੱਖ' ਅਤੇ 'ਇਹ ਲੋਕ' ਮੂਲਵਾਸ ਅਤੇ ਪਰਵਾਸ ਦੇ ਰਿਸ਼ਤੇ ਵਿਚਲੀ ਸਹਿਹੋਂਦ ਦੀ ਸੰਵੇਦਨਾ ਦੀ ਤਲਾਸ਼ ਕਰਨ ਦੇ ਰਾਹੇ ਪੈਂਦੇ ਹਨ।

ਤੀਜਾ ;'ਪੈੜਾਂ ਦੇ ਆਰ ਪਾਰ', 'ਅਜਨਬੀ ਚਿਹਰੇ,' 'ਰਣਭੂਮੀ', 'ਸਲਤਨਤ' ਅਤੇ 'ਹਾਸ਼ੀਏ' ਆਦਿ ਨਾਵਲ ਕ੍ਰਮਵਾਰ ਪਰਵਾਸੀ ਸੰਵੇਦਨਾ ਦੇ ਡਾਇਸਪੋਰਿਕ ਸੰਵੇਦਨਾ ਵਿਚ ਰੂਪਾਂਤਰਿਤ

ਹੋਣ ਦੇ ਸਫ਼ਰ ਦੀ ਪੇਸ਼ਕਾਰੀ ਕਰਦੇ ਹਨ।

ਚੌਥਾ ; 'ਵਹਿਣ' ਅਤੇ 'ਜੜ੍ਹ' ਦੋਵੇਂ ਨਾਵਲ ਪੰਜਾਬੀ ਡਾਇਸਪੋਰਿਕ ਸੰਵੇਦਨਾ ਅਤੇ ਪਹਿਚਾਣ ਦੀ ਨਿਰਮਾਣਕਾਰੀ ਨਾਲ ਸੰਜੋਏ ਹੋਏ ਬਿਰਤਾਂਤ ਦੀ ਰਚਨਾ ਕਰਦੇ ਹਨ।

ਇਸ ਲਿਹਾਜ਼ ਨਾਲ ਦਰਸ਼ਨ ਸਿੰਘ ਧੀਰ ਦੀ ਨਾਵਲਕਾਰੀ ਬਾਰੇ ਦੋ ਗੱਲਾਂ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀਆਂ ਹਨ; ਪਹਿਲੀ, ਉਸਦੇ ਪਹਿਲੇ ਗਿਆਰਾਂ ਨਾਵਲ ਪਰਵਾਸੀ ਸੰਵੇਦਨਾ ਦੇ ਭਿੰਨ ਭਿੰਨ ਪੜ੍ਹਾਂਵਾਂ ਦੀ ਪੇਸ਼ਕਾਰੀ ਕਰਨ ਵਾਲੇ ਬਿਰਤਾਂਤਾਂ ਦੀ ਸਿਰਜਣਾ ਕਰਦੇ ਹਨ। ਹਾਲਾਂਕਿ ਇਨ੍ਹਾਂ ਨਾਵਲਾਂ ਦੇ ਬਿਰਤਾਂਤਕ ਪਾਸਾਰ-ਮੰਡਲ ਵਿਚ ਅੰਤਰੀਵੀ ਗਤੀ ਅਤੇ ਵੰਨ-ਸਵੰਨਤਾ ਮੌਜੂਦ ਹੈ, ਪਰ ਇਨ੍ਹਾਂ ਦੀ ਬਿਰਤਾਂਤਕਾਰੀ ਵਿਚ ਕੋਈ ਖਾਸ ਰਚਨਾ-ਸ਼ਾਸਤਰੀ ਅਤੇ ਸ਼ਿਲਪ-ਸ਼ਾਸਤਰੀ ਪਰਿਵਰਤਨ ਦਿਖਾਈ ਨਹੀਂ ਦਿੰਦਾ। ਇਸਦੇ ਉਲਟ ਉਸਦੇ ਦੋ ਨਾਵਲ; 'ਵਹਿਨ' ਤੇ 'ਜੜ੍ਹ' ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਨਵੇਂ ਰਚਨਾ-ਸ਼ਾਸਤਰੀ ਅਤੇ ਸ਼ਿਲਪ-ਸ਼ਾਸਤਰੀ ਪਰਿਵਰਤਨਾਂ ਨੂੰ ਸਾਹਮਣੇ ਲਿਆਉਣ ਵਿਚ ਕਾਮਯਾਬ ਹੁੰਦੇ ਹਨ। ਦੂਸਰੇ ਸ਼ਬਦਾਂ ਵਿਚ ਦਰਸ਼ਨ ਸਿੰਘ ਧੀਰ ਦੇ ਪਹਿਲੇ ਨਾਵਲ ਮੁੱਖ ਰੂਪ ਵਿਚ ਪਰਵਾਸੀ ਸੰਵੇਦਨਾ ਦੇ ਭਿੰਨ ਭਿੰਨ ਦ੍ਰਿਸ਼ਾਂ ਤੇ ਪਾਸਾਰਾਂ ਦੀ ਪੇਸ਼ਕਾਰੀ ਕਰਦੇ ਹਨ ਜਦਕਿ ਪਿਛਲੇ ਦੋ ਨਾਵਲ ਪੰਜਾਬੀ ਡਾਇਸਪੋਰਿਕ ਸੰਵੇਦਨਾ ਦੀ ਤਰਜ਼ਮਾਨੀ ਕਰਨ ਵਾਲੇ ਬਿਰਤਾਂਤ ਦੀ ਰਚਨਾਕਾਰੀ ਦੇ ਨਾਲ ਆਪਣਾ ਰਿਸ਼ਤਾ ਜੋੜਦੇ ਹੋਏ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਡਾਇਸਪੋਰਿਕ ਦ੍ਰਿਸ਼ਾਂ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕਰਦੇ ਹਨ।

(2)

ਡਾਇਸਪੋਰਿਕ ਸੰਵੇਦਨਾ ਨਾਲ ਸਰਸ਼ਾਰ ਨਾਵਲੀ ਬਿਰਤਾਂਤ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਥੇ ਬਿਰਤਾਂਤਕਾਰੀ ਦਾ ਪ੍ਰਯੋਜਨ ਮਨੁੱਖੀ ਪਹਿਚਾਣ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਉਸਦੀ ਰਚਨਾਕਾਰੀ ਦੇ ਨਾਲ ਵੀ ਜੁੜਿਆ ਹੁੰਦਾ ਹੈ। ਇਸ ਕਰਕੇ ਡਾਇਸਪੋਰਿਕ ਬਿਰਤਾਂਤ ਵਿਚ ਬਿਰਤਾਂਤਕਾਰ ਅਤੇ ਪਾਤਰ ਵਿਸ਼ੇਸ਼ ਮਸਲੇ, ਘਟਨਾਵਾਂ ਅਤੇ ਸੰਦਰਭਾਂ ਨੂੰ ਨਾ ਕੇਵਲ ਪੇਸ਼ ਹੀ ਕਰਦੇ ਹਨ, ਸਗੋਂ ਉਹਨਾਂ ਨੂੰ ਆਪਣੀ ਪਹਿਚਾਣ ਨੂੰ ਸਥਾਪਤ ਕਰਨ ਦੇ ਸੰਦਰਭ ਵਿਚ ਨਵੇਂ ਸਿਰੇ ਤੋਂ ਰਚ ਵੀ ਰਹੇ ਹੁੰਦੇ ਹਨ। ਇਸ ਪ੍ਰਕਿਰਿਆ ਵਿਚ ਉਹ ਆਪਣੇ ਵਰਤਮਾਨ ਨੂੰ ਰੂਪਮਾਨ ਕਰਨ ਲਈ ਸਭਿਆਚਾਰਕ ਸਿਮਰਤੀਆਂ ਦੀ ਵੀ ਪੁਨਰ-ਰਚਨਾ ਕਰਦੇ ਹਨ ਅਤੇ ਉਨ੍ਹਾਂ ਨੂੰ ਵਰਤਮਾਨ ਦੇ ਸੰਦਰਭ ਵਿਚ ਨਵੇਂ ਸਿਰੇ ਤੋਂ ਵਿਉਂਤਦੇ ਵੀ ਹਨ। ਇਹ ਹੀ ਵਜ੍ਹਾ ਹੈ ਕਿ ਇਨ੍ਹਾਂ ਬਿਰਤਾਂਤਾਂ ਵਿਚ ਮਨੁੱਖ, ਸਮਾਜ, ਇਤਿਹਾਸ ਅਤੇ ਸਭਿਆਚਾਰਕ ਪਹਿਚਾਣ ਨਵੇਂ ਸਿਰੇ ਤੋਂ ਰੂਪਗਤ ਹੁੰਦੇ ਵਿਖਾਈ ਦਿੰਦੇ ਹਨ। ਸਿੱਟੇ ਵਜੋਂ ਇਥੇ ਇਤਿਹਾਸ, ਬਿਰਤਾਂਤ ਅਤੇ ਸਭਿਆਚਾਰਿਕ ਸਿਮਰਤੀਆਂ ਨਵੇਂ ਸਿਰੇ ਤੋਂ ਰਚਨਾਕਾਰੀ ਦੇ ਸਿਲਸਿਲੇ ਵਿਚ ਬੱਝਦੀਆਂ ਹਨ। ਬੈਨਡਿਕਟ ਐਂਡਰਸਨ ਦੇ ਸ਼ਬਦਾਂ ਵਿਚ ਇਹ 'ਤਸੱਵਰੀ ਜਨ-ਸਮੂਹ' ਆਪਣੇ ਸਵੈ ਦੀ ਪਹਿਚਾਨ ਦੇ ਨਵੇਂ ਸੰਦਰਭ ਨੂੰ ਰੂਪਗਤ ਕਰਕੇ ਆਪਣੇ ਨਿਵੇਕਲੇ ਅਸਤਿਤਵੀ ਸਰੋਕਾਰਾਂ ਅਤੇ ਸਭਿਆਚਾਰਕ ਸੰਦਰਭਾਂ ਦੀ ਨਿਸ਼ਾਨਦੇਹੀ ਕਰਦੇ ਦੇਖੇ ਜਾ ਸਕਦੇ ਹਨ।

(3)

'ਜੜ੍ਹ' ਨਾਵਲ ਇਸ ਦ੍ਰਿਸ਼ਟੀ ਤੋਂ ਮਹੱਤਵਪੂਰਨ ਨਾਵਲੀ ਪਾਠ ਹੈ। ਇਹ ਪੰਜਾਬੀ ਸਵੈ ਦੇ ਵਿਸਥਾਪਨ ਅਤੇ ਪਰਵਾਸ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਨ ਦੇ ਰਾਹੇ ਵੀ ਪੈਂਦਾ ਹੈ ਅਤੇ ਪੰਜਾਬੀ ਡਾਇਸਪੋਰਾ ਦੀਆਂ ਪਹਿਚਾਣ-ਮੂਲਕ ਇਕਾਈਆਂ ਨੂੰ ਸਿਰਜਣ ਦੇ ਵੀ। ਇਸ ਬਿਰਤਾਂਤ



ਦੀ ਕੇਂਦਰੀ ਸਮੱਸਿਆ ਇਹ ਹੈ ਕਿ ਲੰਮੇ ਇਤਿਹਾਸ ਵਾਲੀਆਂ ਸਭਿਆਤਾਵਾਂ ਨਾਲ ਜੁੜੇ ਹੋਏ ਲੋਕ ਆਪਣੇ ਡਾਇਸਪੋਰਿਕ ਅਨੁਭਵਾਂ ਵਿਚ ਵੀ ਆਪਣੀ ਲੰਮੀ ਇਤਿਹਾਸਕ ਪਰੰਪਰਾ ਨੂੰ ਲੈ ਕੇ ਸ਼ਾਮਲ ਹੁੰਦੇ ਹਨ। ਇਸ ਕਰਕੇ, ਉਨ੍ਹਾਂ ਦੀ ਪਹਿਚਾਣ ਦਾ ਆਧਾਰ ਸਿਰਫ਼ ਇਕ ਖ਼ਾਸ ਕਾਲ-ਖੰਡ ਤਕ ਫੈਲੀਆਂ ਸਭਿਆਚਾਰਕ ਸਿਮਰਤੀਆਂ ਨਹੀਂ ਬਣਦੀਆਂ। ਇਸਦੇ ਉਲਟ ਉਹਨਾਂ ਦੀ ਪਹਿਚਾਣ ਦਾ ਅੰਗ ਉਨ੍ਹਾਂ ਸਾਰੇ ਕਾਲਾਂ ਤਕ ਫੈਲੀਆਂ ਸਿਮਰਤੀਆਂ ਬਣਦੀਆਂ ਹਨ, ਜੋ ਉਨ੍ਹਾਂ ਦੇ ਸੰਪੂਰਨ ਸਭਿਆਚਾਰਕ ਇਤਿਹਾਸ ਦਾ ਹਿੱਸਾ ਹੁੰਦੀਆਂ ਹਨ। ਸਿੱਟੇ ਵਜੋਂ, ਉਹਨਾਂ ਦੀ ਡਾਇਸਪੋਰਕ ਪਹਿਚਾਣ ਵਿਚ ਮੂਲਵਾਸ ਜਾਂ ਵਾਸਭੂਮੀ ਵਿਚ ਵਸਦੇ ਭਿੰਨ ਭਿੰਨ ਸਮਾਜਕ ਸਮੂਹਾਂ ਦੀਆਂ ਸਭਿਆਚਰਕ ਵਿਸਥਾਪਣ ਦੀਆਂ ਪਰੰਪਰਾਵਾਂ ਵੀ ਸ਼ਾਮਲ ਹੋ ਜਾਂਦੀਆਂ ਹਨ। ਜ਼ਾਹਿਰ ਹੈ ਕਿ ਉਹਨਾਂ ਦੀ ਪਹਿਚਾਣ ਦਾ ਸਮਕਾਲੀ ਸੰਦਰਭ, ਜਿਵੇਂ ਧਰਮ, ਪਰਿਵਾਰਕ ਪਿਛੋਕੜ ਅਤੇ ਸਮਾਜਕ ਵਖਰੇਵੇਂ ਆਦਿ ਉਨ੍ਹਾਂ ਦੀਆਂ ਸਭਿਆਚਾਰਕ ਸਿਮਰਤੀਆਂ ਦੀ ਸਾਂਝ ਦੇ ਹਵਾਲੇ ਨਾਲ ਪਿੱਠਭੂਮੀ ਉੱਤੇ ਚਲੇ ਜਾਂਦੇ ਹਨ। ਇਸਦਾ ਸਿੱਟਾ ਇਹ ਨਿਕਲਦਾ ਹੈ ਕਿ ਉਹ ਆਪਣੇ ਸਮਕਾਲੀਨ ਵਿਰੋਧਾਂ ਨੂੰ ਖਤਮ ਕਰਕੇ ਆਪਣੀ ਸਾਂਝੀ ਪਹਿਚਾਣ ਨੂੰ ਰੂਪਗਤ ਕਰਨ ਦੇ ਯੋਗ ਹੋ ਜਾਂਦੇ ਹਨ। ਇਥੇ ਹੀ ਬਸ ਨਹੀਂ ਇਹ ਲੋਕ ਆਪਣੇ ਸਮਕਾਲ ਨੂੰ ਵੀ ਇਤਿਹਾਸ ਦੇ ਪਰਿਪੇਖ ਵਿਚ ਸਮਝਣ ਲਈ ਚੇਤੰਨ ਹੋ ਜਾਂਦੇ ਹਨ;

*ਗਜਰਾਜ ਨੂੰ ਇਸ ਗੱਲ ਦੀ ਪ੍ਰੇਰਨਾ ਘਰੋਂ ਮਿਲੀ ਸੀ ਕਿ ਬੰਦੇ ਨੂੰ (ਆਪਣੇ) ਇਤਿਹਾਸ ਦਾ ਗਿਆਨ ਹੋਣਾ ਜ਼ਰੂਰੀ ਹੈ। ਇਤਿਹਾਸ ਦੀ ਜਾਣਕਾਰੀ ਤੋਂ ਬਿਨਾਂ ਉਹ ਸੁਜਾਖਾ ਨਹੀਂ ਹੋ ਸਕਦਾ। ਇਤਿਹਾਸ ਦੀ ਜਾਣਕਾਰੀ ਜਿਥੇ ਦੁਨੀਆਂ ਨੂੰ ਦੇਖਣ ਲਈ ਤੀਜਾ ਨੇਤਰ ਦਿੰਦੀ ਹੈ, ਉਥੇ ਉਹਨੂੰ ਇਸ ਗੱਲ ਦਾ ਅਹਿਸਾਸ ਵੀ ਕਰਾਉਂਦੀ ਹੈ ਕਿ ਬੰਦੇ ਲਈ ਆਪਣੀਆਂ ਜੜ੍ਹਾਂ ਜਾਣਨੀਆਂ ਬੜੀਆਂ ਜ਼ਰੂਰੀ ਹੁੰਦੀਆਂ ਹਨ। 1*

'ਜੜ੍ਹ' ਨਾਵਲ ਦੀ ਬਿਰਤਾਂਤਕਾਰੀ ਦਾ ਕੇਂਦਰੀ ਮਸਲਾ ਇਹ ਇਤਿਹਾਸਕ ਚੇਤਨਾ ਹੀ ਹੈ। ਇਸ ਸੰਦਰਭ ਵਿਚ ਇਸਦੀ ਨਾਵਲੀ ਕਥਾ-ਸੰਦਰਭ ਤਿੰਨ ਦਿਸ਼ਾਵਾਂ ਵਲ ਅਗਰਸਾਰ ਹੁੰਦੀ ਹੈ; ਪਹਿਲਾ, ਪਰਵਾਸੀ ਪੰਜਾਬੀ ਬੰਦਾ ਪਰਵਾਸ ਦੀਆਂ ਸੀਮਾਵਾਂ ਅਤੇ ਦਾਇਰਿਆਂ ਨੂੰ ਪਾਰ ਕਰਕੇ ਡਾਇਸਪੋਰਾ ਦੇ ਖੇਤਰ ਵਿਚ ਪਰਵੇਸ਼ ਕਰ ਚੁੱਕਾ ਹੈ। ਹੁਣ ਇਸਦਾ ਮੂਲਵਾਸ ਨਾਲ ਰਿਸ਼ਤਾ ਵਧੇਰੇ ਕਰਕੇ ਸਿਮਰਤੀਆਂ ਵਾਲਾ ਬਣ ਰਿਹਾ ਹੈ, ਸਹਿਵਾਸ ਵਾਲਾ ਨਹੀਂ। ਦੂਜਾ, ਪੰਜਾਬੀ ਭਾਈਚਾਰੇ ਦਾ ਲੰਮਾ ਸਭਿਆਚਾਰਕ ਇਤਿਹਾਸ ਇਸਦੀ ਸਮੂਹਿਕ ਸਿਮਰਤੀ ਨੂੰ ਇਸ ਢੰਗ ਨਾਲ ਰੂਪਗਤ ਕਰਦਾ ਹੈ ਕਿ ਇਸ ਵਿਚ ਪਰਵਾਸ ਅਤੇ ਵਿਸਥਾਪਨ ਦੇ ਇਕ ਤੋਂ ਵਧੇਰੇ ਸਮਿਆਂ ਵਿਚ ਇਕ ਤੋਂ ਵਧੇਰੇ ਮੌਕੇ ਆਉਂਦੇ ਰਹਿੰਦੇ ਹਨ। ਤੀਜਾ, ਉਸਦੀਆਂ ਜੜ੍ਹਾਂ ਸਿਰਫ ਸਮਕਾਲੀ ਪੰਜਾਬ ਤਕ ਹੀ ਨਹੀਂ ਫੈਲੀਆਂ ਹੋਈਆਂ ਸਗੋਂ ਉਸ ਤੋਂ ਪਹਿਲਾਂ ਦੇ ਭਿੰਨ ਭਿੰਨ ਕਾਲਾਂ ਅਤੇ ਖੇਤਰਾਂ ਨਾਲ ਸਬੰਧਤ ਵਿਸਥਾਪਨ ਦੀ ਪਰੰਪਰਾ ਤਕ ਵੀ ਪਸਰੀਆਂ ਹੋਈਆਂ ਹਨ। ਇਸ ਕਰਕੇ ਉਸਦਾ ਵਰਤਮਾਨ ਸੰਦਰਭ ਜਿਥੇ ਵਾਸ-ਭੂਮੀ ਅਤੇ ਮਾਤ-ਭੂਮੀ ਦੇ ਰੂਪ ਵਿਚ ਇੰਗਲੈਂਡ ਅਤੇ ਭਾਰਤੀ ਪੰਜਾਬ ਨਾਲ ਜੁੜਿਆ ਹੋਇਆ ਹੈ, ਉਸਦੀਆਂ ਜੜ੍ਹਾਂ ਦੱਖਣੀ ਏਸ਼ੀਆ ਦੇ ਹੋਰ ਖਿੱਤਿਆਂ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਪ੍ਰਸੰਗ ਹੀ ਉਹਨਾਂ ਦੀ ਸਮਕਾਲੀ ਪਹਿਚਾਣ ਦੀ ਨਿਰਮਾਣਕਾਰੀ ਦਾ ਆਧਾਰ ਬਣਨ ਦੀ ਸੰਭਾਵਨਾ ਰਖਦਾ ਹੈ। ਉਦਾਹਰਨ ਦੇ ਤੌਰ ਉੱਤੇ ਨਾਵਲ ਦਾ ਮੂਲ ਪ੍ਰਸ਼ਨ ਇਹ ਬਣ ਰਿਹਾ ਹੈ;

*"ਡੈਡ, ਤੁਸੀਂ ਇੰਗਲੈਂਡ ਆਉਣ ਦੀ ਆਪਣੀ ਕਹਾਣੀ ਤਾਂ ਸੁਣਾ ਚੁੱਕੇ ਹੋ। ਕੀ ਤੁਸੀਂ ਆਪਣੇ ਪੁਰਖਿਆਂ ਦੀ ਕਹਾਣੀ ਵੀ ਸੁਣਾ ਸਕਦੇ ਹੋ? ਕੀ ਉਹ ਵੀ ਪੰਜਾਬ, ਇੰਡੀਆ 'ਚ ਹੀ ਜੰਮੇ, ਪਲੇ ਤੇ ਪਰਵਾਨ ਚੜ੍ਹੇ ਜਾਂ ਕਿਸੇ ਬਾਹਰਲੇ ਦੇਸ਼ ਤੋਂ ਆਏ ਸਨ।"*

.............

*"ਠੀਕ ਆ," ਉਸ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਤੇ ਆਪਣੀਆਂ ਜੜ੍ਹਾਂ ਦੀ ਕਹਾਣੀ ਸੁਣਾਉਣ ਲਗ ਪਿਆ; 2*

(4)

ਨਾਵਲ 'ਜੜ੍ਹ' ਦੇ ਕਥਾ ਸੰਦਰਭ ਦੇ ਚਾਰ ਦਾਇਰੇ ਮਿੱਥੇ ਜਾ ਸਕਦੇ ਹਨ; ਪਹਿਲਾ, ਦਾਇਰਾ 'ਗੈਂਗ ਆਫ਼ ਫੋਰ' ਭਾਵ ਗਜਰਾਜ (ਜੌਹਲ), ਰਕੇਸ਼ ਸੰਧੂ, ਅਸਗਰ ਭੱਟੀ ਅਤੇ ਸਟੂਅਰਡ ਡਿਲਨ ਦੀ ਦੋਸਤੀ ਦਾ ਹੈ। ਇਹ ਚਾਰੇ ਬੈਸਟਵੁੱਡ ਸ਼ਹਿਰ ਦੀ ਬਲੈਕਬਰਨ ਬਸਤੀ ਦੇ ਹਾਇਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਹੋਣ ਦੇ ਨਾਲ ਨਾਲ ਉਥੋਂ ਦੀ ਫੁੱਟਬਾਲ ਟੀਮ ਦੇ ਉੱਤਮ ਖਿਡਾਰੀ ਹਨ। ਦੂਜਾ ਦਾਇਰਾ, ਇਨ੍ਹਾਂ ਚਾਰੇ ਦੋਸਤਾਂ ਦੇ ਪਰਿਵਾਰਿਕ ਪਿਛੋਕੜ ਦਾ ਹੈ, ਜੋ ਵੱਖ ਵੱਖ ਧਰਮਾਂ, ਪਿਛੋਕੜਾਂ ਅਤੇ ਸਮਾਜਕ ਰੁਤਬਿਆਂ ਅਨੁਸਾਰ ਭਿੰਨ ਭਿੰਨ ਹੈ। ਤੀਜਾ ਦਾਇਰਾ, ਉਨ੍ਹਾਂ ਦੀ ਸਾਂਝੀ ਜੜ੍ਹ ਦੀ ਖਿੱਚ ਦਾ ਹੈ, ਜੋ ਅਫ਼ਗਾਨਿਸਤਾਨ ਦੀ ਲਗਭਗ ਚਾਰ ਹਜ਼ਾਰ ਸਾਲ ਪੁਰਾਣੀ ਤਹਿਜ਼ੀਬ ਤੋਂ ਲੈ ਕੇ ਵਰਤਮਾਨ ਦੌਰ ਦੀ ਤਾਲਿਬਾਨੀ ਦਹਿਸ਼ਤਗਰਦੀ ਅਤੇ ਕਤਲੋਗਾਰਤ ਦੇ ਦ੍ਰਿਸ਼ਾਂ ਤਕ ਫੈਲਿਆ ਹੋਇਆ ਹੈ। ਚੌਥਾ ਦਾਇਰਾ ਅਜੋਕੇ ਬਹੁ-ਸਭਿਆਚਾਰਕ, ਬਹੁ-ਨਸਲੀ ਅਤੇ ਬਹੁ-ਪਹਿਚਾਣੀ ਬਰਤਾਨਵੀ ਸਮਾਜ ਦਾ ਹੈ, ਜਿਸਦਾ ਮਾਨਵਵਾਦੀ ਸਰੋਕਾਰਾਂ ਸੰਦਰਭਾਂ ਨਾਲ ਰਿਸ਼ਤਾ ਸਿਰਫ਼ ਬਰਤਾਨਵੀ ਰਾਜਨੀਤਕ ਭੂਗੋਲ ਤਕ ਹੀ ਸੀਮਤ ਨਹੀਂ, ਸਗੋਂ ਜਿਸ ਵਿਚ ਬਰਤਾਨਵੀ ਸਰੋਕਾਰਾਂ ਦੇ ਨਾਲ ਨਾਲ ਉਥੋਂ ਦੇ ਪਰਵਾਸੀ ਬਾਸ਼ਿੰਦਿਆਂ ਦੀਆਂ ਜੜ੍ਹਾਂ ਦਾ ਪ੍ਰਸੰਗ ਵੀ ਸ਼ਾਮਲ ਹੈ। ਇਸ ਕਰਕੇ ਨਾਵਲ ਦਾ ਇਹ ਕਥਾਗਤ ਦਾਇਰਾ ਪੰਜਾਬੀ ਨਾਵਲ ਦੀ ਬਿਰਤਾਂਤਕਾਰੀ ਵਿਚ ਇਹ ਪ੍ਰਸੰਗ ਵੀ ਸ਼ਾਮਲ ਕਰਦਾ ਹੈ ਕਿ ਸਮਕਾਲੀ ਬਰਤਾਨਵੀ ਡਾਇਸਪੋਰਿਕ ਪਹਿਚਾਣ ਇਕੋ ਸਮੇਂ ਵਾਸਭੂਮੀ, ਮਾਤ-ਭੂਮੀ ਅਤੇ ਜੜ੍ਹਾਂ ਦੇ ਸੰਯੋਗ ਨਾਲ ਸੰਭਵ ਹੁੰਦੀ ਹੈ। ਸਿੱਟੇ ਵਜੋਂ, ਇਸ ਵਿਚ ਹੁਣ ਬਰਤਾਨਵੀ ਰਾਜਨੀਤਕ ਭੂਗੋਲ ਦੇ ਨਾਲ ਨਾਲ ਵਿਸ਼ੇਸ਼ ਲੋਕਾਂ ਦੀਆਂ ਸਭਿਆਚਾਰਕ ਜੜ੍ਹਾਂ ਦੇ ਹਵਾਲੇ ਨਾਲ ਪੈਦਾ ਹੋਣ ਵਾਲੇ ਭਾਵਾਤਮਕ ਅਤੇ ਪਹਿਚਾਣ-ਮੂਲਕ ਸਰੋਕਾਰ ਵੀ ਸ਼ਾਮਲ ਹੋ ਰਹੇ ਹਨ।

ਇਸ ਤਰ੍ਹਾਂ 'ਜੜ੍ਹ' ਨਾਵਲ ਦੇ ਬਿਰਤਾਂਤ ਦੀ ਪ੍ਰਮੁੱਖ ਵਿਲੱਖਣਤਾ ਕਾਲ ਦੇ ਲਕੀਰੀ ਸਰੂਪ ਨੂੰ ਪੇਸ਼ ਕਰਨ ਦੀ ਥਾਂ ਉਸਦਾ ਚੱਕਰੀ ਪ੍ਰਸੰਗ ਪੇਸ਼ ਕਰਨਾ ਹੈ। ਸਿੱਟੇ ਵਜੋਂ, ਨਾਵਲੀ ਪਾਠ ਦੇ ਬਿਰਤਾਂਤਕ ਵਿਸਤਾਰ ਵਿਚ ਕਥਾ ਦੀ ਮੁੱਖ ਜੁਗਤ ਹਕੀਕੀ ਕਾਲ ਅਤੇ ਬਿਰਤਾਂਤਿਕ ਕਾਲ ਨੂੰ ਇਕ ਖੇਡ ਦੇ ਵਾਂਗ ਸਜਾਉਣਾ ਹੈ। ਇਸ ਖੇਡ ਦੀ ਬਦੌਲਤ ਹੀ ਬਿਰਤਾਂਤ ਵਿਚ ਪੇਸ਼ ਵਾਸਤਵਿਕ ਕਾਲ ਦੇ ਹਜ਼ਾਰਾਂ ਵਰ੍ਹਿਆਂ ਦਾ ਵਕਫ਼ਾ ਬਿਰਤਾਂਤਕ ਕਾਲ ਦੀ ਏਕਤਾ ਵਿਚ ਵਾਰ ਵਾਰ ਬੱਝਕੇ ਪੇਸ਼ ਹੁੰਦਾ ਹੈ। ਹਾਲਾਂਕਿ ਇਹ ਵਿਧੀ ਭਾਰਤੀ ਬਿਰਤਾਂਤ ਪਰੰਪਰਾ ਦੀ ਮੁੱਖ ਜੁਗਤ ਹੈ ਅਤੇ ਮਹਾਂਭਾਰਤ ਜਾਂ ਰਾਮਾਇਣ ਵਰਗੇ ਮਹਾਂਕਾਵਾਂ ਵਿਚ ਵਾਰ ਵਾਰ ਵਰਤੀ ਜਾਂਦੀ ਰਹੀ ਹੈ। ਪਰ ਨਾਵਲ ਦੇ ਰੂਪਾਕਾਰ ਵਿਚ ਇਹ ਜੁਗਤ ਪਹਿਲੀ ਵਾਰ ਅਤੇ ਵਿਲੱਖਣ ਅੰਦਾਜ਼ ਵਿਚ ਵਰਤੀ ਗਈ ਹੈ।



ਨਤੀਜੇ ਵਜੋਂ, ਇਸ ਤਕਨੀਕ ਨਾਲ ਨਾਵਲ ਦੀ ਮੁੱਖ ਕਥਾ ਨੂੰ ਨਾ ਕੇਵਲ ਗਹਿਰਾਈ ਅਤੇ ਵਿਆਪਕਤਾ ਹੀ ਮਿਲੀ ਹੈ, ਸਗੋਂ ਨਾਵਲੀ ਬਿਰਤਾਂਤ ਵਿਚ ਮੁੱਖ ਕਥਾ ਅਤੇ ਸਹਿਯੋਗੀ ਕਥਾਵਾਂ ਵਿਚ ਸੰਯੋਗ ਸਿਰਜਣ ਦੀ ਸੰਭਾਵਨਾ ਉਤਪੰਨ ਹੋਈ ਹੈ। ਇਸੇ ਕਰਕੇ 'ਜੜ੍ਹ' ਨਾਵਲ ਦੇ ਨਾਵਲੀ ਬਿਰਤਾਂਤ ਵਿਚ ਭਿੰਨ ਭਿੰਨ ਖਿੱਤਿਆਂ ਅਤੇ ਕਾਲਾਂ ਨਾਲ ਸਬੰਧਤ ਕਥਾਵਾਂ ਖਿਲਰੀਆਂ ਪਈਆਂ ਦਿਸਣ ਦੀ ਥਾਂ ਇਕ ਦੂਜੇ ਵਿਚ ਰਚੀਆਂ-ਮਿਚੀਆਂ ਪ੍ਰਤੀਤ ਹੁੰਦੀਆਂ ਹਨ। ਉਦਾਹਰਨ ਦੇ ਤੌਰ 'ਤੇ ਨਾਵਲ ਦੀ ਮੁੱਖ ਕਥਾ ਗੈਂਗ ਆਫ਼ ਫੋਰ ਦੀ ਕਥਾ ਹੈ, ਜੋ ਸਮਕਾਲੀ ਬਰਤਾਨਵੀ ਸਮਾਜ ਦੇ ਯਥਾਰਥ ਨੂੰ ਪੇਸ਼ ਕਰਨ ਦੇ ਉਦੇਸ਼ ਨਾਲ ਵਿਉਂਤੀ ਗਈ ਹੈ। ਇਸ ਕਥਾ ਵਿਚ ਪਹਿਲੇ ਪੱਧਰ 'ਤੇ ਗਜਰਾਜ ਅਤੇ ਅਸਗਰ ਭੱਟੀ ਦੇ ਪਰਿਵਾਰਾਂ ਦੇ ਪਰਵਾਸ ਦੀ ਕਥਾ ਵੀ ਸ਼ਾਮਲ ਹੋ ਜਾਂਦੀ ਹੈ ਅਤੇ ਰਕੇਸ਼ ਸੰਧੂ ਤੇ ਸਟੂਅਰਡ ਡਿਲਨ ਦੀ ਦੋਸਤੀ ਅਤੇ ਭਾਵਨਾਤਮਕ ਏਕਤਾ ਦੀ ਵੀ। ਇਸ ਮੁੱਖ ਕਥਾ ਵਿਚੋਂ ਹੀ ਅਗਲੇਰੇ ਪੱਧਰ 'ਤੇ ਜਾ ਕੇ ਸਭਿਆਚਾਰਕ ਸਿਮਰਤੀਆਂ ਦੇ ਰੂਪ ਵਿਚ ਜੌਹਲ, ਸੰਧੂ, ਭੱਟੀ, ਡਿਲਨ, ਸਿੱਧੂ, ਅਟਵਾਲ ਅਤੇ ਗਿੱਲ ਆਦਿ ਜੱਟ ਕਬੀਲਿਆਂ ਦੇ ਪ੍ਰਚੀਨ ਅਫ਼ਗਾਨਿਸਤਾਨ ਵਿਚ ਗਣਰਾਜ ਕਾਇਮ ਕਰਨ ਦੀ ਕਥਾ ਜਨਮ ਲੈਂਦੀ ਹੈ। ਇਸ ਕਥਾ ਦਾ ਅਗਲੇਰਾ ਭਾਗ ਇਨ੍ਹਾਂ ਕਬੀਲਿਆਂ ਦੇ ਗਣਰਾਜ ਦਾ ਪਤਨ ਹੋਣਾ, ਉਥੇ ਮੁਸਲਮਾਨ ਸ਼ਾਸਕਾਂ ਨੇ ਰਾਜ ਕਾਇਮ ਕਰਨਾ ਅਤੇ ਇਨ੍ਹਾਂ ਦਾ ਗਜ਼ਨੀ ਤੋਂ ਵਿਸਥਾਪਿਤ ਹੋ ਕੇ ਪੰਜਾਬ ਵਿਚ ਸਥਾਪਿਤ ਹੋਣ ਨਾਲ ਸਬੰਧਤ ਹੈ। ਅੰਤ ਵਿਚ ਇਹੀ ਕਥਾ ਸਾਨੂੰ ਫਿਰ ਤੋਂ ਅਜੋਕੇ ਬਰਤਾਨੀਆ ਅਤੇ ਅਫ਼ਗਾਨਿਸਤਾਨ ਤਕ ਲੈ ਜਾਂਦੀ ਹੈ, ਜਿਥੇ 'ਗੈਂਗ ਆਫ ਫੋਰ' ਬਰਤਾਨਵੀ ਫੌਜ ਵਿਚ ਭਰਤੀ ਹੋ ਕੇ ਆਪਣੀਆਂ ਜੜ੍ਹਾਂ ਵਾਲੀ ਧਰਤੀ ਨੂੰ ਤਾਲਿਬਾਨਾਂ ਦੀ ਦਹਿਸ਼ਤਗਰਦੀ ਅਤੇ ਤਸ਼ੱਦਦਪ੍ਰਸਤੀ ਤੋਂ ਮੁਕਤ ਕਰਾਉਣ ਲਈ ਸੰਕਲਪਬੰਧ ਅਤੇ ਯਤਨਸ਼ੀਲ ਹੁੰਦੇ ਹਨ:

*"ਫੇਰ ਉਸ ਸਹੁੰ ਦਾ ਕੀ ਹੋਵੇਗਾ ਜਿਹੜੀ ਆਪਾਂ ਚਹੁੰਆਂ ਨੇ ਇਕ ਦੂਜੇ ਦਾ ਹੱਥ ਫੜ ਕੇ ਖਾਧੀ ਸੀ।"*

..................

*"ਜਿਸ ਵਿਚ ਆਪਾਂ ਚਹੁੰਆਂ ਨੇ ਇਕ ਦੂਜੇ ਦਾ ਹੱਥ ਫੜ ਕੇ ਸਹੁੰ ਖਾਧੀ ਸੀ ਕਿ ਚਾਰੇ ਇਕੋ ਪਲਟਨ ਵਿਚ ਭਰਤੀ ਹੋਵਾਂਗੇ, ਇਕੱਠੇ ਰਹਾਂਗੇ, ਤੇ ਇਕੱਠੇ ਹੀ ਕਿਸੇ ਦਿਨ ਆਪਣੀ ਪਲਟਨ ਨਾਲ ਅਫ਼ਗਾਨਿਸਤਾਨ ਨੂੰ ਜਾਵਾਂਗੇ...*

*ਤੇ ਉਥੇ ਗਜ਼ਨੀ, ਚੰਦਨਮਣੀ, ਅਮੀਰਗੜ੍ਹ ਤੇ ਆਪਣੇ ਪੁਰਖਿਆਂ ਦੇ ਹੋਰ ਸ਼ਹਿਰਾਂ ਨੂੰ ਦੇਖਾਂਗੇ, ਤਾਂ ਕਿ ਪਤਾ ਲਗ ਸਕੇ ਕਿ ਉਸ ਜ਼ਮਾਨੇ 'ਚ ਸਾਡੇ ਪੁਰਖੇ ਕਿਹੋ ਜਿਹੀ ਜ਼ਿੰਦਗੀ ਗੁਜ਼ਾਰਦੇ ਸੀ।3*

ਨਾਵਲ ਵਿਚ ਵਰਤਮਾਨ ਨੂੰ ਭੂਤ ਵੱਲ ਲੈ ਕੇ ਜਾਣ ਅਤੇ ਫਿਰ ਤੋਂ ਭੂਤ ਨੂੰ ਵਰਤਮਾਨ ਵਿਚ ਸ਼ਾਮਲ ਕਰਨ ਲਈ ਇਕ ਤੋਂ ਵਧੇਰੇ ਕਥਾਵਾਂ ਉਂਦ ਧਾਰਨ ਕਰਦੀਆਂ ਹਨ। ਇਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਕਥਾ ਪ੍ਰੋਫ਼ੈਸਰ ਕਰਤਾਰ ਸਿੰਘ ਦੀ ਆਪਣੇ ਬੱਚਿਆਂ ਨੂੰ ਅਫ਼ਗਾਨਿਸਤਾਨ ਵਿਚ ਦਹਿਸ਼ਤਗਰਦੀ ਦੇ ਫੈਲਣ ਵਿਚ ਆਧਾਰ ਭੂਮੀ ਬਣੀ, ਅੰਤਰ-ਰਾਸ਼ਟਰੀ ਸਿਆਸਤ ਦੀ ਕਥਾ ਹੈ। ਇਸ ਕਥਾ ਦਾ ਇਕ ਸਿਰਾ ਸੋਵੀਅਤ ਯੂਨੀਅਨ ਅਤੇ ਅਮਰੀਕਾ ਦੀ ਸੱਤਾ ਤੇ ਸ਼ਕਤੀ ਪ੍ਰਾਪਤ ਕਰਨ ਦੀ ਭੁੱਖ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਤਾਲਿਬਾਨਾਂ ਦੀ ਦਹਿਸ਼ਤਗਰਦੀ ਅਤੇ ਮਜ਼ਲੂਮਾਂ ਤੇ ਮਾਸੂਮਾਂ ਉੱਤੇ ਹੋਣ ਵਾਲੇ ਤਸ਼ੱਦਦ ਨਾਲ। ਇਸਦੇ ਨਾਲ ਹੀ ਵਰਤਮਾਨ ਤੋਂ ਭੂਤ ਵਿਚ ਜਾਣ ਦੀ ਕਥਾ ਦਾ ਸਫ਼ਰ ਸ਼ੁਰੂ ਹੁੰਦਾ ਹੈ, ਜਿਸ ਵਿਚ ਪ੍ਰਾਚੀਨ ਅਫ਼ਗਾਨਿਸਤਾਨ ਵਿਚ ਭਿੰਨ ਭਿੰਨ ਜੱਟ ਕਬੀਲਿਆਂ ਦੇ ਗਣਰਾਜ ਸਥਾਪਿਤ ਕਰਨ, ਗਣਰਾਜ ਦੇ ਵਧਣ ਫੁੱਲਣ ਅਤੇ ਅੰਤ

ਵਿਚ ਉਸਦੇ ਪਤਨ ਹੋ ਜਾਣ ਦੀ ਕਥਾ ਸ਼ਾਮਲ ਹੋ ਜਾਂਦੀ ਹੈ। ਇਸ ਸਥਿਤੀ ਵਿਚ ਨਾਵਲੀ ਬਿਰਤਾਂਤ ਫਿਰ ਤੋਂ ਭੂਤ ਕਾਲ ਵਿਚੋਂ ਨਿਕਲ ਕੇ ਵਰਤਮਾਨ ਵਿਚ ਹਾਜ਼ਰ ਹੁੰਦਾ ਹੈ ਅਤੇ ਅਮਰੀਕੀ, ਬਰਤਾਨਵੀ ਅਤੇ ਨੈਟੋ ਆਦਿ ਫੌਜਾਂ ਦੀ ਤਾਲਿਬਨਾਂ ਨਾਲ ਲੜਾਈ ਅਤੇ ਯੁੱਧ-ਨੀਤੀਆਂ ਨਾਲ ਸਬੰਧਤ ਕਥਾ ਆਰੰਭ ਹੋ ਜਾਂਦੀ ਹੈ। ਇਸ ਕਥਾ (ਦਾ) ਸਿੱਟਾ ਫਿਰ ਤੋਂ 'ਗੈਂਗ ਆਫ਼ ਫੋਰ' ਦੇ ਵਰਤਮਾਨ ਸੈਨਿਕ ਸਰੂਪ ਰਾਹੀਂ ਪ੍ਰਮੁੱਖ ਤਾਲਿਬਾਨ ਗੁੱਟਾਂ ਨੂੰ ਤਬਾਹ ਕਰਨ ਅਤੇ ਬਰਤਾਨਵੀ ਛਾਉਣੀ ਦੀ ਰੱਖਿਆ ਕਰਨ ਦੇ ਬਹਾਦਰੀ ਨਾਲ ਭਰੇ ਕਾਰਨਾਮਿਆਂ ਨਾਲ ਸਾਹਮਣੇ ਆਉਂਦਾ ਹੈ:

*"ਦੂਜੇ ਦਿਨ ਪ੍ਰਭਾਤ ਨੇ ਅਜੇ ਮੁਸਕਰਾ ਕੇ ਇਸ ਸੰਸਾਰ ਨੂੰ ਸ਼ੁਭ-ਸਵੇਰ ਹੀ ਕਹੀ ਸੀ ਕਿ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਦੇ ਮਹਿਲ ਦੇ ਮੱਥੇ ਮੁਹਰੇ ਅਮਨ ਦੀ ਜਿੱਤ ਦਾ ਝੰਡਾ ਫਰਫਰਾਉਣ ਲਗ ਪਿਆ ਸੀ। ਨਾਲ ਹੀ ਬਰਤਾਨਵੀ ਛਾਉਣੀ ਦਾ ਝੰਡਾ ਵੀ ਮਿੰਨ੍ਹਾ ਮਿੰਨ੍ਹਾ ਮੁਸਕਰਾ ਰਿਹਾ ਸੀ ਤੇ ਦੂਰ ਦੂਰ ਤਕ ਫੈਲਿਆ ਹਲਕਾ ਨੀਲਾ ਅੰਬਰ ਖੁਸ਼ੀ ਵਿਚ ਝੂਮਦਾ ਸੀਟੀਆਂ ਮਾਰ ਰਿਹਾ ਸੀ।"*4

ਇਸ ਤਰ੍ਹਾਂ 'ਜੜ੍ਹ' ਨਾਵਲ ਦੇ ਗਲਪੀ ਪਾਠ ਦੀ ਬਿਰਤਾਂਤਕ ਵਿਉਂਤ ਲਕੀਰੀ ਬਿਰਤਾਂਤ ਦੀ ਵਿਧੀ ਦੀ ਥਾਂ ਚੱਕਰੀ ਬਿਰਤਾਂਤ ਦੀ ਵਿਧੀ ਰਾਹੀਂ ਸੰਭਵ ਹੁੰਦੀ ਹੈ। ਇਸ ਕੋਸ਼ਿਸ਼ ਦਾ ਵਿਚਾਰਨਯੋਗ ਪਹਿਲੂ ਇਹ ਹੈ ਕਿ ਇਹ ਨਾਵਲੀ ਪਾਠ ਲਈ ਦੋ ਸੰਭਾਵਨਾਵਾਂ ਨੂੰ ਜਨਮ ਦਿੰਦੀ ਹੈ; ਪਹਿਲੀ, ਇਸ ਵਿਧੀ ਨਾਲ ਭਿੰਨ ਭਿੰਨ ਕਥਾਵਾਂ ਅੱਡ ਅੱਡ ਰਹਿਣ ਦੀ ਥਾਂ ਅਜਿਹੀ ਅੰਤਰ-ਕਿਰਿਆ ਦਾ ਹਿੱਸਾ ਬਣ ਜਾਂਦੀਆਂ ਹਨ, ਜੋ ਇਸ ਨਾਵਲ ਦੇ ਸਮੱਸਿਆਕਾਰ ਨੂੰ ਪਰਤ-ਦਰ-ਪਰਤ ਪੇਸ਼ ਕਰਨ ਵਿਚ ਸਫਲ ਹੁੰਦੀਆਂ ਹਨ। ਦੂਜੀ, ਨਾਵਲੀ ਪਾਠ ਵਿਚ ਡਾਇਸਪੋਰਾ, ਸਭਿਆਚਾਰਕ ਸਿਮਰਤੀਆਂ ਅਤੇ ਨਾਵਲੀ ਪ੍ਰਵਚਨ ਅਜਿਹੀ ਅੰਤਰ-ਖੇਡ ਦਾ ਹਿੱਸਾ ਬਣ ਜਾਂਦੇ ਹਨ, ਜਿਸ ਰਾਹੀਂ ਪੰਜਾਬੀ ਡਾਇਸਪੋਰਿਕ ਸੰਵੇਦਨਾ ਵਿਚੋਂ ਰੂਪਗਤ ਹੋਣ ਵਾਲੇ ਕਾਲ, ਪਰੰਪਰਾ ਅਤੇ ਸਮਕਾਲੀ ਯਥਾਰਥ ਦੇ ਨਵੇਂ ਅਤੇ ਅਰਥਪੂਰਨ ਪ੍ਰਕਰਨ ਜਨਮ ਲੈ ਸਕਣ ਦੀ ਸਥਿਤੀ ਵਿਚ ਆ ਜਾਂਦੇ।

(5)

ਸੁਆਲ ਪੈਦਾ ਹੁੰਦਾ ਹੈ ਕਿ ਡਾਇਸਪੋਰਾ ਤੇ ਜੜ੍ਹਾਂ ਦਾ ਨੇੜੇ ਦਾ ਸੰਬੰਧ ਮੰਨਣਾ ਕਿਉਂ ਜ਼ਰੂਰੀ ਹੈ ਜਾਂ ਪੰਜਾਬੀ ਡਾਇਸਪੋਰਿਕ ਸੰਵੇਦਨਾ ਵਿਚ ਕਾਲ ਤੇ ਸਥਾਨ ਅਤੇ ਪਰੰਪਰਾ ਤੇ ਸਮਕਾਲੀ ਯਥਾਰਥ ਦੇ ਨਵੇਂ ਕ੍ਰਮ ਸਿਰਜਣ ਦੀ ਕੀ ਸਾਰਥਕਤਾ ਹੈ ? ਇਸ ਪ੍ਰਸੰਗ ਵਿਚ ਉਭਰਨ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਲੋਕਾਂ ਦੀ ਵਿਸਥਾਪਨ, ਪਰਵਾਸ ਕਰਨ ਅਤੇ ਵਾਸ-ਭੂਮੀ ਨਾਲ ਰਚੇ ਜਾਣ ਵਾਲੇ ਉਨ੍ਹਾਂ ਦੇ ਰਿਸ਼ਤੇ ਨੂੰ ਸਮਝਣ ਤੇ ਪਰਿਭਾਸ਼ਾ-ਬੱਧ ਕਰਨ ਸਮੇਂ ਇਸ ਤੱਥ ਪ੍ਰਤਿ ਚੇਤੰਨ ਹੋਣਾ ਜ਼ਰੂਰੀ ਹੈ ਕਿ ਸਾਡੇ ਨਿਉਰੋ-ਸੈਰੀਬਰਲ ਪ੍ਰਬੰਧਾਂ ਵਿਚ ਵਿਸਥਾਪਨ ਤੇ ਪੁਨਰ ਸਥਾਪਨ ਦੇ ਸਿਲਸਿਲੇ ਜੀਨੈਟਿਕ ਕੋਡ ਦੇ ਰੂਪ ਮੌਜੂਦ ਹਨ। ਇਸ ਕਰਕੇ ਅਸੀਂ ਵਿਸਥਾਪਨ ਤੋਂ ਬਾਅਦ ਪੁਨਰ ਸਥਾਪਨ ਦੀ ਪ੍ਰਕਿਰਿਆ ਲਈ ਸਹਿਜ ਰੂਪ ਵਿਚ ਹੀ ਅਗਰਸਰ ਹੋ ਜਾਂਦੇ ਹਾਂ। ਦੂਜਾ, ਸਾਡੇ ਲਈ ਵਾਸ-ਭੂਮੀ ਲਈ ਪ੍ਰਤੀਬੱਧਤਾ ਅਤੇ ਜੜ੍ਹਾਂ ਲਈ ਸੰਵੇਦਨਸ਼ੀਲਤਾ ਇਕੋ ਵੇਲੇ ਤੇ ਸਾਮਾਨਾਂਤਰ ਰੂਪ ਵਿਚ ਸਰਗਰਮ ਰਹਿੰਦੇ ਹਨ। ਇਸ ਕਰਕੇ ਸਾਡੇ ਦਿਮਾਗ਼ ਦੇ ਤੰਤੂ-ਪ੍ਰਬੰਧਾਂ ਵਿਚੋਂ ਉਪਜਣ ਵਾਲੇ ਭਾਵ-ਪ੍ਰਬੰਧ ਵਿਚ ਇਕ ਦੀ ਖ਼ਾਤਰ ਦੂਜੇ ਨੂੰ ਤਿਆਗਣ ਦੀ ਰੁਚੀ ਪ੍ਰਾਥਮਕਤਾ ਗ੍ਰਹਿਣ ਨਹੀਂ ਕਰਦੀ। ਇਸਦੇ ਉਲਟ ਅਸੀਂ ਇਕ ਲਈ ਪ੍ਰਤੀਬੱਧ ਹੋ ਕੇ ਵੀ ਦੂਜੇ ਲਈ ਸਹਿਜ ਰੂਪ ਵਿਚ ਵੀ ਸਾਂਝ ਰੱਖਣ ਦੀ ਸਹਿਜ ਪ੍ਰਵਿਰਤੀ ਦੇ ਅਭਿਆਸੀ ਲੋਕ ਹਾਂ। ਦੂਜੇ ਸ਼ਬਦਾਂ ਵਿਚ ਜੇਕਰ ਅਸੀਂ ਪਰੰਪਰਾਵਾਦੀ ਨਹੀਂ ਤਾਂ ਪਰੰਪਰਾ ਨੂੰ ਪੂਰੀ ਤਰ੍ਹਾਂ ਤਿਆਗਣ ਵਾਲੇ ਵੀ ਨਹੀਂ। ਇਸਦੇ ਉਲਟ ਅਸੀਂ ਹਮੇਸ਼ਾ ਪਰੰਪਰਾ ਦੇ ਸੱਚ ਨੂੰ ਪੁਨਰ-ਪਰਿਭਾਸ਼ਤ ਤੇ ਪੁਨਰ-ਸਿਰਜਤ ਕਰਕੇ ਉਸਨੂੰ ਨਵੇਂ ਯਥਾਰਥ ਦੇ ਹਾਣੀ ਬਣਾਉਣ ਲਈ ਯਤਨਸ਼ੀਲ ਰਹਿੰਦੇ ਹਾਂ।



ਇਹ ਹੀ ਮਸਲਾ ਸਾਡੇ ਕਾਲ ਦੇ ਸੰਕਲਪ ਤੇ ਸੰਦਰਭ ਉੱਤੇ ਲਾਗੂ ਹੋ ਜਾਂਦਾ ਹੈ। 'ਜੜ੍ਹ' ਨਾਵਲ ਦਾ ਨਾਵਲੀ ਪਾਠ ਇਸ ਗੱਲ ਨੂੰ ਸਪਸ਼ਟ ਰੂਪ ਵਿਚ ਸਥਾਪਤ ਕਰਦਾ ਹੈ ਕਿ ਪੰਜਾਬੀ ਡਾਇਸਪੋਰਿਕ ਸੰਵੇਦਨਾ ਨੂੰ ਸਮਝਣ ਲਈ ਕਾਲ ਦਾ ਲਕੀਰੀ ਪ੍ਰਕਰਨ ਦਰੁੱਸਤ ਨਹੀਂ ਹੈ। ਇਸਦੇ ਉਲਟ ਅਸੀਂ ਕਾਲ ਦੇ ਚੱਕਰੀ ਪਰਵਾਹ ਵਿਚ ਜੀਣ ਤੇ ਥੀਣ ਵਾਲੇ ਲੋਕ ਹਾਂ। ਇਹੀ ਵਜ੍ਹਾ ਹੈ ਕਿ ਪੰਜਾਬੀ ਡਾਇਸਪੋਰਿਕ ਸੰਵੇਦਨਾ ਨੂੰ ਸਿਰਫ਼ ਇਕ ਵਿਸ਼ੇਸ਼ ਕਾਲ ਵਿਚ ਜੀਣ ਥੀਣ ਵਾਲੀ ਸੰਵੇਦਨਾ ਦੇ ਰੂਪ ਵਿਚ ਸਮਝਣਾ ਗਲਤ ਹੈ। ਇਸ ਨਾਵਲੀ ਪਾਠ ਵਿਚ ਪੇਸ਼ ਕਾਲ ਦਾ ਚੱਕਰੀ ਸਰੂਪ ਵੀ ਇਸਦੀ ਕਥਾ ਦੇ ਭਿੰਨ ਭਿੰਨ ਆਕਾਰਾਂ ਤੇ ਪਾਸਾਰਾਂ ਵਿਚ ਕਰਮਸ਼ੀਲ ਅੰਤਰ-ਕਿਰਿਆ ਅਤੇ ਅੰਤਰ-ਸੰਯੋਗ ਦੀ ਵਿਧੀ ਸਾਨੂੰ ਪੰਜਾਬੀ ਡਾਇਸਪੋਰਿਕ ਸਵੈ ਦੇ ਇਸ ਰੂਪ ਦੀ ਸੋਝੀ ਕਰਵਾਉਂਦੀ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਮਨੁੱਖ, ਖਾਸ ਕਰਕੇ ਪੰਜਾਬੀ ਡਾਇਸਪੋਰਾ ਦਾ ਹਿੱਸਾ ਬਣੇ ਪੰਜਾਬੀ ਬੰਦੇ ਲਈ ਇਕ ਪੱਧਰੀ ਤੇ ਇਕ ਪਾਸਾਰੀ ਲਕੀਰੀ ਜ਼ਿੰਦਗੀ ਕੋਈ ਅਰਥ ਨਹੀਂ ਰਖਦੀ। ਇਸਦੇ ਉਲਟ, ਇਕ ਵਿਸ਼ੇਸ਼ ਕਾਲ ਤੇ ਸਪੇਸ ਵਿਚ ਰਹਿੰਦੇ ਹੋਏ ਵੀ ਉਸਦੇ ਮਨ ਅੰਦਰ ਕਈ ਕਾਲ ਤੇ ਸਪੇਸ ਪ੍ਰਵਾਹਮਾਨ ਦੇਖੇ ਜਾ ਸਕਦੇ ਹਨ। ਇਥੇ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਉਪਰੋਕਤ ਲੱਛਣ ਨੂੰ ਸਿਰਫ਼ ਤੇ ਸਿਰਫ਼ ਪੰਜਾਬੀ ਬੰਦੇ ਤਕ ਮਹਿਦੂਦ ਕਰਨਾ ਠੀਕ ਨਹੀਂ, ਸਗੋਂ ਇਹ ਗੁਣ ਉਨ੍ਹਾਂ ਸਾਰੇ ਬੰਦਿਆਂ ਦੇ ਮਨ ਵਿਚ ਗਤੀਮਾਨ ਹੋ ਸਕਦਾ ਹੈ, ਜਿਨ੍ਹਾਂ ਦਾ ਰਿਸ਼ਤਾ ਉਨ੍ਹਾਂ ਸਭਿਅਤਾਵਾਂ ਨਾਲ ਬਣਦਾ ਹੈ, ਜੋ ਲੰਮੇ ਸਮੇਂ ਤੋਂ ਜੁਗਗਰਦੀਆਂ ਅਤੇ ਵਿਸਥਾਪਨਾਵਾਂ ਦੇ ਨਾਲ ਨਾਲ ਪੁਨਰ-ਸਥਾਪਨਾਵਾਂ ਦਾ ਹਿੱਸਾ ਬਣ ਕੇ ਰਹਿ ਰਹੇ ਹਨ।

ਇਸ ਪ੍ਰਕਿਰਿਆ ਨੂੰ ਅਸੀਂ ਯਥਾਰਥ ਦੀ ਵਾਸਵਿਕਤਾ ਨੂੰ ਪ੍ਰਤੀਕਾਤਮਕਤਾ ਵਿਚ ਰੂਪਾਂਤਰਣ ਦੀ ਰੁਚੀ ਕਹਿ ਸਕਦੇ ਹਾਂ। ਇਸ ਕਰਕੇ 'ਜੜ੍ਹ' ਨਾਵਲ ਦਾ ਨਾਵਲੀ-ਪਾਠ ਸਮਕਾਲੀ ਯਥਾਰਥ ਦੀ ਪ੍ਰਤਿਮਾਨਕ ਪੇਸ਼ਕਾਰੀ ਕਰਨ ਦੀ ਥਾਂ ਉਸਦੀ ਪ੍ਰਤਿਰੂਪਕ ਪੇਸ਼ਕਾਰੀ ਕਰਨ ਦੀ ਰੁਚੀ ਧਾਰਨ ਕਾਰਦਾ ਹੈ। ਸਿੱਟੇ ਵਜੋਂ ਨਾਵਲੀ ਪਾਠ ਵਿਚ ਪੇਸ਼ ਵਰਤਮਾਨ ਅਤੇ ਭੂਤ, ਸਮਕਾਲ ਤੇ ਜੜ੍ਹਾਂ ਅਤੇ ਇਨ੍ਹਾਂ ਦੇ ਨਾਲ ਨਾਲ ਡਾਇਸਪੋਰਾ ਤੇ ਪਹਿਚਾਣ ਦੇ ਮਸਲੇ ਤੇ ਸੰਦਰਭ ਯਥਾਰਥਵਾਦੀ ਢੰਗ ਨਾਲ ਰਚੇ ਜਾਣ ਦੀ ਥਾਂ ਪ੍ਰਤਿਰੂਪਕ (allegorical) ਸ਼ੈਲੀ ਵਿਚ ਪੇਸ਼ ਹੁੰਦੇ ਹਨ। ਇਸੇ ਕਰਕੇ, ਨਾਵਲ ਦੇ ਬਿਰਤਾਂਤ ਵਿਚ ਸਮਕਾਲੀ ਬਰਤਾਨੀਆ, ਨਿਕਟ-ਭੂਤ ਦਾ ਪੰਜਾਬ/ਭਾਰਤ ਅਤੇ ਪ੍ਰਾਚੀਨ ਅਫ਼ਗਾਨਿਸਤਾਨ ਦੇ ਆਪਸੀ ਰਿਸ਼ਤੇ ਦੀ ਪੇਸ਼ਕਾਰੀ ਨੂੰ ਸਿਰਫ਼ ਵਾਸਤਵਿਕਤਾ ਦੇ ਚੌਖਟੇ ਵਿਚ ਵੇਖਣ ਦੀ ਥਾਂ ਸਮਕਾਲ ਨਾਲ ਉਸਦੇ ਪਾਰ-ਕਾਲਿਕ ਰਿਸ਼ਤੇ ਦੇ ਪ੍ਰਤੀਕ ਵਜੋਂ ਵੇਖਿਆ ਜਾਣਾ ਜ਼ਰੂਰੀ ਹੈ। ਅੱਜ ਕੱਲ੍ਹ ਦੇ ਪੰਜਾਬੀ ਮਨੁੱਖ ਦੇ ਤਨ-ਮਨ ਤੇ ਦਿਲੋਂ-ਦਿਮਾਗ਼ ਵਿਚ ਚਲਦੇ ਸਮਕਾਲ, ਪਰੰਪਰਾ ਅਤੇ ਪੁਰਖਿਆਂ ਦੇ ਵਿਵਹਾਰ ਦੇ ਜੀਨੈਟਿਕ ਕੋਡ ਦੀ ਤਰ੍ਹਾਂ। 'ਜੜ੍ਹ' ਨਾਵਲ ਦੀ ਬਿਰਤਾਂਤਕ ਸ਼ੈਲੀ ਇਸੇ ਪ੍ਰਕਾਰ ਦੀ ਪ੍ਰਤਿਰੂਪਕ ਸ਼ੈਲੀ ਦਾ ਸਰੂਪ ਅਖ਼ਤਿਆਰ ਕਰਦੀ ਹੈ। ਇਹ ਵੀ ਮੰਨਿਆ ਜਾ ਸਕਦਾ ਹੈ ਕਿ ਸਮਕਾਲੀ ਅਤੇ ਭਵਿੱਖਮੁੱਖੀ ਪੰਜਾਬੀ ਸੰਵੇਦਨਾ, ਖ਼ਾਸ ਕਰਕੇ ਪੰਜਾਬੀ ਡਾਇਸਪੋਰਿਕ ਸੰਵੇਦਨਾ ਦੀ ਪੇਸ਼ਕਾਰੀ ਦੇ ਲਿਹਾਜ਼ ਨਾਲ ਇਹ ਬਿਰਤਾਂਤਕ ਵਿਧੀ ਉਸਦੇ ਸਵੈ ਦੇ ਸੱਚ ਦੇ ਰੂ-ਬ-ਰੂ ਹੋਣ ਲਈ ਮਹੱਤਵਪੂਰਨ ਜੁਗਤ ਸਾਬਤ ਹੋ ਸਕਦੀ ਹੈ।

(6)

ਇਸ ਤਰ੍ਹਾਂ 'ਜੜ੍ਹ' ਨਾਵਲ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਆਪਣੀ ਕਿਸਮ ਦੀ ਸੰਕਲਪ ਆਧਾਰਤ ਰਚਨਾ ਹੈ। ਪ੍ਰਾਚੀਨ ਦੱਖਣੀ ਏਸ਼ੀਆ ਤੋਂ ਲੈ ਕੇ ਭਾਰਤ ਅਤੇ ਅਜੋਕੇ ਬਰਤਾਨੀਆ ਤਕ ਸਫ਼ਰ ਕਰਦਾ ਇਸਦਾ ਬਿਰਤਾਂਤ ਸਿਰਫ਼ ਸਪੇਸ ਦੇ ਲਿਹਾਜ਼ ਨਾਲ ਹੀ ਵਿਸਤ੍ਰਿਤ ਖੇਤਰ ਤਕ ਨਹੀਂ ਫੈਲਿਆ ਹੋਇਆ। ਸਗੋਂ, ਕਾਲ ਦੇ ਲਿਹਾਜ਼ ਨਾਲ ਵੀ ਇਹ ਲਗਭਗ ਚਾਰ ਹਜ਼ਾਰ ਸਾਲਾਂ ਦੇ

ਸਮੇ ਦੀ ਯਾਤਰਾ ਕਰਦਾ ਹੈ। ਸਮੇਂ ਅਤੇ ਸਥਾਨ ਦੇ ਭਿੰਨ ਭਿੰਨ ਖੰਡਾਂ ਤਕ ਪਸਰੇ ਹੋਏ ਇਸ ਨਾਵਲ ਦੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਬਿਰਤਾਂਤ ਵਿਚ ਮਨੁੱਖੀ ਸਭਿਅਤਾ ਦੇ ਭਿੰਨ ਭਿੰਨ ਮਸਲਿਆਂ ਦੀ ਪੇਸ਼ਕਾਰੀ ਸੰਭਵ ਹੋਈ ਹੈ। ਇਸਦੇ ਨਾਲ ਹੀ ਨਾਵਲੀ ਪਾਠ ਇਨ੍ਹਾਂ ਸਾਰੇ ਮਸਲਿਆਂ ਦੇ ਆਧਾਰ ਭੂਤ ਤੱਤ ਜਿਵੇਂ ਤਾਕਤ ਦੀ ਭੱਖ, ਉਸਦੀ ਪ੍ਰਾਪਤੀ ਲਈ ਜਦੋਜਹਿਦ, ਤਸੱਦਦ, ਮਾਨਵਤਾ ਘਾਣ ਦੇ ਨਾਲ ਨਾਲ ਮਾਨਵੀ ਮੁੱਲਾਂ ਦੀ ਸਥਾਪਤੀ ਤੇ ਪੁਨਰ-ਸਥਾਪਤੀ ਦੇ ਯਤਨ ਆਦਿ ਉਹ ਮੂਲ ਪ੍ਰਸ਼ਨ ਹਨ, ਜੋ ਇਸ ਨਾਵਲ ਵਿਚ ਵਾਰ ਵਾਰ ਉਭਾਰੇ ਤੇ ਨਿਭਾਏ ਜਾਂਦੇ ਹਨ। ਜ਼ਾਹਿਰ ਹੈ ਕਿ ਇਨ੍ਹਾਂ ਮਸਲਿਆਂ ਤੇ ਬਿਰਤਾਂਤਕ ਸੰਦਰਭਾਂ ਦੀ ਇਤਨੇ ਵੱਡੇ ਕੈਨਵਸ ਉੱਤੇ ਪੇਸ਼ਕਾਰੀ ਪੰਜਾਬੀ ਨਾਵਲ ਲਈ ਗੌਰਵ ਦੀ ਗੱਲ ਹੈ ਅਤੇ 'ਜੜ੍ਹ' ਨਾਵਲ ਦੀ ਇਸ ਵਿਲੱਖਣਤਾ ਨਾਲ ਪੰਜਾਬੀ ਨਾਵਲਕਾਰੀ ਵਿਚ ਨਵੇਂ ਅਧਿਆਇ ਦਾ ਆਗਾਜ਼ ਹੁੰਦਾ ਹੈ।

**ਹਵਾਲੇ** ;


1 ਦਰਸ਼ਨ ਸਿੰਘ ਧੀਰ, *ਜੜ੍ਹ* : ਨਵੀਂ ਦਿੱਲੀ, ਆਰਸੀ ਪਬਲਿਸ਼ਰਜ਼, 2016, ਪੰਨਾ, 10

2 ਉਹੀ ਪੰਨਾ, 29

3 ਉਹੀ ਪੰਨਾ, 240

4 ਉਹੀ ਪੰਨਾ, 36


---

**ਪੰਨਾ ਨੰ. 120 ਦਾ ਬਾਕੀ**

ਛੇ ਜਨਵਰੀ ਨੂੰ ਅਸੀਂ ਉਸ ਦਾ ਬਿਸਤਰਾ ਚੁੱਕ ਕੇ ਬਾਹਰ ਧੁੱਪ ਵਿਚ ਲੈ ਆਂਦਾ ਪਰ ਉਸ ਨੇ ਅੱਖਾਂ ਨਾ ਖੋਲ੍ਹੀਆਂ। ਮੈਂ ਉਸ ਦੀਆਂ ਅੱਖਾਂ ਤੋਂ ਡਿੱਗ ਪੂੰਝੀ ਅਤੇ ਪਿਆਰ ਨਾਲ ਆਖਿਆ, "ਸੀਜ਼ਰ ਤੇਰਾ ਕੁਝ ਦੁਖਦਾ ?" ਉਸ ਦੀਆਂ ਅੱਖਾਂ ਤਾਂ ਬੰਦ ਹੀ ਰਹੀਆਂ ਪਰ ਪੂਛ ਮਾੜੀ ਜਿਹੀ ਹਿੱਲੀ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਉਸ ਨੇ ਅਖੀਰਲਾ ਸਾਹ ਲਿਆ ਅਤੇ ਪਰਲੋਕ ਸਿਧਾਰ ਗਿਆ। ਇਸ ਤਰ੍ਹਾਂ ਉਹ ਸ਼ਾਂਤੀ ਵਿਚ 15 ਵਰ੍ਹੇ ਜੀਵਿਆ ਅਤੇ ਉਸ ਦਾ ਅੰਤ ਵੀ ਸ਼ਾਂਤਮਈ ਸੀ।

ਅਸੀਂ ਲਾਅਨ ਵਿਚ, ਜਿਸ ਥਾਂ ਗਰਮੀਆਂ ਵਿਚ ਉਹ ਕਿਆਰੀ ਵਿਚੋਂ ਮਿੱਟੀ ਪੁੱਟ ਕੇ ਗਿੱਲੇ ਥਾਂ ਬੈਠਦਾ ਸੀ, ਡੂੰਘਾ ਟੋਇਆ ਪੁੱਟਿਆ। ਉਸ ਨੂੰ ਕੋਰੇ ਚਿੱਟੇ ਕੱਪੜੇ ਵਿਚ ਲਪੇਟਿਆ ਅਤੇ ਪੰਜ ਕਿੱਲੋ ਪਾਕਿਸਤਾਨੀ ਨਮਕ ਵਿਚ ਪਾ ਕੇ ਦਫਨਾ ਦਿੱਤਾ। ਮੈਨੂੰ ਬਾਬਾ ਫਰੀਦ ਦਾ ਸ਼ਲੋਕ ਯਾਦ ਆਇਆ:

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ ॥
ਜੀਵਦਿਆ ਪੈਰਾਂ ਤਲੈ ਮੁਇਆ ਉਪਰ ਹੋਇ ॥

ਮੈਂ ਹਰ ਰੋਜ਼ ਉਸ ਦੀ ਕਬਰ 'ਤੇ ਗੁਲਾਬ ਦਾ ਫੁੱਲ ਚੜ੍ਹਾ ਦਿੰਦਾ ਹਾਂ। ਉਸ ਬਿਨਾਂ ਘਰ ਸੁੰਨਾ ਲੱਗਦਾ ਹੈ। ਉਸ ਦੀ ਯਾਦ ਤਾਂ ਜਿਉਂਦੇ ਜੀਅ ਕਿੱਥੇ ਭੁੱਲਣੀ ਹੈ। ਰਾਤ ਦਾ ਉਸ ਦਾ ਬਚਿਆ ਖਾਣਾ ਮੈਂ ਸਵੇਰੇ ਲਾਅਨ ਵਿਚ ਰੱਖ ਦੇਣਾ। ਕਾਂ, ਗੁਟਾਰਾਂ ਇਕੱਠੇ ਉਸ ਦੇ ਕੌਲੇ ਵਿਚ ਖਾਂਦੇ। ਉਹ ਉਨ੍ਹਾਂ ਨੂੰ ਕੁਝ ਨਾ ਕਹਿੰਦਾ। ਹੁਣ ਜਦ ਉਹ ਨਹੀਂ ਰਿਹਾ ਕਾਂ, ਗੁਟਾਰਾਂ ਬਨ੍ਹੇਰੇ 'ਤੇ ਆ ਕੇ ਬੈਠ ਜਾਂਦੇ ਹਨ ਜਿਵੇਂ ਉਸ ਦੀ ਉਡੀਕ ਕਰਦੇ ਹੋਣ। ਉਸ ਦੀ ਯਾਦ ਵਿਚ ਅਸੀਂ ਉਨ੍ਹਾਂ ਨੂੰ ਅੰਨ-ਪਾਣੀ ਪਾ ਦਿੰਦੇ ਹਾਂ।

**ਮੋਬਾ: 94170-06625**



# ਸਭ ਤੋਂ ਵੱਡੀ ਥੇਹ ਨੂੰ ਪੜ੍ਹਦਿਆਂ/ਦੇਵਿੰਦਰ ਕੌਰ

'ਸਭ ਤੋਂ ਵੱਡੀ ਥੇਹ' ਸੁਰਿੰਦਰ ਸੀਹਰਾ ਦਾ ਚੌਥਾ ਕਾਵਿ-ਸੰਗ੍ਰਹਿ ਹੈ। ਆਪਣੇ ਪਹਿਲੇ ਕਾਵਿ-ਸੰਗ੍ਰਹਿ, 'ਵੇ ਮੇਰੇ ਸਿਰਜਣਹਾਰੇ' ਵਿੱਚ ਨਜ਼ਮਾਂ ਲਿਖਣ ਤੋਂ ਬਾਅਦ ਦੂਜੇ ਸੰਗ੍ਰਹਿ, 'ਹੁਣ ਮੈਂ ਕਵੀਆਂ ਵਾਂਗ' ਵਿਚ ਹੀ ਉਸਨੇ ਆਪਣਾ ਰੁਖ਼ ਗ਼ਜ਼ਲ ਵੱਲ ਮੋੜ ਲਿਆ। ਆਪਣੇ ਤੀਸਰੇ ਗ਼ਜ਼ਲ-ਸੰਗ੍ਰਹਿ, 'ਹਵਨ' ਵਿੱਚ ਪੇਸ਼ ਗ਼ਜ਼ਲਾਂ ਵਿਚ ਉਸਨੇ ਬ੍ਰਹਿਮੰਡ ਵਿਚ ਕਾਰਜਸ਼ੀਲ ਪੰਜ ਤੱਤਾਂ ਨੂੰ ਜ਼ਿੰਦਗੀ ਦੇ ਕਾਵਿ-ਸਫ਼ਰ ਨਾਲ ਜੋੜ ਕੇ ਪਿੰਡ ਅਤੇ ਬ੍ਰਹਿਮੰਡ ਦੇ ਆਪਸੀ ਰਿਸ਼ਤੇ ਦੀ ਕਾਵਿ-ਮਈ ਸਿਰਜਣਾ ਕੀਤੀ ਹੈ। ਇਸ ਸੰਗ੍ਰਹਿ ਵਿਚ ਸੀਹਰਾ ਨੇ ਪ੍ਰਤੀਕਾਤਮਕ ਕਾਵਿ-ਭਾਸ਼ਾ ਦੀ ਵਰਤੋਂ ਕਰ ਕੇ ਗ਼ਜ਼ਲਾਂ ਵਿਚ ਸੁਹਜ-ਸਿਰਜਣਾ ਕੀਤੀ ਹੈ। ਜ਼ਿੰਦਗੀ ਨੂੰ ਹਵਨ ਦੇ ਪ੍ਰਤੀਕ ਰਾਹੀਂ ਦੁੱਖ ਸੁੱਖ ਦੀਆਂ ਭਾਵਨਾਵਾਂ ਦੀ ਆਹੂਤੀ ਦੇ ਰੂਪ ਵਿਚ ਸਿਰਜਿਆ ਹੈ। ਸਮੁੱਚੀ ਕਾਵਿ-ਪੁਸਤਕ ਜ਼ਿੰਦਗੀ ਅਤੇ ਕਾਇਨਾਤ ਦੇ ਅਨਿੱਖੜ ਸੰਬੰਧਾਂ ਦੀ ਪੇਸ਼ਕਾਰੀ ਹੈ। ਆਪਣੇ ਚੌਥੇ ਗ਼ਜ਼ਲ-ਸੰਗ੍ਰਹਿ, 'ਸਭ ਤੋਂ ਵੱਡੀ ਥੇਹ' ਵਿਚ ਸ਼ਾਇਰ ਆਪਣੀ ਸੋਚ ਅਤੇ ਕਾਵਿ-ਪੇਸ਼ਕਾਰੀ ਨੂੰ ਸਮੁੱਚੀ ਧਰਤ ਜੇਡੀ ਵਿਸ਼ਾਲ ਅਤੇ ਗਹਿਰੀ ਜ਼ਿੰਦਗੀ ਦੇ ਰੂਪ ਵਿਚ ਸਿਰਜਦਾ ਹੈ।

ਇਸ ਪੁਸਤਕ ਵਿਚ 'ਥੇਹ' ਸ਼ਬਦ ਬੜੇ ਮਹੱਤਵ ਦਾ ਧਾਰਨੀ ਹੈ। ਮਹਾਨ ਕੋਸ਼ ਵਿਚ 'ਥੇਹੁ' ਦੇ ਅਰਥ ਦੇਂਦਿਆਂ ਇਸਨੂੰ 'ਉੱਜੜੇ ਹੋਏ ਨਗਰ ਜਾਂ ਪਿੰਡ' ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਹੈ। ਨਗਰ ਜਾਂ ਪਿੰਡ ਦੇ ਫਾਰਸੀ ਮੂਲ ਨੂੰ 'ਦੇਹ' ਮੰਨਿਆ ਗਿਆ ਹੈ। ਗੁਰਬਾਣੀ ਵਿਚ ਇਸਦੇ ਵੱਖ ਵੱਖ ਅਰਥਾਂ ਨੂੰ ਪੇਸ਼ ਕਰਦਿਆਂ ਕਈ ਹਵਾਲੇ ਆਏ ਹਨ ਜਿਵੇਂ ਵਿਕਾਰਾਂ ਦੀ ਤਬਾਹੀ ਕਾਰਨ ਥੇਹ ਨੂੰ ਸ਼ਰੀਰ ਨਗਰ ਦੇ ਰੂਪ ਵਿਚ ਲਿਆ ਗਿਆ ਹੈ:—

"ਉੱਜੜ ਥੇਹੁ ਵਸਾਇਓ"

ਜਿਸਦੇ ਅਰਥ ਹਨ ਵਿਕਾਰਾਂ ਦਾ ਤਬਾਹ ਕੀਤਾ ਸਰੀਰ ਨਗਰ ਸ਼ੁਭ ਗੁਣਾਂ ਨਾਲ ਆਬਾਦ ਕੀਤਾ ਹੈ। ਇਸੇ ਤਰ੍ਹਾਂ:-

"ਗੁਰਿ ਸਚੈ ਬੱਧਾ ਥੇਹੁ" ਵੀ ਇਸੇ ਅਰਥਾਂ ਦਾ ਧਾਰਨੀ ਹੈ। ਇਸੇ ਤਰ੍ਹਾਂ ਥੇਹ ਨੂੰ ਅਸਥਾਨ, ਠਿਕਾਣਾ ਆਦਿ ਅਰਥਾਂ ਵਿਚ ਵੀ ਪੇਸ਼ ਕੀਤਾ ਹੈ। ਜਿਵੇਂ:-

"ਮਾਲ ਖ਼ਜ਼ਾਨਾ ਥੇਹੁ ਘਰ"
"ਨਿਹਚਲ ਤੁਧੁ ਥੇਹੁ"
"ਚਾਰ ਦਿਹਾੜੇ ਥੇਹੁ" ਆਦਿ।
(ਮਹਾਨ ਕੋਸ਼, ਪੰਨਾ,613)

ਇਸ ਗ਼ਜ਼ਲ-ਸੰਗ੍ਰਹਿ ਦੇ ਸਮੁੱਚੇ ਪਾਠ ਅਧਿਐਨ ਤੋਂ ਇਹ ਗੱਲ ਸਹਿਜੇ ਹੀ ਸਪੱਸ਼ਟ ਹੁੰਦੀ ਹੈ ਕਿ ਇਸ ਵਿਚਲੀ ਥੀਮ-ਪ੍ਰਕਿਰਿਆ ਮਨੁੱਖ ਦੀ ਜਿਓਣ ਦੀ ਚਾਹਤ ਨੂੰ ਪ੍ਰੇਰਨਾ ਬਣਾ ਕੇ ਜ਼ਿੰਦਗੀ ਜਿਓਣ ਦਾ ਸਬਕ ਦੇਂਦੀ ਹੈ। ਇਸ ਪ੍ਰੇਰਨਾ ਅਤੇ ਸਬਕ ਨੂੰ ਕਾਵਿ-ਸਿਰਜਣਾ ਦਾ ਰੂਪ ਦੇਣ ਲਈ , 'ਥੇਹ' ਸ਼ਬਦ ਨੂੰ ਵਿਸਤ੍ਰਿਤ ਅਰਥਾਂ ਵਿਚ ਪੇਸ਼ ਕਰਕੇ ਇਸਨੂੰ ਇਸ ਕਾਵਿ-ਪੁਸਤਕ ਦੇ ਵਿਸ਼ਾਲ ਰੂਪਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਸ਼ਾਇਰ ਅਨੁਸਾਰ ਧਰਤੀ ਸਭ ਤੋਂ ਵੱਡੀ ਥੇਹ ਹੈ ਜਿਸ ਵਿਚ ਪੂਰੀ ਦੁਨੀਆ ਦਾ ਇਤਿਹਾਸ ਸਮਾਇਆ ਹੋਇਆ ਹੈ, ਕਿਉਂਕਿ ਇਸ ਇਤਿਹਾਸ ਨੂੰ ਇਸ ਧਰਤੀ ਨੇ ਆਪਣੇ ਪਿੰਡੇ ਤੇ ਹੰਢਾਇਆ ਹੈ ਅਤੇ ਸਦੀਆਂ ਤੋਂ ਧਰਤੀ ਇਹ ਕਾਰਜ ਕਰਦੀ ਆ

ਰਹੀ ਹੈ। ਇਹ ਉਹ ਧਰਤੀ ਹੈ ਜਿਸ ਵਿਚ ਜਿਥੇ ਨਦੀਆਂ, ਨਾਲ਼ੇ, ਖਾਈਆਂ, ਸਾਗਰ ਆਦਿ ਸ਼ਾਮਿਲ ਹਨ ਓਥੇ ਪਰਬਤ ਵੀ ਇਸ ਦੇ ਕਲਾਵੇ ਵਿਚ ਆਉਂਦੇ ਹਨ। ਇਸੇ ਧਰਤੀ ਵਾਂਗ ਮਨੁੱਖ ਦੀ ਜ਼ਿੰਦਗੀ ਹੈ ਜਿਸ ਵਿਚ ਦੁੱਖਾਂ ਸੁੱਖਾਂ, ਚਾਹਤਾਂ, ਖਾਹਿਸ਼ਾਂ ਦੀ ਸਮੱਗਰੀ ਥੇਹ ਵਾਂਗ ਸਮਾਈ ਹੋਈ ਹੈ। ਸੋ ਇਸ ਪੁਸਤਕ ਵਿਚ ਮਨੁੱਖੀ ਜ਼ਿੰਦਗੀ ਦੇ ਵਿਹਾਰ ਨੂੰ ਧਰਤੀ ਦੇ ਵਿਹਾਰ ਨਾਲ ਇਕ ਮਿਕ ਕੀਤਾ ਹੈ ਜਿਸ ਨਾਲ ਸਹਿਜੇ ਹੀ ਮਨੁੱਖ ਸਮੁੱਚੀ ਕਾਇਨਾਤ ਵਿਚ ਵਿਚਰਦੀ ਕੁਦਰਤ ਦਾ ਇਕ ਸਹਿਜ ਅੰਗ ਬਣ ਕੇ ਜਿਉਂਦਾ ਹੈ। ਜਿਵੇਂ ਧਰਤੀ ਥੇਹ ਦੇ ਰੂਪ ਵਿਚ ਸਮੁੱਚੀ ਦੁਨੀਆ ਦਾ ਇਤਿਹਾਸ ਸਾਂਭੀ ਬੈਠੀ ਹੈ ਉਸੇ ਤਰ੍ਹਾਂ ਇਸ ਕਾਵਿ-ਪੁਸਤਕ ਵਿਚਲੀ ਕਾਵਿ-ਮੈਂ ਆਪਣੀ ਦੇਹ ਰੂਪੀ ਥੇਹ ਵਿਚ ਜਿਥੇ ਆਪਣੀ ਜ਼ਿੰਦਗੀ ਦੇ ਇਤਿਹਾਸ ਨੂੰ ਸਾਂਭੀ ਬੈਠੀ ਹੈ ਓਥੇ ਆਪਣੀ ਸੋਚ ਵਿਚ ਦੁਨੀਆ ਦੇ ਸਮਾਜਿਕ, ਆਰਥਿਕ, ਸਾਹਿਤਿਕ ਅਤੇ ਸੱਭਿਆਚਾਰਕ ਇਤਿਹਾਸ ਨੂੰ ਵੀ ਸਮੋਈ ਬੈਠੀ ਹੈ।

ਇਸ ਕਵਿਤਾ ਨੂੰ ਸਮਝਣ, ਜਾਣਨ ਅਤੇ ਮਾਣਨ ਲਈ ਬਾਰ ਬਾਰ ਇਸ ਦਾ ਪਾਠ ਕਰਨਾ ਪੈਂਦਾ ਹੈ ਅਤੇ ਬਾਰ ਬਾਰ ਕੀਤੇ ਜਾਣ ਵਾਲੇ ਪਾਠ ਵਿਚੋਂ ਨਿੱਤ ਨਵਾਂ ਅਰਥ ਫੁੱਟਦਾ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਵਿਚ ਕਵਿਤਾ ਲਈ 'ਰਮਣੀਯ' ਦਾ ਸਿਧਾਂਤ ਮਿਲਦਾ ਹੈ ਜਿਸ ਅਨੁਸਾਰ ਕਵਿਤਾ ਦੀ ਖ਼ੂਬਸੂਰਤੀ ਬਾਰ ਬਾਰ ਉਸ ਵਿਚੋਂ ਨਵੇਂ ਅਰਥ ਪੈਦਾ ਹੋਣ ਵਿਚ ਹੈ। ਮੈਂ ਜਿੰਨੀ ਵਾਰੀ ਇਨ੍ਹਾਂ ਗ਼ਜ਼ਲਾਂ ਦਾ ਪਾਠ ਕੀਤਾ ਹੈ, ਓਨੀ ਵਾਰੀ ਹੀ ਇਸ ਦੇ ਗਹਿਰੇ ਅਰਥਾਂ ਨੇ ਰੂਹ ਨੂੰ ਨਵੀਂ ਤਾਜ਼ਗੀ ਬਖ਼ਸ਼ੀ ਹੈ।

ਇਸ ਕਾਵਿ-ਪੁਸਤਕ ਵਿਚਲੀ ਥੀਮ-ਸਮੱਗਰੀ ਜ਼ਿੰਦਗੀ ਦੀ ਪਰਿਭਾਸ਼ਾ ਦੀ ਤਲਾਸ਼ ਅਤੇ ਉਸਦੀ ਜੁਸਤਜੂ ਵਿਚ ਅਗ੍ਰਸਰ ਹੈ। ਇਸ ਵਿਚ ਮਨੁੱਖੀ ਦੇਹ ਅਤੇ ਧਰਤੀ ਇਕੋ ਹੀ ਰੂਪਕ, 'ਥੇਹ' ਵਿੱਚ ਰੂਪਾਂਤਰਿਤ ਹੁੰਦੇ ਹਨ। ਲੇਕਿਨ ਮਹੱਤਵਪੂਰਨ ਨੁਕਤਾ ਇਸ ਕਾਵਿ ਦਾ ਹਾਂ-ਮੁਖੀ ਅਰਥਾਂ ਦੇ ਸਿਰਜਿਤ ਹੋਣ ਵਿਚ ਹੈ। ਇਹਨਾਂ ਹਾਂ-ਮੁਖੀ ਅਰਥਾਂ ਵਿਚ ਜ਼ਿੰਦਗੀ ਜੀਣ ਦੇ ਵਿਚਾਰ ਨੂੰ ਭਾਵ ਅਤੇ ਵਿਚਾਰ ਦੀ ਸੰਜੁਗਤੀ ਰਾਹੀਂ ਸਿਰਜਿਆ ਗਿਆ ਹੈ। ਕਾਵਿ-ਮੈਂ ਦਾ ਆਪਣੇ ਆਪ ਨੂੰ ਕਾਵਿ-ਤੂੰ ਦੇ ਰੂਪ ਵਿਚ ਸੰਬੋਧਨ ਹੈ। ਇਸ ਪੁਸਤਕ ਦੇ ਪੰਨਾ 25 ਤੇ ਲਿਖੀ ਹੋਈ ਸਮੁੱਚੀ ਗ਼ਜ਼ਲ ਜ਼ਿੰਦਗੀ ਜੀਣ ਵਾਲੇ ਵਿਚਾਰ ਨੂੰ ਪ੍ਰਪੱਕ ਕਰਦੀ ਹੈ। ਇਸ ਗ਼ਜ਼ਲ ਦਾ ਹਰ ਬੰਦ ਸਾਗਰ ਦੇ ਮੋਤੀ ਵਾਂਗ ਹੈ ਜੋ ਜਿਥੋਂ ਵੀ ਰੁਗ ਭਰਿਆ ਜਾਏ ਮਨੁੱਖ ਦੀ ਮੁੱਠੀ ਵਿਚ ਵਿਚਾਰ ਦੇ ਰੂਪ ਵਿਚ ਆ ਹੀ ਜਾਂਦਾ ਹੈ। ਮਨੁੱਖੀ ਜ਼ਿੰਦਗੀ ਦੇ ਜੀਣ ਢੰਗ ਨੂੰ ਹਰ ਧਰਮ, ਕਰਮ, ਇਤਿਹਾਸ, ਮਿਥਿਹਾਸ ਆਦਿ ਨਾਲੋਂ ਵਧੇਰੇ ਮਹੱਤਵਪੂਰਣ ਮੰਨਿਆ ਗਿਆ ਹੈ:-

"ਇਹ ਰੁੱਤਾਂ ਨੇ, ਇਨ੍ਹਾਂ ਨੇ ਬਦਲਦੇ ਰਹਿਣਾ,
ਤੂੰ ਇੱਕ ਦਾ ਖ਼ਾਸ ਨਾ ਬਣ, ਜੀਣ ਬਣ ਜਾ ਰੇ"

"ਕਿ ਜਿਸਨੂੰ ਸਾਖੀਆਂ ਅੰਦਰ ਪਵੇ ਲੁਕਣਾ
ਤੂੰ ਉਹ ਇਤਿਹਾਸ ਨਾ ਬਣ, ਜੀਣ ਬਣ ਜਾ ਰੇ।"
( ਸਭ ਤੋਂ ਵੱਡੀ ਥੇਹ, ਪੰਨਾ, 25 )

ਇਹ ਵਿਚਾਰ ਇਸ ਪੁਸਤਕ ਦੇ ਥੀਮ ਦਾ ਅੰਤਿਮ-ਬਿੰਦੂ ਹੈ ਲੇਕਿਨ ਇਸ ਤੋਂ ਪਹਿਲਾਂ ਜ਼ਿੰਦਗੀ ਦੇ ਸਫ਼ਰ ਦੀ ਪ੍ਰਕਿਰਿਆ ਨੂੰ ਵੱਖ ਵੱਖ ਸਥਿਤੀਆਂ ਵਿਚ ਪੇਸ਼ ਕਰਕੇ ਸੀਹਰਾ ਨੇ ਮਨੁੱਖੀ



ਦੇਹ ਜਾਂ ਜੀਵਨ ਨੂੰ ਥੇਹ ਦੇ ਰੂਪਕ ਵਿਚ ਰੂਪਾਂਤਰਿਤ ਕੀਤਾ ਹੈ।ਇਸ ਥੇਹ ਵਿੱਚ ਖੰਡਰ ਬਣ ਚੁੱਕੀਆਂ ਖਾਹਿਸ਼ਾਂ, ਤੜਪ ਰਹੇ ਸਮੁੰਦਰ, ਮਸਾਣਾਂ 'ਚ ਨੱਚਦੇ ਕਲੰਦਰ, ਤਪੱਸਵੀ ਦੀਆਂ ਸੁੰਨੀਆਂ ਕੰਦਰਾਂ, ਮਿੱਟੀ ਵਿਚ ਰੁਲ ਚੁੱਕੇ ਸਿਕੰਦਰ, ਮਸੀਤਾਂ ਮੰਦਰਾਂ ਵਿਚਲਾ ਖਾਲੀਪਣ ਆਦਿ ਇਕ ਦੂਜੇ ਵਿਚ ਗੁੱਥਮਗੁੱਥਾ ਹੋਏ ਸਾਹ ਲੈਂਦੇ ਪ੍ਰਤੀਤ ਹੁੰਦੇ ਹਨ। ਇਸ ਤੋਂ ਇਹ ਸੰਕੇਤ ਮਿਲਦਾ ਹੈ ਇਸ ਦੁਨੀਆਂ ਵਿਚ ਕਈ ਆਏ ਕਈ ਗਏ, ਅਖੀਰ ਲੱਕੜਾਂ ਵਿਚ ਬਲੇ ਜਾਂ ਮਿੱਟੀ ਹੇਠ ਦਫ਼ਨ ਹੋਏ। ਜ਼ਿੰਦਗੀ ਇਸੇ ਤਰ੍ਹਾਂ ਤੁਰਦੀ ਰਹੀ ਹੈ। ਸੋ ਇਹ ਧਰਤੀ ਅਤੇ ਧਰਤੀ ਤੇ ਵਿਚਰ ਰਹੇ ਮਨੁੱਖਾਂ ਦੀ ਜ਼ਿੰਦਗੀ ਥੇਹ ਵਾਂਗ ਹੈ ਜਿਸ ਵਿਚ ਬਹੁਤ ਕੁਝ ਦਫ਼ਨ ਹੈ। ਜਿਓਂ ਜਿਓਂ ਮਨੁੱਖ ਇਸ ਧਰਤੀ ਤੇ ਵਿਚਰਦਾ ਰਿਹਾ ਹੈ, ਉਸਦੇ ਦੁੱਖ ਸੁੱਖ ਇਸ ਮਿੱਟੀ ਵਿਚੋਂ ਉੱਗਦੇ ਵੀ ਤੇ ਮਰਦੇ ਵੀ ਰਹੇ ਹਨ। ਇਹ ਧਰਤੀ ਦਾ ਸੱਚ ਵੀ ਹੈ ਅਤੇ ਮਨੁੱਖੀ ਜ਼ਿੰਦਗੀ ਦਾ ਵੀ। ਇਸ ਤੋਂ ਇਕ ਗੱਲ ਨਿਖਰ ਕੇ ਆਉਂਦੀ ਹੈ ਕਿ ਮਨੁੱਖ ਬਿਖਰਿਆ ਹੋਇਆ ਹੈ, ਕਈ ਪਰਤਾਂ ਵਿਚ ਵਿਚਰਦਾ ਹੈ, ਦਿਲ ਅਤੇ ਦਿਮਾਗ਼ ਦੀ ਦਵੈਤ ਵਿਚ ਜਿਉਂਦਾ ਹੈ। ਲੇਕਿਨ ਸ਼ਾਇਰ ਇਸ ਤੋਂ ਪਾਰ ਜਾਣਾ ਲੋਚਦਾ ਹੈ, ਇਸ ਲਈ ਐਸੀ ਰਚਨਾ ਸਿਰਜਦਾ ਹੈ ਜੋ ਜ਼ਿੰਦਗੀ ਨੂੰ ਸਮਝਣ ਅਤੇ ਉਸ ਤੋਂ ਪਾਰ ਜਾਣ ਅਤੇ ਉਸ ਪਾਰਗਾਮਤਾ ਵਿਚ ਜਿਉਣ ਦੀ ਲੋਚਾ ਕਰਦੀ ਹੈ। ਪਰ ਜਾਣ ਤੋਂ ਪਹਿਲਾਂ ਦੀ ਸਥਿਤੀ ਦਰਦ ਵਾਲੀ ਹੈ, ਦਰਦ ਨੂੰ ਸਮਝਦਿਆਂ ਉਸ ਤੇ ਵਿਚਾਰ ਹੈ ਅਤੇ ਉਸ ਵਿਚਾਰ ਤੋਂ ਬਾਅਦ ਦਰਦ ਨੂੰ ਲੁਕੋ, ਜ਼ਿੰਦਗੀ ਨੂੰ ਜੀਣ ਦੀ ਅਵਸਥਾ ਤੇ ਲਿਜਾ, ਉਸ ਤੋਂ ਪਾਰ ਜਾਣ ਦੀ ਪ੍ਰਕਿਰਿਆ ਹੈ। ਐਸਾ ਕਰਨ ਲਈ ਸ਼ਾਇਰ ਨਜ਼ਮ ਰਾਹੀਂ ਆਪਣੇ ਆਪ ਨੂੰ ਸਵਾਲ ਕਰਦਾ ਹੈ:-

"ਆਦਿ ਕਾਲ ਤੋਂ ਮੁੜ ਮੁੜ ਮੈਨੂੰ, ਪੁੱਛਦੀ ਨਜ਼ਮ ਰਹੀ।
ਜ਼ਖ਼ਮ ਕਿਉਂ ਨਹੀਂ ਭਰਦੇ, ਜਿਉਂਦੀ ਏਨੇ ਜਨਮ ਰਹੀ।"
( ਉਹੀ, ਪੰਨਾ, 22 )

ਫੇਰ ਸ਼ਾਇਰ ਦਾ ਆਪਾ ਹੀ ਉਸਨੂੰ ਸਵਾਲ ਕਰਦਾ ਹੈ:-

"ਆਂਦਰ ਆਂਦਰ ਮੇਰੀ, ਇਕ ਦੂਜੇ ਨੂੰ ਪੁੱਛਦੀ ਹੈ,
ਬੂੰਦ ਬੂੰਦ ਵਿਚ ਦਰਦ ਲਕੋ ਕੇ, ਤੂੰ ਕਿਉਂ ਧੜਕ ਰਹੀ।"
( ਉਹੀ, ਪੰਨਾ, 22 )

ਏਨਾ ਸਵਾਲਾਂ ਵਿੱਚ ਜ਼ਿੰਦਗੀ ਦਾ, ਕਵਿਤਾ ਦਾ ਬਹੁਤ ਵੱਡਾ ਵਿਅੰਗ ਛੁਪਿਆ ਹੋਇਆ ਹੈ ਕਿ ਕਵਿਤਾ ਏਨੀਆਂ ਸਦੀਆਂ ਤੋਂ ਰਚੀ ਜਾ ਕੇ ਵੀ ਮਨੁੱਖ ਦੇ ਦਰਦ ਦਾ ਇਲਾਜ ਨਹੀਂ ਲੱਭ ਸੱਕੀ।ਜ਼ਿੰਦਗੀ ਦਾ ਵਿਅੰਗ ਇਹ ਕਿ ਉਹ ਕੀ ਹੈ ਜੋ ਮਨੁੱਖ ਦੇ ਅੰਦਰ ਦੇ ਦਰਦ ਦੇ ਬਾਵਜੂਦ ਧੜਕਣ ਨੂੰ ਮੁੱਕਣ ਨਹੀਂ ਦੇਂਦਾ। ਇਹ ਕਵਿਤਾ ਬਾਰੇ ਅਤੇ ਜ਼ਿੰਦਗੀ ਬਾਰੇ ਦਾਰਸ਼ਨਿਕ ਪ੍ਰਸ਼ਨ ਹਨ ਜੋ ਕਵਿਤਾ ਅਤੇ ਜ਼ਿੰਦਗੀ ਦੀ ਤੋਰ ਨੂੰ ਲਗਾਤਾਰਤਾ ਬਖ਼ਸ਼ਦੇ ਹਨ।ਏਥੇ ਇਕ ਸਵਾਲ ਪੈਦਾ ਹੁੰਦਾ ਹੈ। ਕੀ ਕਵਿਤਾ ਦਾ ਕਾਰਜ ਜ਼ਿੰਦਗੀ ਵਿਚਲੇ ਦੁੱਖ ਦਰਦ ਦਾ ਹੱਲ ਲੱਭਣਾ ਹੈ ? ਇਸ ਤਰ੍ਹਾਂ ਕਰ ਕੇ ਇਹ ਰਚਨਾ ਪਾਠਕ ਸਾਹਵੇਂ ਇਕ ਪ੍ਰਸ਼ਨ ਰੱਖਦੀ ਹੈ ਅਤੇ ਪਾਠਕ ਨੂੰ ਇਸ ਬਾਰੇ ਸੋਚਣ ਲਈ ਮਜਬੂਰ ਕਰਦੀ ਹੈ। ਜਿਹੜੀ ਕਵਿਤਾ ਪਾਠਕ ਦੇ ਮਨ ਅੰਦਰ ਸੋਚ ਪੈਦਾ ਕਰੇ ਉਸ ਦਾ ਮਹੱਤਵ ਦੁਗਣਾ ਹੋ ਜਾਂਦਾ ਹੈ। ਸੋ ਸੀਹਰੇ ਦੀ ਕਵਿਤਾ ਇਸ ਪੱਖੋਂ ਬੜੇ ਮਹੱਤਵ ਦੀ ਧਾਰਨੀ ਹੈ।

ਆਪਣੀ ਇਸ ਤੋਂ ਪਹਿਲਾਂ ਗ਼ਜ਼ਲਾਂ ਦੀ ਪੁਸਤਕ 'ਹਵਨ' ਵਿੱਚ ਸੀਹਰਾ ਨੇ ਸ੍ਰਿਸ਼ਟੀ ਦੇ

ਪੰਜ ਤੱਤਾਂ ਦੀ ਕਾਵਿ-ਪੇਸ਼ਕਾਰੀ ਬੜੇ ਸੁਹਜਮਈ ਢੰਗ ਨਾਲ ਕੀਤੀ ਸੀ। ਇਸ ਕਾਵਿ-ਪੁਸਤਕ ਵਿਚ ਮਿੱਟੀ ਤੱਤ ਅਰਥਾਤ ਧਰਤੀ ਦਾ ਚਿਹਨ ਬੜੇ ਮਹੱਤਵ ਦਾ ਧਾਰਨੀ ਹੈ। 'ਥੇਹ' ਦਾ ਸੰਬੰਧ ਧਰਤੀ ਨਾਲ ਬੜਾ ਗਹਿਰਾ ਹੈ। ਮਿੱਟੀ ਅਰਥਾਤ ਧਰਤੀ ਦਾ ਸੰਬੰਧ ਮਨੁੱਖੀ ਦੇਹ ਨਾਲ ਵੀ ਬੜਾ ਗਹਿਰਾ ਹੈ। ਭਾਰਤੀ ਦਰਸ਼ਨ ਵਿਚ ਸਰੀਰ ਨੂੰ ਮਿੱਟੀ ਦੇ ਰੂਪਕ ਨਾਲ ਮੇਲਿਆ ਗਿਆ ਹੈ। ਇਸ ਕਾਵਿ-ਪੁਸਤਕ ਵਿਚ ਜਲ, ਵਾਯੂ ਅਗਨੀ ਤੱਤਾਂ ਦਾ ਜ਼ਿਕਰ ਕਰ ਕੇ ਵੀ ਸਭ ਤੋਂ ਵੱਡਾ ਤੱਤ ਮਿੱਟੀ ਮੰਨਿਆ ਹੈ। ਇਸ ਵਿਚਾਰ ਦੀ ਪ੍ਰੋੜਤਾ ਲਈ ਇਸ ਪੁਸਤਕ ਦੀ ਅਖੀਰਲੀ ਗ਼ਜ਼ਲ ਦਾ ਇਕ ਸ਼ੇਅਰ ਪੇਸ਼ ਹੈ:-

"ਅਗਨ ਪਵਨ ਤੇ ਜਲ ਉਲਟਾ ਕੇ, ਮੌਸਮ ਲੰਘ ਜਾਂਦਾ,
ਮੈਂ ਮਿੱਟੀ ਸੰਗ ਮਿੱਟੀ ਹੋਇਆ, ਸਭ ਦੁਖ ਸਹਿ ਜਾਨਾਂ।"
( ਉਹੀ, ਪੰਨਾ, 100 )

ਮਿੱਟੀ ਦਾ ਥੇਹ ਨਾਲ ਰਿਸ਼ਤਾ ਬੜਾ ਗਹਿਰਾ ਹੈ। ਵਿਵਿਧ ਜ਼ਿੰਦਗੀ ਦੇ ਵਿਵਿਧ ਪੜਾਵਾਂ ਦਾ ਸੰਬੰਧ ਆਰਜ਼ੀ ਤੌਰ ਤੇ ਅਗਨੀ, ਪਵਨ, ਜਲ, ਆਕਾਸ਼ ਨਾਲ ਹੋ ਸਕਦਾ ਹੈ, ਲੇਕਿਨ ਪੱਕੇ ਤੌਰ ਤੇ ਉਸਦਾ ਸੰਬੰਧ ਮਿੱਟੀ ਅਰਥਾਤ ਥੇਹ ਨਾਲ ਹੀ ਜੁੜਦਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ-ਪੁਸਤਕ ਵਿਚ ਥੀਮ ਅਤੇ ਰੂਪ ਦੀ ਸੰਜੁਗਤੀ ਪੇਸ਼ ਕੀਤੀ ਗਈ ਹੈ। ਕਵਿਤਾ ਦੇ ਥੀਮ ਦਾ ਸੰਬੰਧ ਜ਼ਿੰਦਗੀ ਅਰਥਾਤ ਮਿੱਟੀ ਰੂਪੀ ਸਰੀਰ ਨਾਲ ਹੈ ਲੇਕਿਨ ਇਸਨੂੰ ਥੇਹ ਦੇ ਰੂਪਕ ਰਾਹੀਂ ਪੇਸ਼ ਕਰਕੇ ਜ਼ਿੰਦਗੀ ਦੀ ਜੀਣ-ਪ੍ਰਕਿਰਿਆ ਨੂੰ ਵਿਸ਼ਾਲ ਪਰ ਗਹਿਰੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਥੀਮ ਅਤੇ ਰੂਪ ਦੀ ਇਹ ਸੰਜੁਗਤੀ ਇਸ ਕਾਵਿ ਦੀ ਸਾਰਥਕ ਪ੍ਰਾਪਤੀ ਹੈ।

ਪਰ ਕੀ ਸ਼ਾਇਰ ਜ਼ਿੰਦਗੀ ਨੂੰ ਥੇਹ ਵਾਂਗ ਪੇਸ਼ ਕਰਕੇ ਹੀ ਸੰਤੁਸ਼ਟ ਹੈ ? ਨਹੀਂ! ਉਹ ਤਾਂ ਜ਼ਿੰਦਗੀ ਜਿਉਣਾ ਲੋਚਦਾ ਹੈ। ਉਹ ਜ਼ਿੰਦਗੀ ਦੀ ਧੜਕਣ ਵਿੱਚ ਵਿਸ਼ਵਾਸ ਰੱਖਦਾ ਹੈ। ਉਸਨੂੰ ਇਸ ਗੱਲ ਦੀ ਸਮਝ ਹੈ ਕਿ ਮਨੁੱਖ ਦੀ ਜ਼ਿੰਦਗੀ ਵਿਚ ਕਈ ਤੈਹਾਂ ਹਨ। ਇਕ ਮਨੁੱਖ ਅੰਦਰ ਕਈ ਮਨੁੱਖ ਜਿਉਂਦੇ ਹਨ। ਮਨੁੱਖੀ ਜ਼ਿੰਦਗੀ ਹਾਦਸਿਆਂ ਦੀ ਥੇਹ ਹੈ। ਲੇਕਿਨ ਸ਼ਾਇਰ ਦੀ ਚਾਹਤ ਇਸ ਜ਼ਿੰਦਗੀ ਨੂੰ ਧੜਕਣ ਵਿੱਚ ਬਦਲ ਕੇ ਇਸ ਥੇਹ ਵਿੱਚ ਹਰਕਤ ਪੈਦਾ ਕਰਨ ਦੀ ਹੈ। ਆਪਣੀ ਇਸ ਚਾਹਤ ਦਾ ਇਜ਼ਹਾਰ ਉਹ ਇਸ ਤਰ੍ਹਾਂ ਕਰਦਾ ਹੈ:-

"ਕਈ ਖੂਹ ਨੇ ਮੇਰੇ ਅੰਦਰ ਤੂੰ ਦੱਸ ਕਿਹੜੇ 'ਚ ਡੁੱਬਣਾ ਹੈ,
ਤੇਰੇ ਬਿਨ ਸ਼ਾਮ ਮੈਨੂੰ ਇਸ ਤਰ੍ਹਾਂ ਹੁਣ ਪੁੱਛ ਕੇ ਲੰਘਦੀ।
ਕੋਈ ਆਵੇ ਜੁ ਮੇਰੀ ਜਾਨ ਦੇ ਵਿਚ ਜਾਨ ਪਾ ਦੇਵੇ
ਮੈਂ ਚਾਹੁੰਦਾ ਸੀ ਕਿ ਮੇਰੀ ਜ਼ਿੰਦਗੀ ਏਦਾਂ ਕਿਤੇ ਲੰਘਦੀ।"
( ਉਹੀ, ਪੰਨਾ, 51 )

ਸੋ ਜ਼ਿੰਦਗੀ ਦਾ ਸਫ਼ਰ ਧਰਤੀ ਦੀ ਇਸ ਥੇਹ ਵਿੱਚ ਸ਼ਾਮਿਲ ਹੈ। ਲੇਕਿਨ ਸਫ਼ਰ ਦਾ ਰੂਪ ਲਕੀਰੀ ਨਹੀਂ ਬਲਕਿ ਇਸ ਵਿਚ ਧਰਤ-ਮੁਖੀ, ਗਗਨ-ਮੁਖੀ, ਅਤੇ ਪਤਾਲ-ਮੁਖੀ ਦਿਸ਼ਾਵਾਂ ਦੀ ਸੰਜੁਗਤੀ ਹੈ। ਕਹਿਣ ਤੋਂ ਭਾਵ ਇਸ ਸਫ਼ਰ ਵਿਚ ਜ਼ਿੰਦਗੀ ਦੀ ਜਟਿਲਤਾ, ਜ਼ਿੰਦਗੀ ਦੀਆਂ ਬਹੁ-ਵਿਧ ਪਰਤਾਂ ਹਨ, ਇਸੇ ਲਈ ਜ਼ਿੰਦਗੀ ਸਾਹ ਨਹੀਂ ਲੈਂਦੀ, ਧੜਕਦੀ ਹੈ:-



"ਤੁਰਦਿਆਂ ਨੂੰ ਇਹ ਸਫ਼ਰ ਜਿਉਂ ਖੂਹ 'ਚ ਉਤਰਨ ਪੌੜੀਆਂ
ਉੱਡਦਿਆਂ ਨੂੰ ਕਾਲਿਆਂ ਬੱਦਲਾਂ ਦਾ ਤੈਨੂੰ ਪਰਖਣਾ।
ਕੁਝ ਕੁ ਰਿਸ਼ਤੇ ਜ਼ਿੰਦਗੀ ਦੇ, ਨਾਲ ਲਟਕਣ ਬੇ-ਵਜ੍ਹਾ,
ਦੂਰ ਜੋ ਹੋਣੇ ਨਹੀਂ ਪਰ, ਦੂਰੀਆਂ ਨੂੰ ਤਰਸਣਾ।"
( ਉਹੀ, ਪੰਨਾ,58 )

"ਅੰਦਰ ਦੀਆਂ ਮੈਂ ਅੰਦਰੇ ਰਹਿੰਦਾ ਜੇ ਟਾਲਦਾ।
ਏਦਾਂ ਨਾ ਬੰਦਾ ਭਟਕਦਾ ਬੰਦਾ ਕਮਾਲ ਦਾ।

ਇਸ ਵਿਚ ਉਡਾਰੀ ਹੀ ਨਹੀਂ, ਦਿਸਦੇ ਆਕਾਸ਼ ਦੀ,
ਇਸ ਵਿਚ ਪਿਆ ਨਕਸ਼ਾ ਵੀ ਹੈ ਮੇਰੇ ਪਤਾਲ ਦਾ।"
( ਉਹੀ, ਪੰਨਾ, 59 )

ਇਸ ਕਾਵਿ-ਪੁਸਤਕ ਦੀ ਵਿਸ਼ੇਸ਼ਤਾ ਇਸ ਦੀ ਵਿਅੰਗ-ਮਈ ਰਚਨਾ ਵਿਧੀ ਦੀ ਹੈ। ਸਾਰੀ ਪੁਸਤਕ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਕਾਰਜਸ਼ੀਲ ਦੂਹਰੇਪਨ ਅਤੇ ਦੋਗਲੇਪਣ ਉੱਪਰ ਵਿਅੰਗ ਕੀਤਾ ਗਿਆ ਹੈ। ਕਿਧਰੇ ਇਹ ਵਿਅੰਗ ਗੁੱਝੇ ਰੂਪ ਵਿਚ ਹੈ ਅਤੇ ਕਿੱਧਰੇ ਜ਼ਾਹਿਰ ਰੂਪ ਵਿਚ। ਵਿਅੰਗਮਈ ਸਥਿਤੀ ਦੀਆਂ ਕੁਝ ਮਿਸਾਲਾਂ ਪੇਸ਼ ਹਨ:-

"ਮੇਰੇ ਦੁੱਖਾਂ ਦੀ ਇਹ ਗਾਥਾ, ਨਵੀਂ ਤਾਂ ਹੈ ਨਹੀਂ ਸੱਜਣਾ,
ਕੀਤੇ ਮੈਂ ਅਣਵਿਆਹੀ ਮਾਂ, ਕੀਤੇ ਸ਼ਾਦੀ ਸ਼ੁਦਾ ਕੰਨਿਆ"
( ਉਹੀ, ਪੰਨਾ, 29 )

"ਉਹ ਵੇਚਦੇ ਨੇ ਚਾਨਣ ਹਨ ਦੀਵਿਆਂ 'ਚ ਪਾ ਕੇ
ਆਖਣ ਜਗਾਓ ਜਾ ਕੇ, ਆਏ ਨੇ ਪਿੰਡ ਲੁਟੇਰੇ।"
( ਉਹੀ, ਪੰਨਾ, 23 )

" 'ਸੀਹਰੇ ਇਹ ਮੇਹਫਿਲਾ ਦੀ ਕਾਹਦੀ ਫ਼ਕੀਰੀ ਜਿਸ ਵਿਚ,
ਕੂਕਰ ਨੇ ਲੱਭਦੇ ਵਿਹੜੇ, ਲੱਭਦੇ ਨੇ ਕਾਂ ਬਨੇਰੇ।"
( ਉਹੀ, ਪੰਨਾ, 23 )

"ਬਦਲਦੇ ਚਿਹਰੇ ਹੀ ਏਥੇ ਕੱਢ ਜ਼ਮਾਨਾ ਬਦਲਦਾ,
ਲਫ਼ਜ਼ ਆ ਜਾਂਦੇ ਨਵੇਂ, ਲੇਕਿਨ ਪੁਰਾਣੀ ਤਰਜ਼ ਹੈ।
ਰਹਿਣ ਦੇ 'ਸੀਹਰੇ' ਮੁਸ਼ਾਇਰਾ, ਪੜ੍ਹ ਲਵੀਂ ਅਖ਼ਬਾਰ ਵਿਚ,
ਬਹਿਰ ਗਾਉਂਦੇ, ਵਜ਼ਨ ਗਾਉਂਦੇ ਤੇ ਕਹਿਣਗੇ ਅਰਜ਼ ਹੈ।"
( ਉਹੀ, ਪੰਨਾ, 80 )

ਇਸ ਕਾਵਿ-ਪੁਸਤਕ ਦੇ ਥੀਮ ਨੂੰ ਜੇ ਸਮੁੱਚੇ ਅਰਥਾਂ ਵਿਚ ਲਿਆ ਜਾਏ ਤਾਂ ਇਸ ਦਾ ਥੀਮ, 'ਮੁਹੱਬਤ' ਬਣਦਾ ਹੈ। ਥਾਂ ਥਾਂ ਤੇ ਇਹੋ ਜਿਹੇ ਸ਼ੇਅਰ ਖਿੱਲਰੇ ਪਏ ਹਨ ਜਿਨ੍ਹਾਂ ਵਿਚੋਂ ਮੁਹੱਬਤ ਦੀ ਸਹਿਜ ਪਰਿਭਾਸ਼ਾ ਮਿਲਦੀ ਹੈ। ਮੁਹੱਬਤ ਨੂੰ ਸੀਹਰਾ 'ਝੱਲ' ਦੇ ਅਰਥਾਂ ਵਿਚ ਪਰਿਭਾਸ਼ਿਤ ਕਰਦਾ ਹੈ। ਉਸ ਅਨੁਸਾਰ ਮੁਹੱਬਤ ਦੀ ਕੋਈ ਖ਼ਾਸ ਰੁੱਤ ਨਹੀਂ ਹੁੰਦੀ ਅਤੇ ਨਾ ਹੀ ਇਹ ਹਰ ਸਾਲ ਦੀਵਾਲੀ ਜਾਂ ਕਿਸੇ ਹੋਰ ਤਿਓਹਾਰ ਵਾਂਗ ਆਉਂਦੀ ਹੈ। ਇਹ ਤਾਂ ਇਕ ਅਹਿਸਾਸ ਹੈ, ਧੜਕਣ ਹੈ ਜੋ ਜੇ ਹੈ ਤਾਂ ਸਾਹਾਂ ਵਿਚ, ਧੜਕਣ ਵਿੱਚ ਹਰ ਦਮ ਵਸਦੀ ਹੈ। ਇਸਦੀ ਤੁਲਨਾ ਕਵੀ ਸਿਵੇ ਨਾਲ ਕਰਦਾ ਹੈ ਜੋ ਜ਼ਿੰਦਗੀ ਦੇ ਨਾਲ ਬਲਦਾ ਰਹਿੰਦਾ ਹੈ ਅਤੇ ਸਾਹਾਂ ਵਿਚ ਧੜਕਦਾ ਹੈ । ਇਹ ਕੋਈ ਦੀਵਾ ਨਹੀਂ, ਜੋ ਜਗਾਇਆ ਜਾਂ ਬੁਝਾਇਆ ਜਾ ਸਕਦਾ ਹੈ। ਮਿਸਾਲ ਪੇਸ਼ ਹੈ:-

"ਮੁਹੱਬਤ ਦਾ ਸਿਵਾ ਹੈ ਇਹ, ਬੁਝੇਗਾ ਨਾਲ ਹੀ ਮੇਰੇ,
ਕੋਈ ਦੀਵਾ ਨਹੀਂ ਜੋ, ਬੁਝਾ ਦਿੱਤਾ ਜੱਗਾ ਦਿਤਾ।"
( ਉਹੀ, ਪੰਨਾ, 14 )

"ਤੂੰ ਇਸਨੂੰ ਸਾਂਭ ਲੈ 'ਸੀਹਰੇ', ਬਥੇਰਾ ਆਖਿਆ ਉਸਨੇ,
ਮੁਹੱਬਤ ਹੈ, ਦੀਵਾਲੀ ਵਾਂਗ ਇਹ ਹਰ ਸਾਲ ਨਹੀਂ ਹੁੰਦੀ।"
( ਉਹੀ, ਪੰਨਾ, 12 )

"ਜਿਉਂਦੇ ਜੀਅ ਦੁਨੀਆ ਵਿਚ ਆਪਣਾ ਤਾਜ ਮਹਿਲ ਨਹੀਂ ਪਾਈਦਾ।
ਬਣ ਜਾਵੇ ਬੁਨਿਆਦ ਮਕਬਰਾ ਏਦਾਂ ਰਹਿ ਕੇ ਜਾਈਦਾ।"
( ਉਹੀ, ਪੰਨਾ, 63 )

ਇਸ ਕਾਵਿ-ਪੁਸਤਕ ਦੀ ਕਾਵਿ-ਸੰਰਚਨਾ ਉੱਪਰ ਵਿਚਾਰ ਕਰਦਿਆਂ ਇਸ ਵਿਚ ਪੇਸ਼ ਵਿਰੋਧ ਦੀ ਜੁਗਤ ਵੱਲ ਸੰਕੇਤ ਮਿਲਦੇ ਹਨ। ਜ਼ਿੰਦਗੀ ਜਿਵੇਂ ਵਿਰੋਧ ਵਿਕਾਸ ਰਾਹੀਂ ਅੱਗੇ ਤੋਂ ਅੱਗੇ ਤੁਰਦੀ ਹੈ, ਇਸੇ ਤਰ੍ਹਾਂ ਇਸ ਪੁਸਤਕ ਦੀਆਂ ਗ਼ਜ਼ਲਾਂ ਵੀ ਵਿਰੋਧੀ ਚਿਹਨਾਂ ਦੇ ਦਵੰਧ ਵਿਚੋਂ ਆਪਣੇ ਗਤੀਸ਼ੀਲ ਅਰਥ ਉਜਾਗਰ ਕਰਦੀਆਂ ਹਨ ਖ਼ਾਸ ਤੌਰ ਤੇ ਵਿਅੰਗਮਈ ਅਰਥ ਤਾਂ ਚਿਹਨਾਂ ਦੇ ਆਪਸੀ ਵਿਰੋਧ ਵਿਚੋਂ ਹੀ ਪੈਦਾ ਹੁੰਦੇ ਹਨ। ਇਸ ਕਾਵਿ-ਪੁਸਤਕ ਵਿਚ ਸ਼ਾਇਰ ਕਈ ਵਿਰੋਧੀ ਚਿਹਨਾਂ ਦੇ ਸੰਬੰਧ ਸਿਰਜਦਾ ਹੈ। ਜਿਵੇਂ, ਚਿਰਾਗ਼-ਹਨ੍ਹੇਰਾ ( ਪੰਨਾ,23) , ਅਗਨ-ਬਰਫ਼ ( ਪੰਨਾ, 47 ), ਆਕਾਸ਼-ਪਾਤਾਲ ( ਪੰਨਾ,59 ), ਆਗਾਜ਼-ਅੰਜਾਮ ( ਪੰਨਾ, 48 ), ਨਦੀ-ਪਰਬਤ (ਪੰਨਾ, 49 ), ਡੁੱਬਣਾ-ਤਰਨਾ ( ਪੰਨਾ,85 ), ਸੁਰ ਦਬਾ-ਸੁਰ ਉਠਾਲ਼ (ਪੰਨਾ, 41 ), ਚੜ੍ਹ-ਲਹਿ ( ਪੰਨਾ 100 ), ਭਰਨਾ-ਖ਼ਾਲੀ ਹੋਣਾ ( ਪੰਨਾ, 22 ), ਸ਼ੋਰ-ਚੁੱਪ ( ਪੰਨਾ, 90 ) ਆਦਿ। ਚਿਹਨਾਂ ਦੇ ਆਪਸੀ ਵਿਰੋਧਾਂ ਵਿਚੋਂ ਪੇਸ਼ ਹੋਣ ਵਾਲੀ ਸੀਹਰੇ ਦੀ ਇਹ ਕਾਵਿ-ਪੁਸਤਕ ਅਰਥਾਂ ਦਾ ਜੋ ਸੰਸਾਰ ਸਿਰਜਦੀ ਹੈ ਉਸ ਵਿਚ ਮਨੁੱਖ ਦੀ ਜ਼ਿੰਦਗੀ ਜੀਣ ਦੀ ਲੋਚਾ , ਗਾਥਾ,ਪ੍ਰੇਰਨਾ, ਨਸੀਹਤ ਹੈ। ਮਨੁੱਖੀ ਜ਼ਿੰਦਗੀ ਜੀਣ ਦੀ ਕਾਮਨਾ ਹੈ। ਇਤਿਹਾਸ, ਦਰਸ਼ਨ, ਸਮਾਜ ਨਾਲ ਸੰਬੰਧਿਤ ਕਾਵਿ-ਸੰਸਾਰ ਵਿਚ ਇਸ ਤੋਂ ਪਾਰ ਜਾਣ ਦੀ ਚੇਸ਼ਟਾ ਹੈ। ਇਹ ਜ਼ਿੰਦਗੀ ਨੂੰ ਸਮਝਣ ਦੀ ਕਵਿਤਾ ਹੈ, ਜੀਣ, ਥੀਣ, ਹੋਣ ਦੀ ਕਵਿਤਾ ਹੈ। ਇਹ ਧਰਤ ਹੋਣ ਦੀ ਕਵਿਤਾ ਹੈ, ਅਕਾਸ਼ ਹੋਣ ਦੀ ਕਵਿਤਾ ਹੈ, ਬ੍ਰਹਿਮੰਡ ਨਾਲ ਇਕ ਮਿਕ ਹੋਣ ਦੀ ਕਵਿਤਾ ਹੈ।ਇਹ ਐਸੀ ਜ਼ਿੰਦਗੀ ਦੀ ਕਵਿਤਾ ਹੈ ਜਿਸ



ਵਿਚ ਜ਼ਹਿਰ ਵੀ ਹੈ ਅਤੇ ਮਿਠਾਸ ਵੀ। ਕਹਿਣ ਤੋਂ ਭਾਵ ਕਵਿਤਾ ਰੂਪੀ ਥੇਹ ਵਿੱਚ ਸਮੁੱਚੀ ਕਾਇਨਾਤ ਸਮਾਈ ਹੋਈ ਹੈ।

ਇਸ ਪੁਸਤਕ ਦੀ ਆਂਤਰਿਕ ਸੰਰਚਨਾ ਵਿਚ ਸੰਗੀਤ ਹੈ। ਗ਼ਜ਼ਲ ਦਾ ਸੰਗੀਤਕ ਹੋਣਾ ਲਾਜ਼ਮੀ ਹੁੰਦਾ ਹੈ। ਜਿਸ ਗ਼ਜ਼ਲ ਵਿਚ ਸੰਗੀਤ ਨਹੀਂ ਉਹ ਆਪਣੇ ਅਰਥਾਂ ਦਾ ਪਾਠਕ ਉਪਰ ਅਸਰ ਨਹੀਂ ਕਰ ਸਕਦੀ। ਇਸ ਪੁਸਤਕ ਦੇ ਹਰ ਸ਼ੇਅਰ ਵਿਚ ਸੰਗੀਤ ਹੈ। ਲਗਦਾ ਹੈ ਸ਼ਾਇਰ ਵੀ ਇਸ ਪ੍ਰਤੀ ਸੁਚੇਤ ਹੈ ਇਸੇ ਲਈ ਉਹ ਸੁਰ-ਸੰਗੀਤ ਦੀ ਗੱਲ ਕਰਦਿਆਂ ਇਸ ਤੋਂ ਪਾਰ ਰੂਹ-ਸੰਗੀਤ ਤਕ ਪਹੁੰਚਣ ਦਾ ਯਤਨ ਕਰਦਾ ਹੈ।ਇਸ ਵਿਚਾਰ ਦੀ ਪ੍ਰੋੜਤਾ ਲਈ ਇਸ ਪੁਸਤਕ ਵਿਚੋਂ ਦੋ ਮਿਸਾਲਾਂ ਪੇਸ਼ ਹਨ:-

ਸੁਰ-ਸੰਗੀਤ

" ਪਹਾੜੀ ਰਾਗ ਦੇ ਰਾਹ ਵਿਚ, ਜਦੋਂ ਕੁਝ ਬੇੜੀਆਂ ਆਈਆਂ।
ਗਲੇ ਨੇ ਮੁਰਕੀਆਂ ਲਈਆਂ, ਕਿ ਘੁੰਮਣ ਘੇਰੀਆਂ ਆਈਆਂ।"
( ਉਹੀ, ਪੰਨਾ, 67 )

ਰੂਹ-ਸੰਗੀਤ

" ਇਸ ਵਿਚ ਨਾ ਲਾ ਤੂੰ ਮੁਰਕੀਆਂ, ਮੈਂ ਬਹੁਤ ਆਖਿਆ
ਤੇਰਾ ਤੇ ਮੇਰਾ ਮਿਲਣ ਤਾਂ, ਰੂਹਾਂ ਦਾ ਰਾਗ ਹੈ।"
( ਉਹੀ, ਪੰਨਾ, 97 )

ਉਪਰੋਕਤ ਸਾਰੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸੁਰਿੰਦਰ ਸੀਹਰਾ ਦਾ ਨਵਾਂ ਗ਼ਜ਼ਲ-ਸੰਗ੍ਰਹਿ ਮਨੁੱਖ ਦੀ ਜ਼ਿੰਦਗੀ ਰੂਪੀ ਥੇਹ ਨੂੰ ਧਰਤੀ ਜੇਡੀ ਵਿਸ਼ਾਲ ਥੇਹ ਨਾਲ ਇਕ ਮਿਕ ਕਰਕੇ ਜਿਸ ਗ਼ਜ਼ਲ ਸੰਸਾਰ ਦੀ ਸਿਰਜਣਾ ਕਰਦਾ ਹੈ ਉਸ ਵਿਚ ਬਹਿਰ, ਵਜ਼ਨ ਨਾਲੋਂ ਰੂਹਾਨੀ ਅਰਜ਼ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ ਅਤੇ ਇਸ ਬਾਰੇ ਸੀਹਰਾ ਆਪ ਵੀ ਸੁਚੇਤ ਹੈ। ਜਿਥੇ ਉਹ ਸੁਰ-ਸੰਗੀਤ ਨਾਲੋਂ ਰੂਹ-ਸੰਗੀਤ ਨੂੰ ਤਰਜੀਹ ਦੇਂਦਾ ਹੈ ਓਥੇ ਬਹਿਰ ਅਤੇ ਵਜ਼ਨ ਨਾਲੋਂ ਦਿੱਲੀ ਅਹਿਸਾਸ ਅਰਥਾਤ ਰੰਗ-ਏ-ਤਗ਼ਜ਼ਲ ਨੂੰ ਵਧੇਰੇ ਮਹੱਤਵ ਦੇਂਦਾ ਹੈ। ਇਹੀ ਉਸ ਦੀ ਗ਼ਜ਼ਲ-ਸਿਰਜਣਾ ਦੀ ਅਸਲ ਪ੍ਰਾਪਤੀ ਹੈ। ਮੈਂ ਏਥੇ ਹੀ ਆਪਣੀ ਗੱਲ ਇਸ ਪੁਸਤਕ ਦੇ ਪੰਨਾ 80 ਤੇ ਸੀਹਰੇ ਦੇ ਇਸ ਸ਼ੇਅਰ ਨਾਲ ਸਮਾਪਤ ਕਰਦੀ ਹਾਂ:-

" ਰਹਿਣ ਦੇ ਸੀਹਰੇ ਮੁਸ਼ਾਇਰਾ, ਪੜ੍ਹ ਲਵੀਂ ਅਖ਼ਬਾਰ ਵਿਚ
ਬਹਿਰ ਗਾਉਂਦੇ, ਵਜ਼ਨ ਗਾਉਂਦੇ ਤੇ ਕਹਿਣਗੇ, ਅਰਜ਼ ਹੈ।"

# 'ਭੰਵਰ' : ਸਿਰਜਨਾਤਮਕ ਵਿਧੀਆਂ /ਡਾ. ਕੰਵਲਪ੍ਰੀਤ ਕੌਰ

ਹਰਮਹਿੰਦਰ ਚਹਿਲ ਨੇ ਪਰਵਾਸੀ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੇ ਪਲੇਠੇ ਨਾਵਲ 'ਬਲੀ' ਨਾਲ ਆਗਾਜ਼ ਕਰਦਿਆਂ 'ਹੋਣੀ' ਤੇ 'ਆਫ਼ੀਆ ਸਦੀਕੀ ਦਾ ਜੇਹਾਦ' ਤੋਂ ਬਾਅਦ 'ਭੰਵਰ' ਦੀ ਰਚਨਾ ਕਰਕੇ ਨਾਮਵਰ ਲੇਖਕਾਂ ਨਾਲ ਬਰ ਮੇਚ ਲਿਆ ਹੈ। 'ਭੰਵਰ' ਨਾਵਲ ਸਦਕਾ ਚਿਰਾਂ ਬਾਅਦ ਗਲਪੀ ਖੇਤਰ ਵਿਚ ਸੰਘਰਸ਼ਸ਼ੀਲ ਇਨਸਾਨ ਦੇ ਜਜ਼ਬੇ ਨੂੰ, ਜਿਹੜਾ ਕਦੇ ਵੀ ਹਿੰਮਤ ਨਹੀਂ ਹਾਰਦਾ ਤੇ ਹਰ ਮੁਸੀਬਤ ਤੋਂ ਨਵਾਂ ਸਬਕ ਸਿੱਖਦਾ ਹੈ, ਦੀ ਪੇਸ਼ਕਾਰੀ ਹੋਈ ਹੈ। ਇਹ ਨਾਵਲ ਜ਼ਿੰਦਗੀ ਦੇ ਝਮੇਲਿਆਂ ਰੂਪੀ 'ਭੰਵਰ' ਵਿਚ ਫਸੇ ਬੰਦੇ ਦੀ ਦਾਸਤਾਨ ਨੂੰ ਪੇਸ਼ ਕਰਦਾ ਹੈ।

ਨਾਵਲ ਸਥਿਤੀਆਂ ਦੇ ਸੰਦਰਭ ਵਿਚ ਲੰਮੇ ਅਰਸੇ ਉੱਤੇ ਫੈਲੀ ਹੋਈ ਕਥਾ ਦਾ ਬਿਆਨ ਹੈ ਤੇ ਘਟਨਾਵਾਂ ਦਾ ਸਿਲਸਿਲਾ ਬਿਰਤਾਂਤ ਹੈ। ਬਿਰਤਾਂਤ ਤੇ ਵਰਣਨ ਦੋਵੇਂ ਹੀ ਨਾਵਲ ਦੇ ਬੁਨਿਆਦੀ ਅੰਗ ਹਨ। ਬਿਰਤਾਂਤ ਨਾਵਲ ਦੀ ਬਣਤਰ ਹੈ ਤੇ ਵਰਣਨ ਬੁਣਤੀ। ਬਣਤਰ ਤੇ ਬੁਣਤੀ ਦੀਆਂ ਅੱਗੋਂ ਅਨੇਕ ਜੁਗਤਾਂ ਸੰਭਵ ਹਨ। ਬਿਰਤਾਂਤ ਤੇ ਬਿਰਤਾਂਤਕਾਰ ਨਾਵਲ ਦੇ ਅਹਿਮ ਅੰਗ ਹਨ। ਬਿਰਤਾਂਤਕਾਰ ਰਚਨਹਾਰ ਦੇ ਨਾਲ-ਨਾਲ ਉਸ ਤੋਂ ਵੱਖਰਾ ਦਿਸਦਾ ਲੁਕਵਾਂ ਪਾਤਰ ਵੀ ਹੈ। ਬਿਰਤਾਂਤ ਵਿਚ ਵਰਣਨ, ਵਿਆਖਿਆ ਜਾਂ ਵਾਰਤਾਲਾਪ ਵਰਗੇ ਭਾਸ਼ਾਈ-ਰੂਪਾਂ ਦੀ ਵਰਤੋਂ ਸੰਭਵ ਹੈ।

'ਭੰਵਰ' ਦਾ ਸ਼ਿਲਪ ਅੰਨਯ-ਪੁਰਖੀ ਬਿਰਤਾਂਤ-ਸ਼ੈਲੀ ਵਾਲਾ ਹੈ। ਬਿਰਤਾਂਤਕਾਰ ਅਮਰੀਕਾ ਵੱਸੇ ਪੰਜਾਬੀ ਬੰਦੇ ਬਲਕਾਰ ਦੀ ਰੁਝੇਵੇਂ ਭਰੀ ਜ਼ਿੰਦਗੀ ਦੇ ਵੇਰਵਿਆਂ ਤੋਂ ਬਿਰਤਾਂਤ ਆਰੰਭਦਾ ਹੈ। ਡੂੰਘੇ ਪਾਣੀਆਂ ਦੀ ਘੁੰਮਣਘੇਰੀ 'ਭੰਵਰ' ਹੈ। ਇਸ ਨਾਵਲ ਵਿਚ ਜ਼ਿੰਦਗੀ ਦੀਆਂ ਮੁਸੀਬਤਾਂ 'ਭੰਵਰ' ਰੂਪੀ ਹਨ; ਜਿਨ੍ਹਾਂ ਦਾ ਸਾਹਮਣਾ ਕਰਨਾ ਜੇ ਨਾ-ਮੁਮਕਿਨ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਸਾਰੇ ਨਾਵਲੀ ਪਾਤਰ ਕਰਮਾ, ਬਲਕਾਰ, ਜਸਬੀਰ, ਨਿੱਕੀ, ਰੂਪ, ਲਾਲਜੀਤ ਤੇ ਬਸੰਤ ਕੌਰ ਕਿਸੇ ਨਾ ਕਿਸੇ ਤਰੀਕੇ ਨਾਲ ਇਕ ਭੰਵਰ ਵਿਚ ਫਸੇ ਹੋਏ ਹਨ। ਕਰਮੇ ਨੂੰ ਤਾਂ ਜੀਵਨ ਦੇ ਹਰ ਮੋੜ 'ਤੇ ਭੰਵਰ ਦਾ ਸਾਹਮਣਾ ਕਰਨਾ ਪੈਂਦਾ ਹੈ। ਨਾਵਲੀ ਬਿਰਤਾਂਤ ਅਨੁਸਾਰ ਕਰਮਾ, ਰੂਪ ਨੂੰ ਆਖਦਾ ਹੈ, "ਤੂੰ ਮੇਰੀ ਪੂਰੀ ਜ਼ਿੰਦਗੀ ਦੇ ਕਿੱਸੇ ਸੁਣੇਗੀ ਤਾਂ ਤੈਨੂੰ ਲੱਗੂ ਜਿਵੇਂ ਕਿਸੇ ਫ਼ਿਲਮ ਦੀ ਕਹਾਣੀ ਸੁਣ ਰਹੀ ਹੋਵੇਂ। ਮੇਰਾ ਨਾਂ ਈ ਕਰਮਾ ਐਂ, ਉਂਜ ਮੈਂ ਨਿਕਰਮਾ ਈ ਆਂ।"[1]

ਕਰਮਾ ਇਕ ਸਿੱਧਾ-ਸਾਦਾ ਪੇਂਡੂ ਬੰਦਾ ਹੈ, ਜੋ ਆਪਣੀਆਂ ਮਜ਼ਬੂਰੀਆਂ ਕਾਰਨ ਅਮਰੀਕਾ ਤਾਂ ਪੁੱਜ ਜਾਂਦਾ ਹੈ ਪਰ ਉੱਥੇ ਉਹਦੇ ਨਾਲ ਉਹ ਕੁਝ ਵਾਪਰਦਾ ਹੈ ਜੋ ਉਸਦੇ ਚਿੱਤ-ਚੇਤਿਆਂ ਵਿਚ ਵੀ ਨਹੀਂ ਹੁੰਦਾ। ਉੱਥੇ ਉਸ ਨੂੰ ਅਣਕਿਆਸੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਹਰ ਮੁਸੀਬਤ ਉਸਨੂੰ ਭੰਵਰ ਵੱਲ ਲੈ ਤੁਰਦੀ ਹੈ। ਅਜਿਹੇ ਮੌਕੇ ਬਹੁਤੀ ਵਾਰ ਉਸਦਾ ਦੋਸਤ ਬਲਕਾਰ ਹੀ ਉਸਨੂੰ ਭੰਵਰ ਵਿਚੋਂ ਕੱਢਦਾ ਹੈ। ਇਕ ਮੁਸੀਬਤ ਵਿਚੋਂ ਬਾਹਰ ਨਿਕਲਦਿਆਂ ਹੀ ਅੱਗੇ ਨਵੀਂ ਮੁਸੀਬਤ ਰਾਹ ਘੇਰੀ ਖੜ੍ਹੀ ਮਿਲਦੀ ਹੈ। ਹਰ ਵਾਰ ਕਰਮਾ ਮੌਤ ਦੇ ਮੂੰਹੋਂ ਬਚ ਨਿਕਲਦਾ ਹੈ।

ਜਿਨ੍ਹਾਂ ਤੱਤਾਂ ਦੁਆਰਾ 'ਭੰਵਰ' ਨਾਵਲ ਹੋਂਦ ਗ੍ਰਹਿਣ ਕਰਦਾ ਹੈ ਜਾਂ ਸੰਗਠਨ ਵਿਚ ਬੱਝਦਾ ਹੈ, ਉਹ ਇਸਦਾ ਥੀਮ ਹੈ। ਨਾਵਲੀ ਬਿਰਤਾਂਤ ਅਨੁਸਾਰ ਕਰਮੇ ਦਾ ਕਾਲਜ ਪੜ੍ਹਦਿਆਂ ਪਹਿਲਾ ਪਿਆਰ ਰੂਪ ਸੀ ਪਰ ਇਹ ਪਿਆਰ ਇਕ ਪਾਸੜ ਹੋਣ ਕਰਕੇ ਉਹ ਲਾਲਜੀਤ ਨਾਲ ਵਿਆਹੀ ਗਈ। ਉਹ ਦੁਬਾਰਾ ਕਰਮੇ ਨੂੰ ਉਸਦੇ ਵਿਆਹ ਮੌਕੇ ਮਿਲਦੀ ਹੈ। ਕਰਮੇ ਦੇ ਮੁੜ ਅਮਰੀਕਾ ਪਹੁੰਚਣ ਤੋਂ ਛੇਤੀ ਬਾਅਦ ਲਾਲਜੀਤ ਦੀ ਵਿਰੋਧੀਆਂ ਹੱਥੋਂ ਮੌਤ ਹੋ ਜਾਂਦੀ ਹੈ ਤੇ ਰੂਪ ਵਿਧਵਾ ਹੋ ਜਾਂਦੀ ਹੈ। ਕਰਮੇ ਦੀ ਸੱਸ ਬਸੰਤ ਕੌਰ ਬਾਰਾਂਤਾਲੀ ਔਰਤ ਹੈ, ਉਹ ਰੂਪ ਦੀ ਜਾਇਦਾਦ ਹੜੱਪਣਾ



ਚਾਹੁੰਦੀ ਹੈ ਪਰ ਉਸ ਦੀਆਂ ਚਾਲਾਂ ਦੀ ਕਿਸੇ ਨੂੰ ਕੰਨੋ-ਕੰਨ ਵੀ ਖ਼ਬਰ ਨਹੀਂ ਹੁੰਦੀ। ਕਰਮੇ ਦੀ ਜ਼ਿੰਦਗੀ ਵਿਚ ਨਿੱਕੀ ਦਾ ਪ੍ਰਵੇਸ਼ ਮੁਸੀਬਤਾਂ ਦੀ ਆਮਦ ਬਣਦਾ ਹੈ। ਬਸੰਤ ਕੌਰ ਦਾ ਲਾਲਚ ਰੂਪ ਨੂੰ ਭੰਵਰ ਵਿਚ ਫਸਾ ਦੇਂਦਾ ਹੈ। ਆਪ ਬਸੰਤ ਕੌਰ ਲਾਲਚ ਦੇ ਭੰਵਰ ਵਿਚ ਅਜਿਹੀ ਧੱਸਦੀ ਚਲੀ ਜਾਂਦੀ ਹੈ ਕਿ ਉਸਨੂੰ ਸਾਰੇ ਰਿਸ਼ਤੇ-ਨਾਤੇ, ਲਾਲਚ ਦੇ ਸਾਹਮਣੇ ਨਿਗੂਣੇ ਲੱਗਦੇ ਹਨ।

ਨਾਵਲੀ ਰਚਨਾ-ਵਸਤੂ ਦੀ ਪੇਸ਼ਕਾਰੀ ਦੇ ਢੰਗ-ਤਰੀਕੇ ਜੁਗਤਾਂ ਹਨ। ਜੁਗਤਾਂ ਪਿੱਛੇ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਕੰਮ ਕਰਦੀ ਹੈ। ਜੁਗਤਾਂ ਨਾਵਲ ਨੂੰ ਕਲਾਤਮਕਤਾ ਪ੍ਰਦਾਨ ਕਰਦੀਆਂ ਹਨ। ਇਥੇ ਨਾਵਲਕਾਰ ਨੇ ਸੁਚੇਤ ਤੇ ਅਚੇਤ ਦੋਵੇਂ ਤਰ੍ਹਾਂ ਦੀਆਂ ਜੁਗਤਾਂ ਵਰਤੀਆਂ ਹਨ। ਇਥੇ ਬਿਰਤਾਂਤ ਤੇ ਵਰਣਨ ਦੇ ਨਾਲ-ਨਾਲ ਗਲਤ ਫ਼ਹਿਮੀ, ਉਹਲਾ, ਸਾਜ਼ਿਸ਼, ਵਿਆਖਿਆ, ਵਿਸ਼ਲੇਸ਼ਣ, ਮਨੋਲਾਪ, ਵਾਰਤਾਲਾਪ, ਵਿਗੋਪਨ, ਮੌਕਾ-ਮੇਲ, ਅਜਨਬੀਕਰਨ ਆਦਿ ਜੁਗਤਾਂ ਦੀ ਵਰਤੋਂ ਆਮ ਹੀ ਹੋਈ ਹੈ।

ਨਾਵਲ ਘਟਨਾਵਾਂ ਦਾ ਬਿਰਤਾਂਤ ਹੈ। ਘਟਨਾ ਕਿਸੇ ਕਾਲ-ਬਿੰਦੂ 'ਤੇ ਵਾਪਰਨੀ ਸ਼ੁਰੂ ਹੁੰਦੀ ਹੈ ਅਤੇ ਕਿਸੇ ਕਾਲ-ਬਿੰਦੂ ਤੱਕ ਵਾਪਰਦੀ ਚਲੀ ਜਾਂਦੀ ਹੈ। 'ਭੰਵਰ' ਵਿਚ ਅਤੀਤ ਦੀ ਘਟਨਾ ਦੀ ਪੇਸ਼ਕਾਰੀ ਵਰਤਮਾਨ ਵਿਚ ਕੀਤੀ ਗਈ ਹੈ। ਘਟਨਾਵਾਂ ਇੰਜ ਪੇਸ਼ ਹੋਈਆਂ ਹਨ ਜਿਵੇਂ ਉਹ ਪਾਠਕ ਦੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਹੋਣ। ਅਜਿਹੀ ਅਵਸਥਾ ਵਿਚ ਪਾਠਕ ਆਪਣਾ ਵਰਤਮਾਨ ਭੁੱਲ ਕੇ ਘਟਨਾ ਦੇ ਗਲਪੀ ਵਾਤਾਵਰਨ ਦੇ ਭਰਮ ਵਿਚ ਗੁਆਚ ਜਾਂਦਾ ਹੈ। ਬਿਰਤਾਂਤ ਉਸਾਰੀ ਲਈ ਬੂਮਿਰੈਂਗ ਜੁਗਤ ਵਰਤੀ ਗਈ ਹੈ। ਨਾਵਲੀ ਕਥਾ ਨੂੰ ਅੱਧ ਵਿਚਾਲਿਉਂ ਆਰੰਭ ਕਰਕੇ ਬਾਅਦ ਵਿਚ ਪਿਛੋਕੜ ਚਿਤਰਿਆ ਹੈ। ਇਹ ਪਿਛੋਕੜ ਮੁੜ ਆਰੰਭ ਨਾਲ ਆ ਜੁੜਦਾ ਹੈ ਤੇ ਇਥੋਂ ਕਹਾਣੀ ਫਿਰ ਅੱਗੇ ਤੁਰ ਪੈਂਦੀ ਹੈ। ਨਾਵਲ ਦੇ ਆਰੰਭ ਵਿਚ ਵਾਸ਼ਿੰਗਟਨ ਰਹਿ ਰਹੇ ਬਲਕਾਰ ਦੇ ਹਾਲਾਤਾਂ ਨਾਲ ਜਾਣੂ ਕਰਾਇਆ ਗਿਆ ਹੈ। ਬਲਕਾਰ ਨੇ ਪੰਜਾਬ ਤੋਂ ਆਪਣਾ ਦੋਸਤ ਕਰਮਾ ਗੈਰ ਕਾਨੂੰਨੀ ਢੰਗ ਨਾਲ ਸੱਦਿਆ ਹੋਇਆ ਹੈ ਪਰ ਦੁਚਿੱਤੀ ਇਹ ਹੈ ਕਿ ਕਰਮੇ ਨੂੰ ਕੈਲੀਫੋਰਨੀਆ ਦੀ ਇੰਮੀਗਰੇਸ਼ਨ ਫੜ ਲੈਂਦੀ ਹੈ। ਉਹਦੇ ਉੱਤੇ ਗਲਤ ਢੰਗ ਨਾਲ ਬਾਰਡਰ ਲੰਘ ਕੇ ਅਮਰੀਕਾ ਦਾਖ਼ਲ ਹੋਣ ਦੇ ਚਾਰਜ ਲੱਗਦੇ ਹਨ। ਇਸ ਵੇਲੇ ਤਕ ਬਲਕਾਰ ਨੂੰ ਕਰਮੇ ਦੇ ਫੜੇ ਜਾਣ ਦੀ ਕੋਈ ਉੱਘ-ਸੁੱਘ ਨਹੀਂ ਹੁੰਦੀ। ਸਗੋਂ ਉਹ ਤਾਂ ਚਾਹ ਦੇ ਘੁੱਟ ਭਰਦਿਆਂ ਪੰਜਾਬ ਦੀਆਂ ਪੁਰਾਣੀਆਂ ਯਾਦਾਂ ਤੇ ਖਿਆਲਾਂ ਵਿਚ ਵਹਿ ਤੁਰਦਾ ਹੈ। ਉਸਨੂੰ ਕਰਮੇ ਨਾਲ ਸਕੂਲ ਵੇਲੇ ਦੀ ਦੋਸਤੀ ਯਾਦ ਆਉਂਦੀ ਹੈ ਤੇ ਫਿਰ ਵਿਆਹ ਕਰਵਾ ਕੇ ਅਮਰੀਕਾ ਪਹੁੰਚਣਾ ਵੀ ਚੇਤੇ ਆਉਂਦਾ ਹੈ। ਉਸਨੂੰ ਯਾਦ ਆਉਂਦਾ ਹੈ ਕਿ ਕਿਵੇਂ ਕਰਮਾ ਤਰਲੇ ਲੈ-ਲੈ ਇਥੋਂ ਤੱਕ ਪਹੁੰਚਿਆ ਹੈ। ਬਲਕਾਰ ਉਸਦੀ ਕਾਨੂੰਨੀ ਤੇ ਗੈਰ-ਕਾਨੂੰਨੀ ਹਰ ਤਰ੍ਹਾਂ ਦੀ ਮਦਦ ਕਰਦਾ ਹੈ। ਇਥੇ ਆਪਣੇ ਬਾਰੇ ਦੱਸਦਿਆਂ ਬਲਕਾਰ ਪਹਿਲਾਂ ਬੀਤੇ ਸਮੇਂ ਨੂੰ ਲੁਕੋ ਲੈਂਦਾ ਹੈ ਪਰ ਬਾਅਦ ਵਿਚ ਪਿਛੋਕੜ ਦੀ ਜਾਣਕਾਰੀ ਦੇਂਦਾ ਹੈ। ਇਹ ਜੁਗਤ ਨਾਵਲ ਦੀ ਬਣਤਰ ਦਾ ਅਟੁੱਟ ਅੰਗ ਹੈ ਅਤੇ ਨਾਵਲ ਵਿਚ ਇਸਦੀ ਵਰਤੋਂ ਇਕ ਤੋਂ ਵਧੇਰੇ ਮੌਕਿਆਂ ਉੱਤੇ ਹੋਈ ਮਿਲਦੀ ਹੈ।

ਸੂਚਨਾ ਦੇਣ ਨੂੰ ਵਿਗੋਪਨ ਕਿਹਾ ਜਾਂਦਾ ਹੈ। ਨਾਵਲ ਨੂੰ ਅੱਧ-ਵਿਚਾਲਿਉਂ ਆਰੰਭ ਕਰਕੇ ਪਿੱਛਲਝਾਤ ਰਾਹੀਂ ਸਥਿਤੀ ਦਾ ਵਿਗੋਪਨ ਨਾਵਲੀ ਅਜਬੀਕਰਨ ਦੀ ਜਾਣੀ-ਪਛਾਣੀ ਜੁਗਤ ਹੈ। ਨਾਵਲ ਵਿਚ ਕਿਸੇ ਕਾਲ-ਬਿੰਦੂ ਉਪਰ ਜੋ ਸਥਿਤੀ ਰੂਪਮਾਨ ਕੀਤੀ ਗਈ ਹੈ, ਉਸਦੇ ਕੁਝ ਵੇਰਵੇ ਪ੍ਰਗਟ ਕਰ ਦਿੱਤੇ ਗਏ ਹਨ ਅਤੇ ਕੁਝ ਲੁਕਵੇਂ ਰੱਖੇ ਹਨ। ਪ੍ਰਗਟਾਉ ਤੇ ਲੁਕਾਉ ਦੋਵੇਂ ਹੀ ਨਾਵਲੀ ਬਿਰਤਾਂਤ ਵਿਚ ਦਿਲਚਸਪੀ ਕਾਇਮ ਰੱਖਣ ਲਈ ਜ਼ਰੂਰੀ ਹਨ। ਕਿਸੇ ਸਥਿਤੀ ਦੀ ਅਧੂਰੀ ਸੂਚਨਾ ਉਸ ਸਥਿਤੀ ਬਾਰੇ ਹੋਰ ਜਾਣਨ ਦੀ ਖ਼ਾਹਿਸ਼ ਪੈਦਾ ਕਰਦੀ ਹੈ ਅਤੇ ਲੁਕੀ ਰਹਿ ਗਈ

ਜਾਣਕਾਰੀ ਹਾਸਿਲ ਕੀਤੇ ਬਿਨਾਂ ਸਥਿਤੀ ਦੀ ਪੂਰੀ ਸਮਝ ਨਹੀਂ ਪੈਂਦੀ। ਲੁਕੇ ਵੇਰਵਿਆਂ ਦੀ ਸੂਚਨਾ ਦੇਣ ਦੀ ਜੁਗਤ ਹੀ ਵਿਗੋਪਨ ਹੈ। ਨਾਵਲ ਦੇ ਅੰਤ ਉਤੇ ਗੁਰਿੰਦਰ ਦੇ ਅਮਰੀਕਾ ਜਾਣ ਵੇਲੇ ਸਾਰਾ ਰਹੱਸ ਖੁੱਲ੍ਹਦਾ ਹੈ। ਨਿੱਕੀ ਵੀ ਉਦੋਂ ਸ਼ਸੋਪੰਜ ਵਿਚ ਪੈ ਜਾਂਦੀ ਹੈ ਜਦੋਂ ਫੋਨ 'ਤੇ ਗੱਲਬਾਤ ਕਰਦਿਆਂ ਗੁਰਿੰਦਰ ਆਖਦਾ ਹੈ, "ਮੇਰੀ ਕੀ ਮੱਤ ਮਾਰੀ ਐ ਕਿ ਸਰਦਾਰੀਆਂ ਛੱਡ ਕੇ ਹੈਥੇ ਘੱਟਾ ਛਾਣਨ ਆਊਂਗਾ।"[2] ਅਸਲ ਵਿਚ ਰੂਪ ਦਾ ਗੁਰਿੰਦਰ ਨਾਲ ਕਾਗਜ਼ੀ ਵਿਆਹ ਕਰਨਾ ਇਕ ਬੜੀ ਡੂੰਘੀ ਤੇ ਗਹਿਰੀ ਸਾਜ਼ਿਸ਼ ਹੈ। ਇਸ ਸਾਜ਼ਿਸ਼ ਦਾ ਮੁੱਢ ਬਸੰਤ ਕੌਰ ਲਾਲਜੀਤ ਦੀ ਮੌਤ ਤੋਂ ਤੁਰੰਤ ਬਾਅਦ ਬੰਨ੍ਹਦੀ ਹੈ। ਇਸਦੇ ਪਿੱਛੇ ਸਾਜ਼ਿਸ਼ ਇਹ ਹੈ ਕਿ ਗੁਰਿੰਦਰ, ਉਹ ਸਾਰੀ ਜ਼ਮੀਨ-ਜਾਇਦਾਦ ਹੜੱਪਣੀ ਚਾਹੁੰਦਾ ਹੈ ਜੋ ਰੂਪ ਦੇ ਹਿੱਸੇ ਆਉਂਦੀ ਹੈ। ਜਾਇਦਾਦ ਦੀ ਖ਼ਾਤਰ ਹੀ ਉਹ ਰੂਪ ਨੂੰ ਨਹਿਰ ਵਿਚ ਧੱਕਾ ਦੇਣਾ ਚਾਹੁੰਦਾ ਹੈ ਪਰ ਆਪਣੀ ਕਿਸਮਤ ਕਰਕੇ ਰੂਪ ਬਚ ਨਿਕਲਦੀ ਹੈ।

ਭਰਮ-ਭੁਲੇਖਾ ਜਾਂ ਭ੍ਰਾਂਤੀ ਇਸ ਨਾਵਲ ਦਾ ਇਕ ਹੋਰ ਅਹਿਮ ਸੰਕਲਪ ਹੈ। ਨਾਵਲਕਾਰ ਆਪਣੀ ਕਲਾਮਈ ਕਲਪਨਾ ਦੀ ਸਹਾਇਤਾ ਨਾਲ ਜਿਸ ਤਰ੍ਹਾਂ ਦੇ ਗਲਪ-ਸੰਸਾਰ ਦੀ ਸਿਰਜਨਾ ਕਰਦਾ ਹੈ, ਉਹ ਵਸਤੂ-ਸੰਸਾਰ ਵਰਗਾ ਲੱਗਦਾ ਹੈ। ਇਸੇ ਭ੍ਰਾਂਤੀ ਸਦਕਾ ਪਾਠਕ ਨਾਵਲੀ ਦੁਨੀਆਂ ਵਿਚ ਗੁਆਚ ਜਾਂਦਾ ਹੈ। ਉਸਦੀ ਹਕੀਕਤ ਨੂੰ ਬਾਹਰੋਂ ਖਲੋ ਕੇ ਵੇਖਣ-ਪਰਖਣ ਦੀ ਸੂਝ ਖ਼ਤਮ ਹੋ ਜਾਂਦੀ ਹੈ। ਨਾਵਲ ਦੇ ਆਰੰਭ ਤੋਂ ਲੈ ਕੇ ਮੱਧ ਤਕ ਬਲਕਾਰ ਲੋੜੋਂ ਵੱਧ ਕਰਮੇ ਦੀ ਮਦਦ ਕਰਦਾ ਹੈ ਪਰ ਫਿਰ ਇਕਦਮ ਬਿਲਕੁਲ ਹੀ ਕਿਨਾਰਾ ਕਰ ਜਾਂਦਾ ਹੈ। ਇਥੋਂ ਤਕ ਕਿ ਨਿੱਕੀ ਵੀ ਸਾਰੇ ਹਾਲਾਤ ਸਮਝਦੀ ਹੋਈ ਰੂਪ ਦਾ ਸਾਥ ਛੱਡ ਦੇਂਦੀ ਹੈ। ਇਹ ਮੌਕਾ-ਮੇਲ ਦੀ ਜੁਗਤ ਹੈ। ਜਦੋਂ ਨਾਵਲ ਵਿਚ ਕੁਝ ਅਚਨਚੇਤ ਵਾਪਰ ਜਾਵੇ ਜੋ ਮੰਨਣਯੋਗ ਘੱਟ ਹੋਵੇ ਤਾਂ ਇਸ ਵਾਪਰਨ ਨੂੰ ਮੌਕਾ-ਮੇਲ ਆਖਿਆ ਜਾਂਦਾ ਹੈ। ਨਾਵਲੀ ਬਿਰਤਾਂਤ ਅਨੁਸਾਰ ਬਸੰਤ ਕੌਰ ਤੇ ਉਸਦੇ ਛੋਟੇ ਪੁੱਤਰ ਬਿੰਦਰ ਦਾ ਪੰਜਾਬ ਤੋਂ ਅਮਰੀਕਾ ਆਉਣਾ, ਬਿੰਦਰ ਵੱਲੋਂ ਨਸ਼ੇ ਦੀ ਹਾਲਤ ਵਿਚ ਰੂਪ ਦੇ ਹੱਥੀਂ ਪੈਣਾ ਤੇ ਪਰਿਵਾਰ ਵੱਲੋਂ ਰੂਪ 'ਤੇ ਦੋਸ਼ ਲਾ ਕੇ ਘਰੋਂ ਕੱਢਣਾ ਆਦਿ ਮੌਕਾ-ਮੇਲ ਜੁਗਤਾਂ ਹਨ।

ਨਾਵਲੀ ਪਰਿਸਥਿਤੀਆਂ ਵਿਚੋਂ ਨਾਵਲੀ ਸਥਿਤੀਆਂ ਉਪਜਦੀਆਂ, ਵਿਕਸਦੀਆਂ ਤੇ ਬਿਨਸਦੀਆਂ ਹਨ। ਪਾਤਰਾਂ ਦੇ ਨਿੱਜੀ ਮਾਹੌਲ ਦੇ ਵੇਰਵੇ ਵਿਅਕਤੀਗਤ ਪਰਿਵੇਸ਼ ਸਿਰਜਦੇ ਹਨ। ਨਾਵਲ ਦੇ ਪਾਤਰ ਪਰਿਸਥਿਤੀਆਂ ਦੇ ਸ਼ਿਕਾਰ ਹਨ। ਕਿਸੇ ਸਥਿਤੀ ਵਿਚ ਵਿਚਰਦੇ ਪਾਤਰ ਜਿਸ ਤਰ੍ਹਾਂ ਦਾ ਵੀ ਕਾਰਜ ਕਰਦੇ ਹਨ, ਉਹ ਉਨ੍ਹਾਂ ਦੀ ਮਾਨਸਿਕਤਾ ਦਾ ਲਖਾਇਕ ਹੋਣ ਦੇ ਨਾਲ-ਨਾਲ ਵਸਤੂਗਤ ਨਾਵਲੀ-ਬਿੰਬ ਵੀ ਸਿਰਜਦਾ ਹੈ। ਇਥੇ ਨਾਟਕੀਕਰਨ ਦੀ ਵਿਧੀ ਰਾਹੀਂ ਬਿਰਤਾਂਤਕਾਰ ਨੇ ਸਥਿਤੀਆਂ ਨੂੰ ਵਾਪਰਦਾ ਦੱਸਣ ਦੀ ਥਾਂ ਵਾਪਰਦਾ ਦਰਸਾਇਆ ਹੈ।

ਨਾਵਲੀ ਜੁਗਤ ਦੇ ਵਾਸੀ ਪਾਤਰ ਹਨ। ਬਿਰਤਾਂਤਕਾਰ ਨੇ ਪਾਤਰਾਂ ਦੇ ਸੁਭਾਅ ਦੇ ਨਾਲ-ਨਾਲ ਉਨ੍ਹਾਂ ਦੇ ਠੋਸ ਬਿੰਬ-ਚਿਤਰ ਵੀ ਉਭਾਰੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਪਾਤਰਾਂ ਨੂੰ ਲੰਮੇ ਅਰਸੇ ਵਿਚ ਫੈਲੀਆਂ ਸਥਿਤੀਆਂ ਵਿਚੋਂ ਲੰਘਾਇਆ ਹੈ। ਉਸਨੇ ਪ੍ਰਤੱਖ ਵਿਧੀ ਵਰਤਦਿਆਂ ਪਹਿਲਾਂ ਪਾਤਰਾਂ ਸੰਬੰਧੀ ਖ਼ੁਦ ਜਾਣਕਾਰੀ ਦਿੱਤੀ ਹੈ। ਇਸ ਵਿਧੀ ਰਾਹੀਂ ਉਸਨੇ ਪਾਤਰਾਂ ਦੀ ਸਰੀਰਕ ਬਣਤਰ, ਪਹਿਰਾਵੇ, ਚਾਲ-ਢਾਲ ਆਦਿ ਸੰਬੰਧੀ ਵੇਰਵੇ ਵੀ ਦਿੱਤੇ ਹਨ। "ਕਰਮੇ ਨੂੰ ਰੂਪ ਰੱਜ ਕੇ ਸੋਹਣੀ ਲੱਗਦੀ ਹੁੰਦੀ ਸੀ। ਰੰਗ ਭਾਵੇਂ ਉਸਦਾ ਕਣਕ ਵੰਨਾ ਜਿਹਾ ਸੀ ਪਰ ਉਸਦਾ ਲੰਬਾ ਸਰੂ ਵਰਗਾ ਕੱਦ, ਕਾਲੀਆਂ ਸਿਆਹ ਅੱਖਾਂ ਅਤੇ ਘਟਾਵਾਂ ਵਰਗੇ ਵਾਲ, ਕਰਮੇ ਦਾ ਕਾਲਜਾ ਕੱਢ ਕੇ ਲੈ ਜਾਂਦੇ ਹੁੰਦੇ ਸਨ।"[3] ਬੇਅੰਤ ਕੌਰ ਵਿਅੰਗਾਤਮਕ ਪਾਤਰ ਹੁੰਦੇ ਹੋਏ ਕਰਮੇ ਦਾ ਮਖ਼ੌਲ ਉਡਾਉਂਦੀ ਹੈ, "ਢਾਈ ਕਿਲੜੀਆਂ ਜ਼ਮੀਨ ਐ ਝੁੱਗੇ 'ਚੋਂ ਇੰਨ੍ਹਾਂ ਦੀ। ਕੀ ਗੰਜੀ ਨਹਾ ਲਊ ਤੇ ਕੀ ਨਿਚੋੜ ਲਊਗੀ। ਪਤਾ ਨ੍ਹੀਂ ਨੰਗ ਜੱਟ ਕਿਥੋਂ ਟੱਕਰਗੇ।"[4] ਕਿਸੇ ਦੀ ਬੁਰਾਈ ਕਰਨ



ਦੀ ਜੁਗਤ ਤਨਜ਼ੀਆ ਹੈ। ਬਸੰਤ ਕੌਰ ਅਜਿਹਾ ਹੀ ਕਿਰਦਾਰ ਹੈ। ਨਾਵਲਕਾਰ ਦਾ ਗ਼ਲਤ ਵਿਰੁੱਧ ਵਿਦਰੋਹ ਹੀ ਉਸਦੀ ਸਮਾਜਿਕ ਜ਼ਿੰਮੇਵਾਰੀ ਦੇ ਅਹਿਸਾਸ ਦਾ ਪ੍ਰਮਾਣ ਹੈ। ਬਿਰਤਾਂਤ ਵਿਚ ਸੂਖ਼ਮ, ਬੌਧਿਕ ਅਤੇ ਲੁਕਵੇਂ ਵਿਅੰਗ ਦਾ ਪ੍ਰਭਾਵ ਵਧੇਰੇ ਹੈ।

ਪਾਤਰਾਂ ਦੀ ਵਾਰਤਾਲਾਪੀ ਜੁਗਤ ਨਾਵਲ ਦੀ ਬਣਤਰ ਲਈ ਵਧੇਰੇ ਮਹੱਤਵ ਰੱਖਦੀ ਹੈ। ਨਾਵਲੀ ਪਾਤਰਾਂ ਬਲਕਾਰ, ਸੁਰਜੀਤ, ਕਰਮਾ, ਨਿੱਕੀ, ਬਸੰਤ ਕੌਰ, ਜੀਤੋ, ਰੂਪ ਆਦਿ ਦੀ ਆਪਸੀ ਗੱਲਬਾਤ ਸੁਭਾਵਕ ਤੇ ਸੰਭਾਵੀ ਦੋਵੇਂ ਤਰ੍ਹਾਂ ਦੀ ਹੈ। ਬਸੰਤ ਕੌਰ ਹਉਂਵਾਦੀ ਹੋਣ ਕਰਕੇ ਨਿੱਜੀ ਹਿਤਾਂ ਤੋਂ ਪ੍ਰੇਰਿਤ ਕਿਰਦਾਰ ਹੈ। ਉਹ ਨਿੱਕੀ, ਕਰਮੇ, ਰੂਪ, ਜੀਤੋ ਤੇ ਹੋਰਾਂ ਨੂੰ ਆਪਣੀ ਗਰਜ਼ ਪੂਰੀ ਕਰਨ ਦਾ ਵਸੀਲਾ ਬਣਾਉਂਦੀ ਹੈ। ਪਾਤਰਾਂ ਦੀ ਆਪਸੀ ਬਹਿਸ ਕਰਾਉਣਾ ਅਮੂਰਤਨ ਜੁਗਤ ਹੈ। ਪਾਤਰਾਂ ਦਾ ਆਪਸੀ ਤਣਾਉ/ਟਕਰਾਉ ਨਿੱਕੇ-ਨਿੱਕੇ ਸੰਦੇਹਾਂ ਤੋਂ ਸ਼ੁਰੂ ਹੋ ਕੇ ਖਿਝ, ਰੋਸ, ਰੋਹ ਵਰਗੀਆਂ ਸਥਿਤੀਆਂ ਵਿਚੋਂ ਗੁਜਰਦਾ ਹੋਇਆ ਵਿਦਰੋਹ ਤਕ ਪੁੱਜ ਜਾਂਦਾ ਹੈ। ਨਾਵਲੀ ਬਿਰਤਾਂਤ ਦੇ ਅੰਤ ਉੱਤੇ ਕਰਮਾ ਆਪਣੇ ਭਰਾਵਾਂ ਸਾਹਵੇਂ ਵਿਦਰੋਹੀ ਹੋ ਜਾਂਦਾ ਹੈ। ਰੂਪ ਵੀ ਆਪਣੇ ਨਾਲ ਹੋਈ ਧੱਕੇਸ਼ਾਹੀ ਦਾ ਵਿਰੋਧ ਕਰਦੀ ਹੈ। ਉਨ੍ਹਾਂ ਦਾ 'ਨਿਜ' ਨਿਰਬੰਧ ਤ੍ਰਿਪਤੀ ਦੀ ਲਾਲਸਾ ਰੱਖਦਾ ਹੈ ਜਦ ਕਿ ਉਨ੍ਹਾਂ ਦੇ ਚੇਤਨ ਆਪੇ ਦਾ ਅੰਗ ਬਣੀ ਸਮਾਜਿਕ ਮਰਿਆਦਾ ਇਸਦਾ ਵਿਰੋਧ ਕਰਦੀ ਹੈ। ਇਹ ਵਿਰੋਧ ਬਾਹਰੋਂ, ਬਾਹਰਲੀਆਂ ਹਾਲਤਾਂ ਨਾਲ ਨਹੀਂ ਸਗੋਂ ਵਿਅਕਤੀ ਦੇ ਅੰਦਰ, ਉਸਦੀ ਮਾਨਸਿਕ ਕਸ਼ਮਕਸ਼ ਦੇ ਰੂਪ ਵਿਚ ਹੀ ਹੁੰਦਾ ਹੈ।

ਇਸ ਨਾਵਲ ਵਿਚ ਯਥਾਰਥ ਦਾ ਪ੍ਰਭਾਵ ਸਿਰਜਨ ਦੀ ਇਕ ਜੁਗਤ ਬੋਲਚਾਲ ਦੀ ਬੋਲੀ ਹੈ। ਪਾਤਰਾਂ ਦੇ ਵਾਰਤਾਲਾਪ ਉਨ੍ਹਾਂ ਦੇ ਨਿੱਤ-ਦਿਹਾੜੀ ਦੇ ਗੱਲਬਾਤੀ ਅੰਦਾਜ਼ ਅਨੁਕੂਲ ਹੈ ਅਤੇ ਵਾਕ ਬਣਤਰ ਲੋਕ-ਮੁਹਾਵਰੇ ਵਾਲੀ ਹੈ। ਅਜਿਹੀ ਵਾਰਤਾਲਾਪ ਪਾਤਰਾਂ ਦੀ ਸਮਾਜ-ਸਭਿਆਚਾਰਕ ਸਥਿਤੀ ਦੇ ਅਨੁਕੂਲ ਹੋਣ ਕਰਕੇ ਉਨ੍ਹਾਂ ਦੇ ਜੀਵਨ-ਯਥਾਰਥ ਦੀ ਪੇਸ਼ਕਾਰੀ ਲਈ ਯੋਗ ਸਿੱਧ ਹੋਈ ਹੈ। ਇਉਂ ਵਾਰਤਾਲਾਪ ਅਤੇ ਭਾਸ਼ਾ-ਸ਼ੈਲੀ ਦੋਵੇਂ ਹੀ ਉਪਭਾਸ਼ਾਈ ਮੁਹਾਵਰੇ ਦੀ ਵਰਤੋਂ ਵਾਲੀਆਂ ਹਨ।

'ਭੰਵਰ' ਨਿਰਾਸ਼ਾਵਾਦੀ ਸੁਖਾਂਤ, ਮੋਹਭੰਗ ਅਤੇ ਮਾਯੂਸੀ ਦਾ ਨਾਵਲ ਹੈ। ਪਾਤਰਾਂ ਤੇ ਵਿਵਸਥਾ ਵਿਚਕਾਰ ਸਦੀਵੀ ਤਣਾਉ ਦੀ ਸਥਿਤੀ ਬਣੀ ਰਹਿੰਦੀ ਹੈ। ਪਾਤਰ ਜੋ ਚਾਹੁੰਦੇ ਹਨ, ਉਵੇਂ ਵਾਪਰਦਾ ਨਹੀਂ ਅਤੇ ਜੋ ਵਾਪਰਦਾ ਹੈ ਉਹ ਪਾਤਰ ਚਾਹੁੰਦੇ ਨਹੀਂ। ਬਸੰਤ ਕੌਰ ਦੇ ਸਾਹਮਣੇ ਕਰਮਾ, ਰੂਪ ਤੇ ਨਿੱਕੀ ਨਾਕਾਮ ਹਨ ਅਤੇ ਨਾਕਾਮੀ ਵਿਡੰਬਨਾ ਦਾ ਮੂਲ ਤੱਤ ਹੈ। ਇਹ ਨਾਕਾਮੀ ਮਾਯੂਸੀ ਪੈਦਾ ਨਹੀਂ ਕਰਦੀ ਸਗੋਂ ਵਿਡੰਬਨਾਮਈ ਸਥਿਤੀ ਉਨ੍ਹਾਂ ਦੇ ਵਿਹਾਰ ਅਤੇ ਹਾਲਾਤ ਦੀਆਂ ਕਮਜ਼ੋਰੀਆਂ ਦੀ ਸੋਝੀ ਦਿਵਾਉਂਦੀ ਹੈ। ਪਾਤਰਾਂ ਦੀ ਵਾਸਤਵਿਕਤਾ ਨੂੰ ਮਹਿਸੂਸ ਕਰਨ ਦੀ ਯੋਗਤਾ ਅਤੇ ਇਸ ਨਾਲ ਪੈਦਾ ਹੋਣ ਵਾਲੀ ਮਾਨਸਿਕ ਅਵਸਥਾ ਸੰਵੇਦਨਾ ਹੈ। ਦੂਜਿਆਂ ਦੇ ਦੁੱਖ ਨਾਲ ਦੁਖੀ ਹੋਣਾ ਸਾਹਿਤ ਦੀ ਮੁੱਢਲੀ ਸ਼ਰਤ ਹੈ। ਬਲਕਾਰ, ਕਰਮਾ ਤੇ ਰੂਪ ਆਦਿ ਪਾਤਰ ਸਥਿਤੀ ਦੇ ਅੰਦਰ ਉਤਰ ਕੇ ਮਹਿਸੂਸ ਕਰਨ ਦੀ ਯੋਗਤਾ ਦੇ ਨਾਲ-ਨਾਲ ਸਥਿਤੀ ਤੋਂ ਬਾਹਰ ਖਲੋ ਕੇ ਵੀ ਉਸਦੇ ਅੰਦਰ ਝਾਕ ਸਕਦੇ ਹਨ। ਇਸ ਤਰ੍ਹਾਂ ਇਹ ਪਾਤਰ ਉੱਤਮ ਕਲਾਕਾਰ ਹੋ ਨਿੱਬੜੇ ਹਨ। ਉਪਭਾਵੁਕਤਾ-ਮੁਕਤ ਪਰ ਭਾਵ-ਯੁਕਤ ਰਚਨਾ ਹੋਣ ਕਰਕੇ ਹੀ ਇਹ ਨਾਵਲ ਸਦੀਵੀ ਪ੍ਰਭਾਵ ਪਾਉਣ ਦੇ ਸਮਰੱਥ ਹੈ।

## ਹਵਾਲੇ ਤੇ ਟਿੱਪਣੀਆਂ


1. ਹਰਮਹਿੰਦਰ ਚਹਿਲ, ਭੰਵਰ, ਸੰਗਮ ਪਬਲੀਕੇਸ਼ਨਜ਼, ਸਮਾਣਾ, 2016, ਪੰਨਾ 114
2. ਉਹੀ, ਪੰਨਾ 317 3. ਉਹੀ, ਪੰਨਾ 54 4. ਉਹੀ, ਪੰਨਾ 69

# ਮਨੁੱਖੀ ਮਨੋਬਿਰਤੀਆਂ ਦੇ ਤਰਲ-ਸਰਲ ਹੋਣ ਦਾ ਸਫ਼ਰ 'ਬੋਲ ਮਰਦਾਨਿਆ'

-ਡਾ. ਗੁਰਮੀਤ ਸਿੰਘ ਬੈਦਵਾਣ

-1-

ਧੁੱਪ ਦੇ ਰੰਗ ਵੇਖਣੇ ਹੋਣ ਤਾਂ ਨਜ਼ਰ ਨੂੰ ਪ੍ਰਿਜ਼ਮ ਵਿੱਚੋਂ ਲੰਘਾਉਣਾ ਪੈਂਦਾ ਹੈ। ਠੀਕ ਉਸੇ ਤਰ੍ਹਾਂ ਇਸ ਨਾਵਲ ਵਿੱਚ ਮਰਦਾਨਾ ਪ੍ਰਿਜ਼ਮ ਵਾਂਗ ਹੈ ਜਿਸ ਵਿੱਚੋਂ ਬਾਬੇ ਦੇ ਰੰਗਾਂ ਨੂੰ ਮਾਣਿਆ ਜਾ ਸਕਦਾ ਹੈ। ਨਾਵਲ ਨੂੰ ਪੜ੍ਹਦਿਆਂ ਮੇਰਾ ਮਨ ਕੁੱਝ ਪਲ ਗਮਗੀਨ ਹੋਇਆ ਤੇ ਰੋਇਆ ਵੀ। ਗੁਰਬਾਣੀ ਦੇ ;; ਰਹਾਉ ;; ਵਾਂਗ ਰੁਕ-ਰੁਕ ਕੇ ਸਮਝ ਵਿਚਾਰ ਕੇ ਅੱਗੇ ਪੜ੍ਹਿਆ। ਅਸਲ ਵਿੱਚ ਇਸ ਨਾਵਲ ਨੂੰ ਪੜ੍ਹਨਾ ਆਪਣੇ-ਆਪ ਨੂੰ ਪੜ੍ਹਨ ਵਾਂਗ ਹੀ ਹੈ। ਸੋਚ ਆਉਂਦੀ ਹੈ ਕਿ ਅਸੀਂ ਸਾਢੇ ਪੰਜ ਸੌ ਸਾਲ ਬਾਅਦ ਵੀ ਉੱਥੇ ਹੀ ਖੜ੍ਹੇ ਹਾਂ ਤੇ ਨਾਲੇ ਫ਼ੇਰ ਉਸੇ ਦੇ ਅਖਵਾਉਂਦੇ ਹਾਂ। ਜਸਬੀਰ ਮੰਡ ਨੇ ਆਪਣੇ ਦਰਸ਼ਨ - ਸ਼ਾਸਤਰ ਦੇ ਗੋਹੜਿਆਂ ਦੀਆਂ ਬੜੀਆਂ ਬਾਰੀਕ ਤੰਦਾਂ ਕੱਤੀਆਂ ਹਨ। ਸਿੱਧੀ ਨਜ਼ਰੇ ਅਜਿਹੀ ਅਲੋਕਾਰੀ ਬੜੀ ਔਖੀ ਜਾਪਦੀ ਹੈ। ਉਂਝ ਕਿਹਾ ਜਾ ਸਕਦਾ ਹੈ ਕਿ ਜਸਬੀਰ ਮੰਡ ਦੀ ਰੂਹ ਲੰਮੇ ਸਮੇਂ ਲਈ ਉਨ੍ਹਾਂ ਦਰਵੇਸ਼ਾਂ ਦੇ ਕਾਫ਼ਲੇ ਦੀ ਹਮਸਫ਼ਰ ਰਹੀ ਹੋਵੇਗੀ। ਮਰਦਾਨਾ ਬਾਬੇ ਦਾ ਗਵਾਹ ਹੈ ਤੇ ਇਹ ਨਾਵਲ ਮਰਦਾਨੇ ਦਾ ਗਵਾਹ ਹੈ। ਇੱਥੇ ਹੀ ਬੱਸ ਨਹੀਂ ਇਸ ਨਾਵਲ ਦੀ ਗਵਾਹੀ ਲਈ ਜਸਬੀਰ ਮੰਡ ਵੀ ਪੱਕੇ ਪੈਰੀਂ ਹੈ। ਇਸ ਨਾਵਲ ਦੀ ਕੇਵਲ ਸਾਹਿਤਕ ਪੱਖੋਂ ਹੀ ਉਪਲਬਧੀ ਨਹੀਂ ਸਗੋਂ ਸੱਭਿਆਚਾਰਿਕ ਕ੍ਰਾਂਤੀ ਦਾ ਦੂਤ ਬਣਿਆ ਇਹ ਨਾਵਲ ਗੁਰੂ ਪੰਥ ਅਤੇ ਮਨੁੱਖਤਾ ਦੀ ਵੱਡੀ ਸੇਵਾ ਕਰ ਗਿਆ ਹੈ।

ਕੰਮ ਸੱਭਿਆਚਾਰ ਤੇ ਕਿਰਤ ਦਾ ਸਤਿਕਾਰ ਜਿਸ ਨੂੰ ਅੱਜ ਅਸੀਂ ਪੁੱਠਾ ਗੇੜਾ ਦੇ ਲਿਆ ਹੈ ਤੇ ਅਸੀਂ ਬਿਨਾਂ ਕੁੱਝ ਕੀਤਿਆਂ ਰਾਤੋ-ਰਾਤ ਅਮੀਰ ਹੋਣ ਦੀ ਲਾਲਸਾ ਲਈ ਬੈਠੇ ਹਾਂ ਜਦੋਂ ਕਿ ਨਾਵਲ ਵਿੱਚ ਵਿਖਿਆਨ ਹੈ ਕਿ ਧਰਮ ਕਿਰਤ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ। ਖੜ੍ਹੇ ਬਲ਼ਦਾਂ ਦੇ ਕੰਨ੍ਹਿਆਂ ਤੋਂ ਪੰਜਾਲ਼ੀ ਲਾਹੁਣ ਲਈ ਜਾਂਦਾ ਮਰਦਾਨਾ ਪਹਿਲਾਂ ਮੋਢੇ ਤੋਂ ਰਬਾਬ ਉਤਾਰ ਕੇ ਜਾਂਦਾ ਹੈ। ਕਿਰਤ ਦਾ ਸਤਿਕਾਰ ਪਹਿਲਾਂ ਅਤੇ ਧਰਮ ਬਾਅਦ ਵਿੱਚ। ਬਾਬੇ ਤੇ ਮਰਦਾਨੇ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਤੇ ਵੱਡੀਆਂ ਦਰਵੇਸ਼ੀਆਂ ਇੱਕ ਦੂਜੇ ਦੀਆਂ ਪੂਰਕ ਬਣ ਤੁਰਦੀਆਂ ਹਨ। ਪਾਠਕ-ਮਨ ਅੰਦਰ ਜਗਿਆਸਾ ਹੋਣੀ ਚਾਹੀਦੀ ਹੈ ਤਾਂ ਨਾਵਲ ਉਸਨੂੰ ਜਗਿਆਸੂ ਬਣਨ ਦੇ ਰਾਹ ਪਾਉਣ ਦੀ ਸਮਰੱਥਾ ਰੱਖਦਾ ਹੈ ਜਿਸ ਤਰ੍ਹਾਂ ਜੇ ਕਿਸੇ ਭਾਂਡੇ ਵਿੱਚ ਦੁੱਧ ਪਿਆ ਹੈ ਤਾਂ ਉਸਨੂੰ ਜਾਗ ਲਗਾ ਕੇ ਦਹੀਂ ਜਮਾਇਆ ਜਾ ਸਕਦਾ ਹੈ।

ਜਸਬੀਰ ਮੰਡ ਪੁਰਾਤਨ ਸਾਖੀਆਂ ਵਿੱਚੋਂ ਦੀ ਨਹੀਂ ਸਗੋਂ ਕੋਲ਼ੋਂ ਦੀ ਹੋ ਕੇ ਲੰਘਦਾ ਹੈ। ਉਹ ਵੀ ਮਰਦਾਨੇ ਦੇ ਪ੍ਰਿਜ਼ਮ ਵਿੱਚੋਂ ਬਾਬੇ ਦੇ ਅਕਸ਼ ਨੂੰ ਵੇਖਦਾ ਹੈ। ਪਾਠਕ ਨਾਵਲ ਵਿੱਚੋਂ ਗ੍ਰਹਿਣ ਕੀਤੇ ਰੰਗਾਂ ਨੂੰ ਵਿਸਤਰਿਤ ਰੂਪ ਵਿੱਚ ਵੇਖਦਾ ਤੇ ਮਾਣਦਾ ਹੈ। ਲੇਖਕ ਪ੍ਰਾਭੌਤਿਕ ਅਤੇ ਅਚੰਭੇਜਨਕ ਸ਼ਕਤੀਆਂ ਦੇ ਵਰਤਾਰਿਆਂ ਨੂੰ ਸਹਿਜ ਭਾਵੀ ਵਿਧੀ ਰਾਹੀਂ ਮਾਨਵੀ ਵਰਤਾਰੇ ਦੇ ਰੂਪ ਵਿੱਚ ਧਰਤੀ 'ਤੇ ਲਿਆ ਉਤਾਰਦਾ ਹੈ। ਇਹ ਵਰਤਾਰੇ ਚਾਨਣੀਆਂ ਪਗਡੰਡੀਆਂ ਦੀ ਕਨਸੋਅ ਦਿੰਦੇ ਹਨ। ਸਥੂਲ ਤੋਂ ਸੂਖਮ ਹੁੰਦੇ ਪਲ, ਪਲਾਂ ਵਿੱਚ ਹੀ ਆਪਣਾ ਤਾਪਮਾਨ ਘਟਾਉਂਦੇ ਨਜ਼ਰੀਂ ਪੈਂਦੇ ਹਨ। ਜਾਗਰੂਕ ਲੋਕਾਂ ਦਾ ਅਜੀਬ ਸਫ਼ਰਨਾਮਾ ਬਣੇ ਨਾਵਲ 'ਬੋਲ ਮਰਦਾਨਿਆ' ਨੇ ਸਰੀਰਕ ਜੀਵਨ ਦੇ ਨਾਲ-ਨਾਲ ਆਤਮਿਕ ਜੀਵਨ ਨੂੰ ਵੀ ਅਜਿਹਾ ਹਲੂਣਾ ਮਾਰਿਆ ਹੈ ਕਿ ਜੀਵਨ ਮਨੋਰਥ ਦੇ ਧੁੰਦਲੇ ਅਕਸ਼ ਸਾਫ਼-ਸਾਫ਼ ਦਿਸਣ ਲੱਗ ਪਏ ਹਨ। ਉਚਾਈਆਂ ਨਿਵਾਣਾਂ ਵੱਲ ਝੁਕਦੀਆਂ ਨਜ਼ਰੀਂ ਪੈਂਦੀਆਂ ਹਨ ਜਿਵੇਂ ਕਿ ਉਹ ਉਨ੍ਹਾਂ ਦੇ ਹਾਣਦੀਆਂ ਹੀ ਹੋਣ।

ਵਾਤਾਵਰਨੀ ਤਪਸ਼ ਅਤੇ ਮਾਇਆ 'ਚੋਂ ਪੈਦਾ ਹੋਏ ਹੰਕਾਰ ਦੀ ਤਪਸ਼ ਹੰਢਾਉਂਦੀ ਅਜੋਕੀ ਅਸੰਗਠਿਤ ਹੋਈ ਮਨੁੱਖੀ ਮਨਾਂ ਦੀ ਭੱਠੀ 'ਤੇ ਸਾਉਣ ਦੀ ਘਟਾ ਬਣ ਬਰਸਦਾ ਪ੍ਰਤੀਤ ਹੁੰਦਾ ਹੈ ਨਾਵਲ 'ਬੋਲ ਮਰਦਾਨਿਆ'। ਨਾਵਲ ਵਿੱਚ ਕੁੱਝ ਵੀ ਮਿਥ ਕੇ ਨਹੀਂ ਵਾਪਰ ਰਿਹਾ ਸਗੋਂ ਸਾਰੇ ਵਰਤਾਰੇ ਸਹਿਜ ਭਾਵੀ ਹਨ। ਇੰਨੇ ਵੱਡ-



ਅਕਾਰੀ ਨਾਵਲ ਦੀ ਤੋਰ ਸਹਿਜ ਤੇ ਸਰਲ ਭਾਵੀ ਰੱਖਣ ਲਈ ਲੇਖਕ ਨੂੰ ਪਤਾ ਨਹੀਂ ਕਿਸ ਸਮਾਧੀ ਦੀ ਅਵਸਥਾ ਵਿੱਚੋਂ ਦੀ ਲੰਘਣਾ ਪਿਆ ਹੋਵੇਗਾ। ਇਹ ਇੱਕ ਨਿਵੇਕਲ਼ੀ ਕਲਾ ਹੈ ਕਿ ਨਾਵਲ ਵੱਡ-ਅਕਾਰੀ ਹੋ ਕੇ ਵੀ ਸੰਖਿਪਤ ਹੈ। ਅਸਲ ਵਿੱਚ ਨਾਵਲ ਸਾਨੂੰ ਸੰਖੇਪ ਹੋਣਾ ਹੀ ਸਿਖਾਉਂਦਾ ਹੈ।

-2-

ਬਾਬਾ ਇੱਕ ਚਸ਼ਮੇ ਦੀ ਤਰ੍ਹਾਂ ਵਹਿ ਤੁਰਿਆ ਤੇ ਮਰਦਾਨਾ ਰਬਾਬ ਦੀ ਕਿਸ਼ਤੀ ਬਣਾ ਚਸ਼ਮੇ ਸੰਗ ਤਾਰੂ ਬਣ ਉੱਚੀਆਂ-ਨੀਵੀਆਂ ਛੱਲਾਂ ਦਾ ਸਾਹਮਣਾ ਕਰਦਾ ਰਬਾਬ ਰੂਪੀ ਕਿਸ਼ਤੀ ਅਤੇ ਪਾਣੀ ਤੋਂ ਵੱਖ ਨਹੀਂ ਹੁੰਦਾ। ਮਰਦਾਨਾ ਆਪਣੇ ਮਨ ਦੇ ਭਾਂਡੇ ਨੂੰ ਹਮੇਸ਼ਾ ਖਾਲੀ ਤੇ ਸਿੱਧਾ ਕਰਕੇ ਰੱਖਦਾ ਹੈ ਇਸੇ ਕਰਕੇ ਉਸਦੀ ਭੁੱਖ-ਪਿਆਸ ਹਮੇਸ਼ਾ ਬਣੀ ਰਹਿੰਦੀ ਹੈ। ਤ੍ਰਿਪਤੀ ਲਈ ਤ੍ਰਿਪਤੀ ਦੇ ਖਜਾਨੇ ਮਗਰ ਕਾਸਾ ਚੁੱਕ ਕੇ ਸਾਲਾਂ ਬੱਧੀ ਤੁਰਦਾ ਰਿਹਾ। ਭਰੇ ਮਨਾਂ ਵਾਲ਼ਿਆਂ ਦੇ ਵੱਡੇ ਸਵਾਲਾਂ ਦੇ ਛੋਟੇ ਉੱਤਰ ਮਰਦਾਨੇ ਦੇ ਅੱਗੇ-ਅੱਗੇ ਚਹਿਲ ਕਦਮੀਂ ਤੁਰਦੇ ਰਹੇ। ਜੋ ਉੱਤਰ ਲੁਕਾਈ ਲਈ ਹੁੰਦੇ ਉਨ੍ਹਾਂ ਦੇ ਵਿੱਚੋਂ ਲੰਘਦੇ ਸੂਤਰ 'ਤੇ ਤੁਰਦਾ ਮਰਦਾਨਾ ਮਨ ਦੇ ਕਾਸੇ ਨੂੰ ਭਰਦਾ ਰਿਹਾ। ਮਰਦਾਨੇ ਨੇ ਮਨੁੱਖੀ ਵਰੇਸ ਦੇ ਸਾਰੇ ਪਹਿਲੂ ਬਾਬੇ ਦੇ ਜ਼ਿਹਨ ਵਿੱਚੋਂ ਦੀ ਲੰਘਦੇ ਵੇਖੇ। ਮਰਦਾਨੇ ਦਾ ਬਾਲ-ਮਨ ਟੁੱਟਦੇ ਹੋਏ ਤਾਰਿਆਂ ਤੋਂ ਬਾਬੇ ਦੇ ਹੱਸਣ ਵੇਲ਼ੇ ਕਹਿ ਉੱਠਦਾ ਕਿ ਬਾਬਾ ਬਹੁਤਾ ਨਾ ਹੱਸ ਅਕਾਸ਼ ਦੇ ਸਾਰੇ ਤਾਰੇ ਧਰਤੀ 'ਤੇ ਉਤਰ ਆਉਣਗੇ।

ਮੰਡ ਇਤਿਹਾਸ ਨਹੀਂ ਸਿਰਜਦਾ ਸਗੋਂ ਇਤਿਹਾਸ ਦੀ ਪੁਨਰ-ਸਿਰਜਣਾ ਕਰਦਾ ਹੈ। ਜਸਬੀਰ ਮੰਡ ਦੇ ਮਨ-ਮਸਤਕ ਦੇ ਅੰਦਰੋਂ ਹੋ ਕੇ ਲੰਘਿਆ ਇਤਿਹਾਸ ਕਿਸ ਤਰ੍ਹਾਂ ਦਾ ਰੂਪ ਗ੍ਰਹਿਣ ਕਰਦਾ ਹੈ, ਇਹੋ ਇਸ ਨਾਵਲ ਦੀ ਪ੍ਰਾਪਤੀ ਹੈ। ਨਾਵਲ ਦੀ ਇਸ ਪ੍ਰਾਪਤੀ ਨੂੰ ਵੇਖਦੇ ਹੋਏ ਕਿਹਾ ਜਾ ਸਕਦਾ ਹੈ ਨਾਵਲ 'ਬੋਲ ਮਰਦਾਨਿਆ' ਦਾ ਲੇਖਕ ਜਸਬੀਰ ਮੰਡ ਮਾਨ-ਸਰੋਵਰ ਦੇ ਕਿਸੇ ਹੰਸ ਜਿਹੀ ਪ੍ਰਵਿਰਤੀ ਰੱਖਦਾ ਹੈ ਜਿਸਨੇ ਸਾਨੂੰ ਪੰਜਾਬੀ ਸਾਹਿਤ ਦੇ ਨਾਵਲਾਂ ਦਾ ਲਾਲੋ ਮੁਹੱਈਆ ਕਰਵਾਇਆ ਹੈ। ਇਹੋ ਨਹੀਂ ਮੰਡ ਨੇ ਜਨਮ ਸਾਖੀਆਂ ਵਿਚਲੇ ਦੁੱਧ ਤੇ ਪਾਣੀ ਨੂੰ ਵੀ ਨਿਖੇੜਨ ਦਾ ਕੰਮ ਕੀਤਾ ਹੈ।

ਨਾਵਲ ਅਨੁਸਾਰ ਬਾਬਾ ਤੇ ਮਰਦਾਨਾ ਅਗੰਮੀ ਨਹੀਂ ਸਗੋਂ ਦੁਨਿਆਵੀ ਹਨ। ਉਹ ਦੁਨੀਆਦਾਰੀ ਵਿੱਚ ਵੀ ਹਨ ਤੇ ਨਿਰਲੇਪ ਵੀ ਹਨ, ਪਰ ਖਚਤ ਨਹੀਂ ਹੋਏ ਜਿਵੇਂ ਮੁਰਗਾਬੀ ਤੈਰਦੀ ਪਾਣੀ ਵਿੱਚ ਹੀ ਹੈ ਪਰ ਆਪਣੇ ਖੰਭਾਂ ਨੂੰ ਭਿੱਜਣ ਨਹੀਂ ਦਿੰਦੀ। ਬਿਰਤਾਂਤ ਵੇਖੇ ਜਾ ਸਕਦੇ ਹਨ ਜਿਨ੍ਹਾਂ ਤੋਂ ਇਹ ਭਾਵ ਬਣਦਾ ਹੈ ਕਿ ਦੋ ਦੁਨਿਆਵੀ ਪੁਰਸ਼ਾਂ ਦੇ ਬੋਲਾਂ ਨੇ ਮੱਲੋ-ਮੱਲੀ ਅਗੰਮੀ ਬਣ ਬੈਠੇ ਬੋਲਾਂ ਨਾਲੋਂ ਹਸੰਦਿਆਂ ਖਵਿੰਦਿਆਂ ਵਿੱਚੇ ਹੋਵੈ ਮੁਕਤਿ ਵਰਗੇ ਸੰਵਾਦ ਰਚਾ ਕੇ ਉਹਨਾਂ ਨੂੰ ਆਪਣੇ ਨਾਲ ਸਹਿਮਤ ਕਰ ਲਿਆ ਹੈ।

ਨਾਵਲਕਾਰ ਚਾਰ ਪੈਰਾਂ ਦੀ ਰਫ਼ਤਾਰ ਤੇ ਗੁਫਤਾਰ ਨੂੰ ਇੰਨੀ ਪਾਕੀਜ਼ਗੀ ਨਾਲ ਚਿਤ੍ਰਦਾ ਹੈ ਕਿ ਨਿੱਕੇ ਤੋਂ ਨਿੱਕੇ ਲੰਮਹੇ ਨੂੰ ਵੀ ਹੱਥੋਂ ਨਹੀਂ ਜਾਣ ਦਿੰਦਾ। ਪੰਨਾ -206 -ਤੇ ਵਰਣਨ ਹੈ ਕਿ ਉਸਨੇ ਵੱਟ ਤੇ ਖੜ੍ਹੀ ਕਿੱਕਰ ਦੇ ਗੂੰਦ ਵਿੱਚ ਫਸੀ ਕੀੜੀ ਦੀ ਟੰਗ ਨੂੰ ਬਾਹਰ ਕੱਢਿਆ। ਵੇਖਣ ਨੂੰ ਭਾਵੇਂ ਇਹ ਨਿੱਕੀ ਕੀੜੀ ਦੀ ਨਿੱਕੀ ਜਿਹੀ ਗੱਲ ਫਜ਼ੂਲ ਲੱਗੇ ਪਰ ਇਹਨਾਂ ਸ਼ਬਦਾਂ ਦੀ ਛਾਂ ਵਿੱਚ ਬੈਠ ਕੇ ਵੱਡੇ ਸੁੱਖ ਮਾਣੇ ਜਾ ਸਕਦੇ ਹਨ। ਪ੍ਰਸੰਗ ਅਨੁਸਾਰ ਜਿੱਥੇ ਕੀੜੀ ਨੂੰ ਸੁੱਖ ਮਿਲਿਆ ਉੱਥੇ ਬੰਦੇ ਦੀ ਨੇਕੀ ਵੀ ਸਾਹਮਣੇ ਆਈ। ਪਰ ਮਨੁੱਖਤਾ ਦੀ ਬੇਕਾਰੀ ਦੇ ਚਿੱਕੜ ਵਿੱਚ ਫਸੀ ਲੱਤ ਦੀ ਖਲਾਸੀ ਦੇ ਭਾਵ ਨਾਲ ਦੇਖਦਿਆਂ ਪਤਾ ਚਲਦਾ ਹੈ ਕਿ ਲੇਖਕ ਦੀ ਸੋਚ ਦੁਨੀਆਦਾਰ ਹੁੰਦਿਆਂ ਵੀ ਅਗੰਮੀ ਹੀ ਹੈ। ਲੇਖਕ ਵੱਧ ਤੋਂ ਵੱਧ ਸੁਚੇਤ ਹੈ ਕਿ 'ਲੰਮਹੋਂ ਨੇ ਖਤਾ ਕੀ ਸਦੀਓਂ ਨੇ ਸਜ਼ਾ ਪਾਈ' ਅਜਿਹੇ ਸੁਚੇਤ ਯਤਨਾਂ ਨਾਲ ਉਹ ਨਿੱਕੇ ਤੋਂ ਨਿੱਕੇ ਲੰਮਹੇ ਨੂੰ ਉਹ ਅਜਾਈਂ ਨਹੀਂ ਜਾਣ ਦਿੰਦਾ।

ਨਾਵਲ ਦੀ ਭਾਸ਼ਾ ਵਿੱਚ ਪੁਆਧ ਦੀ ਮਿਠਾਸ ਬਰਕਰਾਰ ਹੈ। ਸ਼ੈਲੀ ਅਤੇ ਬਿਰਤਾਂਤ ਵਰਣਨ ਦੀ ਕੋਈ ਰੀਸ ਨਹੀਂ। ਬਾਖੂਬੀ, ਲਾ-ਮਿਸਾਲ ਪੇਸ਼ਕਾਰੀ ਬਾਬੇ ਦੇ ਸੁਭਾਅ ਵਾਂਗ ਹੀ ਤਰਲ - ਸਰਲ ਹੋਈ ਨਾ ਤਾ ਆਪ ਕਿਤੇ ਅਟਕਦੀ -ਖਟਕਦੀ ਹੈ ਤੇ ਨਾ ਹੀ ਪਾਠਕ ਨੂੰ ਅੱਕਣ-ਥੱਕਣ ਦਿੰਦੀ ਹੈ। ਪਰ ਇੱਕ ਗੱਲ ਜ਼ਰੂਰ

ਹੈ ਕਿ ਨਾਵਲ ਸ਼ਿਰਫ ਪੜ੍ਹਨ ਲਈ ਨਹੀਂ ਪੜ੍ਹ ਹੋਣਾ ਇਹ ਸਮਝਣ ਲਈ ਪੜ੍ਹਨਾ ਪੈਣਾ ਹੈ। ਇਹੋ ਇਸ ਨਾਵਲ ਦੀ ਖ਼ੂਬੀ ਹੈ। ਨਾਵਲ ਨੂੰ ਪੜ੍ਹਨ ਲਈ ਸਮਾਂ ਚਾਹੀਦਾ ਹੈ ਕਿਉਂਕਿ ਕਿਸੇ ਗੱਲ ਨੂੰ ਸਮਝਣ ਲਈ ਸਮਾਂ ਤਾਂ ਲਗਦਾ ਹੀ ਹੈ। ਇਸ਼ਾਰੇ, ਪ੍ਰਤੀਕ ਤੇ ਇੱਕ-ਲਫ਼ਜੀ ਉੱਤਰ ਵੱਡੇ ਅਰਥ ਸਮੋਈ ਬੈਠੇ ਹਨ। ਜਿੰਨੀਆਂ ਉੱਚੀਆਂ ਸ਼ਖ਼ਸੀਅਤਾਂ ਉੰਨਾ ਉੱਚਾ ਬੌਧਿਕ-ਬਿਰਤਾਂਤ।

-3-

ਉਸ ਤੋਂ ਵੱਡੀ ਗੱਲ ਜੇ ਨਾਵਲ ਵਿੱਚੋਂ ਪ੍ਰਾਪਤ ਸਮਝ ਨੂੰ ਜ਼ਿੰਦਗੀ ਵਿੱਚ ਹੌਲੇ-ਹੌਲੇ ਲਾਗੂ ਕਰ ਲਈਏ ਤਾ ਇਹ ਨਾਵਲ ਸਾਡਾ ਜੀਵਨ ਬਦਲਣ ਦੇ ਸਮਰੱਥ ਹੈ। ਵਾਰਤਾਲਾਪ ਦੀ ਸੂਝ ਸਮਝ ਵਾਲੇ ਬੋਲਾਂ ਨੂੰ ਮਰਦਾਨਾ ਬਹੁਤ ਚੁਕੰਨਾ ਹੋ ਕੇ ਸੁਣਦਾ ਫੇਰ ਆਪਣੇ ਆਪ ਨਾਲ ਗੰਭੀਰ ਵਿਚਾਰਾਂ ਕਰਦਿਆਂ ਮਰਦਾਨਾ ਬਾਬੇ ਨੂੰ ਕਹਿੰਦਾ ਕਿ 'ਬਾਬਾ ਤੂੰ ਤਾਂ ਸੋਝੀਆਂ ਦੀ ਮਾਂ ਏਂ", ਹੁਣ ਜੇ ਸੋਝੀਆਂ ਦੀ ਮਾਂ ਸਾਰੇ ਨਾਵਲ ਵਿੱਚ ਇੱਕ ਸੁਗੰਧੀ ਵਾਂਗ ਫੈਲੀ ਹੋਈ ਹੈ ਤਾਂ ਜਗਿਆਸੂ ਮਨਾਂ ਦੇ ਭੰਵਰੇ ਇਸ ਦੇ ਦੁਆਲੇ ਕਿਉਂ ਨਹੀਂ ਮੰਡਰਾਉਣਗੇ । ਸ਼ੁਕਰ ਹੈ ਮੰਡ ਨੇ ਸਭ ਕਾਸੇ ਨੂੰ ਕਰਾਮਾਤਾਂ ਤੋਂ ਬਚਾ ਲਿਆ ਹੈ। ਉਸ ਨੇ ਆਪਣੀ ਸੋਝੀ ਨਾਲ ਬਾਬੇ ਦੀ ਸੋਝੀ ਨੂੰ ਅਜਿਹਾ ਪਕੜਿਆ ਕਿ ਨਾਵਲ ਦੇ ਜਰੀਏ ਸੋਝੀਆਂ ਦੀ ਮਾਂ ਦਾ ਪਰਿਵਾਰ ਚਹੁੰ ਕੁੰਟੀਂ ਪ੍ਰਗਟ ਹੋ ਤੁਰਿਆ ।

ਪ੍ਰਕਿਰਤੀ ਮਨੁੱਖ ਨੂੰ ਸਿੱਖਿਅਤ ਕਰਨ ਲਈ ਵੱਡਾ ਰੋਲ ਅਦਾ ਕਰਦੀ ਹੈ। ਇਹ ਨਾਵਲ ਪ੍ਰਕਿਰਤੀ ਨੂੰ ਸਮਝਣ ਵਾਂਗ ਹੀ ਹੈ। ਜਿਵੇਂ ਪ੍ਰਕਿਰਤੀ ਪਹਿਲੀ ਨਜ਼ਰੇ ਦਿੱਸ ਤਾਂ ਪੈਂਦੀ ਹੈ ਪਰ ਉਸ ਵਿੱਚ ਛੁਪੀਆਂ ਗਹਿਰਾਈਆਂ ਨੂੰ ਸਮਝਣ ਲਈ ਪ੍ਰਕਿਰਤੀ ਨਾਲ ਇੱਕਮਿੱਕ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਇਸ ਨਾਵਲ ਨਾਲ ਇੱਕਮਿੱਕ ਹੋਇਆਂ ਹੀ ਗੱਲ ਬਣਨੀ ਹੈ। ਪਾਠਕ ਜਿਹੋ ਜਿਹੀ ਦ੍ਰਿਸ਼ਟੀ ਨਾਲ ਨਾਵਲ ਵਿੱਚ ਚੁੱਭੀ ਲਾਵੇਗਾ ਉਹੋ ਜਿਹੀਆਂ ਨਿਆਮਤਾਂ ਕੱਢ ਲਿਆਵੇਗਾ। ਇੱਕ- ਇੱਕ ਸ਼ਬਦ, ਵਾਕ ਬਣਤਰ ਤੇ ਸੰਵਾਦ ਦੇ ਸਨਮੁੱਖ ਹੁੰਦਿਆਂ ਬਹੁ-ਪਰਤੀ ਅਰਥ ਤੁਹਾਡੀ ਸੋਚ ਦਾ ਵਿਹੜਾ ਮੱਲ ਲੈਂਦੇ ਹਨ। ਨਾਵਲ ਵਿੱਚ ਮਰਦਾਨਾ ਨਦੀ ਦੇ ਤੇਜ਼ ਪਾਣੀ ਨੂੰ ਵੇਖ ਕੇ ਕਹਿੰਦਾ ਕਿ ਬਾਬਾ ਮਿੱਟੀ ਨੇ ਪਾਣੀ ਗੰਧਲ਼ਾ ਕਰ ਦਿੱਤਾ ਹੈ। ਬਾਬਾ ਕਹਿੰਦਾ ਮਰਦਾਨਿਆਂ ਮਿੱਟੀ ਨੇ ਤਾਂ ਪਾਣੀ ਨੂੰ ਰਾਹ ਦਿੱਤਾ ਸੀ ਪਰ ਉਸ ਦੀ ਕਾਹਲ਼ ਮਿੱਟੀ ਨੂੰ ਨਾਲ ਹੀ ਚੁੱਕ ਲਿਆਈ । ਵੇਖੀਂ ਜਦੋਂ ਪਾਣੀ ਆਪਣੀ ਸਹਿਜ ਚਾਲ ਵਿੱਚ ਆ ਜਾਵੇਗਾ ਤਾਂ ਮਿੱਟੀ ਪਾਣੀ ਨੂੰ ਉਸਦਾ ਅਸਲੀ ਰੰਗ ਵਾਪਸ ਕਰ ਦੇਵੇਗੀ।

ਸਮਕਾਲੀ ਭਾਰਤੀ ਸਮਾਜ ਵਿੱਚ ਪਸਰੀ ਮੁਰਦੇਹਾਣੀ ਦੀ ਕਰੂਰਤਾ ਵੇਖਣ ਵਾਲੀ ਹੈ। ਲੋਕ ਆਪਣੇ 'ਤੇ ਹੋਏ ਜੁਲਮ ਲਕੋਂਦੇ ਸਨ ਜਿਵੇਂ ਕੋਹਲੂ ਵਾਲਾ ਬੈਲ ਆਪਣੇ ਗਲ਼ ਦੀ ਟੱਲੀ ਨਾਲ ਹੋਏ ਜ਼ਖ਼ਮ ਨੂੰ ਆਪਣੇ ਕੰਨ ਨਾਲ ਵਾਰ-ਵਾਰ ਲਕੋਂਦਾ ਹੈ। ਚਲਦੇ ਸਫਰਾਂ ਵਿੱਚ ਮਨੁੱਖ ਦੀ ਤ੍ਰਾਸਦੀ ਦੇ ਦ੍ਰਿਸ਼ਟਾਂਤ ਉਨ੍ਹਾਂ ਦੀ ਚਾਲ-ਢਾਲ, ਸਮਾਨ-ਸਫਰ, ਪਹਿਰਾਵੇ ਅਤੇ ਬੋਲ-ਬੁਲਾਰੇ ਵਿੱਚੋਂ ਆਪ ਮੁਹਾਰੇ ਬੋਲ ਉਠਦੇ ਹਨ। ਬਾਬਾ ਖੁੱਲ੍ਹੀ ਕਿਤਾਬ ਦੇ ਪੱਤਰਿਆਂ ਵਾਂਗ ਸਭ ਕੁੱਝ ਪੜ੍ਹਦਾ ਜਾਂਦਾ। ਉਨ੍ਹਾਂ ਦੇ ਦੁੱਖਾਂ-ਦਰਦਾਂ ਨੂੰ ਗਾਉਣ ਲਈ ਮਰਦਾਨਾ ਮਨ ਹੀ ਮਨ ਧੁਨੀ - ਵਿਉਂਤ ਬਣਾਉਂਦਾ ਤੁਰਿਆ ਜਾਂਦਾ। ਲੇਖਕ ਦਾ ਅਜਿਹਾ ਵਰਨਣ ਸੰਕੇਤ ਕਰਦਾ ਹੈ ਕਿ ਦੋਵਾਂ ਦਾ ਹਰ ਪਲ ਲੁਕਾਈ ਦੇ ਲੇਖੇ ਸੀ। ਬਾਬਰ ਦੇ ਹਮਲੇ ਦਾ ਦ੍ਰਿਸ਼ਟਾਂਤ ਅਜਿਹੇ ਬਿਰਤਾਂਤਾਂ ਦਾ ਸਿਖ਼ਰ ਹੈ। ਬਾਬੇ ਨਾਨਕ ਬਾਰੇ ਓਸ਼ੋ ਕਹਿੰਦਾ ਹੈ ਕਿ ਬਾਬੇ ਨੇ ਗਾ-ਗਾ ਕੇ ਹੀ ਪਾ ਲਿਆ। ਬਾਬੇ ਨੂੰ ਪ੍ਰਕਿਰਤੀ ਵੀ ਗਾਉਂਦੀ ਪ੍ਰਤੀਤ ਹੁੰਦੀ ਹੈ 'ਗਾਵੁਣ ਤੁਧਨੋ ਪਵਣੁ ਪਾਣੀ ਬੈਸੰਤਰ'। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਅਨੁਸਾਰ 'ਚੜ੍ਹਿਆ ਸੋਧਣ ਧਰਤ ਲੁਕਾਈ' ਵਾਲੇ ਮਸਲੇ ਦੇ ਹੱਲ ਲਈ ਨਾਵਲ ਵਿੱਚ ਰਹੱਸ ਭਰਪੂਰ ਵਰਨਣ ਹੋਇਆ ਮਿਲਦਾ ਹੈ। ਨਾਵਲ ਵਿਚਲਾ ਸੰਗੀਤਕ ਸੰਦੇਸ਼ ਪਾਠਕ ਮਨਾਂ 'ਤੇ ਇਸ ਕਦਰ ਅਸਰ



ਅੰਦਾਜ਼ ਹੋਇਆ ਕਿ ਪਾਠਕ ਇਹ ਕਹਿਣ ਲਈ ਬਿਹਬਲ ਹੋ ਉੱਠਦਾ ਹੈ ਕਿ :-
ਰਬਾਬ 'ਤੇ ਗਜ ਫਿਰਦਾ

ਧੁਰ ਕੀ ਬਾਣੀ ਗਾਉਣ ਲਗਦਾ
ਜਾ ਜੂਝਦਾ ਰਣ ਤੱਤੇ ਵਿੱਚ
ਸ਼ਬਦ-ਬਾਣ ਛੱਡਦਾ
ਤੇ ਵਿੰਨ੍ਹ ਸੁੱਟਦਾ ਖੂੰਖਾਰੇ ਬਦਨ
ਜੋ ਮਲੂਕੜੇ ਬੋਲਾਂ ਦੀ
ਅਣਹੋਣੀ ਸਨ ਬਣਦੇ।

-4-

ਨਾਵਲ ਅਨੁਸਾਰ ਫਕੀਰੀ ਤੋੜਨ ਦੀ ਨਹੀਂ ਜੋੜਨ ਦੀ ਜੁਗਤ ਦੱਸਦੀ ਹੈ। ਜਦੋਂ ਇੱਕ ਫਕੀਰ ਕਾਸਾ ਫੜ ਕੇ ਮਾਂ ਨੂੰ ਰੋਂਦਾ ਹੈ ਤਾਂ ਮਰਦਾਨਾ ਉਸ ਨੂੰ ਕਾਸਾ ਰੱਖ ਕੇ ਰੋਣ ਲਈ ਕਹਿੰਦਾ ਹੈ ਤਾਂ ਬਾਬੇ ਦਾ ਆਦੇਸ਼ ਆਉਂਦਾ ਹੈ ਕਿ ਮਰਦਾਨਿਆਂ ਇੱਕ ਰਸਤਾ ਮਾਂ ਦੇ ਕੋਲੋਂ ਵੀ ਹੋ ਕੇ ਲੰਘਦਾ ਹੈ। ਨਾਵਲ ਇਹ ਵੀ ਦੱਸਦਾ ਹੈ ਕਿ ਆਪਣਾ ਨਹੀਂ ਉਸਦੇ ਹੋਣ ਦਾ ਮਾਣ ਕਰਨ ਨਾਲ ਮਨੁੱਖ ਦਾ ਆਪਣਾ ਸਵੈਮਾਣ ਵੀ ਜਾਗ ਉੱਠਦਾ ਹੈ। ਸਮਤਲ ਅਤੇ ਤਰਲ ਹੋਣ ਦੀ ਤਾਕੀਦ ਮਨੁੱਖ ਦੀ ਸੋਝੀ ਨੂੰ ਚਾਰ ਚੰਨ ਲਾਉਂਦੀ ਹੈ। ਤਰਲ ਹੋ ਕੀ ਵੀ ਰੁਕਣਾ ਨਹੀਂ ਵਾਲੇ ਨੁਕਤੇ ਨੂੰ ਮਰਦਾਨਾ ਕਰਤਾਰਪੁਰ ਵਿਖੇ ਰਾਵੀ ਦੇ ਪਾਣੀਆਂ ਦੇ ਸਨਮੁੱਖ ਹੋ ਉਸਦੇ ਸਮੁੰਦ ਵਿੱਚ ਸਮਾਉਣ ਤੱਕ ਦੇ ਪਲਾਂ ਨੂੰ ਮਾਣਦਾ ਰਿਹਾ।

ਬੋਲ ਮਰਦਾਨਿਆਂ , ਨਹੀਂ ਬਾਬਾ ਬੱਸ, ਮੈਂ ਤ੍ਰਿਪਤ ਹਾਂ। ਅਜਿਹੇ ਵੇਲ਼ੇ ਪਾਠਕ ਸੋਚ ਸਕਦੇ ਹਨ ਕਿ ਅਸੀਂ ਵੀ ਮਰਦਾਨੇ ਹਾਂ। ਤ੍ਰਿਪਤੀ ਗੁਰੂ ਕੋਲੋਂ ਹੀ ਤਾਂ ਮਿਲਦੀ ਹੈ। ਗੁਰੂ ਦੇ ਪਿਆਰ ਦਾ ਸ਼ਬਦ ਰੂਪੀ ਪਾਣੀ ਸਾਡੇ ਸਥੂਲ ਨੂੰ ਤਰਲ ਕਰਨ ਦੀ ਸਮਰਥਾ ਰੱਖਦਾ ਹੈ। ਗੰਢਾਂ ਅੜਿੱਕਾ ਹਨ ਤੇ ਸਰਲ ਹੀ ਤਰਲ ਹੈ ਜੋ ਅਨੰਤਤਾ ਵਿੱਚ ਸਮਾਉਣ ਜਾਂ ਅਭੇਦ ਹੋਣ ਦਾ ਪਾਤਰ ਬਣਦਾ ਹੈ। ਨਾਵਲ ਅਸਲ ਵਿੱਚ ਇੱਥੇ ਖ਼ਤਮ ਨਹੀਂ ਹੁੰਦਾ ਸਗੋਂ ਇੱਥੋਂ ਸ਼ੁਰੂ ਹੁੰਦਾ ਹੈ। ਕਿਉਂਕਿ ਇੱਥੋਂ ਹੀ ਅਸੀਂ ਅੱਗੇ ਲਈ ਆਪਣਾ ਸਫ਼ਰ ਸ਼ੁਰੂ ਕਰਨਾ ਹੈ।

ਇਸ ਨਾਵਲ ਨੂੰ ਪੜ੍ਹਦਿਆਂ ਜੋ ਅਨੁਭਵ ਤੇ ਅਹਿਸਾਸ ਮਨ ਦੇ ਧਰਾਤਲ 'ਤੇ ਆਪਣੀਆਂ ਪੈੜਾਂ ਛੱਡ ਗਏ ਉਨ੍ਹਾਂ ਦੀ ਵਿਆਖਿਆ ਲਈ ਉੱਚ-ਪਾਏ ਦੀ ਬੌਧਿਕ ਸ਼ਬਦਾਵਲੀ ਦੀ ਜ਼ਰੂਰਤ ਸੀ ਜੋ ਮੈਂ ਨਹੀਂ ਨਿਭਾ ਸਕਿਆ। ਕਿਉਂਕਿ ਆਪਣਾ ਤਾਂ ਸ਼ੁਰੂ ਤੋਂ ਹੀ ਸੂਝ-ਸਮਝ ਵਾਲਾ ਕਾਸਾ ਛੋਟਾ ਹੀ ਰਿਹਾ ਹੈ। ਇੱਥੇ ਤਾਂ ਮੰਡ ਨੇ ਉੱਚਾਈਆਂ ਹੀ ਏਨੀਆਂ ਸਿਰਜ ਦਿੱਤੀਆਂ ਕਿ ਉਹਨਾਂ ਦੇ ਰਹੱਸ ਤੱਕ ਅੱਪੜਿਆ ਹੀ ਨਹੀਂ ਗਿਆ। ਅਖੀਰ ਸਮਝੌਤਾ ਕਰ ਲਿਆ ਕਿ ਚਲੋ ਜੋ ਨਿਵਾਣ 'ਤੇ ਆ ਰਿਹਾ ਉਹ ਉੱਪਰੋਂ ਹੀ ਆ ਰਿਹਾ। ਇੱਕ ਤੜਪ ਸੀ ਕੁੱਝ ਫੜਨ ਦੀ ਪਰ ਹੁਣ ਤਾਂ ਭਾਈ ਵੀਰ ਸਿੰਘ ਵਾਂਗੂੰ ਨਿਮਰਤਾ ਸਹਿਤ ਬੇਨਤੀ ਕਰਕੇ ਮੁਆਫ਼ੀ ਮੰਗਦਾ ਹਾਂ ਕਿ :-

ਸੁਪਨੇ ਵਿੱਚ ਤੁਸਾਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।

# ਗੁਨਾਹਾਂ ਨੂੰ ਪਛਤਾਵੇ ਦੇ ਹੰਝੂਆਂ ਨਾਲ ਧੋਣ ਵਾਲਾ ਦਿਲ-ਟੁੰਬਵਾਂ ਬਿਰਤਾਂਤ : ਪਿੰਜਰ

**-ਜਗਜੀਵਨ ਸਿੰਘ** (ਡਾ.)

1849 ਵਿੱਚ ਅੰਗਰੇਜ਼ਾਂ ਦੇ ਪੰਜਾਬ 'ਤੇ ਕਾਬਜ਼ ਹੋਣ ਦੇ ਸਮੇਂ ਤੋਂ ਲੈ ਕੇ ਹੁਣ (2016) ਤੱਕ ਦੇ ਸਮੁੱਚੇ ਕਾਲ ਨੂੰ ਆਧੁਨਿਕ ਯੁੱਗ ਦਾ ਨਾਂ ਦਿੱਤਾ ਜਾਂਦਾ ਹੈ। ਆਧੁਨਿਕ ਦੌਰ ਦੇ ਸਮੁੱਚੇ ਪੰਜਾਬੀ ਸਾਹਿਤ ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਮੁੱਖ ਰੂਪ ਵਿੱਚ ਭਾਵੇਂ ਇੱਕ ਕਵਿਤਰੀ ਵਜੋਂ ਜਾਣਿਆ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਉਹ ਇੱਕ ਬਹੁ-ਪੱਖੀ ਪ੍ਰਤਿਭਾ ਵਾਲੀ ਸਾਹਿਤਕਾਰ ਸੀ। ਕਵਿਤਰੀ ਹੋਣ ਤੋਂ ਇਲਾਵਾ ਉਹ ਇੱਕ ਸਵੈ-ਜੀਵਨੀਕਾਰ, ਨਾਰੀਵਾਦੀ ਚਿੰਤਕ ਅਤੇ ਨਾਵਲਕਾਰਾ ਵੀ ਸੀ। ਇਹ ਵੱਖਰੀ ਗੱਲ ਹੈ ਕਿ ਇੱਕ ਸਵੈ-ਜੀਵਨੀ ਲੇਖਿਕਾ ਅਤੇ ਨਾਵਲਕਾਰਾ ਵਜੋਂ ਉਹ ਉਤਨੀ ਲੋਕ-ਪ੍ਰਿਯ, ਚਰਚਿਤ ਅਤੇ ਸਥਾਪਿਤ ਨਹੀਂ ਹੋਈ ਜਿੰਨੀ ਕਿ ਇੱਕ ਕਵਿਤਰੀ ਦੇ ਰੂਪ ਵਿੱਚ। ਵਿਚਾਰਾਧੀਨ ਖੋਜ-ਪਰਚਾ ਕਿਉਂਕਿ ਉਸਦੇ ਇੱਕ ਨਾਮਵਰ ਅਤੇ ਚਰਚਿਤ ਨਾਵਲ 'ਪਿੰਜਰ', ਜਿਸ ਉਪਰ ਇੱਕ ਸਫ਼ਲ ਹਿੰਦੀ ਫਿਲਮ ਵੀ ਬਣ ਚੁੱਕੀ ਹੈ, ਦੇ ਨਿਕਟ ਪਾਠਗਤ-ਅਧਿਐਨ 'ਤੇ ਆਧਾਰਿਤ ਹੈ; ਇਸ ਲਈ ਸੁਭਾਵਕ ਹੀ ਇਹ ਉਸਨੂੰ ਇੱਕ ਨਾਵਲਕਾਰਾ ਵਜੋਂ ਵੇਖਣ, ਜਾਨਣ ਅਤੇ ਨਿਰਖਣ-ਪਰਖਣ ਦੇ ਸੁਹਿਰਦ ਆਲੋਚਨਾਤਮਕ ਕਾਰਜ ਨੂੰ ਸਮਰਪਿਤ ਹੈ।

ਮਨੁੱਖੀ ਸਮਾਜ ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਅੰਦਰ ਧੀਆਂ-ਭੈਣਾਂ ਦੇ ਜਬਰੀ ਉਧਾਲਿਆਂ ਕਾਰਣ ਪੈਦਾ ਹੋਣ ਵਾਲੇ ਵੱਡੇ ਸੰਕਟ, ਦੁੱਖ ਅਤੇ ਪ੍ਰਚੰਡ ਸੰਤਾਪ ਨੂੰ ਮਨੁੱਖੀ ਜੀਵਨ-ਹੋਂਦ ਨਾਲ ਜੁੜੀ ਇੱਕ ਵਿਕਰਾਲ ਨਿੱਜੀ, ਪਰਿਵਾਰਕ, ਸਮਾਜਿਕ ਅਤੇ ਕੌਮੀ ਸਮੱਸਿਆ ਵਜੋਂ ਪੇਸ਼ ਕਰਨਾ ਇਸ ਨਾਵਲ ਦਾ ਕੇਂਦਰੀ ਵਿਸ਼ਾ ਹੈ। ਇਸ ਸਮੱਸਿਆ ਦੇ ਅਸਲ ਕਾਰਣਾਂ ਨੂੰ ਘੋਖਣ ਅਤੇ ਵਿਸ਼ੇ ਨੂੰ ਨਿਭਾਉਣ ਪੱਖੋਂ ਨਾਵਲਕਾਰਾ ਨੇ ਪੂਰੋ ਦੇ ਨਿੱਜੀ ਦੁਖਾਂਤ ਨੂੰ ਇੱਕ ਪਰਿਵਾਰਕ ਅਤੇ ਸਭਿਆਚਾਰਕ ਦੁਖਾਂਤ ਵਜੋਂ ਪੇਸ਼ ਕੀਤਾ ਹੈ। 1935 ਈਸਵੀ ਵਿੱਚ ਵਾਪਰੀ ਪੂਰੋ ਦੇ ਉਧਾਲੇ ਦੀ ਘਟਨਾ ਨੂੰ ਕੇਂਦਰੀ ਘਟਨਾ ਬਣਾ ਕੇ ਨਾਵਲਕਾਰਾ ਨੇ ਜਿਸ ਪ੍ਰਕਾਰ ਜਿੱਥੇ ਇੱਕ ਪਾਸੇ ਇਸ ਘਟਨਾ ਦੇ ਵਾਪਰਣ ਦਾ ਵਿਵੇਕ ਦੱਸਦਿਆਂ ਅਤੀਤ ਵਿੱਚ ਰਸ਼ੀਦ ਦੀ ਭੂਆ ਦੇ ਪੂਰੋ ਦੇ ਤਾਏ ਵੱਲੋਂ ਹੋਏ ਉਧਾਲੇ ਦੇ ਸਮਾਨਾਂਤਰ ਸੱਚ ਨੂੰ ਸਾਹਮਣੇ ਲਿਆਂਦਾ ਹੈ ਉਥੇ ਦੂਜੇ ਪਾਸੇ ਪੂਰੋ ਦੀ ਨਣਾਨ ਲਾਜੋ ਦੇ ਉਧਾਲੇ ਦੀ ਘਟਨਾ ਦੇ ਹਵਾਲੇ ਨਾਲ ਸੰਨ 1947 ਵਿੱਚ ਵਾਪਰੇ ਭਿਆਨਕ ਫ਼ਿਰਕੂ ਦੰਗਿਆਂ ਵੇਲੇ ਪੰਜਾਬ ਦੀਆਂ ਧੀਆਂ-ਭੈਣਾਂ ਦੇ ਹੋਏ ਵਿਆਪਕ ਉਧਾਲਿਆਂ ਦੀ ਸਮੱਸਿਆ ਨੂੰ ਵੀ ਅਗਰਭੂਮੀ ਵਿੱਚ ਲਿਆਂਦਾ ਹੈ। ਜਿਸਤੋਂ ਸਪਸ਼ਟ ਹੈ ਕਿ ਜਿੱਥੇ ਨਾਵਲਕਾਰਾ ਦੀ ਨਜ਼ਰ ਵਿੱਚ ਉਧਾਲੇ ਅਤੇ ਬਲਾਤਕਾਰ ਦਾ ਸ਼ਿਕਾਰ ਹੋਈ ਹਰ ਔਰਤ ਦੀ ਹਸਤੀ ਇੱਕ ਪਿੰਜਰ ਵਾਂਗ ਹੈ ਉੱਥੇ ਨਾਵਲ ਵਿੱਚ ਪੇਸ਼ ਮੁੱਖ ਸਮੱਸਿਆ ਕੇਵਲ ਕਿਸੇ ਇੱਕ ਔਰਤ ਅਤੇ ਪਰਿਵਾਰ ਦੀ ਸਮੱਸਿਆ ਨਹੀਂ ਸਗੋਂ ਇੱਕ ਬੜੀ ਵਿਆਪਕ ਅਤੇ ਵਿਕਰਾਲ ਸਮਾਜਿਕ ਅਤੇ ਭਾਈਚਾਰਕ ਸਮੱਸਿਆ ਹੈ।

ਨਾਵਲ ਦੇ ਵਿਸ਼ੇ ਦੀ ਕੇਂਦਰੀ ਤੰਦ ਦੱਸਦੀ ਹੈ ਕਿ ਜਿਸ ਘਰ ਅਤੇ ਸਮਾਜ ਵਿੱਚ ਘਰ ਅਤੇ ਸਮਾਜ ਦਾ ਅਹਿਮ ਅਤੇ ਬੁਨਿਆਦੀ ਅੰਗ ਔਰਤ ਦੁਖੀ, ਔਖੀ ਜਾਂ ਕਿਸੇ ਪ੍ਰਕਾਰ ਦੀ ਵਧੀਕੀ ਦਾ ਸ਼ਿਕਾਰ ਹੋਵੇਗੀ ਤਾਂ ਉਸ ਨਾਲ ਸੰਬੰਧਿਤ ਹੋਰ ਸਾਰੇ ਲੋਕ ਮਾਤਾ-ਪਿਤਾ, ਭੈਣ-ਭਰਾ, ਪਤੀ, ਘਰ-ਪਰਿਵਾਰ, ਰਿਸ਼ਤੇਦਾਰ, ਸਮਾਜ ਆਦਿ ਸੁੱਖ ਦੀ ਨੀਂਦ ਨਹੀਂ ਸੌਂ ਸਕਦੇ। ਨਾਵਲ ਦਾ ਅੰਤਰੀਵ ਰਚਨਾਤਮਕ ਵਿਵੇਕ ਕਨਸੋਅ ਦਿੰਦਾ ਹੈ ਕਿ ਪੂਰੋ ਦਾ ਉਧਾਲਾ ਅਤੇ ਇਸ ਤੋਂ ਪਹਿਲਾਂ ਰਸ਼ੀਦ ਦੀ ਭੂਆ ਦਾ ਹੋਇਆ ਉਧਾਲਾ ਦੋ ਮੁਟਿਆਰਾਂ/ਔਰਤਾਂ ਦੀ ਬੇਪਤੀ ਤੱਕ ਮਹਿਦੂਦ ਕੋਈ



ਇਕਹਰਾ ਜਿਹਾ ਮਸਲਾ, ਸੰਕਟ ਜਾਂ ਦੁਖਾਂਤ ਨਹੀਂ ਸਗੋਂ ਸ਼ਾਹਾਂ (ਹਿੰਦੂਆਂ) ਅਤੇ ਸ਼ੇਖ਼ਾਂ (ਮੁਸਲਮਾਨਾਂ) ਦੇ ਦੋ ਪਰਿਵਾਰਾਂ, ਖਾਨਦਾਨਾਂ ਅਤੇ ਭਾਈਚਾਰਿਆਂ ਦਾ ਤਿੱਖੇ ਵਿਰੋਧਾਂ ਨਾਲ ਭਰਪੂਰ ਬੜਾ ਜਟਿਲ ਅਤੇ ਵਿਆਪਕ ਮਨੋਵਿਗਿਆਨਕ/ਸਭਿਆਚਾਰਕ ਸੰਕਟ ਜਾਂ ਦੁਖਾਂਤ ਹੈ।

ਇਹ ਇੱਕ ਵੱਡੀ ਹਕੀਕਤ ਹੈ ਕਿ ਮਨੁੱਖੀ ਜੀਵਨ ਨਾਲ ਸੰਬੰਧਿਤ ਵਿਭਿੰਨ ਗਹਿਰ ਗੰਭੀਰ ਸਮੱਸਿਆਵਾਂ ਦਾ ਬੁਨਿਆਦੀ ਕਾਰਣ ਮਨੁੱਖ ਦਾ 'ਅਰਥ' ਅਤੇ 'ਕਾਮ' ਦੀ ਪੂਰਤੀ ਦੇ ਖੇਤਰ ਵਿਚਲਾ ਅਸੰਜਮੀ, ਅਨੈਤਿਕ ਅਤੇ ਅਸੰਤੁਲਿਤ ਆਚਾਰ-ਵਿਹਾਰ ਹੁੰਦਾ ਹੈ। ਇਸ ਨਾਵਲ ਵਿੱਚ ਪੇਸ਼ ਹੋਈਆਂ ਪ੍ਰਮੁੱਖ ਅੰਤਰ-ਸੰਬੰਧਿਤ ਅਤੇ ਜਟਿਲ ਸਮੱਸਿਆਵਾਂ (ਧੀਆਂ-ਭੈਣਾਂ ਦੇ ਉਧਾਲੇ, ਖਾਨਦਾਨੀ ਵੈਰ, ਬਦਲੇ ਦੀ ਭਾਵਨਾ ਅਤੇ ਇਸ ਸਭ ਕਾਸੇ ਤੋਂ ਪੈਦਾ ਹੋਏ ਘੋਰ ਤਣਾਓ, ਟਕਰਾਓ, ਸੰਤਾਪ ਅਤੇ ਤਿੱਖੇ ਪਰਿਵਾਰਕ/ਭਾਈਚਾਰਕ ਦੁਖਾਂਤ) ਦੀ ਮੂਲ ਜੜ੍ਹ ਦਰਅਸਲ 'ਕਾਮ' ਅਤੇ 'ਅਰਥ' ਦੀ ਪੂਰਤੀ ਵਿਚਲਾ ਅਸੰਜਮ ਅਤੇ ਅਸੰਤੁਲਨ ਹੀ ਹੈ। ਮਨੁੱਖੀ ਜੀਵਨ ਨੂੰ ਸਾਵਾਂ-ਪੱਧਰਾ, ਸੁਖਾਵਾਂ ਅਤੇ ਸੁਖਮਈ ਬਣਾਉਣ ਲਈ ਜ਼ਰੂਰੀ ਹੈ ਕਿ 'ਅਰਥ' ਅਤੇ 'ਕਾਮ' ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਮੁੱਚੇ ਯਤਨਾਂ ਅਤੇ ਕਰਮਾਂ ਨੂੰ ਧਰਮ ਅਤੇ ਨੈਤਿਕਤਾ ਦੇ ਜ਼ਬਤ ਵਿੱਚ ਰੱਖਿਆ ਜਾਵੇ। ਇਸ ਮਾਮਲੇ ਵਿੱਚ ਜਿਵੇਂ ਹੀ ਜ਼ਾਬਤੇ (ਧਰਮ ਅਤੇ ਸਦਾਚਾਰ) ਦੀ ਉਲੰਘਣਾ ਹੁੰਦੀ ਹੈ, ਮਨੁੱਖ ਸਮੱਸਿਆਵਾਂ ਵਿੱਚ ਘਿਰਦਾ ਹੈ। ਆਪਣੇ ਆਪ ਅਤੇ ਆਪਣੇ ਨਾਲ ਸੰਬੰਧਿਤ ਹੋਰਨਾਂ ਲਈ ਤਣਾਓ, ਦੁੱਖ ਅਤੇ ਨਰਕ ਸਹੇੜਦਾ ਹੈ।

ਪਿੰਜਰ ਨਾਵਲ ਵਿੱਚ ਪੇਸ਼ ਦੋ ਪਰਿਵਾਰਾਂ ਦੀਆਂ ਧੀਆਂ-ਭੈਣਾਂ ਦੇ ਬੇਪਤ ਹੋਣ, ਉਧਾਲਿਆਂ ਦੇ ਸਿਲਸਿਲੇ ਅਤੇ ਇਸ ਨਾਲ ਸੰਬੰਧਿਤ ਖਾਨਦਾਨੀ ਵੈਰ/ਬਦਲੇ ਦੀ ਭਾਵਨਾ ਦੀ ਘੁੰਮਣਘੇਰੀ ਅਰਥਾਤ ਰਸ਼ੀਦ ਦੇ ਇੱਕੋ ਵੇਲੇ ਅਤਿ ਕਹਿਰਵਾਨ ਅਤੇ ਮਿਹਰਬਾਨ ਰਵਈਆ ਕਾਰਣ ਡਾਢੀ ਹੈਰਾਨੀ ਅਤੇ ਪਰੇਸ਼ਾਨੀ ਵਿੱਚ ਉਲਝੀ ਪੂਰੋ ਦੀ ਮਨੋ ਹਾਲਤ ਨੂੰ ਜਦੋਂ ਅਸੀਂ ਰਸ਼ੀਦ ਦੁਆਰਾ ਪੂਰੋ ਨੂੰ ਦਿੱਤੇ ਸਪਸ਼ਟੀਕਰਣ (ਪੂਰੋ ਸਾਡੇ ਸ਼ੇਖ਼ਾਂ ਦਾ ਘਰਾਣੇ ਵਿੱਚ ਤੇ ਤੁਹਾਡੇ ਸ਼ਾਹਾਂ ਦੇ ਘਰਾਣੇ ਵਿਚ ਸਾਡੇ ਦਾਦਿਆਂ ਦੇ ਵੇਲੇ ਤੋਂ ਵੈਰ ਚਲਾ ਆਉਂਦਾ ਏ। ਤੇਰੇ ਦਾਦੇ ਨੇ ਪੰਜਾਂ ਸੈਆਂ ਤੋਂ ਗਿਰਵੀ ਰੱਖੇ ਹੋਏ ਸਾਡੇ ਕੋਠੇ ਉਤੇ ਵਿਆਜ ਦਰ ਵਿਆਜ ਲਾਏ ਸਨ ਤੇ ਫੇਰ ਕੁਰਕੀ ਕਰਾ ਕੇ ਸ਼ੇਖ਼ਾਂ ਦੇ ਘਰਾਣੇ ਨੂੰ ਘਰੋਂ ਬੇਘਰ ਕੀਤਾ ਸੀ। ਨਿਰਾ ਏਨਾ ਹੀ ਨਹੀਂ, ਉਹਦੇ ਮੁਨਸ਼ੀਆਂ ਕਰਿੰਦਿਆਂ ਨੇ ਸਾਡੇ ਘਰਾਂ ਦੀਆਂ ਤੀਵੀਆਂ ਨੂੰ ਕਈ ਬੋਲ ਕੁਬੋਲ ਬੋਲੇ ਤੇ ਮੇਰੇ ਦਾਦੇ ਦੀ ਵੱਡੀ ਧੀ ਨੂੰ ਜ਼ੋਰੀਂ ਤੇਰੇ ਦਾਦੇ ਦੇ ਵੱਡੇ ਪੁੱਤਰ ਨੇ ਤ੍ਰੈ ਰਾਤਾਂ ਆਪਣੇ ਘਰ ਰੱਖਿਆ। ਤੇਰੇ ਦਾਦੇ ਦੇ ਵੇਂਹਦਿਆਂ ਵੇਂਹਦਿਆਂ ਏਡਾ ਜ਼ੁਲਮ ਹੋਇਆ, ਪਰ ਸ਼ੇਖ਼ਾਂ ਦਾ ਘਰਾਣਾ ਉਦੋਂ ਕਮਾਦ ਵਾਂਗ ਨਪੀੜਿਆ ਹੋਇਆ ਸੀ। ਸਾਰੇ ਲਹੂ ਦੇ ਅੱਥਰੂ ਪੀ ਕੇ ਰਹਿ ਗਏ)[1] ਦੇ ਹਵਾਲੇ ਦੇ ਅਧੀਨ ਗਹਿਰਾਈ ਨਾਲ ਵਾਚਦੇ ਹਾਂ ਤਾਂ ਇਹ ਠੋਸ ਤੱਥ ਨਿਤਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਸਭ ਕਾਸੇ ਦੀ ਸ਼ੁਰੂਆਤ ਪੂਰੋ ਦੇ ਦਾਦੇ ਦੇ ਸਮੇਂ ਤੋਂ ਹੋਈ। ਉਦੋਂ ਸ਼ਾਹਾਂ ਦੇ ਪਰਿਵਾਰ ਦੀ ਆਰਥਿਕ ਹਾਲਤ ਅੱਜ ਵਾਂਗ ਨਿਘਰੀ ਹੋਈ ਨਹੀਂ ਸੀ; ਉਦੋਂ ਉਹ ਅੱਜ ਵਾਂਗ ਕੇਵਲ ਨਾਂ ਦੇ ਹੀ ਸ਼ਾਹ ਨਹੀਂ ਸਨ ਅਖਵਾਂਦੇ, ਸਗੋਂ ਛੱਤੋਆਣੀ ਪਿੰਡ ਦੇ ਧਨ-ਦੌਲਤ ਨਾਲ ਮਾਲਾਮਾਲ ਸੱਚੀ-ਮੁੱਚੀ ਦੇ ਕਹਿੰਦੇ-ਕਹਾਉਂਦੇ ਖੱਤਰੀ ਹਿੰਦੂ ਸ਼ਾਹੂਕਾਰ ਸਨ।

ਧਨ-ਦੌਲਤ ਦੀ ਬਹੁਤਾਤ ਅਤੇ ਇਸ ਤੋਂ ਪੈਦਾ ਹੋਏ ਹਉਮੈ, ਹੈਵਾਨੀਅਤ ਅਤੇ ਹੈਂਕੜ ਦੇ ਭਾਵਾਂ (ਮਨੋ-ਵਿਕਾਰਾਂ) ਨੇ ਪੂਰੋ ਦੇ ਦਾਦੇ ਦਾ ਦਿਮਾਗ ਅਰਥਾਤ ਆਚਰਣ ਖਰਾਬ ਕਰ ਦਿੱਤਾ ਸੀ। ਮਾੜੀ ਕਿਸਮਤ ਨੂੰ ਉਦੋਂ ਰਸ਼ੀਦ ਦੇ ਦਾਦੇ ਦੀ ਆਰਥਿਕ ਹਾਲਤ ਡਾਢੀ ਖ਼ਸਤਾ ਸੀ। ਮਜ਼ਬੂਰੀਵੱਸ ਉਨ੍ਹਾਂ ਨੂੰ ਆਪਣਾ ਘਰ (ਕੋਠਾ) 500 ਰੁਪਿਆਂ ਵਿੱਚ ਸ਼ਾਹਾਂ (ਪੂਰੋ ਦੇ ਦਾਦੇ) ਕੋਲ

ਗਿਰਵੀ ਰੱਖਣਾ ਪਿਆ ਸੀ। ਆਰਥਿਕ ਥੁੜਾਂ ਦਾ ਮਾਰਿਆ ਅਤੇ ਕਮਾਦ ਵਾਂਗ ਨਪੀੜਿਆ ਰਸ਼ੀਦ ਦਾ ਮਜ਼ਬੂਰ ਦਾਦਾ ਜਦੋਂ ਪੂਰੋ ਦੇ ਸ਼ਾਹੂਕਾਰ ਦਾਦੇ ਪਾਸੋਂ ਲਿਆ 500 ਰੁਪਏ ਦਾ ਕਰਜ਼ਾ ਨਿਯਤ ਸਮੇਂ ’ਤੇ ਵਾਪਸ ਨਾ ਮੋੜ ਸਕਿਆ ਤਾਂ ਪੂਰੋ ਦੇ ਸ਼ਾਹੂਕਾਰ ਦਾਦੇ ਨੇ ਪਹਿਲਾਂ ਤਾਂ ਗਿਰਵੀ ਰੱਖੇ ਕੋਠੇ ’ਤੇ ਵਿਆਜ ਦਰ ਵਿਆਜ ਲਾਇਆ, ਉਪਰੰਤ ਘਰ ਦੀ ਕੁਰਕੀ ਕਰਾ ਕੇ ਬੜੀ ਬੇਲਿਹਾਜ਼ੀ ਅਤੇ ਬੇਕਿਰਕੀ ਨਾਲ ਸ਼ੇਖਾਂ ਦੇ ਪਰਿਵਾਰ ਨੂੰ ਘਰੋਂ ਬੇਘਰ ਕਰ ਦਿੱਤਾ। ਨਿਰਾ ਏਨਾ ਹੀ ਨਹੀਂ, ਉਸਦੇ ਮੁਨਸ਼ੀਆਂ ਅਤੇ ਕਰਿੰਦਿਆਂ ਨੇ ਸ਼ੇਖਾਂ ਦੇ ਪਰਿਵਾਰ ਦੀਆਂ ਤੀਵੀਆਂ ਨੂੰ ਕਈ ਬੋਲ ਕਬੋਲ ਬੋਲੇ, ਉਨ੍ਹਾਂ ਨੂੰ ਜ਼ਲੀਲ ਅਤੇ ਬੇਇੱਜ਼ਤ ਕੀਤਾ। ਅਧਰਮ, ਅਨੈਤਿਕਤਾ, ਬੇਪਤੀ, ਜ਼ੁਲਮ ਅਤੇ ਵਧੀਕਤਾ ਦੀ ਇੰਤਹਾ ਤਾਂ ਉਦੋਂ ਹੋਈ ਜਦੋਂ ਪੈਸੇ ਅਤੇ ਕਾਮ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਪੂਰੋ ਦੇ ਤਾਏ (ਦਾਦੇ ਦੇ ਵੱਡੇ ਪੁੱਤਰ) ਨੇ ਪਿਓ ਦੀ ਸ਼ਹਿ ਨਾਲ ਰਸ਼ੀਦ ਦੇ ਦਾਦੇ ਦੀ ਵੱਡੀ ਧੀ ਅਰਥਾਤ ਉਸਦੀ ਭੂਆ ਨੂੰ ਜਬਰੀ ਉਧਾਲ ਕੇ ਤਿੰਨ ਰਾਤਾਂ ਆਪਣੇ ਘਰ ਰੱਖਿਆ।

ਇਹ ਇੱਕ ਹਕੀਕਤ ਹੈ ਕਿ ਜੀਵਨ ਅੰਦਰ ਅਨੇਕ ਵਾਰ ਮਾਂ-ਪਿਓ ਅਤੇ ਵੱਡੇ-ਵਡੇਰਿਆਂ ਵੱਲੋਂ ਜਾਣੇ ਜਾਂ ਅਨਜਾਣੇ ਵਿੱਚ ਕੀਤੇ ਜ਼ੁਲਮਾਂ, ਗੁਨਾਹਾਂ ਅਤੇ ਪਾਪਾਂ (ਜੇਕਰ ਉਹ ਰਸ਼ੀਦ ਵਾਂਗ ਇਹਨਾਂ ਪ੍ਰਤੀ ਸੱਚੇ ਦਿਲੋਂ ਪਸ਼ਚਾਤਾਪ ਜਾਂ ਤੌਬਾ ਨਾ ਕਰਨ ਤਾਂ) ਦੀ ਸਜ਼ਾ ਅੱਗੋਂ ਬੱਚਿਆਂ ਨੂੰ ਭੁਗਤਣੀ ਪੈਂਦੀ ਹੈ। ਕਰੇ ਕੋਈ ਅਤੇ ਭਰੇ ਕੋਈ ਅਤੇ ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ ਅਖਾਣਾਂ ਵਿਚਲੇ ਲੋਕ-ਤਰਕ ਅਨੁਰੂਪ ਅਤੀਤ ਵਿੱਚ ਪਹਿਲਾਂ ਜੋ ਕਹਿਰ ਅਤੇ ਸੰਤਾਪ ਰਸ਼ੀਦ ਦੀ ਭੂਆ ਅਤੇ ਸ਼ੇਖਾਂ ਦੇ ਪਰਿਵਾਰ ਨੇ ਹੰਢਾਇਆ, ਉਹ ਹੁਣ ਪੂਰੋ ਅਤੇ ਸ਼ਾਹਾਂ ਦੇ ਪਰਿਵਾਰ ਦੇ ਹਿੱਸੇ ਆਇਆ। ਪੈਸੇ, ਕਾਮ ਅਤੇ ਹਉਮੈ ਦੇ ਨਸ਼ੇ ਵਿੱਚ ਅੰਨ੍ਹਾ ਹੋਇਆ ਪੂਰੋ ਦਾ ਤਾਇਆ ਪਹਿਲਾਂ ਰਸ਼ੀਦ ਦੀ ਨਿਰਦੋਸ਼ ਭੂਆ ਨੂੰ ਧਿਗੋਜ਼ੋਰੀ ਉਧਾਲ ਕੇ ਲੈ ਗਿਆ ਅਤੇ ਹੁਣ ਜਦੋਂ ਸ਼ੇਖਾਂ ਦਾ ਪਾਸਾ ਭਾਰੂ ਹੋਇਆ (ਤੂੰ ਜਾਣਨੀ ਏਂ ਐਸ ਵੇਲੇ ਸਾਡਾ ਪਾਸਾ ਭਾਰਾ ਏ, ਪਿੰਡ ਸਾਰਾ ਮੁਸਲੱਕਾ ਏ, ਤੇ ਕੋਈ ਹਿੰਦੂ ਦਾ ਜਣਾ ਅੱਖ ਚੁੱਕ ਕੇ ਸਾਡੇ ਵੱਲ ਵੇਖ ਨਹੀਂ ਸਕਦਾ। ਇੰਨਾ ਹੀ ਸ਼ੈਰ ਏ ਕਿ ਉਨ੍ਹਾਂ ਦੀ ਜਾਨ ਮਾਲ ਸਲਾਮਤ ਏ, ਉਨ੍ਹਾਂ ਨੂੰ ਆਪਣੇ ਸਿਰ ਲੋੜੀਂਦੇ ਨੇ, ਉਹ ਬਿਰਕ ਨਹੀਂ ਸਕਦੇ। ਜੇ ਉਹ ਸਾਡੇ ਘਰ ਵੱਲ ਉਂਗਲ ਕਰਦੇ ਨੇ ਤਾਂ ਸਾਡੇ ਬੰਦੇ ਉਨ੍ਹਾਂ ਨੂੰ ਖਾਲੋਂ ਨਾ ਪਾਰ ਟੱਪਣ ਦੇਂਦੇ।)”[2] ਤਾਂ ਨਮੋਸ਼ੀ, ਭਾਈਚਾਰਕ ਦਬਾਅ ਅਤੇ ਬਦਲੇ ਦੀ ਅੱਗ ਵਿੱਚ ਸੜ ਰਿਹਾ ਰਸ਼ੀਦ ਬੇਗੁਨਾਹ ਪੂਰੋ ਨੂੰ ਚੁੱਕ ਲਿਆਇਆ ਸੀ।

ਇੱਕ ਪੰਜਾਬੀ ਹੋਣ ਦੇ ਨਾਤੇ ਰਸ਼ੀਦ ਨੂੰ ਭਲੀਭਾਂਤ ਅਹਿਸਾਸ ਹੈ ਕਿ ਅਤੀਤ ਵਿੱਚ ਉਨ੍ਹਾਂ ਦੀ ਭੂਆ ਦੀ ਹੋਈ ਬੇਇੱਜ਼ਤੀ ਉਸ ਲਈ ਅਤੇ ਸਾਰੇ ਖਾਨਦਾਨ ਲਈ ਵੱਡੀ ਨਮੋਸ਼ੀ, ਖੱਜਲ-ਖੁਆਰੀ, ਇਖ਼ਲਾਕੀ ਮੌਤ ਜਾਂ ਜਿਊਂਦਿਆਂ ਮਰਨ ਦਾ ਸਬੱਬ ਬਣੀ ਸੀ ਅਤੇ ਹੁਣ ਪੂਰੋ ਦੀ ਬੇਰੁਹਮਤੀ ਪੂਰੋ ਅਤੇ ਸ਼ਾਹਾਂ ਦੇ ਸਾਰੇ ਪਰਿਵਾਰ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡੇਗੀ, ਕੱਖੋਂ ਹੌਲਾ ਕਰੇਗੀ, ਉਨ੍ਹਾਂ ਨੂੰ ਸਮਾਜ ਵਿੱਚ ਮੂੰਹ ਵਿਖਾਉਣ ਜੋਗਾ ਨਹੀਂ ਛੱਡੇਗੀ। ਉਹ ਸਮਾਜ ਵਿੱਚ ਧੌਣ ਉੱਚੀ ਕਰਕੇ ਵਿਚਰਣ ਜੋਗੇ ਨਹੀਂ ਰਹਿਣਗੇ। ਤਾਂ ਹੀ ਤਾਂ ਉਧਾਲੀ ਹੋਈ ਪੂਰੋ ਦੇ ਆਪਣੇ ਘਰ ਵਾਪਸ ਪਰਤਣ ਦੇ ਖ਼ਿਆਲ ਨੂੰ ਉਹ ਗੈਰ-ਵਿਹਾਰਕ, ਬੇਮਾਅਨਾ ਅਤੇ ਅਸੰਭਵ ਦੱਸਦਿਆਂ ਸਿਰੇ ਤੋਂ ਨਕਾਰ ਦਿੰਦਾ ਹੈ। ਪੂਰੋ ਨੂੰ ਸਮਝਾਉਂਦਿਆਂ ਉਹ ਉਸਨੂੰ ਧੀ-ਭੈਣ ਦੇ ਉਧਾਲੇ ਉਪਰੰਤ ਪੈਦਾ ਹੋਏ ਬੜੇ ਕਸੂਤੇ ਸੰਕਟਮਈ ਸਮਾਜਿਕ ਹਾਲਾਤਾਂ ਵਿੱਚ ਮਨੁੱਖੀ ਹੋਂਦ, ਅਹਿਸਾਸਾਂ ਅਤੇ ਰਿਸ਼ਤਿਆਂ ਦੇ ਪਥਰਾ ਜਾਣ ਦੇ ਕੌੜੇ ਸੱਚ/ਵਰਤਾਰੇ ਬਾਰੇ ਇਵੇਂ ਦੱਸਦਾ ਹੈ, ਨੇਕ ਬਖ਼ਤੀਏ ! ਹੁਣ ਓਸ ਘਰ ਵਿੱਚ ਤੇਰੀ ਥਾਂ ਨਹੀਂ। “ਉਨ੍ਹਾਂ ਦੀ ਬਰਾਦਰੀ ਦਾ ਕਿਹੜਾ ਹਿੰਦੂ ਫੇਰ ਸ਼ਾਹਾਂ ਦੇ ਘਰ ਦਾ ਪਾਣੀ ਪੀਵੇਗਾ। ਤੂੰ ਮੇਰੇ ਘਰ ਪੂਰੇ ਪੰਦਰਾਂ ਦਿਨ ਰਹਿ ਚੁਕੀ ਏਂ।”[3]



ਪੰਜਾਬੀ ਸਮਾਜ ਵਿੱਚਲੀ ਹੱਡੀਂ ਹੰਢਾਈ ਜਿਸ ਅਤਿ ਕੌੜੀ ਸਮਾਜਿਕ ਹਕੀਕਤ ਦੀ ਗੱਲ ਰਸ਼ੀਦ ਕਰਦਾ ਹੈ, ਅਨਭੋਲ ਅਤੇ ਮਾਸੂਮ ਪੂਰੋ ਨੂੰ ਉਹ ਕੋਰਾ ਝੂਠ ਜਾਪਦੀ ਹੈ। “ਉਹ ਮੰਨ ਨਹੀਂ ਸੀ ਸਕਦੀ ਕਿ ਕਿਵੇਂ ਉਸ ਦੀ ਮਾਂ ਪੱਥਰ ਹੋ ਜਾਏਗੀ, ਕਿਵੇਂ ਉਸ ਦਾ ਪਿਓ ਲੋਹਾ ਬਣ ਜਾਏਗਾ, ਕਿਵੇਂ ਉਹ ਆਪਣੀ ਧੀ ਨੂੰ ਆਪਣੇ ਘਰੋਂ ਧਿਰਕਾਰ ਦੇਣਗੇ, ਕਿਵੇਂ ਉਹਦੇ ਘਰ ਦੀਆਂ ਮੁਹਾਠਾਂ ਉਹਨੂੰ ਅੰਦਰ ਵਾੜਨ ਤੋਂ ਇਨਕਾਰ ਕਰ ਦੇਣਗੀਆਂ.....।”[4] ਇਸ ਦੇ ਸਮਵਿੱਥ ਅਨੁਭਵੀ ਰਸ਼ੀਦ ਭਲੀਭਾਂਤ ਜਾਣਦਾ ਹੈ ਕਿ ਜੋ ਦਰਦਨਾਕ, ਤਰਸਯੋਗ ਅਤੇ ਮਾੜੀ ਮਨੋ-ਹਾਲਤ ਭੂਆ ਦੇ ਉਧਾਲੇ ’ਤੇ ਭੂਆ ਅਤੇ ਸਾਡੇ ਸਾਰੇ ਕੋੜਮੇ ਦੀ ਹੋਈ ਸੀ, ਠੀਕ ਉਹੀ ਹਾਲਤ ਹੁਣ ਪੂਰੋ ਅਤੇ ਉਸ ਦੇ ਘਰ ਵਾਲਿਆਂ ਦੀ ਹੈ। ਤਾਂ ਹੀ ਤਾਂ ਪੂਰੋ ਨੂੰ ਉਸ ਦੇ ਘਰ ਵਾਲਿਆਂ ਦੀ ਛਟਪਟਾਹਟ ਵਾਲੀ ਅਸਲ ਤਰਸਯੋਗ ਹਾਲਤ ਬਾਰੇ ਦੱਸਦਿਆਂ ਉਹ ਆਖਦਾ ਹੈ, “ਉਹ ਰੋਂਦੇ ਪਿਟਦੇ ਰਹੇ ਨੇ, ਉਸੇ ਤਰ੍ਹਾਂ ਜਿਸ ਤਰ੍ਹਾਂ ਮੇਰਾ ਦਾਦਾ ਤੇ ਮੇਰੇ ਪਿਉ ਚਾਚੇ ਮੇਰੀ ਫੁਫੀ ਦੇ ਚਲੀ ਜਾਣ ਵੇਲੇ।”[5]

ਪੂਰੋ ਦਾ ਮਾਪਿਆਂ ਨੂੰ ਮਿਲਣ ਲਈ ਬੇਹੱਦ ਬੇਤਾਬ ਅਤੇ ਅਧੀਰ ਮਨ, ਰਸ਼ੀਦ ਦੇ ਦੱਸੇ ਜਿਸ ਕੌੜੇ ਸੱਚ ਨੂੰ ਭੁਲੇਖੇਵੱਸ ਨਿਰਾ ਝੂਠ ਮੰਨਦਾ ਹੈ, ਉਸ ਦੀ ਅਸਲੀਅਤ ਪੂਰੋ ਦੇ ਸਨਮੁੱਖ ਉਦੋਂ ਸਾਖ਼ਸ਼ਾਤ ਪ੍ਰਗਟ ਹੁੰਦੀ ਹੈ ਜਦੋਂ ਉਹ ਰਾਤ ਦੇ ਹਨ੍ਹੇਰੇ ਵਿੱਚ ਦਾਅ ਲਾ ਕੇ ਰਸ਼ੀਦ ਦੀ ਕੈਦ ਵਿੱਚੋਂ ਨਿਕਲ, ਪਿੰਡ ਵਿੱਚ ਪਹੁੰਚ ਆਪਣੇ ਘਰ ਦਾ ਦਰਵਾਜ਼ਾ ਆਣ ਖੜਕਾਉਂਦੀ ਹੈ। ਅੱਲੜ੍ਹ ਪੂਰੋ ਨੂੰ ਨਹੀਂ ਅਹਿਸਾਸ ਕਿ 15 ਦਿਨਾਂ ਦੇ ਉਸਦੇ ਉਧਾਲੇ ਨੇ ਘਰ ਵਾਲਿਆਂ ਨਾਲ ਉਸ ਦੇ ਸਾਰੇ ਸਾਕ ਖਤਮ ਕਰ ਛੱਡੇ ਹਨ। ਨਾਵਲ ਵਿੱਚਲੇ ਵੇਰਵੇ ਅਨੁਸਾਰ ਇਸ ਤੱਥ ਦਾ ਸ਼ਿੱਦਤੀ ਅਹਿਸਾਸ ਉਸਨੂੰ ਉਸ ਸਮੇਂ ਹੁੰਦਾ ਹੈ ਜਦੋਂ ਉਸਦੇ ਰੋਂਦੇ-ਕੁਰਲਾਉਂਦੇ ਲਾਚਾਰ, ਬੇਵੱਸ ਅਤੇ ਮਜ਼ਬੂਰ ਮਾਤਾ-ਪਿਤਾ ਬੜੇ ਦੁਖੀ ਹਿਰਦੇ ਨਾਲ, ਦਿਲ ’ਤੇ ਪੱਥਰ ਰੱਖ ਕੇ ਉਸ ਨੂੰ ਘਰ ਰੱਖਣੋਂ ਇਨਕਾਰੀ ਹੋ ਜਾਂਦੇ ਹਨ। ਅਤਿ ਦੀ ਸਮਾਜਿਕ ਨਮੋਸ਼ੀ ਦਾ ਝੰਬਿਆ ਅਤੇ ਸ਼ੇਖਾਂ ਦੇ ਦਬਦਬੇ ਤੋਂ ਡਰਿਆ ਪੂਰੋ ਦਾ ਪਿਓ ਇਹ ਆਖ, ‘ਧੀਏ ਤੇਰੀ ਕਿਸਮਤ ! ਹੁਣ ਸਾਡੇ ਵਸ ਕੁਝ ਨਹੀਂ’[6] ਆਪਣੀ ਬੇਵਸੀ ਪ੍ਰਗਟ ਕਰਦਾ ਹੈ ਜਦੋਂ ਕਿ ਮਮਤਾ-ਗੁੱਧੀ ਮਜ਼ਬੂਰ, ਅਤਿ ਦੀ ਚਿੰਤਾਤੁਰ ਅਤੇ ਖੌਫ਼ਜ਼ਦਾ ਮਾਂ ਇਹ ਆਖਦਿਆਂ, ‘ਅਸੀਂ ਤੈਨੂੰ ਕਿਥੇ ਰਖਾਂਗੇ ! ਕੌਣ ਤੈਨੂੰ ਵਿਆਹ ਕੇ ਖੜੇਗਾ ? ਤੇਰਾ ਧਰਮ ਗਿਆ, ਤੇਰਾ ਜਨਮ ਗਿਆ। ਅਸੀ ਜੇ ਬਿਰਕੀਏ ਤਾਂ ਸਾਡੀ ਏਥੇ ਲਹੂ ਦੀ ਛਿੱਟ ਵੀ ਨਹੀਂ ਲੱਭਣੀ’[7] ਧੀ ਨੂੰ ਹੋਣੀ ਦੇ ਹਵਾਲੇ ਕਰਦਿਆਂ ਇੱਕ ਤਰ੍ਹਾਂ ਨਾਲ ਸੁੰਨ ਹੀ ਹੋ ਜਾਂਦੀ ਹੈ। ਦਿਲ ’ਤੇ ਪੱਥਰ ਰੱਖ ਕੇ ਅਰਥਾਤ ਲਹੂ ਦੇ ਅਤਿ ਗਹਿਰੇ ਰਿਸ਼ਤੇ ਤੋਂ ਮੁਨਕਰ ਹੁੰਦਿਆਂ ਮਾਪਿਆਂ ਵੱਲੋਂ ਦਿੱਤਾ ਕੋਰਾ ਜਵਾਬ ਸੁਣ ਪੂਰੋ ਦੀ ਪਹਿਲਾਂ ਤੋਂ ਹੀ ਜ਼ਖ਼ਮੀ ਰੂਹ ਕੁਰਲਾ ਉਠਦੀ ਹੈ। ਤਾਂ ਹੀ ਤਾਂ ਉਹ ਆਪਣੇ ਮਾਪਿਆਂ ਨੂੰ ਆਖਦੀ ਹੈ, ‘ਹਾਏ ਮੈਨੂੰ ਆਪਣੀਂ ਹੱਥੀਂ ਮਾਰ ਛੱਡੋ।’[8]

ਵਿਸ਼ਾ-ਪੱਖ ਤੋਂ ‘ਪਿੰਜਰ’ ਨਾਵਲ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਨਾਵਲ ਦਾ ਰਚਨਾਤਮਕ ਅਵਚੇਤਨ ਅਤੇ ਨਾਵਲਕਾਰਾ ਦਾ ਦ੍ਰਿਸ਼ਟੀਕੋਣ ਜਿੱਥੇ ਇਸ ਵਿੱਚ ਪੇਸ਼ ਵਿਭਿੰਨ ਜਟਿਲ ਸਮੱਸਿਆਵਾਂ ਦੇ ਮੂਲ ਕਾਰਣਾਂ ਦਾ ਖੁਲਾਸਾ ਕਰਦਾ ਹੈ ਉੱਥੇ ਬੜੇ ਸੂਖ਼ਮ ਅਤੇ ਭਾਵਪੂਰਤ ਢੰਗ ਨਾਲ ਵਿਭਿੰਨ ਅੰਤਰ-ਸੂਝਾਂ ਰਾਹੀਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਯਥਾਯੋਗ ਕਲਾਤਮਕ ਹੱਲ ਵੀ ਸੁਝਾਉਂਦਾ ਹੈ। ਨਾਵਲ ਦਾ ਸਮੁੱਚਾ ਅੰਤਰੀਵ ਰਚਨਾਤਮਕ ਵਿਵੇਕ ਇਹ ਦੱਸਦਾ ਹੈ ਕਿ ਸ਼ੇਖਾਂ ਅਤੇ ਸ਼ਾਹਾਂ ਦੇ ਦੋ ਪੰਜਾਬੀ ਪਰਿਵਾਰਾਂ ਵਿਚਲੇ ਤਿੱਖੇ ਆਪਸੀ ਵੈਰ-ਭਾਵ ਤੋਂ ਇਲਾਵਾ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ 1947 ਵਿੱਚ ਜੋ ਵਿਆਪਕ ਸਮੂਹਿਕ ਜਾਂ ਫ਼ਿਰਕੂ ਤਣਾਓ ਅਤੇ ਟਕਰਾਓ ਵਾਪਰਦਾ ਹੈ, ਉਸਦਾ ਬੁਨਿਆਦੀ ਕਾਰਨ ਸੰਬੰਧਿਤ ਧਿਰਾਂ ਦੇ ਮਨਾਂ ਵਿੱਚ ਪਸਰੀ ਨਫ਼ਰਤ, ਈਰਖਾ, ਸੰਕੀਰਣਤਾ, ਸਾੜੇ, ਅਸ਼ਾਂਤੀ, ਬੇਚੈਨੀ, ਹਉਮੈ, ਕਾਮਨਾ, ਫ਼ਿਰਕਾਪ੍ਰਸਤੀ

ਅਤੇ ਬਦਲੇ ਦੀ ਭਾਵਨਾ ਦੀ ਵਿਨਾਸ਼ਕ ਅਗਨ ਹੈ। ਅਰਥਾਤ ਮਨੁੱਖ ਦੇ ਔਗੁਣ/ਮਨੋ-ਵਿਕਾਰ ਜਾਂ ਉਸਦਾ ਅਨੈਤਿਕ ਅਤੇ ਅਧਾਰਮਿਕ ਰਵੱਈਆ/ਆਚਰਣ ਹੈ।

ਨਾਵਲਕਾਰਾ ਦਾ ਸਪਸ਼ਟ ਮੱਤ ਹੈ ਕਿ ਪਿਆਰ, ਮੁਹੱਬਤ, ਹਮਦਰਦੀ, ਮਿਲਵਰਤਨ, ਸ਼ਾਂਤੀ, ਸਹਿਯੋਗ ਭਾਵਨਾ ਅਤੇ ਭਾਈਚਾਰਕ ਸਾਂਝ ਦਾ ਸਿਰਜਣਾਤਮਕ ਬੀਜ ਬੀਜਣ ਅਤੇ ਕੀਤੇ ਗੁਨਾਹਾਂ, ਮੰਦੇ ਕਰਮਾਂ ਅਤੇ ਪਾਪਾਂ ਲਈ ਰਸ਼ੀਦ ਵਾਂਗ ਪੂਰੀ ਖੁੱਲ੍ਹਦਿਲੀ, ਸੁਹਿਰਦਤਾ ਅਤੇ ਸੰਵੇਦਨਸ਼ੀਲਤਾ ਨਾਲ ਪਸ਼ਚਾਤਾਪ/ਤੌਬਾ ਕੀਤੇ ਬਗੈਰ ਅਤੇ ਅਸਲੀ ਅਰਥਾਂ ਵਿੱਚ ਨੈਤਿਕ ਅਤੇ ਧਾਰਮਿਕ ਬਣੇ ਬਿਨਾਂ ਸੰਬੰਧਿਤ ਸਾਰੀਆਂ ਧਿਰਾਂ ਦੇ ਮਨਾਂ ਅੰਦਰਲੀ ਇਹ ਅੱਗ ਠਰਨ ਵਾਲੀ ਨਹੀਂ ਅਰਥਾਤ ਇਹ ਸਮੱਸਿਆ ਹੱਲ ਹੋਣ ਵਾਲੀ ਨਹੀਂ। ਦਿਨ ਅਤੇ ਰਾਤ, ਦੁੱਖ ਅਤੇ ਸੁੱਖ, ਚਾਨਣ ਅਤੇ ਹਨ੍ਹੇਰੇ ਵਾਂਗ ਪਿਆਰ ਅਤੇ ਨਫ਼ਰਤ ਦਾ ਭਾਵ ਵੀ ਭਾਵੇਂ ਉਪਰੋਂ-ਉਪਰੋਂ ਇੱਕ ਦੂਜੇ ਦਾ ਵਿਰੋਧੀ ਜਾਪਦਾ ਹੈ ਪਰ ਅਸਲ ਵਿੱਚ ਡੂੰਘੇ ਦਾਰਸ਼ਨਿਕ ਤਲ ’ਤੇ ਇਹ ਇੱਕ ਦੂਜੇ ਦੇ ਪੂਰਕ ਤੱਤਾਂ ਵਾਲਾ ਅੰਤਰ-ਸੰਬੰਧਿਤ ਵਸਤੂ-ਵਰਤਾਰਾ ਹੈ। ਦੋਨੋਂ ਇੱਕ ਹੀ ਚੱਕਰ ਦੇ ਦੋ ਅੱਧ ਹੋਣ ਦੇ ਨਾਲ-ਨਾਲ ਟਾਕਰਵੇਂ ਰੂਪ ਵਿੱਚ ਇੱਕ ਦੂਜੇ ਨੂੰ ਵੱਖਰੀ ਅਰਥਸ਼ੀਲਤਾ ਅਤੇ ਪਛਾਣ ਪ੍ਰਦਾਨ ਕਰਨ ਦਾ ਸਬੱਬ ਵੀ ਬਣਦੇ ਹਨ। ਇੱਕ ਦੀ ਹੋਂਦ, ਦੂਜੇ ਦੀ ਅਣਹੋਂਦ ਦਾ ਕਾਰਣ ਬਣਦੀ ਹੈ। ਜਿਸ ਪ੍ਰਕਾਰ ਦਿਨ (ਚਾਨਣ) ਦੇ ਹੋਣ ਨਾਲ ਰਾਤ (ਹਨ੍ਹੇਰਾ) ਨਹੀਂ ਰਹਿੰਦੀ। ਠੀਕ ਇਸੇ ਪ੍ਰਕਾਰ ਜਦੋਂ ਮਨੁੱਖ ਦੇ ਹਿਰਦੇ ਅੰਦਰ ਨਫ਼ਰਤ, ਸਾੜਾ, ਈਰਖਾ, ਸੰਕੀਰਣਤਾ, ਬੇਚੈਨੀ ਆਦਿ ਭਾਵਾਂ ਜਾਂ ਮਨੋ-ਵਿਕਾਰਾਂ ਦਾ ਵਾਸਾ ਹੁੰਦਾ ਹੈ ਤਾਂ ਪਿਆਰ, ਹਮਦਰਦੀ, ਸਹਿਯੋਗ, ਸੁਖ, ਸ਼ਾਂਤੀ ਅਤੇ ਖੁੱਲ੍ਹਦਿਲੀ ਦਾ ਅਭਾਵ ਹੁੰਦਾ ਹੈ। ਇਸ ਦੇ ਉਲਟ ਜਦੋਂ ਪਿਆਰ ਅਤੇ ਮੁਹੱਬਤ ਦਾ ਭਾਵ ਪ੍ਰਗਟਦਾ, ਖਿੜਦਾ ਜਾਂ ਪ੍ਰਕਾਸ਼ਮਾਨ ਹੁੰਦਾ ਹੈ ਤਾਂ ਨਫ਼ਰਤ ਅਤੇ ਵੈਰ ਭਾਵਨਾ ਦੀ ਧੁੰਦ ਸੁਤੇਸਿੱਧ ਹੀ ਖੰਭ ਲਾ ਕੇ ਉਡ ਜਾਂਦੀ ਹੈ, ਬਿਨਸ ਜਾਂਦੀ ਹੈ।

ਨਾਵਲ ਦੇ ਬਿਰਤਾਂਤ ਦੀ ਇਹ ਸੀਮਾ ਹੈ ਕਿ ਪੂਰੋ ਦਾ ਦਾਦਾ, ਪਿਓ ਅਤੇ ਤਾਇਆ (ਸ਼ਾਹਾਂ ਦਾ ਪਰਿਵਾਰ) ਜੋ ਵਧੀਕੀ ਰਸ਼ੀਦ ਦੀ ਭੂਆ (ਸ਼ੇਖਾਂ ਦੇ ਪਰਿਵਾਰ) ਨਾਲ ਕਰਦੇ ਹਨ, ਉਸ ਨੂੰ ਲੈ ਕੇ ਉਨ੍ਹਾਂ ਦੇ ਹੈਵਾਨੀ ਮਨਾਂ ਅੰਦਰ ਰਸ਼ੀਦ ਵਾਂਗ ਗੁਨਾਹ ਅਤੇ ਪਛਤਾਵੇ ਦਾ ਕੋਈ ਇਨਸਾਨੀ ਭਾਵ ਪੈਦਾ ਹੁੰਦਾ ਨਹੀਂ ਵਿਖਾਇਆ ਗਿਆ। ਸਿੱਟੇ ਵਜੋਂ ਦੋਵਾਂ ਪਰਿਵਾਰਾਂ ਦਰਮਿਆਨ ਵੈਰ-ਭਾਵਨਾ ਅਗਲੀ ਪੀੜ੍ਹੀ ਤੱਕ ਬਰਕਰਾਰ ਅਤੇ ਚਲਾਇਮਾਨ ਰਹਿੰਦੀ ਹੈ ਅਰਥਾਤ ਸਮੱਸਿਆ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਪੂਰੋ ਦੇ ਤਾਏ ਦੁਆਰਾ ਰਸ਼ੀਦ ਦੀ ਭੂਆ ਨੂੰ ਜਬਰੀ ਉਧਾਲਣ/ਖੱਜਲ-ਖੁਆਰ ਕਰਨ ਅਤੇ ਉਪਰੰਤ ਵਰ੍ਹਿਆਂ ਪਿਛੋਂ ਬਦਲੇ ਵਿੱਚ ਰਸ਼ੀਦ ਦੁਆਰਾ ਪੂਰੋ ਨੂੰ ਜਬਰੀ ਉਧਾਲਣ ਦੇ ਸ਼ੈਤਾਨੀ ਘਟਨਾਕ੍ਰਮ ਵਿੱਚ ਬੁਨਿਆਦੀ ਸਿਫ਼ਤੀ ਵੱਖਰੇਵਾਂ ਇਹ ਹੈ ਕਿ ਇਸ ਜਬਰੀ ਉਧਾਲੇ ਨੂੰ ਲੈ ਕੇ ਰਸ਼ੀਦ ਦੇ ਮਨ ਅੰਦਰ ਇੱਕੋ ਵੇਲੇ ਬਦਲੇ ਅਤੇ ਨਫ਼ਰਤ ਦੇ ਭਾਵਾਂ ਦੇ ਨਾਲ-ਨਾਲ ਸ਼ਰਮਿੰਦਗੀ, ਗੁਨਾਹ ਅਤੇ ਪਛਤਾਵੇ/ਤੌਬਾ ਦਾ ਸ਼ਿੱਦਤੀ ਇਨਸਾਨੀ ਭਾਵ ਮੌਜੂਦ ਹੈ। ਅਚੇਤ ਜਾਂ ਸੁਚੇਤ ਪੱਧਰ ’ਤੇ ਹੋਏ ਅਪਰਾਧ ਪ੍ਰਤੀ ਪਸ਼ਚਾਤਾਪ ਦੇ ਤੀਬਰ ਭਾਵ ਕਾਰਣ ਉਸਦੇ ਹਿਰਦੇ ਦੇ ਕਿਸੇ ਕੋਨੇ ਵਿੱਚ ਪਿਆਰ ਅਤੇ ਕਰੁਣਾ ਦਾ ਕੋਈ ਜੁਗਨੂੰ ਟਿਮਟਿਮਾਉਂਦਾ ਵਿਖਾਈ ਪੈਂਦਾ ਹੈ।

ਦਰਅਸਲ ਨਾਵਲ ਵਿੱਚਲੀ ਕੇਂਦਰੀ ਸਮੱਸਿਆ (ਵਧੇ ਹੋਏ ਕਾਮ, ਕਰੋਧ, ਹੰਕਾਰ ਅਤੇ ਨਫ਼ਰਤ ਦੇ ਭਾਵਾਂ) ਦੇ ਹੱਲ ਦੇ ਪ੍ਰਸੰਗ ਵਿੱਚ ਰਸ਼ੀਦ ਦੇ ਮਨ ਵਿੱਚ ਜਗਮਗਾਉਂਦੀ ਪਿਆਰ ਦੀ ਰੌਸ਼ਨੀ, ਆਸ ਦੀ ਇੱਕ ਕਿਰਨ ਅਤੇ ਰਾਹ-ਦਸੇਰੇ ਵਾਂਗ ਹੈ। ਰਸ਼ੀਦ ਮੂਲ ਰੂਪ ਵਿੱਚ ਕੋਈ ਹੈਵਾਨ, ਦਰਿੰਦਾ (ਨਾਵਲ ਵਿਚਲੇ ਵੇਰਵੇ ਅਨੁਸਾਰ ‘ਕਾਲੀ ਜੱਤ ਵਾਲਾ ਰਿੱਛ’) ਅਤੇ ਮਾੜਾ ਮਨੁੱਖ ਨਹੀਂ।



ਭਾਈਚਾਰਕ ਦਬਾਓ, ਪਿਛੋਂ ਚਲੇ ਆਉਂਦੇ ਪਰਿਵਾਰਕ ਵੈਰ-ਭਾਵ, ਸਮਾਜਿਕ ਹਾਲਾਤਾਂ ਦੇ ਮੂੰਹਜ਼ੋਰ ਵੇਗ ਅਤੇ ‘ਬਦਲੇ ਦੀ ਅੱਗ’ ਦੇ ਵਕਤੀ ਉਬਾਲ ਅਧੀਨ ਉਹ ਨਿਰਸੰਦੇਹ ਪੂਰੋ ਦਾ ਜਬਰੀ ਉਧਾਲਾ ਕਰਨ ਦਾ ਵੱਡਾ ਗੁਨਾਹ ਕਰਦਾ ਹੈ ਪਰ ਪਰਹੇਜ਼ਗਾਰ ਮੁਸਲਮਾਨ ਅਤੇ ਸੰਵੇਦਨਸ਼ੀਲ ਇਨਸਾਨ ਹੋਣ ਕਰਕੇ ਆਪਣੇ ਕੀਤੇ ਇਸ ਕਾਰੇ (ਪਾਪ) ਨੂੰ ਲੈ ਕੇ ਉਹ ਆਪਣੇ ਆਪ ਨੂੰ ਕਦੇ ਮਾਣਮੱਤਾ, ਸੌਖਾ ਜਾਂ ਸੁਖੀ ਮਹਿਸੂਸ ਨਹੀਂ ਕਰਦਾ। ਹੋਏ ਗੁਨਾਹ, ਪਾਪ ਜਾਂ ਮਾੜੇ ਕੰਮ ਨੂੰ ਲੈ ਕੇ ਉਹ ਹਮੇਸ਼ਾ ਡਾਢਾ ਸ਼ਰਮਸ਼ਾਰ ਅਤੇ ਆਪਣੇ ਆਪ ਨਾਲ ਨਾਰਾਜ਼ ਰਹਿੰਦਾ ਹੈ। ਹੋਏ ਅਪਰਾਧ ਪ੍ਰਤੀ ਪਛਤਾਵੇ ਅਤੇ ਤੌਬਾ ਦਾ ਧਾਰਮਿਕ ਭਾਵ ਉਸ ਦੇ ਮਨ ’ਤੇ ਸਦਾ ਤਾਰੀ ਰਹਿੰਦਾ ਹੈ। ਕੀਤੇ ਇਸ ਪਾਪ ਉਪਰੰਤ ਉਹ ਤਾਉਮਰ ਨਾ ਕੇਵਲ ਪਾਰੋ ਨੂੰ ਖੁਸ਼ ਅਤੇ ਸੁਖੀ ਰੱਖਣ ਅਤੇ ਉਸ ਦੇ ਦਿਲ ਦੇ ਕਿਸੇ ਕੋਨੇ ਵਿੱਚ ਆਪਣੀ ਥਾਂ ਬਣਾਉਣ ਦਾ ਹਰ ਸੰਭਵ ਯਤਨ ਕਰਦਾ ਹੈ ਸਗੋਂ ਆਪਣੇ ਕਈ ਸਾਰੇ ਨੇਕ ਅਮਲਾਂ (ਜਿਵੇਂ ਝੱਲੀ ਦੇ ਪੁੱਤਰ ਨੂੰ ਆਪਣੇ ਪੁੱਤਰ ਵਾਂਗ ਪਾਲਣ, ਕਾਮ ਵਿੱਚ ਅੰਨ੍ਹੇ ਦਰਿੰਦਿਆਂ ਕਾਰਣ ਕਮਾਦ ਵਿੱਚ ਲੁਕੀ ਇੱਕ ਜਵਾਨ ਹਿੰਦੂ ਕੁੜੀ ਨੂੰ ਬਚਾਉਣ ਅਤੇ ਲਾਜੋ ਨੂੰ ਜਾਨ ’ਤੇ ਖੇਡ ਕੇ ਲੱਭ ਕੇ ਲਿਆਉਣ ਦੇ ਕਰਮ) ਦੁਆਰਾ ਹੋਈ ਭੁੱਲ ਨੂੰ ਸੁਧਾਰਣ, ਧੋਣ, ਬਖ਼ਸ਼ਾਉਣ ਅਤੇ ਇਸ ਦੇ ਬੋਝ ਨੂੰ ਮਨੋਂ ਉਤਾਰਣ ਦਾ ਹਰ ਉਪਰਾਲਾ ਵੀ ਕਰਦਾ ਹੈ।

ਇਹੀ ਕਾਰਣ ਹੈ ਕਿ ਉਧਾਲੇ ਦੇ ਵੱਡੇ ਸਦਮੇ ਕਾਰਣ ਜਦੋਂ ਪੂਰੋ ਪੰਜ ਭੱਠ ਬੁਖ਼ਾਰ ਦੀ ਹਾਲਤ ਵਿੱਚ ਗ਼ਸ਼ ਖਾ ਕੇ ਬੇਸੁਰਤ ਹੋ ਜਾਂਦੀ ਹੈ ਤਾਂ ਪੂਰੋ ਦੀ ਹੋਣੀ ਨੂੰ ਲੈ ਕੇ ਡਾਢਾ ਚਿੰਤਾਤੁਰ ਹੋਇਆ ਰਸ਼ੀਦ ਉਸਨੂੰ ਹੋਸ਼ ਵਿੱਚ ਲਿਆਉਣ ਹਿਤ ਨਾ ਕੇਵਲ ਉਸ ਦੇ ਸਿਰ ਵਿੱਚ ਤੱਤਾ ਘਿਓ ਝਸਦਾ ਹੈ ਸਗੋਂ ਉਸ ਅੱਗੇ ਤਰਲੇ ਕਰਦਿਆਂ ਕੀਤੇ ਗੁਨਾਹ ਲਈ ਤਹਿ ਦਿਲੋਂ ਮੁਆਫ਼ੀ ਵੀ ਮੰਗਦਾ ਹੈ, ਖਿਮਾ ਜਾਚਨਾ ਕਰਦਾ ਹੈ,‘ਮੇਰੀ ਕੀਤੀ ਮਾਫ਼ ਕਰ ਤੇ ਇੱਕ ਵਾਰੀ ਸੁਰਤ ਕਰ ਪੂਰੋ !’[9] ਜਦੋਂ ਪੂਰੋ ਨੂੰ ਹੋਸ਼ ਆਉਂਦੀ ਹੈ ਤਾਂ ਉਹ ਰਸ਼ੀਦ ਦੇ ਮਨ ਵਿੱਚਲੀ ਇਸ ਸ਼ਿੱਦਤੀ ਸ਼ਰਮਸ਼ਾਰੀ ਅਤੇ ਅਪਰਾਧ ਭਾਵਨਾ ਨੂੰ ਉਸਦੀ ਸਰੀਰਕ ਭਾਸ਼ਾ ਤੋਂ ਪ੍ਰਤੱਖ ਤੱਕਦੀ ਹੈ :

> ‘ਰਸ਼ੀਦੇ ਦਾ ਮੂੰਹ ਨੀਵਾਂ ਸੀ। ਅੱਜ ਰਸ਼ੀਦੇ ਦੀਆਂ ਅੱਖਾਂ ਪਾਟ
> ਪਾਟ ਕੇ ਪੂਰੋ ਦੇ ਮੂੰਹ ਉਤੇ ਨਹੀਂ ਸਨ ਪੈਂਦੀਆਂ ਪਈਆਂ।’[10]

ਉਹ ਰਸ਼ੀਦ ਦੇ ਇੱਕੋ ਵੇਲੇ ਅਤਿ ਕਹਿਰਵਾਨ (ਜਬਰੀ ਉਧਾਲੇ) ਅਤੇ ਗੁਨਾਹਾਂ ਦੇ ਭਾਰ ਹੇਠ ਦੱਬੇ ਅਤਿ ਮਿਹਰਬਾਨ/ਤਰਸਵਾਨ ਵਿਵਹਾਰ (‘ਪੂਰੋ ! ਹੋਣਾ ਹਵਾਣਾ ਕੱਖ ਨਹੀਂ ! ਐਵੇਂ ਨਾ ਮੇਰੇ ਸਿਰ ’ਤੇ ਗੁਨਾਹਾਂ ਦਾ ਭਾਰ ਚੜ੍ਹਾ ! ਕਸਮ ਏ ਅੱਲਾਹ ਪਾਕ ਦੀ, ਮੇਰੇ ਕੋਲੋਂ ਤੇਰਾ ਰੋਣਾ ਨਹੀਂ ਵੇਖਿਆ ਜਾਂਦਾ।’)[11] ਨੂੰ ਲੈ ਕੇ ਡਾਢੀ ਹੈਰਾਨ, ਪਰੇਸ਼ਾਨ ਅਤੇ ਦੁਬਿਧਾਗ੍ਰਸਤ ਹੋ ਜਾਂਦੀ ਹੈ :

> ‘ਪੂਰੋ ਨੂੰ ਸਮਝ ਨਾ ਪਈ ਕਿ ਜੇ ਰਸ਼ੀਦਾ ਏਡਾ ਮਿਹਰਬਾਨ ਸੀ ਤਾਂ
> ਉਸ ਨੇ ਉਹਦੇ ਸਿਰ ਉਤੇ ਏਡਾ ਕਹਿਰ ਕਿਉਂ ਢਾਇਆ।’[12]

ਹਾਲਾਤ ਦੀ ਅਜੀਬ ਵਿਡੰਬਨਾ ਹੈ ਕਿ ਸਭ ਰਾਹ ਬੰਦ ਵੇਖ ਜੀਉਂਦੀ ਲਾਸ਼ (ਪਿੰਜਰ) ਬਣੀ ਪੂਰੋ ਨੂੰ ਮਜ਼ਬੂਰਨ ਉਸ ਸ਼ਖ਼ਸ ਨਾਲ ਨਿਕਾਹ ਕਰਵਾਉਣਾ ਪੈਂਦਾ ਹੈ ਜਿਸ ਨੇ ਉਸ ਉਪਰ ਘੋਰ ਕਹਿਰ ਕਮਾਇਆ ਹੈ ਅਤੇ ਜਿਸ ਨੂੰ ਉਹ ਪਿਆਰ ਨਹੀਂ ਸਗੋਂ ਨਫ਼ਰਤ ਕਰਦੀ ਹੈ। 1935 ਵਿੱਚ ਹੋਏ ਨਿਕਾਹ ਉਪਰੰਤ ਰਸ਼ੀਦ ਮੱਲੋਜ਼ੋਰੀ ਉਸਦੇ ਸਰੀਰ ਦਾ ਮਾਲਕ ਭਾਵੇਂ ਬਣ ਜਾਂਦਾ ਹੈ ਅਤੇ ਉਪਰੰਤ ਉਸਦੇ ਬੱਚੇ ਦਾ ਪਿਓ ਵੀ ਬਣ ਜਾਂਦਾ ਹੈ ਪਰ ਉਸ ਦੇ ਦਿਲ ਅੰਦਰ ਥਾਂ ਬਣਾਉਣ ਵਿੱਚ ਉਹ 13 ਸਾਲਾਂ ਬਾਅਦ (1948 ਵਿੱਚ) ਉਦੋਂ ਕਾਮਯਾਬ ਹੁੰਦਾ ਹੈ ਜਦੋਂ ਆਪਣੇ ਕੀਤੇ ਗੁਨਾਹਾਂ ਲਈ ਤਹਿ ਦਿਲੋਂ ਕੀਤੇ ਪਸ਼ਚਾਤਾਪ (ਵਹਾਏ ਹੰਝੂਆਂ) ਅਤੇ ਨੇਕ ਅਮਲਾਂ ਸਦਕਾ ਉਸਦੇ ਹਿਰਦੇ

ਅੰਦਰ ਮਰਦਾਨਾ ਧੌਂਸ, ਨਫ਼ਰਤ, ਗੁੱਸੇ, ਹੰਕਾਰ ਅਤੇ ਵੈਰ ਦੀ ਭਾਵਨਾ (ਖੋਟ) ਬਿਲਕੁਲ ਖਤਮ ਹੋ ਜਾਂਦੀ ਹੈ ਅਤੇ ਇਸ ਦੀ ਥਾਂ ਪਿਆਰ, ਕਰੁਣਾ, ਹਮਦਰਦੀ, ਨਿਮਰਤਾ, ਸ਼ਾਂਤੀ ਅਤੇ ਸਹਿਯੋਗ ਦੀ ਭਾਵਨਾ (ਨਿਰਮਲਤਾ) ਪੂਰੀ ਤਰ੍ਹਾਂ ਪ੍ਰਕਾਸ਼ਮਾਨ ਹੋ ਉਠਦੀ ਹੈ। ਇਸ ਪ੍ਰਸੰਗ ਵਿੱਚ ਉਲੇਖਯੋਗ ਤੱਥ ਇਹ ਹੈ ਕਿ ਉਰਦੂ-ਫ਼ਾਰਸੀ ਵਿੱਚ 'ਰਸ਼ੀਦ' ਤੋਂ ਭਾਵ ਰੱਬ ਜਾਂ ਨੇਕੀ ਦੇ ਰਾਹ 'ਤੇ ਚੱਲਣ ਵਾਲੇ ਇਨਸਾਨ ਤੋਂ ਲਿਆ ਜਾਂਦਾ ਹੈ।

ਰੱਬ ਅਥਵਾ ਨੇਕੀ ਦੇ ਰਾਹ ਤੁਰਨ, ਕੀਤੇ ਪਾਪਾਂ ਨੂੰ ਪਛਤਾਵੇ ਦੇ ਸੁੱਚੇ ਹੰਝੂਆਂ ਨਾਲ ਧੋਣ ਅਤੇ ਮੁਹੱਬਤ ਦੇ ਸ਼ਿੱਦਤੀ ਜ਼ਜ਼ਬੇ ਸਦਕਾ ਇਸ ਨਾਵਲ ਦਾ ਮੁੱਖ ਪਾਤਰ ਰਸ਼ੀਦ ਆਖਰਕਾਰ ਪੂਰੋ (ਹਮੀਦਾ) ਦਾ ਦਿਲ ਜਿੱਤਣ ਅਰਥਾਤ ਉਸਦੇ ਹਿਰਦੇ ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਇਹੀ ਠੋਸ ਕਾਰਣ ਹੈ ਕਿ ਨਾਵਲ ਦੇ ਅੰਤ ਵਿੱਚ ਦੋਨ੍ਹਾਂ ਵਿਰੋਧੀ ਧਿਰਾਂ ਪੂਰੋ ਦੇ ਭਰਾ (ਸ਼ਾਹਾਂ ਦੇ ਪਰਿਵਾਰ) ਅਤੇ ਪੂਰੋ ਦੇ ਪਤੀ (ਸ਼ੇਖਾਂ ਦੇ ਪਰਿਵਾਰ) ਦੇ ਹਿਰਦਿਆਂ ਅੰਦਰ ਨਫ਼ਰਤ, ਸਾੜੇ ਅਤੇ ਈਰਖਾ ਦੀ ਥਾਂ ਪਿਆਰ ਦਾ ਮੀਂਹ ਵਰ੍ਹਦਿਆਂ ਹੀ ਪੂਰੋ ਆਪਣੇ ਭਰਾ ਦੀ ਪੇਕੇ ਘਰ ਵੱਲੋਂ ਪ੍ਰਵਾਨੇ ਜਾਣ ਦੀ ਭਾਵਪੂਰਤ ਸੈਨਤ (ਭੈਣ ਦੀ ਬਾਂਹ ਘੁਟ ਕੇ ਫੜਨ) ਨੂੰ ਸਮਝਦਿਆਂ, ਇਹ ਆਖਦਿਆਂ ਕਿ, 'ਮੇਰੇ ਜੋਗੀ ਹੁਣ ਏਥੇ ਹੀ ਥਾਂ ਏ' ਭਰੇ ਮਨ ਨਾਲ 'ਹੌਲੀ ਜਿਹੀ' ਨਾ ਕੇਵਲ ਭਰਾ ਕੋਲੋਂ ਆਪਣੀ ਬਾਂਹ ਛੁਡਾ ਲੈਂਦੀ ਹੈ, ਅਲਬੱਤਾ ਦੂਰ ਖਲੋਤੇ 'ਰਸ਼ੀਦੇ ਦੇ ਕੋਲ ਜਾ ਕੇ ਆਪਣੇ ਪੁੱਤਰ ਨੂੰ ਗਲ ਨਾਲ ਲਾ' ਲੈਂਦੀ ਹੈ।[13] ਇਵੇਂ ਕਰਕੇ ਉਹ, ਹੋਏ ਗੁਨਾਹ ਲਈ ਰਸ਼ੀਦ ਵੱਲੋਂ ਸੱਚੇ ਦਿਲੋਂ ਕੀਤੇ ਪਛਤਾਵੇ ਅਤੇ ਵਿਖਾਏ ਪਿਆਰ, ਹਮਦਰਦੀ, ਸਹਿਯੋਗ, ਅਪਣੱਤ ਅਤੇ ਸਮਰਪਣ ਦੇ ਭਾਵ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਦਿਆਂ, ਉਸਨੂੰ ਮਨੋਂ ਆਪਣਾ ਖਾਵੰਦ ਸਵੀਕਾਰ ਲੈਂਦੀ ਹੈ। ਅਰਥਾਤ ਉਸ ਵੱਲੋਂ ਅਚੇਤ/ਸੁਚੇਤ ਪੱਧਰ 'ਤੇ ਹੋਏ ਗੁਨਾਹਾਂ ਨੂੰ ਮਨੋ ਵਿਸਾਰਦਿਆਂ, ਉਸ ਨੂੰ ਮੁਆਫ਼ ਕਰਨ ਦੀ ਵੱਡੀ ਕਾਬਲ-ਏ-ਤਾਰੀਫ਼ ਦਰਿਆਦਿਲੀ ਵਿਖਾਉਂਦੀ ਹੈ।

## ਹਵਾਲੇ ਅਤੇ ਪੈਰ-ਟਿੱਪਣੀਆਂ :


1. ਅੰਮ੍ਰਿਤਾ ਪ੍ਰੀਤਮ : ਪਿੰਜਰ, ਆਰਸੀ ਪਬਲਿਸ਼ਰਜ਼, ਦਿੱਲੀ, ਪੰਨਾ 23-24
2. ਉਹੀ— : ਪੰਨਾ 26
3. ਉਹੀ— : ਪੰਨਾ 25
4. ਉਹੀ— : ਪੰਨਾ 25
5. ਉਹੀ— : ਪੰਨਾ 25
6. ਉਹੀ— : ਪੰਨਾ 28
7. ਉਹੀ— : ਪੰਨਾ 28
8. ਉਹੀ— : ਪੰਨਾ 28
9. ਉਹੀ— : ਪੰਨਾ 19
10. ਉਹੀ— : ਪੰਨਾ 20
11. ਉਹੀ— : ਪੰਨਾ 23
12. ਉਹੀ— : ਪੰਨਾ 23
13. ਉਹੀ— : ਪੰਨਾ 128


ਫੋਨ : 01765-221328, 99143-01328



## ਰੀਵੀਊਕਾਰ: ਡਾ. ਪਰਗਟ ਸਿੰਘ
## ਚੱਲ ਜਿੰਦਰ ਇਸਲਾਮਾਬਾਦ ਚੱਲੀਏ- ਜਿੰਦਰ
## ਪ੍ਰਕਾਸ਼ਕ :- ਸੰਗਮ ਪਬਲੀਕੇਸ਼ਨ, ਸਮਾਣਾ

ਜਿੰਦਰ ਪੰਜਾਬੀ ਸਾਹਿਤ ਦਾ ਬਹੁ-ਵਿਧਾਵੀ ਲੇਖਕ ਹੈ। ਉਹ ਆਪਣਾ ਸਾਹਿਤਕ ਸਫ਼ਰ ਕਹਾਣੀ ਤੋਂ ਸ਼ੁਰੂ ਕਰ ਰੇਖਾ ਚਿਤਰ ਤੇ ਸਫ਼ਰਨਾਮਾ ਸਾਹਿਤ ਤੇ ਕਲਮ ਅਜ਼ਮਾਈ ਕਰ ਆਪਣੀ ਲੇਖਣੀ ਦਾ ਲੋਹਾ ਮੰਨਵਾਉਂਦਾ ਹੈ। ਜਿੰਦਰ ਦੀ ਪਹਿਚਾਣ ਤਾਂ ਭਾਵੇਂ ਸਾਹਿਤਕ ਹਲਕਿਆਂ ਵਿਚ ਕਹਾਣੀਕਾਰ ਦੇ ਤੌਰ 'ਤੇ ਕੀਤੀ ਜਾਂਦੀ ਹੈ। 'ਛੇ ਸੌ ਇਕਵੰਜਾ ਮੀਲ' ਤੋਂ ਬਾਅਦ ਆਪਣੇ ਦੂਜੇ ਸਫ਼ਰਨਾਮੇ 'ਚੱਲ ਜਿੰਦਰ ਇਸਲਾਮਾਬਾਦ ਚੱਲੀਏ' ਰਾਹੀਂ ਸਫ਼ਰਨਾਮਾ ਸਾਹਿਤ ਵਿਚ ਆਪਣੀ ਅਮਿੱਟ ਛਾਪ ਛੱਡਦਾ ਹੈ। ਬਲਰਾਜ ਸਾਹਨੀ ਦੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੋਂ ਬਾਅਦ ਆਧੁਨਿਕ-ਅਜੋਕੇ ਪਾਕਿਸਤਾਨ ਦੀ ਜੋ ਤਸਵੀਰਕਸ਼ੀ ਜਿੰਦਰ ਕਰਦਾ ਹੈ ਉਹ ਕਾਬਿਲੇ ਗੌਰ ਹੈ। ਲੇਖਕ ਪੰਜਾਬ ਵਿਚਲੇ (ਬਾਘਾ, ਹੁਸੈਨਪੁਰ) ਭਾਰਤ-ਪਾਕਿ ਬਾਰਡਰ ਤੇ ਮਨੁੱਖੀ ਗੈਰ ਸੰਵੇਦਨਸ਼ੀਲਤਾ ਨੂੰ ਚਿਤਰਦਾ ਹੈ। ਉਥੇ ਪਾਕਿਸਤਾਨੀ ਮਿੱਤਰਾਂ ਦੀ ਮੁਹੱਬਤ, ਸੰਜੀਦਗੀ, ਮੇਜ਼ਬਾਨੀ ਦੇ ਵਿਭਿੰਨ ਉਸਾਰੂ ਪੱਖਾਂ ਨੂੰ ਪੇਸ਼ ਕਰਦਾ ਹੈ। 'ਲਾਹੌਰ ਦੀ ਇਕ ਸਵੇਰ ਕਾਂਡ' ਵਿਚ ਭਾਰਤ ਤੋਂ ਉਜੜ ਕੇ ਪਾਕਿ ਗਏ ਵਿਅਕਤੀ ਦੀ ਖੌਫ਼ਨਾਕ, ਦੁਖਦਾਇਕ ਕਹਾਣੀ ਸੁਣ ਲੇਖਕ ਹੀ ਨਹੀਂ ਸਗੋਂ ਪਾਠਕ ਦੀ ਵੀ ਰੂਹ ਕੰਬ ਜਾਂਦੀ ਹੈ। ਪਿਆਰ ਦੀਆਂ ਪੁਰਾਣੀਆਂ ਯਾਦਾਂ, ਸਧਰਾਂ ਸਮੋਈ ਬੈਠੇ ਅਜਿਹੇ ਅਨੇਕਾਂ ਵਿਅਕਤੀ ਭਾਰਤ-ਪਾਕਿ ਵਿਚ ਜਿਉਂਦੇ ਹਨ ਜਿਨ੍ਹਾਂ ਲਈ ਅੱਜ ਵੀ ਆਪਣੀ ਮਾਂ ਭੂਮੀ ਲਈ ਸ਼ਰਧਾ, ਸਤਿਕਾਰ ਤੇ ਅਥਾਹ ਮੋਹ ਹੈ। ਸਰਹੱਦ ਦੇ ਦੋਵੇਂ ਹੀ ਪਾਸੇ ਆਪਣੀਆਂ ਜੜ੍ਹਾਂ ਟਟੋਲਦੇ ਉਹਨਾਂ ਨੂੰ ਮੁੜ ਦੇਖਣ, ਮਿਲਣ ਲਈ ਤਰਸਦੇ ਲੋਕ ਜ਼ਿੰਦਗੀ ਬਸਰ ਕਰ ਰਹੇ ਹਨ। ਪਾਕਿ ਨੌਜਵਾਨ ਪੀੜੀ ਦਾ ਭਾਰਤੀ ਫਿਲਮ ਇੰਡਸਟਰੀ, ਭਾਸ਼ਾ ਸਾਹਿਤ, ਸਭਿਆਚਾਰ, ਖੇਡਾਂ ਬਾਰੇ ਵਿਚਾਰਧਾਰਕ ਸੋਚ ਦੇ ਦਰਸ਼ਨ 'ਚੱਲ ਜਿੰਦਰ ਇਸਲਾਮਾਬਾਦ ਚੱਲੀਏ' ਕਾਂਡ ਵਿਚ ਬਾਖੂਬੀ ਹੁੰਦੇ ਹਨ। ਪਾਕਿ ਵਿਚਲੇ ਸਾਹਿਤ ਦੀ ਸਥਿਤੀ, ਛੋਟੀਆਂ ਭਾਸ਼ਾਵਾਂ ਦੀ ਹੋਂਦ, ਲੇਖਕਾਂ ਦੀ ਸਥਿਤੀ ਆਦਿ ਦੇ ਮਾਰਮਿਕ ਵੇਰਵੇ ਵੀ ਇਸ ਸਫ਼ਰਨਾਮੇ ਦੀ ਪ੍ਰਾਪਤੀ ਹਨ। ਪੂਰਬੀ ਤੇ ਪੱਛਮੀ ਪੰਜਾਬ ਨੂੰ ਸਰ ਰੈਡਕਲਿਫ ਦੁਆਰਾ ਖਿੱਚੀ ਵੰਡ ਦੀ ਲਕੀਰ ਦਾ ਵੱਡਾ ਖਾਮਿਆਜਾ ਤਾਂ ਭੁਗਤਣਾ ਪਿਆ ਪਰ ਅੱਜ ਵੀ ਦੋਹਾਂ ਪੰਜਾਬ ਵਾਸੀਆਂ ਦੇ ਆਮ ਲੋਕਾਂ ਦੀ ਮੁਹੱਬਤ, ਸਾਂਝ, ਅਪਣੱਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਸਫ਼ਰਨਾਮਾ ਵੰਡ ਦੀਆਂ ਅਨੇਕਾਂ ਦਰਦਨਾਕ ਕਹਾਣੀਆਂ ਦਾ ਗਵਾਹ ਬਣਦਾ ਦੋਹਾਂ ਦੇਸ਼ਾਂ ਦੀ ਸਦੀਆਂ ਪੁਰਾਣੀ ਸਭਿਆਚਾਰਕ ਤੇ ਅਦਬੀ ਸਾਂਝ ਨੂੰ ਵੀ ਮੁਤਾਸਿਰ ਹੁੰਦਾ ਹੈ। ਲੇਖਕ ਪਿਆਰ 'ਚ ਮੋਏ ਪੰਜਾਬੀਆਂ ਦੇ ਜਜ਼ਬਾਤ ਨੂੰ ਸਰਲ ਸਧਾਰਨ ਸੈਲੀ 'ਚ ਪੇਸ਼ ਕਰਦਾ ਉਹਨਾਂ ਦੀ ਮਾਨਸਿਕਤਾ, ਸਮਿਰਤੀ, ਸੂਖ਼ਮ ਅਹਿਸਾਸਾਂ, ਅਨੁਭਵਾਂ ਅਤੇ ਕਲਪਨਾ ਨੂੰ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਕਰਨ 'ਚ ਕਾਮਯਾਬ ਰਿਹਾ ਹੈ। ਲੇਖਕ ਸਫ਼ਰਨਾਮੇ ਵਿਚ ਜਿੱਥੇ ਸੂਖ਼ਮ ਅਹਿਸਾਸਾਂ, ਅਨੁਭਵਾਂ, ਉਦਾਸ ਤੇ ਗਮਗੀਨ ਪਲਾਂ ਨੂੰ ਚਿਤਰਦਾ ਹੈ। ਉਥੇ ਜਿੰਦਗੀ ਦਾ ਜਸ਼ਨ ਤੇ ਆਨੰਦ ਲੈਣ ਦੀਆਂ ਸਥਿਤੀਆਂ ਵੀ ਸਿਰਜਦਾ ਹੈ।

## ਰਤਨ ਮਾਲਾ - ਰਤਨ ਸਿੰਘ
## ਨਵਯੁਗ ਪਬਲਿਸਰਜ਼- ਨਵੀਂ ਦਿੱਲੀ

ਰਤਨ ਸਿੰਘ ਪੰਜਾਬੀ ਸਾਹਿਤਕ ਹਲਕਿਆਂ ਵਿਚ ਚਰਚਿਤ ਚਿਹਰਾ ਤਾਂ ਭਾਵੇਂ ਨਹੀਂ

ਪਰ ਇਸ ਪੁਸਤਕ ਨੂੰ ਪੜ੍ਹਨ ਤੋਂ ਬਾਅਦ ਉਸਦੀ ਡੂੰਘੀ ਸਾਹਿਤਕ ਸਮਝ ਸਾਹਮਣੇ ਆਉਂਦੀ ਹੈ। ਹੱਥਲੀ ਪੁਸਤਕ ਵਿਚ ਪੁਰਾਤਨ ਕਥਾ ਸ਼ੈਲੀ ਦੀਆਂ 15 ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਕਹਾਣੀ ਦੀ ਰੂਪ ਵਿਧਾ ਉਪਰ ਖਰੀਆਂ ਉਤਰਦੀਆਂ ਤਾਂ ਦਿਖਾਈ ਨਹੀਂ ਦਿੰਦੀਆਂ ਪਰ ਲੋਕ ਕਹਾਣੀਆਂ ਵਾਂਗ ਜ਼ਰੂਰ ਜਾਪਦੀਆਂ ਹਨ। ਨਖਲਿਸਤਾਨ ਖਿੱਤੇ ਨਾਲ ਸੰਬੰਧਿਤ ਇਹ ਕਹਾਣੀਆਂ ਪੁਰਾਣੇ ਵਿਸ਼ੇ ਤੇ ਕਥਾ ਜੁਗਤਾਂ ਨੂੰ ਛੂਹਦੀਆਂ ਇਨਸਾਨ ਨੂੰ ਪੁਰਾਣਿਕ ਯੁੱਗ ਤੱਕ ਲੈ ਜਾਂਦੀਆਂ ਹਨ। ਪਿਆਰ ਦੀ ਭਾਵਨਾ ਸਿਰਫ਼ ਇਨਸਾਨ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਇਹ ਪਸ਼ੂ ਤੋਂ ਇਨਸਾਨ ਤੇ ਇਨਸਾਨ ਤੋਂ ਪਸ਼ੂ ਤੱਕ ਵੀ ਹੋ ਸਕਦੀ ਹੈ। ਪਸ਼ੂ ਦਾ ਆਪਣੇ ਸਾਥੀ ਪਸ਼ੂ ਲਈ ਅਸੀਮ ਪਿਆਰ ਵੀ ਇੱਕ ਕਹਾਣੀ ਦਾ ਕੇਂਦਰ ਬਿੰਦੂ ਬਣਦਾ ਹੈ। ਜਦੋਂ ਇਨਸਾਨ ਨਾਲੋਂ ਘੱਟ ਸੂਝ ਰੱਖਣ ਵਾਲਾ ਊਠ ਆਪਣੀ ਪ੍ਰੇਮਿਕਾ ਊਠਨੀ ਲਈ ਆਪਣੀ ਜਾਨ ਦੀ ਬਾਜ਼ੀ ਲਾ ਉਸ ਨੂੰ ਬਚਾ ਆਪ ਮੌਤ ਪ੍ਰਾਪਤ ਕਰ ਲੈਂਦਾ ਹੈ। ਕੁਦਰਤ ਕਿਵੇਂ ਸੱਚੇ ਆਸ਼ਕਾਂ ਦਾ ਸਾਥ ਦਿੰਦੀ ਹੈ ਇਸ ਦਾ ਵਰਨਣ ਚੌਥੀ ਕਹਾਣੀ 'ਚ ਹੁੰਦਾ ਹੈ ਜਦੋਂ ਮਲਿਕਾ (ਰਾਣੀ) ਦੁਆਰਾ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਇਕ ਵਿਅਕਤੀ ਉਸ ਦੇ ਜ਼ੰਜਾਲ 'ਚੋਂ ਛੁੱਟ ਆਪਣੀ ਜਾਨ ਬਚਾਉਂਦਾ ਆਪਣੀ ਪ੍ਰੇਮਿਕਾ/ਸਾਥਣ ਨਾਲ ਫਰਾਰ ਹੋ ਜਾਂਦਾ ਹੈ। ਉਸ ਸਮੇਂ ਰਾਣੀ ਉਸ ਵਿਅਕਤੀ ਨੂੰ ਫੜਨ ਲਈ ਫੌਜ ਭੇਜਦੀ ਹੈ ਪਰ ਹਰ ਵਾਰ ਹਵਾਵਾਂ ਰੇਤ ਦੇ ਕਿਸੇ ਪਹਾੜ ਨੂੰ ਚੁੱਕ ਕੇ ਫੌਜ ਦਾ ਰਸਤਾ ਰੋਕਦੀਆਂ ਹਨ। ਜ਼ਿੰਦਗੀ ਦੀ ਦੇਵੀ ਕਹਾਣੀ ਰਾਜੇ ਦੇ ਸੱਚੇ ਸੁੱਚੇ ਕਰਤੱਵਾਂ ਦੀ ਬਾਤ ਪਾਉਂਦੀ ਸਮਾਜਕ ਬਰਾਬਰੀ ਦਾ ਲੋਕ ਹਿੱਤੀ ਸੁਨੇਹਾ ਦਿੰਦੀ ਹੈ। 'ਰੰਗੀਲੀ' ਪਸ਼ੂ ਅਤੇ ਇਨਸਾਨ ਦੇ ਪਿਆਰ ਅਤੇ ਸਾਂਝ ਦੀ ਕਹਾਣੀ ਹੈ। ਇਸ ਕਹਾਣੀ ਰਾਹੀਂ ਲੇਖਕ ਦੋਵੇਂ ਧਿਰਾਂ ਦੀ ਸਾਂਝ ਤੇ ਔਖੇ ਸਮੇਂ ਇਕ ਦੂਜੇ ਦੇ ਕੰਮ ਆਉਣ ਦੀ ਭਾਵਨਾ ਦਾ ਜ਼ਿਕਰ ਕਰਦਾ ਹੈ। ਅੰਤਲੀ ਕਹਾਣੀ ਵਿਚ ਲੇਖਕ ਨੇ ਹੁਣ ਦੇ ਸਾਇਰਾਂ ਤੇ ਮੱਧਕਾਲੀ ਸੂਫ਼ੀ ਤੇ ਕਿੱਸਾਕਾਰਾਂ ਨੂੰ ਇਕੋ ਮੰਚ ਤੇ ਲਿਆ ਕੇ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਹੈ ਕਿ ਵਰਤਮਾਨ ਅਤੇ ਭਵਿੱਖ ਨੂੰ ਸੁਧਾਰਨ ਹਿੱਤ ਭੂਤਕਾਲ ਦੀਆਂ ਉਸਾਰੂ ਤੇ ਚੰਗੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣਾ ਚਾਹੀਦਾ ਹੈ। ਸਾਰੀਆਂ ਹੀ ਕਹਾਣੀਆਂ ਆਪਸੀ ਸਹਿਯੋਗ, ਪਿਆਰ, ਅਪਣੱਤ ਦਾ ਸੰਦੇਸ਼ ਦਿੰਦਿਆਂ ਵਰਤਮਾਨ ਨੂੰ ਪੜਚੋਲਣ ਦੀ ਤਾਕੀਦ ਕਰਦੀਆਂ ਹਨ। ਵਰਤਮਾਨ ਪੰਜਾਬੀ ਸਾਹਿਤ 'ਚ ਅਨੋਖੇ, ਨਿਆਰੇ ਵਿਸ਼ੇ ਅਤੇ ਸ਼ੈਲੀ ਵਾਲੀ ਇਕ ਕਥਾ-ਪੁਸਤਕ ਪਾਠਕ ਵਰਗ ਲਈ ਰਸਦਾਇਕ ਤੇ ਪ੍ਰੇਰਣਦਾਇਕ ਸਿੱਧ ਹੋਵੇਗੀ।

## ਬਿੱਲੀਆਂ ਅੱਖਾਂ ਦਾ ਜਾਦੂ- ਜਸਵੀਰ ਸਿੰਘ ਰਾਣਾ
## ਪ੍ਰਕਾਸ਼ਕ : ਪੰਜਾਬੀ ਸਾਹਿਤ ਪਬਲੀਕੇਸ਼ਨ, ਵਾਲੀਆਂ (ਸੰਗਰੂਰ)

ਜਸਵੀਰ ਸਿੰਘ ਰਾਣਾ ਇਕ ਅਨੁਭਵੀ ਅਤੇ ਸੰਵੇਦਨਸ਼ੀਲ ਕਹਾਣੀਕਾਰ ਹੈ। 'ਬਿੱਲੀਆਂ ਅੱਖਾਂ ਦਾ ਜਾਦੂ' ਕਹਾਣੀ ਸੰਗ੍ਰਹਿ ਲਿਖਣ ਤੋਂ ਪਹਿਲਾਂ ਉਹ ਦੋ ਹੋਰ ਕਹਾਣੀ ਸੰਗ੍ਰਹਿ (ਸਿਖਰ ਦੁਪਹਿਰਾ, ਖਿੱਤੀਆਂ ਘੁੰਮ ਰਹੀਆਂ ਨੇ) ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ। ਉਸਦਾ ਹਥਲਾ ਕਹਾਣੀ ਸੰਗ੍ਰਹਿ ਹਾਸੀਏ ਤੇ ਵਿਚਰ ਰਹੀਆਂ ਧਿਰਾਂ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੈ। ਕਥਾ ਪੁਸਤਤਕ ਵਿਚ ਪੰਜ ਵੱਡ ਆਕਾਰੀ ਕਹਾਣੀਆਂ ਸ਼ਾਮਿਲ ਹਨ। ਇਸ ਕਹਾਣੀ ਸੰਗ੍ਰਹਿ ਦੀ ਪ੍ਰਥਮ ਕਹਾਣੀ 'ਪੱਟ 'ਤੇ ਵਾਹੀ ਮੋਰਨੀ' ਵਿਚ ਔਰਤ, ਮਰਦ ਸੰਬੰਧਾਂ ਦੀ ਵਿਆਕਰਣ ਦਾ ਇਕ ਨਵਾਂ ਪਾਸਾਰ ਉਭਰ ਕੇ ਸਾਹਮਣੇ ਆਉਂਦਾ ਹੈ। ਕਹਾਣੀ ਵਿਚ ਔਰਤ, ਮਰਦ ਦੀ ਕਾਮ ਇੱਛਾ ਤੇ ਸਮਾਜਕ ਦਮਨ ਦੇ ਦਵੰਦ ਵਾਲੀ ਕਥਾ ਸਿਰਜਣਾ ਹੀ ਨਹੀਂ ਹੋਈ ਸਗੋਂ ਦੋਵੇਂ ਧਿਰਾਂ ਦੁਆਰਾ ਵਿਆਹ ਬਾਹਰੇ ਸੰਬੰਧ ਹੰਢਾਉਂਦੇ ਸਮੇਂ ਆਪੋ ਆਪਣੇ ਸੱਚ ਪੇਸ਼ ਕਰਨਾ ਹੈ। 'ਘੁੰਗਰੂ ਕਥਾ' ਕਹਾਣੀ 'ਹਿਜੜੇ' ਲੋਕਾਂ ਦੀਆ ਸੰਵੇਦਨਾਵਾਂ, ਦੁਸ਼ਵਾਰੀਆਂ, ਮਾਨਸਿਕ ਸਮੱਸਿਆਵਾਂ ਅਤੇ ਸਾਡੇ ਸਮਾਜ ਦੇ ਲੋਕਾਂ ਦਾ ਇਨ੍ਹਾਂ ਪ੍ਰਤੀ ਹਮੇਸ਼ਾ ਨਾ ਪੱਖੀ ਰਵੱਈਏ ਨੂੰ ਉਜਾਗਰ ਕਰਦੀ ਹੈ। ਮੰਗ ਖਾਣ ਵਾਲੇ, ਗੰਦਗੀ ਦੇ ਢੇਰ ਫਰੋਲਦੇ, ਮੈਰਿਜ ਪੈਲਿਸਾਂ ਵਿਚ ਜੂਠ ਖਾਣ ਦਾ ਯਤਨ ਕਰਨ ਵਾਲੇ, ਗਟਰ, ਪਾਇਪਾਂ 'ਚ ਰਹਿਣ ਵਾਲੇ ਵਿਅਕਤੀਆਂ ਦੀ ਜ਼ਿੰਦਗੀ ਦੇ ਕਦੀ ਅਣਛੋਹੇ ਦਰਦਨਾਕ ਪਹਿਲੂ 'ਬਿੱਲੀਆਂ ਅੱਖਾਂ' ਦਾ ਜਾਦੂ ਕਹਾਣੀ ਦਾ ਹਿੱਸਾ ਬਣਦੇ ਹਨ। 'ਮਜ਼ਾਕ ਦੀ ਹੱਦ ਨਹੀਂ ਹੁੰਦੀ' ਕਹਾਣੀ ਰਾਹੀਂ ਲੇਖਕ ਨੇ ਸਮਾਜ ਦਾ ਇਕ ਅਹਿਮ ਅੰਗ ਬੌਨੇ ਕੱਦ ਵਾਲੇ ਮਰਦ ਤੇ ਔਰਤਾਂ ਦੀ ਸਮਾਜ ਵਿਚਲੀ ਥਾਂ ਅਤੇ ਇਹਨਾਂ ਲੋਕਾਂ ਦੀਆਂ ਸਮਾਜਕ ਮਾਨਸਿਕ ਪ੍ਰੇਸ਼ਾਨੀਆਂ ਦਾ ਬਹੁਤ ਹੀ ਯਥਾਰਕ ਚਿਤਰਣ ਕੀਤਾ ਹੈ। ਜਸਵੀਰ ਰਾਣੇ ਦੇ ਇਸ ਕਹਾਣੀ ਸੰਗ੍ਰਹਿ ਦੇ ਵਿਸ਼ੇ ਜਿੱਥੇ ਬਹੁਤ ਅਹਿਮ ਹਨ। ਉੱਥੇ ਇਨ੍ਹਾਂ ਕਹਾਣੀਆਂ ਦਾ ਕੇਂਦਰੀ ਮਰਕਜ਼ ਵਿਭਿੰਨ ਧਰਾਤਲਾਂ ਤੇ ਵਿਚਰਦੇ ਵਿਅਕਤੀ ਪਾਤਰ ਬਣਦੇ ਹਨ। ਇਹਨਾਂ ਪਾਤਰਾਂ ਦੀ ਦੁਖਾਂਤਕ ਹੋਣੀ ਵਾਲਾ ਪਹਿਲੂ ਇਕਸਾਰ ਹੋ ਨਿਬੜਦਾ ਹੈ। ਵੱਡ ਅਕਾਰੀ ਕਹਾਣੀਆਂ ਦੇ ਬਾਵਜੂਦ ਬੱਝਵਾਂ ਪ੍ਰਭਾਵ ਤੇ ਪਾਠਕ ਨੂੰ ਸੋਚਣ ਸਮਝਣ ਲਈ ਮਜ਼ਬੂਰ ਕਰਨਾ ਕਹਾਣੀ ਸੰਗ੍ਰਹਿ ਦਾ ਹਾਸਿਲ ਹੈ।

## ਜਿਸਤੀ ਮੁੰਡੇ (ਲੇਖਕ-ਸਵੇਤਲਾਨਾ ਅਲੈਕਸੀਵਿਚ)
## ਅਨੁਵਾਦਕ: ਕੇ. ਐੱਲ ਗਰਗ
## ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਜਿਸਤੀ ਮੁੰਡੇ, ਚੌਵੀ ਦਸੰਬਰ 1979 ਤੋਂ ਲੈ ਕੇ ਫਰਵਰੀ 1989 ਤੱਕ ਅਫਗਾਨ ਮੁਜ਼ਾਹਦੀਨ ਤੇ ਰੂਸੀ ਫੌਜਾਂ ਦਰਮਿਆਨ ਦਸ ਵਰ੍ਹੇ ਹੋਈ ਜੰਗ ਦੇ ਵਿਭਿੰਨ ਵੇਰਵਿਆਂ ਨੂੰ ਪੇਸ਼ ਕਰਦੀ ਅਹਿਮ ਪੁਸਤਕ ਹੈ। ਪੁਸਤਕ ਸਮਾਜਵਾਦੀ ਦੇਸ਼ ਰੂਸ ਦਾ ਆਮ ਲੋਕਾਈ ਵਿੱਚ ਬਣਿਆ ਬਿੰਬ ਤੋੜ ਕੇ ਨਵਾਂ ਬਿੰਬ ਸਿਰਜਦੀ ਹੈ। ਕਿਸ ਤਰ੍ਹਾਂ ਰੂਸ ਦੂਜੀਆਂ ਵੱਡੀਆਂ ਸੰਸਾਰੀ ਸ਼ਕਤੀਆਂ ਵਾਂਗ ਆਪਣੀ ਪ੍ਰਭੁਸੱਤਾ ਕਾਇਮ ਕਰਨਾ ਚਾਹੁੰਦਾ ਸੀ। ਰੂਸ ਅਫਗਾਨ ਜੰਗ ਪੀੜਤ ਫੌਜੀਆਂ, ਨਰਸਾਂ ਅਤੇ ਆਮ ਵਿਅਕਤੀਆਂ ਨਾਲ ਨਿੱਜੀ ਮੁਲਾਕਾਤਾਂ, ਫੋਨ ਕਾਲਾਂ ਤੇ ਖਤਾਂ ਨੂੰ ਤਰਤੀਬ 'ਚ ਕਹਾਣੀਆਂ ਵਾਂਗ ਪੇਸ਼ ਕਰਦੀ ਲੇਖਿਕਾ ਜੰਗ ਦੀ ਲਪੇਟ 'ਚ ਆ ਜਾਣ ਵਾਲੇ ਇਨ੍ਹਾਂ ਮੈਂਬਰਾਂ ਦੀ ਪੀੜ/ਵੇਦਨਾ ਨੂੰ ਬਹੁਤ ਹੀ ਕਰੁਣਾਮਈ ਅੰਦਾਜ਼ 'ਚ ਪੇਸ਼ ਕਰਦੀ ਹੈ। ਪੁਸਤਕ ਦੀ ਅਹਿਮੀਅਤ ਇਸ ਜੰਗ ਦੌਰਾਨ ਰੂਸ ਦੁਆਰਾ ਜਬਰੀ ਜਾਂ ਵਰਗਲਾ ਕੇ (ਦੇਸ਼ ਭਗਤੀ ਦੇ ਨਾਂ 'ਤੇ) ਭਰਤੀ ਕੀਤੇ ਗਏ ਨੌਜਵਾਨ ਮੁੰਡੇ- ਕੁੜੀਆਂ ਦੀ ਯੁੱਧ ਦੇ ਮੋਰਚੇ 'ਤੇ ਤ੍ਰਾਸਦਿਕ ਸਥਿਤੀ, ਰਿਸਵਤਖੋਰੀ, ਮਾਵਾਂ ਤੋਂ ਵਿਛੜ ਚੁੱਕੇ ਇਕਲੌਤੇ ਧੀਆਂ ਪੁੱਤਰਾਂ ਦੀ ਦਰਦ-ਏ-ਦਾਸਤਾਨ, ਜੰਗ 'ਚ ਨਕਾਰਾ ਹੋ ਚੁੱਕੇ ਵਾਪਸ ਮੁੜੇ ਫੌਜੀਆਂ ਦੀ ਨਿਰਾਸ਼ਾਜਨਕ ਸਥਿਤੀ ਆਦਿ ਦੇ ਵੇਰਵੇ ਪੇਸ਼ ਕਰਨ 'ਚ ਹੈ। ਯੁੱਧ ਦੇ ਮੋਰਚੇ 'ਤੇ ਜਿਸ ਤਰ੍ਹਾਂ ਦਾ ਜਾਨੀ ਨੁਕਸਾਨ ਹੋਇਆ ਉਸ 'ਤੇ ਰੂਸ ਦੇ ਮੀਡੀਏ ਦੁਆਰਾ ਪਰਦਾ ਪਾਉਣਾ ਅਤੇ ਜੰਗ ਦੇ ਅੰਤ ਦੇ ਸਰਕਾਰ ਦੁਆਰਾ ਇਸ ਲੜਾਈ ਨੂੰ ਆਪਣੀ ਵੱਡੀ ਗਲਤੀ ਤਸਵਰ ਕਰਨਾ ਇਸ ਜੰਗ ਵਿੱਚ ਨਕਾਰਾ ਹੋਏ ਵਿਅਕਤੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਨ ਵਰਗਾ ਵਰਤਾਰਾ ਸੀ। ਲੇਖਿਕਾ ਨੇ ਰੂਸ ਦੀਆਂ ਅਨੇਕ ਬੇਹੂਦਾ ਕਾਰਵਾਈਆਂ ਨੂੰ ਬਹੁਤ ਹੀ ਸੂਖਮ, ਸੰਵੇਦਨਸ਼ੀਲ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਅਫਗਾਨ ਜੰਗ ਨੂੰ ਲੈ ਕੈ ਪੁਸਤਕ ਵਿੱਚ ਦੋ ਪਾਤਰਾਂ ਦੇ ਆਪਸੀ ਵਾਰਤਾਲਾਪ 'ਜੇ ਅਸੀਂ ਨਾ ਜਾਂਦੇ, ਅਮਰੀਕਨਾਂ ਨੇ ਚਲੇ ਜਾਣਾ ਸੀ' ਇਸ ਸਾਰੇ ਘਟਨਾਕ੍ਰਮ

ਦੇ ਸਭ ਤੋਂ ਅਹਿਮ ਧੁਰੇ ਵੱਲ ਇਸ਼ਾਰਾ ਕਰਦੇ ਹਨ।ਅੱਜ ਅਮਰੀਕਾ ਦੁਆਰਾ ਜੋ ਕੁਝ ਅਫਗਾਨਿਸਤਾਨ 'ਚ ਕੀਤਾ ਜਾ ਰਿਹਾ ਹੈ ਉਹ ਵੀ ਕਿਸੇ ਤੋਂ ਛੁਪਿਆ ਨਹੀਂ।ਕੇ.ਐੱਲ. ਗਰਗ ਦੁਆਰਾ ਪੁਸਤਕ ਦਾ ਕੀਤਾ ਗਿਆ ਅਨੁਵਾਦ ਬਾ-ਕਮਾਲ ਹੈ।ਅੰਤਰ-ਰਾਸ਼ਟਰੀ ਮਸਲਿਆਂ, ਪ੍ਰਸਥਿਤੀਆਂ, ਦੁਖਾਂਤਾਂ, ਲਹਿਰਾਂ ਤੇ ਵਿਚਾਰਧਾਰਾਵਾਂ ਦੇ ਵਿਭਿੰਨ ਪਹਿਲੂਆਂ ਨਾਲ ਪੰਜਾਬੀ ਪਾਠਕਾਂ ਦੀ ਸਾਂਝ ਪਾਉਣ ਲਈ ਕੇ.ਐੱਲ. ਗਰਗ ਵਧਾਈ ਦਾ ਪਾਤਰ ਹੈ।

## ਲੇਡੀ ਚੈਟਰਲੀਜ਼ ਲਵਰ-ਡੀ. ਐੱਚ. ਲਾਰੈਂਸ
## (ਅਨੁਵਾਦਕ: ਡਾ ਬਲਦੇਵ ਸਿੰਘ ਬੱਧਨ)
## ਪ੍ਰਕਾਸ਼ਕ: ਐਵਿਸ ਪਬਲੀਕੇਸ਼ਨਜ਼, ਨਵੀਂ ਦਿੱਲੀ

ਲੇਡੀ ਚੈਟਰਲੀਜ਼ ਲਵਰ ਡੀ.ਐੱਚ. ਲਾਰੈਂਸ ਦਾ ਇੱਥੇ ਰੁਮਾਂਟਿਕ ਯਥਾਰਥਵਾਦੀ ਨਾਵਲ ਹੈ।ਜਿਸ ਦਾ ਖੂਬਸੂਰਤ ਅਨੁਵਾਦ ਡਾ. ਬਲਦੇਵ ਸਿੰਘ ਬੱਦਨ ਦੁਆਰਾ ਕੀਤਾ ਗਿਆ ਹੈ।ਨਵਾਲ ਦੀ ਕਹਾਣੀ ਸਰ ਕਿਲਫਰਡ ਚੈਟਰਲੀ ਤੇ ਉਸ ਦੀ ਪਤਨੀ ਕਾਂਸਟੇਨਸ ਚੈਟਰਲੀ (ਕੋਨੀ) ਦੇ ਇਰਦ-ਗਿਰਦ ਘੁੰਮਦੀ ਹੈ।ਕਿਲਫਰਡ ਪਹਿਲੇ ਵਿਸ਼ਵ ਯੁੱਧ ਦੇ ਮੋਰਚੇ ਉੱਤੇ ਅਪਾਹਿਜ ਹੋ ਜਾਂਦਾ ਹੈ ਅਤੇ ਉਸ ਦੇ ਸਰੀਰ ਦਾ ਹੇਠਲਾ ਭਾਗ ਹਮੇਸ਼ਾ ਲਈ ਲਕਵੇ ਦਾ ਸ਼ਿਕਾਰ ਹੋ ਜਾਂਦਾ ਹੈ।ਅਜਿਹੇ ਹਾਲਾਤਾਂ ਵਿੱਚ ਕੋਨੀ ਦਾ ਸਰ ਕਿਲਫਰਡ ਨਾਲ ਸਰੀਰਕ ਸਬੰਧਾਂ ਤੋਂ ਵਾਂਝੇ ਰਹਿ ਜਾਣਾ ਉਸ ਲਈ ਮਾਨਸਿਕ ਵਿਸ਼ਾਦ ਪੈਦਾ ਕਰ ਦਿੰਦਾ ਹੈ।ਇਸ ਕਰਕੇ ਕੋਨੀ ਆਪਣੀ ਮਾਨਸਿਕ ਅਤੇ ਸਰੀਰਕ ਤ੍ਰਿਪਤੀ ਲਈ ਪਹਿਲਾਂ ਮਿਕੇਲਿਸ ਨਾਲ ਸਰੀਰਕ ਸਬੰਧ ਸਥਾਪਿਤ ਕਰਦੀ ਹੈ ਪਰ ਕੋਨੀ ਦੀ ਇਸ ਭਟਕਣਾ ਦਾ ਅੰਤ ਉਸ ਸਮੇਂ ਹੁੰਦਾ ਹੈ ਜਦੋਂ ਉਹ ਆਪਣੇ ਵਰਗ ਦੀ ਅਖੌਤੀ ਹਾਉਮੈਂ ਤੋਂ ਮੁਕਤ ਹੋ ਕੇ ਨੀਵੇਂ ਵਰਗ ਦੇ ਮੈਲਰਸ ਨਾਲ ਸਰੀਰਕ ਸਬੰਧ ਸਥਾਪਿਤ ਕਰ ਲੈਂਦੀ ਹੈ।ਉਹ ਮੈਲਰਸ ਨੂੰ ਕਿਸੇ ਵਿਸ਼ੇਸ਼ ਵਰਗ ਨਾਲ ਸਬੰਧਿਤ ਕਰਨ ਦੀ ਬਜਾਏ ਇੱਕ ਮਰਦ ਦੇ ਨਜ਼ਰੀਏ ਤੋਂ ਦੇਖਦੀ ਹੋਈ ਉਸ ਤੋਂ ਮਾਨਸਿਕ ਅਤੇ ਸਰੀਰਕ ਪੱਖੋਂ ਤ੍ਰਿਪਤ ਹੁੰਦੀ ਹੈ।

ਮਾਂ ਬਣਨਾ ਹਰ ਔਰਤ ਦਾ ਸੁਭਾਗ ਅਤੇ ਵੱਡਾ ਸੁਪਨਾ ਹੁੰਦਾ ਹੈ।ਕੋਨੀ ਇਸ ਸੁਪਨੇ ਨੂੰ ਪੂਰਾ ਕਰਨਾ ਲੋਚਦੀ ਹੋਈ ਆਪਣੇ ਸਾਥੀ ਮੈਲਰਸ ਦੀਆਂ ਬਾਹਾਂ 'ਚ ਜਾ ਪੈਂਦੀ ਹੈ।ਕਿਲਫਰਡ ਦੇ ਮਨ ਵਿੱਚ ਵੀ ਔਲਾਦ ਪੈਦਾ ਕਰਨ ਦਾ ਮੋਹ ਤਾਂ ਹੈ ਪਰ ਉਹ ਇਸ ਕਾਰਜ ਵਿੱਚ ਅਸਮਰਥ ਰਹਿਣ ਕਾਰਨ ਕੋਨੀ ਨੂੰ ਪਰਾਏ ਮਰਦ ਦਾ ਵੀਰਜ ਧਾਰਨ ਕਰਨ ਦੀ ਇਜਾਜ਼ਤ ਤਾਂ ਦੇ ਦਿੰਦਾ ਹੈ ਬਸ਼ਰਤੇ ਉਹ ਕਿਸੇ ਪ੍ਰਤਿਸ਼ਠ ਵਰਗ ਦਾ ਖਾਨਦਾਨੀ ਵਿਅਕਤੀ ਹੋਵੇ।ਪਰ ਕੋਨੀ ਉਸ ਦੀ ਇੱਛਾ ਦੇ ਉਲਟ ਪ੍ਰਕਿਰਤੀ ਤੇ ਕੁਦਰਤ ਦੇ ਨਿਯਮ ਅਧੀਨ ਚਲਦੀ ਹੈ।ਨਾਵਲਕਾਰ ਜ਼ਿੰਦਗੀ 'ਚ ਕਾਮ (ਸਰੀਰਕ ਸਬੰਧਾਂ) ਦੀ ਅਣਹੋਂਦ ਕਾਰਨ ਪੈਦਾ ਹੁੰਦੇ ਦਰਦ, ਸੰਤਾਪ, ਮਰਦ ਹਾਉਮੈਂ, ਵਿਅਕਤੀ ਆਜ਼ਾਦੀ, ਸਮਾਜਕ ਵਰਜਨਾਵਾਂ ਅਤੇ ਲੋਕ ਕੀ ਕਹਿਣਗੇ ? ਦੇ ਵਰਤਾਰੇ ਆਦਿ ਨੂੰ ਨਾਵਲ ਵਿੱਚ ਸਮੇਟਦਾ ਹੈ।

ਡਾ. ਬਲਦੇਵ ਸਿੰਘ ਬੱਦਨ ਨਾਵਲ ਦੀ ਮੂਲ ਭਾਵਨਾ ਨੂੰ ਸਮਝਦਿਆਂ ਅਨੁਵਾਦ ਸਮੇਂ ਢੁਕਵੇਂ ਤੇ ਬੋਲਡ ਸ਼ਬਦਾਂ ਦੀ ਵਰਤੋਂ ਕਰਕੇ ਨਾਵਲ ਦੇ ਅਸਲ ਮੰਤਵ ਨੂੰ ਚਿਰਤਣ ਵਿੱਚ ਕਾਮਯਾਬ ਰਹੇ ਹਨ।ਨਾਵਲ ਦਾ ਕਥਾ ਰਸ ਪਾਠਕ ਨੂੰ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਆਪਣੇ ਨਾਲ ਜੋੜੀ ਰੱਖਣ ਦੇ ਸਮਰੱਥ ਦਿਖਾਈ ਦਿੰਦਾ ਹੈ।



### ਰੀਵੀਊਕਾਰ : ਪ੍ਰੋ. ਜੇ. ਬੀ. ਸੇਖੋਂ

## ਦੋ ਪੈਰ ਘੱਟ ਤੁਰਨਾ
## ਡਾ. ਧਰਮਪਾਲ ਸਿੰਗਲ
## ਐਵਿਸ ਪਬਲੀਕੇਸ਼ਨਜ਼ , ਦਿੱਲੀ

ਡਾ.ਧਰਮਪਾਲ ਸਿੰਗਲ ਬਹੁਵਿਧਾਵੀ ਲੇਖਕ ਰਿਹਾ ਹੈ ਜਿਸਨੇ ਹਿੰਦੀ ਅਤੇ ਪੰਜਾਬੀ ਸਾਹਿਤ ਸਮੀਖਿਆ ਅਤੇ ਖੋਜ ਦੇ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ।ਉਨ੍ਹਾਂ ਨੇ ਮੱਧਕਾਲੀ ਭਗਤੀ ਕਾਵਿ ਅਤੇ ਆਧੁਨਿਕ ਸਾਹਿਤ ਦੇ ਵੱਖ ਵੱਖ ਰੂਪਾਂ ਅਤੇ ਰਚਨਾਕਾਰਾਂ ਉੱਤੇ ਨਿੱਠ ਕੇ ਕੰਮ ਕੀਤਾ ਹੈ।ਪੰਜਾਬ ਯੂਨੀਵਰਸਟੀ ਦੀ ਗੁਰੂ ਰਵਿਦਾਸ ਚੇਅਰ ਦੇ ਮੁਖੀ ਵਜੋਂ ਕੰਮ ਕਰਦਿਆਂ ਉਸਨੇ ਖੋਜ ਦੇ ਖੇਤਰ ਵਿਚ ਕਾਫੀ ਕੰਮ ਕੀਤਾ ਅਤੇ ਇਸ ਧਾਰਨਾ ਨੂੰ ਤੋੜਿਆ ਕਿ ਇਹ ਅਹੁਦੇ ਖੋਜ ਦੇ ਕੰਮ ਘੱਟ ਹੀ ਸਮਰਪਿਤ ਹੁੰਦੇ ਹਨ। ਉਨ੍ਹਾਂ ਅੰਦਰ ਖੋਜ,ਸੰਪਾਦਨਾ,ਆਲੋਚਨਾ ਅਤੇ ਦੂਜੀਆਂ ਸਿਰਜਣਾਤਮਕ ਵਿਧਾਵਾਂ ਦਾ ਕੰਮ ਕਰਨ ਦੀ ਇਕ ਪ੍ਰਬਲ ਇੱਛਾ ਰਹਿੰਦੀ ਸੀ ਜਿਹੜੀ ਕਿ ਉਨ੍ਹਾਂ ਨੇ ਆਪਣੇ ਆਖਰੀ ਸਾਹਾਂ ਤੱਕ ਨਿਭਾਈ ਰੱਖੀ।

ਲੇਖਕ ਦੀ ਸਵੈ ਜੀਵਨੀ 'ਦੋ ਪੈਰ ਘੱਟ ਤੁਰਨਾ' ਉਨ੍ਹਾਂ ਦੀ ਸੰਘਰਸ਼ਸ਼ੀਲ ਦਾਸਤਾਨ ਹੈ ਜਿਸਨੂੰ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਬਿਖਮ ਹਾਲਾਤ ਵਿਚ ਹੀ ਹਿੰਮਤੀ ਬੰਦੇ ਆਪਣੀ ਪ੍ਰਤਿਭਾ ਦੇ ਜਲੌਅ ਵਿਚ ਹੁੰਦੇ ਹਨ। ਇਹ ਸਵੈ ਜੀਵਨੀ ਡਾ. ਬਲਦੇਵ ਸਿੰਘ ਬੱਧਨ ਦੇ ਉੱਦਮ ਕਰਕੇ ਪਾਠਕਾਂ ਦੇ ਹੱਥ ਪੁੱਜ ਸਕੀ ਹੈ ਜਿਸਨੂੰ ਪੜ੍ਹਦਿਆਂ ਪਾਠਕਾਂ ਨੂੰ ਇਕ ਜ਼ਿੰਦਗੀ ਵਿਚ ਹੀ ਨਹੀਂ ਸਗੋਂ ਇਕ ਸਮਾਜਿਕ ਅਤੇ ਅਕਾਦਮਿਕ ਵਿਵਸਥਾ ਦੀਆਂ ਬੇਤਰਤੀਬੀਆਂ ਵਿਚੋਂ ਗੁਜ਼ਰਦਿਆਂ ਮਹਿਸੂਸ ਹੁੰਦਾ ਹੈ। ਕਿਤਾਬ ਵਿਚ ਲੇਖਕ ਆਪਣੇ ਨਾਨਕੇ ਪਿੰਡ ਧਨੌਲੇ ਵਿਖੇ ਆਪਣੇ ਜਨਮ,ਪਾਲਣ-ਪੋਸ਼ਣ ਅਤੇ ਮੁੱਢਲੀ ਸਿੱਖਿਆ ਤੋਂ ਗੱਲ ਕਰਦਾ ਆਪਣੇ ਵਿਆਹ,ਕਾਲਜ ਅਧਿਆਪਕ ਦੀ ਤਿੰਨ ਥਾਵਾਂ ਦੀ ਨੌਕਰੀ ਅਤੇ ਯੂਨੀਵਰਸਿਟੀਆਂ ਅੰਦਰਲੇ ਅਕਾਦਮਿਕ ਸਿਸਟਮ ਵਿਚਲੇ ਅੰਤਰ ਵਿਰੋਧਾਂ ਬਾਰੇ ਵੇਰਵੇ ਪੇਸ਼ ਕਰਦਾ ਹੈ। ਲੇਖਕ, ਡਾ.ਅਤਰ ਸਿੰਘ, ਡਾ. ਹਰਨਾਮ ਸਿੰਘ ਸ਼ਾਨ ਅਤੇ ਹੋਰ ਵਿਦਵਾਨਾਂ ਦੀ ਵਿਦਵਤਾ ਬਾਰੇ ਵੀ ਦੱਸਦਾ ਹੈ ਪਰ ਇਨ੍ਹਾਂ ਵਿਦਵਾਨਾਂ ਦੀ ਨਿੱਜੀ ਸ਼ਖ਼ਸੀਅਤ ਬਾਰੇ ਕੁਝ ਘਟਨਾਵਾਂ ਦੱਸਦਿਆਂ ਸਿੱਧ ਕਰਦਾ ਹੈ ਇਹ ਲੇਖਕ ਸਵੈ ਜੀਵਨੀਕਾਰ ਪ੍ਰਤੀ ਹਮੇਸ਼ਾਂ ਵਿਰੋਧ ਅਤੇ ਨਫਰਤ ਨਾਲ ਭਰੇ ਰਹੇ। ਡਾ. ਸਿੰਗਲ ਇਸ ਕਿਤਾਬ ਵਿਚ ਕਾਲਜ ਅਧਿਆਪਕ ਯੂਨੀਅਨ ਦੀ ਸੰਗਠਨਕਾਰੀ,ਅੰਤਰ ਵਿਰੋਧ ਅਤੇ ਯੂਨੀਅਨ ਦੇ ਪ੍ਰਭਾਵ ਦੀ ਗੱਲ ਕਰਦਿਆਂ ਇਕ ਕਿਸਮ ਦੀ ਇਤਿਹਾਸਕਾਰੀ ਦਾ ਕਾਰਜ ਕਰ ਜਾਂਦਾ ਹੈ। ਕੁਲ ਮਿਲਾ ਕੇ ਇਹ ਕਿਤਾਬ ਵਧੀਆ ਬਿਰਤਾਂਤ ਸ਼ੈਲੀ ਵਿਚ ਹੋਣ ਕਰਕੇ ਪਾਠਕਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਵਿਚ ਹੈ।ਸਵੈ ਜੀਵਨੀ ਵਿਚਲੀ ਈਮਾਨਦਾਰੀ ਅਤੇ ਦਿਆਨਤਦਾਰੀ ਇਸ ਪੁਸਤਕ ਵਿਚ ਹਾਜ਼ਰ ਹੈ।ਡਾ. ਸਿੰਗਲ ਦਾ ਦਰਵੇਸ਼ੀ ਜੀਵਨ ਇਸ ਪੁਸਤਕ ਵਿਚੋਂ ਉਭਰਦਾ ਹੈ ਅਤੇ ਪਾਠਕਾਂ ਨੂੰ ਹਿੰਮਤ, ਲਗਨ ਅਤੇ ਦਿਆਨਤਦਾਰੀ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।


ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਆਇਰਨ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।

## 2016 ਦਾ ਬਹੁ-ਚਰਚਿਤ ਨਾਵਲ





**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

## ਹਰਜੀਤ ਅਟਵਾਲ ਦਾ ਨਵਾਂ ਨਾਵਲ





**ਸੰਗਮ ਪਬਲੀਕੇਸ਼ਨਜ਼, ਸਮਾਣਾ**


## ਢਾਹਾਂ ਕਲੇਰਾਂ ਪੁਰਸਕਾਰ ਜੇਤੂ ਪਾਕਿਸਤਾਨੀ ਨਾਵਲ




**ਸੰਗਮ ਪਬਲੀਕੇਸ਼ਨਜ਼, ਸਮਾਣਾ**


## ਸੰਗਮ ਪਬਲੀਕੇਸ਼ਨਜ਼, ਸਮਾਣਾ ਵੱਲੋਂ ਪ੍ਰਕਾਸ਼ਿਤ ਨਵਾਂ ਸਾਹਿਤ











**Sangam Publications**
Near Bus Stand, Samana (Patiala)
Ph. 01764-501934, Mob. 99151-03490, 98152-43917
Email : sangam541@gmail.com, Web : www.sangampublications.com